ੴ

# ਵੇਦਾਂਤ ਸਾਰ ਸੰਗ੍ਰਹਿ

ਭਾਈ ਸੰਤੋਖ ਸਿੰਘ ਕ੍ਰਿਤ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚੋਂ

## ਪੰਜਵੀਂ ਰੁਤਿ

ਟੀਕਾ ਤੇ ਵਿਆਖਿਆ

*ਟੀਕਾਕਾਰ :*

ਦਾਸਨਿ ਦਾਸ

**ਹਰੀ ਸਿੰਘ 'ਰੰਧਾਵੇ ਵਾਲੇ'**

ਸੰਪ੍ਰਦਾ ਦਮਦਮੀ ਟਕਸਾਲ

੧ੴ ਸਤਿਗੁਰ ਪ੍ਰਸਾਦਿ॥

# ਵੇਦਾਂਤ ਸਾਰ ਸੰਗ੍ਰਹਿ

## ਭਾਈ ਸੰਤੋਖ ਸਿੰਘ ਕ੍ਰਿਤ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿੱਚੋਂ

## ਪੰਜਵੀਂ ਰੁਤਿ

### ਟੀਕਾ ਤੇ ਵਿਆਖਿਆ

*ਟੀਕਾਕਾਰ :*

ਦਾਸਨਿ ਦਾਸਿ

**ਹਰੀ ਸਿੰਘ 'ਰੰਧਾਵੇ ਵਾਲੇ'**

ਸੰਪ੍ਰਦਾ ਦਮਦਮੀ ਟਕਸਾਲ

ਸਾਤਵਿਕ
ਬੁੱਕਸ

VEDAANT SAAR SANGREH
[Vedantic Concepts elucidated by
Bhai Santokh Singh in Sri Gurpratap Suraj Granth–Rutt V]
*by*
BABA HARI SINGH 'RANDHAWE WALE'


**GURMAT VIDYALA, JATHA RANDHAWA**
CHANDIGARH ROAD, NEAR GURDWARA JYOTI SAROOP,
DISTT. FATEHGARH SAHIB, PUNJAB (INDIA)
MOBILE : 98551-03132, 98159-01305



© ਸਭ ਹੱਕ ਰਾਖਵੇਂ ਹਨ।



ਪਹਿਲੀ ਵਾਰ ਮਾਰਚ ੨੦੨੩

**ਭੇਟਾ : ੪੫੦-੦੦ ਰੁਪਏ**

*ਡਿਸਟ੍ਰੀਬਿਊਟਰਜ਼ :*

**ਸਿੰਘ ਬ੍ਰਦਰਜ਼**

•
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006
ਫੋਨ : 0183-2545787, ਮੋਬਾਇਲ : 99150-48005
•
S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001
ਫੋਨ : 0183-2543965, 2550739
*E-mail :* singhbro1@yahoo.co.in *Website :* www.singhbrothers.com

*ਪ੍ਰਕਾਸ਼ਕ :*

**ਸਾਤਵਿਕ ਬੁੱਕਸ**

225, ਸਿਟੀ ਸੈਂਟਰ, ਅੰਮ੍ਰਿਤਸਰ - 143 001

*ਪ੍ਰਿੰਟਰ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਮੂਲ ਮੰਤ੍ਰ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
ਜਪੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

# ਗੁਰਮੰਤ੍ਰ

ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ

# ਤਤਕਰਾ


*ਮੁਖਬੰਧ* ੫

*ਮੰਗਲ* ੯

- ਰੁਤਿ ੫, ਅੰਸੂ ੪੧ ੧੧
- ਰੁਤਿ ੫, ਅੰਸੂ ੪੨ ੩੮
- ਰੁਤਿ ੫, ਅੰਸੂ ੪੩ ੬੪
- ਰੁਤਿ ੫, ਅੰਸੂ ੪੪ ੮੮
- ਰੁਤਿ ੫, ਅੰਸੂ ੪੫ ੧੧੪
- ਰੁਤਿ ੫, ਅੰਸੂ ੪੬ ੧੫੨
- ਰੁਤਿ ੫, ਅੰਸੂ ੪੭ ੧੮੧
- ਰੁਤਿ ੫ ਅੰਸੂ ੪੮ ੨੧੨
- ਰੁਤਿ ੫, ਅੰਸੂ ੪੯ ੨੩੪
- ਰੁਤਿ ੫, ਅੰਸੂ ੫੦ ੨੬੩
- ਸੰਪੂਰਨਤਾ ਦਾ ਮੰਗਲ ੨੯੪
- ਧੰਨਵਾਦ ੨੯੫

# ਮੁਖਬੰਧ

ਜੋ ਮਾਇਕੀ ਰਚਨਾ ਤੋਂ ਰਹਿਤ ਵਾਹਿਗੁਰੂ ਪਰਮੇਸ਼ਰ ਹੈ, ਉਸ ਨੇ ਸੱਤਾ ਦੇ ਕੇ ਕਰੋੜਾਂ ਬ੍ਰਹਿਮੰਡਾਂ ਦੀ ਰਚਨਾ ਕੀਤੀ, ਫਿਰ ਆਪਣੀ ਰਚਨਾ ਨੂੰ ਨਿਯਮਬੱਧ ਚਲਾਉਣਾ ਕੀਤਾ, ਜਦੋਂ ਜੀਵ ਅਗਿਆਨ ਵੱਸ ਹੋ ਕੇ ਰੱਬੀ ਮਰਯਾਦਾ ਤੋਂ ਉਲਟ ਅਧਰਮ ਦੇ ਕਾਰਜ ਕਰਦੇ ਹਨ ਤਾਂ ਫਿਰ ਪਰਮਾਤਮਾ ਆਪ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੋ ਕੇ ਜਗਤ ਦਾ ਸੁਧਾਰ ਕਰਦਾ ਆਇਆ ਹੈ, ਕਲਿਜੁਗ ਦਾ ਭਿਆਨਕ ਸਮਾਂ ਹੋਣ ਕਰਕੇ ਆਪ ਨਿਰਾਕਾਰ ਤੋਂ ਸਾਕਾਰ ਰੂਪ ਵਿਚ ਪ੍ਰਗਟ ਹੋ ਕੇ ਜਗਤ ਦਾ ਸੁਧਾਰ ਕੀਤਾ। ਜੈਸਾ ਕਿ :

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥** *(ਸਵਈਏ ਮਹਲੇ ਤੀਜੇ ਕੇ, ਅੰਗ ੧੩੯੫)*

ਇਉਂ ਦਸ ਜਾਮੇ ਧਾਰਨ ਕਰ ਕੇ ਦੋ ਸੌ ਉੱਨਤਾਲੀ ਸਾਲ ਗੁਰੂ ਸਰੂਪ ਵਿਚ ਸੰਸਾਰ ਦਾ ਭਲਾ ਕਰਦੇ ਰਹੇ, ਫੇਰ ਸਦਾ ਵਾਸਤੇ ਗਿਆਰ੍ਹਵੇਂ ਥਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਸਾਰ ਦੇ ਭਲੇ ਦੀ ਜ਼ਿੰਮੇਵਾਰੀ ਸੌਂਪ ਦਿੱਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਝ ਵੇਦਾਂਤ ਦੇ ਭਾਵ ਗੂੜ੍ਹ ਗਿਆਨ ਦੇ ਸ਼ਬਦ ਐਸੇ ਆਉਂਦੇ ਹਨ, ਜੋ ਆਪਣੇ ਆਪ ਸਮਝਣੇ ਬੜੇ ਕਠਿਨ ਹਨ, ਇਸ ਕਠਿਨਤਾਈ ਨੂੰ ਦੂਰ ਕਰਨ ਦੇ ਲਈ ਦਸਮੇ ਜਾਮੇ ਵਿਚ ਕਲਗ਼ੀਧਰ ਜੀ ਪਾਤਸ਼ਾਹ ਨੇ ਜਿਥੇ ਵਿੱਦਿਅਕ ਖੇਤਰ ਵਿਚ ਹੋਰ ਬੜੇ-ਬੜੇ ਕਾਰਜ ਕੀਤੇ, ੫੨ ਕਵੀ ਰੱਖੇ, ਉਨ੍ਹਾਂ ਤੋਂ ਕਿਤਨੇ ਗ੍ਰੰਥਾਂ ਦੇ ਉਲੱਥੇ ਕਰਾਏ ਤੇ ਕੁਝ ਆਪ ਕੀਤੇ, ਜੈਸਾ ਕਿ ਸ੍ਰੀ ਦਸਮ ਗ੍ਰੰਥ ਦੀ ਰਚਨਾ, ਸ੍ਰੀ ਸਰਬਲੋਹ ਗ੍ਰੰਥ ਦੀ ਰਚਨਾ, ੧੪ ਧਰਮ ਦੇ ਜੰਗ ਲੜੇ ਅਤੇ ਗ਼ਰੀਬਾਂ, ਮਜ਼ਲੂਮਾਂ ਦੀ ਰਾਖੀ ਕੀਤੀ, ਤੁਰਕਾਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜੀਆਂ, ਹਿੰਦੂ ਧਰਮ ਜਿਉਂਦਾ ਰੱਖਿਆ ਤੇ ਹਿੰਦੂ ਤੁਰਕਨ ਤੋਂ ਨਿਆਰੇ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ, ਆਪਣੇ ਪੁੱਤਰਾਂ ਤੋਂ ਵੱਧ ਸਿੰਘਾਂ ਨਾਲ ਪਿਆਰ ਕੀਤਾ, ਇਕ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਜੇ ਦਰਬਾਰ ਵਿਚ ਸਿੰਘਾਂ ਨੇ ਪ੍ਰਸ਼ਨ ਕੀਤਾ ਕਿ ਮਹਾਰਾਜ ਕਰਮ ਕੀ ਹੈ ? ਤੇ ਕਰਮ ਬਣਦਾ ਕਿਵੇਂ ਹੈ ? ਤੇ ਕਰਮ ਕਿਤਨੇ ਕਿਸਮ ਦਾ ਹੈ ? ਬਸ ਅਜੇ ਇਤਨੇ ਹੀ ਪ੍ਰਸ਼ਨ ਕੀਤੇ ਸਨ, ਮਹਾਰਾਜ ਜੀ ਨੇ ਉੱਤਰ ਦਿੱਤਾ—ਹੇ ਖ਼ਾਲਸਾ ਜੀ ! ਸਾਡਾ ਆਸਨ 'ਤੇ ਜਾਣ ਦਾ ਸਮਾਂ ਹੋ ਗਿਆ ਹੈ, ਇਹ ਤਿੰਨੇ ਪ੍ਰਸ਼ਨ ਜਾਂ ਹੋਰ ਜਿੰਨੇ ਵੀ ਪ੍ਰਸ਼ਨ ਹੋਣ, ਉਨ੍ਹਾਂ ਸਾਰਿਆਂ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਜ਼ਿੰਮੇਵਾਰੀ ਆਪਣੇ ਵੱਲੋਂ ਭਾਈ ਦਇਆ ਸਿੰਘ ਜੀ ਨੂੰ ਸੌਂਪਦਾ ਹਾਂ, ਭਾਈ ਦਇਆ ਜੀ ਮੇਰਾ ਹੀ ਸਰੂਪ ਹਨ ਜਿਤਨੇ ਵੀ ਪ੍ਰਸ਼ਨ ਕਰੋਗੇ, ਉਹਨਾਂ ਸਭਨਾਂ ਦਾ ਉੱਤਰ ਦੇਣਗੇ। ਜੈਸਾ ਕਿ :

**ਸ੍ਰੀ ਮੁਖ ਤੇ ਸਭਿਹੂੰਨਿ ਉਚਾਰਾ। ਦਇਆ ਸਿੰਘ ਮਮ ਰੂਪ ਉਦਾਰਾ।**
**ਕਰਹੁ ਪ੍ਰਸ਼ਨ ਜੇਤਿਕ ਰੁਚਿ ਹੋਇ। ਉੱਤਰ ਕਹੈ ਸਕਲ ਹੀ ਸੋਇ ॥੩॥**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੧)*

ਇਹ ਕਹਿ ਕੇ ਸਤਿਗੁਰੂ ਜੀ ਮਹਲਾਂ ਵਿਚ ਜਾ ਬਿਰਾਜੇ। ਪ੍ਰਸ਼ਨ ਕਰਨ ਵਾਲਿਆਂ ਵਿਚ ਬਹੁਤ ਸੂਝਵਾਨ

ਗੁਰਸਿੱਖ ਸਨ, ਕਰਮ ਸੰਬੰਧੀ ਪ੍ਰਸ਼ਨਾਂ ਤੋਂ ਬਿਨਾਂ ੧੫ ਪ੍ਰਸ਼ਨ ਹੋਰ ਕੀਤੇ, ਉਨ੍ਹਾਂ ਤੋਂ ੧੫ ਹੋਰ ਵੀ ਗੂੜ੍ਹ ਵਿਚਾਰ ਜੈਸਾ ਕਿ ਪਰਮਾ ਗਿਆਨ ਕੀ ਹੈ? ਅਪਰਮਾ ਗਿਆਨ ਕੀ ਹੈ? ਪ੍ਰੋਖ ਬ੍ਰਹਮ ਗਿਆਨ ਕੀ ਹੈ? ਅਪ੍ਰੋਖ ਬ੍ਰਹਮ ਕੀ ਹੈ? ਵੇਦਾਂਤ ਵਿਚ ਗਿਆਨ ਸੰਬੰਧੀ ਸਾਧਨ ਕੀ ਹਨ? ਅਤੇ ਗੁਰਮਤਿ ਵਿਚ ਗਿਆਨ ਸੰਬੰਧੀ ਸਾਧਨ ਕੀ ਹਨ? ਇਹ ਸਾਰਾ ਕੁਝ ਪ੍ਰਸ਼ਨ ਉੱਤਰਾਂ ਵਿਚ ਜੋ ਅਨੰਦਪੁਰ ਸਾਹਿਬ ਵਾਰਤਕ ਰੂਪ ਵਿਚ ਹੋਇਆ, ਉਸੇ ਨੂੰ ਕਵੀ ਭਾਈ ਸੰਤੋਖ ਸਿੰਘ ਜੀ ਨੇ ਕਾਵਿ-ਰਚਨਾ ਵਿਚ ਗੁੰਥਨ ਕੀਤਾ, ਜੋ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਵਿਚ ਪੰਜਵੀਂ ਰੁਤਿ ਦੇ ਦਸ ਅਧਿਆਵਾਂ ਵਿਚ ਵਰਣਨ ਕੀਤਾ ਹੋਇਆ ਹੈ। ਜਿਸ ਦੀ ਕਥਾ ਕੋਈ ਅਨਜਾਣ ਵਿਅਕਤੀ ਨਹੀਂ ਕਰ ਸਕਦਾ, ਜਿਸ ਨੇ ਕਿਸੇ ਵਿਦਵਾਨ ਕੋਲੋਂ ਇਹ ਦਸੇ ਅਧਿਆਇ ਨਹੀਂ ਪੜ੍ਹੇ ਹੋਏ, ਅਗਰ ਉਸ ਨੂੰ ਮਜਬੂਰੀ ਵੱਸ ਇਸ ਦੀ ਕਥਾ ਕਰਨੀ ਪੈ ਜਾਵੇ, ਫਿਰ ਉਸ ਕੋਲ ਇੱਕੋ ਹੀ ਰਸਤਾ ਬਾਕੀ ਰਹਿ ਜਾਂਦਾ ਹੈ ਕਿ ਇਨ੍ਹਾਂ ਦਸ ਅਧਿਆਵਾਂ ਦੀ ਕਥਾ ਦੀ ਲੋੜ ਨਹੀਂ, ਇਸ ਵਿਚ ਤਾਂ ਹਿੰਦੂ ਮੱਤ ਹੈ, ਮੈਂ ਗੁਰਮਤਿ ਦਾ ਪ੍ਰਚਾਰਕ ਹਾਂ, ਇਸ ਲਈ ਇਸ ਅਧਿਆਵਾਂ ਦੀ ਵਿਆਖਿਆ ਦੀ ਜ਼ਰੂਰਤ ਨਹੀਂ, ਇਹ ਕਹਿਣ ਨਾਲ, ਨਾਲੇ ਤਾਂ ਗਿਆਨੀ-ਸਿੰਘ ਦੀ ਮਹਾਨਤਾ ਵਿਚ ਵਾਧਾ ਹੋ ਗਿਆ ਅਤੇ ਨਾਲੇ ਗਿਆਨੀ-ਸਿੰਘ ਦੀ ਕਮਜ਼ੋਰੀ ਲੁਕ ਗਈ ਕਿ ਇਸਨੂੰ ਕਥਾ ਨਹੀਂ ਆਉਂਦੀ। ਐਸਾ ਆਮ ਹੋ ਰਿਹਾ ਹੈ, ਜਦੋਂ ਕਿ ਅਸਲੀਅਤ ਇਹ ਹੈ ਕਿ ਇਹਨਾਂ ਦਸ ਅਧਿਆਵਾਂ ਵਿਚ ਸਾਰੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਨਿਚੋੜ ਹੈ। ਇਸ ਲਈ ਹਰੇਕ ਗੁਰਸਿੱਖ ਨੂੰ ਇਹ ਦਸੇ ਅਧਿਆਇ ਪੜ੍ਹਨੇ ਅਤੇ ਸੁਣਨੇ ਜ਼ਰੂਰੀ ਹਨ। ਪੜ੍ਹਨ, ਸੁਣਨ ਵਾਲਿਆਂ ਦੀ ਸੌਖ ਲਈ ਇਸ ਟੀਕੇ ਦਾ ਉਪਰਾਲਾ ਕੀਤਾ ਗਿਆ ਹੈ।

ਇਸ ਟੀਕੇ ਦੇ ਲਿਖਣ ਦਾ ਕਾਰਨ ਇਹ ਬਣਿਆ ਕਿ ਬਹੁਤ ਸਾਰੇ ਗੁਰਸਿੱਖ, ਗਿਆਨੀ-ਸਿੰਘ, ਪ੍ਰਚਾਰਕ, ਢਾਡੀ ਸਿੰਘ, ਕਵੀਸ਼ਰ, ਕਥਾਵਾਚਕ ਜਿਨ੍ਹਾਂ ਨੇ *ਗੁਰਵਾਕ ਚਾਨਣ* ਭਾਵ ਮੁਖਵਾਕਾਂ ਦੀ ਕਥਾ ਪੜ੍ਹੀ-ਸੁਣੀ ਜਾਂ *ਗੁਰ ਪ੍ਰਕਰਣ ਚਾਨਣ* ਇਸੇ ਕਲਮ ਤੋਂ ਲਿਖਿਆ ਹੋਇਆ ਪੜ੍ਹਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ *ਗੁਰਬਾਣੀ ਅਰਥ ਭੰਡਾਰ* ਪੜ੍ਹਿਆ ਅਤੇ *ਪੰਚ ਗ੍ਰੰਥਾਵਲੀ* (ਚਾਣਾਕਾ, ਸਾਰੁਕਤਾਵਲੀ, ਭਾਵਰਸਾਂਮ੍ਰਿਤ, ਵਿਚਾਰਮਾਲਾ, ਅਧਿਆਤਮ ਪ੍ਰਕਾਸ਼) ਗ੍ਰੰਥ ਪੜ੍ਹਿਆ, ਸੁਣਿਆ ਅਤੇ ਵਿਚਾਰਿਆ।

ਉਹਨਾਂ ਵਿੱਚੋਂ ਬਹੁਤ ਸਾਰਿਆਂ ਨੇ ਮਿਲ ਕੇ ਜਾਂ ਫੋਨਾਂ ਰਾਹੀਂ ਪੁਰਜ਼ੋਰ ਸ਼ਬਦਾਂ ਵਿਚ ਪ੍ਰੇਰਨਾ ਦਿੱਤੀ ਹੈ ਕਿ ਇਹਨਾਂ ਟੀਕਿਆਂ ਵਾਂਗ ਭਾਈ ਗੁਰਦਾਸ ਜੀ ਦੀ ਰਚਨਾ ਦਾ ਵੀ ਟੀਕਾ ਕੀਤਾ ਜਾਏ ਅਤੇ ਨਾਲ ਹੀ ਪੰਜਵੀਂ ਰੁਤਿ ਦਾ ਟੀਕਾ ਕੀਤਾ ਜਾਏ, ਗੁਰਸਿੱਖਾਂ ਦਾ ਇਹ ਹੁਕਮ ਮੰਨ ਕੇ ਪਹਿਲਾਂ ਭਾਈ ਗੁਰਦਾਸ ਜੀ ਦੀ ਰਚਨਾ ਜੋ ਵਾਰਾਂ ਦੇ ਰੂਪ ਵਿਚ ਹੈ, ਉਸ ਦਾ ਸੰਪੂਰਨ ਟੀਕਾ ਸਤਿਗੁਰੂ ਜੀ ਨੇ ਕਰਵਾ ਲਿਆ ਹੈ, ਉਸ ਵਾਰਾਂ ਦੇ ਛਪਣ ਤੋਂ ਬਾਅਦ ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਆਂ ਦਾ ਟੀਕਾ ਸੰਪੂਰਨ ਕਰ ਲਿਆ ਗਿਆ ਹੈ, ਜੋ ਛਪਾਈ ਅਧੀਨ ਹੈ, ਜਲਦੀ ਹੀ ਛੱਪ ਜਾਵੇਗਾ, ਪਰ ਇਸ ਤੋਂ ਪਹਿਲਾਂ ਪੰਜਵੀਂ ਰੁਤਿ ਦੇ ਸਟੀਕ ਦੀ ਬਹੁਤੀ ਮੰਗ ਹੋਣ ਕਰਕੇ ਕਬਿੱਤ ਸਵੱਈਆਂ ਤੋਂ ਪਹਿਲਾਂ ਛਾਪਣ ਦਾ ਯਤਨ ਕੀਤਾ ਗਿਆ, ਇਸ ਦੀ ਵਿਆਖਿਆ ਦੇ ਸ੍ਰੋਤ ਮਹਾਂਪੁਰਸ਼ਾਂ ਦੀ ਰਸਨਾ, ਡਾ. ਭਾਈ ਵੀਰ ਸਿੰਘ ਜੀ, *ਮਹਾਨ ਕੋਸ਼* ਅਤੇ ਜੋ ਸਤਿਗੁਰਾਂ ਨੇ ਸੁਮੱਤਿ ਬਖ਼ਸ਼ ਕੇ ਵਿਆਖਿਆ ਅੱਖਰ ਲਿਖਵਾਏ, ਉਹ ਲਿਖ ਦਿੱਤੇ ਹਨ, ਪੰਜਵੀਂ ਰੁਤਿ ਦੇ ਗੂੜ੍ਹ ਗਿਆਨ ਦੀ ਗਾਥਾ ਲਿਖਣ ਦੀ ਹਿੰਮਤ ਨਹੀਂ ਸੀ ਪੈਂਦੀ, ਕਿਉਂਕਿ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਭਾਈ ਦਇਆ ਸਿੰਘ ਜੀ ਨੇ ਕੀਤੀ ਹੈ, ਫਿਰ ਕਾਵਿ-ਰਚਨਾ ਕਰਨ

ਵਾਲੇ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੀ ਰਚਨਾ ਵੀ ਆਪਣੇ ਆਪ ਦਾ ਗੂੜ੍ਹ ਭਾਵ ਰੱਖਦੀ ਹੈ, ਇਸ ਲਈ ਲਿਖਣ ਦੀ ਹਿੰਮਤ ਨਹੀਂ ਸੀ ਪੈਂਦੀ। ਵੱਡੀ ਸਹਾਇਤਾ ਦੀ ਲੋੜ ਸੀ, ਉਹ ਸਹਾਇਤਾ ਲੈਣ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ ਦਾਸ ਜਥੇ ਸਮੇਤ ਪਹੁੰਚੇ, ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਕਲਗ਼ੀਧਰ ਪਾਤਸ਼ਾਹ ਦੀ ਬਰਕਤਾਂ ਭਰੀ ਧਰਤੀ ਸ੍ਰੀ ਲਿਖਣਸਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਾਗ਼ਜ਼, ਕਲਮਾਂ ਰੱਖ ਕੇ ਅਰਦਾਸ ਕੀਤੀ ਕਿ ਮਹਾਰਾਜ ਨਾ ਅਸੀਂ ਕੁਝ ਕੀਤਾ ਹੈ ਨਾ ਕਰਨ ਦੇ ਯੋਗ ਹਾਂ, ਜੋ ਪਹਿਲੇ ਕਰਵਾਇਆ ਹੈ, ਉਹ ਵੀ ਆਪ ਜੀ ਨੇ ਹੀ ਕਰਵਾਇਆ ਹੈ, ਇਹ ਵੀ ਕਿਰਪਾ ਕਰ ਕੇ ਆਪ ਜੀ ਨੇ ਆਪ ਹੀ ਕਰਵਾ ਲੈਣਾ। ਜੈਸਾ ਕਿ:

**ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥**

*(ਸਲੋਕ ਭਗਤ ਕਬੀਰ ਜੀ, ਅੰਗ ੧੩੬੭)*

੨੦ ਮਾਘ ਸੁਦੀ ੮, ੨੦੭੬; ੨ ਫ਼ਰਵਰੀ ੨੦੨੦ ਤਖ਼ਤ ਸ੍ਰੀ ਦਮਦਮਾ ਸਾਹਿਬ ਲਿਖਣਸਰ ਵਿਖੇ ਅਰਦਾਸ ਤੋਂ ਉਪਰੰਤ ਸਵੇਰੇ ੧੦ ਵਜੇ ਇੱਕ ਦੋਹਰੇ ਦੇ ਅਰਥ ਲਿਖੇ, ਕਲਗ਼ੀਧਰ ਪਾਤਸ਼ਾਹ ਦੀ ਐਸੀ ਬਖ਼ਸ਼ਿਸ਼ ਹੋਈ ਕਿ ਕੋਈ ਵੀ ਰੁਕਾਵਟ ਲਿਖਣ ਵਿਚ ਨਹੀਂ ਆਈ, ਐਡਾ ਵੱਡਾ ਕਾਰਜ ੫੧ ਦਿਨਾਂ ਵਿਚ ਸੰਪੂਰਨ ਕਰਵਾ ਲਿਆ, ਇਸ ਵਿਚ ਸਹਾਇਕ ਤੌਰ 'ਤੇ ਲਿਖਾਰੀ ਭਾਈ ਗੁਰਸ਼ਰਨ ਸਿੰਘ (ਫ਼ਤਹਿਗੜ੍ਹ ਸਾਹਿਬ) ਨੇ ਸੇਵਾ ਨਿਭਾਈ, ਬਿਨਾਂ ਅੱਕਣ ਥੱਕਣ ਤੋਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਬੜੀ ਦ੍ਰਿੜ੍ਹਤਾ ਨਾਲ ਸਾਥ ਨਿਭਾਇਆ। ਇਸ ਗ੍ਰੰਥ ਦੀ ਮੁੱਢਲੀ ਜਾਣਕਾਰੀ ਇਹ ਹੈ ਕਿ:

੧. ਪਹਿਲੇ ਅਧਿਆਇ ਵਿਚ ਕਰਮਾਂ ਦੀ ਵਿਆਖਿਆ, ਕਰਮਾਂ ਦੀਆਂ ਕਿਸਮਾਂ, ਕਰਮਾਂ ਦੇ ਬੰਧਨਾਂ ਤੋਂ ਸੁਤੰਤਰ ਹੋਣ ਦੀ ਵਿਚਾਰ।
੨. ਦੂਸਰੇ ਅਧਿਆਇ ਵਿਚ ੧੫ ਪ੍ਰਸ਼ਨਾਂ ਦੇ ਉੱਤਰ।
੩. ਤੀਸਰੇ ਅਧਿਆਇ ਵਿਚ ਆਤਮ ਵਿਚਾਰ ਤੇ ਤ੍ਰਿਪੁਟੀਆਂ ਦਾ ਵੇਰਵਾ ਅਤੇ ਪਰਮਾ, ਅਪਰਮਾ ਗਿਆਨ ਤੇ ਚਾਰ ਅਨੁਬੰਧ, ਚਾਰੇ ਵੇਦਾਂ ਦੇ ਚਾਰ ਮਹਾਂਵਾਕ ਆਦਿ।
੪. ਚੌਥੇ ਅਧਿਆਇ ਵਿਚ ਜੋਗ ਦਾ ਵਰਣਨ, ਭਾਵ ਜੋਗ ਦੇ ਅੱਠ ਅੰਗ। ਜੈਸਾ ਕਿ ਯਮ, ਨੇਮ, ਆਸਣ, ਪ੍ਰਾਣਾਯਾਮ, ਪ੍ਰਾਤਯਹਾਰ, ਧਾਰਨਾ, ਧਿਆਨ ਤੇ ਸਮਾਧਿ ਆਦਿ।
੫. ਪੰਜਵੇਂ ਅਧਿਆਇ ਵਿਚ ਵੇਦਾਂਤ ਵਿਚਾਰ ਭਾਵ ਗੁਰੂ ਅਤੇ ਸਿੱਖ ਦਾ ਵਰਣਨ ਕਿ ਕਿਹੋ ਜਿਹੇ ਹੁੰਦੇ ਹਨ ਆਦਿ।
੬. ਛੇਵੇਂ ਅਧਿਆਇ ਵਿਚ ਗੁਰਮਤਿ ਜੋਗ ਦੇ ਸਾਧਨ ਤੇ ਗੁਰਮਤਿ ਵਿਚ ਗੁਰੂ ਦੀ ਵਿਆਖਿਆ ਤੇ ਅਧਿਕਾਰੀ (ਸਿੱਖ) ਦੀ ਵਿਆਖਿਆ ਆਦਿ ।
੭. ਸੱਤਵੇਂ ਅਧਿਆਇ ਵਿਚ ਬ੍ਰਹਮ ਗਿਆਨ ਦਾ ਉਪਦੇਸ਼ ਦਿੱਤਾ ਹੈ ਭਾਵ ਸ੍ਰਵਣ ਦੇ ਖੱਟ ਚਿੰਨ੍ਹਾਂ ਦੀ ਵਿਆਖਿਆ, ਸ੍ਰਵਣ ਤੇ ਮੰਨਣ ਦੀ ਵਿਆਖਿਆ ਕੀਤੀ ਹੈ।
੮. ਅੱਠਵੇਂ ਅਧਿਆਇ ਵਿਚ ਨਿਧਿਆਸਣ ਅਤੇ ਮੂਲਾ, ਤੂਲਾ ਅਵਿੱਦਿਆ ਦਾ ਵਰਣਨ, ਖੱਟ ਪ੍ਰਮਾਣਾਂ ਦੀ ਵਿਆਖਿਆ ਵਿਧੀ ਪੱਖ ਅਨੁਸਾਰ ਤੇ ਸਜਾਤੀ, ਬਿਜਾਤੀ, ਸੁਗਤਿ ਭੇਦ ਦਾ ਵਰਣਨ।
੯. ਨੌਵੇਂ ਅਧਿਆਇ ਵਿਚ ਖੱਟ ਪ੍ਰਮਾਣਾਂ ਦਾ ਨਿਖੇਧ ਪੱਖ ਅਤੇ ਅਵਰਨ, ਵਿਖੇਪ ਸ਼ਕਤੀ ਦਾ ਵਰਣਨ, ਜਹਤੀ, ਅਜਹਤੀ, ਭਾਗ ਤਯਾਗ ਲਖਸ਼ਣਾਂ ਦਾ ਵੇਰਵਾ, ਬ੍ਰਹਮ ਦੀ ਸਾਖਿਆਤਾਕਾਰ ਦਾ ਵਰਣਨ ਆਦਿ।

੧੦. ਦਸਵੇਂ ਅਧਿਆਇ ਵਿਚ ਗੁਰਮਤਿ ਗਿਆਨ ਦਾ ਨਿਰਣਾ ਭਾਵ ਅੰਮ੍ਰਿਤ ਵੇਲਾ, ਨਾਮ, ਇਸ਼ਨਾਨ ਆਦਿ।

ਇਹਨਾਂ ਦਸੇ ਅਧਿਆਵਾਂ ਦੀ ਵਿਆਖਿਆ ਵਿਚ ਆਪਣੇ ਵੱਲੋਂ ਪੂਰਾ ਜਤਨ ਕੀਤਾ ਗਿਆ ਹੈ ਕਿ ਇਹ ਵਿਆਖਿਆ ਅਨਜਾਣ ਤੋਂ ਅਨਜਾਣ ਦੇ ਵੀ ਸਮਝ ਆਵੇ ਅਤੇ ਕਥਾ ਕਰਨ ਵਾਲੇ ਨੂੰ ਸਹਾਇਕ ਸਾਬਤ ਹੋਵੇ। ਇਹ ਵਿਦਿਆਰਥੀਆਂ ਲਈ ਲਿਖਿਆ ਗਿਆ ਹੈ, ਗਿਆਨੀ ਸਿੰਘਾਂ ਵਿਦਵਾਨਾਂ ਨੂੰ ਬੇਨਤੀ ਹੈ ਕਿ ਜਿਥੇ ਕੋਈ ਗ਼ਲਤੀ ਨਜ਼ਰ ਆਵੇ, ਲਿਖ ਭੇਜਣ ਤਾਂ ਕਿ ਅਗਲੀ ਐਡੀਸ਼ਨ ਵਿਚ ਸੋਧ ਕੀਤੀ ਜਾਵੇ।

*ਦਾਸਨਿ ਦਾਸਿ,*

**ਹਰੀ ਸਿੰਘ**

ਗੁਰਮਤਿ ਵਿਦਿਆਲਾ

ਜੱਥਾ ਰੰਧਾਵਾ

ੴ ਸਤਿਗੁਰ ਪ੍ਰਸਾਦਿ ॥

# ਟੀਕਾਕਾਰ ਵੱਲੋਂ ਆਰੰਭਤਾ ਦਾ ਮੰਗਲ

ਦੋਹਰਾ ॥

ਜਗਤ ਮੂਲ ਪੁਰਖੋਤਮੰ ਸਦਾ ਸਚਿਦਾਨੰਦ।
ਅਗਮ ਅਗੋਚਰ ਅਪਰਪਰ, ਬੰਦ ਦੋਊ ਕਰ ਬੰਦ ॥੧॥
ਗੁਰੂ ਨਾਨਕ ਜਗ ਨੂਰ ਕੋ, ਨਮਸਕਾਰ ਸਿਰ ਨਾਇ।
ਤਾਰਨ ਹਿਤ ਭਵਸਿੰਧ ਕੋ; ਦਸ ਸੁਠ ਰੂਪ ਧਰਾਇ ॥੨॥
ਦਸ ਗੁਰੂਅਨ ਕੀ ਜੋਤਿ ਜੋ, ਸ੍ਰੀ ਗੁਰੂ ਗ੍ਰੰਥ ਮਹਾਨ।
ਬੰਦੌਂ ਪੁਨ ਪੁਨ ਸੀਸ ਧਰਿ, ਬਖਸ਼ੋ ਸੁਮਤਿ ਗਯਾਨ ॥੩॥
ਦਇਆ ਸਿੰਘ ਦਸਮੇਸ਼ ਰੂਪ, ਆਇਸ ਗੁਰ ਕੀ ਮਾਨਿ।
ਕਹੇ ਪ੍ਰਸ਼ਨੋਤਰ ਪਾਂਚ ਦਸ, ਸਿੰਘਨ ਪ੍ਰਤੀ ਸੁਜਾਨ ॥੪॥
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ ਪਾਂਚਵੀ ਮਾਹਿ।
ਬਚਨ ਕਹੇ ਭਾਈ ਦਇਆ ਸਿੰਘ, ਤਿਹ ਮੱਧ ਸੁਠ ਸੁਭਾਹਿ ॥੫॥
ਵੇਦਾਂਤ ਕਾ ਸਾਰ ਹੈ, ਜੋ ਆਤਮ ਵੀਚਾਰ।
ਚੂੜਾਮਣਿ ਸੰਤੋਖ ਸਿੰਘ, ਲਿਖਿਓ ਕਾਵਿ ਸੁਧਾਰਿ ॥੬॥
ਤਿਹ ਸੰਗ ਗੁਰਮਤਿ ਮੇਲਿਕੇ, ਕਹੇ ਬਚਨ ਜੁ ਸਾਰ।
ਪਠਨ ਸੁਨਨ ਮੇਂ ਕਠਿਨ ਹੈਂ, ਮਨ ਮਹਿ ਭਯਾ ਵਿਚਾਰ ॥੭॥
ਟੀਕਾ ਕਰਿ ਤਿਸ ਰੁੱਤ ਕਾ, ਕਰਹੂੰ ਕਾਮ ਆਸਾਨ।
ਜਾ ਤੇ ਏਸ ਗਯਾਨ ਕੋ, ਜਾਨੈ ਸਗਲ ਜਹਾਨ ॥੮॥
ਮਨ ਮੇਂ ਭਯੋ ਸੰਕਲਪ ਸ਼ੁਭ, ਇਸ ਕਾਰਜ ਕੇ ਹੇਤ।
ਟੀਕਾ ਕਰਿ ਇਸ ਰੁੱਤ ਕਾ, ਕਹਿਹੂੰ ਸਗਲੇ ਭੇਤ ॥੯॥
ਸੰਮਤ ਬੀਸ ਛਿਹੱਤਰੇ, ਸੁਠ ਦਿਨ ਆਦਿਤਵਾਰ।
ਦਸ ਮਾਘ ਸੁਦੀ ਅਸ਼ਟਮੀ, ਪ੍ਰਾਰੰਭ ਕੀਨੀ ਕਾਰ ॥੧੦॥
ਸੰਨ ਬੀਸ ਸੌ ਬੀਸ ਕੋ, ਦੋਇ ਫਰਵਰੀ ਜਾਣ।
ਟੀਕਾ ਸੁਠ ਆਰੰਭਿਆ, ਗੁਰੂ ਸੇ ਮਾਂਗਿਓ ਤਾਣ ॥੧੧॥
ਤਖਤ ਸ੍ਰੀ ਦਮਦਮਾ ਸਾਹਿਬ, ਲਿੱਖਣਸਰ ਕੇ ਤੀਰ।
ਕਰਿ ਅਰਦਾਸ ਅਰੰਭਿਓ, ਟੀਕਾ ਗਹਿਰ ਗੰਭੀਰ ॥੧੨॥
ਕਿਰਪਾ ਕਰਿਓ ਸਤਿਗੁਰੂ, ਦਾਸ ਕੀ ਰਾਖਹੁ ਲਾਜ।
ਟੀਕਾ ਹੋਇ ਸੰਪੂਰਨੰ, ਜੋਇ ਪੰਥ ਕੋ ਕਾਜ ॥੧੩॥

# ਰੁਤਿ ੫, ਅੰਸੂ ੪੧

**(ਭਾਈ ਦਯਾ ਸਿੰਘ ਵੱਲੋਂ ਕਰਮ ਨਿਰਣਯ)**

## ੧ੴ ਸਤਿਗੁਰ ਪ੍ਰਸਾਦਿ ॥

## ਦੋਹਰਾ ॥ ਨਿਤ ਪ੍ਰਤਿ ਬੈਠਹਿ ਸਿੰਘ ਢਿਗ; ਰਹਿਣੀ ਰਹਿਤ ਬਤਾਇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਸਾਹਿਬ ਵਿਰਾਜਮਾਨ ਸਨ ਤੇ ਨਿਤ = ਹਮੇਸ਼ਾ ਹੀ ਸਿੰਘਾਂ ਪ੍ਰਤਿ = ਤਾਈਂ ਸਿੰਘਾਸਨ 'ਤੇ ਬੈਠਹਿ = ਬੈਠ ਕੇ ਉਪਦੇਸ਼ ਕਰਦੇ, **ਵਾ:** ਨਿਤ ਪ੍ਰਤਿ = ਹਮੇਸ਼ਾ ਹੀ ਸਿੰਘ ਉਪਦੇਸ਼ ਸੁਣਨ ਲਈ ਢਿਗ = ਨੇੜੇ ਹੋ ਕੇ ਬੈਠਹਿ = ਬੈਠਦੇ ਗੁਰੂ ਜੀ ਦੱਸਦੇ ਕਿ ਰਹਿਣੀ = ਰਹਿਤ ਨੂੰ ਕਿਵੇਂ ਰਹਿਤ = ਰੱਖਣਾ ਹੈ।

## ਭਗਤ ਗਯਾਨ ਕੀ ਬਾਰਤਾ; ਸੁਨਹਿੰ ਸਦਾ ਚਿਤ ਲਾਇ ॥੧॥

ਭਗਤ = ਭਗਤੀ ਵਾਹਿਗੁਰੂ ਜੀ ਦੀ ਕਿਵੇਂ ਕਰਨੀ ਹੈ ਅਤੇ ਬ੍ਰਹਮ ਗਿਆਨ ਕੀ = ਦੀ ਬਾਰਤਾ = ਵਿਆਖਿਆ ਕਿ ਅਪ੍ਰੋਖ ਤੇ ਪ੍ਰੋਖ ਗਿਆਨ ਕਿਵੇਂ ਹੁੰਦਾ ਹੈ; ਸਿੰਘ ਇਸ ਕਥਾ ਨੂੰ ਚਿਤ = ਮਨ ਲਾਇ = ਲਾ ਕੇ ਚਿੱਤ ਦੀ ਚਿਤਵਣੀ ਦੁਆਰਾ ਸਦਾ = ਹਮੇਸ਼ਾ ਹੀ ਭਾਵ ਚਿਤ ਬਿਰਤੀ ਲਾ ਕੇ ਇਹ ਕਥਾ ਸੁਨਹਿੰ = ਸੁਣਦੇ ਤੇ ਵਿਚਾਰਦੇ ਰਹਿੰਦੇ ਸਨ ॥੧॥

ਜਿਸ ਪ੍ਰਕਾਰ ਉੱਪਰ ਦੋਹਰੇ ਵਿਚ ਕਥਨ ਕੀਤਾ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਨੂੰ ਗੁਰਮਤਿ ਦੀ ਰਹਿਤ ਮਰਯਾਦਾ ਦੇ ਨਾਲ-ਨਾਲ ਅਨੇਕਾਂ ਪ੍ਰਕਾਰ ਦੀਆਂ ਵਿਚਾਰਾਂ ਗੁਰਸਿੱਖਾਂ ਦਾ ਜੀਵਨ ਸੰਵਾਰਨ ਵਾਲੀਆਂ ਅਤੇ ਪ੍ਰਲੋਕ ਵਿਚ ਕੰਮ ਆਉਣ ਵਾਲੀਆਂ ਸ਼ੁਭ ਗੁਣ ਭਰਪੂਰ ਵਿਚਾਰਾਂ ਕਰਦੇ ਰਹਿੰਦੇ ਸਨ, ਇਕ ਦਿਨ ਦਰਬਾਰ ਸਜੇ ਵਿਚ ਸਿੰਘਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ਜੋ ਅੱਗੇ ਚੌਪਈ ਵਿਚ ਕਥਨ ਕੀਤੀ ਹੈ।

## ਚੌਪਈ ॥ ਸਭਿ ਸਿੱਖਨ ਬੂਝੇ; ਕਰ ਜੋਰਿ।

ਸਭਿ = ਸਾਰੇ ਸ੍ਰੋਤੇ ਸਿੱਖਨ = ਸਿੱਖਾਂ ਨੇ ਕਰ = ਹੱਥ ਜੋਰਿ = ਜੋੜ ਕੇ ਬੂਝੇ = ਪੁੱਛਿਆ ਕਿ :

## ਪ੍ਰਾਨੀ ਕਰਮ ਬੰਧ; ਪਰ ਘੋਰ।

ਹਰ ਇਕ ਪ੍ਰਾਨੀ = ਪ੍ਰਾਣਾਧਾਰੀ ਜੀਵ ਘੋਰ = ਭਿਆਨਕ ਕਰਮਾਂ ਦਾ ਬੰਧ = ਬੰਨਿਆ ਪਰ = ਪਿਆ ਹੈ ਭਾਵ ਭਿਆਨਕ ਕਰਮਾਂ ਦਾ ਜਕੜਿਆ ਹੋਇਆ ਹੈ।

## ਤਿਨ ਕੋ ਨਿਰਨਾ; ਕਰਹੁ ਸੁਨਾਵਨ।

ਹੇ ਸਤਿਗੁਰੂ ਜੀ ! ਤਿਨ = ਉਹਨਾਂ ਭਿਆਨਕ ਕਰਮਾਂ ਕੋ = ਦਾ ਨਿਰਨਾ ਕਰਕੇ ਭਾਵ ਵੱਖਰਾ ਕਰਕੇ ਸੁਨਾਵਨ = ਸੁਣਾਉਣਾ ਕਰੋ।

## ਜਿਸ ਕੇ ਜਾਨਹਿ; ਕਰਹਿ ਬਚਾਵਨ ॥੨॥

ਜਿਸ = ਜਿਨ੍ਹਾਂ ਭਿਆਨਕ ਕਰਮਾਂ ਕੇ = ਦੇ ਦੁਖ ਰੂਪ ਫਲ ਨੂੰ ਜਾਨਹਿ = ਜਾਣ ਕੇ ਅਸੀਂ ਆਪ ਆਪਣੇ ਨੂੰ ਬਚਾਵਨ = ਬਚਾਉਣਾ ਕਰਹਿ = ਕਰੀਏ, ਭਾਵ ਉਹ ਮਾੜੇ ਕਰਮ ਨਾ ਕਰੀਏ ਜਿਨ੍ਹਾਂ ਤੋਂ ਦੁਖ ਰੂਪ ਫਲ ਪ੍ਰਾਪਤ ਹੋਣ, ਜੋ ਕਰਮ ਬੰਧਨ ਰੂਪ ਹੋਣ ਅਤੇ ਲੋਕ-ਪ੍ਰਲੋਕ ਵਿੱਚ ਦੁਖ ਦੇਣ, ਇਸ ਲਈ ਕਰਮ ਦਾ ਨਿਰਣਾ ਕਰਕੇ ਦੱਸੋ ਕਿ ਕਰਮ ਕੀ ਹੈ ਅਤੇ ਕਰਮ ਕਿੰਨੇ ਪ੍ਰਕਾਰ ਦਾ ਹੈ, ਇਹ ਸਭ ਕੁੱਝ ਖ਼ਾਲਸੇ ਦੇ ਜਾਨਣ ਦੀ ਇੱਛਾ ਹੈ ॥੨॥

## ਸ੍ਰੀ ਮੁਖ ਤੇ; ਸਭਿਹੂੰਨਿ ਉਚਾਰਾ।

ਸਿੰਘਾਂ ਦੀ ਇਹ ਬੇਨਤੀ ਸੁਣ ਕੇ ਸ੍ਰੀ = ਸੋਭਾ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਭਾ ਵਿਚ ਬੈਠਿਆਂ ਆਪਣੇ ਸੁਭਾਇਮਾਨ ਮੁਖ = ਮੁਖੜੇ ਤੇ = ਤੋਂ ਬਚਨ ਉਚਾਰਾ = ਉਚਾਰਨ ਕੀਤਾ, ਇਹ ਬਚਨ ਸਭਿਹੂੰਨਿ = ਸਾਰਿਆਂ ਨੇ ਸੁਣਨਾ ਕੀਤਾ, ਕਿਉਂਕਿ ਸਾਰਿਆਂ ਲਈ ਉਚਾਰਨ ਕੀਤਾ ਸੀ।

## ਦਇਆ ਸਿੰਘ ਮਮ; ਰੂਪ ਉਦਾਰਾ।

ਹੇ ਖ਼ਾਲਸਾ ਜੀ! ਭਾਈ ਦਇਆ ਸਿੰਘ ਜੀ ਮਮ = ਮੇਰਾ ਹੀ ਉਦਾਰਾ = ਸ੍ਰੇਸ਼ਟ ਰੂਪ = ਸਰੂਪ ਹਨ।

## ਕਰਹੁ ਪ੍ਰਸ਼ਨ; ਜੇਤਿਕ ਰੁਚਿ ਹੋਇ।

ਖ਼ਾਲਸਾ ਜੀ ਇਕ ਕਰਮ ਦੀ ਗੱਲ ਤਾਂ ਕੀ ਜੇਤਿਕ = ਜਿੰਨੇ ਵੀ ਪ੍ਰਸ਼ਨ = ਸਵਾਲ ਪੁੱਛਣ ਦੀ ਰੁਚਿ = ਇੱਛਾ ਹੋਇ = ਹੋਵੇ, ਉਹ ਤੁਸੀਂ ਭਾਈ ਦਇਆ ਸਿੰਘ ਨੂੰ ਪ੍ਰਸ਼ਨ ਕਰਹੁ = ਕਰੋ।

## ਉੱਤਰ ਕਹੈ; ਸਕਲ ਹੀ ਸੋਇ ॥੩॥

ਭਾਈ ਦਇਆ ਸਿੰਘ ਜੀ ਸੋਇ = ਉਹੀ ਸਕਲ = ਸਾਰੇ ਹੀ ਪ੍ਰਸ਼ਨਾਂ ਦਾ ਉੱਤਰ ਕਹੈ = ਕਹਿਣਗੇ ਕਿਉਂਕਿ ਭਾਈ ਦਇਆ ਸਿੰਘ ਜੀ ਮੇਰਾ ਹੀ ਸਰੂਪ ਹਨ ਉੱਤਰ ਦੇ ਕੇ ਤੁਹਾਡਾ ਨਿਸ਼ਚਾ ਕਰਾਉਣਗੇ ॥੩॥

## ਇਮ ਕਹਿਕੈ; ਗੁਰ ਅੰਤਰ ਗਏ।

ਇਮ = ਇਸ ਤਰ੍ਹਾਂ ਦੇ ਬਚਨ ਸਿੰਘਾਂ ਪ੍ਰਤੀ ਕਹਿਕੈ = ਕਹਿ ਕਰਕੇ ਗੁਰ = ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਰਬਾਰ ਵਿੱਚੋਂ ਉੱਠ ਕੇ ਆਪਣੇ ਅੰਤਰ = ਅੰਦਰ ਰਿਹਾਇਸ਼ੀ ਮਹਲਾਂ ਵਿਚ ਚਲੇ ਗਏ।

## ਅਪਰ ਸਰਬ ਤਹਿਂ; ਬੈਠਤਿ ਭਏ।

ਅਪਰ = ਹੋਰ ਸਰਬ = ਸਾਰੇ ਸਿੰਘ ਤਹਿਂ = ਉਥੇ ਹੀ ਬੈਠਤਿ ਭਏ = ਬੈਠੇ ਰਹੇ, ਭਾਵ ਉੱਤਰ ਸੁਣਨ ਦੇ ਲਈ ਦਰਬਾਰ ਵਿਚ ਹੀ ਬੈਠੇ ਰਹੇ।

## ਨਿਰਨੈ ਕਰਨ; ਬਿਖੈ ਚਿਤ ਦਯੋ।

ਜਗਯਾਸੂ ਗੁਰਸਿੱਖਾਂ ਨੇ ਉਸ ਵੇਲੇ ਕਰਮ ਨਿਰਨੇ ਦੀ ਵਿਚਾਰ ਬਿਖੈ = ਵਿਚ ਆਪਣਾ ਚਿੱਤ ਦਯੋ = ਦਿੱਤਾ, ਭਾਵ ਧਿਆਨ ਦਿੱਤਾ।

## ਦਯਾ ਸਿੰਘ; ਤਬਿ ਬੋਲਤਿ ਭਯੋ ॥੪॥

ਉਸ ਵੇਲੇ ਭਾਈ ਦਇਆ ਸਿੰਘ ਜੀ ਆਪਣੇ ਮੁੱਖੋਂ ਪਰਮਾਰਥੀ ਬਚਨ ਬੋਲਤਿ ਭਯੋ = ਬੋਲਣ ਲੱਗੇ, ਭਾਵ ਬਚਨ ਕਰਨ ਲੱਗੇ ਕਿ ਹੇ ਖ਼ਾਲਸਾ ਜੀ ! ॥੪॥

## ਸਰਬ ਪ੍ਰਕਾਰ; ਗੁਰੂ ਸਰਬੱਗਯ।

ਸਰਬ ਪ੍ਰਕਾਰ = ਸਾਰੇ ਤਰ੍ਹਾਂ ਕਰਕੇ ਗੁਰੂ = ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬੱਗਯ (ਸਰਬ + ਗਯ) ਸਰਬ = ਸਾਰੇ ਜੀਵਾਂ ਦੇ ਗਯ = ਗਿਆਤਾ, ਭਾਵ ਅੰਤਰਜਾਮੀ ਸਰਬ ਸ਼ਕਤੀਮਾਨ ਹਨ।

## ਹਮ ਤਿਨ ਅੱਗ੍ਰ; ਕਹਾਂ ਅਲਪੱਗਯ।

ਹਮ = ਤਮਾਮ ਤੇ ਮੇਰੇ ਵਰਗੇ ਤਿਨ = ਉਹਨਾਂ ਸਤਿਗੁਰਾਂ ਦੇ ਅੱਗ੍ਰ = ਅੱਗੇ ਕਹਾਂ = ਕੀ ਹਨ, ਅਸੀਂ ਤਾਂ ਅਲਪੱਗਯ (ਅਲਪ + ਗਯ) ਅਲਪ = ਥੋੜੇ ਗਯ = ਗਿਆਨ ਵਾਲੇ ਹਾਂ ਭਾਵ ਅਗਿਆਨੀ ਹਾਂ, ਥੋੜੇ ਬਹੁਤ ਪਦਾਰਥਾਂ ਦਾ ਤੇ ਖਾਣ-ਪੀਣ ਆਦਿ ਦਾ ਗਿਆਨ ਰੱਖਣ ਵਾਲੇ ਹਾਂ ਅਤੇ ਥੋੜੀ ਬੁੱਧੀ ਤੇ ਥੋੜੀ ਅਕਲ ਵਾਲੇ ਹਾਂ।

## ਤਿਮ ਬੋਲੈਂ; ਮੈਂ ਜਥਾ ਬੁਲਾਵੈਂ।

ਤਿਮ = ਤਿਵੇਂ ਬੋਲੈਂ = ਬੋਲਾਂਗਾ; ਜਥਾ = ਜਿਵੇਂ ਮੈਂ = ਦਾਸ ਨੂੰ ਸਤਿਗੁਰੂ ਜੀ ਬੁਲਾਵੈਂ = ਬੁਲਾਉਣਗੇ, ਉਸੇ ਤਰ੍ਹਾਂ ਤੁਹਾਡੇ ਪ੍ਰਸ਼ਨਾਂ ਦੇ ਉੱਤਰ ਵਿਚ ਬੋਲਦਾ ਜਾਵਾਂਗਾ, ਮੇਰਾ ਕੇਵਲ ਸਰੀਰ ਸਤਿਗੁਰਾਂ ਦੇ ਹੁਕਮ ਵਿਚ ਬੈਠਾ ਹੈ, ਪਰ ਇਸ ਵਿਚ ਬੋਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੋਣਗੇ, ਮੇਰੇ ਨਹੀਂ, ਉਹ ਜਿਵੇਂ ਮੈਨੂੰ ਬੁਲਾਉਣਗੇ, ਉਸ ਤਰ੍ਹਾਂ ਬੋਲਾਂਗਾ। ਜੈਸਾ ਕਿ :

**ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ ॥** *(ਗੂਜਰੀ ਮਃ ੫, ਅੰਗ ੫੦੮)*

## ਨਰ ਪੁਤਲੀ ਕੋ; ਜਥਾ ਨਚਾਵੈ ॥੫॥

ਜਥਾ = ਜਿਸ ਪ੍ਰਕਾਰ ਲੱਕੜ ਦੀਆਂ ਪੁਤਲੀਆਂ ਦਾ ਤਮਾਸ਼ਾ ਕਰਨ ਵਾਲਾ ਨਟ ਨਰ = ਪੁਰਸ਼ ਉਹਨਾਂ ਕਾਠ ਦੀਆਂ ਪੁਤਲੀਆਂ (ਮਨੁੱਖੀ ਸ਼ਕਲਾਂ) ਨੂੰ ਨਚਾਵੈ = ਨਚਾਉਂਦਾ ਹੈ, ਉਹ ਉਵੇਂ ਹੀ ਨੱਚਦੀਆਂ ਹਨ, ਤਮਾਸ਼ਾ ਕਰਨ ਵਾਲੇ ਨਟ ਦਾ ਇੱਥੇ ਪ੍ਰਮਾਣ ਦਿੱਤਾ ਹੈ। ਪੁਰਾਣੇ ਸਮੇਂ ਵਿਚ ਲੱਕੜ ਦੀਆਂ ਪੁਤਲੀਆਂ ਬਣਾ ਕੇ ਉਹਨਾਂ ਵਿਚ ਤਾਰ ਪਾਈ ਹੁੰਦੀ ਅਤੇ ਤਮਾਸ਼ਾ ਕਰਨ ਵਾਲਾ ਦੂਰ ਬੈਠ ਕੇ ਉਹ ਤਾਰ ਨੂੰ ਹਿਲਾਉਂਦਾ ਹੈ, ਜਿਸ ਢੰਗ ਨਾਲ ਉਹ ਤਾਰਾਂ ਨੂੰ ਹਿਲਾਉਂਦਾ ਹੈ, ਉਸ ਢੰਗ ਨਾਲ ਉਹ ਪੁਤਲੀਆਂ ਹਿਲਦੀਆਂ ਹਨ ਤੇ ਜਦੋਂ ਉਹਨਾਂ ਪੁਤਲੀਆਂ ਨੂੰ ਲੜਾਉਣਾ ਹੁੰਦਾ ਹੈ ਤਾਂ ਉਹ ਤਾਰਾਂ ਨੂੰ ਉਸੇ ਢੰਗ ਨਾਲ ਖਿੱਚਦਾ ਹੈ ਤੇ ਉਹ ਲੜਦੀਆਂ ਨਜ਼ਰ ਆਉਂਦੀਆਂ ਹਨ ਅਤੇ ਆਪ ਆਪਣੇ ਮੁੱਖੋਂ ਬੋਲਦਾ ਹੈ। ਦੇਖਣ ਵਾਲਿਆਂ ਨੂੰ ਭੁਲੇਖਾ ਇਹ ਪੈਂਦਾ ਹੈ ਕਿ ਇਹ ਪੁਤਲੀਆਂ ਬੋਲਦੀਆਂ ਹਨ, ਪਰ ਪੁਤਲੀਆਂ ਬੋਲ ਨਹੀਂ ਸਕਦੀਆਂ, ਇਕ ਪਾਸੇ ਬੈਠਾ ਆਪ ਹੀ ਪੁਤਲੀਆਂ ਵੱਲੋਂ ਬੋਲਣ ਦਾ ਨਾਟਕ ਕਰੀ ਜਾਂਦਾ ਹੈ, ਭਾਈ ਦਇਆ ਸਿੰਘ ਕਹਿੰਦੇ ਹਨ, ਨਟ ਪੁਰਖ ਦੀ ਤਰ੍ਹਾਂ ਸਤਿਗੁਰੂ ਜੀ ਹਨ, ਮੈਂ ਉਹਨਾਂ ਦੀ ਕਠਪੁਤਲੀ ਦੀ ਨਿਆਈਂ ਹਾਂ, ਜਿਵੇਂ ਬੁਲਾਉਣਗੇ ਤਿਵੇਂ ਬੋਲਦਾ ਜਾਵਾਂਗਾ ॥੫॥

## ਸੋਊ ਨਿਜ ਮੁਖ; ਬੋਲਿ ਸੁਨਾਵਹਿ।

ਸੋਊ = ਉਹ ਜਿਹੜਾ ਨਟ ਪੁਰਸ਼ ਕਾਠ ਦੀਆਂ ਪੁਤਲੀਆਂ ਦਾ ਤਮਾਸ਼ਾ ਕਰਾਉਣ ਵਾਲਾ ਹੈ, ਉਹ ਨਿਜ = ਆਪਣੇ ਮੁਖ = ਮੂੰਹ ਤੋਂ ਬੋਲ ਕੇ ਲੋਕਾਂ ਨੂੰ ਸੁਨਾਵਹਿ = ਸੁਣਾਉਂਦਾ ਹੈ।

## ਲੋਕ ਲਖਹਿ; ਪੁਤਲੀ ਸੁ ਅਲਾਵਹਿ।

ਜਿਹੜੇ ਲੋਕ ਕਾਠ ਦੀਆਂ ਪੁਤਲੀਆਂ ਦਾ ਤਮਾਸ਼ਾ ਦੇਖਣ ਲਈ ਆਏ ਹੁੰਦੇ ਹਨ, ਸ਼ਾਇਦ ਉਹ ਲਖਹਿ = ਜਾਣਦੇ ਹਨ, ਕੀ ਇਹ ਪੁਤਲੀਆਂ ਕੀ ਅਲਾਵਹਿ = ਬੋਲਦੀਆਂ ਹਨ।

## ਪੂਰਬ ਸੁਨਹ; ਕਰਮ ਕੀ ਗਾਥਾ।

ਇਸ ਤਰ੍ਹਾਂ ਭਾਈ ਦਇਆ ਸਿੰਘ ਕਹਿੰਦੇ ਹਨ ਕਿ ਮੈਂ ਪੂਰਬ = ਪਹਿਲਾਂ ਤੁਹਾਨੂੰ ਕਰਮ ਕੀ = ਦੀ ਗਾਥਾ = ਕਥਾ ਸੁਣਾਉਂਦਾ ਹਾਂ ਤੇ ਤੁਸੀਂ ਸੁਣਨਾ ਕਰੋ, ਕਿਉਂਕਿ ਤੁਹਾਡਾ ਪ੍ਰਸ਼ਨ ਕਰਮ ਸੰਬੰਧੀ ਜਾਨਣ ਦਾ ਹੈ।

## ਨਰਕ ਸੁਰਗ ਹੁਇ; ਜਿਨ ਫਲ ਸਾਥਾ ॥੬॥

ਜਿਨ੍ਹਾਂ ਕਰਮਾਂ ਕਰਕੇ ਨਰਕ ਅਤੇ ਸਵਰਗ ਦੀ ਪ੍ਰਾਪਤੀ ਹੁੰਦੀ ਹੈ, ਪਾਪ ਕਰਮ ਕਰਕੇ ਉਸ ਦਾ ਫਲ ਨਰਕ ਰੂਪ ਵਿਚ ਦੁਖਦਾਈ ਮਿਲਦਾ ਹੈ ਅਤੇ ਹੋਰ ਦੁਖ ਭੀ ਮੰਦੇ ਕਰਮ ਦਾ ਫਲ ਹਨ ਅਤੇ ਪੁੰਨ ਕਰਮਾਂ ਦਾ ਫਲ ਜੀਵ ਨੂੰ ਸੁਰਗ = ਦੇਵਪੁਰੀ ਅਤੇ ਸਰੀਰ ਧਾਰ ਕੇ ਸੁਖਦਾਇਕ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ, ਭਾਵ ਪਾਪ ਕਰਮਾਂ ਦਾ ਫਲ ਨਰਕ ਪ੍ਰਾਪਤੀ ਹੈ, ਪੁੰਨ ਕਰਮਾਂ ਦਾ ਫਲ ਸਵਰਗ ਪ੍ਰਾਪਤੀ ਹੈ॥੬॥

## ਤੀਨ ਬਿਧਿਨ ਕੇ; ਕਰਮ ਪਛਾਨ।

ਭਾਈ ਦਇਆ ਸਿੰਘ ਜੀ ਕਹਿਣ ਲੱਗੇ ਕਿ ਹੇ ਖ਼ਾਲਸਾ ਜੀ! ਤੀਨ = ਤਿੰਨ ਬਿਧਿਨ = ਵਿਧੀਆਂ ਕੇ = ਦੇ ਕਰਮ ਹੁੰਦੇ ਹਨ, ਇਹ ਗੱਲ ਤੁਸੀਂ ਪਛਾਨ = ਜਾਣ ਲਉ।

## ਸੰਚਿਤ, ਪਰਾਲਬਧ, ਕਿਰੇਮਾਨ।

ਪਹਿਲਾ ਸੰਚਿਤ ਕਰਮ, ਦੂਸਰਾ ਪਰਾਲਬਧ ਕਰਮ, ਤੀਸਰਾ ਕਿਰੇਮਾਨ ਕਰਮ ਹੈ, ਇਹ ਤਿੰਨ ਤਰ੍ਹਾਂ ਦੇ ਕਰਮ ਹੁੰਦੇ ਹਨ, ਪਹਿਲਾ ਕਿਰੇਮਾਨ ਜੋ ਹੰਗਤਾ ਸਹਿਤ ਕਿਰਿਆ ਹੈ, ਉਸਦਾ ਕਿਰੇਮਾਨ ਕਰਮ ਬਣਦਾ ਹੈ ਭਾਵੇਂ ਚੰਗਾ ਭਾਵੇਂ ਮੰਦਾ, ਫਿਰ ਇਸ ਕਿਰੇਮਾਨ ਤੋਂ ਨਾਨ੍ਹਾ ਕਰਮ ਅਨੇਕਾਂ ਜਨਮਾਂ ਦੇ ਇਕੱਠੇ ਹੋ ਕੇ ਸੰਚਿਤ ਕਰਮ ਕਹਾਉਂਦੇ ਹਨ, ਸੰਚਿਤ ਨਾਮ ਇਕੱਤ੍ਰਤਾ ਦਾ ਹੀ ਹੈ, ਫਿਰ ਇਸ ਵਿੱਚੋਂ ਪਰਾਲਬਧ ਕਰਮ ਜੋ ਸਰੀਰਾਂ ਦਾ ਨਿਰਮਾਣ ਕਰਦਾ ਹੈ, ਕਿਰੇਮਾਨ ਤੋਂ ਸੰਚਿਤ ਤੇ ਸੰਚਿਤ ਤੋਂ ਪਰਾਲਬਧ ਕਰਮ ਤਬਦੀਲ ਹੋ ਜਾਂਦੇ ਹਨ, ਇਹ ਤਿੰਨ ਤਰ੍ਹਾਂ ਦੇ ਕਰਮ ਹਨ। ਹੁਣ ਭਾਈ ਦਇਆ ਸਿੰਘ ਜੀ ਇਕ ਸੌਖੇ ਦ੍ਰਿਸ਼ਟਾਂਤ ਦੁਆਰਾ ਤਿੰਨ ਤਰ੍ਹਾਂ ਦੇ ਕਰਮਾਂ ਨੂੰ ਸਮਝਾਉਣਗੇ। ਖ਼ਾਲਸੇ ਵਿਚ ਸ਼ਸਤਰਧਾਰੀ ਸੂਰਮੇ ਯੋਧੇ ਬੈਠੇ ਹਨ, ਸ਼ਸਤਰ ਦੇ ਪ੍ਰਮਾਣ ਦੁਆਰਾ ਕਥਨ ਕਰਦੇ ਹਨ।

## ਤਰਕਸ਼ ਅੰਤਹਕਰਨ ਮਝਾਰ।

ਜਿਸ ਪ੍ਰਕਾਰ ਸੂਰਮਿਓਂ ਤੁਹਾਡੇ ਕੋਲ ਤਰਕਸ਼ = ਭੱਥਾ ਹੈ, ਇਹ ਭੱਥਾ ਤੀਰਾਂ ਦਾ ਭਰਿਆ ਹੋਇਆ ਹੈ, ਇਸੇ ਤਰ੍ਹਾਂ ਅੰਤਸ਼ਕਰਨ ਰੂਪੀ ਤਰਕਸ਼ = ਭੱਥੇ ਦੇ ਮਝਾਰ = ਵਿਚ ਕਰਮਾਂ ਰੂਪੀ ਤੀਰ ਭਰੇ ਹੋਏ ਹਨ, ਅੰਤਹਕਰਨ = ਮਨ, ਬੁੱਧ, ਚਿੱਤ ਹੰਕਾਰ ਰੂਪ ਅੰਤਹਕਰਨ ਵਿਚ।

## ਤ੍ਰੈ ਬਿਧਿ; ਬਾਣ ਸਿ ਬਸਿਬੇਹਾਰ ॥੭॥

ਤ੍ਰੈ = ਤਿੰਨ ਬਿਧਿ = ਵਿਧੀਆਂ ਭਾਵ ਢੰਗਾਂ ਦੇ ਬਾਣ = ਕਰਮ ਅੰਤਸ਼ਕਰਨ ਰੂਪੀ ਭੱਥੇ ਦੇ ਵਿਚ ਬਸਿਬੇਹਾਰ = ਵੱਸ ਰਹੇ ਹਨ, ਇਕ ਚੌੜੀ ਜਿਹੀ ਮੁਖੀ ਵਾਲੇ ਉਹ ਖੱਪਰੇ ਤੀਰ ਹੁੰਦੇ ਹਨ, ਇਕ ਉਸ ਤੋਂ ਛੋਟੇ ਆਕਾਰ ਦੇ ਫਲ ਵਾਲੇ ਪਿੱਛੋਂ ਥੋੜੇ ਜਿਹੇ ਮੁੜਮੇ ਅਤੇ ਇਕ ਉਸ ਤੋਂ ਵੀ ਛੋਟੇ ਤਿੱਖੀ ਸਿੱਧੀ ਨੋਕ ਵਾਲੇ ਹੁੰਦੇ ਹਨ, ਇਸੇ ਤਰ੍ਹਾਂ ਖੱਪਰੇ ਤੀਰਾਂ ਦੀ ਨਿਆਈਂ ਸੰਚਿਤ ਕਰਮ ਚੌੜੇ ਫਲ ਵਾਲੇ ਤੇ ਮੁੜਮੇ ਕੰਡਿਆਂ ਵਾਲੇ ਪਰਾਲਬਧ ਕਰਮ, ਛੋਟੇ ਤੀਰ ਦੀ ਨਿਆਈਂ ਕਿਰੇਮਾਨ ਕਰਮ ਹਨ, ਇਹ ਅੰਤਸ਼ਕਰਨ ਰੂਪ ਭੱਥੇ ਵਿਚ ਬਸਿਬੇਹਾਰ = ਵੱਸਣ ਵਾਲੇ ਹਨ ॥੭॥

## ਚੇਤਨ ਆਤਮ; ਛਾਯਾ ਜੋਇ।

ਭਾਈ ਦਇਆ ਸਿੰਘ ਜੀ ਹੁਣ ਅੱਗੇ ਵੇਦਾਂਤ ਦੀ ਗੂੜਤਾਈ ਵਿਚ ਅੰਤਸ਼ਕਰਨ ਦੀ ਬਣਤਰ ਬਾਰੇ ਦੱਸਦੇ ਹਨ ਕਿ ਜੋਇ = ਜੋ ਚੇਤਨ ਆਤਮਾ ਦਾ ਛਾਯਾ = ਪ੍ਰਤੀਬਿੰਬ ਹੈ, ਬਿੰਬ ਦਾ ਪ੍ਰਤੀਬਿੰਬ ਹੁੰਦਾ ਹੈ, ਜਿਵੇਂ ਆਕਾਸ਼ ਵਿਚ ਚੰਦਰਮਾ ਬਿੰਬ ਰੂਪ ਹੈ, ਉਸ ਦਾ ਜੋ ਪਾਣੀ ਵਿਚ ਅਕਸ਼ ਪੈ ਰਿਹਾ ਹੈ ਉਹ ਪ੍ਰਤੀਬਿੰਬ ਹੈ, ਇਸੇ ਤਰ੍ਹਾਂ ਚੇਤਨ ਆਤਮਾ ਬਿੰਬ ਰੂਪ ਹੈ, ਅਤੇ ਉਸ ਦੀ ਅੰਤਸ਼ਕਰਨ ਰੂਪ ਪਾਣੀ ਤੇ ਜੋ ਛਾਇਆ ਪੈ ਰਹੀ ਹੈ, ਉਹ ਪ੍ਰਤੀਬਿੰਬ ਹੈ।

## ਪ੍ਰਤਿਬਿੰਬਤਿ; ਅੰਤਹਕਰਣ ਹੋਇ।

ਉਸ ਪ੍ਰਤਿਬਿੰਬ ਕਰਕੇ ਅੰਤਸ਼ਕਰਨ ਪ੍ਰਤਿਬਿੰਬਤਿ = ਪ੍ਰਤੀਬਿੰਬ ਵਾਲਾ ਹੋਇ = ਹੋ ਜਾਂਦਾ ਹੈ।

## ਅਰੁ ਅੱਗਯਾਨ; ਅੰਸ ਕੇ ਸਹਿਤ।

ਅਰੁ = ਔਰ **ਵਾ:** ਅਤੇ ਅਗਿਆਨ ਕੇ = ਦੇ ਅੰਸ = ਹਿੱਸੇ ਸਹਿਤ = ਸਮੇਤ ਹੋ ਜਾਂਦਾ ਹੈ।

## ਤਿਸ ਮਹਿਂ ਕਰਮ; ਬੀਜ ਗਨ ਰਹਿਤ ॥੮॥

ਤਿਸ = ਉਸ ਅੰਤਹਕਰਨ ਦੇ ਮਹਿਂ = ਵਿਚ ਕੀਤੇ ਹੋਏ ਗਨ = ਸਮੂਹ ਕਰਮਾਂ ਦੇ ਬੀਜ ਰਹਿੰਦੇ ਹਨ, ਜਿਹੜੇ ਤਿੰਨ ਪ੍ਰਕਾਰ ਦੇ ਕਰਮ ਹਨ: ੧. ਸੰਚਿਤ, ੨. ਪਰਾਲਬਧ, ੩. ਕਿਰੇਮਾਨ। ਜਿਹੜਾ ਅੰਤਸ਼ਕਰਨ ਚੇਤਨ ਆਤਮਾ ਦੇ ਛਾਇਆ ਸਹਿਤ ਹੈ ਅਤੇ ਅਗਿਆਨ ਅੰਸ਼ ਦੇ ਸਹਿਤ ਹੈ, ਉਸ ਵਿਚ ਕਰਮ ਬੀਜ ਨਿਵਾਸ ਕਰਦੇ ਹਨ ॥੮॥

## ਅੰਤਹਕਰਨ; ਆਪ ਜੜ ਅਹੈ।

ਅਤੇ ਜਿਹੜਾ ਚਤੁਸ਼ਟਹ ਅੰਤਹਕਰਨ ਮਨ, ਬੁੱਧ, ਚਿੱਤ, ਹੰਕਾਰ ਇਹ ਚਾਰੇ ਆਪ ਤਾਂ ਜੜ੍ਹ ਰੂਪ ਹਨ, ਨਾ ਕੁੱਝ ਕਰਮ ਬੀਜ ਆਦਿ ਰੱਖ ਸਕਦੇ ਹਨ ਨਾ ਇਹਨਾਂ ਦੀ ਸਮਰੱਥਾ ਹੈ।

## ਜਬ ਲੌ ਸੱਤਾ; ਚਿੱਤੰਨ ਨ ਲਹੈ।

ਜਬ = ਜਿੰਨੀ ਦੇਰ ਲੌਂ = ਤੱਕ ਚੇਤਨ ਆਤਮਾ ਤੋਂ ਅੰਤਸ਼ਕਰਨ ਸੱਤਾ ਭਾਵ ਪ੍ਰਤੀਬਿੰਬ ਨਹੀਂ ਲਹੈ = ਲੈ ਲੈਂਦਾ।

## ਤਬਿ ਲੌ ਕਰਮ ਧਰਣ; ਸਮਰਥ ਨਹਿੰ।

ਤਬਿ ਲੌਂ = ਤਦੋਂ ਤੱਕ ਅੰਤਸ਼ਕਰਨ ਕਿਰੇਮਾਨ, ਸੰਚਿਤ, ਪਰਾਲਬਧ ਕਰਮਾਂ ਦੇ ਬੀਜ ਦੀ ਆਪਣੇ ਵਿਚ ਧਰਣ = ਰੱਖਣ ਦੀ ਸਮਰਥ = ਸ਼ਕਤੀ ਨਹਿੰ = ਨਹੀਂ ਰੱਖਦਾ।

## ਚੇਤਨ ਛਾਇਆ; ਤੇ ਸਮਰਥ ਲਹਿ ॥੯॥

ਉਹ ਅੰਤਸ਼ਕਰਨ ਚੇਤਨ ਆਤਮਾ ਦੇ ਛਾਇਆ = ਪ੍ਰਤੀਬਿੰਬ ਤੋਂ ਹੀ ਸਮਰਥ = ਸ਼ਕਤੀ ਲਹਿ = ਪ੍ਰਾਪਤ ਕਰਦਾ ਹੈ ॥੯॥

## ਅੰਤਹਕਰਣ ਅਹੈ; ਮਨ ਜੋਇ।

ਅੰਤਹਕਰਨ ਹੀ ਮਨ ਜੋਇ = ਦੇਖਿਆ ਜਾਂਦਾ ਹੈ ਭਾਵ ਅੰਤਸ਼ਕਰਨ ਨੂੰ ਮਨ ਵੀ ਕਹਿ ਦਿੰਦੇ ਹਨ ਕਿਉਂਕਿ ਅੰਤਸ਼ਕਰਨ ਦੀ ਸੰਕਲਪ, ਵਿਕਲਪ ਰੂਪ ਬਿਰਤੀ ਹੀ ਮਨ ਕਹਿਲਾਉਂਦੀ ਹੈ। ਜੈਸਾ ਕਿ : 'ਸੰਕਲਪੋ ਵਿਕਲਪੋ ਹੀ ਮਨਾ' ਅੰਤਹਕਰਨ ਦੀ ਚਿਤਵਨੀ ਰੂਪ ਬਿਰਤੀ ਚਿੱਤ ਕਹਿਲਾਉਂਦੀ ਹੈ, ਅੰਤਹਕਰਨ ਦੀ ਨਿਰਣਾ ਕਰਨ ਰੂਪ ਬਿਰਤੀ ਦਾ ਨਾਮ ਬੁੱਧ ਹੈ, ਅੰਤਹਕਰਨ ਦੀ ਅਹੰ ਭਾਵ ਰੱਖਣ ਵਾਲੀ ਬਿਰਤੀ (ਜਿਸ ਵਿਚ ਮੈਂ-ਮੇਰੀ ਭਾਵ ਸੰਮਿਲਤ ਹੋਵੇ) ਅਹੰਕਾਰ ਅਖਵਾਉਂਦੀ ਹੈ।

## ਜਬਿ ਅੱਗਯਾਨ; ਸਮੇਤੈ ਹੋਇ।

ਜਬਿ = ਜਦੋਂ ਅੰਤਹਕਰਨ ਅਗਿਆਨ ਦੇ ਸਮੇਤੈ = ਸਮੇਤ ਹੋਇ = ਹੁੰਦਾ ਹੈ।

## ਤਬਿ ਸਮਰੱਥ; ਕਰਮ ਧਰਿ ਸਾਰੇ।

ਤਬਿ = ਤਦੋਂ ਅੰਤਹਕਰਨ ਕਿਰੇਮਾਨ, ਸੰਚਿਤ, ਪਰਾਲਬਧ ਆਦਿ ਸਾਰੇ ਕਰਮਾਂ ਨੂੰ ਆਪਣੇ ਅੰਦਰ ਧਰਿ = ਰੱਖਣ ਦੀ ਸਮਰੱਥ = ਸ਼ਕਤੀ ਰੱਖਦਾ ਹੈ।

## ਬਿਨ ਅੱਗਯਾਨ; ਕਰਮ ਨਹਿੰ ਧਾਰੇ ॥੧੦॥

ਅਗਿਆਨ ਤੋਂ ਬਿਨ = ਬਿਨਾਂ ਅੰਤਸ਼ਕਰਨ ਇਹਨਾਂ ਕਰਮਾਂ ਨੂੰ ਆਪਣੇ ਵਿਚ ਧਾਰੇ = ਧਾਰਨ ਨਹਿੰ = ਨਹੀਂ ਕਰ ਸਕਦਾ ॥੧੦॥

## ਦੋਹਰਾ ॥

## ਅੰਤਹਕਰਣ ਅੱਗਯਾਨ ਦ੍ਵੈ, ਚੇਤਨ ਆਤਮ ਤੀਨ।

ਇਕ ਅੰਤਹਕਰਨ, ਦੂਜਾ ਅਗਿਆਨ ਅਤੇ ਤੀਸਰਾ ਜੋ ਚੇਤਨ ਆਤਮਾ ਦਾ ਪ੍ਰਤੀਬਿੰਬ ਹੈ।

## ਹ੍ਵੈ ਇਕੱਤ੍ਰ ਧਾਰਹਿੰ ਕਰਮ; ਧਰੈ ਨ ਹ੍ਵੈ ਇਕ ਹੀਨ ॥੧੧॥

ਇਹ ਤਿੰਨੇ ਹੀ ਇਕੱਤ੍ਰ = ਇਕੱਠੇ ਹ੍ਵੈ = ਹੋ ਕੇ ਕਰਮਾਂ ਰੂਪੀ ਬੀਜ ਨੂੰ ਆਪਣੇ ਅੰਦਰ ਧਾਰਹਿੰ = ਧਾਰਨ ਕਰਕੇ ਰੱਖਦੇ ਹਨ, ਜੇ ਇਹਨਾਂ ਤਿੰਨਾਂ ਵਿੱਚੋਂ ਇਕ ਨਾ ਹ੍ਵੈ = ਹੋਵੇ ਤਾਂ ਅੰਤਹਕਰਨ ਕਰਮਾਂ ਦੇ ਬੀਜ ਨੂੰ ਧਾਰਨ ਨਹੀਂ ਕਰ ਸਕਦਾ ॥੧੧॥

## ਚੌਪਈ॥ ਇਸ ਕੋ ਕਹੌਂ; ਸਹਤ ਦ੍ਰਿਸ਼ਟਾਂਤ।

ਹੁਣ ਭਾਈ ਦਇਆ ਸਿੰਘ ਜੀ ਕਥਨ ਕਰਦੇ ਹਨ ਕਿ ਜਿਹੜਾ ਪ੍ਰਕਰਣ ਸ਼ੁਰੂ ਕੀਤਾ ਹੈ ਇਸ ਕੋ = ਨੂੰ ਅੱਗੇ ਚੰਗੀ ਤਰ੍ਹਾਂ ਖੋਲ੍ਹ ਕੇ ਦ੍ਰਿਸ਼ਟਾਂਤਾਂ ਭਾਵ ਉਦਾਹਰਣ ਦੇ ਸਹਤ = ਸਮੇਤ ਕਹਿੰਦੇ ਹਾਂ।

## ਸੁਨਹੁ ਖਾਲਸਾ; ਹੈ ਜਿਸ ਭਾਂਤਿ।

ਹੇ ਖ਼ਾਲਸਾ ਜੀ! ਅੱਗੇ ਜਿਸ ਭਾਂਤਿ = ਪ੍ਰਕਾਰ ਹੈ, ਉਸ ਨੂੰ ਸੁਨਹੁ=ਸੁਣਨਾ ਕਰੋ।

## ਸਤਿਗੁਣ ਰੂਪ; ਮ੍ਰਿਤਕਾ ਆਹਿ।

ਜਿਵੇਂ ਘੜੇ ਦੇ ਬਣਾਉਣ ਵਿਚ ਮ੍ਰਿਤਕਾ = ਮਿੱਟੀ ਹੁੰਦੀ ਹੈ, ਇਸੇ ਪਰਕਾਰ ਘੜਾ ਰੂਪ ਅੰਤਸ਼ਕਰਨ ਦੇ ਬਣਨ ਲਈ ਸਤੋਗੁਣ ਰੂਪ ਮ੍ਰਿਤਕਾ = ਮਿੱਟੀ ਆਹਿ = ਹੈ।

## ਅੰਤਹਕਰਣ; ਪਿੰਡ ਹੈ ਤਾਂਹਿ॥੧੨॥

ਜਿਵੇਂ ਮਿੱਟੀ ਤੋਂ ਘੜਾ ਬਣਾਉਣ ਲਈ ਪਿੰਡ = ਗੋਲਾ ਵੱਟੀਦਾ ਹੈ, ਤਾਂਹਿ = ਉਸੇ ਪ੍ਰਕਾਰ ਅੰਤਹਕਰਨ ਮਨ, ਬੁੱਧ, ਚਿਤ, ਹੰਕਾਰ ਇਹ ਮਿੱਟੀ ਦਾ ਪਿੰਡ = ਗੋਲਾ ਹੈ॥੧੨॥

## ਆਤਮ ਚੇਤਨ; ਰੂਪ ਅਕਾਸ।

ਜਿਵੇਂ ਘੜੇ ਦੇ ਵਿੱਚ ਖ਼ਾਲੀ ਜਗ੍ਹਾ ਹੁੰਦੀ ਹੈ ਉਹ ਅਕਾਸ਼ ਹੈ, ਘੜੇ ਦੇ ਆਲੇ-ਦੁਆਲੇ ਚਾਰ-ਚੁਫੇਰੇ ਅਕਾਸ਼ ਹੈ, ਉਹ ਘਟਾ ਅਕਾਸ਼ ਹੈ, ਜੋ ਅਕਾਸ਼ ਸਾਰੀ ਜਗ੍ਹਾ ਵਿਆਪਕ ਹੈ ਜਿਸ ਨੂੰ ਮਹਾਂ ਅਕਾਸ਼ ਕਿਹਾ ਜਾਂਦਾ ਹੈ। ਜਦੋਂ ਬੱਦਲ ਆ ਜਾਣ, ਬੱਦਲਾਂ ਦੇ ਕਾਰਨ ਉਸ ਨੂੰ ਮੇਘਾ ਅਕਾਸ਼ ਕਿਹਾ ਜਾਂਦਾ ਹੈ ਕਿਉਂਕਿ ਧਰਤੀ ਅਤੇ ਬੱਦਲਾਂ ਦੇ ਵਿਚਕਾਰ ਜਿਹੜਾ ਅਕਾਸ਼ ਆ ਗਿਆ, ਬੱਦਲਾਂ ਦੀ ਉਪਾਧੀ ਕਰਕੇ ਉਸ ਦਾ ਨਾਮ ਮੇਘਾ ਅਕਾਸ਼ ਹੋ ਗਿਆ, ਜਦੋਂ ਕੋਈ ਮਕਾਨ ਬਣ ਜਾਂਦਾ ਹੈ, ਮਕਾਨ ਵਿਚ ਆਏ ਅਕਾਸ਼ ਦਾ ਨਾਮ ਮਠਾ ਅਕਾਸ਼ ਕਿਹਾ ਜਾਂਦਾ ਹੈ, ਜਦੋਂ ਘੜਾ ਆਦਿ ਬਣ ਜਾਵੇ ਤਾਂ ਉਸ ਵਿਚ ਆਇਆ ਹੋਇਆ ਅਕਾਸ਼ ਘਟਾ ਅਕਾਸ਼ ਕਿਹਾ ਜਾਂਦਾ ਹੈ, ਇਉਂ ਘੜੇ ਦੀ ਉਪਾਧੀ ਕਰਕੇ ਘਟਾ ਅਕਾਸ਼, ਮਕਾਨ ਦੀ ਉਪਾਧੀ ਕਰਕੇ ਮਠਾ ਅਕਾਸ਼, ਬੱਦਲਾਂ ਦੀ ਉਪਾਧੀ ਕਰਕੇ ਮੇਘਾ ਅਕਾਸ਼। ੧. ਮੇਘਾ ਅਕਾਸ਼, ੨. ਮਠਾ ਅਕਾਸ਼, ੩. ਘਟਾ ਅਕਾਸ਼। ਮੇਘਾ, ਮਕਾਨ, ਘੜਾ ਇਹਨਾਂ ਤਿੰਨਾਂ ਦੀਆਂ ਉਪਾਧੀਆਂ ਨਾਲ ਮਹਾਂ ਅਕਾਸ਼ ਦੇ ਹੀ ਤਿੰਨ ਨਾਮ ਹੋ ਗਏ। ਇਸੇ ਤਰ੍ਹਾਂ ਅਕਾਸ਼ ਦੀ ਨਿਆਈਂ ਚੇਤਨ ਆਤਮਾ ਹੈ, ਉਸ ਦੀ ਸੱਤਾ ਪਾ ਕੇ ਜਿਵੇਂ ਜੀਵ ਅਤੇ ਈਸ਼ਰ ਦੀਆਂ ਦੇਹਾਂ ਬਣਦੀਆਂ ਹਨ। ਇਥੇ ਹੁਣ ਭਾਈ ਸਾਹਿਬ ਜੀ ਇਹ ਸੂਖਮ ਵੀਚਾਰ ਕਰਦੇ ਹਨ ਜੋ ਵਿਸਥਾਰ ਨਾਲ ਅਗਲੇ ਅਧਿਆਵਾਂ ਵਿਚ ਆਵੇਗਾ, ਇਥੇ ਹੁਣ ਕਰਮ ਦੀ ਗੱਲ ਸਮਝਾਉਣ ਲਈ ਕਿ ਕਰਮ ਬਣਦਾ ਕਿਵੇਂ ਹੈ, ਕਰਮ ਕਿੰਨੇ ਪ੍ਰਕਾਰ ਦਾ ਹੈ ਕਿ ਕਰਮ ਬੀਜ ਰਹਿਣ ਦਾ ਟਿਕਾਣਾ ਕੀ ਹੈ ਅਤੇ ਕਰਮ ਨਾਮ ਕਿਵੇਂ ਹੁੰਦਾ ਹੈ, ਇਹ ਦੱਸਣਗੇ, ਪਰ ਇਸ ਤੋਂ ਪਹਿਲਾਂ ਘੜੇ ਦਾ ਪ੍ਰਮਾਣ ਦੇ ਕੇ ਅੰਤਸ਼ਕਰਨ ਦੀ ਬਣਤਰ ਦੱਸਦੇ ਹਨ ਅਤੇ ਅੰਤਸ਼ਕਰਨ ਰੂਪੀ ਘੜਾ ਬਣਦਾ ਕਿਵੇਂ ਹੈ, ਘੜੇ ਦੇ ਬਣਨ ਵਿਚ ਜਿਵੇਂ ਅਕਾਸ਼ ਹੈ, ਇਸੇ ਤਰ੍ਹਾਂ ਅੰਤਸ਼ਕਰਨ ਰੂਪ ਘੜੇ ਦੇ ਬਣਨ ਵਿਚ ਆਤਮ ਚੇਤਨ ਰੂਪ ਅਕਾਸ਼ ਹੈ ਅਤੇ ਸਤੋਗੁਣ ਦੀ ਮਿੱਟੀ ਰੂਪ ਢੇਲਾ (ਗੋਲਾ) ਭਾਵ ਇਕੱਠਾ ਮਨ, ਬੁੱਧ, ਚਿੱਤ, ਹੰਕਾਰ, ਹੁਣ ਅੱਗੇ ਦੱਸਦੇ ਹਨ ਕਿ ਅੰਤਸ਼ਕਰਨ ਰੂਪ ਘੜੇ ਵਿਚ ਪਾਣੀ ਕਿਹੜਾ ਹੈ।

## ਅਰੁ ਅਗ੍ਯਾਨ ਰੂਪ; ਜਲ ਰਾਸ।

ਅਰੁ = ਔਰ ਰਾਸ = ਸਾਰਾ ਅਗਿਆਨ ਰੂਪ ਜਲ = ਪਾਣੀ ਹੈ, ਕਿਉਂਕਿ ਪਾਣੀ ਤੋਂ ਬਿਨਾਂ ਜਿਵੇਂ ਮਿੱਟੀ ਇਕੱਠੀ ਹੋ ਕੇ ਮਿੱਟੀ ਦਾ ਢੇਲਾ (ਗੋਲਾ) ਨਹੀਂ ਬਣਦਾ ਜਿਸ ਤੋਂ ਅੱਗੇ ਘੜਾ ਬਣਦਾ ਹੈ, ਇਸ ਤਰ੍ਹਾਂ ਸਤੋਗੁਣ ਦੀ ਮਿੱਟੀ ਵਿਚ ਪਰਮੇਸ਼ਰ ਨੇ ਅਗਿਆਨ ਰੂਪੀ ਜਲ ਪਾ ਕੇ ਅੰਤਸ਼ਕਰਨ ਰੂਪੀ ਘੜਾ ਬਣਾਇਆ ਹੈ, ਹੁਣ ਦੱਸਦੇ ਹਨ ਕਿ ਜਦੋਂ:

## ਮ੍ਰਿਤਕਾ ਪਿੰਡ; ਮਿਲੈ ਜਲ ਸੰਗ।

ਮ੍ਰਿਤਕਾ = ਮਿੱਟੀ ਤੇ ਜਲ = ਪਾਣੀ ਸੰਗ = ਮਿਲ ਕੇ ਇਕੱਠੇ ਹੋ ਜਾਂਦੇ ਹਨ ਭਾਵ ਸਤੋਗੁਣ ਰੂਪ ਮਿੱਟੀ ਅਤੇ ਅਗਿਆਨ ਰੂਪ ਜਲ ਇਕੱਠੇ ਹੋ ਜਾਣ ਤਾਂ ਫਿਰ ਅੰਤਸ਼ਕਰਨ ਰੂਪੀ ਪਿੰਡ = ਘੜਾ ਬਣ ਜਾਂਦਾ ਹੈ।

## ਤਬਿ ਘਟ ਰੂਪ; ਬਨਹਿੰ ਸਰਬੰਗ ॥੧੩॥

ਤਬਿ = ਤਦੋਂ ਮਿੱਟੀ ਤੋਂ ਘਟ = ਘੜਾ ਰੂਪ ਸਰਬੰਗ = ਹਰ ਪ੍ਰਕਾਰ ਕਰਕੇ ਬਨਹਿ = ਬਣ ਜਾਂਦਾ ਹੈ ਭਾਵ ਘੜੇ ਦੇ ਰੂਪ ਵਿਚ ਆ ਜਾਂਦਾ ਹੈ। ਪਹਿਲਾਂ ਮਿੱਟੀ ਫਿਰ ਪਾਣੀ ਪਾ ਕੇ ਢੇਲਾ (ਗੋਲਾ) ਬਣ ਜਾਂਦਾ ਹੈ, ਫਿਰ ਘੁਮਿਆਰ ਚੱਕ ਅਤੇ ਡੰਡੇ ਦੀ ਸਹਾਇਤਾ ਨਾਲ ਚੱਕ ਨੂੰ ਘੁਮਾ ਕੇ ਉਸ ਮਿੱਟੀ ਦੇ ਢੇਲੇ ਤੋਂ ਘੜਾ ਬਣਾ ਦਿੰਦਾ ਹੈ, ਇਸੇ ਤਰ੍ਹਾਂ ਸਤੋਗੁਣ ਰੂਪ ਮਿੱਟੀ ਤੇ ਅਗਿਆਨ ਰੂਪੀ ਜਲ ਤੇ ਮਾਇਆ ਰੂਪੀ ਘੁਮਿਆਰ ਪਰਮਾਤਮਾ ਦੇ ਹੁਕਮ ਰੂਪੀ ਡੰਡੇ ਨਾਲ ਆਪਣੀ ਸ਼ਕਤੀ ਰੂਪ ਚੱਕ ਦੇ ਉੱਤੇ ਤੇ ਬ੍ਰਹਮ ਚੇਤਨ ਦੀ ਅੰਸ਼ ਦੁਆਰਾ ਸੱਤਾ ਦੇ ਕਰਕੇ ਅੰਤਸ਼ਕਰਨ ਰੂਪੀ ਘੜਾ ਹੋਂਦ ਵਿਚ ਆ ਜਾਂਦਾ ਹੈ॥੧੩॥ ਫਿਰ ਇਸ ਵਿਚ:

## ਅੰਤਰ ਲਏ; ਗਗਨ ਕੋ ਹੋਇ।

ਜਿਵੇਂ ਘੜਾ ਆਪਣੇ ਅੰਤਰ = ਅੰਦਰ ਗਗਨ = ਅਕਾਸ਼ ਕੋ = ਨੂੰ ਗ੍ਰਹਿਣ ਕਰ ਲਏ = ਲੈਂਦਾ ਹੈ, ਇਸੇ ਤਰ੍ਹਾਂ ਅੰਤਸ਼ਕਰਨ ਰੂਪੀ ਘੜਾ ਚੇਤਨ ਆਤਮਾ ਰੂਪ ਅਕਾਸ਼ ਨੂੰ ਆਪਣੇ ਅੰਦਰ ਲੈ ਲੈਂਦਾ ਹੈ, ਜਿਵੇਂ ਘੜਾ ਬਣ ਕੇ ਅਕਾਸ਼ ਉਸ ਵਿਚ ਆਪ ਹੀ ਆ ਜਾਂਦਾ ਹੈ, ਇਸੇ ਤਰ੍ਹਾਂ ਅੰਤਸ਼ਕਰਨ ਰੂਪ ਘੜਾ ਬਣ ਕੇ ਚੇਤਨ ਆਤਮ ਰੂਪ ਅਕਾਸ਼ ਨੂੰ ਆਪਣੇ ਅੰਦਰ ਲੈ ਲੈਂਦਾ ਹੈ ਫਿਰ ਉਸ ਵਿਚ:

## ਕਰਮ ਅਨਾਜ ਧਰੇ; ਤਬਿ ਸੋਇ।

ਜਿਵੇਂ ਘੜਾ ਬਣ ਕੇ ਅਨਾਜ ਧਰੇ = ਧਾਰਨ ਦੇ ਸਮਰੱਥ ਹੋ ਜਾਂਦਾ ਹੈ, ਇਸੇ ਤਰ੍ਹਾਂ ਅੰਤਸ਼ਕਰਨ ਰੂਪੀ ਘੜਾ ਕਰਮਾਂ ਰੂਪ ਬੀਜ ਅੰਦਰ ਧਾਰਨ ਕਰਨ ਨੂੰ ਸਮਰੱਥ ਹੋ ਜਾਂਦਾ ਹੈ।

## ਤੀਨਹੁ ਮਿਲਿ ਕਰਿ; ਘਟਾ ਸੁਧਾਰੇ।

ਜਿਵੇਂ ਘੜੇ ਦੇ ਬਣਨ ਵਿਚ ਮਿੱਟੀ, ਪਾਣੀ ਅਤੇ ਘੁਮਿਆਰ ਤੀਨਹੁ = ਤਿੰਨੇ ਮਿਲ ਕਰਿ = ਕਰ ਕੇ ਘਟਾ = ਘੜਾ ਸੁਧਾਰੇ = ਸੁਧਾਰਦੇ ਭਾਵ ਬਣਾਉਂਦੇ ਹਨ, ਤਿੰਨਾਂ ਦੇ ਵਿੱਚੋਂ ਇਕ ਨਾ ਹੋਵੇ ਤਾਂ ਘੜਾ ਨਹੀਂ ਬਣਦਾ, ਜੇ ਪਾਣੀ ਨਾ ਹੋਵੇ ਤਾਂ ਮਿੱਟੀ ਨਹੀਂ ਜੁੜਦੀ। ਜੇ ਮਿੱਟੀ ਨਾ ਹੋਵੇ ਤਾਂ ਇਕੱਲਾ ਪਾਣੀ ਘੜਾ ਨਹੀਂ ਬਣਾ ਸਕਦਾ ਅਤੇ ਮਿੱਟੀ ਅਤੇ ਪਾਣੀ ਦੋਵੇਂ ਜੜ੍ਹ ਰੂਪ ਹੋਣ ਕਰਕੇ ਘੁਮਿਆਰ ਤੋਂ ਬਿਨਾਂ ਆਪਣੇ ਘੜੇ ਦਾ ਰੂਪ ਨਹੀਂ ਬਣ ਸਕਦੇ। ਇਉਂ ਤਿੰਨੇ ਮਿਲ ਕੇ ਘੜਾ ਬਣਾਉਂਦੇ ਹਨ, ਇਸੇ ਪ੍ਰਕਾਰ ਸਤੋਗੁਣ ਰੂਪ ਮਿੱਟੀ, ਅਗਿਆਨ ਰੂਪੀ ਜਲ, ਚੇਤਨ ਆਤਮਾ ਦੀ ਸੱਤਾ ਰੂਪ ਘੁਮਿਆਰ ਜੋ ਮਾਇਆ ਸ਼ਕਤੀ ਦੁਆਰਾ ਜੀਵਾਂ

ਦੇ ਅੰਤਸ਼ਕਰਨ ਰੂਪ ਘੜੇ ਬਣਾਉਂਦਾ ਹੈ ਅਤੇ ਇਹ ਤਿੰਨੇ ਮਿਲ ਕੇ ਜੀਵਾਂ ਦੇ ਕਰਮ ਰੂਪੀ ਅਨਾਜ ਧਾਰਨ ਦੀ ਸ਼ਕਤੀ ਰੱਖਦੇ ਹਨ।

## ਸਮਰਥ ਹੋਇ; ਪਦਾਰਥ ਧਾਰੇ ॥੧੪॥

ਫਿਰ ਜਿਵੇਂ ਘੜੇ ਨੂੰ ਪਦਾਰਥ = ਅਨਾਜ ਰੂਪ ਵਸਤੂ ਧਾਰੇ = ਧਾਰਨ ਦੀ ਸਮਰਥ = ਸ਼ਕਤੀ ਪ੍ਰਾਪਤੀ ਹੋਇ = ਹੋ ਜਾਂਦੀ ਹੈ, ਫਿਰ ਉਸ ਘੜੇ ਵਿਚ ਭਾਵੇਂ ਕੋਈ ਵੀ ਪਦਾਰਥ ਰੱਖ ਲਵੋ, ਇਕੱਲੀ ਮਿੱਟੀ ਵਿਚ ਦਾਣੇ ਨਹੀਂ ਰਹਿ ਸਕਦੇ, ਤੇ ਘੜਾ ਉਹਨਾਂ ਨੂੰ ਦੇਰ ਤਕ ਸਾਂਭਣ ਦੀ ਸਮਰੱਥਾ ਰੱਖਦਾ ਹੈ, ਇਸ ਤੋਂ ਇਲਾਵਾ ਘੜੇ ਵਿਚ ਭਾਵੇਂ ਹੀਰੇ, ਮੋਤੀ ਤੇ ਸੋਨਾ, ਚਾਂਦੀ ਅਤੇ ਗੁੜ, ਸ਼ੱਕਰ ਆਦਿ ਕੋਈ ਵੀ ਪਦਾਰਥ ਰੱਖ ਲਵੋ, ਉਹ ਸਾਂਭਣ ਦੀ ਸਮਰੱਥਾ ਰੱਖਦਾ ਹੈ, ਇਸ ਤਰ੍ਹਾਂ ਅੰਤਸ਼ਕਰਨ ਰੂਪ ਘੜੇ ਵਿਚ ਕਰਮ ਰੂਪ ਬੀਜ ਰੱਖਣ ਦੀ ਸਮਰੱਥਾ ਹੁੰਦੀ ਹੈ ॥੧੪॥

## ਤੀਨਹੁ ਨਿਜ ਨਿਜ; ਹ੍ਵੈ ਕਰਿ ਨ੍ਯਾਰੇ।

ਹੁਣ ਭਾਈ ਦਇਆ ਸਿੰਘ ਜੀ ਹੋਰ ਦੱਸਦੇ ਹਨ ਕਿ ਜਿਵੇਂ ਇਹ ਤੀਨਹੁ = ਤਿੰਨੇ ਪਦਾਰਥ ਜਿਨ੍ਹਾਂ ਦਾ ਘੜਾ ਬਣਿਆ ਹੈ, ਉਹ ਨਿਜ ਨਿਜ = ਆਪਣੇ-ਆਪਣੇ ਥਾਂ ਨ੍ਯਾਰੇ = ਵੱਖਰੇ ਕਰਿ = ਕਰਕੇ ਅਲੱਗ-ਅਲੱਗ ਹ੍ਵੈ = ਹੋ ਜਾਣ ਤਾਂ ਪਦਾਰਥ ਨਹੀਂ ਧਾਰ ਸਕਦੇ, ਇਸੇ ਤਰ੍ਹਾਂ ਸਤੋਗੁਣ ਰੂਪੀ ਮਿੱਟੀ ਵੱਖਰੀ ਹੋਵੇ ਤੇ ਅਗਿਆਨ ਰੂਪ ਪਾਣੀ ਵੱਖਰਾ ਹੋ ਜਾਵੇ ਤੇ ਚੇਤਨ ਆਤਮਾ ਰੂਪ ਅਕਾਸ਼ ਵੱਖਰਾ ਹੋ ਜਾਵੇ, ਤਾਂ ਫਿਰ:

## ਧਰਨ ਪਦਾਰਥ; ਸਕਤਿ ਨ ਧਾਰੇ।

ਫਿਰ ਇਹ ਘੜਾ ਰੂਪ ਅੰਤਸ਼ਕਰਨ ਕਰਮਾਂ ਰੂਪੀ ਬੀਜ **ਵਾ:** ਜਿਹੜਾ ਕਰਮਾਂ ਰੂਪੀ ਪਦਾਰਥ ਅਨਾਜ ਦੀ ਨਿਆਈਂ ਹੈ, ਉਸ ਨੂੰ ਧਰਨ = ਧਾਰਨ ਕਰਨ ਦੀ ਸਕਤਿ = ਸਮਰੱਥਾ ਨ = ਨਹੀਂ ਧਾਰੇ = ਧਾਰਦਾ ਭਾਵ ਕਰਮਾਂ ਰੂਪੀ ਬੀਜ ਨੂੰ ਰੱਖਣ ਦੀ ਸਮਰੱਥਾ ਨਹੀਂ ਧਾਰਦਾ, ਹੁਣ ਇਸ ਗੱਲ ਨੂੰ ਭਾਈ ਦਇਆ ਸਿੰਘ ਜੀ ਅੱਗੇ ਦੱਸਦੇ ਹਨ:

## ਤਿਸ ਪ੍ਰਕਾਰ; ਇਕ ਆਤਮ ਜੋਇ।

ਤਿਸ = ਉਸ ਘੜੇ ਦੀ ਪ੍ਰਕਾਰ = ਨਿਆਈਂ ਜੋਇ = ਜੋ ਕੇਵਲ ਇੱਕ ਆਤਮ ਚੇਤਨ ਹੈ। ਅੰਤਸ਼ਕਰਨ ਅਤੇ ਅਗਿਆਨ ਤੋਂ ਬਿਨਾਂ।

## ਕਰਮ ਧਰੈ; ਸਮਰਥ ਨਹਿਂ ਸੋਇ ॥੧੫॥

ਕੇਵਲ ਸੋਇ = ਉਹ ਚੇਤਨ ਆਤਮਾ ਕਰਮਾਂ ਰੂਪੀ ਬੀਜ ਨੂੰ ਧਰੈ = ਧਾਰਨ ਦੀ ਸਮਰਥ = ਸ਼ਕਤੀ ਨਹਿਂ = ਨਹੀਂ ਰੱਖਦਾ, ਇਹ ਈਸ਼ਵਰ ਦਾ ਆਪ ਹੀ ਨਿਯਮ ਬਣਾਇਆ ਹੋਇਆ ਹੈ ਕਿ ਇਕੱਲੀ ਚੇਤਨ ਆਤਮਾ ਵਿਚ ਕਰਮ ਰੂਪ ਬੀਜ ਨਾ ਰਹੇ ॥੧੫॥

## ਕੇਵਲ ਅੰਤਹਿਕਰਣ; ਨ ਧਾਰੇ।

ਇਸੇ ਤਰ੍ਹਾਂ ਕੇਵਲ = ਇਕੱਲਾ ਅੰਤਸ਼ਕਰਨ ਭਾਵ ਮਨ, ਬੁੱਧ, ਚਿੱਤ, ਹੰਕਾਰ ਵੀ ਕਰਮ ਰੂਪ ਬੀਜ ਨੂੰ ਧਾਰੇ = ਧਾਰਨ ਦੀ ਸਮਰੱਥਾ ਨਹੀਂ ਰੱਖਦਾ, ਜੇ ਉਸ ਵਿਚ ਚੇਤਨ ਆਤਮਾ ਦਾ ਪ੍ਰਤੀਬਿੰਬ ਨਾ ਹੋਵੇ ਤੇ

ਦੂਸਰਾ ਅਗਿਆਨ ਦੀ ਅੰਸ ਨਾ ਹੋਵੇ, ਐਸਾ ਅੰਤਸ਼ਕਰਨ ਇਕੱਲਾ ਜੜ੍ਹ ਰੂਪ ਹੈ ਤੇ ਕਰਮਾਂ ਰੂਪੀ ਬੀਜ ਨੂੰ ਆਪਣੇ ਵਿਚ ਨਹੀਂ ਰੱਖ ਸਕਦਾ, ਅੱਗੇ ਦੱਸਦੇ ਹਨ:

## ਤਿਮ ਅੱਗਯਾਨ; ਨ ਧਰਹਿ ਨਿਵਾਰੇ।

ਇਸੇ ਤਰ੍ਹਾਂ ਉਪਰੋਕਤ ਵਿਚਾਰ ਅਨੁਸਾਰ ਤਿਮ = ਤਿਵੇਂ ਇਕੱਲਾ ਅਗਿਆਨ ਵੀ ਨਿਵਾਰੇ = ਜੁਦਾ ਹੋ ਕੇ ਕਰਮ ਰੂਪ ਬੀਜ ਨੂੰ ਧਰਹਿ = ਧਾਰਨ ਨ = ਨਹੀਂ ਕਰ ਸਕਦਾ। ਪਰ ਜਦੋਂ:

## ਤੀਨਹੁ ਕੋ ਸੰਜੋਗ; ਜਬਿ ਹੋਇ।

ਹੁਣ ਭਾਈ ਸਾਹਿਬ ਜੀ ਦੱਸਦੇ ਹਨ ਕਿ ਜਬਿ = ਜਦੋਂ ਤੀਨਹੁ = ਤਿੰਨਾਂ ਕੋ = ਦਾ ਸੰਜੋਗ = ਮਿਲਾਪ, ਇਕੱਠਾ ਹੋਣਾ ਹੁੰਦਾ ਹੈ ਭਾਵ ਅੰਤਸ਼ਕਰਨ, ਅਗਿਆਨ, ਚੇਤਨ ਆਤਮਾ ਦਾ ਪ੍ਰਤੀਬਿੰਬ ਇਹਨਾਂ ਤਿੰਨਾਂ ਦੇ ਇਕੱਠੇ ਹੋਣ ਵਿਚ ਇਹ ਸਮਰੱਥਾ ਹੋਇ = ਹੋ ਜਾਂਦੀ ਹੈ।

## ਕਰਮ ਧਰਨਿ; ਸਮਰਥ ਹੈਂ ਸੋਇ ॥੧੬॥

ਫਿਰ ਸੋਇ = ਉਹ ਤਿੰਨੇ ਮਿਲ ਕੇ ਕਰਮ ਰੂਪ ਬੀਜ ਨੂੰ ਧਰਨਿ = ਧਾਰਨ ਕਰਨ ਦੀ ਸਮਰਥ = ਸ਼ਕਤੀ ਰੱਖਦੇ ਹਨ ਭਾਵ ਅਗਿਆਨ ਅਤੇ ਚੇਤਨ ਆਤਮਾ ਦੇ ਪ੍ਰਤੀਬਿੰਬ ਨਾਲ ਅੰਤਸ਼ਕਰਨ ਕਰਮ ਬੀਜ ਨੂੰ ਸੰਭਾਲਣ ਦੀ ਸ਼ਕਤੀ ਰੱਖਦਾ ਹੈ॥੧੬॥

ਹੁਣ ਇਸ ਤੋਂ ਅੱਗੇ ਭਾਈ ਸਾਹਿਬ ਜੀ ਭੱਥੇ ਦੇ ਦ੍ਰਿਸ਼ਟਾਂਤ ਨਾਲ ਕਰਮ ਰੂਪ ਬੀਜ ਨੂੰ ਤਿੰਨ ਤਰ੍ਹਾਂ ਦੇ ਤੀਰਾਂ ਦਾ ਪ੍ਰਮਾਣ ਦੇ ਕੇ ਸਮਝਾਉਣਗੇ:

## ਅੰਤਹਿਕਰਣ ਰੂਪ; ਤਰਕਸ਼ ਮਹਿਂ।

ਅੰਤਹਕਰਨ ਰੂਪ ਤਰਕਸ਼ = ਭੱਥੇ ਦੇ ਮਹਿਂ = ਵਿੱਚ:

## ਕਰਮ ਬਾਣ ਬਾਸਾ; ਨਿਤ ਪ੍ਰਤਿ ਲਹਿਂ।

ਜੀਵਾਂ ਦੇ ਚੰਗੇ ਔਰ ਮੰਦੇ ਕਰਮ ਰੂਪ ਬਾਣ = ਤੀਰ ਨਿਤ ਪ੍ਰਤਿ = ਹਮੇਸ਼ਾ ਹੀ ਬਾਸਾ = ਨਿਵਾਸ ਲਹਿਂ = ਲੈਂਦੇ ਹਨ ਭਾਵ ਰੱਖਦੇ ਹਨ।

੧. ਹੁਣ ਪ੍ਰਾਲਬਧ ਕਰਮ ਤੀਰ ਰੂਪ ਦੇ ਵਿਚ ਵਰਣਨ ਕਰਨਗੇ:

## ਜੋ ਤਰਕਸ ਤੇ; ਤੀਰ ਨਿਕਾਰਾ।

ਜਿਵੇਂ ਭੱਥੇ ਦੇ ਵਿਚ ਤਿੰਨ ਤਰ੍ਹਾਂ ਦੇ ਤੀਰ ੧. ਖੱਪਰੇ = ਚੌੜੇ ਫਲ ਵਾਲੇ, ੨. ਅਣੀਆਲੇ ਮੁੜੇ ਕੰਡਿਆਂ ਵਾਲੇ, ੩. ਛੋਟੇ ਫਲ ਵਾਲੇ ਅਤੇ ਤਿੱਖੇ ਸਿੱਧੇ ਉਹਨਾਂ ਦੇ ਵਿੱਚੋਂ ਇਕ ਤੀਰ ਭੱਥੇ ਵਿੱਚੋਂ ਨਿਕਾਰਾ = ਕੱਢ ਲਿਆ।

## ਐਂਚਿ ਧਨੁਖ; ਛੁਟਿ ਚਲਯੋ ਅਗਾਰਾ ॥੧੭॥

ਉਸ ਤੀਰ ਨੂੰ ਧਨੁਖ ਵਿਚ ਜੋੜ ਕੇ ਐਂਚਿ = ਖਿੱਚ ਕੇ ਚਲਯੋ = ਚਲਾ ਦਿੱਤਾ, ਉਹ ਤੀਰ ਛੁਟ ਕੇ ਅਗਾਰਾ = ਅੱਗੇ ਨੂੰ ਨਿਸ਼ਾਨੇ 'ਤੇ ਚਲਾ ਗਿਆ॥੧੭॥

## ਅਪਨੋ ਬੇਗਸੁ; ਸਭਿ ਹੀ ਕਰਿ ਕੇ।

ਉਹ ਤੀਰ ਅਪਨੋ = ਆਪਣੇ ਸਭਿ = ਸਾਰੇ ਹੀ ਬੇਗਸੁ = ਬਲ ਕਰਕੇ ਭਾਵ ਤੇਜ਼ੀ ਨਾਲ ਚੱਲ ਕੇ :

## ਨਿਸਫਲ ਹੋਤਿ; ਰਹੈ ਧਰ ਪਰਿ ਕੇ।

ਧਰ = ਧਰਤੀ ਤੇ ਡਿੱਗ ਪਰਿ = ਪੈਂਦਾ ਹੈ, ਤੀਰ ਚਲਾਉਣ ਵਾਲੇ ਦੇ ਮਿਥੇ ਹੋਏ ਨਿਸ਼ਾਨੇ 'ਤੇ ਲੱਗ ਕੇ ਫਿਰ ਨਿਸਫਲ ਹੋਤਿ = ਹੋ ਜਾਂਦਾ ਹੈ ਭਾਵ ਡਿੱਗੇ ਹੋਏ ਤੀਰ ਵਿਚ ਹੋਰ ਕੋਈ ਭਾਵ ਨਾ ਚਲਣ ਦੀ ਤੇ ਨਾ ਹੀ ਕਿਸੇ ਨੂੰ ਜ਼ਖ਼ਮੀ ਕਰਨ ਦੀ ਸਮਰੱਥਾ ਹੁੰਦੀ ਹੈ।

## ਪਰਾਰਬਧ ਹੈ; ਯਾਂ ਕੋ ਨਾਮ।

ਇਸ ਪ੍ਰਕਾਰ ਅੰਤਸ਼ਕਰਨ ਰੂਪੀ ਭੱਥੇ ਵਿੱਚੋਂ ਪਰਾਲਬਧ ਕਰਮ ਰੂਪੀ ਬਾਣ ਚੱਲੇ ਹੋਏ ਬਾਣ ਦੀ ਨਿਆਈਂ ਹੈ ਯਾ ਕੋ = ਇਸ ਦਾ ਨਾਮ-ਪ੍ਰਾਲਬਧ ਕਰਮ ਹੈ, ਜਿਸ ਕਰਮ ਦਾ ਸਾਨੂੰ ਸਰੀਰ ਪ੍ਰਾਪਤ ਹੋਇਆ ਹੈ, ਜੋ ਸਾਡੇ ਸੰਚਿਤ ਕਰਮਾਂ ਰੂਪ ਭੱਥੇ ਦੇ ਵਿੱਚੋਂ ਪਾਪ ਪੁੰਨ ਰੂਪ ਬੀਜ ਦਾ ਫਲ ਦੇਣ ਵਾਸਤੇ ਸਰੀਰ ਬਣਿਆ ਹੈ ਅਤੇ ਇਸ ਵਿਚ ਪਾਪ ਪੁੰਨ ਮਿਸਰਤ ਹੋ ਕੇ ਸਾਡਾ ਸਰੀਰ ਬਣਿਆ ਹੈ। ਜੈਸਾ ਕਿ :

**ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥**
**ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥** *(ਮਾਝ ਮ: ੩, ਅੰਗ ੧੨੬)*

ਪਾਪ ਰੂਪ ਕਰਮ ਦਾ ਫਲ ਦੁਖ ਰੂਪ ਦੇ ਵਿਚ ਅਤੇ ਪੁੰਨ ਰੂਪ ਕਰਮ ਦਾ ਫਲ ਸੁਖ ਰੂਪ ਦੇ ਵਿਚ ਸਰੀਰ ਦੀ ਪਰਾਲਬਧ ਬਣਾ ਦਿੱਤੀ ਹੈ, ਇਹ ਮਾਨੋ ਚੱਲੇ ਹੋਏ ਤੀਰ ਦੀ ਨਿਆਈਂ ਹੈ ਅਤੇ ਦੁਖ ਸੁਖ ਰੂਪ ਵਿਚ ਫਲ ਦੇ ਕੇ ਨਸ਼ਟ ਹੋ ਰਿਹਾ ਹੈ ਇਹ ਪਰਮੇਸ਼ਰ ਨੇ ਪਰਾਲਬਧ ਰੂਪ ਕਰਮ ਜੀਵਾਂ ਦੇ ਮੱਥੇ 'ਤੇ ਲਿਖ ਦਿੱਤਾ ਹੈ ਜੈਸਾ ਕਿ :

**ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥** *(ਸਿਰੀਰਾਗੁ ਮ: ੧, ਪਹਰੇ ਘਰੁ ੧, ਅੰਗ ੭੫)*

## ਦੇ ਫਲ ਸਭਿ ਕੋ; ਹੋਇ ਵਿਰਾਮ ॥੧੮॥

ਉਹ ਸਭਿ=ਸਾਰਿਆਂ ਜੀਵਾਂ ਕੋ = ਨੂੰ ਚੰਗਾ ਮੰਦਾ ਫਲ ਦੇ ਕੇ ਵਿਰਾਮ = ਸ਼ਾਂਤ ਹੋ ਜਾਂਦਾ ਹੈ, ਭਾਵ ਖ਼ਤਮ ਹੋ ਜਾਂਦਾ ਹੈ ਇਹ ਪਰਾਲਬਧ ਰੂਪ ਕਰਮ ਦੀ ਵਿਚਾਰ ਹੈ॥੧੮॥

੨. ਹੁਣ ਅੱਗੇ ਸੰਚਿਤ ਕਰਮ ਦੱਸਦੇ ਹਨ :

## ਥਿਰ ਤਰਕਸ਼ ਮਹਿਂ; ਜੇਤਿਕ ਬਾਨ।

ਹੁਣ ਜੋ ਭੱਥੇ ਦੇ ਵਿਚ ਜੇਤਿਕ = ਜਿੰਨੇ ਵੀ ਥਿਰ = ਇਸਥਿਤ ਇਕੱਠੇ ਰੱਖੇ ਹੋਏ ਬਾਨ = ਤੀਰ ਹਨ, ਉਹਨਾਂ ਦੀ ਨਿਆਈਂ ਜਿਹੜੇ ਅੰਤਸ਼ਕਰਨ ਵਿਚ ਜਨਮਾਂ ਜਨਮਾਂਤ੍ਰਾਂ ਦੇ ਇਕੱਠੇ ਹੋਏ ਕਰਮ ਜਿਨ੍ਹਾਂ ਨੇ ਅਜੇ ਫਲ ਨਹੀਂ ਦਿੱਤਾ, ਪਰ ਉਹਨਾਂ ਦੀ ਹੋਂਦ ਕਾਇਮ ਹੈ।

## ਤਿਨ ਕੋ ਸੰਚਿਤ; ਨਾਮ ਬਖਾਨ।

ਉਪਰੋਕਤ ਪੰਕਤੀ ਵਿਚ ਜਿਸ ਦਾ ਬਖਾਨ = ਵਖਿਆਨ ਕੀਤਾ ਹੈ। ਉਸ ਦਾ ਨਾਮ ਸੰਚਿਤ ਕਰਮ ਹੈ।

੩. ਹੁਣ ਅੱਗੇ ਕਿਰੇਮਾਨ ਕਰਮ ਦਾ ਸਰੂਪ ਦੱਸਦੇ ਹਨ :

## ਧਨੁਖ ਜੇਹ; ਸੋਂ ਜੋਰਯੋ ਜੋਇ।

ਜੋਇ = ਜੋ ਤੀਰ ਧਨੁਖ ਦੇ ਜੇਹ = ਚਿੱਲੇ ਦੇ ਸੋਂ =ਨਾਲ ਜੋਰਯੋ = ਜੋੜਿਆ ਹੈ :

## ਨਾਮ ਸੁ ਕਿਰੇਮਾਨ; ਤਿਸ ਹੋਇ ॥੧੯॥

ਸੁ = ਉਸ ਤੀਰ ਦੀ ਨਿਆਈਂ ਸਰੀਰ ਦੀ ਕਿਰਿਆ **ਵਾ:** ਕਰਤਵ ਕਰਨ ਵਾਲੇ ਤਿਸ = ਉਸ ਕਰਮ ਦਾ ਨਾਮ ਕਿਰੇਮਾਨ ਕਰਮ ਹੈ॥੧੯॥

ਹੁਣ ਏਸੇ ਵਿਚਾਰ ਨੂੰ ਹੋਰ ਖੋਲ੍ਹਦੇ ਹਨ :

## ਜਿਨ ਕਰਮਨਿ ਕੋ; ਦਿਯੋ ਸਰੀਰ।

ਜਿਨ =ਜਿਨ੍ਹਾਂ ਕਰਮਨਿ = ਕਰਮਾਂ ਨੇ ਸਾਨੂੰ ਮਨੁੱਖਾ ਸਰੀਰ ਦਿਯੋ = ਦਿੱਤਾ ਹੋਇਆ ਹੈ :

## ਪਰਾਰਬਧ ਸੋ; ਜਾਨਹੁ ਧੀਰ।

ਸੋ = ਉਸ ਨੂੰ ਧੀਰ = ਬੁਧੀਵਾਨੋਂ **ਵਾ:** ਧੀਰਜਵਾਨ ਗੁਰਸਿੱਖ ਪਿਆਰਿਓ ! ਜਾਨਹੁ = ਜਾਣ ਲਵੋ ਕਿ ਇਸ ਦਾ ਨਾਮ ਪਰਾਲਬਧ ਕਰਮ ਹੈ।

## ਅਨਿਕ ਜਨਮ ਕੇ; ਕਰੇ ਇਕੱਤ੍ਰ।

ਜੀਵਾਂ ਨੇ ਜਿਹੜੇ ਅਨੇਕਾਂ ਜਨਮ ਜਨਮਾਂਤ੍ਰਾਂ ਵਿਚ ਚੰਗੇ ਮੰਦੇ ਕਰਮ ਕੀਤੇ ਹੋਏ ਇਕੱਤ੍ਰ = ਇਕੱਠੇ ਕੀਤੇ ਹੋਏ ਹਨ :

## ਸੋ ਸੰਚਿਤ ਹੈਂ; ਨਾਮ ਬਚਿੱਤ੍ਰ ॥੨੦॥

ਸੋ = ਉਹ ਬਚਿੱਤ੍ਰ = ਤਰ੍ਹਾਂ ਤਰ੍ਹਾਂ ਦੇ ਭਾਵ ਵੱਖਰੇ-ਵੱਖਰੇ ਅਨੇਕਾਂ ਤਰ੍ਹਾਂ ਦੇ ਕਰਮ ਕੀਤੇ ਹੋਏ ਹਨ, ਉਹਨਾਂ ਦਾ ਨਾਮ ਸੰਚਿਤ ਕਰਮ ਹੈ॥੨੦॥

ਹੁਣ ਕਿਰੇਮਾਨ ਕਰਮ ਨੂੰ ਹੋਰ ਚੰਗੀ ਤਰ੍ਹਾਂ ਖੋਲ੍ਹਦੇ ਹਨ :

## ਕ੍ਰਿਆ ਹੋਤਿ ਨਿਤ; ਜੁਤਿ ਅਭਿਮਾਨ।

ਜੋ ਵੀ ਸਰੀਰ ਦੁਆਰਾ ਕਿਰਿਆ ਹੋ ਰਹੀ ਜਾਂ ਕਰਮ ਇੰਦ੍ਰਿਆਂ ਦੁਆਰਾ **ਵਾ:** ਗਿਆਨ ਇੰਦ੍ਰਿਆਂ ਦੁਆਰਾ ਭਾਵੇਂ ਚੰਗੀ ਜਾਂ ਮੰਦੀ ਉਸ ਦਾ ਸੰਬੰਧ ਕਿਰੇਮਾਨ ਕਰਮ ਨਾਲ ਹੈ ਪਰ ਇਹ ਕਿਰਿਆ ਭੀ ਦੋ ਪ੍ਰਕਾਰ ਦੀ ਹੈ, ਸੁਭਾਵਿਕ ਕਿਰਿਆ ਭਾਵ ਸੁਤੇਸਿਧ ਕਿਰਿਆ ਦਾ ਕਰਮ ਨਹੀਂ ਬਣਦਾ, ਦੂਸਰੀ ਕਿਰਿਆ ਜਿਸ ਦਾ ਕਰਮ ਬਣਦਾ ਹੈ ਉਹ ਅਭਿਮਾਨ = ਹੰਕਾਰ ਦੇ ਜੁਤਿ = ਸਮੇਤ ਜੋ ਨਿਤ = ਹਮੇਸ਼ਾ ਹੋਤਿ = ਹੋ ਰਹੀ ਹੈ।

## ਕਿਰੇਮਾਨ ਸੋ; ਜਾਨ ਸੁਜਾਨ।

(ਪਾਠਾਂਤ੍ਰ 'ਜੋ')

ਹੇ ਸੁਜਾਨ = ਸੁਘੜ ਸਿਆਣੇ ਸਿੰਘੋ ! ਇਹ ਜਾਣ ਲਵੋ ਕਿ ਸੋ = ਉਹ ਕਿਰੇਮਾਨ ਕਰਮ ਕਹਿਲਾਉਂਦਾ ਹੈ। ਅੱਗੇ ਚੱਲ ਕੇ ਇਹ ਦੋ ਪ੍ਰਕਾਰ ਦਾ ਕਰਮ ਚੰਗਾ ਜਾ ਮੰਦਾ। ੧) ਚੰਗਾ ਕਰਮ : ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਨਾ, ਬਾਣੀ ਪੜ੍ਹਨੀ, ਆਪਣੇ ਹੱਥਾਂ ਨਾਲ ਗ਼ਰੀਬਾਂ ਨੂੰ ਦਾਨ ਪੁੰਨ ਕਰਨਾ, ਲੰਗਰਾਂ ਵਿਚ ਸੇਵਾ

ਕਰਨੀ, ਦੂਸਰੇ ਨੂੰ ਸੁਖ ਆਰਾਮ ਦੇਣ ਲਈ ਆਪ ਤਕਲੀਫ਼ ਕੱਟ ਲੈਣੀ। ਸਾਰੀ ਇਹ ਕਿਰਿਆ ਹੀ ਹੈ, ਪਰ ਇਹ ਸ੍ਰੇਸ਼ਟ ਕਿਰਿਆ ਹੈ। ਜਿਸ ਤੋਂ ਅੱਗੇ ਪੁੰਨ ਰੂਪ ਕਰਮ ਬਣ ਜਾਂਦਾ ਹੈ। ੨) ਮੰਦਾ ਕਰਮ : ਪਰਾਏ ਸਰੀਰਾਂ ਦਾ ਵਿਸ਼ੇ ਭੋਗ ਸੰਬੰਧ ਕਰਨਾ, ਜੀਭ ਦੇ ਸੁਆਦ ਵਾਸਤੇ ਜੀਵਾਂ ਦਾ ਮਾਰ ਕੇ ਮਾਸ ਖਾਣਾ, ਸ਼ਰਾਬ ਪੀਣੀ, ਜੂਆ ਖੇਡਣਾ, ਪਰਾਏ ਦੇ ਜ਼ਮੀਨ ਜਾਇਦਾਦ ਜਾਂ ਪੈਸਾ ਆਦਿ ਵਸਤੂਆਂ ਨੂੰ ਧੱਕੇ ਨਾਲ ਸਾਂਭ ਲੈਣਾ, ਗ਼ਰੀਬ ਮਾਰ ਕਰਨੀ ਇਹ ਸਾਰੀ ਮੰਦ ਕਿਰਿਆ ਦਾ ਪਾਪ ਰੂਪ ਅਭਿਮਾਨ ਸਹਿਤ ਕਿਰਿਆ ਦਾ ਮੰਦਾ ਕਰਮ ਬਣ ਜਾਂਦਾ ਹੈ, ਜੋ ਫਲ ਦੇਣ ਵੇਲੇ ਦੁਖ ਰੂਪ ਵਿਚ ਭੁਗਤਾਨ ਹੁੰਦਾ ਹੈ।

## ਕਿਰੇਮਾਨ ਜੋ; ਕਹਯੋ ਬਨਾਇ।

ਇਹ ਜੋ ਕਿਰੇਮਾਨ ਕਰਮ ਬਨਾਇ = ਬਣਾ, ਸਵਾਰ ਕੇ ਕਹਯੋ = ਕਹਿਆ ਭਾਵ ਦੱਸਿਆ ਹੈ।

## ਤ੍ਰੈ ਸੰਗਯਾ; ਇਸ ਕੀ ਹੁਇ ਜਾਇਂ ॥੨੧॥

ਇਸ ਕਿਰੇਮਾਨ ਕਰਮ ਦੇ ਹੀ ਅੱਗੇ ਤ੍ਰੈ = ਤਿੰਨ ਸੰਗਯਾ = ਨਾਮ ਹੁਇ = ਹੋ ਜਾਇਂ = ਜਾਂਦੇ ਹਨ ॥੨੧॥

## ਪ੍ਰਥਮ ਅਵਸਥਾ; ਮਹਿਂ 'ਕਿਰੇਮਾਨ'।

ਜਿਹੜੀ ਕਿਰੇਮਾਨ ਕਰਮ ਦੀ ਪ੍ਰਥਮ = ਪਹਿਲੀ ਅਵਸਥਾ = ਹਾਲਤ ਹੈ, ਉਸ ਦਾ ਨਾਮ ਕਿਰੇਮਾਨ ਕਰਮ ਹੈ।

## ਦੁਤੀਏ ਮਹਿਂ; 'ਸੰਚਤਿ' ਇਹ ਜਾਨ।

ਫਿਰ ਇਹ ਦੁਤੀਏ = ਦੂਸਰੀ ਅਵਸਥਾ ਦੇ ਮਹਿਂ = ਵਿਚ ਸੰਚਿਤ ਕਰਮ ਜਾਣਿਆ ਜਾਂਦਾ ਹੈ **ਵਾ:** ਸੰਚਿਤ ਕਰਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

## ਤ੍ਰਿਤੀ ਅਵਸਥਾ; ਜਬਿ ਹੀ ਪਾਇ।

ਜਬਿ = ਜਦੋਂ ਕਿਰੇਮਾਨ ਕਰਮ ਤ੍ਰਿਤੀ = ਤੀਸਰੀ ਅਵਸਥਾ ਪਾਇ = ਪਾ ਲੈਂਦਾ ਹੈ ਤਦੋਂ :

## 'ਪਰਾਰਬਧ' ਸੰਗਯਾ; ਹੁਇ ਜਾਇ ॥੨੨॥

ਫਿਰ ਇਸ ਦਾ ਸੰਗਯਾ = ਨਾਮ ਪਰਾਰਬਧ ਕਰਮ ਹੁਇ = ਹੋ ਜਾਇ = ਜਾਂਦਾ ਹੈ ॥੨੨॥

ਹੁਣ ਹੋਰ ਦ੍ਰਿਸ਼ਟਾਂਤ ਦੇ ਕੇ ਖੋਲ੍ਹ ਰਹੇ ਹਨ ਕਿ ਕਿਵੇਂ ਇਕ ਕਿਰਿਆ ਦੇ ਤਿੰਨ ਨਾਮ ਹੋਏ ਹਨ :

## ਜਿਮ ਇਕ ਕਾਲ; ਭਵਿੱਖਤ ਹੋਇ।

ਜਿਮ = ਜਿਵੇਂ ਇਕ ਕਾਲ = ਸਮਾਂ ਭਵਿੱਖਤ = ਆਉਣ ਵਾਲਾ ਸਮਾਂ ਹੋਇ = ਹੁੰਦਾ ਹੈ।

## ਬਹੁਰੋ ਬਰਤਮਾਨ; ਹੈ ਸੋਇ।

ਬਹੁਰੋ = ਫਿਰ ਜਦੋਂ ਸੋਇ = ਉਹੀ ਸਮਾਂ ਬਰਤਮਾਨ = ਵਰਤੋਂ ਵਿਚ ਆ ਜਾਂਦਾ ਹੈ, ਉਸ ਦਾ ਨਾਮ ਵਰਤਮਾਨ ਹੋ ਜਾਂਦਾ ਹੈ, ਕਿਉਂਕਿ ਜਿਸ ਸਮੇਂ ਦਾ ਨਾਮ ਭਵਿੱਖਤ ਸੀ, ਉਹ ਹੁਣ ਵਰਤੋਂ ਵਿਚ ਆ ਗਿਆ, ਹੁਣ ਉਸ ਦਾ ਨਾਮ ਵਰਤਮਾਨ ਹੋ ਗਿਆ।

## ਸੋਈ ਕਾਲ; ਭੂਤ ਹ੍ਵੈ ਜਾਇ।

ਸੋਈ = ਉਹੀ ਕਾਲ = ਸਮਾਂ ਜੋ ਭਵਿੱਖਤ ਸੀ, ਫਿਰ ਵਰਤਮਾਨ ਹੋ ਗਿਆ, ਜਦੋਂ ਭੂਤ = ਬਤੀਤ ਹੋ ਗਿਆ ਤਦੋਂ ਉਹ ਭੂਤਕਾਲ ਹ੍ਵੈ = ਹੋ ਜਾਇ = ਜਾਂਦਾ ਹੈ, ਇਉਂ ਇਕ ਹੀ ਸਮਾਂ ਭੂਤ, ਭਵਿੱਖਤ, ਵਰਤਮਾਨ ਤਿੰਨ ਨਾਮਾਂ ਨਾਲ ਕਥਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਇਕ ਹੀ ਕਰਮ ਦੇ ਤਿੰਨ ਰੂਪ ਬਣ ਜਾਂਦੇ ਹਨ ਭਾਵ ਭਵਿੱਖਤ ਸਮੇਂ ਦੀ ਨਿਆਈਂ ਸੰਚਿਤ ਕਰਮ ਹਨ, ਵਰਤਮਾਨ ਸਮੇਂ ਦੀ ਕਿਰੇਮਨ ਕਰਮ ਹਨ ਤੇ ਭੂਤਕਾਲ ਦੀ ਨਿਆਈਂ ਪਰਾਲਬਧ ਕਰਮ ਹਨ।

## ਲਖਹੁ ਖਾਲਸਾ; ਤਿਸ ਹੀ ਭਾਇ ॥੨੩॥

ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਕਰਮਾਂ ਦਾ ਪ੍ਰਸ਼ਨ ਕਰਨ ਵਾਲੇ ਖ਼ਾਲਸਾ ਜੀ ! ਇਸ ਤਰ੍ਹਾਂ ਕਰਮਾਂ ਦੇ ਸੰਬੰਧ ਨੂੰ ਵਿਸਥਾਰ ਨਾਲ ਲਖਹੁ = ਜਾਣ ਲਵੋ, ਤਿਸ = ਉਸ ਹੀ ਭਾਇ = ਪ੍ਰਕਾਰ ਕਰਮਾਂ ਨੂੰ ਤੀਰਾਂ ਅਤੇ ਸਮੇਂ ਦੇ ਪ੍ਰਮਾਣ ਦੀ ਤਰ੍ਹਾਂ ਜਾਣ ਲਵੋ ॥੨੩॥

## ਪਰਾਰਬਧ ਕੇ; ਫਲ ਹੈਂ ਤੀਨ।

ਹੁਣ ਹੋਰ ਦੱਸਦੇ ਹਨ ਕਿ ਜਿਹੜਾ ਪਰਾਰਬਧ ਕੇ = ਦਾ ਫਲ ਹੈ, ਉਹ ਤੀਨ = ਤਿੰਨ ਪ੍ਰਕਾਰ ਦਾ ਹੁੰਦਾ ਹੈ।

## ਜਾਤਿ, ਆਰਬਲ, ਭੋਗ ਸੁ ਚੀਨ।

ਪਰਾਲਬਧ ਦਾ ਪਹਿਲਾ ਕਰਮ ਜਾਤਿ = ਜਾਤੀ ਭਾਵ ਸ੍ਰੇਸ਼ਟ ਜਾਤੀ ਵਿਚ ਜਨਮ ਹੋਣਾ ਸ੍ਰੇਸ਼ਟ ਜਾਤੀ ਤੋਂ ਭਾਵ ਹੈ ਸ਼ੁਭ ਦੈਵੀ ਗੁਣਾਂ ਵਾਲੀ ਕੁੱਲ ਵਿਚ ਜਨਮ ਹੋਣਾ, ਮਾੜੀ ਮੰਦ ਜਾਤੀ ਤੋਂ ਭਾਵ ਮੰਦੇ ਕਰਮ ਕਰਨ ਵਾਲੇ ਲੋਕਾਂ ਵਿਚ ਸਰੀਰ ਦਾ ਜਨਮ ਹੋਣਾ, ਇਹ ਵੀ ਚੰਗੇ ਤੇ ਮਾੜੇ ਪਰਾਲਬਧ ਕਰਮ ਨਾਲ ਸੰਬੰਧਿਤ ਹੈ, ਇਸ ਦੇ ਨਾਲ ਮਾੜੀ ਜਾਤੀ ਅਤੇ ਸਰੀਰ ਦਾ ਲੂਲਾ, ਪਿੰਗਲਾ, ਅੰਨ੍ਹਾ, ਕਾਣਾ, ਕੋਹੜੀ ਅਤੇ ਭਿਆਨਕ ਬਿਮਾਰੀਆਂ ਦਾ ਗ੍ਰਸਤ ਸਰੀਰ ਹੋਣਾ, ਇਹ ਮੰਦੇ ਕਰਮ ਦੀ ਮੰਦੀ ਪਰਾਲਬਧ ਦੇ ਕਾਰਨ ਐਸਾ ਹੁੰਦਾ ਹੈ, ਚੰਗੀ ਪਰਾਲਬਧ ਵਿਚ ਚੰਗਾ ਸਰੀਰ, ਚੰਗੇ ਰੁਤਬੇ ਪ੍ਰਾਪਤ ਹੋਣੇ, ਚੰਗੀ ਵਿੱਦਿਆ ਪ੍ਰਾਪਤੀ ਹੋਣੀ, ਧਨ ਪਦਾਰਥ ਆਦਿ ਦੀ ਕੋਈ ਕਮੀ ਨਾ ਰਹਿਣੀ, ਇਹ ਚੰਗੇ ਪੁੰਨ ਰੂਪ ਕਰਮ ਦਾ ਪਰਾਲਬਧ ਕਰਮ ਰੂਪ ਵਿਚ ਫਲ ਹੈ, ਦੂਸਰਾ ਕਰਮ ਆਰਬਲ = ਉਮਰ, ਇਸ ਦਾ ਫਲ ਜਿਹੋ ਜਿਹੀ ਪਰਾਲਬਧ ਹੋਵੇਗੀ, ਉਹੋ ਜਿਹੀ ਛੋਟੀ ਵੱਡੀ ਉਮਰ ਹੁੰਦੀ ਹੈ ਜੇ ਮਾੜੀ ਪਰਾਲਬਧ ਹੈ ਤਾਂ ਥੋੜ੍ਹੀ ਉਮਰ ਹੋਵੇਗੀ, ਜੇ ਚੰਗੀ ਪਰਾਲਬਧ ਹੈ ਤਾਂ ਵੱਡੀ ਉਮਰ ਹੋਵੇਗੀ ਅਤੇ ਸੁਖ ਦੀ ਜ਼ਿੰਦਗੀ ਬਤੀਤ ਹੋਵੇਗੀ, ਜਿਵੇਂ ਮੰਦ ਕਰਮ ਦਾ ਫਲ ਕਈਆਂ ਦੀ ਉਮਰ ਜੇਲ੍ਹ ਵਿਚ ਬਤੀਤ ਹੋ ਜਾਂਦੀ ਹੈ ਅਤੇ ਕਈਆਂ ਦੀ ਉਮਰ ਬਿਮਾਰੀ ਦੇ ਕਾਰਨ ਹਸਪਤਾਲਾਂ ਵਿਚ ਹੀ ਬਤੀਤ ਹੋ ਜਾਂਦੀ ਹੈ। ਕਈਆਂ ਦੀ ਉਮਰ ਪਰਿਵਾਰ ਤੋਂ ਵਿਛੜ ਕੇ ਪਰਦੇਸਾਂ ਵਿਚ ਧੱਕੇ ਖਾਂਦਿਆਂ ਦੀ ਬਤੀਤ ਹੋ ਜਾਂਦੀ ਹੈ ਅਤੇ ਕਈਆਂ ਦੀ ਉਮਰ ਤੰਦਰੁਸਤੀ ਅਰੋਗ ਸਰੀਰ ਅਤੇ ਬਲਵਾਨ ਸਰੀਰ ਸੁੱਖ ਸਮੱਗਰੀ ਦੇ ਨਾਲ ਬਤੀਤ ਹੁੰਦੀ ਹੈ ਇਉਂ ਮਨੁੱਖ ਦੀ ਪਰਾਲਬਧ ਕਰਮ ਵਿਚ ੧. ਜਾਤੀ, ੨. ਉਮਰ, ੩. ਭੋਗ ਭਾਵ ਦੁਖ ਤੇ ਸੁਖ ਨੂੰ ਮਾਨਣਾ ਜੇ ਚੰਗੀ ਪਰਾਲਬਧ ਹੈ ਤਾਂ ਸੁੱਖਾਂ ਦਾ ਮਾਨਣਾ, ਜੇ ਮਾੜੀ ਪਰਾਲਬਧ ਹੈ ਤਾਂ ਦੁਖ ਦਾ ਮਾਨਣਾ, ਸੁ ਇਹਨਾਂ ਨੂੰ ਚੰਗੀ ਤਰ੍ਹਾਂ ਚੀਨ = ਜਾਣ ਲਵੋ। ਜੈਸਾ ਕਿ :

**ਸੁਭ ਕੁਲ ਜਨਮ ਸਰੂਪ ਤਨ ਭੂਪ ਭੋਗ ਆਪੱਤ।**
**ਪੰਡਿਤ ਦੇਹ ਅਰੋਗ ਪੁਨ ਧਰਮ ਜਾਨ ਫਲ ਸੱਤ ॥੧੨॥** *(ਸਾਰੁਕਤਾਵਲੀ ਅਧਿ: ੧)*

ਹੁਣ ਜਾਤੀ ਨੂੰ ਹੋਰ ਖੋਲ੍ਹਦੇ ਹਨ:

## ਸੁਰ ਨਰ ਆਦਿ; ਚਰਾਚਰ ਦੇਹਿ।

ਜਿੰਨੇ ਵੀ ਸੁਰ = ਦੇਵਤਿਆਂ ਦੇ ਸਰੀਰ ਹਨ ਅਤੇ ਨਰ = ਮਨੁੱਖਾ ਦੇ ਸਰੀਰ ਹਨ ਅਤੇ ਚਰਾਚਰ (ਚਰ + ਅਚਰ) ਚਰ = ਵਿਚਰਨ ਵਾਲੇ ਭਾਵ ਤੁਰਨ ਵਾਲੇ ਸਰੀਰ ਹਨ ਅਚਰ = ਨਾ ਚੱਲਣ ਵਾਲੀਆਂ ਦੇਹਾਂ ਜਿਵੇਂ ਦਰੱਖ਼ਤ, ਪਹਾੜ, ਬਨਸਪਤੀ ਆਦਿ ਜਿੰਨੇ ਵੀ ਹਨ ਤੁਰ ਨਹੀਂ ਸਕਦੇ ਹਨ, ਇਹ ਜੜ੍ਹ ਹਨ, ਇਹ ਜੜ੍ਹ ਅਤੇ ਚੇਤਨ ਦੇਵਤਿਆਂ ਅਤੇ ਮਨੁੱਖਾਂ ਦੀਆਂ ਜੋ ਦੇਹਾਂ ਹਨ।

## ਉੱਤਮ ਮੱਧਮ; ਅਧਮ ਅਛੇਹ ॥੨੪॥

ਉੱਤਮ = ਸ੍ਰੇਸ਼ਟ, ਮੱਧਮ = ਉੱਤਮ ਅਤੇ ਨੀਚ ਦੇ ਵਿਚਕਾਰ ਵਾਲੇ ਤੇ ਅਧਮ = ਨੀਚ ਅਛੇਹ ਵੀ ਨੀਚ ਨੂੰ ਕਹਿੰਦੇ ਹਨ **ਵਾ:** ਨੀਚ ਤੋਂ ਨੀਚ ਨੂੰ ਕਹਿੰਦੇ ਹਨ॥੨੪॥

## ਸਭਿ ਕੇ ਵਿਖੈ; ਹੋਤਿ ਹੈ ਨਾਨਾ।

ਸਭਿ = ਸਾਰਿਆਂ ਕੇ = ਦੇ ਵਿਖੈ = ਵਿਚ ਜਾਤੀ ਦੀਆਂ ਕਿਸਮਾਂ ਨਾਨਾ = ਅਨੇਕ ਤਰ੍ਹਾਂ ਦੀਆਂ ਹੋਤਿ = ਹੁੰਦੀਆਂ ਹਨ, ਭਾਵ ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ।

## ਇਹ ਜਾਨਹੁ; ਫਲ ਜਾਤਿ ਬਖਾਨਾ।

ਹੇ ਖ਼ਾਲਸਾ ਜੀ! ਇਹ ਤੁਸੀਂ ਜਾਨਹੁ = ਜਾਣ ਲਉ ਕਿ ਜਾਤੀ ਦੇ ਫਲ ਦੀ ਬਖਾਨਾ = ਵਿਆਖਿਆ ਕੀਤੀ ਹੈ, ਜਾਤ ਦੀਆਂ ਹੋਰ ਤਰ੍ਹਾਂ-ਤਰ੍ਹਾਂ ਦੀਆਂ ਕਿਸਮਾਂ ਵੀ ਹੁੰਦੀਆਂ ਹਨ ਜਿਵੇਂ ਗੋਤ ਦੇ ਵਿਚ ਵੀ ਚੰਗੇ ਅਤੇ ਮਾੜੇ ਗੋਤ ਮੰਨਣ ਵਾਲੇ ਮੰਨਦੇ ਹਨ ਇਕ ਦੂਜੇ ਦੇ ਨਾਲ ਚੰਗੇ ਗੋਤ ਵਾਲੇ ਮਾੜੇ ਗੋਤ ਵਾਲਿਆਂ ਨੂੰ ਰਿਸ਼ਤੇ ਨਹੀਂ ਕਰਦੇ, ਹੰਗਤਾ ਕਰਦੇ ਹਨ ਕਿ ਅਸੀਂ ਉੱਚੇ ਗੋਤ ਦੇ ਹਾਂ, ਕੋਈ ਕਹਿੰਦਾ ਹੈ ਅਸੀਂ ਸਾਰਸੁਤ ਗੋਤ ਦੇ ਹਾਂ, ਕੋਈ ਕਹਿੰਦਾ ਹੈ ਅਸੀਂ ਜੋਸ਼ੀ ਬ੍ਰਾਹਮਣ ਹਾਂ, ਕੋਈ ਕਹਿੰਦਾ ਅਸੀਂ ਗੌੜ ਬ੍ਰਾਹਮਣ ਹਾਂ, ਕੋਈ ਕਹਿੰਦਾ ਹੈ ਅਸੀਂ ਭ੍ਰਿਗੂ ਗੋਤ ਦੇ ਹਾਂ, ਇਉਂ ਬ੍ਰਾਹਮਣਾਂ ਵਿਚ ਕਈ ਜਾਤਾਂ ਹੋ ਗਈਆਂ, ਉੱਤਮ ਜਾਤੀ ਕਰਕੇ ਉੱਤਮ ਗੋਤ ਕਹੇ ਜਾਂਦੇ ਹਨ ਤੇ ਏਸੇ ਤਰ੍ਹਾਂ ਖੱਤ੍ਰੀਆਂ ਵਿਚ ਭੀ ਉੱਤਮ ਤੇ ਮੱਧਮ ਕਹੇ ਜਾਂਦੇ ਹਨ ਜਿਵੇਂ ਕਿ ਚੰਦੂ ਕਹਿੰਦਾ ਸੀ ਢਾਈ ਘਰੇ ਗੋਤ ਦਾ ਖੱਤਰੀ ਹਾਂ ਅਤੇ ਜਿਹੜੇ ਘਰ ਦਾ ਗੁਰੂ ਅਰਜਨ ਦੇਵ ਜੀ ਦਾ ਸਰੀਰ ਹੈ, ਉਹ ਸਰੀਣ ਹਨ, ਇਹ ਸਾਡੇ ਤੋਂ ਨੀਵੀ ਜਾਤ ਦੇ ਖੱਤਰੀ ਹਨ, ਇਹ ਗੋਤ ਮਾੜਾ ਹੈ, ਇਸ ਕਰਕੇ ਮੈਂ ਚੁਬਾਰੇ ਵਾਂਗ ਉੱਚਾ ਹਾਂ ਲੜਕੀ ਵੀ ਚੁਬਾਰੇ ਦੀ ਇੱਟ ਵਰਗੀ ਉੱਤਮ ਗੋਤ ਦੀ ਹੈ ਅਤੇ ਗੁਰੂ ਅਰਜਨ ਦੇਵ ਜੀ ਪੁੱਤਰ ਮੋਰੀ ਜਿਵੇਂ ਨੀਵੇਂ ਥਾਂ ਹੁੰਦੀ, ਇਸ ਤਰ੍ਹਾਂ ਨੀਵੇਂ ਗੋਤ ਦਾ ਪੁੱਤਰ ਹੈ, ਇਉਂ ਬਹੁਤ ਸਾਰੇ ਜਾਤ ਗੋਤ ਦੇ ਵਿਤਕਰੇ ਵਾਲਿਆਂ ਨੇ ਮਨੁੱਖਾਂ ਵਿਚ ਵੰਡਾਂ ਪਾਈਆਂ ਹੋਈਆਂ ਹਨ ਇਹ ਪ੍ਰਕਰਣ ਅਨੁਸਾਰ ਸਮਝਾਉਣ ਵਾਸਤੇ ਲਿਖਿਆ ਗਿਆ ਹੈ ਅਤੇ ਵੈਸ਼ ਤੇ ਸ਼ੂਦਰਾਂ ਵਿਚ ਭੀ ਕਈ-ਕਈ ਜਾਤਾਂ ਦੀ ਉੱਚੀ ਨੀਵੀਂ ਕਲਪਨਾ ਕੀਤੀ ਗਈ ਹੈ, ਇਉਂ ਕਈ ਤਰ੍ਹਾਂ ਦੇ ਉੱਚੇ ਨੀਵੇਂ ਗੋਤ ਹੁੰਦੇ ਹਨ। ਹੁਣ ਅੱਗੇ ਆਰਬਲਾ (ਉਮਰ) ਦਾ ਫਲ ਕਥਨ ਕਰਦੇ ਹਨ:

## ਨਿਮਖ ਆਦਿ ਹੁਇ; ਜੀਵਨ ਜੇਤਿਕ।

ਨਿਮਖ = ਨਿਮੇਖ ਭਾਵ ਅੱਖਾਂ ਖੋਲ੍ਹਣ ਤੇ ਮੀਚਣ ਆਦਿ ਸਮੇਂ ਤੋਂ ਲੈ ਕੇ ਜੇਤਿਕ = ਜਿੰਨਾ ਚਿਰ ਜਿਉਣਾ ਹੁਇ = ਹੁੰਦਾ ਹੈ, ਇਸ ਨੂੰ:

## ਆਰਬਲਾ ਫਲ ਜਾਨਹੁ; ਤੇਤਿਕ ॥੨੫॥

ਪਰਾਲਬਧ ਦਾ ਫਲ ਆਰਬਲਾ = ਉਮਰ ਰੂਪ ਵਿਚ ਤੇਤਿਕ = ਉਤਨਾ ਜਾਨਹੁ = ਜਾਣ ਲਵੋ, ਕਿਉਂਕਿ ਕਈ ਸਰੀਰ ਜੰਮਦੇ ਹੀ ਮਰ ਜਾਂਦੇ ਹਨ, ਇਕ ਸਾਹ ਹੀ ਆਇਆ ਹੁੰਦਾ ਹੈ, ਦੂਜਾ ਸਾਹ ਨਹੀਂ ਨਿਕਲਦਾ, ਇਹ ਨਿਮਖ ਦਾ ਫਲ ਹੈ ਤੇ ਅੱਖ ਖੋਲ੍ਹਣ ਤੇ ਮੀਚਣ ਭਾਵ ਆਦਿ ਸਮੇਂ ਤੋਂ ਲੈ ਕੇ ਉਮਰ ਸ਼ੁਰੂ ਹੋ ਜਾਂਦੀ ਹੈ ਸੌ ਸਾਲ ਤੋਂ ਉੱਤੇ ਹਜ਼ਾਰ ਵਰ੍ਹੇ ਦੀ, ਦਸ ਹਜ਼ਾਰ ਵਰ੍ਹੇ ਦੀ, ਇਕ ਲੱਖ ਵਰ੍ਹੇ ਦੀ ਪਰਾਲਬਧ ਕਰਕੇ ਉਮਰ ਹੁੰਦੀ ਹੈ, ਇਹ ਪਰਾਲਬਧ ਦੇ ਤਿੰਨ ਫਲਾਂ ਦੇ ਵਿੱਚੋਂ ਦੂਜਾ ਫਲ ਹੈ॥੨੫॥

ਹੁਣ ਪਰਾਲਬਧ ਦੇ ਤੀਸਰੇ ਫਲ ਭੋਗ ਦਾ ਵਰਣਨ ਕਰਦੇ ਹਨ:

## ਦੁਖ ਸੁਖ, ਕੋ; ਜੋ ਅਨੁਭਵ ਰੂਪ।

ਜੋ = ਜਿਹੜਾ ਦੁਖ ਅਤੇ ਸੁਖ ਕੋ = ਨੂੰ ਅਨੁਭਵ ਰੂਪ = ਜਾਨਣ ਰੂਪ ਹੈ, ਭਾਵ ਦੁਖ-ਸੁਖ ਦਾ ਸਰੂਪ ਅਨੁਭਵ ਰੂਪ ਹੈ।

## ਬ੍ਰਿੱਧ ਕਿਧੋਂ ਲਘੁ; ਕਰਨ ਅਨੂਪ।

ਆਪਣੇ ਆਪ ਨੂੰ ਲਘੁ = ਛੋਟਾ ਮੰਨਣਾ ਜਾਂ ਬ੍ਰਿੱਧ = ਵੱਡਾ ਮੰਨਣਾ, ਇਸ ਤਰ੍ਹਾਂ ਦਾ ਅਨੁਭਵ ਹੋਣਾ ਭਾਵ ਸਮਝਣਾ ਕਿ ਮੈਂ ਛੋਟਾ ਹਾਂ, ਮੈਂ ਵੱਡਾ ਹਾਂ ਜਾਂ ਅਨੂਪ (ਅਨ + ਊਪ) ਉਪ = ਉਪਮਾ ਤੋਂ ਅਨ = ਬਿਨਾ ਆਪਣੇ ਆਪ ਨੂੰ ਸਮਝਣਾ ਕਰਨਾ ਭਾਵ ਮੈਂ ਬਹੁਤ ਸੋਹਣਾ ਹਾਂ, ਮੈਂ ਕੋਝਾ ਹਾਂ, ਮੈਂ ਸੁਨੱਖਾ ਹਾਂ, ਮੈਂ ਬਦਸੂਰਤ ਹਾਂ, ਮੈਂ ਛੋਟਾ ਹਾਂ, ਮੈਂ ਵੱਡਾ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਇਹਨਾਂ ਸਾਰਿਆਂ ਦਾ ਜੋ ਸਮਝਣਾ ਕਰਨਾ ਹੈ:

## ਇਸ ਕੋ ਨਾਮ; ਭੋਗ ਬੁਧਿ ਕਹੈ।

ਹੇ ਬੁਧਿ = ਬੁਧੀਮਾਨ, ਵਿਦਵਾਨ, ਬਿਬੇਕ ਬੁੱਧ ਵਾਲਿਉ ! ਇਸ ਕੋ = ਦਾ ਨਾਮ ਪਰਾਲਬਧ ਦਾ ਤੀਸਰਾ ਫਲ ਭੋਗ ਕਹੈ = ਕਹਿੰਦੇ ਹਨ।

## ਚੌਦਹਿ ਲੋਕ ਬਿਖੈ; ਜਨ ਲਹੈ ॥੨੬॥

ਜਿੰਨੇ ਵੀ ਚੌਦਹਿ = ਚੌਦਾਂ ਲੋਕਾਂ[੧] ਵਿਚ ਜੀਵ ਜਨ ਰਹਿੰਦੇ ਹਨ ਇਹ ਸਾਰੇ ਹੀ ਦੁਖ ਅਤੇ ਸੁਖ ਰੂਪ ਪਰਾਲਬਧ ਫਲ ਲਹੈ = ਪ੍ਰਾਪਤ ਕਰ ਰਹੇ ਹਨ ਜਾਂ ਛੋਟਾਪੁਣਾ, ਵੱਡਾਪੁਣਾ, ਸੋਹਣਾ, ਸੁਨੱਖਾ, ਬਦਸ਼ਕਲ, ਕੋਝਾ, ਭੈੜਾ ਇਹ ਚੌਦਾਂ ਲੋਕਾਂ ਦੇ ਸਾਰੇ ਜੀਵਾਂ ਨੂੰ ਪਰਾਲਬਧ ਭੋਗ ਫਲ ਪ੍ਰਾਪਤ ਹੈ, ਦੁਖ ਸੁੱਖ ਦਾ ਅਨੁਭਵ ਹੋਣਾ ਭਾਵ ਗਿਆਨ ਹੋਣਾ, ਇਸ ਦਾ ਨਾਮ ਭੋਗ ਕਹੀਦਾ ਹੈ॥੨੬॥

## ਦ੍ਵੈ ਜਿ ਕਰਮ; ਸੰਚਿਤ ਕਿਰੇਮਾਨ।

ਬਾਕੀ ਜਿਹੜੇ ਦ੍ਵੈ = ਦੋ ਕਰਮ ਸੰਚਿਤ ਅਤੇ ਕਿਰੇਮਾਨ ਹਨ।

## ਆਤਮ ਗਯਾਨੀ ਕੇ; ਹੁਇਂ ਹਾਨ।

ਜਿਹੜਾ ਆਤਮਾ ਦਾ ਗਯਾਨੀ = ਜਾਨਣ ਵਾਲਾ ਹੋ ਜਾਂਦਾ ਹੈ ਭਾਵ ਗਿਆਨ ਦੁਆਰਾ ਆਪਣੇ

੧. ਚੌਦਾਂ ਲੋਕ: ਸੱਤ ਅਕਾਸ਼—(੧) ਭੂਹ, (੨) ਭੁਵਹ, (੩) ਸੂਰ, (੪) ਮਹ, (੫) ਜਨ, (੬) ਤਪ ਅਤੇ (੭) ਸਤਯ। ਸੱਤ ਪਤਾਲ—(੧) ਅਤਲ, (੨) ਸੁਤਲ, (੩) ਵਿਤਲ, (੪) ਤਲਾਤਲ, (੫) ਮਹਾਤਲ, (੬) ਰਸਾਤਲ ਅਤੇ (੭) ਪਾਤਾਲ।

ਆਤਮਿਕ ਸਰੂਪ ਨੂੰ ਸਮਝ ਲੈਂਦਾ ਹੈ, ਉਸਦੇ ਦੋਨੇ ਕਰਮ ਸੰਚਿਤ ਅਤੇ ਕਿਰੇਮਾਨ ਹਾਨ = ਨਾਸ ਹੁਇਂ = ਹੋ ਜਾਂਦੇ ਹਨ, ਕਿਵੇਂ ਨਾਸ ਹੁੰਦੇ ਹਨ ? ਤੇ ਕਿਰਿਆ ਹੰਗਤਾ ਰਹਿਤ ਹੋ ਜਾਂਦੀ ਹੈ ਇਸ ਲਈ ਉਸ ਦਾ ਕਰਮ ਨਹੀਂ ਬਣਦਾ, ਸੰਚਿਤ ਕਰਮ ਇਸ ਲਈ ਨਾਸ ਹੋ ਜਾਂਦੇ ਹਨ ਕਿ ਸੰਚਿਤ ਕਰਮਾਂ ਦੇ ਸੰਭਾਲਣ ਵਾਲਾ ਭਾਂਡਾ ਅੰਤਸ਼ਕਰਨ ਜੋ ਅਗਿਆਨ ਸਹਿਤ ਸੀ ਜਿਸ ਕਰਕੇ ਕਰਮ ਬੀਜ ਸੰਭਾਲਣ ਦੀ ਸਮਰੱਥਾ ਸੀ, ਉਹ ਗਿਆਨ ਅਗਨੀ ਨੇ ਦਘਤ ਕਰ ਦਿੱਤਾ ਭਾਵ ਫੂਕ ਦਿੱਤਾ, ਇਸ ਲਈ ਜਦੋਂ ਕਰਮਾਂ ਰੂਪ ਦਾਨਿਆਂ ਵਾਲਾ ਅੰਤਸ਼ਕਰਨ ਕੋਠਾ ਹੀ ਸੜ ਗਿਆ, ਨਾ ਕਰਮਾਂ ਰੂਪ ਦਾਣੇ ਰਹੇ, ਨਾ ਅੰਤਸ਼ਕਰਨ ਰੂਪ ਕੋਠਾ ਰਿਹਾ ਭਾਵ ਉੱਗਣ ਵਾਲੇ ਕਰਮ ਰੂਪ ਦਾਣੇ ਵੀ ਸੜ ਗਏ ਅਤੇ ਸੰਭਾਲਣ ਵਾਲਾ ਅੰਤਸ਼ਕਰਨ ਰੂਪ ਕੋਠਾ ਵੀ ਨਾਸ ਹੋ ਗਿਆ ਜਿਵੇਂ ਭਸਮ ਹੋਏ ਦਾਣੇ ਉਗਿਆ ਨਹੀਂ ਕਰਦੇ, ਇਸੇ ਤਰ੍ਹਾਂ ਗਿਆਨ ਅਗਨੀ ਦੇ ਫੂਕੇ ਹੋਏ ਕਰਮ ਫਲ ਨਹੀਂ ਦਿਆ ਕਰਦੇ ਭਾਵ ਗਿਆਨਵਾਨ ਦੇ ਦੋਨੋਂ ਹੀ ਕਰਮ ਸੰਚਿਤ ਅਤੇ ਕਿਰੇਮਾਨ ਨਾਸ ਹੋ ਜਾਂਦੇ ਹਨ।

ਇਸੇ ਵਿਚਾਰ ਨੂੰ ਹੁਣ ਅੱਗੇ ਹੋਰ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ :

## ਜਿਮ ਤਰਕਸ਼ ਮਹਿਂ, ਸਰ ਸੁ ਮਿਟਾਇ।

ਜਿਮ = ਜਿਸ ਤਰ੍ਹਾਂ ਤਰਕਸ਼ = ਭੱਥੇ ਵਿਚ ਸਰ = ਬਾਣ ਰੱਖੇ ਹੁੰਦੇ ਹਨ ਸੂਰਮੇ ਦੇ ਆਪਣੇ ਵੱਸ ਵਿਚ ਹੈ, ਉਹਨਾਂ ਨੂੰ ਤੋੜ ਕੇ ਮਿਟਾਇ = ਮਿਟਾ ਸਕਦਾ ਹੈ, ਉਹ ਤੀਰ ਚੱਲਣ ਰੂਪ ਫਲ ਨਹੀਂ ਦੇਣਗੇ ਕਿਉਂਕਿ ਉਹ ਹਟਾ ਦਿੱਤੇ ਗਏ ਭਾਵ ਮਿਟਾ ਦਿੱਤੇ ਗਏ ਅਤੇ ਦੂਸਰਾ :

## ਧਰਯੋ ਪਨਚ ਪਰ; ਸੋ ਪਿ ਹਟਾਇ ॥੨੭॥

ਤੀਰ ਚਲਾਉਣ ਵਾਲੇ ਨੇ ਜੋ ਭੱਥੇ ਵਿੱਚੋਂ ਕੱਢ ਕੇ ਪਨਚ = ਚਿਲੇ ਦੇ ਪਰ = ਉੱਤੇ ਚਲਾਉਣ ਦੇ ਲਈ ਧਰਯੋ = ਰੱਖਿਆ ਹੋਇਆ ਹੈ, ਸੋ ਪਿ = ਉਸ ਨੂੰ ਹਟਾਇ = ਹਟਾਉਣਾ ਕਰ ਸਕਦਾ ਹੈ ਇਹ ਉਸ ਦੇ ਹੱਥ ਵਿਚ ਹੈ ਕਿ ਚਲਾਉਣੇ ਬਿਨਾਂ ਹੀ ਰੋਕ ਸਕਦਾ ਹੈ ਇਹ ਕਿਰੇਮਾਨ ਕਰਮ ਹੰਗਤਾ ਤੋਂ ਰਹਿਤ ਕਿਰਿਆ ਕਰਕੇ ਹਟਾਇਆ ਜਾ ਸਕਦਾ ਹੈ ॥੨੭॥ ਅਤੇ :

## ਪਰਾਰਬਧ ਜੋ ਛੁਟਯੋ; ਸੁ ਬਾਨ।

ਤੀਸਰਾ ਜਿਹੜਾ ਪਰਾਲਬਧ ਕਰਮ ਹੈ, ਸੁ = ਉਹ ਇਸ ਤਰ੍ਹਾਂ ਹੈ ਜਿਵੇਂ ਧਨੁਖ ਵਿੱਚੋਂ ਚੱਲਿਆ ਹੋਇਆ ਬਾਨ = ਤੀਰ ਹੁੰਦਾ ਹੈ, ਉਹ ਮੁੜ ਹੱਥ ਨਹੀਂ ਆਉਂਦਾ, ਕਿਉਂਕਿ ਹੱਥ ਵਿੱਚੋਂ ਛੁੱਟ ਚੁੱਕਾ ਹੈ ਭਾਵ ਪਰਾਲਬਧ ਕਰਮ ਛੁੱਟੇ ਹੋਏ ਤੀਰ ਦੀ ਤਰ੍ਹਾਂ ਹੈ।

## ਤਿਸ ਕੋ ਕਰ ਨ ਸਕੈ; ਕੋ ਹਾਨਿ।

ਤਿਸ = ਉਸ ਪਰਾਲਬਧ ਕਰਮ ਨੂੰ ਜੋ ਛੁੱਟੇ ਹੋਏ ਤੀਰ ਦੀ ਨਿਆਈਂ ਹੈ, ਜਿਵੇਂ ਸੂਰਮਾ ਛੁੱਟੇ ਹੋਏ ਤੀਰ ਨੂੰ ਫੜ ਨਹੀਂ ਸਕਦਾ, ਉਹ ਨਿਸ਼ਾਨੇ 'ਤੇ ਵੱਜ ਕੇ ਹੀ ਰਹੇਗਾ, ਵਿਚਾਲੇ ਨਹੀਂ ਰੋਕਿਆ ਜਾ ਸਕਦਾ, ਇਸੇ ਤਰ੍ਹਾਂ ਜਿਹੜਾ ਕਰਮ ਪਰਾਲਬਧ ਵਿਚ ਆ ਗਿਆ, ਉਹ ਜੀਵ ਰੂਪ ਸੂਰਮੇ ਦਾ ਚੱਲਿਆ ਹੋਇਆ ਬਾਣ ਹੈ, ਉਹ ਆਪਣੇ ਕਰਮ ਦਾ ਫਲ ਦੁਖ ਸੁੱਖ ਰੂਪ ਵਿਚ ਦੇ ਕੇ ਨਾਸ ਹੋਵੇਗਾ, ਪਹਿਲਾਂ ਨਹੀਂ ਹੋਵੇਗਾ।

## ਅੱਗਜ ਤੱਗਜ ਕੈ; ਇਕ ਸਮ ਹੋਇ।

ਉਹ ਭਾਵੇਂ ਅੱਗਜ = ਅਗਿਆਨੀ ਤੇ ਤੱਗਜ = ਗਿਆਨਵਾਨ ਹੋਵੇ, ਇਹਨਾਂ ਦੋਵਾਂ ਨੂੰ ਇਕ ਸਮ = ਬਰਾਬਰ ਹੀ ਫਲ ਹੋਇ = ਹੁੰਦਾ ਹੈ।

# ਪਰਾਰਬਧ ਫਲ ਦੇ; ਸਮ ਦੋਇ ॥੨੮॥

ਪਰਾਲਬਧ ਕਰਮ ਦਾ ਫਲ ਇਹਨਾਂ ਦੋਇ = ਦੋਨਾਂ ਨੂੰ ਸਮ = ਬਰਾਬਰ ਦੇ = ਦਿੰਦਾ ਹੈ, ਭਾਵ ਫ਼ਰਕ ਇਤਨਾ ਹੈ ਅਗਿਆਨੀ ਉਸ ਕਰਮ ਫਲ ਨੂੰ ਭੋਗਦਾ ਹੋਇਆ ਦੂਸਰਿਆਂ ਨੂੰ ਦੋਸ਼ ਦਿੰਦਾ ਹੈ ਕਿ ਫ਼ਲਾਣੇ ਨੇ ਮੈਨੂੰ ਦੁਖ ਦਿੱਤਾ ਜਾਂ ਪਰਮੇਸ਼ਰ 'ਤੇ ਗਿਲਾ ਕਰਦਾ ਹੈ ਕਿ ਰੱਬ ਨੇ ਮੈਨੂੰ ਦੁਖ ਕਿਉਂ ਦਿੱਤਾ ਹੈ ਸੁੱਖ ਪ੍ਰਾਪਤ ਤੋਂ ਹੰਗਤਾ ਕਰਦਾ ਹੈ ਕਿ ਮੈਂ ਸੁੱਖ ਪ੍ਰਾਪਤ ਕੀਤਾ ਹੈ ਅਤੇ ਮੈਂ ਸੁੱਖ ਸਾਧਨ ਪੈਦਾ ਕੀਤੇ ਹਨ, ਮੈਂ ਦੁਕਾਨ, ਮਕਾਨ, ਨੌਕਰੀ, ਖੇਤੀ ਆਦਿ ਕਰਕੇ ਸੁੱਖ ਰੂਪ ਧਨ ਕਮਾਇਆ ਹੈ ਜਾਂ ਫਿਰ ਜਿਸ ਦੇ ਦੁਆਰਾ ਸੁੱਖ ਮਿਲਿਆ, ਉਸ ਦਾ ਧੰਨਵਾਦ ਕਰਦਾ ਕਿ ਤੂੰ ਮੈਨੂੰ ਸੁੱਖ ਦਿੱਤਾ ਅਤੇ ਦੁਖ ਵਿਚ ਬਿਪਤਾ ਵਿਚ ਬੇਚੈਨ ਰਹਿੰਦਾ ਹੈ ਅਤੇ ਰੋਂਦਾ ਕਰਲਾਉਂਦਾ ਹੈ ਕਿਉਂਕਿ ਅਗਿਆਨੀ ਹੈ ਉਸਨੂੰ ਇਹ ਗਿਆਨ ਨਹੀਂ ਕਿ ਇਹ ਮੇਰਾ ਪਰਾਲਬਧ ਫਲ ਹੈ, ਇਹ ਅਗਿਆਨੀ ਦੀ ਗੱਲ ਸੀ ਜੋ ਮਨ ਵਿਚ ਰੋਸ ਕਰਦਾ ਹੈ॥੨੮॥ ਜੈਸਾ ਕਿ :

**ਅਗਿਆਨੀ ਮਨਿ ਰੋਸੁ ਕਰੇਇ ॥** *(ਗਉੜੀ ਸੁਖਮਨੀ ਮ: ੫, ਅੰਗ ੨੬੮)*

ਹੁਣ ਦੂਸਰਾ ਗਿਆਨਵਾਨ ਜਦੋਂ ਦੁਖ ਸੁੱਖ ਦੀ ਅਵਸਥਾ ਵਿਚ ਸਰੀਰ ਦੀ ਅਵਸਥਾ ਹੁੰਦੀ ਹੈ, ਸੁੱਖ ਦੇ ਵਿਚ ਹੰਗਤਾ ਨਹੀਂ ਕਰਦਾ ਕਿ ਮੈਂ ਸੁੱਖ ਸਮੱਗਰੀ ਇਕੱਠੀ ਕੀਤੀ ਹੈ, ਉਹ ਕਹਿੰਦਾ ਹੈ ਕਿ ਹੇ ਪਰਮਾਤਮਾ ! ਤੂੰ ਮੈਨੂੰ ਸੁੱਖ ਰੂਪ ਦੇ ਵਿਚ ਮੇਰਾ ਪੁੰਨਾਂ ਦਾ ਫਲ ਦਿੱਤਾ ਹੈ ਅਤੇ ਜੇ ਦੁਖ ਪ੍ਰਾਪਤ ਹੋ ਜਾਵੇ, ਬਿਪਤਾ ਪੈ ਜਾਵੇ, ਧਨ ਨਾਸ ਹੋ ਜਾਵੇ, ਸੰਬੰਧੀਆਂ ਵੱਲੋਂ ਜਾਂ ਗੁਆਂਢੀਆਂ ਵੱਲੋਂ ਦੁਖ ਮਿਲੇ, ਉਹ ਲੋਕ ਦ੍ਰਿਸ਼ਟੀ ਛੱਡ ਕੇ ਕਰਮ ਦ੍ਰਿਸ਼ਟੀ ਦੁਆਰਾ ਨਿਗ੍ਹਾ ਆਪਣੇ ਕਰਮ 'ਤੇ ਲੈ ਜਾਂਦਾ ਹੈ ਕਿ ਮੇਰੇ ਹੀ ਕੀਤੇ ਹੋਏ ਪਾਪ ਕਰਮਾਂ ਦੀ ਬਣੀ ਹੋਈ ਪਰਾਲਬਧ ਜੋ ਮੈਨੂੰ ਦੁਖ ਰੂਪ ਦੇ ਵਿਚ ਭੁਗਤਾਨ ਹੋ ਰਹੀ ਹੈ ਹੇ ਵਾਹਿਗੁਰੂ ! ਮੈਂ ਤੇਰਾ ਧੰਨਵਾਦ ਕਰਦਾ ਹਾਂ, ਤੂੰ ਧੰਨ ਹੈਂ ਕਿ ਮੇਰਾ ਪਾਪ ਕਰਮ ਦੁਖ ਰੂਪ ਵਿਚ ਕੱਟ ਕੇ ਮੇਰਾ ਭਲਾ ਕਰ ਰਿਹਾ ਹੈਂ, ਇਸ ਲਈ ਉਹ ਪਰਮਾਤਮਾ ਨੂੰ ਜਾਂ ਦੂਸਰੇ ਲੋਕਾਂ ਨੂੰ ਦੋਸ਼ ਨਹੀਂ ਦਿੰਦਾ, ਆਪਣੇ ਕਰਮਾਂ ਨੂੰ ਹੀ ਦੋਸ਼ ਦਿੰਦਾ ਹੈਂ। ਜੈਸਾ ਕਿ :

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥** *(ਆਸਾ ਪਟੀ ਮ: ੧, ਅੰਗ ੪੩੩)*

ਅਤੇ ਉਹ ਸਮਝਦਾ ਹੈ ਕਿ ਜਿਵੇਂ ਦਿਨ ਬਾਅਦ ਰਾਤ, ਰਾਤ ਤੋਂ ਬਾਅਦ ਦਿਨ ਆਉਂਦਾ ਹੈ, ਇਹ ਬਾਰੀ-ਬਾਰੀ ਦੋਵੇਂ ਆਉਂਦੇ ਹਨ, ਇਸ ਲਈ ਇਹ ਦੁਖ ਰੂਪੀ ਰਾਤ ਤੋਂ ਬਾਅਦ ਸੁੱਖ ਰੂਪ ਦਿਨ ਵੀ ਆ ਜਾਂਦਾ ਹੈ ਅਤੇ ਸੁੱਖ ਰੂਪ ਦਿਨ ਤੋਂ ਬਾਅਦ ਦੁਖ ਰੂਪੀ ਰਾਤ ਵੀ ਆ ਜਾਂਦੀ ਹੈ, ਇਹ ਦੋਵੇਂ ਪਰਾਲਬਧ ਅਨੁਸਾਰ ਬਦਲਦੇ ਰਹਿੰਦੇ ਹਨ, ਜਿਵੇਂ ਦੋ ਤਰ੍ਹਾਂ ਦੇ ਬਸਤਰ ਬਦਲੇ ਜਾਂਦੇ ਹਨ, ਇਹ ਭੀ ਦੁਖ ਸੁੱਖ ਰੂਪ ਬਸਤਰ ਹਨ ਜੋ ਜੀਵ ਬਦਲਦਾ ਰਹਿੰਦਾ ਹੈ। ਜੈਸਾ ਕਿ :

**ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥** *(ਮਾਝ ਵਾਰ ਮ: ੧, ਅੰਗ ੧੪੯)*

# ਦੋਹਰਾ ॥ ਸੰਚਤਿ ਗਯਾਨ ਪ੍ਰਭਾਵ ਸੋ; ਗ੍ਯਾਨੀ ਕਰਹਿ ਬਿਨਾਸ।

ਗ੍ਯਾਨੀ = ਗਿਆਨਵਾਨ ਪੁਰਸ਼ ਸੰਚਿਤ ਕਰਮਾਂ ਨੂੰ ਜੋ ਜਨਮਾਂ ਜਨਮਾਂਤ੍ਰਾਂ ਇਕੱਠੇ ਹੋਏ ਹਨ, ਗਿਆਨ ਦੀ ਪ੍ਰਭਾਵ = ਸ਼ਕਤੀ ਸੋ = ਨਾਲ ਬਿਨਾਸ = ਨਾਸ ਕਰਹਿ = ਕਰ ਲੈਂਦਾ ਹੈ। ਹੁਣ ਅੱਗੇ ਦ੍ਰਿਸ਼ਟਾਂਤ ਨਾਲ ਸਮਝਾਉਂਦੇ ਹਨ :

## ਜਿਮ ਅਨਾਜ ਮੰਦਰ ਸਹਤ; ਦਾਹੈ ਅਗਨਿ ਪ੍ਰਕਾਸ਼ ॥੨੯॥

ਜਿਮ = ਜਿਸ ਪ੍ਰਕਾਰ ਮੰਦਰ = ਮਕਾਨ ਅਨਾਜ = ਅੰਨ ਦੇ ਸਹਿਤ ਅਗਨੀ ਦਾਹੈ = ਦਘਤ ਕਰ ਦੇਂਦੀ ਹੈ, ਜਦੋਂ ਅੱਗ ਪ੍ਰਕਾਸ਼ = ਬਲ ਪਵੇ ਭਾਵ ਲੱਗ ਜਾਵੇ ਜਾਂ ਪ੍ਰਗਟ ਹੋ ਜਾਵੇ। ਇਸੇ ਤਰ੍ਹਾਂ ਗਿਆਨਵਾਨ ਪੁਰਸ਼ ਦੇ ਮਕਾਨ ਦੀ ਨਿਆਈਂ ਅੰਤਸ਼ਕਰਨ ਅਨਾਜ ਦੀ ਨਿਆਈਂ ਜਨਮਾਂ ਜਨਮਾਂਤ੍ਰਾਂ ਦੇ ਸੰਚਿਤ ਕਰਮ ਗਿਆਨ ਅਗਨੀ ਦੇ ਨਾਲ ਸੜ ਕੇ ਸੁਆਹ ਹੋ ਜਾਂਦੇ ਹਨ ਕਿਉਂਕਿ ਗਿਆਨਵਾਨ ਦੇ ਅੰਤਸ਼ਕਰਨ ਵੀ ਤੇ ਕਰਮ ਬੀਜ ਵੀ ਨਾਸ਼ ਹੋ ਜਾਂਦੇ ਹਨ ਕਿਉਂਕਿ ਗਿਆਨ ਨੇ ਅਗਿਆਨ ਨਵਿਰਤ ਕਰ ਦਿੱਤਾ ਹੈ ਅਤੇ ਗਿਆਨ ਦੁਆਰਾ ਆਤਮਾ ਦੀ ਲੱਖਤਾ ਹੋ ਜਾਂਦੀ ਹੈ, ਆਪਣਾ ਮੂਲ ਪਛਾਣ ਕੇ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ॥੨੯॥

## ਮੰਦਰ ਸਹਤ ਅਨਾਜ ਕੇ; ਜਬਿ ਭਾ ਜਲਿ ਕੈ ਛਾਰ।

ਜਬਿ = ਜਦੋਂ ਅੱਗ ਦੇ ਨਾਲ ਮੰਦਰ = ਮਕਾਨ ਅਨਾਜ ਕੇ = ਦੇ ਸਹਿਤ ਸੜ ਕੇ ਛਾਰ = ਸੁਆਹ ਹੋ ਗਿਆ।

## ਅੰਕੁਰ ਕੋ ਨ ਸਮ੍ਰੱਥ ਪੁਨ; ਜਾਨੋ ਤਿਸੀ ਪ੍ਰਕਾਰ ॥੩੦॥

ਪੁਨ = ਫਿਰ ਉਸ ਦੇ ਵਿਚ ਅੰਕੁਰ = ਪੁੰਗਰਨ ਦੀ ਭਾਵ ਪੈਦਾ ਹੋਣ ਦੀ ਸਮ੍ਰੱਥ = ਸ਼ਕਤੀ ਨ = ਨਹੀਂ ਰਹਿੰਦੀ, ਤਿਸੀ = ਇਸੀ ਪ੍ਰਕਾਰ ਕਰਮਾਂ ਦੇ ਸੰਬੰਧ ਵਿਚ ਜਾਣ ਲਉ, ਅੰਤਸ਼ਕਰਨ ਭਾਵ ਮਨ, ਬੁੱਧ, ਚਿੱਤ, ਹੰਕਾਰ ਇਹ ਮਕਾਨ ਦੀ ਨਿਆਈਂ ਹੈ ਤੇ ਅਨਾਜ ਦੀ ਨਿਆਈਂ ਸੰਚਿਤ ਕਰਮ ਸੰਸਕਾਰ ਰੂਪ ਹੋ ਕਰਕੇ ਜੋ ਪਏ ਸਨ, ਉਹਨਾਂ ਨੂੰ ਸਤਿਗੁਰਾਂ ਦਾ ਉਪਦੇਸ਼ ਲੈ ਕੇ ਕਮਾਈ ਕਰਕੇ ਜਗਿਆਸੂ ਗਿਆਨ ਅਗਨੀ ਪ੍ਰਗਟ ਕਰ ਲੈਂਦਾ ਹੈ ਜਿਸ ਦੇ ਨਾਲ ਸਾਰਾ ਕੁਝ ਸੜ ਜਾਂਦਾ ਹੈ, ਮਨ, ਬੁੱਧ ਦੀ ਵੀ ਨਵਿਰਤੀ ਹੋ ਜਾਂਦੀ ਹੈ ਅਤੇ ਸੰਚਿਤ ਕਰਮ ਫਲ ਹੀਣ ਹੋ ਕੇ ਨਸ਼ਟ ਹੋ ਜਾਂਦੇ ਹਨ—ਫਿਰ ਉਹ ਦੁਖ ਸੁੱਖ ਹੋਣ ਰੂਪ ਫਲ ਨਹੀਂ ਦੇਂਦੇ॥੩੦॥

## ਚੌਪਈ॥ ਸੰਚਿਤ ਕਰਮ; ਸੋ ਅੰਤਹਕਰਣ।

ਮਕਾਨ ਦੀ ਨਿਆਈਂ ਅੰਤਸ਼ਕਰਨ ਹੈ ਤੇ ਅਨਾਜ ਦੀ ਨਿਆਈਂ ਸੰਚਿਤ ਕਰਮ ਹੈ ਇਹ ਸਭ:

## ਗ੍ਯਾਨ ਅਗਨਿ ਤੇ; ਕਰੈ ਪ੍ਰਹਰਣ।

ਗਿਆਨ ਅਗਨੀ ਦੁਆਰਾ ਗਿਆਨਵਾਨ ਇਹਨਾਂ ਨੂੰ ਪ੍ਰਹਰਣ (ਪ੍ਰ + ਹਰਣ) ਪਰ = ਵਿਸ਼ੇਸ਼ ਕਰਕੇ ਹਰਣ = ਨਾਸ਼ ਕਰ ਲੈਂਦਾ ਹੈ।

## ਬਹੁਰ ਜਨਮ; ਦਾਇਕ ਨਹਿਂ ਸੋਇ।

ਜਿਹੜਾ ਕਰਮ ਰੂਪੀ ਅਨਾਜ ਗਿਆਨ ਅਗਨੀ ਦੁਆਰਾ ਸੜਿਆ ਹੋਇਆ ਜਨਮ ਦੇਣ ਰੂਪੀ ਉੱਗਦਾ ਨਹੀਂ।

## ਜਲੇ ਅਨਾਜ; ਅੰਕੂਰ ਨ ਹੋਇ ॥੩੧॥

ਜਿਵੇਂ ਜਲਿਆ ਹੋਇਆ ਅਨਾਜ ਅੰਕੂਰ = ਜੰਮਦਾ ਨਹੀਂ ਹੈ ਕਿਉਂਕਿ ਉਸ ਵਿਚ ਪੁੰਗਰਨ ਦੀ ਸ਼ਕਤੀ ਖ਼ਤਮ ਹੋ ਚੁੱਕੀ ਹੈ, ਇਸੇ ਤਰ੍ਹਾਂ ਸੜੇ ਹੋਏ ਕਰਮ ਮੁੜ ਫਲ ਨਹੀਂ ਦਿੰਦੇ॥੩੧॥

ਹੁਣ ਅੱਗੇ ਦੱਸਦੇ ਹਨ ਕਿ ਅੰਤਸ਼ਕਰਨ ਨਾਸ਼ ਕਿਵੇਂ ਹੁੰਦਾ ਹੈ:

## ਅੰਤਹਕਰਣ ਨਾਸ਼; ਇਸ ਭਾਂਤ।

ਇਸ ਤਰ੍ਹਾਂ ਅੰਤਸ਼ਕਰਨ ਇਸ ਭਾਂਤ = ਤਰੀਕੇ ਨਾਲ ਖ਼ਤਮ ਹੁੰਦਾ ਹੈ, ਅੰਤਸ਼ਕਰਨ ਦਾ ਨਾਸ਼ ਹੋਣਾ ਅਗਿਆਨ ਅਤੇ ਅਭਿਮਾਨ ਦਾ ਨਾਸ਼ ਹੋਣਾ ਹੀ ਇਸ ਦਾ ਨਾਸ਼ ਹੋਣਾ ਹੈ।

## ਚਿਤ ਸਤਿ ਹੋਇ; ਜਾਤਿ ਸਭਿ ਸ਼ਾਂਤਿ।

ਜਦੋਂ ਚਿਤ = ਅੰਤਸ਼ਕਰਨ ਗਿਆਨ ਦੁਆਰਾ ਸੱਤ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਹੋ ਜਾਂਦਾ ਹੈ, ਫਿਰ ਉਸ ਵੇਲੇ ਸਭ ਕੁਝ ਸਾਂਤਿ = ਨਾਸ਼ ਹੋ ਜਾਂਦਾ ਹੈ।

## ਚਿਤ ਸਤਿ ਕੋ; ਅਬਿ ਅਰਥ ਬਖਾਨੋਂ।

ਅਬਿ = ਹੁਣ ਇਸ ਨੂੰ ਖੋਲ੍ਹ ਕੇ ਦੱਸਦੇ ਹਨ ਕਿ ਚਿਤ ਸੱਤ ਕਿਸਨੂੰ ਕਹਿੰਦੇ ਹਨ ਅਤੇ ਇਸ ਦਾ ਅਰਥ ਕੀ ਹੈ, ਇਸ ਦਾ ਵਖਿਆਨ ਕਰਦੇ ਹਨ:

## ਅੰਤਹਕਰਣ ਰੂਪ; ਅਸ ਜਾਨੋ ॥੩੨॥

ਅੰਤਹਕਰਣ = ਅੰਦਰ ਕਿਰਿਆ ਕਰਨ ਵਾਲਾ ਜਿਹੜਾ ਮਨ ਦਾ ਰੂਪ ਹੈ, ਉਸ ਨੂੰ ਇਸ ਪ੍ਰਕਾਰ ਜਾਣੋ ॥੩੨॥

## ਜਿਸ ਤੇ ਦਰਸ; ਅਸੰਮਕ ਪਿਖੈ।

ਜਿਸ ਮਨ ਕਰਕੇ ਜੋ ਦਰਸ ਦਿੱਖਦਾ ਹੈ, ਜਦੋਂ ਅਸੰਮਕ ਪਿਖੈ = ਦੇਖਦਾ ਹੈ ਸੰਮਕ ਨਾਮ ਠੀਕ ਦਾ ਹੁੰਦਾ ਹੈ ਤੇ ਅਸੰਮਕ ਨਾਮ ਨਾ ਠੀਕ ਦਾ ਹੈ ਜੋ ਅਗਿਆਨ ਦੇ ਵੱਸ ਯਥਾਰਥ ਭਾਵ ਨੂੰ ਨਹੀਂ ਦੇਖਦਾ, ਯਥਾਰਥ ਆਤਮਾ ਦਾ ਸਰੂਪ ਹੈ ਅਤੇ ਆਤਮਾ ਤੋਂ ਉਲਟ ਪਦਾਰਥਾਂ ਨੂੰ ਸੱਤ ਰੂਪ ਕਰਕੇ ਦੇਖਦਾ ਹੈ ਜਿਸ ਕਰਕੇ ਆਤਮਾ ਦੇ ਦਰਸ = ਦਰਸ਼ਨ ਨੂੰ ਉਲਟ ਰੂਪ ਭਾਵ ਅਨਾਤਮਾ ਰੂਪ ਕਰਕੇ ਦਿਖਾਉਂਦਾ ਹੈ ਭਾਵ ਅਸਲੀ ਸਰੂਪ ਨੂੰ ਨਹੀਂ ਦਿਖਾਉਂਦਾ, ਦੂਸਰਾ ਜਿਹੜਾ ਖੋਟਾ ਤੇ ਮਿਥਿਆ ਹੈ ਉਸਦਾ ਸਰੂਪ ਦਿਖਾਉਂਦਾ ਹੈ।

## ਆਤਮ ਬੁੱਧ; ਅਨਾਤਮ ਬਿਖੈ।

ਮਨ ਜਿਹੜਾ ਉਹ ਅਨਾਤਮਾ ਰੂਪ ਸਰੀਰ ਨੂੰ ਆਤਮਾ ਬੁੱਧੀ ਕਰਕੇ ਦਿਖਾਉਂਦਾ ਹੈ, ਭਾਵ ਨਾਸ਼ਵਾਨ ਸਰੀਰ ਨੂੰ ਸੱਤ ਰੂਪ ਕਰਕੇ ਦਿਖਾਉਂਦਾ ਹੈ ਇਹ ਮਨ ਦਾ ਅਸੰਮਕ ਰੂਪ ਦਿਖਾਉਣਾ ਹੈ ਭਾਵ ਗ਼ਲਤ ਸਰੂਪ ਦਿਖਾਉਂਦਾ ਹੈ।

## ਜਗਤ ਅਸੱਤਿ ਬਿਖੈ; ਸਤਿ ਬੁੱਧ।

ਜਗਤ = ਸੰਸਾਰ ਜੋ ਅਸੱਤਿ = ਨਾਸ਼ਵਾਨ ਹੈ, ਉਸ ਦੇ ਵਿਚ ਸੱਤ ਰੂਪ ਬੁੱਧ = ਨਿਸ਼ਚੇ ਕਰਨਾ ਇਹ ਮਨ ਦਾ ਉਲਟਾ ਰੂਪ ਦੇਖਣਾ ਹੈ।

## ਆਤਮ ਸੱਤਿ; ਅਸੱਤਿ ਕੀ ਸੁੱਧ ॥੩੩॥

ਜੋ ਆਤਮਾ ਸੱਤ ਸਰੂਪ ਹੈ, ਮਨ ਉਸ ਨੂੰ ਅਸਤਿ ਸਰੂਪ ਵਿਚ ਸੋਝੀ ਕਰਾਉਂਦਾ ਹੈ, ਸਮਝਦਾ ਹੈ ਕਿ ਆਤਮਾ ਤਾਂ ਕੋਈ ਹੈ ਹੀ ਨਹੀਂ ਤੇ ਐਸੇ ਨਿਸ਼ਨੇ ਵਾਲੇ ਅਲਪੱਗਜ ਜੀਵ ਮਿਥਿਆ ਕਥਨ ਕਰੇਗਾ ਕਿ ਨਾ

ਕੋਈ ਆਤਮਾ ਹੈ, ਨਾ ਕੋਈ ਪਰਮਾਤਮਾ ਹੈ ਅਤੇ ਨਾ ਕੋਈ ਧਰਮਰਾਜ ਹੈ, ਨਾ ਕੋਈ ਨਰਕ ਸੁਰਗ ਹੈ ਸਭ ਕੁਝ ਇਥੇ ਹੀ ਹੈ ਅਤੇ ਖਾ ਪੀ ਲਉ ਇਹੀ ਸਭ ਕੁਝ ਹੈ ਇਹ ਅਗਿਆਨੀ ਦੀ ਅਗਿਆਨ ਵਾਲੀ ਕਥਨੀ ਨੂੰ ਕੁਝ ਅਗਿਆਨੀ, ਬੇਸਮਝ ਲੋਕ ਝੂਠ 'ਤੇ ਨਿਸ਼ਚਾ ਕਰ ਲੈਂਦੇ ਹਨ, ਜਿਸ ਦਾ ਬਹੁਤ ਵੱਡਾ ਨੁਕਸਾਨ ਸੁਣਨ ਤੇ ਸੁਣਾਉਣ ਵਾਲਿਆਂ ਨੂੰ ਹੁੰਦਾ ਹੈ ਜੋ ਸਰੀਰ ਨੂੰ ਹੀ ਸਭ ਕੁਝ ਸਮਝਦੇ ਹਨ॥੩੩॥

## ਨਾਮ ਇਸੀ ਕੋ; ਮਨ ਪਹਿਚਾਨ।

ਇਸੇ ਦਾ ਨਾਮ ਪਹਿਚਾਨ = ਸਿਆਨਣਾ ਕਰੋ ਕਿ ਮਨ ਹੈ, ਭਾਵ ਜੇ ਕੋਈ ਕਹੇ ਕਿ ਮਨ ਕੀ ਹੈ ਤਾਂ ਇਹ ਮਨ ਦਾ ਸਰੂਪ ਕਥਨ ਕੀਤਾ ਹੈ।

## ਜਬਿ ਹੈ ਪ੍ਰਾਪਤ; ਆਤਮ ਗਯਾਨ।

ਕਿ ਜਦੋਂ ਬ੍ਰਹਮ ਨੇਤਰੀ, ਬ੍ਰਹਮ ਸਰੋਤਰੀ ਸਤਿਗੁਰੂ ਜੀ ਦਾ ਉਪਦੇਸ਼ ਲੈ ਕੇ ਨਾਮ ਬਾਣੀ ਦਾ ਅਭਿਆਸ ਕਰਕੇ ਆਤਮਾ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ।

## ਤਬ ਇਸ ਬਿਧਿ ਕੋ; ਭਾਵ ਬਿਨਾਸੇ।

ਜਦੋਂ ਗੁਰੂ ਕੋਲੋਂ ਗਿਆਨ ਦੀ ਬਿਧਿ = ਜੁਗਤ ਪ੍ਰਾਪਤ ਹੋ ਜਾਂਦੀ ਹੈ ਤਾਂ ਫਿਰ ਜੋ ਆਤਮਾ ਨੂੰ ਅਨਾਤਮਾ ਅਤੇ ਅਨਾਤਮਾ ਰੂਪ ਸਰੀਰ ਨੂੰ ਆਤਮਾ ਜਣਾਉਂਦੀ ਸੀ ਭਾਵ ਅਸੱਤ ਜੜ੍ਹ ਰੂਪ ਦੁਖ ਰੂਪ ਸੰਸਾਰ ਨੂੰ ਸੱਤ ਰੂਪ ਜਣਾਉਂਦਾ ਸੀ ਅਤੇ ਸਤ, ਚੇਤਨ, ਅਨੰਦ ਰੂਪ ਆਤਮਾ ਨੂੰ ਅਸੱਤ ਰੂਪ ਸਮਝਦਾ ਸੀ ਉਹ ਭਾਵ ਬਿਨਾਸੇ = ਨਾਸ਼ ਹੋ ਜਾਂਦਾ ਹੈ ਤੇ ਫਿਰ :

## ਜਿਉਂ ਕਾ ਤਿਉਂ; ਸੁ ਪਦਾਰਥ ਭਾਸੇ॥੩੪॥

ਜਿਉਂ = ਜਿਵੇਂ ਕਾ = ਦਾ ਸੱਤ ਸਰੂਪ ਆਤਮਾ ਦਾ ਹੈ ਤਿਉਂ = ਤਿਵੇਂ ਉਸੇ ਤਰ੍ਹਾਂ ਦਾ ਪਦਾਰਥ ਭਾਸੇ = ਪ੍ਰਤੀਤ ਹੋਣ ਲੱਗ ਜਾਂਦਾ ਹੈ ਭਾਵ ਆਤਮਾ ਦਾ ਜੋ ਪਦਾਰਥ = ਪਦ ਅਰਥ ਹੈ ਜੋ ਆਤਮਾ ਪਦ ਦਾ ਸਤ, ਚਿੱਤ, ਅਨੰਦ ਰੂਪ ਅਰਥ ਹੈ ਉਸੇ ਤਰ੍ਹਾਂ ਦਾ ਪ੍ਰਤੀਤ ਹੋਣ ਲੱਗ ਜਾਂਦਾ ਹੈ, ਭਾਵ ਸਤ, ਚਿਤ, ਅਨੰਦ, ਆਤਮਾ ਦਿਖਣ ਲੱਗ ਜਾਂਦਾ ਹੈ ਅਤੇ ਅਨਾਤਮਾ ਰੂਪ ਸਰੀਰ ਇਹ ਜੜ੍ਹ ਅਤੇ ਮਿਥਿਆ ਦਿੱਸਣ ਲੱਗ ਜਾਂਦਾ ਹੈ ਕਿ ਆਤਮਾ ਅਚੱਲ, ਅਬਿਨਾਸੀ ਹੈ ਅਤੇ ਸਤ, ਚੇਤਨ, ਅਨੰਦ ਸਰੂਪ ਹੈ ਅਤੇ ਸੰਸਾਰ ਅਸੱਤ ਜੜ੍ਹ ਦੁੱਖ ਰੂਪ ਹੈ॥੩੪॥

## ਜਬਿ ਚਿਤ ਸੱਤਿ; ਇਸ ਬਿਧਿ ਕੋ ਭਯੋ।

ਜਬਿ = ਜਦੋਂ ਚਿਤ ਸੱਤ ਸਰੂਪ ਹੋ ਗਿਆ ਭਾਵ ਸੱਤ ਸਰੂਪ ਦੀ ਲੱਖਤਾ ਵਾਲਾ ਹੋ ਗਿਆ, ਗੁਰੂ ਦੀ ਗਿਆਨ ਰੂਪ ਇਸ ਬਿਧਿ = ਜੁਗਤੀ ਕੋ = ਨਾਲ ਆਤਮਾ ਦੀ ਲਖਤਾ ਵਾਲਾ ਭਯੋ = ਹੋ ਗਿਆ।

## ਤਬਿ ਸੰਚਤ ਜੁਤਿ; ਮਨ ਜਲਿ ਗਯੋ।

ਫਿਰ ਕਹਿੰਦੇ ਹਨ ਕਿ ਤਬਿ = ਤਦੋਂ ਭਾਵ ਇਹੋ ਜਿਹੀ ਅਵਸਥਾ ਵਿਚ ਮਨ ਜੋ ਅੰਤਸ਼ਕਰਨ ਹੈ, ਉਹ ਸੰਚਿਤ ਰੂਪ ਕਰਮਾਂ ਦੇ ਜੁਤਿ = ਸਮੇਤ ਜਲਿ = ਸੜ ਗਯੋ = ਗਿਆ ਹੈ, ਭਾਵ ਖ਼ਤਮ ਹੋ ਜਾਂਦਾ ਹੈ।

## ਜਿਮ ਮੰਦਰ ਜੁਤਿ; ਜਲਯੋ ਅਨਾਜ।

ਜਿਮ = ਜਿਵੇਂ ਮੰਦਰ = ਮਕਾਨ ਦੇ ਜੁਤਿ = ਸਮੇਤ ਅਨਾਜ = ਅੰਨ ਅੱਗ ਲੱਗਣ ਤੋਂ ਜਲਯੋ = ਸੜ ਕੇ ਸੁਆਹ ਹੋ ਜਾਂਦਾ ਹੈ, ਇਸੇ ਤਰ੍ਹਾਂ ਮਨ ਰੂਪੀ ਮਕਾਨ ਸੰਚਿਤ ਕਰਮਾਂ ਰੂਪੀ ਅਨਾਜ ਗਿਆਨ ਅਗਨੀ ਦੁਆਰਾ ਸਾੜ ਕੇ ਸੁਆਹ ਹੋ ਜਾਂਦੇ ਹਨ ਭਾਵ ਮਨ ਅਤੇ ਸੰਚਿਤ ਕਰਮ ਦੋਵੇਂ ਹੀ ਨਾਸ਼ ਹੋ ਜਾਂਦੇ ਹਨ।

## ਪੁਨ ਅੰਕੂਰ; ਨਹੀਂ ਉਪਰਾਜ ॥੩੫॥

ਪੁਨ = ਫੇਰ ਭਾਵ ਸੜੇ ਹੋਏ ਅੰਨ ਦੇ ਵਿੱਚੋਂ ਮੁੜ ਕੇ ਅੰਕੂਰ = ਪੁੰਗਰਨਾ ਨਹੀਂ ਹੁੰਦਾ, ਭਾਵ ਉੱਗਦਾ ਨਹੀਂ ਤੇ ਉਪਰਾਜ = ਪੈਦਾ ਨਹੀਂ ਹੁੰਦਾ, ਇਸੇ ਤਰ੍ਹਾਂ ਦਘਤ ਹੋਏ ਸੰਚਿਤ ਕਰਮ ਦੁਖ ਸੁੱਖ ਰੂਪ ਵਿਚ ਪੁੰਗਰਦੇ ਨਹੀਂ ਹਨ, ਭਾਵ ਪੈਦਾ ਨਹੀਂ ਹੁੰਦੇ ॥੩੫॥

## ਕਿਰੇਮਾਨ ਜੋ; ਕਰਨ ਕਰਾਹੀਂ।

(ਪਾਠਾਂਤ੍ਰ ਕਰਮ)

ਬਾਕੀ ਜਿਹੜੇ ਕਿਰੇਮਾਨ ਕਰਮ ਹਨ, ਉਹ ਕਰਨ ਕਰਾਹੀਂ = ਸੁਤੇਸਿਧ ਕਰੀ ਕਰਾਏ ਜਾਂਦੇ ਹਨ **ਅਥਵਾ** ਕਿਰੇਮਾਨ ਜੋ ਕਰਮ ਹੈ ਉਹ ਕਰਾਹੀਂ = ਸੁਤੇਸਿਧ ਕਰੀ ਜਾਂਦੇ ਹਨ, ਪਰ ਉਹ ਕਿਰੇਮਾਨ ਕਰਮ :

## ਗਯਾਨੀ ਕੇ; ਉਪਜਤਿ ਸੋ ਨਾਂਹੀ।

ਜੋ ਗਯਾਨੀ = ਗਿਆਨਵਾਨ ਪੁਰਸ਼ ਹੈ, ਉਸਦੇ ਕਿਰੇਮਾਨ ਕਰਮ ਫਲ ਦੇਣ ਲਈ ਉਪਜਤਿ = ਪੈਦਾ ਨਹੀਂ ਹੁੰਦੇ, ਕਿਉਂਕਿ :

## ਪਰਾਰਬਧ ਕਰਿ; ਕ੍ਰਿਆ ਜੁ ਠਾਨਿ।

ਜੋ ਪਰਾਲਬਧ ਕਾਰਨ ਪਿਛਲੇ ਕੀਤੇ ਕਰਮ ਦੇ ਅਨੁਸਾਰ ਸੁਤੇਸਿਧ ਕਿਰਿਆ ਹੋ ਰਹੀ ਹੈ, ਉਸ ਦੇ ਅਨੁਸਾਰ ਕਰਮ ਕਰੀ ਜਾਂਦੀ ਹੈ, ਉਸ ਕਿਰਿਆ ਦਾ ਫਲ ਕਿਉਂ ਨਹੀਂ ਹੁੰਦਾ। ਅੱਗੇ ਦੱਸਦੇ ਹਨ :

## ਹੋਤਿ ਅਨਾਤਮ; ਜੁਤਿ ਅਭਿਮਾਨ ॥੩੬॥

ਜਿਹੜੀ ਕਿਰਿਆ ਅਨਾਤਮਾ ਦੇ ਅਭਿਮਾਨ = ਹੰਗਤਾ ਦੇ ਜੁਤਿ = ਸਹਿਤ ਹੁੰਦੀ ਹੈ, ਉਹ ਕਿਰਿਆ ਦਾ ਕਰਮ ਬਣਦਾ ਹੈ, ਉਸ ਕਰਮ ਦਾ ਹੀ ਅੱਗੇ ਜਾ ਕੇ ਦੁਖ ਸੁੱਖ ਰੂਪ ਵਿਚ ਫਲ ਮਿਲਦਾ ਹੈ ਪਰ ਗਿਆਨਵਾਨ ਦੀ ਕਿਰਿਆ ਅਭਿਮਾਨ ਤੋਂ ਰਹਿਤ ਹੁੰਦੀ ਹੈ, ਉਹ ਕੋਈ ਵੀ ਕਰਮ ਕਰਦਾ ਹੈ ਤਾਂ ਹੰਗਤਾ ਨਹੀਂ ਕਰਦਾ ਕਿ ਮੈਂ ਕੀਤਾ ਹੈ, ਉਹ ਸਭ ਕੁਝ ਵਾਹਿਗੁਰੂ ਦੇ ਸਮਰਪਿਤ ਕਰ ਦੇਂਦਾ ਹੈ, ਸਭ ਕੁਝ ਪਰਮੇਸ਼ਰ ਹੀ ਕਰਨ ਕਰਾਉਣ ਵਾਲਾ ਹੈ, ਮਨੁੱਖ ਦੇ ਕੁਝ ਵੀ ਹੱਥ ਵਿਚ ਨਹੀਂ ਹੈ ॥੩੬॥ ਜੈਸਾ ਕਿ :

**ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥** *(ਸਲੋਕ ਕਬੀਰ ਜੀ, ਅੰਗ ੧੩੬੭)*

## ਵਹੀ ਕ੍ਰਿਆ; ਹੋਵੈ ਕ੍ਰਿਯਮਾਨ।

ਵਹੀ = ਉਹੀ ਕਿਰਿਆ ਭਾਵ ਅਭਿਮਾਨ ਸਹਿਤ ਕਿਰਿਆ ਕਿਰੇਮਾਨ ਕਰਮ ਹੋ ਕੇ ਕਰਮ ਫਲ ਦੇਣ ਵਾਲੀ ਹੋ ਜਾਂਦੀ ਹੈ।

## ਜਾਤਿ ਪ੍ਰਨੰਮਤਿ; ਅਪਰ ਬਿਧਾਨ।

ਉਹ ਕਿਰੇਮਾਨ ਕਰਮ ਪ੍ਰਨੰਮਤਿ = ਬਦਲ ਕੇ ਹੋਰ ਰੂਪ ਹੋ ਜਾਂਦੀ ਹੈ ਭਾਵ ਕਰਮ ਵਿਧਾਨ ਅਨੁਸਾਰ ਅਪਰ = ਹੋਰ ਰੂਪ ਵਿਚ ਜਾਂਦਾ ਹੈ, ਕਿਰੇਮਾਨ ਕਰਮ ਤੋਂ ਸੰਚਿਤ ਕਰਮ ਬਣ ਜਾਂਦਾ ਹੈ, ਫਿਰ ਸੰਚਿਤ ਕਰਮ ਤੋਂ ਪਰਾਲਬਧ ਕਰਮ ਬਣ ਜਾਂਦਾ ਹੈ, ਇਉਂ ਬਦਲਾਅ ਆ ਜਾਂਦਾ ਹੈ, ਜਦੋਂ :

## ਸੋਈ ਕ੍ਰਿਯਾ; ਹੀਨ ਅਭਿਮਾਨ।

ਉਹੀ ਗਿਆਨਵਾਨ ਪੁਰਸ਼ ਅਭਿਮਾਨ ਰਹਿਤ ਕਿਰਿਆ ਕਰਦਾ ਹੈ, ਉਸ ਦੀ ਕਿਰਿਆ ਫਲ ਨਹੀਂ ਦੇਂਦੀ, ਕਿਉਂਕਿ ਸੁਤੇਸਿਧ ਕਿਰਿਆ ਦਾ ਕਰਮ ਨਹੀਂ ਬਨਦਾ, ਹੰਗਤਾ ਸਹਿਤ ਕਿਰਿਆ ਦਾ ਹੀ ਕਰਮ ਬਣਦਾ ਹੈ, ਗਿਆਨਵਾਨ ਦੇ ਅੰਦਰ ਅਭਿਮਾਨ ਨਹੀਂ ਹੈ, ਇਸ ਲਈ ਉਸ ਦੀ ਕਿਰਿਆ ਕਰਮ ਫਲ ਤੋਂ ਰਹਿਤ ਹੈ।

## ਉਪਜੈ ਨਹੀਂ; ਕਦਾਚਿਤ ਜਾਨ ॥੩੭॥

ਇਹ ਜਾਣ ਲਉ ਕਿ ਕਦਾਚਿਤ = ਕਦੇ ਵੀ ਪੁੰਨ ਪਾਪ ਰੂਪ ਵਿਚ ਉਪਜੈ = ਪੈਦਾ ਨਹੀਂ ਹੁੰਦੇ ॥੩੭॥

## ਪਰਾਰਬਧ ਤੇ; ਹੁਇ ਕਿਰਮਾਨ।

ਗਿਆਨਵਾਨ ਦੀ ਜਿਹੜੀ ਪਿਛਲੀ ਪਰਾਲਬਧ ਹੈ, ਉਸ ਦਾ ਫਲ ਉਸ ਨੂੰ ਮਿਲ ਰਿਹਾ ਹੈ, ਉਸ ਦੇ ਕਰਕੇ ਕਿਰੇਮਾਨ ਕਰਮ ਹੋ ਰਿਹਾ ਹੈ, ਹੁਣ ਇਸਨੂੰ ਹੋਰ ਢੰਗ ਨਾਲ ਸਮਝਾਉਂਦੇ ਹਨ :

## ਭੋਜਨ ਰੂਪ ਕ੍ਰਿਯਾ; ਜਿਮ ਠਾਨਿ।

ਠਾਨਿ = ਨਿਸ਼ਚਾ ਕਰ ਲਉ ਕਿ ਜਿਮ = ਜਿਵੇਂ ਭੋਜਨ ਛਕਣ ਰੂਪ ਕਿਰਿਆ ਹੋ ਰਹੀ ਹੈ।

## ਪਰਾਰਬਧ ਕੋ; ਰੂਪਹਿ ਸੋਇ।

ਸੋਇ = ਉਹ ਪਰਾਲਬਧ ਕੋ = ਦਾ ਰੂਪਹਿ = ਸਰੂਪ ਹੀ ਕਹੀ ਜਾਂਦੀ ਹੈ।

## ਭੋਜਨ ਕਰੇ; ਪੁਸ਼ਟਤਾ ਜੋਇ ॥੩੮॥

ਜਦੋਂ ਭੋਜਨ ਛਕਣਾ ਕਰੇ = ਕਰ ਲਈਏ; ਜੋਇ = ਜੋ ਭੋਜਨ ਛਕਿਆ ਹੈ ਸੋ ਕਿਰੇਮਾਨ ਕਰਮ ਹੈ ਕਿਉਂਕਿ ਭੋਜਨ ਛਕਣਾ ਵੀ ਕਿਰੇਮਾਨ ਕਰਮ ਹੀ ਹੈ ਕਿ ਜੋ ਭੋਜਨ ਛਕਣਾ ਕੀਤਾ ਹੈ ਉਸ ਦਾ ਫਲ ਭਾਵ ਇਸ ਕਿਰਿਆ ਦਾ ਫਲ ਸਰੀਰ ਦਾ ਪੁਸ਼ਟਤਾ = ਤੱਕੜਾ ਹੋਣਾ ਇਹ ਇਸ ਦਾ ਫਲ ਹੈ, ਸਮਝ ਲਉ ਕਿਰੇਮਾਨ ਕਰਮ ਹੋ ਗਿਆ ॥੩੮॥

## ਸੋ ਕ੍ਰਿਯਮਾਨ; ਰੂਪ ਪਹਿਚਾਨ।

ਇਸ ਪ੍ਰਕਾਰ ਕਿਰੇਮਾਨ ਰੂਪ ਪਰਾਲਬਧ ਕਰਮ ਪਹਿਚਾਨ = ਪਛਾਣ ਲਉ, ਹੁਣ ਭੋਜਨ ਦੇ ਦ੍ਰਿਸ਼ਟਾਂਤ ਦੁਆਰਾ ਅਗਲੀ ਗੱਲ ਸਮਝਾਉਂਦੇ ਹਨ ਕਿ ਗਿਆਨਵਾਨ ਦੀ ਕਿਰਿਆ ਫਲ ਰਹਿਤ ਕਿਵੇਂ ਹੈ, ਹੁਣ ਦੱਸਦੇ ਹਨ ਕਿ ਤੰਦਰੁਸਤ ਤੇ ਬੀਮਾਰ ਦੇ ਖਾਣੇ ਦੀ ਕਿਰਿਆ ਤਾਂ ਇੱਕੋ ਜਿਹੀ ਹੈ ਫਲ ਦੋਨਾਂ ਨੂੰ ਇੱਕੋ ਜਿਹਾ ਨਹੀਂ ਹੈ, ਉਹ ਕਿਸ ਤਰ੍ਹਾਂ ਹੈ, ਅੱਗੇ ਦੱਸਦੇ ਹਨ ਕਿ :

## ਦੇਹਿ ਸਰੁਜ; ਸੋ ਪੁਸ਼ਟ ਨ ਜਾਨ।

ਇਸ ਵਿਚ ਇਹ ਫ਼ਰਕ ਹੈ ਕਿ ਜਿਹੜਾ ਦੇਹਿ = ਸਰੀਰ ਸਰੁਜ = ਰੋਗ ਦੇ ਸਹਿਤ ਹੈ, ਉਸਨੂੰ ਜਿੰਨਾ ਮਰਜ਼ੀ ਦੁੱਧ, ਘੀ, ਮੱਖਣ, ਚੰਗੀ ਤੋਂ ਚੰਗੀ ਰੋਟੀ ਆਦਿ ਦੀ ਖ਼ੁਰਾਕ ਦਿੱਤੀ ਜਾਵੇ, ਪਰ ਉਸਦਾ ਸਰੀਰ ਪੁਸ਼ਟ = ਬਲਵਾਨ ਨਹੀਂ ਹੁੰਦਾ।

## ਜੇ ਅਰੋਗ; ਸੋ ਪੁਸ਼ਟ ਬਡੇਰੀ।

ਜਿਸਦਾ ਸਰੀਰ ਅਰੋਗ = ਰੋਗ ਤੋਂ ਰਹਿਤ ਤੰਦਰੁਸਤ ਹੈ, ਸੋ = ਉਹ ਬਡੇਰੀ = ਵੱਡਾ ਪੁਸ਼ਟ = ਤੱਕੜਾ ਹੋ ਜਾਂਦਾ ਹੈ।

## ਤਿਸੀ ਪ੍ਰਕਾਰ; ਜੁਗਤਿ ਲਿਹੁ ਹੇਰੀ ॥੩੯॥

ਤਿਸੀ = ਇਸੀ ਪ੍ਰਕਾਰ ਇਹ ਦ੍ਰਿਸ਼ਟਾਂਤ ਦੇ ਜੁਗਤਿ = ਢੰਗ ਦੁਆਰਾ ਗਿਆਨਵਾਨ ਦੀ ਕਿਰਿਆ ਕਰਮ ਫਲ ਤੋਂ ਹੀਣ ਦੇਖ ਲਉ ਭਾਵ ਸਮਝ ਲਉ ਕਿ ਇਸ ਦ੍ਰਿਸ਼ਟਾਂਤ ਵਿਚ ਖਾਣ ਰੂਪ ਕਿਰਿਆ ਤੋਂ ਪਰਾਲਬਧ ਰੂਪ ਫਲ ਸਰੀਰ ਪੁਸ਼ਟਤਾ ਦਿਖਾਈ ਗਈ ਹੈ ਰੋਗੀ ਦੁਆਰਾ ਖਾਧੀ ਖ਼ੁਰਾਕ ਤੰਦਰੁਸਤ ਵਾਂਗੂੰ ਤਾਕਤ ਰੂਪ ਫਲ ਨਹੀਂ ਦੇਂਦੀ, ਇਹ ਰੋਗੀ ਤੇ ਅਰੋਗੀ ਦਾ ਢੁੱਕਵਾਂ ਦ੍ਰਿਸ਼ਟਾਂਤ ਸਮਝਾਉਣ ਲਈ ਦਿੱਤਾ ਹੈ ਇਹ ਫਲ ਦੱਸਣ ਲਈ ਦ੍ਰਿਸ਼ਟਾਂਤ ਕਲਪਿਆ ਹੈ, ਉਂਞ ਗਿਆਨਵਾਨ ਕੋਈ ਰੋਗੀ ਨਹੀਂ ਹੁੰਦਾ ਜਿਵੇਂ ਰੋਗੀ ਰੋਗ ਕਰਕੇ ਨਿਰਾਸ਼ ਉਪਰਾਮ ਹੋ ਜਾਂਦਾ ਹੈ ਇਵੇਂ ਗਿਆਨਵਾਨ ਸੰਸਾਰ ਦੀ ਉਪਰਾਮਤਾ ਰੂਪ ਰੋਗ ਵਾਲਾ ਮੰਨਿਆ ਹੈ, ਉਸ ਦੀ ਕਿਰਿਆ ਅਭਿਮਾਨ ਰਹਿਤ ਹੋਣ ਕਰਕੇ ਅਗਲੇ ਜਨਮ ਦੀ ਪੁਸ਼ਟਤਾ (ਤਾਕਤ ਵਾਲਾ) ਰੂਪ ਜੰਮਣ ਮਰਣ ਰੂਪ ਫਲ ਨਹੀਂ ਬਣਦਾ ਕਿਉਂਕਿ ਕਿਰਿਆ ਅਭਿਮਾਨ ਰਹਿਤ ਹੈ, ਅਗਿਆਨੀ ਦੀ ਕਿਰਿਆ ਅਭਿਮਾਨ ਸਹਿਤ ਹੋਣ ਕਰਕੇ ਇਹੀ ਉਸ ਦੀ ਤੰਦਰੁਸਤ ਮਨੁੱਖ ਦੀ ਨਿਆਈਂ ਕਿਰਿਆ ਹੈ, ਜੋ ਅਭਿਮਾਨ ਦੀ ਖ਼ੁਰਾਕ ਖਾ ਕੇ ਭਾਵ ਅਭਿਮਾਨ ਸਹਿਤ ਕ੍ਰਿਆ ਕਰਨੀ ਹੈ। ਉਸ ਕ੍ਰਿਆ ਤੋਂ ਕਰਮ ਜੋ ਦੁਖ ਸੁੱਖ ਫਲ ਰੂਪ ਤਾਕਤ ਦੇਣ ਵਾਲਾ ਹੋ ਜਾਂਦਾ ਹੈ ਤੇ ਅਭਿਮਾਨ ਸਹਿਤ ਕਿਰਿਆ ਹੋਣ ਕਰਕੇ ਸੰਚਿਤ ਕਰਮ ਰੂਪ ਬਣ ਜਾਂਦੀ ਹੈ ਫਿਰ ਪਰਾਲਬਧ ਕਰਮ ਰੂਪ ਹੋ ਕੇ ਠੋਕਰਾਂ ਖਾਂਦਾ ਫਿਰਦਾ ਹੈ॥੩੯॥ ਇਸੇ ਗੱਲ ਨੂੰ ਅੱਗੇ ਦੱਸਦੇ ਹਨ:

## ਹੋਇ ਕ੍ਰਿਯਾ; ਜੁਤਿ ਤਨ ਅਭਿਮਾਨ।

ਜੋ ਕਿਰਿਆ ਤਨ = ਸਰੀਰ ਦੇ ਅਭਿਮਾਨ ਜੁਤਿ = ਸਹਿਤ ਹੁੰਦੀ ਹੈ ਭਾਵ ਦੇਹ ਅਭਿਆਸ ਦੁਆਰਾ ਹੋ ਰਹੀ ਹੈ।

## ਸੋਇ ਕ੍ਰਿਯਾ ਹੈ; ਉਪਜਨਵਾਨ।

ਸੋਈ = ਉਹੀ ਕਿਰਿਆ ਸੰਚਿਤ ਕਰਮ ਰੂਪ ਹੋਣ ਕਰਕੇ ਦੁਖ ਸੁੱਖ ਰੂਪ ਫਲ ਦੇਣ ਵਾਲੀ ਪਰਾਲਬਧ ਰੂਪ ਕਰਮ ਉਪਜਨਵਾਨ = ਪੈਦਾ ਕਰਨ ਵਾਲੀ ਬਣ ਜਾਂਦੀ ਹੈ।

## ਤਨ ਅਭਿਮਾਨ; ਨ ਗਯਾਨੀ ਧਰੈ।

ਜਿਹੜਾ ਗਯਾਨੀ = ਗਿਆਨਵਾਨ ਪੁਰਸ਼ ਹੈ, ਉਹ ਤਨ = ਸਰੀਰ ਦਾ ਅਭਿਮਾਨ = ਹੰਕਾਰ ਨ = ਨਹੀਂ ਧਰੈ = ਰੱਖਦਾ, ਭਾਵ ਹੰਕਾਰ ਨੂੰ ਅੰਤਸ਼ਕਰਨ ਵਿਚ ਧਾਰਨ ਨਹੀਂ ਕਰਦਾ।

## ਯਾਂ ਤੇ ਨਹੀਂ; ਬੰਧ ਕੋ ਕਰੈਂ ॥੪੦॥

ਯਾਂ ਤੇ = ਇਸ ਲਈ ਗਿਆਨਵਾਨ ਦਾ ਕਿਰੇਮਾਨ ਕਰਮ ਜੰਮਣ ਮਰਣ ਰੂਪ **ਵਾ:** ਦੁਖ ਸੁਖ ਰੂਪ ਬੰਧ = ਬੰਧਨ ਰੂਪ ਕੋ = ਨੂੰ ਨਹੀ ਕਰੈ = ਕਰਦਾ ਤੇ ਜਿਸ ਤਰ੍ਹਾਂ ਭਾਈ ਰਾਮ ਕੁਇਰ ਜੀ ਦੀ ਭੋਜਨ ਛਕਣ ਰੂਪ ਕਿਰਿਆ ਦਾ ਵਰਣਨ ਹੈ, ਉਹਨਾਂ ਦਾ ਸੇਵਕ ਹੀ ਦੱਸਦਾ ਸੀ ਕਿ ਹੁਣ ਤੁਹਾਨੂੰ ਰੋਟੀ ਦੀ ਲੋੜ ਹੈ ਜਾਂ ਫਿਰ ਤੁਸੀਂ ਹੁਣ ਰੱਜ ਗਏ ਤਾਂ ਭਾਈ ਰਾਮ ਕੁਇਰ ਜੀ ਕਹਿੰਦੇ ਸਨ ਕਿ ਅੱਛਾ ਭਾਈ ਨੂੰ ਆਪ ਹੀ ਦੱਸ ਦਿਆ ਕਰ ਸਾਨੂੰ ਭੁੱਖ ਅਤੇ ਤ੍ਰਿਪਤੀ ਦਾ ਪਤਾ ਨਹੀਂ ਲੱਗਦਾ ॥੪੦॥

## ਕਰਮ ਮਾਲ; ਸਭਿ ਕੇ ਗਰ ਪਰੀ।

ਕਰਮਾਂ ਦੀ ਜਿਹੜੀ ਮਾਲਾ ਹੈ ਜਿਵੇਂ ਮੁਜਰਮ ਦੇ ਗਲ ਦੇ ਵਿਚ ਸੰਗਲ ਦੀ ਮਾਲਾ ਪਾ ਕੇ ਬੰਨ੍ਹਿਆ ਜਾਂਦਾ ਹੈ, ਇਹ ਕਰਮਾਂ ਦੀ ਮਾਲਾ ਸਭਿ = ਸਾਰਿਆਂ ਦੇ ਗਰ = ਗਲ ਵਿਚ ਪਰੀ = ਪਈ ਹੋਈ ਹੈ ਤੇ ਦੁਖ ਸੁਖ ਰੂਪ ਹੋ ਕਰਕੇ ਸਭ ਦੇ ਗਲ ਵਿਚ ਪਈ ਹੋਈ ਹੈ। ਇਹ ਜੰਮਣ ਮਰਣ ਰੂਪ ਮਾਲਾ **ਵਾ:** ਦੁਖ ਸੁਖ ਰੂਪ ਮਾਲਾ ਕਿਸ ਦੀ ਟੁੱਟਦੀ ਹੈ:

## ਤਨ ਹੰਤਾ ਤਜਾਗੇ; ਤਿਨ ਹਰੀ।

ਜਿਨ੍ਹਾਂ ਨੇ ਤਨ = ਸਰੀਰ ਦੀ ਹੰਤਾ = ਹੰਗਤਾ ਤਿਆਗ ਦਿੱਤੀ ਹੈ ਭਾਵ ਛੱਡ ਦਿੱਤੀ ਹੈ। ਤਿਨਾਂ ਗਿਆਨਵਾਨਾਂ ਨੇ ਇਹ ਦੁਖ ਰੂਪ ਮਾਲਾ ਹਰੀ = ਨਾਸ਼ ਕਰ ਦਿੱਤੀ ਹੈ ਪਰ ਜਿਨ੍ਹਾਂ ਨੇ ਨਹੀਂ ਤਿਆਗੀ:

## ਬਿਨਾ ਤਜਾਗ ਤੇ; ਅਨਿਕ ਕਲੇਸ਼।

ਭਾਈ ਸਾਹਿਬ ਕਹਿੰਦੇ ਹਨ ਹੇ ਸਿੰਘੋ! ਹੰਗਤਾ ਦੇ ਤਜਾਗ = ਛੱਡੇ ਤੋਂ ਬਿਨਾਂ ਅਨੇਕਾਂ ਪ੍ਰਕਾਰ ਦੇ ਕਲੇਸ਼ = ਝਗੜੇ ਪਏ ਰਹਿੰਦੇ ਹਨ ਜਿਸ ਵਿਚ ਵੱਡੇ ਕਲੇਸ਼:

## ਜਨਮ ਮਰਨ ਕੇ; ਕਸ਼ਟ ਅਸ਼ੇਸ਼ ॥੪੧॥

ਜੰਮਣ ਤੇ ਮਰਨ ਦੇ ਅਸ਼ੇਸ਼ = ਸਾਰੇ ਕਸ਼ਟ = ਦੁਖ ਇਸ ਦੇ ਵਿਚ ਹਨ, ਇਸ ਕਰਕੇ ਜਿਨ੍ਹਾਂ ਨੇ ਹੰਗਤਾ ਨਹੀਂ ਤਿਆਗੀ, ਉਹਨਾਂ ਦੇ ਗਲ ਪਏ ਰਹਿੰਦੇ ਹਨ ॥੪੧॥

## ਯਾਂ ਤੇ ਸਤਿਗੁਰ ਨੇ; ਬਹੁ ਬਾਰ।

ਯਾਂ ਤੇ = ਇਸ ਲਈ ਸਤਿਗੁਰ ਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਬਾਰੀ:

## ਬਰਨਨ ਕੀਨੋ; ਗ੍ਰੰਥ ਮਝਾਰ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਝਾਰ = ਵਿਚ ਬਰਨਨ = ਉਚਾਰਨ ਕੀਨੋ = ਕੀਤਾ ਹੋਇਆ ਹੈ ਭਾਵ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੈ, ਜੈਸਾ ਕਿ:

## 'ਹਉ ਵਿਚਿ ਆਇਆ; ਹਉ ਵਿਚਿ ਗਇਆ।

ਹਉ = ਹੰਗਤਾ ਵਿਚ ਇਹ ਜੀਵ ਸੰਸਾਰ ਵਿਚ ਆਇਆ = ਆਉਂਦਾ ਹੈ ਤੇ ਹਉ = ਹੰਗਤਾ ਵਿਚ ਹੀ ਸੰਸਾਰ ਤੋਂ ਗਇਆ = ਚਲਾ ਜਾਂਦਾ ਹੈ।

## ਹਉ ਵਿਚਿ ਜੰਮਿਆ; ਹਉ ਵਿਚਿ ਮੁਆ' ॥੪੨॥

ਹਉ = ਹੰਗਤਾ ਵਿਚ ਹੀ ਅਸਥੂਲ ਸਰੀਰ ਵਿਚ ਜੰਮਿਆ = ਜਨਮ ਲੈਂਦਾ ਹੈ ਤੇ ਹਉ = ਹੰਗਤਾ ਵਿਚ ਹੀ ਅਸਥੂਲ ਸਰੀਰ ਵਿੱਚੋਂ ਮੁਆ = ਮਰ ਜਾਂਦਾ ਹੈ, ਭਾਵ ਜੰਮਣਾ ਮਰਣਾ ਹੰਗਤਾ ਦੇ ਵਿਚ ਹੈ, ਨਵਿਰਤੀ ਹੰਗਤਾ ਤਿਆਗ ਕੇ ਹੀ ਹੈ ॥੪੨॥

## ਇੱਤਯਾਦਿਕ ਕੁਛ; ਗਿਨੇ ਨ ਜਾਂਹਿ।

ਇੱਤਯਾਦਿਕ = ਇਸ ਜੰਮਣ ਮਰਣ ਆਦਿਕ ਦੀ ਕੁਝ ਗਿਣਤੀ ਗਿਨੇ = ਗਿਣੀ ਨਹੀਂ ਜਾਂਹਿ = ਜਾਂਦੀ।

## ਕਹਯੋ ਦੇਹਿ ਹੰਤਾ; ਕਰਿ ਨਾਂਹਿ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਬਚਨ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਹੋਏ ਬਾਰ-ਬਾਰ ਆਉਂਦੇ ਹਨ ਕਿ ਤੂੰ ਦੇਹ ਹੰਤਾ = ਹੰਗਤਾ ਨਾ ਕਰ **ਵਾ:** ਹੰਗਤਾ ਸਹਿਤ ਕਰਮ ਨਾ ਕਰ।

## ਤਨ ਹੰਤਾ ਮਹਿਂ; ਸਭਿ ਉਤਪਾਤ।

ਤਨ = ਸਰੀਰ ਦੀ ਹੰਤਾ = ਹੰਗਤਾ ਦੇ ਮਹਿਂ = ਵਿਚ ਸਾਰੇ ਉਤਪਾਤ =ਅਨਰਥ ਝਗੜੇ ਹਨ।

## ਦੁਖ ਪ੍ਰਾਪਤਿ; ਪੁਨ ਪੁਨ ਪੁਛੁਤਾਤ ॥੪੩॥

ਫਿਰ ਦੁਖ ਪ੍ਰਾਪਤ ਕਰਕੇ ਪੁਨ ਪੁਨ = ਬਾਰ-ਬਾਰ ਪੁਛੁਤਾਤ = ਪਛਤਾਉਂਦਾ ਹੈ ਕਿ ਇਹ ਮੰਦੇ ਕਰਮ ਮੈਂ ਕਿਉਂ ਕਰਨੇ ਸੀ, ਇਹਨਾਂ ਕਰਕੇ ਹੀ ਮੈਂ ਔਖਾ ਹੋ ਰਿਹਾ ਹਾਂ ॥੪੩॥

## ਜਨਮ ਅਸੰਖ; ਇਸੀ ਤੇ ਧਰੈ।

ਜਿਹੜੇ ਹੰਗਤਾ ਸਹਿਤ ਮਾੜੇ ਕਰਮ ਕੀਤੇ, ਅਸੰਖ = ਗਿਣਤੀ ਤੋਂ ਰਹਿਤ ਇਸੀ ਤੇ = ਇਸ ਕਰਕੇ ਜਨਮ ਧਰੈ = ਧਾਰਨ ਕਰਦਾ ਹੈ ਭਾਵ ਅਨੇਕਾਂ ਜਨਮ ਧਾਰਨ ਕਰਦਾ ਹੈ।

## ਅੱਪ੍ਰਮਾਨ; ਸੰਕਟ ਤੇ ਮਰੈ।

ਫਿਰ ਦੁੱਖਾਂ ਕਰਕੇ ਅੱਪ੍ਰਮਾਨ = ਮਿਣਤੀ ਤੋਂ ਰਹਿਤ ਭਾਵ ਬੇਅੰਤ ਸੰਕਟ = ਦੁੱਖਾਂ ਦੇ ਵਿਚ ਮਰੈ = ਮਰਦਾ ਹੈ।

## ਮਮਤਾ ਆਦਿ; ਬਿਕਾਰ ਅਨੇਕ।

ਮਮਤਾ ਆਦਿ ਤੋਂ ਲੈ ਕੇ ਅਨੇਕਾਂ ਬਿਕਾਰ ਹਨ।

## ਤਨ ਹੰਤਾ; ਜਨਤੀ ਅਬਿਬੇਕ ॥੪੪॥

ਤਨ = ਸਰੀਰ ਦੀ ਹੰਤਾ = ਹੰਗਤਾ ਅਗਿਆਨ ਦੇ ਪ੍ਰਵਾਹ ਕਰਕੇ ਹੋਈ, ਇਕ ਅਬਿਬੇਕ = ਅਗਿਆਨ ਦੇ ਪ੍ਰਵਾਹ ਕਰਕੇ ਮਮਤਾ ਪੈਦਾ ਹੋਈ, ਹੋਰ ਵਿਕਾਰ ਆਦਿਕਾਂ ਨੂੰ ਪੈਦਾ ਕਰਦੀ ਹੈ ਅਰਥ ਵਾਸਤੇ ਇਸਨੂੰ ਅੰਨਵੈ ਵੀ ਕੀਤਾ ਜਾਂਦਾ ਹੈ। ਤਨ ਹੰਗਤਾ ਅਬਿਬੇਕ = ਅਗਿਆਨ ਨੇ ਜਨਨੀ = ਪੈਦਾ ਕੀਤੀ ਹੈ ਭਾਵ ਅਗਿਆਨ ਕਰਕੇ ਤਨ ਹੰਗਤਾ ਪੈਦਾ ਹੋਈ ਤੇ ਹੰਗਤਾ ਨੇ ਅੱਗੇ ਮਮਤਾ ਆਦਿ ਅਨੇਕਾਂ ਵਿਕਾਰ ਪੈਦਾ ਕਰ ਦਿੱਤੇ ਭਾਵ ਤਨ ਹੰਗਤਾ ਅੱਗੇ ਅਨੇਕਾਂ ਵਿਕਾਰਾਂ ਨੂੰ ਪੈਦਾ ਕਰਨ ਵਾਲੀ ਹੈ ॥੪੪॥

## ਜਿਸ ਜਨ ਪਰ; ਹੋਵੈ ਗੁਰ ਕਰੁਨਾ।

ਜਿਸ ਜਗਿਆਸੂ ਜਨ ਉੱਤੇ ਗੁਰੂ ਨਾਨਕ ਸਾਹਿਬ ਜੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਕਰੁਨਾ = ਕਿਰਪਾ ਹੋ ਜਾਂਦੀ ਹੈ।

## ਤਨ ਹੰਤਾ ਕੋ; ਕਰਹਿ ਪ੍ਰਹਰਨਾ।

ਉਸ ਕਿਰਪਾ ਦੇ ਨਾਲ ਉਹ ਤਨ = ਸਰੀਰ ਦੀ ਹੰਤਾ = ਹੰਗਤਾ ਕੋ = ਨੂੰ ਪ੍ਰਹਰਨਾ = ਨਾਸ ਕਰ ਲੈਂਦਾ ਹੈ ਭਾਵ ਮਹਾਰਾਜ ਦੀ ਕਿਰਪਾ ਨਾਲ ਤਨ ਹੰਗਤਾ ਨਾਸ ਹੁੰਦੀ ਹੈ, ਫਿਰ ਉਹ ਜਗਿਆਸੂ :

## ਤੱਤ ਉਪਦੇਸ; ਨਾਮ ਲਿਵਲਾਵੈ।

ਤੱਤ = ਸਿਧਾਂਤ ਰੂਪ ਆਤਮਾ ਦੇ ਉਪਦੇਸ਼ ਨੂੰ ਭਾਵ ਯਥਾਰਥ ਗਿਆਨ ਅਤੇ ਨਾਮ ਵਿਚ ਲਿਵ = ਬਿਰਤੀ ਲਾਵੈ = ਲਾ ਲੈਂਦਾ ਹੈ ਭਾਵ ਸਤਿਗੁਰੂ ਜੀ ਸਿੱਖ ਨੂੰ ਆਤਮਾ ਦਾ ਸਿਧਾਂਤ ਰੂਪ ਉਪਦੇਸ਼ ਦੇ ਕੇ ਫਿਰ ਇਕੱਲਾ ਵੇਦਾਂਤੀਆਂ ਵਾਲਾ ਖ਼ੁਸ਼ਕ ਗਿਆਨ ਨਹੀਂ, ਨਾਮ ਦੇ ਵਿਚ ਲਿਵ = ਬਿਰਤੀ ਲੁਆ ਦਿੰਦੇ ਹਨ, ਸਤਿਗੁਰੂ ਜੀ ਸਿੱਖ ਦੀ ਨਾਮ ਵਿਚ ਬਿਰਤੀ ਲਗਵਾ ਦਿੰਦੇ ਹਨ ਅਤੇ ਸਿੱਖ ਨੂੰ ਹੁਕਮ ਦੇਂਦੇ ਹਨ ਕਿ ਬ੍ਰਹਮ ਗਿਆਨੀ ਹੋ ਕੇ ਵੀ ਨਾਮ ਤੋਂ ਨਹੀਂ ਟੁੱਟਣਾ। ਫਿਰ ਜਗਿਆਸੂ :

## ਜਨਮ ਮਰਨ, ਦੁਖ ਤੇ; ਛੁਟਿ ਜਾਵੈ ॥੪੫॥

ਜੰਮਣ ਮਰਨ ਰੂਪ ਦੁੱਖਾਂ ਤੋਂ ਛੁਟਿ ਜਾਵੈ = ਛੁਟਕਾਰਾ ਪਾ ਲੈਂਦਾ ਹੈ, ਜਿਹੜਾ ਸਤਿਗੁਰਾਂ ਤੋਂ ਉਪਦੇਸ਼ ਲੈ ਕੇ ਕਮਾਈ ਕਰਦਾ ਹੈ ਉਹਨਾਂ ਨੂੰ ਲਾਭ ਹੁੰਦਾ ਹੈ, ਨਹੀਂ ਤਾਂ ਕਰਮ ਜੰਮਣ ਮਰਨ ਦੇ ਚੱਕਰ ਵਿਚ ਪਾ ਕੇ ਚੌਰਾਸੀ ਦੇ ਗੇੜੇ ਦੁਆਈਂ ਜਾਂਦੇ ਹਨ, ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਇਸ ਲਈ ਹੇ ਖ਼ਾਲਸਾ ਜੀ! ਤੁਸੀਂ ਜੋ ਪ੍ਰਸ਼ਨ ਕੀਤਾ ਸੀ ਕਿ ਕਰਮ ਕੀ ਹੈ ਤੇ ਕਰਮ ਕਿੰਨੇ ਪ੍ਰਕਾਰ ਦਾ ਹੈ, ਉਹ ਅਸਾਂ ਨੇ ਤੁਹਾਨੂੰ ਪੂਰੇ ਵਿਸਥਾਰ ਨਾਲ ਦੱਸ ਦਿੱਤਾ ਹੈ ਕਿ ਕਰਮ ਪੈਦਾ ਕਿਵੇਂ ਹੁੰਦਾ ਹੈ ਤੇ ਕਰਮ ਸੰਚਿਤ, ਪਰਾਲਬਧ, ਕਿਰੇਮਾਨ ਕਿਵੇਂ ਕਿਵੇਂ ਪੈਦਾ ਹੁੰਦਾ ਹੈ ਅਤੇ ਕਿਵੇਂ ਇਸ ਦੀ ਗਿਆਨ ਦੁਆਰਾ ਨਵਿਰਤੀ ਹੁੰਦੀ ਹੈ, ਇਹ ਤੁਹਾਨੂੰ ਸਭ ਖੋਲ੍ਹ ਕੇ ਦੱਸ ਦਿੱਤਾ ਹੈ। ਹੁਣ ਜੋ ਤੁਹਾਡਾ ਹੋਰ ਪ੍ਰਸ਼ਨ ਹੋਵੇ ਤਾਂ ਦੱਸਣਾ ਦਾਸ ਉਸਦਾ ਸਤਿਗੁਰਾਂ ਵੱਲੋਂ ਉੱਤਰ ਦੇਵੇਗਾ ਤੇ ਕਰਮ ਦੀ ਗਾਥਾ ਇਥੇ ਸਮਾਪਤੀ ਹੋਈ॥੪੫॥

## ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪੰਚਮ ਰੁਤੇ 'ਕਰਮ ਨਿਰਨੈ ਪ੍ਰਸੰਗ ਬਰਨਨੰ ਨਾਮ ਇਕ ਚੱਤ੍ਵਾਰਿੰਸਤੀ' ਅੰਸੂ ॥੪੧॥

ਸ੍ਰੀ ਗੁਰ ਪ੍ਰਤਾਪ ਸੂਰਜ ਨਾਮੇ ਗ੍ਰੰਥ ਦੀ ਪੰਜਵੀ ਰੁਤ ਜਿਸ ਵਿਚ ਕਰਮ ਨਿਰਨੇ ਦਾ ਪ੍ਰਸੰਗ ਵਰਣਨ ਕੀਤਾ ਹੈ ਤੇ ਇਕਤਾਲੀ ਦੇ ਨਾਮ ਵਾਲੇ ਅੰਸੂ = ਅਧਿਆਇ ਦੀ ਇਤਿ= ਸਮਾਪਤੀ ਹੋਈ ਹੈ॥੪੧॥

# ਰੁਤਿ ੫, ਅੰਸੂ ੪੨

**(ਆਤਮ ਵਿਚਾਰ)**

## ਦੋਹਰਾ[1] ॥ ਪੁਨ ਸਿੰਘਨ ਬੂਝਨਿ ਕਰਯੋ; ਕਹੋ ਰੂਪ ਅੱਗਯਾਨ।

ਪੁਨ = ਪੁਨਾ ਭਾਵ ਫੇਰ ਕਰਮ ਕਥਾ ਸੁਣਨ ਤੋਂ ਬਾਅਦ ਸਿੰਘਾਂ ਨੇ ਬੂਝਨਿ = ਜਾਨਣਾ ਚਾਹਿਆ ਕਿ ਆਪ ਹੁਣ ਅਗਿਆਨ ਦਾ ਰੂਪ ਵਰਣਨ ਕਰੋ ਜਿਵੇਂ ਕਰਮ ਨੂੰ ਖੋਲ੍ਹਿਆ ਹੈ, ਇਸ ਤਰ੍ਹਾਂ ਸਾਡੇ ਪ੍ਰਸ਼ਨਾਂ ਦਾ ਉੱਤਰ ਆਪ ਕਿਰਪਾ ਕਰਕੇ ਦੇਵੋ।

***ਪ੍ਰਸ਼ਨ ੧ :*** ਅਗਿਆਨ ਦਾ ਰੂਪ ਵਰਣਨ ਕਰੋ ਕਿ ਅਗਿਆਨ ਕਿਸਨੂੰ ਕਹਿੰਦੇ ਹਨ ਕਿਉਂਕਿ ਇਹ ਸ਼ਬਦ ਆਮ ਵਰਤੋਂ ਵਿਚ ਆਉਂਦਾ ਹੈ ਕਿ ਫ਼ਲਾਣਾ ਬੜਾ ਅਗਿਆਨੀ, ਬੇਸਮਝ ਹੈ ਜਾਂ ਫ਼ਲਾਣਾ ਬੜਾ ਗਿਆਨਵਾਨ ਹੈ ਇਸ ਕਰਕੇ ਪਹਿਲਾਂ ਅਗਿਆਨ ਦਾ ਵਰਣਨ ਕਰੋ ?

## ਮਾਯਾ ਬਹੁਰ ਅਬਿੱਦਿਆ; ਬੰਧਨ ਮੋਖ ਬਖਾਨਿ ॥੧॥

***ਪ੍ਰਸ਼ਨ ੨ :*** ਮਾਯਾ ਕਿਸਨੂੰ ਕਹਿੰਦੇ ਹਨ ? ਬਹੁਰ = ਫਿਰ ***ਪ੍ਰਸ਼ਨ ੩ :*** ਅਬਿੱਦਿਆ ਕਿਸਨੂੰ ਕਹਿੰਦੇ ਹਨ ? ***ਪ੍ਰਸ਼ਨ ੪ :*** ਬੰਧਨ ਕੀ ਹੈ ? ***ਪ੍ਰਸ਼ਨ ੫ :*** ਮੋਖ ਭਾਵ ਮੁਕਤੀ ਕਿਸਨੂੰ ਕਹਿੰਦੇ ਹਨ ਅਤੇ ਕਿੰਨੇ ਪ੍ਰਕਾਰ ਦੀ ਹੈ ? ਇਹ ਬਖਾਨਿ = ਵਖਿਆਨ ਕਰੋ ॥੧॥

## ਚੌਪਈ ॥ ਜਾਗ੍ਰਤ ਸੁਪਨ; ਸਖੋਪਤਿ ਤੀਨ।

***ਪ੍ਰਸ਼ਨ ੬ :*** ਜਾਗ੍ਰਤ ਅਵਸਥਾ ਕਿਸਨੂੰ ਕਹਿੰਦੇ ਹਨ, ਇਸ ਦਾ ਸਰੂਪ ਵਰਣਨ ਕਰੋ ? ***ਪ੍ਰਸ਼ਨ ੭ :*** ਸੁਪਨ ਅਵਸਥਾ ਕੀ ਹੈ, ਰਾਤ ਨੂੰ ਜਿਵੇਂ ਸੁਪਨੇ ਆਉਂਦੇ ਹਨ ? ***ਪ੍ਰਸ਼ਨ ੮ :*** ਸਖੋਪਤੀ ਅਵਸਥਾ ਦਾ ਭਾਵ ਕੀ ਹੈ ਸਖੋਪਤੀ ਅਵਸਥਾ ਕਿਸਨੂੰ ਕਹਿੰਦੇ ਹਨ ? ਇਹਨਾਂ ਤੀਨ = ਤਿੰਨਾਂ ਦਾ ਵਰਣਨ ਕਰੋ।

## ਏਹ ਅਵਸਥਾ; ਕਹੋ ਪ੍ਰਬੀਨ।

ਇਹ ਤਿੰਨੇ ਅਵਸਥਾ ਜਾਗ੍ਰਤ, ਸੁਪਨ, ਸਖੋਪਤੀ ਅਵਸਥਾ ਹੇ ਪ੍ਰਬੀਨ = ਵਿਸ਼ੇਸ਼ ਕਰਕੇ ਜਾਣਕਾਰੀ ਰੱਖਣ ਵਾਲੇ ਬੁੱਧੀਵਾਨ ਭਾਈ ਦਇਆ ਸਿੰਘ ਜੀ ਕਹੋ = ਉਚਾਰਨ ਕਰੋ।

## ਮੂਰਛਾ ਰੂਪ; ਸਮਾਧਿ ਕਹੀਜੈ।

***ਪ੍ਰਸ਼ਨ ੯ :*** ਮੂਰਛਾ ਦਾ ਰੂਪ ਕਹੋ ? ***ਪ੍ਰਸ਼ਨ ੧੦ :*** ਸਮਾਧੀ ਦਾ ਰੂਪ ਵੀ ਕਹੀਜੈ = ਵਰਣਨ ਕਰੋ ?

## ਤੁਰੀ ਅਵਸਥਾ; ਰੂਪ ਭਨੀਜੈ ॥੨॥

***ਪ੍ਰਸ਼ਨ ੧੧ :*** ਤੁਰੀਆ ਅਵਸਥਾ ਦਾ ਰੂਪ = ਸਰੂਪ ਭੀ ਭਨੀਜੈ = ਕਥਨ ਕਰੋ ਭਾਵ ਚੌਥੀ ਤ੍ਰਿਗੁਣ ਅਤੀਤ ਅਵਸਥਾ ਦਾ ਵਰਣਨ ਕਰੋ ?॥੨॥

---

੧. ਅੱਜ ਕੱਲ੍ਹ ਪੋਥੀਆਂ ਵਿਚ ਗ਼ਲਤੀ ਕਾਰਨ ਦੋਹਰੇ ਨੂੰ ਚੌਪਈ ਲਿਖਿਆ ਹੈ,ਜਦੋਂ ਕਿ ਸ਼ੁਧ ਪਾਠ 'ਦੋਹਰਾ' ਹੈ।

## ਇਕ ਸਾਖੀ; ਅਰੁ ਜੀਵ ਜਿ ਹੋਇ।

***ਪ੍ਰਸ਼ਨ ੧੨ :*** ਜੀਵ ਆਤਮਾ ਦਾ ਵਰਣਨ ਕਰੋ ਕਿ ਜੀਵ ਆਤਮਾ ਕਿਸਨੂੰ ਕਹਿੰਦੇ ਹਨ, ਜੋ ਸਾਰਿਆਂ ਦੀ ਦੇਹਾਂ ਦੇ ਅੰਦਰ ਹੋਇ = ਹੈ, ਉਸ ਦਾ ਰੂਪ ਵਰਣਨ ਕਰੋ ? ਅਰੁ = ਅਤੇ ***ਪ੍ਰਸ਼ਨ ੧੩ :*** ਇਕ ਸਾਖੀ ਜੋ ਸਭ ਦਾ ਪ੍ਰਕਾਸ਼ ਰੂਪ ਹੈ, ਉਸ ਦਾ ਰੂਪ ਵਰਣਨ ਕਰੋ ?

## ਜਸ ਇਨ ਰੂਪ; ਬਖਾਨਹੁ ਸੋਇ।

ਜਸ = ਜਿਸ ਤਰ੍ਹਾਂ ਦਾ ਵੀ ਇਨ = ਇਸ ਜੀਵ ਦਾ ਅਤੇ ਸਾਖੀ ਦਾ ਰੂਪ ਹੈ, ਸੋਇ = ਉਹ ਬਖਾਨਹੁ = ਦੱਸਣਾ ਕਰੋ ਭਾਵ ਵਖਿਆਨ ਕਰੋ।

## ਪੁਨਹੁ ਬ੍ਰਹਮ; ਨਿਰਨੈ ਕਰਿ ਲਹੋ।

ਪੁਨਹੁ = ਫੇਰ ੧੩ ਪ੍ਰਸ਼ਨਾਂ ਤੋਂ ਬਾਅਦ ***ਪ੍ਰਸ਼ਨ ੧੪ :*** ਬ੍ਰਹਮ ਦਾ ਨਿਰਨਾ ਕਰਕੇ ਲਹੋ = ਸਮਝਾਉ ?

## ਪੰਚ ਕੋਸ਼ ਕੋ; ਰੂਪ ਸੁ ਕਹੋ ॥੩॥

***ਪ੍ਰਸ਼ਨ ੧੫ :*** ਪੰਜ ਕੋਸ਼ਾਂ ਕੋ = ਦਾ ਰੂਪ = ਸਰੂਪ ਭੀ ਕਹੋ = ਦੱਸਣਾ ਕਰੋ ਕਿ ੧. ਅੰਨਵੈ ਕੋਸ਼, ੨. ਪ੍ਰਾਣਮਯ ਕੋਸ਼, ੩. ਮਨੋਮਯ ਕੋਸ਼, ੪. ਵਿਗਿਆਨਮਯ ਕੋਸ਼, ੫. ਅਨੰਦਮਯ ਕੋਸ਼ ਕੀ ਹੈ ਇਹ ਪੰਜ ਪ੍ਰਕਾਰ ਦੇ ਪੜਦੇ ਹਨ, ਇਹਨਾਂ ਦਾ ਸਰੂਪ ਜੈਸਾ ਹੈ ਕਥਨ ਕਰੋ ?॥੩॥

## ਪੰਦ੍ਹ ਪ੍ਰਸ਼ਨ; ਸੁਨੇ ਸਭਿ ਕਾਨ।

ਇਹ ਪੰਦ੍ਹਾਂ ਪ੍ਰਸ਼ਨ ਸਿੰਘਾਂ ਨੇ ਕੀਤੇ ਤੇ ਸਭਿ = ਸਾਰਿਆਂ ਪ੍ਰਸ਼ਨਾਂ ਨੂੰ ਭਾਈ ਦਇਆ ਸਿੰਘ ਜੀ ਨੇ ਕਾਨ = ਕੰਨ ਦੇ ਕੇ ਭਾਵ ਧਿਆਨ ਨਾਲ ਸੁਣਿਆ।

## ਦਇਆ ਸਿੰਘ ਜੀ; ਕਰਤਿ ਬਖਾਨ।

ਭਾਈ ਦਇਆ ਸਿੰਘ ਜੀ ਨੇ ਸੁਣ ਕੇ ਇਹਨਾਂ ਪ੍ਰਸ਼ਨਾਂ ਦਾ ਉੱਤਰ ਰੂਪ ਵਿਚ ਬਖਾਨ = ਵਖਿਆਨ ਭਾਵ ਕਥਨ ਕਰਤਿ = ਕਰਨ ਲੱਗੇ, ਇਹ ਅੱਖਰ ਭਾਈ ਰਾਮ ਕੁਇਰ ਜੀ ਦੇ ਕਥਨ ਕੀਤੇ ਭਾਈ ਸੰਤੋਖ ਸਿੰਘ ਜੀ ਨੇ ਆਪਣੀ ਰਚਨਾ ਵਿਚ ਕਹੇ, ਹੁਣ ਅੱਗੇ ਭਾਈ ਦਇਆ ਸਿੰਘ ਜੀ ਵੱਲੋਂ ਕਥਨ ਤੁਰਿਆ।

## ਜਿਸ ਪਰ ਗੁਰੂ; ਪ੍ਰਸੰਨਤਾ ਧਰੈਂ।

ਜਿਸ ਪਰ = ਉੱਪਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪ੍ਰਸੰਨਤਾ = ਖ਼ੁਸ਼ੀ ਧਾਰਦੇ ਹਨ।

## ਸੁਨਿ ਕੈ ਦ੍ਰਿਢ; ਨਿਸ਼ਚੈ ਸੋ ਕਰੈ ॥੪॥

ਸੋ = ਉਹ ਸੁਣ ਕੇ ਇਸ ਗਿਆਨ ਤੇ ਦ੍ਰਿਢ = ਪੱਕਾ ਨਿਸ਼ਚਾ ਕਰੈ = ਕਰ ਲੈਂਦਾ ਹੈ॥੪॥

## ਸੁਨੀਅਹਿ ਸਭਿ ਕੇ; ਰੂਪ ਬਖਾਨੋਂ।

ਧਿਆਨ ਦੇ ਕੇ ਸੁਨੀਅਹਿ = ਸੁਣਨਾ ਕਰੋ ਕਿ ਤੁਹਾਡੇ ਸਭਿ = ਸਾਰੇ ਪੰਦਰਾਂ ਪ੍ਰਸ਼ਨਾਂ ਦੇ ਉੱਤਰ ਰੂਪ ਵਿਚ ਬਖਾਨੋਂ = ਕਥਨ ਕਰਦਾ ਹਾਂ।

## ਗੁਰ ਕਰੁਨਾ ਤੇ; ਮੈਂ ਜਿਮ ਜਾਨੋਂ।

ਜਿਮ = ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਕਰੁਨਾ = ਕਿਰਪਾ ਤੇ ਮੈਂ ਜਿਸ ਪ੍ਰਕਾਰ ਗੁਰੂ ਜੀ ਤੋਂ ਇਸ ਦਾ ਗਿਆਨ ਜਾਣਿਆ ਹੈ।

## ਜਿਸ ਜਾਨੇ; ਅਰ ਨਿਰਨੈ ਕਰੇ।

ਜਿਸ ਬ੍ਰਹਮ ਗਿਆਨ ਦੇ ਜਾਨੇ = ਜਾਨਣ ਤੋਂ ਅਰ = ਔਰ ਚੰਗੀ ਤਰ੍ਹਾਂ ਨਿਰਨੇ ਕਰਨ ਨਾਲ:

## ਜਗ ਸਾਗਰ ਤੇ; ਸੋ ਨਰ ਤਰੇ॥੫॥

ਸੋ = ਉਹ ਨਰ = ਪੁਰਸ਼ ਜਗ ਸਾਗਰ = ਸੰਸਾਰ-ਸਮੁੰਦਰ ਤੋਂ ਤਰ ਜਾਵੇਗਾ, ਭਾਵ ਡੁੱਬੇਗਾ ਨਹੀਂ॥੫॥

***ਪ੍ਰਸ਼ਨ ੧*** : ਅਗਿਆਨ ਕੀ ਹੈ ? ਜਿਸ ਵਿਚ ਸਿੰਘਾਂ ਨੇ ਅਗਿਆਨ ਦੇ ਲੱਛਣ ਪੁੱਛੇ ਸਨ, ਉਸਦਾ ਹੁਣ ਉੱਤਰ ਦੇ ਰਹੇ ਹਨ ਅਤੇ ਅਗਿਆਨ ਦੇ ਲੱਛਣ ਦੱਸਣ ਲੱਗੇ ਹਨ:

## ਸ੍ਵੈਯਾ ਛੰਦ॥ ਬਿਨ ਅਕਾਰ ਬਿਨ ਜਨਮ ਅਨਾਦੀ; ਰਹਿ ਇਕ ਦੇਸ਼ ਬ੍ਰਹਮ ਕੇ ਮਾਂਹਿ।

***ਉੱਤਰ ੧ :*** ਜਿਹੜਾ ਅਗਿਆਨ ਹੈ ਉਹ ਅਕਾਰ = ਸਰੂਪ ਤੋਂ ਬਿਨ = ਬਿਨਾਂ ਹੈ, ਜਿਵੇਂ ਮਨੁੱਖ ਦੇ ਹੱਥ, ਪੈਰ, ਨੱਕ, ਮੂੰਹ, ਕੰਨ, ਅੱਖਾਂ ਆਦਿ ਹਨ, ਇਸ ਤਰ੍ਹਾਂ ਅਗਿਆਨ ਦਾ ਕੋਈ ਆਕਾਰ ਨਹੀਂ ਹੈ ਅਤੇ ਅਗਿਆਨ ਜਨਮ ਤੋਂ ਭੀ ਬਿਨ = ਬਿਨਾਂ ਹੈ ਇਸ ਕਰਕੇ ਇਸਨੂੰ ਅਜਨਮਾ ਕਿਹਾ ਹੈ ਅਰ ਇਸਦਾ ਕੋਈ ਮਾਤਾ-ਪਿਤਾ ਨਹੀਂ। ਫਿਰ ਇਹ ਅਨਾਦੀ (ਅਨ + ਆਦੀ) ਆਦੀ = ਆਦਿ ਭਾਵ ਉੱਤਪਤੀ ਤੋਂ ਅਨ = ਰਹਿਤ ਹੈ, ਇਸ ਦਾ ਟਿਕਾਣਾ ਬ੍ਰਹਮ ਦੇ ਇਕ ਹਿੱਸੇ ਵਿਚ ਸਮਝੋ, ਜਿਹੜਾ ਬ੍ਰਹਮ ਹੈ, ਉਸਦਾ ਆਪਣਾ ਦੇਸ਼ ਕੋਈ ਨਹੀਂ, ਉਹ ਦੇਸ਼ ਰਹਿਤ ਹੈ ਕਿਉਂਕਿ ਦੇਸ਼ ਕਾਲ ਵਸਤੂ ਪ੍ਰਛੇਦ ਰਹਿਤ ਹੋਣ ਕਰਕੇ ਦੇਸ਼ ਰਹਿਤ ਹੈ, ਪਰ ਇਥੇ ਸਮਝਾਉਣ ਵਾਸਤੇ ਕਿ ਬ੍ਰਹਮ ਦੇ ਇਕ ਦੇਸ਼ ਵਿਚ ਭਾਵ ਇਕ ਹਿੱਸੇ ਵਿਚ ਕਲਪਤ ਰੂਪ ਹੋ ਕਰਕੇ ਰਹਿੰਦਾ ਹੈ, ਉਂਝ ਬ੍ਰਹਮ ਵਿਚ ਅਗਿਆਨ ਨਹੀਂ ਹੈ, ਇਹ ਕਲਪਤ ਰੂਪ ਕਿਹਾ ਹੈ, ਕਲਪਤ ਰੂਪ ਸਮਝਾਉਣ ਵਾਸਤੇ ਹੁੰਦਾ ਹੈ, ਪਰ ਅਸਲ ਵਿਚ ਨਹੀਂ ਹੁੰਦਾ, ਜਿਵੇਂ ਸਹੇ ਦੇ ਸਿੰਘ ਤਾਂ ਹੁੰਦੇ ਨਹੀਂ, ਪਰ ਸਮਝਾਉਣ ਵਾਸਤੇ ਕਿਹਾ ਜਾਏ ਕਿ ਸਹੇ ਦੇ ਸਿੰਘ ਹੈ ਅਤੇ ਰੱਸੀ ਸੱਪ ਨਹੀਂ ਹੁੰਦੀ, ਪਰ ਸਮਝਾਉਣ ਵਾਸਤੇ ਕਿਹਾ ਜਾਵੇ ਕਿ ਇਹ ਸੱਪ ਹੈ, ਇਸੇ ਤਰ੍ਹਾਂ ਇਥੇ ਬ੍ਰਹਮ ਦੇ ਇਕ ਦੇਸ਼ ਵਿਚ ਅਗਿਆਨ ਕਲਪਤ ਰੂਪ ਕਰਕੇ ਮੰਨਿਆ ਹੈ, ਜਿਥੇ ਬ੍ਰਹਮ ਨੂੰ ਇਹ ਇੱਛਾ ਹੋਈ ਕਿ ਮੈਂ ਇਕ ਤੋਂ ਅਨੇਕਾਂ ਰੂਪ ਹੋ ਜਾਵਾਂ, ਇੱਛਾ ਧਾਰਨ ਤੋਂ ਹੀ ਈਸ਼ਰ ਹੈ, ਉਸ ਇੱਛਾ ਦਾ ਨਾਮ ਹੀ ਮਾਇਆ ਹੈ, ਐਸਾ ਜਿਹੜਾ ਕਹਿਣਾ ਕਹਾਉਣਾ ਹੈ ਇਹ ਅਗਿਆਨ ਹੈ, ਬ੍ਰਹਮ ਦੇ ਵਿਚ ਅਗਿਆਨ ਨੂੰ ਕਲਪਤ ਰੂਪ ਹੋ ਕੇ ਕਿਹਾ ਜਾਂਦਾ ਹੈ।

## ਨਾਮ ਅੱਗ੍ਯਾਨ, ਲਿਏ ਖਟ ਸੰਗ੍ਯਾ; ਇਕ ਚਿਤੰਨ ਵ੍ਯਾਪਕ ਵਿਚ ਤਾਂਹਿ।

ਜਿਸ ਦਾ ਨਾਮ ਅਗਿਆਨ ਹੈ, ਜੋ ਅਕਾਰ ਤੋਂ ਬਿਨਾਂ ਹੈ, ਜੋ ਅਜਨਮਾ ਹੈ ਤੇ ਬ੍ਰਹਮ ਦੇ ਇਕ ਹਿੱਸੇ ਵਿਚ ਰਹਿੰਦਾ ਹੈ, ਖਟ = ਛੇ ਸੰਗ੍ਯਾ = ਨਾਮ ਭਾਵ ਜਿਸ ਦਾ ਨਾਮ ਅਗਿਆਨ ਹੈ, ਉਸ ਦੇ ਛੇ ਨਾਮ ਹੋ ਜਾਂਦੇ ਹਨ ੧. ਵ੍ਯਾਪਕ ਚਿੰਤਨ = ਜੋ ਇੱਕ ਬ੍ਰਹਮ ਦੇ ਵਿਚ ਕਲਪਤ ਰੂਪ ਹੋ ਕੇ ਰਹਿੰਦਾ ਹੈ, ਤਾਂਹਿ = ਤਿਸ ਅਗਿਆਨ ਦਾ ਇਹ ਪਹਿਲਾ ਨਾਮ ਹੈ।

## ਚੇਤਨ ਸੋ ਸਬੰਧ ਈਸ਼੍ਵਰਤਾ; ਚਤੁਰਥ ਸੰਗਯਾ ਜੀਵ ਬਜਿ ਆਹਿ।

੨. ਕੇਵਲ ਚੇਤਨ = ਜੋ ਜਿੰਨੇ ਥਾਂ ਵਿਚ ਅਗਿਆਨ ਦਾ ਸੰਬੰਧ ਹੈ, ਸੋ = ਉਹ ਚੇਤਨ ਅਗਿਆਨ ਦੀ ਦੂਜੀ ਸੰਗਯਾ ਹੈ। ੩. ਚੇਤਨ ਈਸ਼੍ਵਰਤਾ = ਜਿਹੜਾ ਚੇਤਨ ਦੇ ਨਾਲ ਈਸ਼ਰ ਦਾ ਸੰਬੰਧ ਹੈ, ਇਹ ਅਗਿਆਨ ਦੀ ਤੀਸਰੀ ਸੰਗਯਾ ਭਾਵ ਤੀਜਾ ਨਾਮ ਹੈ। ੪. ਅਗਿਆਨ ਦੀ ਚਤੁਰਥ = ਚੌਥੀ ਸੰਗਯਾ ਜੀਵ ਹੈ, ਕਿਉਂਕਿ ਇਹ ਅਗਿਆਨ ਦੀ ਸੰਗਯਾ ਹੈ ਕਿ ਇਹ ਵਿਆਪਕ ਚੇਤਨ ਹੈ, ਇਹ ਕੇਵਲ ਚੇਤਨ ਹੈ, ਇਹ ਈਸ਼ਰ ਹੈ, ਇਹ ਜੀਵ ਹੈ, ਇਹ ਚਾਰੇ ਚੇਤਨ ਅਗਿਆਨ ਕਰਕੇ ਵੱਖਰੇ-ਵੱਖਰੇ ਕਲਪੇ ਹਨ, ਪਰ ਹੈ ਇਕ ਹੀ ਬ੍ਰਹਮ, ਅੱਗੇ ਦੋ ਨਾਮ ਬਜਿ = ਹੋਰ ਆਹਿ = ਆਉਣਗੇ।

## ਈਸ਼ੁਰ ਜੀਵ ਵਿਭਾਗ ਪੰਚਮੋ; ਚਿਦਾ ਭਾਸ ਖਸਟਮ ਲਖਿ ਵਾਹਿ ॥੬॥

੫. ਪੰਚਮੋ = ਪੰਜਵਾਂ ਨਾਮ ਵੀ ਅਗਿਆਨ ਕਰਕੇ ਹੈ, ਈਸ਼ਵਰ ਸਰਬੱਗ ਹੋਣ ਕਰਕੇ ਵਿਭਾਗ = ਵੱਖਰਾ ਨਾਮ ਹੈ ਤੇ ਜੀਵ ਅਲਪੱਗ ਹੋਣ ਕਰਕੇ ਵੱਖਰਾ ਨਾਮ ਹੈ, ੬. ਚਿਦਾ ਭਾਸ = ਚੇਤਨ ਦਾ ਜੋ ਭਾਸ = ਅਕਸ਼ ਭਾਵ ਪ੍ਰਤੀਬਿੰਬ ਹੈ, ਇਹ ਅਗਿਆਨ ਦਾ ਖਸਟਮ = ਛੇਵਾਂ ਨਾਮ ਹੈ, ਵਾਹਿ = ਇਸ ਨੂੰ ਭਾਵ ਅਗਿਆਨ ਦੇ ਛੇ ਨਾਮਾਂ ਨੂੰ ਲਖਿ = ਜਾਣ ਲਵੋ ॥੬॥

## ਜਿਸ ਅੱਗਯਾਨ ਬਿਖੈ ਇਹ ਖਟ ਹੈਂ; ਸੂਖਮ ਭੂਤ ਪ੍ਰਗਟ ਹੁਇ ਨਾਂਹਿ।

ਜਿਸ ਅਗਿਆਨ ਦੇ ਵਿਚ ਇਹ ਖਟ = ਛੇ ਨਾਮ ਹਨ, ਉਸ ਦੇ ਵਿਚ ਇਹ ਸੂਖਮ = ਬਾਰੀਕ ਭੂਤ = ਤੱਤ ਰਹਿੰਦੇ ਹਨ ਇਹ ਪ੍ਰਗਟ ਰੂਪ ਵਿਚ ਨਹੀਂ, ਗੁਪਤ ਰੂਪ ਵਿਚ ਰਹਿੰਦੇ ਹੁਇ = ਹਨ, ਅਗਿਆਨ ਕਰਕੇ ਛੇ ਰੂਪ ਲੈ ਲੈਂਦੇ ਹਨ। ਹੁਣ ਅੱਗੇ ਸੂਖਮਤਾ ਦਾ ਰੂਪ ਦ੍ਰਿਸ਼ਟਾਂਤ ਰੂਪ ਵਿਚ ਦੱਸਣਗੇ ਕਿ ਕਿਵੇਂ ਰਹਿੰਦੇ ਹਨ:

## ਜਿਮ ਬਟ ਬੀਜ ਬਿਖੈ ਜਟ, ਤੁਕ ਦਲ;
## ਸ਼ਾਖਾ ਕਾਂਡ ਸਹਿਤ ਫਲ ਆਹਿ।

ਜਿਮ = ਜਿਵੇਂ ਇਕ ਬਟ = ਬੋਹੜ ਦਾ ਬੀਜ ਹੁੰਦਾ ਹੈ, ਉਸ ਦੇ ਵਿਚ ੧ ਜਟ = ਜੜ੍ਹਾਂ ਤੇ ੨. ਤੁਕ = ਛਿਲ, ੩. ਦਲ = ਪੱਤੇ, ੪. ਸ਼ਾਖਾ = ਟਾਹਣੀਆਂ ਜੋ ਪਤਲੀਆਂ ਬਰੀਕ ਹੁੰਦੀਆਂ ਹਨ, ਉਹਨਾਂ ਦਾ ਨਾਮ ਸ਼ਾਖਾ ਹੈ, ੫. ਕਾਂਡ = ਵੱਡੇ ਟਾਹਣ, ਤੇ ੬. ਫਲ ਦੇ ਸਹਿਤ ਇਹ ਬੋਹੜ ਦੇ ਛੇ ਨਾਮ ਹੋ ਗਏ ਆਹਿ = ਹੈ। ਇਹ ਛੇ ਹਾਲਤਾਂ ਵਿਚ ਬੋਹੜ ਹੈ, ਪਰ ਜਿਹੜਾ ਬੋਹੜ ਦਾ ਬੀਜ ਹੈ ਉਹ ਖਸਖਸ ਦੇ ਦਾਣੇ ਵਰਗਾ ਬਾਰੀਕ ਹੈ, ਉਸ ਬੀਜ ਵਿਚ ਜੜ੍ਹਾਂ, ਛਿਲ, ਪੱਤੇ, ਛੋਟੀਆਂ ਟਾਹਣੀਆਂ, ਵੱਡੇ ਟਾਹਣ ਤੇ ਫਲ ਇਹ ਉਸ ਬਰੀਕ ਦਾਣੇ ਦੇ ਵਿਚ ਬੋਹੜ ਦੇ ਛੇ ਰੂਪ ਸੂਖਮਤਾ ਵਿਚ ਰਹਿ ਰਹੇ ਹਨ, ਦੇਖਣ ਨੂੰ ਬੋਹੜ ਦੇ ਉਪਰੋਕਤ ਛੇ ਰੂਪ ਨਜ਼ਰ ਨਹੀਂ ਆਉਂਦੇ ਪਰ ਉਸ ਬੀਜ ਨੂੰ ਜਦੋਂ ਉੱਗਣ ਲਈ ਧਰਤੀ ਮਿਲ ਜਾਂਦੀ ਹੈ, ਫਿਰ ਇਹ ਸਮੇਂ ਅਨੁਸਾਰ ਬੋਹੜ ਦੇ ਛੇ ਰੂਪ ਪ੍ਰਗਟ ਹੋ ਜਾਂਦੇ ਹਨ, ਜੋ ਪਹਿਲਾਂ ਸੂਖਮ ਰੂਪ ਵਿਚ ਸੀ, ਫੇਰ ਅਸਥੂਲ ਰੂਪ ਵਿਚ ਹੋ ਜਾਂਦੇ ਹਨ, ਇਸੇ ਤਰ੍ਹਾਂ ਸੂਖਮ ਤੱਤਾਂ ਦੇ ਰੂਪ ਅਗਿਆਨ ਵਿਚ ਛੇ ਰਹਿੰਦੇ ਹਨ ਅਤੇ ਛੇ ਹੀ ਅਗਿਆਨ ਨਾਮ ਜੋ ਪਿੱਛੇ ਆਏ ਹਨ ੧. ਵਿਆਪਕ ਚੇਤਨ, ੨. ਕੇਵਲ ਚੇਤਲ, ੩. ਚੇਤਨ ਈਸ਼ਰਤਾ ੪. ਜੀਵ-ਚੇਤਨ, ੫. ਜੀਵ ਤੇ ਈਸ਼ਰ ਦਾ ਵੱਖਰਾ ਪਣ, ੬. ਚਿਦਾ ਭਾਸ ਇਹ ਬੋਹੜ ਦੇ ਬੀਜ ਦੀ ਤਰ੍ਹਾਂ ਛੇ ਹੀ ਬ੍ਰਹਮ ਵਿਖੇ ਸੂਖਮ ਰੂਪ ਵਿਚ ਰਹਿੰਦੇ ਹਨ ਪ੍ਰਗਟ ਰੂਪ ਵਿਚ ਨਹੀਂ ਰਹਿੰਦੇ।

## ਤਿਸ ਹੀ ਕੋ ਅੱਬਜਾਕ੍ਰਿਤ ਕਹੀਯਹਿ; ਪੁਨ 'ਅੱਬਜਕ੍ਰਤ' ਨਾਮ ਭੀ ਤਾਂਹਿ।

ਜਿੰਨੇ ਕੁ ਥਾਂ ਵਿਚ ਅਗਿਆਨ ਰਹਿੰਦਾ ਹੈ ਅਗਿਆਨ ਸਹਿਤ ਚੇਤਨ ਨੂੰ ਈਸ਼ਰ ਕਹਿ ਦਿੰਦੇ ਹਨ **ਅਥਵਾ** ਜਿਹੜਾ ਅਗਿਆਨ ਦੀ ਅੰਸ ਵਿਚ ਅਰ ਉਸ ਦੇ ਆਸਰਤ ਹੈ, ਉਸ ਨੂੰ ਈਸ਼ਰ ਕਹਿੰਦੇ ਹਨ, ਉਸ ਦਾ ਨਾਮ ਹੀ ਅੱਬਜਾਕ੍ਰਿਤ ਹੈ, ਸਮਸਟੀ ਉਪਾਧੀ ਹੋਣ ਕਰਕੇ ਸਭ ਦੀ ਸੁਖੋਪਤੀ ਅਵਸਥਾ ਦੇ ਅਭਿਮਾਨੀ ਨੂੰ ਅੱਬਜਾਕ੍ਰਿਤ ਕਹਿੰਦੇ ਹਨ, ਉਸ ਨੂੰ ਹੀ ਈਸ਼ਰ ਕਹਿੰਦੇ ਹਨ, ਪੁਨ = ਫੇਰ ਅੱਬਜਕ੍ਰਿਤ ਭੀ ਇਸ ਦਾ ਹੀ ਨਾਮ ਹੈ, ਅਗਿਆਨ ਕਰਕੇ ਹੀ ਅੱਬਜਕ੍ਰਿਤ ਤੇ ਈਸ਼ਰ ਕਿਹਾ ਜਾਂਦਾ ਹੈ।

## ਸਾਮਯ ਅਵਸਥਾ ਪ੍ਰਥਮ ਇਹੀ ਹੈ; ਬੇਦਨ ਆਦਿ ਸੰਤ ਪ੍ਰਾਹਿੰ ॥੭॥

ਪ੍ਰਥਮ = ਸਭ ਤੋਂ ਪਹਿਲਾਂ ਅਗਿਆਨ ਦੀ ਸਾਮਯ = ਬਰਾਬਰ ਦੀ ਅਵਸਥਾ ਇੱਕੋ ਜਿਹੀ ਇਹੀ ਹੈ ਭਾਵ ਜਿਸ ਵਿਚ ਤਿੰਨੇ ਗੁਣ ਬਰਾਬਰ ਹੋਣ ਭਾਵ ਸਤੋ ਗੁਣ, ਰਜੋ ਗੁਣ, ਤਮੋ ਗੁਣ ਇਸ ਨੂੰ ਸਾਮਯ ਅਵਸਥਾ, ਤੁਲਯ ਅਵਸਥਾ ਜਾਂ ਬਰਾਬਰ ਦੀ ਅਵਸਥਾ ਤੇ ਕੋਈ ਗੁਣ ਘੱਟ ਵੱਧ ਨਾ ਹੋਵੇ ਬਰਾਬਰ ਹੋਣ, ਇਹ ਗੱਲ ਬੇਦਨ = ਬੇਦਾਂ ਅਤੇ ਸੰਤ ਰਿਸ਼ੀ ਮੁਨੀ ਆਦਿ ਸਭ ਪ੍ਰਾਹਿੰ = ਕਹਿੰਦੇ ਹਨ ਭਾਵ ਉਨ੍ਹਾਂ ਨੇ ਕਥਨ ਕੀਤਾ ਹੈ ॥੭॥

## ਤ੍ਰਿਗੁਣਾਤਮਕਾ ਸਾਮਯ ਅਵਸਥਾ; ਚੇਤਨ ਭਾਸ ਸਹਿਤ ਪਹਿਚਾਨ।

ਤ੍ਰਿਗੁਣਾਤਮਕਾ (ਤ੍ਰਿਗੁਣ + ਆਤਮਕਾ) ਤ੍ਰਿਗੁਣ = ਤਿੰਨ ਗੁਣਾਂ ਦੇ ਆਤਮਕਾ = ਸਰੂਪ ਵਾਲੀ ਸਾਮਯਾ ਅਵਸਥਾ = ਬਰਾਬਰ ਦੀ ਅਵਸਥਾ ਚੇਤਨ ਦੇ ਭਾਸ = ਅਕਸ਼ ਭਾਵ ਪ੍ਰਤੀਬਿੰਬ ਸਹਿਤ ਪਹਿਚਾਨਣਾ ਕਰੋ ਕਿ ਜਦੋਂ :

## ਹੋਇ ਵਿਕਾਰ ਅਵਸਥਾ ਤਿਸਕੀ; ਪ੍ਰਿਥਕ ਪ੍ਰਿਥਕ ਬਨ ਤੈ ਗੁਨਵਾਨ।

ਤਿਸਕੀ = ਉਹਨਾਂ ਦੀ ਵਿਕਾਰ ਅਵਸਥਾ ਹੋ ਜਾਂਦੀ ਹੈ ਭਾਵ ਤੈ = ਉਹ ਗੁਨਵਾਨ ਤਿੰਨੇ ਗੁਣ ਪ੍ਰਿਥਕ ਪ੍ਰਿਥਕ = ਵੱਖਰੇ-ਵੱਖਰੇ ਬਣ ਜਾਂਦੇ ਹਨ, ਸਤੋ ਗੁਣ ਅਲੱਗ ਹੋ ਜਾਂਦਾ ਹੈ, ਰਜੋ ਗੁਣ ਅਲੱਗ ਹੋ ਜਾਂਦਾ ਹੈ ਤੇ ਤਮੋ ਗੁਣ ਅਲੱਗ ਹੋ ਜਾਂਦਾ ਹੈ ਇਸਨੂੰ ਤਿੰਨ ਗੁਣਾਂ ਦੀ ਵਿਕਾਰ ਅਵਸਥਾ ਕਿਹਾ ਜਾਂਦਾ ਹੈ, ਇਥੇ ਪਹਿਲੇ ਪ੍ਰਸ਼ਨ ਅਗਿਆਨ ਦਾ ਉੱਤਰ ਵਿਸਥਾਰ ਸਹਿਤ ਵਰਣਨ ਹੋ ਚੁੱਕਾ ਹੈ ਕਿ ਅਗਿਆਨ ਦਾ ਸਰੂਪ ਕੀ ਹੈ, ਅਗਿਆਨ ਦੇ ਨਾਮ ਕਿੰਨੇ ਹਨ।

***ਪ੍ਰਸ਼ਨ ੨ :*** ਦੂਸਰਾ ਪ੍ਰਸ਼ਨ ਸਿੰਘਾਂ ਦਾ ਭਾਈ ਦਇਆ ਸਿੰਘ ਜੀ ਨੂੰ ਮਾਇਆ ਬਾਰੇ ਸੀ ਕਿ ਮਾਇਆ ਕੀ ਹੈ ? ਤੇ ਮਾਇਆ ਦਾ ਕਰਤਵ ਕੀ ਹੈ ? ਇਹ ਪ੍ਰਸ਼ਨ ਜਗਿਆਸੂ ਮੁਖ ਦੁਆਰਾ ਗੁਰਬਾਣੀ ਵਿਚ ਦਰਜ ਹੈ। ਜੈਸਾ ਕਿ :

**ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥** *(ਸਿਰੀਰਾਗੁ ਮ: ੩, ਅੰਗ ੬੭)*

ਮਾਇਆ ਕੀ ਹੈ ? ਹੁਣ ਭਾਈ ਦਇਆ ਸਿੰਘ ਜੀ ਦੂਸਰੇ ਪ੍ਰਸ਼ਨ ਦਾ ਉੱਤਰ ਦੇ ਰਹੇ ਹਨ ਕਿ ਮਾਇਆ ਦਾ ਸੂਰਪ ਕੀ ਹੈ :

## ਸਤ ਰਜ ਤਮ ਗੁਣ ਸੁੱਧਾ ਸੁੱਧ ਇਹ; ਚਿਦਾਭਾਸ ਜੁਤਿ ਲਿਏ ਪ੍ਰਧਾਨ।

***ਉੱਤਰ : ੨*** ਜਿਹੜਾ ਸਤੋ ਗੁਣ, ਰਜੋ ਗੁਣ, ਤਮੋ ਗੁਣ ਇਹ ਸੁੱਧਾ ਸੁੱਧ ਦਾ 'ਧ' ਦੇ ਕੰਨੇ ਵਿੱਚੋਂ 'ਅ' ਲੈ ਕੇ (ਸੁਧ + ਅਸੁਧ) ਕਿਉਂਕਿ ਸਤੋ ਗੁਣ ਸ਼ੁੱਧ ਹੈ ਤੇ ਰਜੋ ਗੁਣ ਤੇ ਤਮੋ ਗੁਣ ਅਸ਼ੁੱਧ ਹੈ ਭਾਵ ਇਹ ਹੈ

ਕਿ ਜਿਥੇ ਸ਼ੁੱਧ ਸਤੋ ਗੁਣ ਹੈ ਤੇ ਰਜੋ ਗੁਣ ਤੇ ਤਮੋ ਗੁਣ ਅਸ਼ੁੱਧ ਹੈ ਅਤੇ ਉਸ ਵਿਚ ਚਿਦਾਭਾਸ (ਚਿਦ + ਅਭਾਸ) ਚਿਦ = ਚੇਤਨ ਦਾ ਅਭਾਸ਼ = ਅਕਸ਼ ਭਾਵ ਪ੍ਰਤੀਬਿੰਬ ਪੈ ਰਿਹਾ ਹੈ, ਉਸ ਨੂੰ ਲਿਏ = ਲੈ ਕੇ ਇਹ ਮਾਇਆ ਪ੍ਰਧਾਨ ਕਹਿਲਾਉਂਦੀ ਹੈ, ਪ੍ਰਧਾਨ ਕਹੋ, ਮਾਇਆ ਕਹੋ ਇਕ ਦੇ ਹੀ ਦੋ ਨਾਮ ਹਨ ਵੇਦਾਂਤ ਮਤ ਵਾਲੇ ਮਾਇਆ ਤੇ ਸਾਂਖ ਮਤ ਵਾਲੇ ਪ੍ਰਧਾਨ ਆਪਣੇ-ਆਪਣੇ ਵੇਦਾਂਤੀ ਤੇ ਸਾਂਖ ਮਤ ਵਾਲਿਆਂ ਨੇ ਇਕ ਦੇ ਹੀ ਦੋ ਨਾਮ ਰੱਖੇ ਹੋਏ ਹਨ, ਜਿਹੜੀ ਸਾਮਯ ਅਵਸਥਾ ਚੇਤਨ ਦੇ ਅਭਾਸ ਜੁਤਿ = ਸਹਿਤ ਹੈ, ਉਸ ਨੂੰ ਮਾਇਆ ਕਹਿੰਦੇ ਹਨ।

## ਸੁਨਹੁ ਸਿਖ ਸੋ 'ਮਾਯਾ' ਲਖੀਅਹਿ; ਸਮਝਿ ਰਿਦੇ ਸਭਿ ਕਰਹਿਂ ਬਖਾਨ ॥੮॥

ਹੇ ਪ੍ਰਸ਼ਨ ਕਰਨ ਵਾਲੇ ਤੇ ਸਿਖ = ਸਿੱਖਿਆ ਲੈਣ ਵਾਲੇ ਖ਼ਾਲਸਾ ਜੀ ! ਸੁਨਹੁ = ਸੁਣਨਾ ਕਰੋ ਸੋ = ਸੋਈ ਭਾਵ ਜੋ ਉਪਰੋਕਤ ਕਥਨ ਕੀਤਾ ਹੈ, ਉਸ ਮਾਯਾ ਨੂੰ ਲਖੀਅਹਿ = ਜਾਨਣਾ ਕਰੋ, ਇਸ ਨੂੰ ਰਿਦੇ = ਹਿਰਦੇ ਵਿਚ ਸਮਝ ਕੇ ਅਸੀਂ ਇਹ ਸਭ = ਸਾਰਾ ਬਖਾਨ = ਕਥਨ ਕੀਤਾ ਹੈ **ਵਾ:** ਜੇਕਰ ਤੁਹਾਨੂੰ ਕੋਈ ਮਾਇਆ ਬਾਰੇ ਪੁੱਛੇ ਕਿ ਉਸਦਾ ਕੀ ਸਰੂਪ ਹੈ ਤਾਂ ਤੁਸੀਂ ਵੀ ਰਿਦੇ = ਹਿਰਦੇ ਵਿਚ ਸਮਝ ਕੇ ਕਥਨ ਕਰ ਦਿਆ ਕਰੋ, ਇਹ ਸਿੱਖਾਂ ਵੱਲੋਂ ਜੋ ਦੂਸਰਾ ਪ੍ਰਸ਼ਨ ਮਾਇਆ ਬਾਰੇ ਸੀ, ਉਹ ਉਪਰੋਕਤ ਕਥਨ ਕਰਕੇ ਵਿਸਥਾਰ ਸਹਿਤ ਉੱਤਰ ਦੇ ਦਿੱਤਾ ਹੈ ॥੮॥

***ਪ੍ਰਸ਼ਨ ੩ :*** ਹੁਣ ਅੱਗੇ ਤੀਸਰੇ ਪ੍ਰਸ਼ਨ ਅਵਿੱਦਿਆ ਬਾਰੇ ਜੋ ਸਿੱਖਾਂ ਨੇ ਪ੍ਰਸ਼ਨ ਕੀਤਾ ਸੀ ਕਿ ਅਵਿੱਦਿਆ ਕੀ ਹੈ ? ਉਸ ਦਾ ਉੱਤਰ ਦੇ ਰਹੇ ਹਨ :

## ਸਾਮਯ ਅਵਸਥਾ ਚਿਦਾਭਾਸ ਲੇ; ਭਈ ਬਿਕਾਰਾਵਸਥਾ ਸੋਇ।

***ਉੱਤਰ ੩ :*** ਇਸ ਤਰ੍ਹਾਂ ਜਿਹੜੀ ਤਿੰਨ ਗੁਣਾਂ ਦੀ ਸਾਮਯ = ਬਰਾਬਰ ਦੀ ਅਵਸਥਾ ਅਤੇ ਚਿਦਾਭਾਸ (ਚਿਦ + ਅਭਾਸ) ਚਿਦ = ਚੇਤਨ ਦੇ ਅਭਾਸ = ਪ੍ਰਤੀਬਿੰਬ ਨੂੰ ਲੈ ਕੇ ਉਹ ਅੱਗੇ ਵਿਕਾਰ ਅਵਸਥਾ ਵਾਲੀ ਹੋ ਗਈ, ਪਹਿਲਾ ਮਾਇਆ ਸੀ, ਹੁਣ ਹੋਰ ਰੂਪ ਵਾਲੀ ਹੋ ਗਈ ਭਾਵ ਉਸ ਵਿਚ ਬਦਲਾਅ ਆ ਗਿਆ।

## ਸ਼ੁਧ ਸੱਤ੍ਵ ਲੇ ਮਾਇਆ ਜਿਮ ਭੀ; ਮਲਿਨ ਸੱਤ੍ਵ ਮੁਖ ਤ੍ਰੈ ਗੁਣ ਜੋਇ।

ਜਿਹੜੀ ਮਾਇਆ ਸੁਧ ਸੱਤ੍ਵ = ਸਤੋਂ ਗੁਣ ਨੂੰ ਲੈ ਕੇ ਬ੍ਰਹਮ ਦੇ ਅਭਾਸ ਸਹਿਤ ਜਿਮ ਭੀ = ਜਿਵੇਂ ਹੋਈ ਸੀ, ਉਹੀ ਜੋਇ = ਜਦੋਂ ਮੁਖ ਮਲੀਨਤਾ ਵਾਲੇ ਤ੍ਰੈ ਗੁਣ = ਸਤੋ ਗੁਣ, ਰਜੋ ਗੁਣ, ਤਮੋ ਗੁਣ ਦੇ ਸਹਿਤ ਹੋਈ :

## ਤਿਸ ਕੋ ਲਏ 'ਅਵਿੱਦਯਾ' ਜਾਨਹੁ; ਗੁਰ ਉਪਦੇਸ਼ ਬਿਨਾਸ਼ੀ ਹੋਇ।

ਤਿਸ = ਇਹਨਾਂ ਕੋ = ਨੂੰ ਲੈ ਕੇ ਜਦੋਂ ਚੇਤਨ ਦਾ ਅਭਾਸ ਪੈਂਦਾ ਹੈ, ਇਸ ਨੂੰ ਅਵਿੱਦਿਆ ਜਾਨਹੁ = ਜਾਣ ਲਉ, ਇਸ ਦਾ ਨਾਮ ਅਵਿੱਦਯਾ ਹੈ, ਤੇ ਇਹ ਗੁਰ = ਗੁਰੂ ਦੇ ਉਪਦੇਸ਼ = ਬ੍ਰਹਮ ਗਿਆਨ ਦੀ ਸਿੱਖਿਆ ਦੁਆਰਾ ਬਿਨਾਸ਼ੀ = ਨਾਸ ਹੋਇ = ਹੋ ਜਾਂਦੀ ਹੈ।

ਹੁਣ ਅਵਿੱਦਿਆ ਨਾਸ਼ਕ ਤੇ ਬ੍ਰਹਮ ਦਾ ਰੂਪ ਕਹਿਣਗੇ :

## ਅੰਤਸ਼ਕਰਣ ਬਿਰਤਿ ਜਬਿ ਉਪਜੀ; ਅਹੰਬ੍ਰਹਾਮਾਸਮਿ ਦ੍ਵੈਤ ਨ ਕੋਇ ॥੯॥

ਅਹੰਬ੍ਰਹਾਮਾਸਮਿ ਮਹਾਂਵਾਕ ਦਾ ਸਿਧਾਂਤ ਕਿ ਮੇਰਾ ਆਪਨਾ ਸਰੂਪ ਬ੍ਰਹਮ ਹੈ, ਜਬਿ = ਜਦੋਂ ਇਹ ਬਿਰਤੀ

ਅੰਤਸ਼ਕਰਨ ਵਿਚ ਉਪਜੀ = ਪੈਦਾ ਹੋ ਗਈ ਫਿਰ ਕੋਈ ਦ੍ਵੈਤ = ਦੂਆਪਣ ਨਹੀਂ ਰਿਹਾ, ਉਸਦਾ ਨਾਮ ਵਿੱਦਯਾ ਹੈ ॥੯॥

## ਦੋਹਰਾ ॥ ਬਿਰਤ ਅਖੰਡਾਕਾਰ ਅਸ; ਵਿੱਦਯਾ ਨਾਮ ਸੁਜਾਨ ।

ਹੇ ਸੁਜਾਨ = ਸ੍ਰੇਸ਼ਟ ਗੁਰਸਿੱਖੋ ! ਐਸੀ ਅਖੰਡਾਕਾਰ ਬਿਰਤੀ ਦਾ ਨਾਮ ਵਿੱਦਿਆ ਹੈ, ਜੇ ਕੋਈ ਕਹੇ ਵਿੱਦਿਆ ਕੀ ਹੈ ਤਾਂ ਇਹ ਉਸ ਦਾ ਉੱਤਰ ਹੈ।

## ਕਾਰਣ ਕਾਰਜ ਭੇਦ ਤੇ; ਦੁਬਿਧਾ ਹਾਨ ਅੱਗਯਾਨ ॥੧੦॥

ਇਸ ਵਿੱਦਿਆ ਨਾਲ ਜੋ ਦੁਬਿਧਾ = ਦੋ ਤਰ੍ਹਾਂ ਦਾ ਅਗਿਆਨ ਕਾਰਨ ਤੇ ਕਾਰਜ ਰੂਪ ਹੈ, ਉਹ ਹਾਨ = ਨਾਸ ਹੋ ਜਾਂਦਾ ਹੈ। ਇਸ ਨੂੰ ਵਿੱਦਿਆ ਕਹਿੰਦੇ ਹਨ। ਸੋ ਜੋ ਸਿੰਘਾਂ ਨੇ ਤੀਸਰਾ ਪ੍ਰਸ਼ਨ ਕੀਤਾ ਸੀ ਕਿ ਅਵਿੱਦਿਆ ਕੀ ਹੈ, ਉਸ ਦਾ ਸਰੂਪ ਦੱਸ ਕੇ, ਉਸ ਦੇ ਨਾਸ ਕਰਨ ਦੀ ਜੁਗਤੀ ਵੀ ਕਹਿ ਸੁਣਾਈ ਹੈ, ਇਥੇ ਤੀਸਰੇ ਪ੍ਰਸ਼ਨ ਦਾ ਉੱਤਰ ਸਮਾਪਤ ਹੋਇਆ ॥੧੦॥

***ਪ੍ਰਸ਼ਨ ੪ :*** ਬੰਧਨ ਕੀ ਹੈ ? ਇਹ ਸਿੰਘਾਂ ਨੇ ਚੌਥਾ ਪ੍ਰਸ਼ਨ ਕੀਤਾ ਸੀ, ਹੁਣ ਇਸ ਦਾ ਉੱਤਰ ਦਿੰਦੇ ਹਨ :

## ਚੌਪਈ ॥ ਤਨ ਇੰਦ੍ਰੀ; ਮਨ ਪ੍ਰਾਣ ਅਨਾਤਮ ।

***ਉੱਤਰ ੪ :*** ਹੁਣ ਬੰਧਨ ਦਾ ਰੂਪ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਜਿਹੜਾ ਅਸਥੂਲ ਤਨ = ਸਰੀਰ ਹੱਥ, ਪੈਰ ਆਦਿ ਅੰਗਾਂ ਦੇ ਸਮੇਤ ਹੈ **ਵਾ:** ਪੰਜ ਤੱਤ ਤੇ ਪੱਚੀ ਪ੍ਰਕਿਰਤੀਆਂ ਦਾ ਹੈ ਅਤੇ ਮਨ = ਸੂਖਮ ਸਰੀਰ ਪੰਜ ਇੰਦ੍ਰੀ = ਗਿਆਨ ਇੰਦਰੀਆਂ ਪੰਜ ਕਰਮ ਇੰਦ੍ਰੀਆਂ, ਪੰਜ ਪ੍ਰਾਣ, ਮਨ ਤੇ ਬੁੱਧ ਅਤੇ ਕਾਰਣ ਸਰੀਰ ਜੋ ਅਗਿਆਨ ਦੇ ਸਹਿਤ ਹੈ, ਇਹ ਅਨਾਤਮ = ਆਤਮਾ ਨਹੀਂ ਹੈ।

## ਇਸ ਸੰਘਾਤ ਵਿਖੈ; ਬੁਧਿ ਆਤਮ ।

ਇਹਨਾਂ ਦੇ ਸੰਘਾਤ = ਸਮੁਦਾਇ ਵਿਚ ਭਾਵ ਤਿੰਨ ਸਰੀਰਾਂ ਵਿਚ ਜੋ ਆਤਮਾ ਬੁੱਧੀ ਕਰਨੀ ਹੈ ਭਾਵ ਜੋ ਇਹਨਾਂ ਨੂੰ ਆਪਣਾ ਸਰੂਪ ਸਮਝਣਾ ਹੈ ਕਿ ਮੇਰਾ ਸਰੀਰ ਆਤਮਾ ਹੈ, ਇੰਦ੍ਰੇ ਵੀ ਆਤਮਾ ਹੈ, ਮਨ, ਬੁੱਧ ਇਹ ਵੀ ਆਤਮਾ ਹੈ, ਪੰਜ ਪ੍ਰਾਣ ਵੀ ਆਤਮਾ ਹੈ, ਇਹ ਸਾਰੇ ਜੜ੍ਹ ਤੱਤਾਂ ਵਿੱਚੋਂ ਆਏ ਹਨ, ਇਹਨਾਂ ਜੜ੍ਹ ਪਦਾਰਥ ਨੂੰ ਆਤਮਾ ਸਮਝ ਲੈਣਾ।

## 'ਬੰਧਨ' ਇਹੀ; ਸਦਾ ਦੁਖ ਕਾਰਣ ।

ਇਹੀ = ਇਸ ਦਾ ਨਾਮ ਹੀ ਬੰਧਨ ਹੈ, ਜੋ ਸਦਾ = ਹਮੇਸ਼ਾ ਹੀ ਦੁੱਖਾਂ ਦਾ ਕਾਰਣ ਹੈ। ਇਸ ਵਿਚ ਜੀਵ ਸਦਾ ਦੁਖੀ ਰਹਿੰਦਾ ਹੈ ਅਤੇ ਜੰਮਣ ਮਰਣ ਦੇ ਅਤੇ ਕਰਮਾਂ ਦੇ ਬੰਧਨ ਵਿਚ ਬੰਨ੍ਹਿਆ ਰਹਿੰਦਾ ਹੈ ਅਤੇ ਇਹੋ ਜਿਹੀ ਬਿਰਤੀ ਪ੍ਰਪੱਕ ਹੋ ਜਾਂਦੀ ਹੈ ਕਿ :

## ਅਹੰ ਦੇਹ; ਲਖਿ ਕਰਹਿ ਉਚਾਰਣ ॥੧੧॥

ਅਹੰ = ਮੈਂ ਦੇਹ ਰੂਪ ਹਾਂ, ਇਉਂ ਲਖਿ = ਜਾਣ ਕਿ ਭਾਵ ਅਨਾਤਮਾ ਦੇ ਵਿਚ ਨਿਸ਼ਚਾ ਕਰਕੇ ਉਚਾਰਣ ਕਰਦਾ ਹੈ ਕਿ ਮੈਂ ਦੇਹ ਹਾਂ, ਉਤਨਾ ਚਿਰ ਸਮਝ ਲਉ ਕਿ ਇਹ ਬੰਧਨ ਵਿਚ ਪਇਆ ਹੋਇਆ ਹੈ ਇਸ ਦਾ ਨਾਮ ਬੰਧਨ ਹੈ। ਸੋ ਸਿੰਘਾਂ ਨੇ ਜੋ ਚੌਥਾ ਪ੍ਰਸ਼ਨ ਕੀਤਾ ਸੀ ਕਿ ਬੰਧਨ ਕੀ ਹੈ, ਉਸਦਾ ਉੱਤਰ ਇਥੇ ਸਮਾਪਤ ਹੋਇਆ ॥੧੧॥

***ਪ੍ਰਸ਼ਨ ੫ :*** ਮੁਕਤੀ ਕੀ ਹੈ ? ਸਿੰਘਾਂ ਦਾ ਇਹ ਪੰਜਵਾਂ ਪ੍ਰਸ਼ਨ ਸੀ, ਹੁਣ ਇਸਦਾ ਉੱਤਰ ਦਿੰਦੇ ਹਨ :

## ਦੋਹਰਾ ॥ ਅੱਭਯਾਸੈ ਗੁਰ ਸ਼ਬਦ ਕੋ; ਮਿਟਹਿ ਦੇਹਿ ਅਭਿਮਾਨ ।

***ਉੱਤਰ ੫ :*** ਜਦੋਂ ਜਗਿਆਸੂ ਗੁਰੂ ਦੇ ਬਖ਼ਸ਼ੇ ਹੋਏ ਉਪਦੇਸ਼ ਗੁਰਮੰਤ੍ਰ ਤੇ ਮੂਲਮੰਤ੍ਰ ਦਾ ਅਭਿਆਸ ਕਰਦਾ ਹੈ ਭਾਵ ਬਾਰ-ਬਾਰ ਧਿਆਨ ਨਾਲ ਇਸ ਦਾ ਚਿੰਤਨ ਕਰਦਾ ਹੈ ਤਦੋਂ ਜਿਹੜਾ ਦੇਹ ਅਭਿਮਾਨ ਸੀ ਕਿ ਮੈਂ ਦੇਹ ਹਾਂ, ਦੇਹ ਅਭਿਮਾਨ ਹੀ ਬੰਧਨ ਦਾ ਕਾਰਨ ਸੀ, ਉਹ ਦੇਹ ਅਭਿਮਾਨ ਮਿਟਹਿ = ਨਵਿਰਤ ਹੋ ਗਿਆ ਭਾਵ ਗੁਰ- ਸ਼ਬਦ ਦੇ ਅਭਿਆਸ ਦੁਆਰਾ ਇਸ ਦੀ ਨਵਿਰਤੀ ਹੋ ਗਈ। ਅਤੇ :

## ਸਤ ਚੇਤਨ ਆਨੰਦ ਮਯ; 'ਮੁਕਤਿ' ਸੁਜਾਨ ਸੁਜਾਨ ॥੧੨॥

ਹੇ ਸੁਜਾਨ = ਸ੍ਰੇਸ਼ਟ ਖ਼ਾਲਸਾ ਜੀ ! ਜਦੋਂ ਸਤ ਚਿਤ ਅਨੰਦ ਆਪਣੇ ਮਯ = ਸਰੂਪ ਨੂੰ ਜਾਣ ਲੈਂਦਾ ਹੈ ਕਿ ਮੈਂ ਸਤ ਚਿਤ ਅਨੰਦ ਸਰੂਪ ਹੀ ਹਾਂ। ਇਹ ਸੁਜਾਨ (ਸੁ + ਜਾਨ) ਸੁ = ਸ੍ਰੇਸ਼ਟ ਜਾਨ = ਜਾਣਕਾਰੀ ਮੁਕਤੀ ਦੀ ਹੈ, ਇਹ ਮੁਕਤੀ ਦਾ ਸਰੂਪ ਹੈ, ਅਸੱਤ ਜੜ੍ਹ ਦੁਖ ਰੂਪ ਦੇਹ ਅਭਿਮਾਨ ਦੀ ਨਵਿਰਤੀ ਤੇ ਸਤ, ਚਿਤ, ਅਨੰਦ ਰੂਪ ਆਤਮਾ ਦੀ ਲਖਤਾ ਇਸ ਦਾ ਨਾਮ ਮੁਕਤੀ ਹੈ। ਸੋ ਸਿੰਘਾਂ ਨੇ ਜੋ ਪੰਜਵਾਂ ਪ੍ਰਸ਼ਨ ਕੀਤਾ ਸੀ ਕਿ ਮੁਕਤੀ ਕੀ ਹੈ ਉਸ ਦਾ ਉੱਤਰ ਇਥੇ ਸਮਾਪਤ ਹੋਇਆ॥੧੨॥

***ਪ੍ਰਸ਼ਨ ੬ :*** ਜਾਗ੍ਰਤ ਅਵਸਥਾ ਕਿਸਨੂੰ ਕਹਿੰਦੇ ਹਨ ? ਇਹ ਸਿੰਘਾਂ ਦਾ ਛੇਵਾਂ ਪ੍ਰਸ਼ਨ ਸੀ, ਹੁਣ ਇਸ ਦਾ ਉੱਤਰ ਦਿੰਦੇ ਹਨ।

## ਸ੍ਵੈਯਾ ਛੰਦ ॥ ਅੱਧਯਾਤਮ ਗੋ ਰੂਪ ਚਤਰਦਸ; ਇਤੇ ਬਿਖਯ ਅਧਭੂਤ ਸੁਜਾਨ ।

ਉੱਤਰ ੬ : ਹੇ ਸੁਜਾਨ = ਸ੍ਰੇਸ਼ਟ ਸਿੰਘੋ ! ਜੋ ਚਤਰਦਸ (ਚਤਰ + ਦਸ) ਚਤਰ = ਚਾਰ + ਦਸ = ਚੌਦਾਂ ਗੋ = ਇੰਦ੍ਰਿਆਂ ਦਾ ਰੂਪ ਹੈ, ਇਸ ਦਾ ਨਾਮ ਅਧਯਾਤਮ ਹੈ, ਚੌਦਾਂ ਇੰਦ੍ਰਿਆਂ ਦੇ ਨਾਮ : ਪੰਜ ਗਿਆਨ ਇੰਦ੍ਰੇ (੧. ਅੱਖਾਂ, ੨. ਕੰਨ, ੩. ਤ੍ਵਚਾ (ਚਮੜੀ) ੪. ਰਸਨਾ ੫. ਨਾਸਿਕਾ) ਤੇ ਪੰਜ ਕਰਮ ਇੰਦ੍ਰੇ (੬. ਜੀਭ, ੭. ਹੱਥ, ੮. ਪੈਰ, ੯. ਲਿੰਗ, ੧੦. ਗੁਦਾ) ਤੇ ੧੧. ਮਨ, ੧੨. ਬੁੱਧ, ੧੩. ਚਿੱਤ, ੧੪. ਹੰਕਾਰ ਅਤੇ ਇਤੇ = ਇਤਨੇ ਹੀ ਭਾਵ ਇਹਨਾਂ ਦੇ ਚੌਦਾਂ ਹੀ ਬਿਖਯ = ਵਿਸ਼ੇ ਹਨ, ਇਹਨਾਂ ਵਿਸ਼ਿਆਂ ਦਾ ਨਾਮ ਅਧੀਭੂਤ ਹੈ, ਇਹਨਾਂ ਚੌਦਾਂ ਵਿਸ਼ਿਆਂ ਦੇ ਨਾਮ ਇਹ ਹਨ : ਪੰਜ ਗਿਆਨ ਇੰਦ੍ਰਿਆਂ ਦੇ ਪੰਜ ਵਿਸ਼ੇ : ੧. ਅੱਖਾਂ ਦਾ ਵਿਸ਼ਾ ਰੂਪ, ੨. ਕੰਨ ਦਾ ਵਿਸ਼ਾ ਸ਼ਬਦ, ੩. ਚਮੜੀ ਦਾ ਵਿਸ਼ਾ ਸਪਰਸ਼ (ਛੁਹਣਾ), ੪. ਜੀਭ ਦਾ ਵਿਸ਼ਾ ਰਸ ਗ੍ਰਹਿਣ ਕਰਨਾ, ੫. ਨਾਸਿਕਾ ਦਾ ਵਿਸ਼ਾ ਸੁਗੰਧੀ, ਦੁਰਗੰਧੀ ਪਰਖਣੀ ਤੇ ਪੰਜ ਕਰਮ ਇੰਦ੍ਰਿਆਂ ਦੇ ਪੰਜ ਵਿਸ਼ੇ : ੬. ਜੀਭ ਦਾ ਵਿਸ਼ਾ ਬੋਲਣਾ, ੭. ਹੱਥ ਦਾ ਵਿਸ਼ਾ ਗ੍ਰਹਿਣ ਕਰਨਾ ਭਾਵ ਪਕੜਨਾ, ੮. ਪੈਰ ਦਾ ਵਿਸ਼ਾ ਚਲਣਾ ਭਾਵ ਤੁਰਨਾ, ੯. ਲਿੰਗ ਦਾ ਵਿਸ਼ਾ ਕਾਮ ਭਾਵ ਸੁਆਦ ਲੈਣਾ, ੧੦ ਗੁਦਾ ਦਾ ਵਿਸ਼ਾ ਮਲ ਤਿਆਗ ਤੇ ੧੧. ਮਨ ਦਾ ਵਿਸ਼ਾ ਸੰਕਲਪ-ਵਿਕਲਪ ਕਰਨਾ, ੧੨. ਬੁੱਧ ਦਾ ਵਿਸ਼ਾ ਨਿਸ਼ਚੇ ਕਰਨਾ, ੧੩. ਚਿੱਤ ਦਾ ਵਿਸ਼ਾ ਚਿੰਤਨ ਕਰਨਾ, ੧੪. ਹੰਕਾਰ ਦਾ ਵਿਸ਼ਾ ਅਹੰ ਬਿਰਤੀ।

## ਇਨਹੁ ਦੇਵ ਅਧਿਦੇਵ ਚਤਰਦਸ; ਬਯਾਲੀ ਫੁਰਹਿੰ ਭਾਵ ਬਿਦਮਾਨ ।

ਇਨਹੁ = ਇਹਨਾਂ ਚਤਰਦਸ (ਚਤਰ + ਦਸ) ਚਤਰ = ਚਾਰ + ਦਸ = ਚੌਦਾਂ ਇੰਦ੍ਰਿਆਂ ਦੇ ਜੋ ਚੌਦਾਂ ਦੇਵ = ਦੇਵਤੇ ਹਨ, ਉਹਨਾਂ ਦਾ ਨਾਮ ਅਧਿਦੈਵ ਹੈ, ਚੌਦਾਂ ਇੰਦ੍ਰਿਆਂ ਦੇ ਚੌਦਾਂ ਦੇਵਤਿਆਂ ਦੇ ਨਾਮ : ਪੰਜ ਗਿਆਨ ਇੰਦ੍ਰਿਆਂ ਦੇ ਪੰਜ ਦੇਵਤੇ। ੧. ਅੱਖਾਂ ਦਾ ਦੇਵਤਾ ਸੂਰਜ, ੨. ਕੰਨਾਂ ਦਾ ਦੇਵਤਾ ਦਿਗਪਾਲ, ੩.

ਚਮੜੀ ਦਾ ਦੇਵਤਾ ਪਉਣ ਦੇਵਤਾ, ੪. ਰਸਨਾ ਦਾ ਦੇਵਤਾ ਵਰਨ ਦੇਵਤਾ, ੫. ਨਾਸਿਕਾ ਦਾ ਦੇਵਤਾ ਅਸਵਨੀ ਕੁਮਾਰ ਤੇ ਪੰਜ ਕਰਮ ਇੰਦ੍ਰਿਆਂ ਦੇ ਪੰਜ ਦੇਵਤੇ। ੬. ਜੀਭ ਦਾ ਦੇਵਤਾ ਅਗਨੀ ਦੇਵਤਾ, ੭. ਹੱਥ ਦਾ ਦੇਵਤਾ ਇੰਦ੍ਰ ਦੇਵਤਾ, ੮. ਪੈਰ ਦਾ ਦੇਵਤਾ ਉਪਿੰਦਰ ਦੇਵਤਾ ਭਾਵ ਵਿਸ਼ਨੂੰ (ਇੰਦ੍ਰ ਦਾ ਛੋਟਾ ਭਰਾ ਅਦਿੱਤੀ ਦੀ ਕੁੱਖ ਤੋਂ ਪੈਦਾ ਹੋਇਆ ਬਾਵਨ ਅਵਤਾਰ ਜੋ ਵਿਸ਼ਨੂੰ ਦਾ ਅਵਤਾਰ ਹੋਣ ਕਰਕੇ ਪੈਰਾਂ ਦਾ ਦੇਵਤਾ ਵਿਸ਼ਨੂੰ ਕਿਹਾ ਜਾਂਦਾ ਹੈ), ੯. ਲਿੰਗ ਦਾ ਦੇਵਤਾ ਪਰਜਾਪਤੀ (ਬ੍ਰਹਮਾ), ੧੦. ਗੁਦਾ ਦਾ ਦੇਵਤਾ ਧਰਮਰਾਜ, ੧੧. ਮਨ ਦਾ ਦੇਵਤਾ ਚੰਦ੍ਰਮਾ, ੧੨. ਬੁੱਧ ਦਾ ਦੇਵਤਾ ਬ੍ਰਹਮਾ **ਵਾ:** ਬ੍ਰਹਸਪਤੀ, ੧੩. ਚਿੱਤ ਦਾ ਦੇਵਤਾ ਖੇਤ੍ਰੱਗ **ਵਾ:** ਵਾਸੁਦੇਵ, ੧੪. ਹੰਕਾਰ ਦਾ ਦੇਵਤਾ ਸ਼ਿਵਜੀ ਭਾਵ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਚਾਰ ਅੰਤਸ਼ਕਰਨ ਦੇ ਭੇਦ ਇਹ ਚੌਦਾਂ ਹੋ ਗਏ ਤੇ ਚੌਦਾਂ ਇਹਨਾਂ ਦੇ ਵਿਸ਼ੇ ਤੇ ਚੌਦਾਂ ਇਹਨਾਂ ਦੇ ਦੇਵਤੇ ੧੪ x ੩ = ੪੨ ਹੋ ਗਏ ਤੇ ਉਪਰੋਕਤ ਤੁਕ ਦੇ ਵਿਚ ਇਹ ਕਿਹਾ ਗਿਆ ਹੈ ਕਿ ਜਿਥੇ ਇਹ ਬਿਆਲੀ ਭਾਵ ਫੁਰਹਿ = ਸਫੁਰਨ ਹੋ ਕੇ ਬਿਦਮਾਨ = ਪ੍ਰਗਟ ਹੁੰਦੇ ਹਨ ਭਾਵ ਆਪਣਾ ਕੰਮ ਕਰਦੇ ਹਨ, ਜਾਗ੍ਰਤ ਅਵਸਥਾ ਵਿਚ ਜਿਥੇ ਇਹ ਸਫੁਰਨ ਹੁੰਦੇ ਹਨ, ਉਥੇ ਜਿਨ੍ਹਾਂ ਦਾ ਅਭਾਵ ਹੁੰਦਾ ਹੈ, ਹੁਣ ਉਹ ਦੱਸਦੇ ਹਨ:

## ਸੁਖਪਤਿ ਸੁਪਨ ਅਭਾਵ ਫੁਰੈ ਗਨ; ਮੂਰਤਿ ਬਯਸ਼੍ਰਿ ਸਮਸ਼੍ਰਿ ਪਛਾਨ।

ਜਿਥੇ ਸੁਖੋਪਤੀ ਅਵਸਥਾ ਦਾ ਅਭਾਵ ਹੈ ਭਾਵ ਜੋ ਗੂੜ੍ਹੀ ਨੀਂਦ ਦੇ ਵਿਚ ਮਨੁੱਖ ਬੇਸੁਰਤੀ ਵਿਚ ਪਇਆ ਹੁੰਦਾ ਹੈ ਅਤੇ ਸੁਪਨ ਅਵਸਥਾ ਜਿਸ ਦੇ ਵਿਚ ਅਨੇਕਾਂ ਪ੍ਰਕਾਰ ਦੇ ਸੁਪਨੇ ਆਉਂਦੇ ਹਨ ਇਉਂ ਦੋਨਾਂ ਅਵਸਥਾ ਦਾ ਅਭਾਵ = ਨਾ ਹੋਣਾ ਅਤੇ ਬਿਆਲੀ ਭਾਵ ਦੇ ਨਾਲ ਮੂਰਤਿ = ਸ਼ਕਲਾਂ ਸਮਸ਼੍ਰਿ = ਸਾਰੀਆਂ ਇਕੱਠੀਆਂ ਜਿਵੇਂ ਹਜ਼ਾਰਾਂ ਮਨੁੱਖਾਂ ਦਾ ਇਕੱਠ ਹੈ ਉਹ ਗਨ = ਸਾਰਾ ਇਕੱਠੇ ਰੂਪ ਵਿਚ ਫੁਰੈ = ਸਫੁਰਨ ਹੋ ਗਿਆ ਕਿ ਸੌ ਮਨੁੱਖ ਬੈਠਾ ਹੈ ਜਾਂ ਹਜ਼ਾਰਾਂ ਮਨੁੱਖ ਬੈਠਾ ਹੈ, ਇਹ ਸਮਸ਼ਟੀ ਰੂਪ ਦੇ ਵਿਚ ਸਾਰੀਆਂ ਇਕੱਠੀਆਂ ਦਿੱਖਣੀਆਂ ਅਤੇ ਬਯਸ਼ਟੀ ਰੂਪ ਵਿਚ ਵੱਖਰੀਆਂ-ਵੱਖਰੀਆਂ ਸ਼ਕਲਾਂ ਦੀ ਪਛਾਨ ਹੋਈ ਕਿ ਜਿਵੇਂ ਇਹ ਫਲਾਣੀ ਚੀਜ਼ ਹੈ, ਫਲਾਣੀ ਚੀਜ਼ ਹੈ ਭਾਵ ਬਯਸ਼੍ਰਿ = ਵੱਖਰਾ ਤੇ ਸਮਸ਼੍ਰਿ = ਸਾਰਾ ਇਸ ਦੀ ਪਛਾਣ ਹੋਈ।

## ਫੁਰੈ ਸਰਬ ਸਾਖੀ ਮਹਿ 'ਜਾਗ੍ਰਿਤਿ'; ਵਿਸ਼੍ਵ ਅਭਿਮਾਨੀ ਕੀ ਲਿਹੁ ਮਾਨਿ ॥੧੩॥

ਜਿਥੇ ਸਰਬ = ਸਾਰੇ ਸਾਖੀ ਵਿਚ ਫੁਰੈ = ਸਫੁਰਨ ਹੁੰਦੇ ਹਨ, ਉਹ ਜਾਗ੍ਰਤ ਅਵਸਥਾ ਹੈ, ਸਾਖੀ ਤੋਂ ਭਾਵ ਜੀਵਾਤਮਾ ਜਿਸ ਦਾ ਨਾਮ ਵਿਸ਼ਵ ਅਭਿਮਾਨੀ ਨਾਮ ਹੈ ਤੇ ਜਾਗ੍ਰਤ ਅਵਸਥਾ ਦਾ ਮਾਲਕ ਹੋਣ ਕਰਕੇ ਜਾਗ੍ਰਤ ਵਿਸ਼ਵ ਅਭਿਮਾਨੀ ਵੀ ਕਿਹਾ ਹੈ, ਇਹ ਜਾਗ੍ਰਤ ਅਵਸਥਾ ਦਾ ਵਿਸ਼ਵ ਨਾਮੇ ਜੀਵ ਹੈ, ਸੱਜੇ ਨੇਤ੍ਰ ਦੇ ਪਿਛਲੇ ਪਾਸੇ ਉਸਦਾ ਟਿਕਾਣਾ ਵੇਦਾਂਤ ਮਤ ਵਾਲਿਆਂ ਨੇ ਮੰਨਿਆ ਹੈ ਵਿਸ਼ਵ ਸੰਸਾਰ ਦਾ ਅਭਿਮਾਨੀ ਕਿ ਮੈਂ ਦੇਖਣ ਵਾਲਾ ਹਾਂ ਭਾਵ ਇਹ ਜਾਗ੍ਰਤ ਅਵਸਥਾ ਨੂੰ ਅਨੁਭਵ ਕਰਦਾ ਹੈ ਕਿ ਮੈਂ ਜਾਗਦਾ ਹਾਂ, ਇਸ ਕਰਕੇ ਇਸ ਨੂੰ ਜਾਗ੍ਰਤ ਦਾ ਅਭਿਮਾਨੀ ਕਹਿੰਦੇ ਹਨ। ਸੋ ਜੋ ਭਾਈ ਦਇਆ ਸਿੰਘ ਜੀ ਨੂੰ ਸਿੰਘਾਂ ਨੇ ਪੁੱਛਿਆ ਸੀ ਕਿ ਜਾਗ੍ਰਤ ਅਵਸਥਾ ਕਿਸਨੂੰ ਕਹਿੰਦੇ ਹਨ, ਇਹ ਭਾਈ ਸਾਹਿਬ ਨੇ ਉਸਦੀ ਵਿਆਖਿਆ ਕੀਤੀ ਹੈ, ਸੋ ਇਥੇ ਛੇਵੇਂ ਪ੍ਰਸ਼ਨ ਦੀ ਸਮਾਪਤੀ ਹੋ ਗਈ ਹੈ॥੧੩॥

***ਪ੍ਰਸ਼ਨ ੭ :*** ਸੁਪਨ ਅਵਸਥਾ ਕੀ ਹੈ ? ਇਹ ਸਿੰਘਾਂ ਦਾ ਸੱਤਵਾਂ ਪ੍ਰਸ਼ਨ ਸੀ, ਹੁਣ ਭਾਈ ਦਇਆ ਸਿੰਘ ਜੀ ਇਸ ਦਾ ਉੱਤਰ ਦਿੰਦੇ ਹਨ:

## ਥੂਲ ਸਰੀਰ ਨ ਥੂਲ ਵਿਖਯ ਨਹਿਂ, ਸੁਖਪਤਿ ਕੋ ਅਭਾਵ ਜਿਸ ਮਾਂਹਿ।

***ਉੱਤਰ ੭ :*** ਜਿਸ ਅਵਸਥਾ ਵਿਚ ਨਾ ਥੂਲ = ਅਸਥੂਲ ਸਰੀਰ ਅਤੇ ਨਾ ਹੀ ਥੂਲ = ਅਸਥੂਲ

ਵਿਖਯ = ਵਿਸ਼ੇ ਸਫੁਰਨ ਹੋਣ ਅਤੇ ਜਿਸ ਮਾਂਹਿ = ਵਿਚ ਸਖੋਪਤੀ ਅਵਸਥਾ ਭਾਵ ਗੂੜ੍ਹੀ ਨੀਂਦ ਕੋ = ਦਾ ਅਭਾਵ ਨਾ ਹੋਣਾ ਹੋਵੇ ਭਾਵ ਉਸ ਦੀ ਨਵਿਰਤੀ ਹੋਵੇ ਅਤੇ :

## ਜੇ ਚੌਦਹਿ ਅੱਧਜਾਤਮਾਦਿ ਕੀ; ਰਹਿਤ ਸਮੱਗ੍ਰ ਵਾਸ਼ਨਾ ਜਾਂਹਿ।

ਜੇ = ਜੋ ਪਿੱਛੇ ਚੌਦਾਂ ਅੱਧਜਾਤਮ ਆਦਿ ਭਾਵ ੪੨ ਦਾ ਸਮੂਹ ਹੈ ਭਾਵ ਚੌਦਾਂ ਅਧਜਾਤਮ, ਚੌਦਾਂ ਅਧੀਭੂਤ, ਚੌਦਾਂ ਅਧਿਦੇਵ ਭਾਵ ੧੪ x ੩ = ੪੨ ਜਾਂਹਿ = ਜਿਥੇ ਇਹ ਸਮੱਗ੍ਰ = ਸਾਰੀਆਂ ਵਾਸ਼ਨਾ ਰਹਿਤ = ਰਹਿੰਦੀਆਂ ਹਨ, ਉਥੇ :

## ਅਵਿੱਦਯਾ ਮਯ ਸੂਖਮ ਵਿਵਹਾਰ ਜੁ; ਫੁਰੈ ਅਮੂਰਤਿ ਸਾਖੀ ਮਾਂਹਿ।

ਜੋ ਵਿਵਹਾਰ ਹੋ ਰਿਹਾ ਹੈ, ਉਹ ਸੂਖਮ ਰੂਪ ਵਿਚ ਹੋ ਰਿਹਾ ਹੈ, ਉਹ ਅਵਿੱਦਯਾ ਮਯ = ਰੂਪ ਹੈ, ਉਹ ਸਾਖੀ ਵਿਚ ਅਮੂਰਤਿ = ਬਿਨਾਂ ਸ਼ਕਲਾਂ ਤੋਂ ਫੁਰੈ = ਸਫੁਰਨ ਹੋ ਰਿਹਾ ਹੈ ਭਾਵ ਪ੍ਰਤੀਤ ਹੁੰਦਾ ਹੈ ਜਿਵੇਂ ਹਾਥੀ, ਘੋੜੇ, ਸਮੁੰਦਰ, ਨਦੀਆਂ, ਪਹਾੜ, ਮਿੱਤਰ, ਦੁਸ਼ਮਣ ਇਹ ਸਭ ਸੂਖਮ ਰੂਪ ਵਿਚ ਪ੍ਰਤੀਤ ਹੁੰਦੇ ਹਨ, ਇਹ ਅਵਸਥਾ :

## ਤੈਜਸ ਅਭਿਮਾਨੀ ਕੀ ਜਾਨਹੁ; 'ਸੁਪਨਾਵਸਥਾ' ਕਹੀਯੈ ਤਾਂਹਿ ॥੧੪॥

ਜਾਨਹੁ = ਜਾਨਣਾ ਕਰੋ ਕਿ ਤੈਜਸ ਅਭਿਮਾਨੀ ਨਾਮੇ ਜੀਵ ਕੀ = ਦੀ ਹੈ, ਤਾਂਹਿ = ਇਸੇ ਦਾ ਨਾਮ ਸੁਪਨ ਅਵਸਥਾ ਕਹੀਯੈ = ਕਹੀਦਾ ਹੈ, ਜੋ ਜਾਗ੍ਰਤ ਅਵਸਥਾ ਵਿਚ ਵਿਸ਼ਵ ਅਭਿਮਾਨੀ ਜੀਵ ਕਹਿਲਾਉਂਦਾ ਹੈ, ਉਹ ਸੱਜੇ ਨੇਤ੍ਰ ਦੇ ਪਿੱਛੋਂ ਆਪਣਾ ਨਿਵਾਸ ਛੱਡ ਕੇ ਜਦੋਂ ਕੰਠ ਵਿਚ ਆ ਜਾਂਦਾ ਹੈ ਇਥੇ ਕੰਠ ਵਿਚ ਪ੍ਰਤੀਤ ਨਾਮੇ ਨਾੜੀ ਜੋ ਵਾਲ ਦੇ ਸੌਂਵੇਂ ਹਿੱਸੇ ਜਿੰਨੀ ਸੂਖਮ ਹੈ, ਕਿਰਿਆ ਤੇ ਅਸਥਾਨ ਭੇਦ ਕਰਕੇ ਇਸ ਦਾ ਤੈਜਸ ਨਾਮੇ ਜੀਵ ਹੋ ਗਿਆ, ਜਿਵੇਂ ਮਨੁੱਖ ਫ਼ੌਜ ਛੱਡ ਕੇ ਪੁਲਿਸ ਵਿਚ ਭਰਤੀ ਹੋ ਜਾਵੇ ਤਾਂ ਫ਼ੌਜੀ ਦੀ ਥਾਂ ਉਸ ਨੂੰ ਪੁਲਸੀਆਂ ਕਿਹਾ ਜਾਵੇਗਾ, ਇਸੇ ਤਰ੍ਹਾਂ ਟਿਕਾਣਾ ਬਦਲਣ ਕਰਕੇ ਵਿਸ਼ਵ ਤੋਂ ਤੈਜਸ ਅਭਿਮਾਨੀ ਨਾਮੇ ਜੀਵ ਹੋ ਗਿਆ ਤੇ ਜਾਗ੍ਰਤ ਨਾਲੋਂ ਅਵਸਥਾ ਸੁਪਨ ਅਵਸਥਾ ਵੱਖਰੀ ਹੋ ਗਈ ਤੇ ਸੁਪਨ ਅਵਸਥਾ ਵਿਚ ਵੱਖਰੀ ਸੂਖਮ ਸ੍ਰਿਸ਼ਟੀ ਇਹ ਜੀਵ ਰਚ ਲੈਂਦਾ ਹੈ ਜੋ ਉੱਪਰ ਪ੍ਰਤੀਤ ਨਾਮੇ ਨਾੜੀ ਦਾ ਜ਼ਿਕਰ ਆਇਆ, ਜੇ ਅਸੀਂ ਨਾੜੀਆਂ ਦਾ ਜ਼ਿਕਰ ਕਰੀਏ ਤਾਂ ਜੋਗ ਸਾਸਤ੍ਰ ਵਿਚ ੭੨ ਕਰੋੜ ੭੨ ਲੱਖ ੧੦ ਹਜ਼ਾਰ ਦੋ ਸੌ ਇਕ ਨਾੜੀ ਹੈ ਜੋ ਅਸਥੂਲ ਤੇ ਸੂਖਮ ਰੂਪ ਵਿਚ ਸਰੀਰ ਵਿਚ ਨਿਵਾਸ ਕਰਦੀਆਂ ਹਨ, ਉਹਨਾਂ ਦੇ ਵਿੱਚੋਂ ਹੀ ਸੂਖਮ ਨਾੜੀ ਪ੍ਰਤੀਤ ਨਾਮੇ ਹੈ ਜਿਥੇ ਸੁਪਨਾ ਆਉਂਦਾ ਹੈ, ਇਹ ਸੁਪਨ ਅਵਸਥਾ ਦਾ ਕਥਨ ਭਾਈ ਦਇਆ ਸਿੰਘ ਜੀ ਨੇ ਕੀਤਾ ਜੋ ਸਿੰਘਾਂ ਨੇ ਸੱਤਵਾਂ ਪ੍ਰਸ਼ਨ ਕੀਤਾ ਸੀ, ਹੁਣ ਇਥੇ ਇਸ ਦੀ ਸਮਾਪਤੀ ਹੋ ਗਈ ਹੈ ॥੧੪॥

***ਪ੍ਰਸ਼ਨ ੮ :*** ਸਖੋਪਤੀ ਅਵਸਥਾ ਕੀ ਹੈ ? ਇਹ ਸਿੰਘਾਂ ਦਾ ਅੱਠਵਾਂ ਪ੍ਰਸ਼ਨ ਸੀ, ਹੁਣ ਇਸ ਦਾ ਉੱਤਰ ਦਿੰਦੇ ਹਨ :

## ਸਮੱਗ੍ਰ ਵਾਸ਼ਨਾਮਯ ਜੁ ਅਮੂਰਤਿ; ਸਰਵ ਅਵਿੱਦਯਾ ਕੋ ਵਿਵਹਾਰ।

***ਉੱਤਰ ੮ :*** ਸਖੋਪਤੀ ਅਵਸਥਾ ਦਾ ਕਥਨ ਕਰਦੇ ਹੋਏ ਦੱਸਦੇ ਹਨ ਕਿ ਜੋ ਸਮੱਗ੍ਰ = ਸਾਰੀਆਂ ਵਾਸ਼ਨਾ ਹਨ, ਉਹਨਾਂ ਦਾ ਅਮੂਰਤਿ = ਸ਼ਕਲਾਂ ਤੋਂ ਬਿਨਾਂ ਰੂਪ ਹੈ ਭਾਵ ਸ਼ਕਲਾਂ ਤੋਂ ਬਿਨਾਂ ਸੂਖਮ ਰੂਪ ਵਿਚ ਦਿੱਸਦੀਆਂ ਹਨ, ਇਹ ਸਰਵ = ਸਾਰਾ ਵਿਵਹਾਰ = ਕਰਤੱਵ ਅਵਿੱਦਯਾ ਕੋ = ਦਾ ਹੈ।

## ਕਾਰਣ ਦੇਹ ਅਵਿੱਦਯਾ ਮਹਿਂ ਏ; ਭਏ ਲੀਨ ਸੂਖਮਤਾ ਸਾਰ।

ਜਿਹੜੀ ਏ = ਇਹ ਕਾਰਣ ਦੇਹ ਹੈ, ਇਹ ਅਵਿੱਦਯਾ ਦੇ ਵਿਚ ਸਾਰ = ਸਾਰੇ ਸੂਖਮਤਾ = ਸੂਖਮ ਰੂਪ ਵਿਚ ਲੀਨ ਭਏ = ਹੁੰਦੇ ਹਨ।

## ਸਾਖੀ ਗਯਾਨ ਰਹਯੋ ਸਨ ਮਾਤ੍ਰੰ; 'ਪ੍ਰਾਗ ਅਭਿਮਾਨੀ ਕੀ' ਨਿਰਧਾਰ।

ਸਿਰਫ਼ ਜਿਥੇ ਸਾਖੀ ਗਿਆਨ ਸਹਿਤ ਰਹਿੰਦਾ ਹੈ ਤੇ ਸਨ = ਅਸਤੀ ਭਾਵ ਸੱਤਯ ਮਾਤ੍ਰ ਰੂਪ ਹੋ ਕੇ ਭਾਵ ਜਦੋਂ ਗੂੜ੍ਹੀ ਨੀਂਦ ਵਿੱਚੋਂ ਉੱਠਦਾ ਹੈ ਤਾਂ ਕਹਿੰਦਾ ਹੈ ਕਿ ਸੌਂ ਕੇ ਪਤਾ ਨਹੀਂ ਰਿਹਾ ਕਿ ਮੈਂ ਕਿਥੇ ਪਿਆ ਸੀ ਐਸੀ ਗੂੜ੍ਹੀ ਨੀਂਦ ਆਈ ਕਿ ਸੌਂ ਕੇ ਸੁਰਤ ਨਹੀਂ ਰਹੀ ਤੇ ਬੜਾ ਅਨੰਦ ਆਇਆ। ਇਹ ਅਨੰਦ ਨੂੰ ਤੇ ਗੂੜ੍ਹੀ ਨੀਂਦ ਨੂੰ ਜਾਨਣ ਵਾਲਾ ਭਾਵ ਇਸ ਦੇ ਗਿਆਨ ਵਾਲਾ ਉਹ ਸਾਖੀ ਹੈ, ਇਥੇ ਜੀਵਾਤਮਾ ਜੋ ਜਾਗ੍ਰਤ ਵਿਚ ਸੱਜੇ ਨੇਤ੍ਰ ਦੇ ਪਿੱਛੇ ਵਿਸ਼ਵ ਨਾਮੇ ਜੀਵ ਹੋ ਕੇ ਨਿਵਾਸ ਕਰਦਾ ਸੀ ਤੇ ਸੁਪਨ ਅਵਸਥਾ ਵਿਚ ਕੰਠ ਵਿਚ ਪ੍ਰਤੀਤ ਨਾਮੇ ਨਾੜੀ ਵਿਚ ਤੈਜਸ ਨਾਮੀ ਜੀਵ ਹੋ ਕਰਕੇ ਰਹਿ ਰਿਹਾ ਸੀ ਹੁਣ ਸਖੋਪਤੀ ਵਿਚ ਟਿਕਾਣਾ ਬਦਲ ਕੇ ਪ੍ਰਾਗਯ ਅਭਿਮਾਨੀ ਕਹਿਲਾਉਂਦਾ ਹੈ, ਇਹ ਅਵਸਥਾ ਪ੍ਰਾਗਯ ਅਭਿਮਾਨੀ ਕੀ = ਦੀ ਹੈ, ਇਹ ਨਿਰਧਾਰ = ਨਿਰਨੇ ਕਰਕੇ ਜਾਣ ਲਉ।

## ਇਹ 'ਸੁਖਪਤੀ ਅਵਸਥਾ' ਲਖਿ ਸਿਖ !;<br>ਤੀਨਹੁ ਭਲੀ ਭਲੇ ਉਰ ਧਾਰਿ ॥੧੫॥

ਹੇ ਸਿੱਖੋ ! ਇਸ ਦਾ ਨਾਮ ਸੁਖਪਤੀ = ਸਖੋਪਤੀ ਅਵਸਥਾ ਲਖਿ = ਜਾਣ ਲੈਣਾ ਕਰੋ ਤੇ ਇਹ ਤੀਨਹੁ = ਤਿੰਨੇ ਅਵਸਥਾ ਜਾਗ੍ਰਤ, ਸੁਪਨ, ਸਖੋਪਤੀ ਭਲੀ ਪ੍ਰਕਾਰ ਕਹਿ ਸੁਣਾਈਆਂ ਹਨ, ਇਹਨਾਂ ਨੂੰ ਭਲੇ = ਚੰਗੀ ਤਰ੍ਹਾਂ ਉਰ = ਹਿਰਦੇ ਵਿਚ ਧਾਰਿ = ਧਾਰਣ ਕਰ ਲਵੋ, ਇਹਨਾਂ ਦਾ ਚੰਗੀ ਤਰ੍ਹਾਂ ਵਿਸਥਾਰ ਕਰ ਦਿੱਤਾ ਹੈ। ਸੋ ਜੋ ਸਿੰਘਾਂ ਨੇ ਅੱਠਵਾਂ ਪ੍ਰਸ਼ਨ ਕੀਤਾ ਸੀ, ਉਸ ਦੀ ਇਥੇ ਸਮਾਪਤੀ ਹੋ ਗਈ ਹੈ॥੧੫॥

***ਪ੍ਰਸ਼ਨ ੯ :*** ਮੂਰਛਾ ਕੀ ਹੈ ? ਇਹ ਸਿੰਘਾਂ ਦਾ ਨੌਂਵਾਂ ਪ੍ਰਸ਼ਨ ਸੀ, ਹੁਣ ਇਸ ਦਾ ਉੱਤਰ ਦਿੰਦੇ ਹਨ :

## ਜਾਗ੍ਰਤ ਮਹਿਂ ਕਿਸ ਕਾਰਣ ਤੇ ਕਿਤ; ਲਗਹਿ ਚੋਟ ਜਹਿਂ ਮਰਮ ਸਥਾਨ।

***ਉੱਤਰ ੯ :*** ਜਾਗ੍ਰਤ, ਸੁਪਨ, ਸਖੋਪਤੀ ਤਿੰਨਾਂ ਦਾ ਨਿਰਨਾ ਕਰ ਕੇ ਹੁਣ ਮੂਰਛਾ ਕਥਨ ਕਰਦੇ ਹਨ ਕਿ ਜਾਗ੍ਰਤ ਅਵਸਥਾ ਦੇ ਵਿਚ ਕਿਤ = ਕਿਸੇ ਵੀ ਕਾਰਣ ਤੇ ਮਰਮ = ਨਾਜ਼ੁਕ ਸਥਾਨ = ਜਗ੍ਹਾ 'ਤੇ ਚੋਟ ਲਗਹਿ = ਲੱਗ ਜਾਵੇ ਭਾਵ ਦਾਨਿਆਂ ਨੇ ਮਰਮ ਅਸਥਾਨ ਸਰੀਰ ਵਿਚ ਅੱਠ ਮੰਨੇ ਹਨ, ਜਿਵੇਂ ਦਿਲ, ਦਿਮਾਗ਼, ਗਿੱਚੀ, ਤਾਲੂਏ ਵਾਲੀ ਜਗ੍ਹਾ, ਪੁੜਪੜੀਆਂ, ਫੇਫੜੇ, ਗੁਪਤ ਇੰਦਰੇ, ਅੰਡ ਕੋਸ਼ ਆਦਿ ਹਨ ਜਹਿ = ਜਿਥੇ ਚੋਟ ਲੱਗਣ 'ਤੇ ਮਨੁੱਖ ਬੇਹੋਸ਼ ਹੋ ਜਾਂਦਾ ਹੈ।

## ਕਿਧੌਂ ਰੋਗ ਕੈ ਅਪਰ ਹੇਤ ਹੁਇ; ਜੌ ਲੌ ਰਹੇ ਅਚੇਤ ਮਹਾਂਨ।

ਜਾਂ ਫਿਰ ਕਿਤੇ ਰੋਗ ਹੀ ਐਸਾ ਲੱਗ ਜਾਵੇ, ਜਿਸ ਦੇ ਕਾਰਨ ਮਨੁੱਖ ਬੇਹੋਸ਼ ਹੋ ਜਾਵੇ ਤੇ ਸਾਹ ਚੱਲਦੇ ਰਹਿਣ ਜਾਂ ਕਿਤੇ ਅਪਰ ਹੇਤ = ਹੋਰ ਕਾਰਨ ਭਾਵ ਉੱਚੇ ਥਾਂ ਤੋਂ ਡਿੱਗ ਜਾਵੇ, ਐਕਸੀਡੈਂਟ ਹੋ ਜਾਵੇ, ਜੌ ਲੌ = ਜਿੰਨੀ ਦੇਰ ਤੱਕ ਮਨੁੱਖ ਮਹਾਂਨ = ਬਹੁਤਾ ਅਚੇਤ = ਬੇਹੋਸ਼ ਰਹੇ = ਰਹਿੰਦਾ ਹੈ, ਜਿਸ ਨੂੰ ਕੋਈ ਵੈਰੀ, ਮਿੱਤ੍ਰ ਤੇ ਕੌਣ ਮੇਰੀ ਸੰਭਾਲ ਕਰ ਰਿਹਾ ਹੈ ਜਾਂ ਫੇਰ ਘਰ ਜਾਂ ਬਾਹਰ ਹਾਂ, ਇਹ ਸੋਝੀ ਖ਼ਤਮ ਹੋ ਜਾਂਦੀ ਹੈ।

## ਤੌ ਲੌਂ ਸਾਖੀ ਕੇਰ ਅਵਾਂਤਰ; ਵਿੱਸ਼੍ਵ ਅਭਿਮਾਨੀ ਕੋ ਪਹਿਚਾਨ।

ਤੌ ਲੌਂ = ਉਨੀ ਦੇਰ ਤੱਕ ਸਾਖੀ = ਦ੍ਰਿਸ਼ਟਾ ਹੈ, ਉਹ ਅੰਦਰ ਹੋ ਕੇ ਪ੍ਰਕਾਸ਼ਦਾ ਹੈ, ਉਸ ਕੇਰ = ਦਾ ਨਾਮ ਹੀ ਸਾਖੀ ਹੈ, ਉਹੀ ਜਾਣਦਾ ਹੈ, ਉਹੀ ਜਣਾਉਂਦਾ ਵੀ ਹੈ, ਇਸ ਕਰਕੇ ਅਵਾਂਤਰ = ਅੰਦਰ ਹੀ ਦ੍ਰਿਸ਼ਟਾ ਹੈ ਜੋ ਸਭ ਕੁੱਝ ਦੇਖਦਾ ਹੈ, ਇਸ ਅਵਸਥਾ ਦਾ ਅਭਿਮਾਨੀ ਵੀ ਵਿਸ਼ਵ ਨਾਮੇ ਜੀਵ ਹੀ ਹੈ ਕਿਉਂਕਿ ਜਦੋਂ ਹੋਸ਼ ਆਉਂਦੀ ਹੈ ਤਾਂ ਫਿਰ ਕਹਿੰਦਾ ਹੈ ਮੈਂ ਬੜਾ ਬੇਹੋਸ਼ ਹੋਇਆ ਸੀ, ਮੈਨੂੰ ਪਤਾ ਨਹੀਂ ਲੱਗਿਆ ਕਿ ਮੈਂ ਕਿਥੇ ਪਿਆ ਹਾਂ, ਮੈਂ ਤਾਂ ਇਕ ਤਰ੍ਹਾਂ ਦਾ ਮਰ ਹੀ ਗਿਆ ਸੀ, ਇਸ ਤਰ੍ਹਾਂ ਜਿਹੜਾ ਮਹਿਸੂਸ ਕਰਾਉਂਦਾ ਹੈ, ਤੇ ਬੇਹੋਸ਼ ਹੋਏ ਨੂੰ ਦੇਖ ਰਿਹਾ ਸੀ, ਉਸ ਦਾ ਨਾਮ ਵਿਸ਼ਵ ਨਾਮੇ ਜੀਵ ਪਹਿਚਾਨ = ਜਾਣ ਲਵੋ।

## ਕਹੈ 'ਮੂਰਛਾ' ਕੋ ਸਰੂਪ ਇਹ; ਜਾਵਦ ਨਹੀਂ ਪ੍ਰਾਨ ਕੋ ਹਾਨ ॥੧੬॥

ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਹੇ ਖ਼ਾਲਸਾ ਜੀ! ਇਹ ਮੂਰਛਾ ਦਾ ਸਰੂਪ ਕਿਹਾ ਹੈ, ਜਿੰਨੀ ਦੇਰ ਤੱਕ ਪ੍ਰਾਨ = ਸੁਆਸ ਚੱਲ ਰਹੇ ਹਨ ਪਰ ਉਹਨਾਂ ਦੇ ਪ੍ਰਾਨ ਹਾਨ = ਨਾਸ ਨਹੀਂ ਹੋਏ, ਪਰ ਕਿਰਿਆ ਹੀਣ ਹੋ ਕੇ ਅਚੇਤ ਅਵਸਥਾ ਵਿਚ ਪਿਆ ਹੈ ਜਿਵੇਂ ਕਈ ਵਾਰ ਬਰਫ਼ਾਨੀ ਥਾਂ 'ਤੇ ਮਨੁੱਖ ਨੂੰ ਬੇਹੋਸ਼ੀ ਹੋ ਜਾਂਦੀ ਹੈ, ਜਾਗ੍ਰਤ ਅਵਸਥਾ ਖ਼ਤਮ ਹੋ ਗਈ ਸਰੀਰ ਅਜੇ ਤਿਆਗਿਆ ਨਹੀਂ ਅਤੇ ਕਈਆਂ ਨੂੰ ਮਰਨ ਤੋਂ ਪਹਿਲਾਂ ਮੂਰਛਾ ਆ ਜਾਂਦੀ ਹੈ। ਸੋ ਇਹ ਅਵਸਥਾ ਮੂਰਛਾ ਦੀ ਕਹੀ ਹੈ ਜਿਵੇਂ ਲੰਕਾ ਦੇ ਯੁੱਧ ਵਿਚ ਵੀਰ ਲੱਛਮਨ ਮੂਰਛਾ ਵਿਚ ਚਲਾ ਗਿਆ ਸੀ ਭਾਵ ਕਿ ਬੇਹੋਸ਼ੀ ਵਿਚ ਸੀ। ਸੋ ਜੋ ਸਿੰਘਾਂ ਨੇ ਨੌਂਵਾਂ ਪ੍ਰਸ਼ਨ ਕੀਤਾ ਸੀ, ਉਸ ਦਾ ਭਾਈ ਸਾਹਿਬ ਨੇ ਉੱਤਰ ਦੇ ਦਿੱਤਾ ਹੈ, ਇਸ ਦੀ ਇਥੇ ਸਮਾਪਤੀ ਹੋ ਗਈ॥੧੬॥

***ਪ੍ਰਸ਼ਨ ੧੦ :*** ਸਮਾਧੀ ਕੀ ਹੈ? ਜੋ ਸਿੰਘਾਂ ਨੇ ਭਾਈ ਦਇਆ ਸਿੰਘ ਜੀ ਨੂੰ ਦਸਵਾਂ ਪ੍ਰਸ਼ਨ ਕੀਤਾ ਸੀ, ਹੁਣ ਇਸ ਦਾ ਉੱਤਰ ਦੇ ਰਹੇ ਹਨ :

## ਤ੍ਰਿਪੁਟੀ ਗਯਾਤਾ ਗਯਾਨ ਗੇਯ ਜਹਿੰ; ਭਾਸੈ ਬ੍ਰਹਮ ਭਾਵ ਕੋ ਲੀਨ।

***ਉੱਤਰ ੧੦ :*** ਹੁਣ ਸਮਾਧੀ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਜਹਿੰ = ਜਿਥੇ ਤ੍ਰਿਪੁਟੀ ਵਿਚ ਇਹ ਤਿੰਨੇ, ਗਯਾਤਾ = ਜਾਨਣ ਵਾਲਾ ਗਯਾਨ = ਸਮਝ, ਗੇਯ = ਵਸਤੂ ਜਿਸ ਨੂੰ ਜਾਣ ਰਿਹਾ ਹੈ, ਇਹ ਤਿੰਨੇ ਵੱਖਰੀਆਂ-ਵੱਖਰੀਆਂ ਪ੍ਰਤੀਤ ਹੋ ਰਹੀਆਂ ਹਨ ਅਤੇ ਬ੍ਰਹਮ ਭਾਵ ਨੂੰ ਆਪਣੇ ਵਿਚ ਲੈ ਕੇ ਐਸਾ ਭਾਸ ਰਿਹਾ ਹੈ, ਇਹ ਤ੍ਰਿਪੁਟੀਆਂ ਕਈ ਕਿਸਮ ਦੀਆਂ ਹੁੰਦੀਆਂ ਹਨ : ੧. ਗਯਾਤਾ, ਗਿਆਨ, ਗੇਯ, ੨. ਧਯਾਤਾ, ਧਿਆਨ, ਧੇਯ, ੩. ਪਰਮਾਤਾ, ਪ੍ਰਮਾਣ, ਪ੍ਰਮੇਯ ਜਿਥੇ ਬ੍ਰਹਮ ਭਾਵ ਦੇ ਸਰੂਪ ਵਿਚ ਲੀਨ ਹੋਇਆ ਤਿੰਨੇ ਤਰ੍ਹਾਂ ਦੀ ਗਿਆਤਾ ਜਾਨਣ ਵਾਲਾ ਕਿ ਮੈਂ ਜਾਨਣ ਵਾਲਾ ਹਾਂ ਇਹ ਵੱਖਰਾ ਭਾਸ ਰਿਹਾ, ਗਿਆਨ ਜਿਸ ਦੁਆਰਾ ਜਾਣ ਰਿਹਾ ਹੈ, ਇਹ ਵੱਖਰਾ ਦਿੱਸ ਰਿਹਾ ਹੈ, ਬ੍ਰਹਮ ਜਿਸ ਵਿਚ ਲੀਨ ਹੋਣਾ ਚਾਹੁੰਦਾ ਹੈ, ਪਰ ਲੀਨ ਹੋਇਆ ਨਹੀਂ, ਇਹਨਾਂ ਤਿੰਨੇ ਵੱਖਰੀਆਂ-ਵੱਖਰੀਆਂ ਦਾ ਨਾਮ ਤ੍ਰਿਪੁਟੀ ਹੈ।

## ਤਿਹ 'ਸਮਾਧਿ ਸਵਿਕਲਪ' ਕਹਤਿ ਹੈਂ;
## ਜਹਿੰ ਤ੍ਰਿਪੁਟੀ ਵਿਕਲਪ ਵਿਹੀਨ।

ਇਹ ਉਪਰੋਕਤ ਵਿਚਾਰ ਨੂੰ ਵਿਦਵਾਨ ਲੋਕ ਸਵਿਕਲਪ ਕਹਿੰਦੇ ਹਨ ਕਿਉਂਕਿ ਸਮਾਧੀ ਦੋ ਪ੍ਰਕਾਰ ਦੀ ਹੁੰਦੀ ਹੈ ੧. ਸਵਿਕਲਪ ਸਮਾਧੀ, ੨. ਨਿਰਵਿਕਲਪ ਸਮਾਧੀ, ਜਹਿੰ = ਜਿਥੇ ਤ੍ਰਿਪੁਟੀ ਵਿਕਲਪ = ਕਲਪਨਾ ਤੋਂ ਵਿਹੀਨ = ਬਿਨਾਂ ਹੋਵੇ ਭਾਵ ਵੱਖਰੀ ਵੱਖਰੀ ਕਲਪਨਾ ਸਮਾਪਤ ਹੋ ਜਾਵੇ।

## ਇਕ ਬ੍ਰਹਮ ਭਾਵ 'ਸਮੇਤ ਸਮਾਧੀ; ਨਿਰਵਿਕਲਪ' ਤਿਹ ਕੋ ਮਨ ਚੀਨ।

ਇੱਕੋ ਹੀ ਬ੍ਰਹਮ ਭਾਵ ਤੋਂ ਬਿਨਾਂ ਹੋਰ ਕਲਪਨਾ ਹੀ ਨਹੀਂ ਤੇ ਧਜਾਤਾ, ਧਿਆਨ, ਧੇਯ ਇੱਕ ਰੂਪ ਹੋ ਗਏ, ਕੇਵਲ ਇਕ ਅਖੰਡ ਬ੍ਰਹਮ ਭਾਵ ਦੇ ਸਮੇਤ = ਸਹਿਤ ਹੀ ਰਹਿ ਗਿਆ, ਇਹ ਸਮਾਧੀ ਹੈ, ਤਿਹ = ਇਸ ਕੋ = ਦਾ ਨਾਮ ਨਿਰਵਿਕਲਪ ਸਮਾਧੀ ਹੈ, ਹੇ ਖ਼ਾਲਸਾ ਜੀ! ਇਸ ਨੂੰ ਮਨ ਵਿਚ ਚੀਨ = ਜਾਣ ਲਉ।

## ਵਿੱਸ਼ੂ ਅਭਿਮਾਨੀ ਕੀ ਸਾਖੀ ਮਹਿੰ; ਦੁਇ ਪ੍ਰਕਾਰ ਕੀ ਕਹੈਂ ਪ੍ਰਬੀਨ ॥੧੭॥

ਸਾਖੀ ਵਿਚ ਵਿਸ਼ੂ ਅਭਿਮਾਨੀ ਦੀ ਸਮਾਧੀ ਦੀ ਅਵਸਥਾ ਦੋ ਪ੍ਰਕਾਰ ਦੀ ਪ੍ਰਬੀਨ = ਵਿਸ਼ੇਸ਼ ਕਰਕੇ ਜਾਣਕਾਰੀ ਰੱਖਣ ਵਾਲੇ ਸਤਪੁਰਸ਼ ਕਹਿੰਦੇ ਹਨ ਤੇ ਜਿਵੇਂ ਰਾਮਾਨੰਦ ਜੀ ਮਾਨਸੀ ਪੂਜਾ ਕਰਿਆ ਕਰਦੇ ਸਨ, ਧਿਆਨ ਸਰੂਪ ਵਿਚ ਭਗਵਾਨ ਦੇ ਗਲ ਵਿਚ ਬਜੰਤੀ ਮਾਲਾ ਹੈ, ਕੰਠੀ ਹੈ, ਬਸਤਰ ਹਨ, ਇਹ ਬਾਹਾਂ ਹਨ, ਇਹ ਚਰਨ ਹਨ, ਇਹ ਸਰੀਰ ਹੈ ਇਉਂ ਕਲਪਨਾ ਸਹਿਤ ਸਮਾਧੀ ਲਾਉਣੀ, ਇਹ ਸਵਿਕਲਪ ਸਮਾਧੀ ਹੈ, ਜਿਥੇ ਭਗਵਾਨ ਦੇ ਸਰੂਪ ਵਿਚ ਲੀਨ ਹੋ ਕੇ ਆਪਾ ਭੁੱਲ ਜਾਏ, ਇਹ ਨਿਰਵਿਕਲਪ ਸਮਾਧੀ ਹੈ, ਸੋ ਜੋ ਸਿੰਘਾਂ ਨੇ ਜੋ ਦਸਵਾਂ ਪ੍ਰਸ਼ਨ ਕੀਤਾ ਸੀ ਕਿ ਸਮਾਧੀ ਕੀ, ਇਥੇ ਇਸਦਾ ਉੱਤਰ ਸੰਪੂਰਨ ਹੋਇਆ ॥੧੭॥

***ਪ੍ਰਸ਼ਨ ੧੧ :*** ਤੁਰੀਆ ਅਵਸਥਾ ਦਾ ਸਰੂਪ ਕੀ ਹੈ? ਇਹ ਸਿੰਘਾਂ ਦਾ ਗਿਆਰ੍ਹਵਾਂ ਪ੍ਰਸ਼ਨ ਸੀ, ਹੁਣ ਇਸ ਦਾ ਉੱਤਰ ਦਿੰਦੇ ਹਨ:

## ਸਮਾਧਿ ਮੂਰਛਾ ਤੀਨ ਅਵਸਥਾ; ਸਭਿਨਿ ਪ੍ਰਕਾਸ਼ੈ ਭਾਵਾਭਾਵ।

***ਉੱਤਰ ੧੧ :*** ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਹੇ ਖ਼ਾਲਸਾ ਜੀ! ਜਿਹੜੀ ਦੋ ਤਰ੍ਹਾਂ ਦੀ ਸਮਾਧੀ (ਸਵਿਕਲਪ, ਨਿਰਵਿਕਲਪ) ਅਨੁਭਵ ਹੋਣੀ ਹੈ ਅਤੇ ਜਿਹੜਾ ਮੂਰਛਾ ਜਾਨਣਾ ਸੀ ਤੇ ਤੀਨ ਅਵਸਥਾ = ਜਾਗ੍ਰਤ, ਸੁਪਨ, ਸੁਖੋਪਤੀ ਇਹ ਜਿਹੜੀਆਂ ਤਿੰਨ ਅਵਸਥਾ ਹਨ, ਇਹਨਾਂ ਸਭਿਨਿ = ਸਾਰਿਆਂ ਦੇ ਭਾਵਾਭਾਵ (ਭਾਵ + ਅਭਾਵ) ਭਾਵ = ਹੋਣ ਤੇ ਅਭਾਵ = ਨਾ ਹੋਣ ਨੂੰ ਪ੍ਰਕਾਸ਼ੇ ਅਤੇ:

## ਨਿਜ ਅਨਸੂਤ ਸਭਿਨਿ ਮਹਿ ਦੇਖੈ; ਹਉਂ ਹੀ ਪਿਖਨਹਾਰ ਉਰ ਲਜਾਵ।

ਨਿਜ = ਆਪਣੇ ਸਰੂਪ ਨੂੰ ਸਾਰਿਆਂ ਵਿਚ ਅਨਸੂਤ = ਮਿਲਿਆ ਹੋਇਆਂ ਦੇਖੇ ਭਾਵ ਇਕਮਿੱਕ ਹੋਇਆ ਦੇਖੇ ਤੇ ਉਰ = ਹਿਰਦੇ ਦੇ ਵਿੱਚ ਲਜਾਵ = ਲਿਆਵੇ ਭਾਵ ਅਨੁਭਵ ਕਰੇ ਕਿ ਹਉਂ = ਮੈਂ ਹੀ ਸਭ ਦਾ ਪਿਖਨਹਾਰ = ਦੇਖਣ ਵਾਲਾ ਹਾਂ।

## ਜਾਗ੍ਰਤਿ ਥੂਲ ਬਿਰਤਿ ਸੋਂ ਮਿਲਿ ਕੈ; ਸੁਪਨੇ ਸੂਖਮ ਬਿਰਤਿ ਮਿਲਾਵ।

ਜਾਗ੍ਰਤ ਵਿਚ ਥੂਲ = ਅਸਥੂਲ ਬਿਰਤੀ ਸੋਂ = ਨਾਲ ਮਿਲ ਕੇ, ਸੁਪਨੇ ਵਿਚ ਸੂਖਮ ਬਿਰਤੀ ਨਾਲ ਮਿਲ ਕੇ ਪ੍ਰਕਾਸ਼ੇ ਤੇ:

## ਬਿਰਤਿ ਅਵਿੱਦਯਾ ਸੁਖਪਤਿ ਮਹਿ ਮਿਲਿ;
## ਪਿਖਹਿ ਜੁ 'ਤੁਰੀਯਾਵਸਥਾ' ਗਾਵ ॥੧੮॥

ਸੁਖਪਤਿ = ਸੁਖੋਪਤੀ ਅਵਸਥਾ ਵਿਚ ਅਵਿੱਦਯਾ ਬਿਰਤੀ ਵਿਚ ਮਿਲ ਕੇ ਪ੍ਰਕਾਸ਼ੇ ਭਾਵ ਅਨੁਭਵ ਕਰੇ, ਜੋ ਸਭ ਨੂੰ ਦੇਖੇ, ਉਸ ਨੂੰ ਤੁਰੀਆ ਅਵਸਥਾ ਕਹਿੰਦੇ ਹਨ ਭਾਵ ਇਹ ਚੌਥੀ ਅਵਸਥਾ ਹੈ ॥੧੮॥

## ਦੋਹਰਾ ॥ ਨਿਰਵਿਕਲਪਤਾ ਤੇ ਰਹਤਿ; ਸਭਿ ਮਹਿਂ ਮੋਹਿ ਸਰੂਪ।

ਜੋ ਨਿਰਵਿਕਲਪਤਾ = ਕਲਪਨਾ ਤੋਂ ਰਹਿਤ ਹੋਣਾ ਹੈ ਅਰ ਇਹ ਜਾਨਣਾ ਕਿ ਸਭਿ = ਸਾਰਿਆਂ ਦੇ ਮਹਿਂ = ਵਿਚ ਮੋਹਿ = ਮੇਰਾ ਹੀ ਸਰੂਪ ਇਸਥਿਤ ਹੈ ਅਤੇ ਦੂਏਪਣ ਤੋਂ ਰਹਿਤ ਹੋਣਾ ਅਤੇ ਨਿਰਵਿਕਲਪ, ਸਵਿਕਲਪ ਦੇ ਦੁੰਦਵਾਦ ਤੋਂ ਅੱਗੇ ਇਹ ਚੌਥੀ ਅਵਸਥਾ :

## ਤੁਰੀਯਾਵਸਥਾ ਜਾਨੀਏ; ਤੁਰੀਯਾ ਤੱਤ ਅਨੂਪ ॥੧੯॥

ਤੁਰੀਆ ਅਵਸਥਾ ਜਾਨੀਏ = ਜਾਣੋ, ਇਹ ਤੁਰੀਆ ਅਵਸਥਾ ਅਨੂਪ = ਉਪਮਾ ਤੋਂ ਰਹਿਤ, ਤੱਤ = ਯਥਾਰਥ ਰੂਪ, ਸਿਧਾਂਤ ਰੂਪ ਹੈ ਭਾਵ ਬੇਮਿਸਾਲ ਯਥਾਰਥ ਰੂਪ ਹੀ ਹੈ ਜੋ ਤਿੰਨਾਂ ਅਵਸਥਾ ਦਾ ਕਥਨ ਕੀਤਾ ਜਾਂਦਾ ਹੈ, ਉਸ ਤੋਂ ਅੱਗੇ ਤੁਰੀਆ ਅਵਸਥਾ ਸਤਿਗੁਰੂ ਤੋਂ ਬਿਨਾਂ ਨਹੀਂ ਜਾਣੀ ਜਾਂਦੀ ਭਾਵ ਤੱਤ੍ਵ ਸਤਿਗੁਰੂ ਦੁਆਰਾ ਹੀ ਜਾਣੀ ਜਾਂਦੀ ਹੈ ॥੧੯॥ ਜੈਸਾ ਕਿ :

**ਤੀਨਿ ਅਵਸਥਾ ਕਹਹਿ ਵਖਿਆਨੁ ॥**
**ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥੧॥** *(ਗਉੜੀ ਮ: ੧, ਅੰਗ ੧੫੪)*

ਸੋ ਜੋ ਸਿੰਘਾਂ ਦਾ ਗਿਆਰ੍ਹਵਾਂ ਪ੍ਰਸ਼ਨ ਕਿ ਤੁਰੀਆ ਅਵਸਥਾ ਕੀ ਹੈ, ਉਸ ਦੀ ਵਿਆਖਿਆ ਇਥੇ ਸੰਪੂਰਨ ਹੋਈ।

***ਪ੍ਰਸ਼ਨ ੧੨ :*** ਜੀਵ ਆਤਮਾ ਕੀ ਹੈ, ਇਸਦਾ ਸਰੂਪ ਦੱਸੋ ? ਇਹ ਸਿੰਘਾਂ ਦਾ ਬਾਰ੍ਹਵਾਂ ਪ੍ਰਸ਼ਨ ਸੀ। ਹੁਣ ਇਸ ਦਾ ਉੱਤਰ ਦਿੰਦੇ ਹਨ।

## ਸ੍ਵੈਯਾ ਛੰਦ ॥ ਜਾਗ੍ਰਤਿ ਆਦਿ ਸਮਾਧਿ ਅੰਤ ਲੌਂ; ਤ੍ਰਿਧਾਭਿਮਾਨੀ ਮਲਿਨ ਸੁ 'ਜੀਵ'।

***ਉੱਤਰ ੧੨ :*** ਜਾਗ੍ਰਤ ਅਵਸਥਾ ਤੋਂ ਲੈ ਕੇ ਅੰਤ ਲੌਂ = ਨਿਰਵਿਕਲਪ ਸਮਾਧੀ ਤੱਕ ਭਾਵ ਜਾਗ੍ਰਤ, ਸੁਪਨ, ਸਖੋਪਤੀ, ਸਵਿਕਲਪ ਸਮਾਧੀ, ਨਿਰਵਿਕਲਪ ਸਮਾਧੀ ਤੱਕ ਅਤੇ ਤ੍ਰਿਧਾਭਿਮਾਨੀ = ਤਿੰਨ ਅਵਸਥਾ ਦਾ ਅਭਿਮਾਨੀ ਜੀਵ ਦਾ ਮਲਿਨ ਸਰੂਪ ਕਥਨ ਕੀਤਾ ਹੈ ਭਾਵ ਅਸ਼ੁੱਧ ਰੂਪ ਹੈ, ਜਿਹੜਾ ਕਹਿੰਦਾ ਹੈ ਮੈਂ ਜਾਗ੍ਰਤ ਅਵਸਥਾ ਵਿਚ ਹਾਂ, ਮੈਂ ਸੁਪਨ ਵਿਚ ਹਾਂ, ਮੈਂ ਗੂੜ੍ਹੀ ਨੀਂਦ ਵਿਚ ਅਨੰਦ ਨਾਲ ਸੁੱਤਾ ਹਾਂ ਐਸਾ ਜਾਨਣ ਵਾਲਾ ਜੀਵ ਦਾ ਅਸ਼ੁੱਧ ਸਰੂਪ ਹੈ, ਸੋ ਇਹ ਜੀਵ ਦਾ ਸਰੂਪ ਕਥਨ ਕੀਤਾ ਹੈ, ਜੋ ਸਿੰਘਾਂ ਦਾ ਬਾਰ੍ਹਵਾਂ ਪ੍ਰਸ਼ਨ ਸੀ, ਇਸ ਦਾ ਉੱਤਰ ਇਥੇ ਸੰਪੂਰਨ ਹੋ ਗਿਆ।

***ਪ੍ਰਸ਼ਨ ੧੩ :*** ਸਾਖੀ ਕੀ ਹੈ, ਇਸ ਦਾ ਸਰੂਪ ਦੱਸੋ ? ਇਹ ਸਿੰਘਾਂ ਦਾ ਤੇਰ੍ਹਵਾਂ ਪ੍ਰਸ਼ਨ ਸੀ, ਹੁਣ ਇਸ ਦਾ ਉੱਤਰ ਦਿੰਦੇ ਹਨ

## ਤੁਰੀਯਾ ਜਾਗ੍ਰਿਤਾਦਿ ਸਭਿਹਿਨਿ ਕਹੁ; ਅਹੈ ਪ੍ਰਕਾਸ਼ੀ 'ਸਾਖੀ' ਥੀਵ।

***ਉੱਤਰ ੧੩ :*** ਜਾਗ੍ਰਿਤਾਦਿ = ਜਾਗ੍ਰਤ ਆਦਿ ਤੋਂ ਲੈ ਕੇ, ਸੁਪਨ, ਸਖੋਪਤੀ ਅਤੇ ਤੁਰੀਆ ਅਵਸਥਾ ਇਹਨਾਂ ਸਭਿਹਿਨਿ = ਸਾਰੀਆਂ ਅਵਸਥਾ ਦਾ ਜੋ ਪ੍ਰਕਾਸ਼ ਕਰਨ ਵਾਲਾ ਹੈ, ਉਹ ਸਾਖੀ, ਥੀਵ = ਹੈ।

## ਸੋ ਸਰੂਪ ਹੈ ਸੁੱਧ ਜੀਵ ਕੋ; ਬ੍ਰਹਮ ਰੂਪ ਲਖਿ ਆਨੰਦ ਸੀਵ।

ਸੋ = ਉਹੀ ਜੀਵ ਕੋ = ਦਾ ਸ਼ੁੱਧ ਸਰੂਪ ਹੈ, ਕਿਉਂਕਿ ਇਹ ਸਾਰੀਆਂ ਅਵਸਥਾ ਨੂੰ ਪ੍ਰਕਾਸ਼ਣ ਵਾਲਾ

ਹੈ, ਉਹੀ ਬ੍ਰਹਮ ਰੂਪ ਹੈ, ਜਿਸ ਨੂੰ ਲਖਿ = ਜਾਣ ਕੇ ਆਨੰਦ ਦੀ ਅਵਧੀ ਹੋ ਜਾਂਦੀ ਹੈ ਭਾਵ ਇਸ ਤੋਂ ਪਰੇ ਹੋਰ ਕੋਈ ਅਨੰਦ ਨਹੀਂ ਹੈ, ਆਨੰਦ + ਸੀਵ = ਅਨੰਦ ਰੂਪ ਹੋ ਜਾਂਦਾ ਹੈ **ਵਾ:** ਆਨੰਦ + ਸੀਵ = ਆਨੰਦ ਦੀ ਹੱਦ ਭਾਵ ਇਹ ਪੂਰਨ ਆਨੰਦ ਹੈ।

## ਤੁਰੀਆ ਸਾਖੀ ਸਾਖੀ ਤੁਰੀਆ; ਯਾਂ ਤੇ ਏਕ ਰੂਪ ਲਖਿ ਲੀਵ ॥੨੦॥

ਇਹ ਜਿਹੜੀ ਚੌਥੀ ਅਵਸਥਾ ਤੁਰੀਆ ਹੈ, ਇਹ ਸਾਖੀ ਹੈ, ਸਾਖੀ ਹੀ ਤੁਰੀਆ ਰੂਪ ਹੈ, ਯਾਂ ਤੇ = ਇਸ ਕਰਕੇ ਦੋਵਾਂ ਨੂੰ ਇੱਕੋ ਰੂਪ ਲਖਿ ਲੀਵ = ਜਾਣ ਲਉ, ਭਾਵ ਦ੍ਰਿਸ਼ਟਾ ਨੂੰ ਤੁਰੀਆ, ਤੁਰੀਆ ਨੂੰ ਦ੍ਰਿਸ਼ਟਾ, ਦੋਵਾਂ ਨੂੰ ਇਕ ਰੂਪ ਜਾਣੋ, ਸਾਖੀ ਕਹੋ ਜਾਂ ਦ੍ਰਿਸ਼ਟਾ ਕਹੋ, ਇਹ ਸਿੰਘਾਂ ਦਾ ਤੇਰ੍ਹਵਾਂ ਪ੍ਰਸ਼ਨ ਸੀ ਕਿ ਸਾਖੀ ਕੀ ਹੈ, ਸੋ ਇਸ ਦਾ ਇਥੇ ਉੱਤਰ ਸੰਪੂਰਨ ਹੋ ਗਿਆ॥੨੦॥

***ਪ੍ਰਸ਼ਨ ੧੪ :*** ਬ੍ਰਹਮ ਕੀ ਹੈ ? ਇਸ ਦਾ ਨਿਰਨਾ ਕਰਕੇ ਸਮਝਾਉ, ਇਹ ਸਿੰਘਾਂ ਦਾ ਚੌਦਵਾਂ ਪ੍ਰਸ਼ਨ ਸੀ, ਹੁਣ ਇਸ ਦਾ ਉੱਤਰ ਦਿੰਦੇ ਹਨ।

## ਈਸ਼ੁਰ ਬ੍ਰਹਮਾਂ, ਬਿਸ਼ਨੁ ਰੱਦ੍ਰ ਕਹੁ; ਮੂਰਤਿ ਧਾਰੀ ਤ੍ਰਿਧਾ ਅਨੂਪ।

***ਉੱਤਰ ੧੪ :*** ਬ੍ਰਹਮ ਦਾ ਸਰੂਪ ਨਿਰਨਾ ਕਰ ਕੇ ਦੱਸ ਰਹੇ ਹਨ ਤੇ ਪੰਕਤੀ ਦਾ ਅਰਥ ਅੰਨਵੈ ਕਰਕੇ ਬਿਸ਼ਨੁ ਤੋਂ ਸ਼ੁਰੂ ਹੋਏਗਾ, ਇਹ ਤਿੰਨੇ ਦੇਵਤੇ ਬਿਸ਼ਨੁ = ਵਿਸ਼ਨੂੰ, ਬ੍ਰਹਮਾ, ਰੁੱਦ੍ਰ = ਸ਼ਿਵਜੀ, ਈਸ਼ੁਰ = ਈਸ਼ਵਰ ਦਾ ਸਰੂਪ ਹੀ ਕਹੇ ਜਾਂਦੇ ਹਨ ਤੇ ਇਹ ਤ੍ਰਿਧਾ = ਤਿੰਨੇ ਮੂਰਤਿ = ਸਰੂਪ ਅਨੂਪ = ਉਪਮਾ ਤੋਂ ਰਹਿਤ ਮਾਇਆ ਸਬਲ ਈਸ਼ਰ ਨੇ ਹੀ ਧਾਰੀ = ਧਾਰਨ ਕੀਤੇ ਹੋਏ ਹਨ।

## ਬ੍ਰਹਮ ਸਰੂਪ ਸੁ ਤੁਰੀਯਾ ਜੀਵਹਿ; ਈਸ਼ੁਰ ਤੁਰੀਯਾ ਬ੍ਰਹਮ ਸਰੂਪ।

ਜਿਵੇਂ ਜੀਵ ਦੀ ਸੁ = ਉਹ ਚੌਥੀ ਅਵਸਥਾ ਤੁਰੀਆ ਅਵਸਥਾ ਬ੍ਰਹਮ ਸਰੂਪ ਹੈ, ਇਸੇ ਤਰ੍ਹਾਂ ਈਸ਼ਵਰ ਦੀ ਵੀ ਚੌਥੀ ਅਵਸਥਾ ਤੁਰੀਆ ਅਵਸਥਾ ਬ੍ਰਹਮ ਸਰੂਪ ਹੀ ਹੈ।

## ਈਸ਼ੁਰ ਜੀਵ ਏਕ ਇਮ ਜਾਨਹੁ; ਦ੍ਵੈ ਤੁਰੀਯਾ ਹੀ ਇਨ ਕੋ ਰੂਪ।

ਇਵੇਂ ਜੀਵ ਤੇ ਈਸ਼ਵਰ ਨੂੰ ਇਕ ਸਰੂਪ ਹੀ ਜਾਨਹੁ = ਜਾਨਣਾ ਕਰੋ, ਇਨ = ਇਹਨਾਂ ਦ੍ਵੈ = ਦੋਵਾਂ ਜੀਵ ਤੇ ਈਸ਼ਰ ਕੋ = ਦਾ ਤੁਰੀਆ ਅਵਸਥਾ ਕਰਕੇ ਇੱਕੋ ਹੀ ਰੂਪ ਹੈ ਭਾਵ ਕੋਈ ਭੇਦ ਭਿੰਨ ਨਹੀਂ, ਇਹ ਸਿੱਧ ਹੋਇਆ।

## ਸਾਖੀ ਕੋ ਸਰੂਪ ਨਿਰਵਿਕਲਪ; ਸੋਈ ਬ੍ਰਹਮ ਜਾਨ ਸੁਖ ਰੂਪ ॥੨੧॥

ਜਿਹੜਾ ਸਾਖੀ ਦਾ ਸਰੂਪ ਹੈ, ਉਹ ਨਿਰਵਿਕਲਪ = ਕਲਪਨਾ ਤੋਂ ਰਹਿਤ ਹੈ, ਸੋਈ = ਉਹੀ ਸੁਖ ਸਰੂਪ ਬ੍ਰਹਮ ਜਾਣ ਲਉ॥੨੧॥

## ਦੋਹਰਾ॥ ਸੋ ਬ੍ਰਹਮ ਕਿਹ ਸੋਂ ਮਿਲਯੋ ਨਹਿੰ; ਨਜਾਰੋ ਨਹਿੰ ਕਿਹ ਸਾਥ।

ਹੇ ਖ਼ਾਲਸਾ ਜੀ ! ਸੋ = ਉਹ ਬ੍ਰਹਮ ਕਿਹ = ਕਿਸੇ ਵੀ ਵਸਤੂ ਸੋਂ = ਨਾਲ ਮਿਲਿਆ ਹੋਇਆ ਨਹੀਂ ਹੈ, ਜੋ ਸਮਝਾਣ ਵਾਸਤੇ ਪਿੱਛੇ ਕਿਹਾ ਸੀ, ਕਿ ਉਹ ਕਲਪਨਾ ਰੂਪ ਹੈ, ਉਹ ਮਿਲਿਆ ਹੋਇਆ ਨਹੀਂ, ਅਸੰਗ ਰੂਪ ਹੀ ਹੈ ਅਤੇ ਕਿਹ = ਕਿਸੇ ਸਾਥ = ਨਾਲੋਂ ਨਜਾਰੋ = ਵੱਖਰਾ ਵੀ ਨਹੀਂ ਹੈ। ਜੈਸਾ ਕਿ :

**ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ॥** *(ਜੈਤਸਰੀ ਮ: ੫, ਅੰਗ ੭੦੧)*

ਵਾ: **ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ॥** *(ਜੈਤਸਰੀ ਮ: ੫, ਅੰਗ ੭੦੦)*

## ਨਿਰਵਿਕਲਪ ਸੋ ਬ੍ਰਹਮ ਹੈ; ਉਰ ਜਨਾਇ ਗੁਰ ਨਾਥ॥੨੨॥

ਸੋ = ਉਹ ਬ੍ਰਹਮ ਨਿਰਵਿਕਲਪ = ਕਲਪਨਾ ਤੋਂ ਰਹਿਤ ਹੈ, ਐਸੇ ਬ੍ਰਹਮ ਨੂੰ ਨਾਥ = ਸੁਆਮੀ, ਮਾਲਕ ਸ੍ਰੀਗੁਰ = ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਦੇ ਉਰ = ਹਿਰਦੇ ਦੇ ਵਿਚ ਜਨਾਇ = ਜਣਾ ਦਿੰਦੇ ਹਨ ਭਾਵ ਉਪਦੇਸ਼ ਦੁਆਰਾ ਸਾਖਸ਼ਾਤ ਅਨੁਭਵ ਕਰਾ ਦਿੰਦੇ ਹਨ॥੨੨॥

## ਬ੍ਰਹਮ ਰੂਪ ਆਨੰਦ ਹੈ; ਆਨੰਦ ਸੋ ਬ੍ਰਹਮ ਰੂਪ।

ਜਿਹੜਾ ਬ੍ਰਹਮ ਦਾ ਰੂਪ = ਸਰੂਪ ਹੈ, ਉਹ ਆਨੰਦ ਸਰੂਪ ਹੈ, ਤੇ ਜਿਹੜਾ ਆਨੰਦ ਦਾ ਸਰੂਪ ਹੈ, ਉਹ ਬ੍ਰਹਮ ਸਰੂਪ ਹੈ ਭਾਵ ਬ੍ਰਹਮ ਤੇ ਆਨੰਦ ਇਕ ਸਰੂਪ ਹੀ ਹਨ।

## ਜਿਸ ਜਾਨੇ ਬੰਧਨ ਕਟੈਂ; ਮਿਟਹਿ ਅੰਧ ਤਮ ਕੂਪ॥੨੩॥

ਜਿਸ ਅਨੰਦ ਸਰੂਪ ਬ੍ਰਹਮ ਨੂੰ ਜਾਨੇ = ਜਾਨਣ ਤੋਂ ਜੋ ਪਿੱਛੇ ਬੰਧਨ ਕਹੇ ਸਨ, ਉਹ ਸਾਰੇ ਕਟੈਂ = ਕੱਟੇ ਜਾਂਦੇ ਹਨ ਭਾਵ ਨਾਸ ਹੋ ਜਾਂਦੇ ਹਨ ਤੇ ਇਹ ਜੋ ਸੰਸਾਰ ਹੈ ਅੰਧ = ਅੰਨ੍ਹੇ ਕੂਪ = ਖੂਹ ਵਰਗਾ ਹੈ ਭਾਵ ਜਿਹੜਾ ਖੂਹ ਹਨੇਰੇ ਵਿਚ ਹੋਵੇ, ਉਸ ਵਿਚ ਰਾਹੀ ਅਚਾਨਕ ਡਿੱਗ ਜਾਂਦਾ, ਛੇਤੀ ਨਿਕਲ ਨਹੀਂ ਸਕਦਾ, ਜੰਗਲ ਦੇ ਵਿਚ ਖੂਹ ਹੋਵੇ ਤੇ ਅੰਧਾ ਪੁਰਸ਼ ਉਸ ਖੂਹ ਵਿਚ ਡਿੱਗ ਜਾਏ, ਫਿਰ ਕੋਈ ਅੱਖਾਂ ਵਾਲਾ ਉਸ ਨੂੰ ਤਰਸ ਕਰਕੇ ਕੱਢ ਸਕਦਾ ਹੈ, ਇਸੇ ਤਰ੍ਹਾਂ ਸੰਸਾਰ ਰੂਪੀ ਜੰਗਲ ਵਿਚ ਤਮ = ਅਗਿਆਨ ਰੂਪ ਖੂਹ ਹੈ ਅਤੇ ਜੀਵ ਵੈਰਾਗ, ਬਿਬੇਕ ਦੇ ਨੇਤਰਾਂ ਤੋਂ ਹੀਣਾ ਹੈ ਇਸ ਮੋਹ ਆਦਿਕ ਹਨੇਰੇ ਤੋਂ ਗੁਰੂ ਸਾਹਿਬ ਜੀ ਵੈਰਾਗ, ਬਿਬੇਕ ਦੇ ਨੇਤਰ ਦੇ ਕੇ ਇਸ ਅਗਿਆਨ ਨੂੰ ਮਿਟਹਿ = ਮਿਟਾ ਕੇ ਬ੍ਰਹਮ ਸਰੂਪ ਕਰ ਦਿੰਦੇ ਹਨ। ਸੋ ਜੋ ਇਥੇ ਸਿੰਘਾਂ ਦਾ ਚੌਦਵਾਂ ਪ੍ਰਸ਼ਨ ਸੀ ਕਿ ਬ੍ਰਹਮ ਕੀ ਹੈ, ਉਸ ਦਾ ਸਰੂਪ ਦੱਸੋ, ਇਸ ਦਾ ਉੱਤਰ ਇਥੇ ਸੰਪੂਰਨ ਹੋ ਗਿਆ॥੨੩॥

***ਪ੍ਰਸ਼ਨ ੧੫ :*** ਪੰਜਾਂ ਕੋਸ਼ਾਂ ਦਾ ਸਰੂਪ ਕੀ ਹੈ ? ਇਹ ਸਿੰਘਾਂ ਦਾ ਪੰਦਰ੍ਹਵਾਂ ਪ੍ਰਸ਼ਨ ਸੀ, ਹੁਣ ਇਸ ਅਖ਼ੀਰਲੇ ਪ੍ਰਸ਼ਨ ਦਾ ਉੱਤਰ ਦਿੰਦੇ ਹਨ। ੧. 'ਆਨੰਦਮਯ ਕੋਸ਼'

## ਸ੍ਵੈਯਾ ਛੰਦ॥ 'ਇਸ਼ਟ' ਕਹੈ ਪ੍ਰਿਯ ਬਸਤੁ ਕਿ ਦਰਸ਼ਨ; ਸੀਸ ਇਹੀ ਪੰਛੀ ਕੋ ਜਾਨ।

***ਉੱਤਰ ੧੫ :*** ਹੁਣ ਇੱਥੋਂ ਪੰਜੇ ਕੋਸ਼ਾਂ ਦਾ ਨਿਰਨਾ ਜੋ ਵੇਦਾਂਤ ਵਿਚ ਪੰਛੀ ਦੇ ਪ੍ਰਮਾਣ ਦੁਆਰਾ ਸਮਝਾਇਆ ਹੈ ਉਸ ਦੇ ਵਿਚ ਇਹ ਪੰਛੀ ਰੂਪ ਵਿਚ ਅਨੰਦ ਮਯ ਕੋਸ਼ ਦਾ ਵਰਣਨ ਕਰਦੇ ਹਨ ਕਿ ਪ੍ਰਿਯ = ਪਿਆਰੀ ਵਸਤੂ ਦੇ ਦਰਸ਼ਨਾਂ ਦੇ ਅਨੰਦ ਨੂੰ ਇਸ਼ਟ ਕਹਿੰਦੇ ਹਨ, ਭਾਵ ਇਸ਼ਟ ਦਾ ਅਰਥ ਅਨੰਦ ਹੈ, ਇਹ ਅਨੰਦ ਮਯ ਕੋਸ਼ ਰੂਪ ਪੰਛੀ ਕੋ = ਦਾ ਸੀਸ = ਸਿਰ ਜਾਣ ਲਉ।

## ਸੋ ਪ੍ਰਾਪਤਿ ਲਖਿ 'ਮੋਦ' ਦਹਿਨ ਪਰ; ਭੋਗਨ ਹ੍ਵੈ 'ਪ੍ਰਮੋਦ' ਪਰ ਆਨ।

ਜਿਹੜੀ ਵਸਤੂ ਨੂੰ ਦੇਖ ਕੇ ਅਨੰਦ ਪ੍ਰਾਪਤ ਹੋਇਆ ਸੀ, ਜਦੋਂ ਸੋ = ਉਹ ਵਸਤੂ ਪ੍ਰਾਪਤ ਹੋ ਗਈ ਭਾਵ ਉਸ ਪਿਆਰੀ ਵਸਤੂ ਦੇ ਪ੍ਰਾਪਤੀ ਦੇ ਅਨੰਦ ਨੂੰ ਮੋਦ ਕਹਿੰਦੇ ਹਨ, ਇਹ ਪੰਛੀ ਦਾ ਦਹਿਨ = ਸੱਜਾ

ਪੰਖ (ਪਰ) ਜਾਣੋ, ਉਸੇ ਪਿਆਰੀ ਵਸਤੂ ਦੇ ਭੋਗਣ ਦੇ ਅਨੰਦ ਨੂੰ ਪ੍ਰਮੋਦ ਕਹਿੰਦੇ ਹਨ ਭਾਵ ਪ੍ਰ = ਵਿਸ਼ੇਸ਼ ਕਰਕੇ ਜੋ ਭੋਗਣ ਦਾ ਮੋਦ = ਅਨੰਦ ਹੈ, ਇਹ ਪੰਛੀ ਦਾ ਆਨ = ਦੂਸਰਾ ਖੱਬਾ ਖੰਭ ਜਾਣੋ।

## ਹੋਨਿ ਅਨੰਦ ਸਰੂਪ ਕੋਸ਼ ਕੋ; 'ਬ੍ਰਹਮ' ਪੂਛ ਲਖੀਯਹਿ ਧਿਸ਼ਟਾਨ।

ਇਸ ਤਰ੍ਹਾਂ ਅਨੰਦ ਸਰੂਪ = ਮਯ ਕੋਸ਼ ਕੋ = ਦਾ ਪੂਰਾ ਹੋਨਿ = ਹੋਣ ਵਿਚ ਕੇਵਲ ਪੂਛ ਰਹਿ ਗਈ, ਉਹ ਹੁਣ ਪੂਛ ਬਾਰੇ ਦੱਸਦੇ ਹਨ ਕਿ ਜੋ ਅਧਿਸ਼ਠਾਨ ਬ੍ਰਹਮ ਹੈ, ਉਸ ਨੂੰ ਪੂਛ ਲਖੀਯਹਿ = ਜਾਣੋ।

## ਬ੍ਰਹਮ ਅਵੈਵ ਭਯੋ ਨਹਿੰ ਸ਼ੰਕਹੁ; ਆਸ਼੍ਰਿਤ ਤੇ ਕਹਿ ਪੁੰਛ ਸਮਾਨ ॥੨੪॥

ਹੇ ਖ਼ਾਲਸਾ ਜੀ! ਜੋ ਅਨੰਦ ਮਯ ਕੋਸ਼ ਵਿਚ ਬ੍ਰਹਮ ਨੂੰ ਪੂਛ ਦੇ ਸਮਾਨ ਕਿਹਾ ਹੈ, ਇਸ ਕਰਕੇ ਇਹ ਸ਼ੰਕਹੁ = ਸ਼ੰਕਾ ਨਾ ਕਰੋ ਕਿ ਬ੍ਰਹਮ ਅਵੈਵ = ਅੰਗਾਂ ਵਾਲਾ ਭਯੋ = ਹੋ ਗਿਆ ਭਾਵ ਕਹਿ ਦਿੱਤਾ ਹੈ, ਜਿਵੇਂ ਪੰਛੀ ਦਾ ਆਸਰਾ ਉਸ ਦੀ ਪੂਛ ਹੈ, ਉਹ ਬਿਨਾਂ ਪੂਛ ਤੋਂ ਉੱਡ ਨਹੀਂ ਸਕਦਾ ਤੇ ਪੰਛੀ ਦਾ ਪੂਛ ਆਸਰਾ ਹੈ, ਇਸ ਕਰਕੇ ਅਨੰਦਮਯ ਕੋਸ਼ ਰੂਪ ਪੰਛੀ ਦਾ ਆਸ਼੍ਰਿਤ = ਆਸਰਾ ਰੂਪ (ਅਧਿਸ਼ਠਾਨ) ਹੋਣ ਕਰਕੇ ਬ੍ਰਹਮ ਨੂੰ ਪੂਛ ਦੇ ਸਮਾਨ = ਬਰਾਬਰ ਕਿਹਾ ਹੈ। ਵੈਸੇ ਬ੍ਰਹਮ ਦੇ ਕੋਈ ਪੂਛ ਆਦਿ ਅੰਗ ਨਹੀਂ ਹੁੰਦੇ, ਪਰ ਬ੍ਰਹਮ ਨੂੰ ਆਸਰਾ ਰੂਪ ਹੋਣ ਕਰਕੇ ਪੂਛ ਦੇ ਰੂਪ ਵਿਚ ਪ੍ਰਮਾਣ ਦਿੱਤਾ ਹੈ॥੨੪॥

## ਦੋਹਰਾ॥ ਕਾਰਨ ਇਹੀ ਸਰੀਰ ਹੈ; ਬਯਸ਼੍ਰਿ ਜੀਵ ਇਕ ਕੇਰ।

ਇਕ ਜੀਵ ਦਾ ਇਹ ਬਯਸ਼੍ਰਿ = ਵੱਖਰਾ ਕਾਰਣ ਸਰੀਰ ਹੈ, ਜਿਵੇਂ ਤਿੰਨ ਸਰੀਰ ਅਸਥੂਲ, ਸੂਖਮ, ਕਾਰਣ ਹਨ, ਉਹਨਾਂ ਦੇ ਵਿੱਚੋਂ ਇਹ ਕਾਰਣ ਸਰੀਰ ਅਨੰਦਮਯ ਕੋਸ਼ ਵਿਚ ਹੈ।

## ਤਿਮ ਸਮਸ਼੍ਰਿ ਹੈ ਈਸ਼ੁ ਕੋ; ਅੰਤਰ ਸਭਿ ਤੇ ਹੇਰਿ ॥੨੫॥

ਤਿਮ = ਤਿਵੇਂ ਈਸ਼ੁ = ਈਸ਼ਵਰ ਕੋ = ਦਾ ਸਮਸ਼ਟੀ = ਸਾਰਿਆਂ ਸਰੀਰਾਂ ਦਾ ਇਕੱਠਾ ਇਕ ਕਾਰਣ ਸਰੀਰ ਬਣਦਾ ਹੈ ਜੋ ਸਭਿ = ਸਾਰਿਆਂ ਦੇ ਅੰਦਰ ਦੇਖਿਆ ਜਾਂਦਾ ਹੈ, ਜਿੰਨੇ ਜੀਵਾਂ ਦੇ ਕਾਰਣ ਸਰੀਰ ਇਕੱਠੇ ਸਮਝ ਲਈਏ ਤਾਂ ਉਹ ਈਸ਼ਵਰ ਦਾ ਕਾਰਣ ਸਰੀਰ ਹੋਇਆ, ਇਹਨਾਂ ਦੋਵਾਂ ਦੇ ਵੱਖਰੇ ਵੱਖਰੇ ਹੋਣ ਵਿੱਚ ਸਮਸ਼ਟੀ ਵਿਅਸ਼ਟੀ ਉਪਾਧੀ ਹੈ, ਸਮਸ਼ਟੀ ਉਪਾਧੀ ਰੂਪ ਵਿਚ ਈਸ਼ਵਰ ਦਾ ਕਾਰਣ ਸਰੀਰ ਤੇ ਵਿਅਸ਼ਟੀ ਉਪਾਧੀ ਕਰਕੇ ਜੀਵਾਂ ਦੇ ਵੱਖਰੇ-ਵੱਖਰੇ ਕਾਰਣ ਸਰੀਰ ਹੁੰਦੇ ਹਨ॥੨੫॥

## ਇਸ ਉਪਰ ਤ੍ਰੈ ਕੋਸ਼ ਜੋ; ਜਾਨੋ ਲਿੰਗ ਸਰੀਰ।

ਜੋ ਅਨੰਦਮਯ ਕੋਸ਼ ਹੈ, ਜਿਸਦਾ ਉੱਪਰ ਵਰਣਨ ਕੀਤਾ ਗਿਆ ਹੈ, ਉਸ ਉੱਪਰ ਤ੍ਰੈ = ਤਿੰਨ ਕੋਸ਼ = ਪੜ੍ਹਦੇ ਹੋਰ ਹਨ, ਜਿਨ੍ਹਾਂ ਨੂੰ ਕੋਸ਼ ਕਿਹਾ ਹੈ, ਮਨੋਮਯ ਕੋਸ਼, ਪ੍ਰਾਣਮਯ ਕੋਸ਼, ਵਿਗਿਆਨਮਯ ਕੋਸ਼ ਇਹ ਸਤਾਰਾਂ ਤੱਤਾਂ ਦੇ ਲਿੰਗ = ਸੂਖਮ ਸਰੀਰ ਦੇ ਵਿਚ ਜਾਣੋ। ਇਹ ਤਿੰਨ ਕੋਸ਼ ਸੂਖਮ ਸਰੀਰ ਵਿਚ ਜਿਨ੍ਹਾਂ ਦਾ ਵੇਰਵਾ ਅੱਗੇ ਆਏਗਾ, ਕੇਵਲ ਇਥੇ ਇਸ਼ਾਰਾ ਦਿੱਤਾ ਕਿ ਸੂਖਮ ਸਰੀਰ ਦੇ ਇਹ ਤਿੰਨ ਕੋਸ਼ ਹਨ ਤੇ ਕਾਰਣ ਸਰੀਰ ਦੇ ਉੱਤੇ ਕੇਵਲ ਇਕ ਕੋਸ਼ ਹੈ, ਜਿਸ ਨੂੰ ਅਨੰਦਮਯ ਕੋਸ਼ ਕਿਹਾ ਹੈ, ਜਿਸ ਦੀ ਵਿਆਖਿਆ ਉੱਪਰ ਹੋ ਚੁੱਕੀ ਹੈ।

## ਬਯਸ਼੍ਰਿ ਜੀਵ ਕੇ ਏਕ ਹੈ; ਸਮਸ਼੍ਰਿ ਈਸ਼ ਕੋ ਧੀਰ ॥੨੬॥

ਹਰੇਕ ਜੀਵ ਦਾ ਬਯਸ਼੍ਰਿ = ਵੱਖਰਾ-ਵੱਖਰਾ ਇਕ ਸੂਖਮ ਸਰੀਰ ਹੈ ਤੇ ਸਮਸ਼੍ਰਿ = ਸਾਰਿਆਂ ਜੀਵਾਂ ਦੇ

ਇਕੱਠੇ ਸਰੀਰ ਕਰ ਲਈਏ ਤਾਂ ਈਸ਼ਵਰ ਦਾ ਸੂਖਮ ਸਰੀਰ ਬਣ ਜਾਂਦਾ ਹੈ, ਕਾਰਣ ਸਰੀਰ ਦੇ ਅਨੰਦਮਯ ਕੋਸ਼ ਦੀ ਵਿਆਖਿਆ ਕਰਕੇ ਅਤੇ ਸੂਖਮ ਸਰੀਰ ਦੇ ਤਿੰਨ ਕੋਸਾਂ ਦਾ ਇਸ਼ਾਰਾ ਦੇ ਕੇ ਇਥੇ ਪਹਿਲੇ 'ਅਨੰਦਮਯ ਕੋਸ਼' ਦੀ ਵਿਚਾਰ ਸਮਾਪਤ ਕੀਤੀ ਹੈ॥੨੬॥

੨. ਹੁਣ 'ਅੰਨਮਯ ਕੋਸ਼' ਦੀ ਵਿਚਾਰ ਸ਼ੁਰੂ ਕਰਦੇ ਹਨ:

## 'ਕੋਸ਼ ਅੰਨਮਯ' ਵਹਿਰ ਕੋ; ਜਾਨਹੁ ਸਕਲ ਸਰੀਰ।

ਸਾਰੇ ਅਸਥੂਲ ਸਰੀਰ ਨੂੰ ਅੰਨਮਯ ਕੋਸ਼ ਜਾਣੋ, ਉਹ ਕੋਸ਼ ਅੰਤਰੀਵ ਹਨ ਭਾਵ ਕਾਰਣ ਤੇ ਸੂਖਮ ਸਰੀਰ ਦੇ ਹਨ, ਇਹ ਅੰਨਮਯ ਕੋਸ਼ ਵਹਿਰ ਕੋ = ਅਸਥੂਲ ਸਰੀਰ ਦਾ ਹੈ, ਇਸ ਵਿਚ ਸਾਰਾ ਸਰੀਰ ਕੋਸ਼ ਰੂਪ ਹੈ, ਜਿਸ ਦੇ ਵਿਚ ਸਿਰ, ਲੱਤਾਂ, ਬਾਹਾਂ ਅਤੇ ਪਿੱਠ ਇਹ ਸਾਰਾ ਸਰੀਰ ਅੰਨਮਯ ਕੋਸ਼ ਹੈ, ਇਸ ਨੂੰ ਵੀ ਪੰਛੀ ਦੇ ਰੂਪ ਵਿਚ ਵਰਣਨ ਕਰਦੇ ਹਨ:

## ਸਿਰ ਸਿਰ ਬਾਹੂ ਬਾਹੁ ਦ੍ਵੈ; ਪ੍ਰਿਸ਼ਟ ਥਿਰੈ ਜਹਿਂ ਧੀਰ॥੨੭॥

ਹੇ ਧੀਰ = ਬੁੱਧੀਵਾਨੋਂ! ਇਹ ਅੰਨਮਯ ਕੋਸ਼ ਰੂਪ ਪੰਛੀ ਦੇ ਸਿਰ ਦੇ ਥਾਂ ਅਸਥੂਲ ਸਰੀਰ ਦਾ ਸਿਰ, ਅਸਥੂਲ ਸਰੀਰ ਦੀਆਂ ਦ੍ਵੈ = ਦੋਨੇ ਬਾਹਾਂ ਭਾਵ ਸੱਜੀ ਬਾਹੂ = ਬਾਂਹ, ਖੱਬੀ ਬਾਹੁ = ਬਾਂਹ ਇਹ ਪੰਛੀ ਦੇ ਦੋਨੇ ਪਰਾਂ ਦੀ ਥਾਂ ਸੱਜੇ ਪਰ ਦੀ ਥਾਂ ਸੱਜੀ ਬਾਂਹ, ਖੱਬੇ ਪਰ ਦੀ ਥਾਂ ਖੱਬੀ ਬਾਂਹ ਤੇ ਅਸਥੂਲ ਸਰੀਰ ਦੀ ਜੋ ਪਿੱਠ ਹੈ, ਇਹ ਪੰਛੀ ਦੀ ਪੂਛ ਦੀ ਥਾਂ ਹੈ ਜਿਵੇਂ ਪੰਛੀ ਪੂਛ ਦੇ ਆਸਰੇ ਹੈ, ਮਨੁੱਖ ਦੀਆਂ ਲੱਤਾਂ, ਬਾਹਾਂ ਸਿਰ ਪ੍ਰਿਸ਼ਟ = ਪਿੱਠ ਦੇ ਆਸਰੇ ਥਿਰੈ = ਟਿਕਦਾ ਹੈ ਜੇਕਰ ਰੀੜ੍ਹ ਦੀ ਹੱਡੀ ਵਿਚ ਨੁਕਸ ਪੈ ਜਾਵੇ ਤਾਂ ਲੱਤਾਂ ਬਾਹਾਂ ਖੜ ਜਾਂਦੀਆਂ ਹਨ, ਜੇ ਪੰਛੀ ਦੀ ਪੂਛ ਕੱਟ ਦੇਈਏ ਤਾਂ ਪੰਛੀ ਦਾ ਸਾਰਾ ਸਰੀਰ ਨਿਕੰਮਾ ਹੋ ਜਾਂਦਾ ਹੈ। ਇਥੇ ਦੂਜੇ ਅੰਨਮਯ ਕੋਸ਼ ਦੀ ਵਿਚਾਰ ਸਮਾਪਤੀ ਹੋਈ॥੨੭॥

੩. ਹੁਣ ਤੀਸਰੇ 'ਪ੍ਰਾਣਮਯ ਕੋਸ਼' ਦੀ ਵਿਚਾਰ ਅਰੰਭ ਹੁੰਦੀ ਹੈ:

## ਚੌਪਈ॥ ਪੰਚ ਕੋਸ਼; ਪੰਛੀ ਪੰਚ ਕਹੇ।

ਜੋ ਪੰਜ ਕੋਸ਼ ਹਨ, ਇਹ ਪੰਜ ਪੰਛੀਆਂ ਦੇ ਰੂਪ ਵਿਚ ਕਹੇ ਹਨ ਕਿਸ ਨੇ ਕਹੇ ਹਨ। ਅੱਗੇ ਦੱਸਦੇ ਹਨ:

## ਬੀਚ ਬੇਦ ਕੇ; ਸੰਤਨਿ ਲਹੇ।

ਵੇਦਾਂ ਦੇ ਬੀਚ = ਵਿੱਚੋਂ, ਸੰਤਾਂ, ਮਹਾਂਪੁਰਸ਼ਾਂ, ਵਿਦਵਾਨਾਂ ਨੇ ਲਏ = ਲਹੇ ਹਨ, ਭਾਵ ਕਥਨ ਕਰਨ ਵਾਸਤੇ ਉਥੋਂ ਪ੍ਰਾਪਤ ਕੀਤੇ ਹਨ।

## ਪੰਚ ਕਰਮ ਇੰਦ੍ਰੀ; ਪੰਚ ਪ੍ਰਾਨ।

ਪੰਜ ਕਰਮ ਇੰਦ੍ਰੇ (ਹੱਥ, ਪੈਰ, ਜੀਭ, ਲਿੰਗ, ਗੁਦਾ) ਤੇ ਪੰਜ ਪ੍ਰਾਨ (ਪ੍ਰਾਨ, ਅਪਾਨ ਸਮਾਨ, ਉਦਿਆਨ, ਬਿਆਨ)।

## 'ਕੋਸ਼ ਪ੍ਰਾਣਮਯ'; ਜਾਨ ਸੁਜਾਨ॥੨੮॥

ਹੇ ਸੁਜਾਨ = ਸ੍ਰੇਸ਼ਟ ਜਾਣਕਾਰੀ ਰੱਖਣਵਾਲੇ ਖ਼ਾਲਸਾ ਜੀ! ਇਹ ਪ੍ਰਾਣਮਯ ਕੋਸ਼ ਜਾਨ = ਜਾਣ ਲਉ, ਭਾਵ ਇਸ ਦਾ ਨਾਮ ਪ੍ਰਾਣਮਯ ਕੋਸ਼ ਹੈ॥੨੮॥

## ਏਕ ਪ੍ਰਾਣ ਕੀ; ਚਾਰਹੁੰ ਪੌਣ।

ਜੋ ਇਕ ਪ੍ਰਾਣ ਦੀਆਂ ਚਾਰਹੁੰ = ਚਾਰ ਪੌਣਾਂ ਕਿਰਿਆ ਤੇ ਅਸਥਾਨ ਭੇਦ ਕਰਕੇ ਵੱਖਰੀਆਂ ਵੱਖਰੀਆਂ ਹੋ ਗਈਆਂ।

ਹੁਣ 'ਪ੍ਰਾਣਮਯ ਕੋਸ਼' ਨੂੰ ਪੰਛੀ ਦੇ ਰੂਪ ਵਿਚ ਵਰਣਨ ਕਰਦੇ ਹਨ।

## ਸਿਰ ਇਕ ਪਰ ਦ੍ਵੈ; ਪੂਛ ਇਕ ਤੌਨ।

ਪ੍ਰਾਣਮਯ ਕੋਸ਼ ਰੂਪ ਪੰਛੀ ਵਿਚ ਜੋ ਪ੍ਰਾਣ ਵਾਯੂ ਹੈ, ਉਹ ਪੰਛੀ ਦੇ ਸੁਆਸਾਂ ਦੀ ਥਾਂ ਅਤੇ ਉਸ ਦਾ ਨਾਮ ਰੱਖਣ ਵਾਸਤੇ ਪੰਜਾਂ ਦੇ ਵਿੱਚੋਂ ਇਕ ਦੀ ਗਿਣਤੀ ਇਥੇ ਲਾ ਲਈ ਹੈ, ਬਾਕੀ ਜੋ ਚਾਰ ਰਹਿ ਗਈਆਂ, ਉਹਨਾਂ ਵਿੱਚੋਂ ਇਕ-ਸਮਾਨ ਵਾਯੂ ਦਾ ਸਿਰ ਸਮਝ ਲਉ ਤੇ ਉਦਿਆਨ ਵਾਯੂ ਦਾ ਸੱਜਾ ਪਰ ਤੇ ਬਿਆਨ ਵਾਯੂ ਦਾ ਖੱਬਾ, ਪਰ ਇਹ ਦ੍ਵੈ = ਦੋਵੇਂ ਪਰ ਸਮਝ ਲਉ ਅਤੇ ਤੌਨ = ਤਿਵੇਂ ਇਕ ਬਾਕੀ ਰਹਿੰਦੀ ਅਪਾਨ ਵਾਯੂ ਦੀ ਪੂਛ ਸਮਝ ਲਉ।

੪. ਹੁਣ ਚੌਥੇ ਕੋਸ਼ 'ਮਨੋਮਯ ਕੋਸ਼' ਦੀ ਵਿਚਾਰ ਆਰੰਭ ਕਰਦੇ ਹਨ:

## ਕਰਮ ਇੰਦ੍ਰੀਆਂ; ਮਨ ਕੇ ਸਹਤਿ।

ਪੰਜ ਕਰਮ ਇੰਦ੍ਰੀਆਂ ਮਨ ਕੇ = ਦੇ ਸਹਤਿ = ਸਮੇਤ।

## 'ਕੋਸ਼ ਮਨੋਮਯ'; ਇਸ ਕੋ ਕਹਤ ॥੨੯॥

ਇਸ ਨੂੰ ਵਿਦਵਾਨ ਲੋਕ ਮਨੋਮਯ ਕੋਸ਼ ਕਹਤ = ਕਹਿੰਦੇ ਹਨ ॥੨੯॥

ਪਿੱਛਲੀ ਰੀਤ ਅਨੁਸਾਰ ਮਨੋਮਯ ਕੋਸ਼ ਨੂੰ ਪੰਛੀ ਦੇ ਰੂਪ ਵਿਚ ਵਰਣਨ ਕਰਦੇ ਹਨ:

## ਗਿਰਾ ਬੈਖਰੀ; ਇਸ ਕੋ ਸਿਰ ਹੈ।

ਬੈਖਰੀ ਗਿਰਾ = ਬਾਣੀ ਮਨੋਮਯ ਕੋਸ਼ ਰੂਪ ਪੰਛੀ ਦਾ ਸਿਰ ਹੈ।

## ਪਸ਼ਯੰਤੀ, ਮਧਮਾ; ਜੁਗ ਪਰ ਹੈਂ।

ਚਾਰ ਬਾਣੀਆਂ ਵਿੱਚੋਂ ਉੱਪਰ ਬੈਖਰੀ ਬਾਣੀ ਦਾ ਸਿਰ ਮੰਨ ਲਿਆ ਤੇ ਪਸੰਤੀ ਤੇ ਮੱਧਮਾ ਬਾਣੀ ਮਨੋਮਯ ਕੋਸ਼ ਰੂਪ ਪੰਛੀ ਦੇ ਜੁਗ = ਦੋ ਸੱਜਾ, ਖੱਬਾ ਪਰ = ਖੰਭ ਹਨ ਭਾਵ ਪਸੰਤੀ ਬਾਣੀ ਸੱਜੇ ਪਰ ਦੀ ਨਿਆਈਂ ਤੇ ਮਧਮਾ ਬਾਣੀ ਖੱਬੇ ਪਰ ਦੀ ਨਿਆਈਂ ਹੈ, ਬਾਕੀ ਰਹੀ ਪੂਛ, ਹੁਣ ਉਹ ਦੱਸਦੇ ਹਨ:

## ਪਰਾ ਪੂੰਛ; ਇਹ ਜਾਨ ਸੁਜਾਨ।

ਹੇ ਸੁਜਾਨ = ਸ੍ਰੇਸ਼ਟ ਜਾਣਕਾਰੀ ਰੱਖਣ ਵਾਲੇ ਖ਼ਾਲਸਾ ਜੀ! ਪਰਾ ਬਾਣੀ ਨੂੰ ਮਨੋਮਯ ਕੋਸ਼ ਰੂਪ ਪੰਛੀ ਦੀ ਪੂਛ ਜਾਨਣਾ ਕਰੋ ਕਿਉਂਕਿ ਜਿਵੇਂ ਪੰਛੀ ਪੂਛ ਦੇ ਆਸਰੇ ਹੈ, ਇਸੇ ਤਰ੍ਹਾਂ ਤਿੰਨੇ ਬਾਣੀਆਂ (ਬੈਖਰੀ, ਮੱਧਮ, ਪਸੰਤੀ) ਪਰਾ ਬਾਣੀ ਦੇ ਆਸਰੇ ਹਨ, ਇਸ ਕਰਕੇ ਇਹ ਬਾਣੀ ਪੂਛ ਦੇ ਰੂਪ ਵਿਚ ਕਹੀ ਹੈ।

## ਭਯੋ ਬਿਹੰਗਮ; ਇਸੀ ਬਿਧਾਨ ॥੩੦॥

ਇਸ ਬਿਧਾਨ = ਤਰੀਕੇ ਨਾਲ ਮਨੋਮਯ ਕੋਸ਼ ਰੂਪ ਬਿਹੰਗਮ = ਪੰਛੀ ਦਾ ਵਰਣਨ ਭਯੋ = ਹੋ ਗਿਆ ਹੈ, ਇਥੇ ਚੌਥੇ ਮਨਮਯੋ ਕੋਸ਼ ਰੂਪ ਪੰਛੀ ਦਾ ਕਥਨ ਸੰਪੂਰਨ ਹੋਇਆ ॥੩੦॥

੫. ਹੁਣ ਪੰਜਵਾਂ 'ਵਿਗਿਆਨਮਯ ਕੋਸ਼' ਕਥਨ ਕਰਨਗੇ ਕਿ ਉਸ ਦਾ ਰੂਪ ਕੀ ਹੈ, ਬਣਤਰ ਕੀ ਹੈ:

## ਪੰਚਹੁ ਇੰਦ੍ਰੈ; ਗ੍ਯਾਨ ਸੁਹਾਇ।

ਸੁਹਾਇ = ਸੋਭਨੀਕ ਪੰਚਹੁੰ = ਪੰਜ ਗਿਆਨ ਇੰਦ੍ਰੈ—ਅੱਖਾਂ, ਕੰਨ, ਨਾਸਿਕਾ, ਰਸਨਾ, ਚਮੜੀ)।

## ਔਰ ਖਸ਼ਟਮੀ; ਬੁੱਧਿ ਮਿਲਾਇ।

ਔਰ = ਅਤੇ ਖਸ਼ਟਮੀ = ਛੇਵੀਂ ਬੁੱਧ ਨੂੰ ਇਹਨਾਂ ਪੰਜਾਂ ਗਿਆਨ ਇੰਦ੍ਰਿਆਂ ਨਾਲ ਮਿਲਾ ਕੇ:

## 'ਕੋਸ਼ ਬਿਗ੍ਯਾਨ ਮਯੰ'; ਇਹ ਜਾਨੋ।

ਇਸ ਨੂੰ ਵਿਗਿਆਨ ਮਯ ਕੋਸ਼ ਜਾਨੋ = ਸਮਝ ਲਉ, ਭਾਵ ਪੰਜੇ ਗਿਆਨ ਇੰਦ੍ਰੇ ਤੇ ਬੁੱਧ ਸਮੇਤ ਇਹ ਵਿਗਿਆਨਮਯ ਕੋਸ਼ ਦਾ ਸਰੂਪ ਹੈ।

## ਤਿਨ ਸਮ; ਇਹ ਪੰਛੀ ਪਹਿਚਾਨੋ ॥੩੧॥

ਤਿਨ = ਉਹਨਾਂ ਉਪਰੋਕਤ ਚਾਰ ਕੋਸ਼ ਦੇ ਜੋ ਪੰਛੀ ਦੇ ਰੂਪ ਵਿਚ ਕਥਨ ਕੀਤਾ ਹੈ, ਇਸ ਨੂੰ ਭੀ ਉਸੇ ਦੇ ਸਮ = ਬਰਾਬਰ ਪੰਛੀ ਦੇ ਰੂਪ ਵਿਚ ਪਹਿਚਾਨੋ = ਜਾਣ ਲਉ। ਇਸ ਪੰਜਵੇਂ ਕੋਸ਼ ਦੇ ਵਿਚ ਇਹ ਇਸ਼ਾਰਾ ਦੇ ਕੇ ਕਿ ਉਹਨਾਂ ਚਾਰਾਂ ਕੋਸ਼ਾਂ ਦੇ ਵਿਚ ਜੋ ਪੰਛੀ ਦਾ ਪ੍ਰਮਾਣ ਦੇ ਕੇ ਪੰਛੀ ਦਾ ਸਿਰ, ਦੋਵੇਂ ਖੰਭ, ਪੂਛ ਇਸ ਨੂੰ ਅੰਤਰੀਵ ਭਾਵ ਵਿਚ ਵਰਣਨ ਕੀਤਾ ਹੈ, ਹੁਣ ਇਸ ਪੰਜਵੇਂ ਕੋਸ਼ ਨੂੰ ਭਾਈ ਸਾਹਿਬ ਜੀ ਨੇ ਇਹ ਕਹਿ ਕੇ ਛੱਡ ਦਿੱਤਾ ਹੈ ਕਿ ਇਸ ਨੂੰ ਭੀ ਉਸ ਦੇ ਬਰਾਬਰ ਜਾਣੋ, ਹੁਣ ਇਥੇ ਇਹ ਜ਼ੁੰਮੇਵਾਰੀ ਵਿਆਖਿਆ ਕਰਨ ਵਾਲੇ ਵਿਦਵਾਨਾਂ 'ਤੇ ਛੱਡ ਦਿੱਤੀ ਹੈ ਜਾਂ ਫਿਰ ਜਦੋਂ ਹੱਥ ਲਿਖਤ ਭਾਈ ਸਾਹਿਬ ਦੇ ਲਿਖੇ ਗ੍ਰੰਥ ਦਾ ਉਤਾਰਾ ਹੋਇਆ, ਤਦੋਂ ਭਾਈ ਸਾਹਿਬ ਦੀਆਂ ਲਿਖੀਆਂ ਹੋਈਆਂ ਪੰਕਤੀਆਂ ਉਤਾਰਾ ਕਰਨ ਵਾਲੇ ਤੋਂ ਗ਼ਲਤੀ ਨਾਲ ਰਹਿ ਗਈਆਂ ਹੋਣ ਐਸਾ ਜਾਪਦਾ ਹੈ, ਅੱਗੇ ਕਰਤਾਰ ਦੀਆਂ ਕਰਤਾਰ ਜਾਣੇ, ਇਹ ਅਸਾਂ ਆਪਣੀ ਰਾਇ ਦੇ ਦਿੱਤੀ ਹੈ, ਇਸ ਪੰਜਵੇਂ ਕੋਸ਼ ਦਾ ਵਖਿਆਨ ਆਮ ਕਰਕੇ ਕਥਾਵਾਚਕ ਨਹੀਂ ਕਰਦੇ ਜੇ ਇਸ ਦਾ ਕਥਨ ਨਾ ਕੀਤਾ ਜਾਏ ਤਾਂ ਪੰਕਤੀ ਇਸ਼ਾਰਾ ('ਤਿਨ ਸਮ ਇਹ ਪੰਛੀ ਪਹਿਚਾਨੋ') ਅਧੂਰਾ ਰਹਿ ਜਾਂਦਾ ਹੈ, ਇਸ ਲਈ ਅਧੂਰੇਪਣ ਨੂੰ ਸੰਪ੍ਰਦਾ ਦੇ ਵਿਦਵਾਨ ਮਹਾਂਪੁਰਸ਼ਾਂ ਨੇ ਇਸ ਦੀ ਪੂਰਤੀ ਕੀਤੀ ਹੈ ਅਤੇ ਪਿਛਲੀ ਵਿਚਾਰ ਨਾਲ ਜੋ ਪੰਛੀ ਦੇ ਪ੍ਰਮਾਣਾਂ ਦੀ ਲੜੀ ਚੱਲੀ ਆ ਰਹੀ ਹੈ, ਉਸ ਨੂੰ ਟੁੱਟਣ ਨਹੀਂ ਦਿੱਤਾ, ਵਿਗਿਆਨਮਯ ਕੋਸ਼ ਨੂੰ ਪੰਛੀ ਦੇ ਰੂਪ ਵਿਚ ਇਉਂ ਵਰਣਨ ਕੀਤਾ ਹੈ:

ਵਿਗਿਆਨਮਯ ਕੋਸ਼ ਰੂਪ ਪੰਛੀ ਦਾ ਸਿਰ ਅਸੁੱਚ ਵਿਚ ਸੁੱਚ ਬੁੱਧੀ ਕਰਨੀ ਭਾਵ ਅਪਵਿੱਤ੍ਰ ਵਿਸ਼ਿਆਂ ਨੂੰ ਪਵਿੱਤ੍ਰ ਸਮਝਣਾ ਇਹ ਅਸੁੱਚ ਵਿਚ ਸੁੱਚ ਬੁੱਧੀ ਦਾ ਅਰਥ ਹੈ। ਇਹ ਪੰਛੀ ਦਾ ਸਿਰ ਜਾਣੋ, ਅਨਾਤਮਾ ਵਿਚ ਆਤਮਾ ਬੁੱਧੀ ਭਾਵ ਮਿੱਥਿਆ ਸਰੀਰ ਜੋ ਅਨਾਤਮਾ ਰੂਪ ਹੈ, ਉਸ ਨੂੰ ਆਤਮਾ ਰੂਪ ਜਾਨਣਾ, ਇਹ ਵਿਗਿਆਨਮਯ ਕੋਸ਼ ਰੂਪ ਪੰਛੀ ਦਾ ਸੱਜਾ ਖੰਭ (ਪਰ) ਹੈ, ਅਸੱਤ ਮਯ ਸੱਤ ਬੁੱਧੀ ਭਾਵ ਅਸੱਤ ਰੂਪ ਸੰਸਾਰ ਨੂੰ ਸੱਤ ਕਰਕੇ ਜਾਨਣਾ ਭਾਵ ਝੂਠੇ ਸੰਸਾਰ ਨੂੰ ਸੱਤ ਕਰਕੇ ਜਾਨਣਾ, ਇਹ ਵਿਗਿਆਨਮਯ ਕੋਸ਼ ਰੂਪ ਪੰਛੀ ਦਾ ਖੱਬਾ ਖੰਭ ਹੈ, ਅਨਿੱਤ ਮਯ ਨਿੱਤ ਬੁੱਧੀ ਭਾਵ ਝੂਠੇ ਪਦਾਰਥਾਂ ਨੂੰ ਸੱਚੇ ਕਰਕੇ ਜਾਨਣ ਵਾਲੀ ਬੁੱਧੀ, ਇਹ ਅਨਿੱਤ ਮਯ ਨਿੱਤ ਦਾ ਅਰਥ ਹੈ, ਇਹ ਵਿਗਿਆਨਮਯ ਕੋਸ਼ ਰੂਪ ਪੰਛੀ ਦੀ ਪੂਛ ਹੈ ਜਿਵੇਂ ਪੰਛੀ ਦੀ ਪੂਛ ਉਸ ਦਾ ਆਸਰਾ ਹੁੰਦੀ ਹੈ, ਇਵੇਂ ਹੀ ਅਗਿਆਨ ਕਰਕੇ ਜੀਵ ਝੂਠੇ ਪਦਾਰਥਾਂ ਨੂੰ ਸੱਚੇ ਨਿਸ਼ਚਾ ਕਰਨ ਰੂਪ ਆਸਰਾ ਬਣਾਈ ਬੈਠਾ ਹੈ, ਇਸੇ ਕਰਕੇ ਵਿਗਿਆਨਮਯ ਕੋਸ਼ ਰੂਪ ਪੰਛੀ ਨੂੰ ਵੀ ਉਸੇ ਤਰ੍ਹਾਂ ਸਮਝ

ਲਉ ਜਿਵੇਂ ਪਿੱਛੇ ਚਾਰ ਕੋਸ਼ਾਂ ਨੂੰ ਪੰਛੀ ਦੇ ਰੂਪ ਵਿਚ ਵਰਣਨ ਕੀਤਾ ਹੈ, ਪੰਜਵੇਂ ਵਿਗਿਆਨਮਯ ਕੋਸ਼ ਨੂੰ ਵੀ ਪੰਛੀ ਦੇ ਅੰਤਰੀਵ ਰੂਪ ਵਿਚ ਵਰਣਨ ਕੀਤਾ ਹੈ॥੩੧॥

## ਤੀਨ ਕੋਸ ਜੋ; ਕਰੇ ਬਖਾਨ।

ਪਿੱਛੇ ਜੋ ਤਿੰਨ ਕੋਸ਼ (ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਿਆਨਮਯ ਕੋਸ਼) ਬਖਾਨ = ਕਥਨ ਕਰੇ = ਕੀਤੇ ਹਨ।

## ਏ ਹੈਂ; ਲਿੰਗ ਸਰੀਰ ਪਛਾਨ।

ਇਹ ਤਿੰਨੇ ਕੋਸ਼ ਲਿੰਗ = ਸੂਖਮ ਸਰੀਰ ਦੇ ਵਿਚ ਪਛਾਨ = ਜਾਨਣਾ ਕਰੋ।

## ਪੰਚਹੁ ਕੋਸ਼ ਰੁ; ਤੀਨ ਸਰੀਰ।

ਪੰਚਹੁ = ਪੰਜ ਕੋਸ਼ (ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਿਆਨਮਯ ਕੋਸ਼, ਅਨੰਦਮਯ ਕੋਸ਼) ਰੁ = ਅਤੇ ਤੀਨ = ਤਿੰਨ ਸਰੀਰ (ਅਸਥੂਲ ਸਰੀਰ, ਸੂਖਮ ਸਰੀਰ, ਕਾਰਣ ਸਰੀਰ) ਇਹਨਾਂ ਵਿਚ ਇਤਨਾ ਭੇਦ ਜਾਨਣਾ ਕਿ ਜੋ ਪੰਜ ਤੱਤ ਤੇ ਪੱਚੀ ਪ੍ਰਕਿਰਤੀਆਂ ਦੇ ਅਸਥੂਲ ਸਰੀਰ ਦਾ ਅੰਨਮਯ ਕੋਸ਼, ਸਤਾਰਾਂ ਤੱਤਾਂ ਭਾਵ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਪ੍ਰਾਨ, ਮਨ ਤੇ ਬੁੱਧ ਦੇ ਸੂਖਮ ਸਰੀਰ ਦੇ ਤਿੰਨ ਕੋਸ਼ ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਿਆਨਮਯ ਕੋਸ਼ ਤੇ ਅਵਿੱਦਯਾ ਦੇ ਪੜਦੇ ਵਾਲੇ ਕਾਰਣ ਸਰੀਰ ਦਾ ਅਨੰਦਮਯ ਕੋਸ਼ ਹੈ।

## ਬਰਨਨ ਕਰੇ; ਲਖਹੁ ਉਰ ਧੀਰ॥੩੨॥

ਹੇ ਧੀਰ = ਧੀਰਜਵਾਨੋਂ ਗੁਰਸਿੱਖੋ ! ਤੁਸੀਂ ਜੋ ਪੰਦਰ੍ਹਵਾਂ ਪ੍ਰਸ਼ਨ ਕੋਸ਼ਾਂ ਬਾਰੇ ਕੀਤਾ ਸੀ, ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਉਸ ਦਾ ਅਸੀਂ ਬਰਨਨ = ਕਥਨ ਕਰ ਦਿੱਤਾ ਹੈ, ਹੁਣ ਤੁਸੀਂ ਇਸ ਦੇ ਉੱਤਰ ਨੂੰ ਉਰ = ਹਿਰਦੇ ਦੇ ਵਿਚ ਲਖਹੁ = ਜਾਣ ਲਉ। ਵਿਦਵਾਨਾਂ ਦੇ ਧਿਆਨ ਗੋਚਰੇ ਇਹ ਬੇਨਤੀ ਹੈ ਕਿ ਉਪਰੋਕਤ ਕੋਸ਼ਾਂ ਤੇ ਸਰੀਰ ਦਾ ਵਰਣਨ ਕ੍ਰਮਵਾਰ ਨਹੀਂ ਹੈ ਭਾਵ ਤਰਤੀਬ ਵਾਰ ਨਹੀਂ ਹੈ, ਕ੍ਰਮਵਾਰ ਇਉਂ ਹੈ :

| **ਸਰੀਰ** | **ਕੋਸ਼** |
|---|---|
| ੧. ਅਸਥੂਲ ਸਰੀਰ | ੧. ਅੰਨਮਯ ਕੋਸ਼ |
| ੨. ਸੂਖਮ ਸਰੀਰ | ੨. ਪ੍ਰਾਣਮਯ ਕੋਸ਼, ੩. ਮਨੋਮਯ ਕੋਸ਼, ੪. ਵਿਗਿਆਨਮਯ ਕੋਸ਼ |
| ੩. ਕਾਰਣ ਸਰੀਰ | ੫. ਅਨੰਦਮਯ ਕੋਸ਼। |

ਸੋ ਇਥੇ ਪੰਦਰ੍ਹਵੇਂ ਪ੍ਰਸ਼ਨ ਦੇ ਉੱਤਰ ਦੀ ਸਮਾਪਤੀ ਹੋਈ॥੩੨॥

੧. ਅਗਿਆਨ ਕੀ ਹੈ ? ੨. ਮਾਯਾ ਕਿਸਨੂੰ ਕਹਿੰਦੇ ਹਨ ? ੩. ਅਬਿੱਦਿਆ ਕਿਸਨੂੰ ਕਹਿੰਦੇ ਹਨ ? ੪. ਮਾਯਾ ਕੀ ਹੈ ? ੫. ਮੁਕਤੀ ਕੀ ਹੈ ? ੬. ਜਾਗ੍ਰਤ ਅਵਸਥਾ ਕਿਸਨੂੰ ਕਹਿੰਦੇ ਹਨ ? ੭. ਸੁਪਨ ਅਵਸਥਾ ਕੀ ਹੈ ? ੮. ਸਖੋਪਤੀ ਅਵਸਥਾ ਕੀ ਹੈ ? ੯. ਮੂਰਛਾ ਕੀ ਹੈ ? ੧੦. ਸਮਾਧੀ ਕੀ ਹੈ ? ੧੧. ਤੁਰੀਆ ਅਵਸਥਾ ਦਾ ਰੂਪ ਕੀ ਹੈ ? ੧੨. ਜੀਵ ਆਤਮਾ ਦਾ ਰੂਪ ਕੀ ਹੈ ? ੧੩. ਸਾਖੀ ਦਾ ਰੂਪ ਕੀ ਹੈ ? ੧੪. ਬ੍ਰਹਮ ਕੀ ਹੈ ? ੧੫. ਪੰਜ ਕੋਸ਼ਾਂ ਦਾ ਰੂਪ ਕੀ ਹੈ ?

ਇਹਨਾਂ ਪੰਦਰਾਂ ਪ੍ਰਸ਼ਨਾਂ ਦੇ ਵਿਸਥਾਰ ਨਾਲ ਉਪਰ ਉੱਤਰ ਦੇ ਦਿੱਤੇ ਹਨ।

## ਸਤਿ ਚੇਤਨ; ਆਨੰਦ ਸਰੂਪ।

ਜੋ ਬ੍ਰਹਮ, ਸਤਿ, ਚਿੱਤ, ਆਨੰਦ ਸਰੂਪ ਹੈ:

## ਸੂਖਮ ਤੇ; ਸੂਖਮ ਅਨਰੂਪ।

ਉਹ ਸੂਖਮ ਤੋਂ ਵੀ ਸੂਖਮ, ਤੇ ਅਨਰੂਪ = ਆਕਾਰਾਂ ਦੇ ਰੂਪ ਤੋਂ ਵੀ ਰਹਿਤ ਹੈ, ਜੈਸਾ ਕਿ:

**ਨਹੀ ਜਾਨ ਜਾਈ ਕਛੁ ਰੂਪ ਰੇਖੰ॥** *(ਅਕਾਲ ਉਸਤਤਿ, ਸ੍ਰੀ ਦਸਮ ਗ੍ਰੰਥ)*

## ਇੰਦ੍ਰਯ ਥੂਲ; ਬਿਸ਼ੈ ਕਿਮ ਹੋਇ ?

ਫਿਰ ਉਹ ਸਥੂਲ ਇੰਦ੍ਰਿਆਂ ਦਾ ਵਿਸ਼ਾ ਕਿਮ = ਕਿਵੇਂ ਹੋ ਸਕਦਾ ਹੈ, ਭਾਵ ਉਹ ਸਥੂਲ ਇੰਦ੍ਰਿਆਂ ਕਰਕੇ ਕਿਵੇਂ ਜਾਣਿਆ ਜਾ ਸਕਦਾ ਹੈ ?

ਕਿਵੇਂ ਜਾਣਿਆ ਜਾਂਦਾ ਹੈ, ਹੁਣ ਦੱਸਦੇ ਹਨ:

## ਬੁਧਿ ਸੂਖਮ ਤੇ; ਲਖੀਏ ਸੋਇ ॥੩੩॥

ਜੋ ਬ੍ਰਹਮ ਸੂਖਮ ਤੋਂ ਸੂਖਮ ਹੈ ਤੇ ਰੂਪ ਆਕਾਰਾਂ ਤੋਂ ਰਹਿਤ ਹੈ, ਉਹ ਸੂਖਮ ਬੁੱਧ ਕਰਕੇ ਲਖੀਏ = ਜਾਣਿਆ ਜਾਂਦਾ ਹੈ॥੩੩॥

## ਤਿਸ ਕੇ ਢਿਗ; ਵਰਤੀ ਬੁਧਿ ਏਕ॥

ਤਿਸ = ਉਸ ਸੱਤ, ਚਿਤ, ਆਨੰਦ ਸਰੂਪ ਦੇ ਇਕ ਆਤਮ ਵਿਸ਼ੈਣੀ ਬੁੱਧ ਹੀ ਢਿਗ = ਨੇੜੇ ਹੋ ਕੇ ਵਰਤ ਰਹੀ ਹੈ, ਭਾਵ ਉਸ ਦੇ ਨੇੜੇ ਹੋ ਕੇ ਪਰਚਣ ਵਾਲੀ, ਜਾਨਣ ਵਾਲੀ, ਸਮਝਣ ਵਾਲੀ ਹੈ ਤੇ ਬੁੱਧ ਦੋ ਪ੍ਰਕਾਰ ਦੀ ਹੈ: ੧. ਆਤਮ ਵਿਸ਼ੈਣੀ ੨. ਵਿਸ਼ੇ ਵਿਸ਼ੈਣੀ ਭਾਵ ਵਿਸ਼ੇ ਵਿਸ਼ੈਣੀ ਬੁੱਧ ਉਸ ਨੂੰ ਜਾਣ ਨਹੀਂ ਸਕਦੀ ਕੇਵਲ ਆਤਮ ਵਿਸ਼ੈਣੀ ਬੁੱਧ ਹੀ ਜਾਣ ਸਕਦੀ ਹੈ।

## ਯਾਂ ਤੇ ਇਹ; ਲਖਿ ਸਕਹਿ ਬਿਬੇਕ।

ਯਾਂ ਤੇ = ਇਸ ਕਰਕੇ ਇਹ ਆਤਮ ਵਿਸ਼ੈਣੀ ਸੱਤ, ਚਿਤ, ਆਨੰਦ ਸਰੂਪ ਦਾ ਬਿਬੇਕ = ਗਿਆਨ ਲਖਿ = ਜਾਣ ਸਕਦੀ ਹੈ।

## ਰਚਯੋ ਜੁ ਮਨ ਕੋ; ਮਹਿਦ ਪ੍ਰਵਾਹ।

ਜੋ ਮਨ ਦੀ ਰਚਯੋ = ਰਚਨਾ ਹੈ, ਇਸ ਦਾ ਪ੍ਰਵਾਹ = ਵੇਗ ਮਹਿਦ = ਬਹੁਤਾ ਬਾਹਰ ਮੁਖੀ ਹੈ, ਭਾਵ ਮਨ ਦਾ ਚੱਲਣਾ, ਫਿਰਨਾ ਸੰਕਲਪ-ਵਿਕਲਪ ਕਰਨਾ, ਇਹ ਬਾਹਰ ਮੁਖੀ ਪ੍ਰਵਾਹ ਹੈ।

## ਕਰਯੋ ਵਹਿਰ ਕੋ; ਅੰਤਰ ਨਾਂਹਿ ॥੩੪॥

ਜਦੋਂ ਤੋਂ ਮਨ ਦੀ ਰਚਨਾ ਵਾਹਿਗੁਰੂ ਨੇ ਕਰਯੋ = ਕੀਤੀ ਹੈ, ਉਦੋਂ ਤੋਂ ਹੀ ਇਸ ਦਾ ਪ੍ਰਵਾਹ ਵਹਿਰ = ਬਾਹਰ ਕੋ = ਨੂੰ ਕੀਤਾ ਹੋਇਆ ਹੈ ਭਾਵ ਸੰਸਾਰ ਵੱਲ ਨੂੰ ਦੌੜਦਾ ਹੈ ਅੰਤਰ ਮੁਖ ਨਹੀਂ ਹੁੰਦਾ, ਭਾਵ

ਆਤਮਾ ਵੱਲ ਨੂੰ ਨਹੀਂ ਜਾਂਦਾ, ਇਸ ਕਰਕੇ ਮਨ ਦੁਆਰਾ ਬ੍ਰਹਮ ਨਹੀਂ ਜਾਣਿਆ ਜਾਂਦਾ, ਕਿਉਂਕਿ ਇਹ ਬਾਹਰ ਮੁਖੀ ਹੈ॥੩੪॥

## ਤਿਮ ਇੰਦ੍ਰੈ ਜੇ; ਪੰਚਹੁ ਗ੍ਯਾਨ।

ਤਿਮ = ਤਿਵੇਂ ਜੋ ਪੰਚਹੁ = ਪੰਜੇ ਗਿਆਨ ਇੰਦ੍ਰੇ (ਕੰਨ, ਅੱਖ, ਨੱਕ, ਤ੍ਵਚਾ (ਚਮੜੀ) ਰਸਨਾ) ਹਨ।

## ਇਨ ਕੋ ਭੀ; ਕਿਯ ਵਹਿਰ ਪਯਾਨ।

ਇਨ੍ਹਾਂ ਭਾਵ ਗਿਆਨ ਇੰਦ੍ਰਿਆਂ ਦਾ ਭੀ ਪ੍ਰਵਾਹ (ਵੇਗ) ਵਹਿਰ = ਬਾਹਰਲੀਆਂ ਵਸਤੂਆਂ ਵੱਲ ਨੂੰ ਪਯਾਨ = ਜਾਂਦਾ ਹੈ।

## ਪੰਚਹੁ ਵਿਸ਼ੈ; ਵਹਿਰ ਕੋ ਗਹੈਂ।

ਜੋ ਗਿਆਨ ਇੰਦਿਆਂ ਦੇ ਪੰਜ ਵਿਸ਼ੇ ਹਨ, ਕੰਨਾਂ ਦਾ ਵਿਸ਼ਾ ਸ਼ਬਦ, ਚਮੜੀ ਦਾ ਸਪਰਸ਼, ਅੱਖਾਂ ਦਾ ਵਿਸ਼ਾ ਰੂਪ, ਰਸਨਾ ਦਾ ਵਿਸ਼ਾ ਰਸ ਖੱਟਾ, ਮਿੱਠਾ ਆਦਿ, ਨਾਸਿਕਾ ਦਾ ਵਿਸ਼ਾ ਸੁਗੰਧੀ-ਦੁਰਗੰਧੀ ਪਰਖਣੀ, ਇਹ ਆਪਣੇ-ਆਪਣੇ ਜੋ ਵਿਸ਼ੇ ਬਾਹਰ ਹਨ, ਉਹਨਾਂ ਨੂੰ ਗ੍ਰਹਿਣ ਕਰਦੇ ਹਨ।

## ਕਿਸ ਪ੍ਰਕਾਰ; ਮਨ ਕੋ ਨਹਿ ਲਹੈਂ॥੩੫॥

ਪੰਜੇ ਗਿਆਨ ਇੰਦ੍ਰੇ ਕਿਸੇ ਪ੍ਰਕਾਰ = ਤਰੀਕੇ ਨਾਲ ਵੀ ਮਨ ਨੂੰ ਨਹੀਂ ਲਹੈ = ਜਾਣ ਸਕਦੇ॥੩੫॥

## ਮਨ ਸਵਧਾਨ ਹੋਇ; ਇਨ ਪ੍ਰੇਰੈ।

ਇਨ੍ਹਾਂ ਪੰਜੇ ਗਿਆਨ ਇੰਦ੍ਰਿਆਂ ਨੂੰ ਮਨ ਸਵਧਾਨ = ਸੁਚੇਤ ਹੋ ਕੇ ਪ੍ਰੇਰੈ = ਪ੍ਰੇਰਨਾ ਕਰਦਾ ਹੈ।

## ਪ੍ਰੇਰਤਿ ਕੋ; ਹਟਿ ਕਰਿ ਨਹਿਂ ਹੇਰੈਂ।

ਪੰਜੇ ਗਿਆਨ ਇੰਦ੍ਰਿਆਂ ਨੂੰ ਜੋ ਪ੍ਰੇਰਤਿ = ਪ੍ਰੇਰਨਾ ਕਰਨ ਵਾਲਾ ਮਨ ਹੈ, ਉਸਨੂੰ ਇਹ ਹਟਿ = ਮੁੜ ਕੇ ਭਾਵ ਪ੍ਰੇਰਨਾ ਕਰਨੇ ਵਾਲੇ ਮਨ ਨੂੰ ਨਹੀਂ ਹੇਰੈਂ = ਦੇਖ ਸਕਦੇ, ਕਿਉਂਕਿ :

## ਮਨ ਸੂਖਮ; ਇੰਦ੍ਰੈ ਹੈਂ ਥੂਲ।

ਮਨ ਸੂਖਮ ਤੇ ਪੰਜੇ ਗਿਆਨ ਇੰਦ੍ਰੇ ਅਸਥੂਲ ਰੂਪ ਵਿਚ ਹਨ।

## ਯਾਂ ਤੇ ਇਨ ਕੋ; ਬਿਸ਼ੈ ਨ ਮੂਲ॥੩੬॥

ਯਾਂ ਤੇ = ਇਸ ਲਈ ਇਹਨਾਂ ਗਿਆਨ ਇੰਦ੍ਰਿਆਂ ਕੋ = ਦਾ ਵਿਸ਼ਾ ਮਨ ਮੂਲ = ਕਦਾਚਿਤ ਨਹੀਂ ਹੋ ਸਕਦਾ ਕਿ ਇੰਦ੍ਰੇ ਇਸ ਨੂੰ ਜਾਣ ਲੈਣ॥੩੬॥

## ਤੈਸੇ ਮਨ ਕੋ; ਬਿਸ਼ੈ ਨ ਆਤਮ।

ਉਪਰੋਕਤ ਵਿਚਾਰ ਅਨੁਸਾਰ ਜਿਵੇਂ ਗਿਆਨ ਇੰਦ੍ਰੇ ਮਨ ਨੂੰ ਨਹੀਂ ਦੇਖ ਸਕਦੇ, ਕਿਉਂਕਿ ਮਨ ਸੂਖਮ ਹੈ, ਇੰਦ੍ਰੇ ਅਸਥੂਲ ਹਨ, ਇਸੇ ਤਰ੍ਹਾਂ ਆਤਮਾ ਮਨ ਦਾ ਵਿਸ਼ਾ ਨਹੀਂ ਹੈ। ਕਿਉਂਕਿ :

## ਜਾਨ ਸਕੈ ਨਹਿਂ; ਅਹੈ ਅਨਾਤਮ।

ਮਨ ਅਨਾਤਮਾ ਹੈ, ਇਸ ਲਈ ਮਨ ਆਤਮਾ ਨੂੰ ਨਹੀਂ ਜਾਣ ਸਕਦਾ, ਭਾਵ ਜੇ ਆਪ ਆਤਮਾ ਰੂਪ ਹੋਵੇ ਤਾਂ ਜਾਣ ਲਵੇ, ਮਨ ਆਪ ਅਨਾਤਮ ਅਹੈ = ਹੈ, ਇਸ ਲਈ ਆਪਣੇ ਆਪੇ ਆਤਮਾ ਨੂੰ ਜਾਣ ਨਹੀਂ ਸਕਦਾ ਕਿਉਂਕਿ :

## ਸੂਖਮ ਆਤਮ; ਮਨ ਹੈ ਥੂਲ।

ਆਤਮਾ ਬਹੁਤ ਸੂਖਮ ਹੈ ਤੇ ਮਨ ਅਸਥੂਲ ਤੇ ਜੜ੍ਹ ਰੂਪ ਹੈ।

## ਨਹੀਂ ਜਾਇ; ਤਿਸ ਕੀ ਦਿਸ਼ ਭੂਲ ॥੩੭॥

ਮਨ ਤਿਸ = ਉਸ ਸੂਖਮ ਅਵਸਥਾ ਕੀ = ਦੀ ਦਿਸ਼ = ਤਰਫ਼ ਭੁੱਲ ਕੇ ਵੀ ਨਹੀਂ ਜਾਇ = ਜਾਂਦਾ ॥੩੭॥

## ਪੰਚਹੁ ਇੰਦ੍ਰੈ; ਮਨ ਖਸ਼ਟਮ ਹੈ।

ਪੰਜ ਗਿਆਨ ਇੰਦ੍ਰੇ ਤੇ ਖਸਟਮ = ਛੇਵਾਂ ਮਨ ਹੈ।

## ਵਹਿਰ ਮੁਖੀ; ਇਹ ਕਰੇ ਪ੍ਰਥਮ ਹੈ।

ਇਹਨਾਂ ਛੇਆਂ ਦਾ ਪ੍ਰਥਮ = ਪਹਿਲਾਂ ਤੋਂ ਹੀ ਬਾਹਰ ਮੁਖੀ ਸੁਭਾਅ ਹੈ, ਭਾਵ ਇਹ ਬਾਹਰਲੇ ਪਦਾਰਥਾਂ ਵੱਲ ਨੂੰ ਦੌੜਦੇ ਹਨ।

## ਯਾਂ ਤੇ ਹਤਿ ਹੋਇ; ਇਸ ਰੀਤਿ।

ਯਾਂ ਤੇ = ਇਸ ਕਰਕੇ ਪੰਜੇ ਗਿਆਨ ਇੰਦ੍ਰੇ ਤੇ ਮਨ ਇਸ ਰੀਤਿ = ਢੰਗ ਨਾਲ ਸਰੂਪ ਤੋਂ ਬੇਮੁਖ ਹੋਣ ਰੂਪ ਹਤਿ = ਨਾਸ ਹੋਏ ਹਨ।

## ਤ੍ਰਿਪਤਹਿ ਨਹੀਂ; ਧਾਵਤੇ ਨੀਤਿ ॥੩੮॥

ਇਹ ਨੀਤਿ = ਨਿੱਤ, ਹਮੇਸ਼ਾ ਦਿਨ ਰਾਤ ਧਾਵਤੇ = ਦੌੜਦੇ ਫਿਰਦੇ ਹਨ ਤੇ ਤ੍ਰਿਪਤਹਿ = ਤ੍ਰਿਪਤ ਨਹੀਂ ਹੁੰਦੇ, ਭਾਵ ਸੰਤੁਸ਼ਟ ਨਹੀਂ ਹੁੰਦੇ ॥੩੮॥

## ਬਿਨ ਸਤਿਗੁਰ ਕੀ; ਸ਼ਰਨੀ ਪਰੇ।

ਹੇ ਖ਼ਾਲਸਾ ਜੀ ! ਸਤਿਗੁਰਾਂ ਦੀ ਚਰਨ ਸ਼ਰਨ ਪਰੇ = ਪਇਆਂ ਤੋਂ ਬਿਨਾਂ :

## ਅੰਤਰਮੁਖੀ ਨ; ਬ੍ਰਿਤ ਕੋ ਕਰੇ।

ਇਹ ਜੋ ਜੀਵ ਅੰਤਰਮੁਖ ਬ੍ਰਿਤੀ ਨਹੀਂ ਕਰ ਸਕਦਾ, ਭਾਵ ਜਦੋਂ ਸਤਿਗੁਰੂ ਜੀ ਦੀ ਸ਼ਰਨ ਪੈਂਦਾ ਹੈ ਤਾਂ ਸਤਿਗੁਰੂ ਜੀ ਗਿਆਨ ਦਾ ਉਪਦੇਸ਼ ਦੇ ਕੇ ਤੇ ਜਪ ਤਪ ਦੀ ਕਮਾਈ ਕਰਾ ਕੇ ਅੰਤਰਮੁਖ ਬਿਰਤੀ ਕਰਾ ਦਿੰਦੇ ਹਨ।

## ਜਿਸ ਤੇ ਥਿਰ ਹ੍ਵੈ; ਲਹੈਂ ਅਰਾਮ।

ਜਿਸ ਕਰਕੇ ਜੀਵਾਤਮਾ ਥਿਰ = ਟਿਕ ਕੇ ਆਤਮਕ ਅਰਾਮ = ਸੁਖ ਲਹੈ = ਪ੍ਰਾਪਤ ਕਰਦਾ ਹੈ।

## ਪ੍ਰਾਪਤ ਹੋਹਿਂ; ਅਪਨ ਧਨ ਧਾਮ ॥੩੯॥

ਫਿਰ ਆਪਣਾ ਜੋ ਰਿਦੇ ਰੂਪੀ ਧਾਮ = ਘਰ ਹੈ, ਉਸ ਦੇ ਵਿਚ ਆਤਮਾ ਰੂਪੀ ਧਨ ਨੂੰ ਪ੍ਰਾਪਤ ਕਰਨ ਵਾਲਾ ਹੋ ਜਾਂਦਾ ਹੈ, ਭਾਵ ਆਤਮਕ ਧਨ ਵਾਲਾ ਹੋ ਜਾਂਦਾ ਹੈ ॥੩੯॥

## ਬਿਗਰ ਗਏ; ਜਿਮ ਪਸੁ ਹਰਿਆਉ ।

ਮਨ ਤੇ ਗਿਆਨ ਇੰਦ੍ਰਿਆਂ ਦੀ ਹਾਲਤ ਹਰ੍ਿਆਏ ਪਸ਼ੂ ਵਰਗੀ ਹੈ ਜਿਮ = ਜਿਵੇਂ ਹਰ੍ਿਆਇਆ ਪਸ਼ੂ ਬਿਗੜਿਆ ਹੁੰਦਾ ਹੈ, ਇਸੇ ਤਰ੍ਹਾਂ ਇਹ ਵੀ ਬਿਗੜ ਗਏ ਹਨ।

## ਜਿਤ ਕਿਤ ਦੌਰਤਿ; ਸਹਿਜ ਸੁਭਾਉ ।

ਜਿਵੇਂ ਪਸ਼ੂ ਸਹਿਜ ਸੁਭਾਉ = ਸੁਤੇ-ਸਿੱਧ ਹੀ ਵਿਗੜਿਆ ਹੋਇਆ ਜਿਥੇ ਕਿਥੇ ਦੌਰਤਿ = ਦੌੜਦਾ ਫਿਰਦਾ ਹੈ, ਇਸੇ ਤਰ੍ਹਾਂ ਮਨ ਅਤੇ ਇੰਦ੍ਰੇ ਦੌੜਦੇ ਫਿਰਦੇ ਹਨ।

## ਸਦਾ ਜੀਵ ਕੋ; ਬਡ ਦੁਖਦਾਨੀ ।

ਜਿਵੇਂ ਵਿਗੜਿਆ ਪਸ਼ੂ ਆਪਣੇ ਮਾਲਕ ਨੂੰ ਦੁਖ ਦੇਂਦਾ ਹੈ, ਇਸੇ ਤਰ੍ਹਾ ਮਨ ਤੇ ਪੰਜੇ ਗਿਆਨ ਇੰਦ੍ਰੇ ਆਪਣੇ ਮਾਲਕ ਜੀਵ ਕੋ = ਨੂੰ ਸਦਾ = ਹਮੇਸ਼ਾ ਵੱਡਾ ਦੁਖਦਾਨੀ = ਦੁਖ ਦੇਣ ਵਾਲੇ ਹਨ। ਹੁਣ ਹੋਰ ਦੱਸਦੇ ਹਨ :

## ਮ੍ਰਿਗ ਤ੍ਰਿਸ਼ਨਾ ਕੇ; ਹਰਨ ਸਮਾਨੀ ॥੪੦॥

ਜਿਵੇਂ ਮਿਰਗ ਤ੍ਰਿਸ਼ਨਾ ਦਾ ਜਲ ਭਾਵ ਗਰਮੀ ਦੀ ਰੁੱਤ ਵਿਚ ਚਮਕਦੀ ਹੋਈ ਰੇਤ ਵਿੱਚੋਂ ਗਰਮੀ ਦੇ ਕਾਰਨ ਪਾਣੀ ਦਾ ਭੁਲੇਖਾ ਪੈਂਦਾ ਹੈ, ਪਿਆਸਾ ਮਿਰਗ ਉਸ ਵੱਲ ਪ੍ਰਾਪਤ ਕਰਨ ਲਈ ਦੌੜਦਾ ਹੈ, ਪਰ ਉਹ ਪਾਣੀ ਨਹੀਂ ਹੁੰਦਾ, ਕੇਵਲ ਅਗਿਆਨ ਕਰਕੇ ਮ੍ਰਿਗ ਦੀ ਤ੍ਰਿਸ਼ਨਾ ਹੈ ਇਸ ਕਰਕੇ ਇਸ ਨੂੰ ਮਿਰਗ ਤ੍ਰਿਸ਼ਨਾ ਦਾ ਜਲ ਕਹਿੰਦੇ ਹਨ, ਉਸੇ ਤਰ੍ਹਾਂ ਹਰਨ = ਮਿਰਗ ਦੇ ਸਮਾਨੀ = ਤੁਲ ਮਨ ਅਤੇ ਇੰਦ੍ਰੇ ਪਦਾਰਥਾਂ ਰੂਪੀ ਜਲ ਵਿਚ ਤ੍ਰਿਸ਼ਨਾ ਕਰਦੇ ਹਨ, ਪਰ ਤ੍ਰਿਪਤੀ ਨਹੀਂ ਹੁੰਦੀ ਕਿਉਂਕਿ ਪਦਾਰਥਾਂ ਵਿਚ ਤ੍ਰਿਪਤੀ ਨਹੀਂ ਹੁੰਦੀ, ਮਨ ਅਤੇ ਇੰਦ੍ਰਿਆਂ ਨੂੰ ਸ਼ਾਂਤੀ ਰੂਪੀ ਸੁਖ ਨਹੀਂ ਮਿਲਦਾ ॥੪੦॥

ਹੁਣ ਇਸੇ 'ਤੇ ਇਕ ਹੋਰ ਪ੍ਰਮਾਣ ਦੇਂਦੇ ਹਨ :

## ਜਿਮ ਕਸਤੂਰੀ; ਮਿਰਗ ਪਲਾਵੈ ।

ਜਿਮ = ਜਿਵੇਂ ਮਿਰਗ ਦੀ ਧੁਨੀ ਵਿਚ ਕਸਤੂਰੀ ਪੈਦਾ ਹੋ ਜਾਂਦੀ ਹੈ ਅਤੇ ਉਹ ਮਿਰਗ ਸੁਗੰਧੀ ਬਾਹਰ ਪ੍ਰਤੀਤ ਕਰਕੇ ਪਲਾਵੈ = ਦੌੜਦਾ ਫਿਰਦਾ ਹੈ, ਜੈਸਾ ਕਿ :

**ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥** *(ਸੋਰਠਿ ਵਾਰ ਮ: ੪, ਅੰਗ ੬੪੪)*

**ਵਾ: ਤਨਿ ਸੁਗੰਧ ਢੂਢੈ ਪ੍ਰਦੇਸੁ ॥** *(ਬਸੰਤੁ ਭਾਈ ਰਵਿਦਾਸ, ਅੰਗ ੧੧੯੬)*

ਇਸੇ ਤਰ੍ਹਾਂ ਜੀਵ ਦੇ ਅੰਦਰ ਆਤਮ ਸੁਖ ਰੂਪੀ ਕਸਤੂਰੀ ਹੈ, ਪਰ ਇਹ ਪਦਾਰਥਾਂ ਵਿਚ ਅਗਿਆਨ ਵੱਸ ਹੋ ਕੇ ਸੁਖ ਦੀ ਭਾਲ ਕਰਦਾ ਹੋਇਆ ਦੌੜਦਾ ਫਿਰਦਾ ਹੈ, ਉਥੇ ਸੁਖ ਦੀ ਥਾਂ ਦੁਖ ਪ੍ਰਾਪਤ ਹੋ ਰਹੇ ਹਨ।

## ਠਹਿਰਹਿ ਮੁਖ ਜਬਿ; ਨਾਭਿ ਲਗਾਵੈ।

ਮਿਰਗ ਦੌੜਨ ਤੋਂ ਉਦੋਂ ਠਹਿਰਦਾ ਹੈ, ਜਦੋਂ ਉਸਦਾ ਮੁਖ = ਮੂੰਹ ਤੇ ਨਾਸਿਕਾ ਨਾਭਿ = ਨਾਭੀ (ਧੁਨੀ) ਨੂੰ ਲਗਾਵੈ = ਲਾਉਂਦਾ ਹੈ, ਉਦੋਂ ਫਿਰ ਆਪਣੇ ਸਰੀਰ ਦੇ ਵਿੱਚੋਂ ਹੀ ਸੁਗੰਧੀ ਦਾ ਸੁਖ ਲੈਂਦਾ ਹੈ।

## ਤਿਮ ਹੀ ਬ੍ਰਹਮ ਕੋ; ਜਬਿ ਇਹ ਜਾਨਹਿਂ।

ਤਿਵੇਂ ਮਿਰਗ ਦੀ ਤਰ੍ਹਾਂ ਹੀ ਜਦੋਂ ਇਹ ਜੀਵ ਆਤਮ ਵਿਸ਼ੈਣੀ ਬੁੱਧ ਦੁਆਰਾ ਬ੍ਰਹਮ ਨੂੰ ਜਾਣ ਲੈਂਦਾ ਹੈ :

## ਗਹੈ ਸਥਿਰਤਾ; ਆਨੰਦ ਮਾਨਹਿਂ ॥੪੧॥

ਤਦੋਂ ਇਹ ਸਥਿਰਤਾ = ਟਿਕਾਅ ਨੂੰ ਗਹੈ = ਗ੍ਰਹਿਣ ਕਰਕੇ ਅਨੰਦ ਮਾਣਦਾ ਹੈ ਭਾਵ ਉਸ ਵੇਲੇ ਮਨ ਤੇ ਇੰਦ੍ਰੇ ਟਿਕਾਅ ਵਿਚ ਆ ਕੇ ਸੁਖੀ ਹੋ ਜਾਂਦੇ ਤੇ ਜੀਵ ਭੀ ਸੁਖ ਅਨੁਭਵ ਕਰਦਾ ਹੈ॥੪੧॥

## ਦੋਹਰਾ॥ ਵਸਤੁ ਵਿਚਾਰ ਧਿਆਵਤੇ; ਮਨ ਪਾਵੈ ਬਿਸਰਾਮ।

ਆਤਮ ਵਸਤੂ ਦੀ ਵਿਚਾਰ ਕਰਦਿਆਂ ਤੇ ਵਾਹਿਗੁਰੂ ਦਾ ਨਾਮ ਧਿਆਵਤੇ = ਧਿਆਉਂਦਿਆਂ ਹੋਇਆਂ ਮਨ ਬਿਸਰਾਮ = ਟਿਕਾਅ ਪਾਵੈ = ਪਾ ਲੈਂਦਾ ਹੈ ਭਾਵ ਇਸਥਿਤੀ ਪਾ ਲੈਂਦਾ ਹੈ, ਫਿਰ ਉਸ ਵੇਲੇ :

## ਰਸ ਸ੍ਵਾਦਤਿ ਸੁਖ ਊਪਜੈ; ਅਨੁਭਵ ਜਾਂ ਕੋ ਨਾਮ ॥੪੨॥

ਵਾਹਿਗੁਰੂ ਦੇ ਨਾਮ ਰਸ ਦਾ ਸੁਆਦ ਲੈਂਦਿਆਂ ਸੁਖ ਉਪਜੈ = ਉਪਜਦਾ ਹੈ ਤੇ ਜਾਂ ਕੋ = ਜਿਸ ਦਾ ਨਾਮ ਅਨੁਭਵ (ਅੰਤ੍ਰੀਵ ਗਿਆਨ) ਹੈ ਭਾਵ ਆਤਮ ਵਸਤੂ ਦੀ ਵਿਚਾਰ ਕਰਦਿਆਂ ਹੋਇਆਂ ਤੇ ਵਾਹਿਗੁਰੂ ਦੇ ਨਾਮ ਦਾ ਬਾਰ ਬਾਰ ਅਭਿਆਸ ਕਰਦਿਆਂ ਹੋਇਆਂ ਜਦੋਂ ਮਨ ਟਿਕਾਅ ਵਿਚ ਆਉਂਦਾ ਹੈ ਤੇ ਨਾਮ ਦੇ ਰਸ ਵਿਚ ਇਕਾਗਰਤਾ ਦਾ ਅਨੰਦ ਆਉਂਦਾ ਹੈ, ਉਸ ਵਿਚ ਜੋ ਆਤਮਕ ਸਰੂਪ ਦਾ ਸੁਖ ਪੈਦਾ ਹੁੰਦਾ ਹੈ, ਉਸ ਦਾ ਨਾਮ ਅਨੁਭਵ ਹੈ ਇਸ ਤੋਂ ਬਿਨਾਂ ਹੋਰ ਜਿਹੜੇ ਕਹਿਣ ਕਹਾਉਣ ਵਿਚ ਅਨੁਭਵ ਸ਼ਬਦ ਦੀ ਵਰਤੋਂ ਕਰਦੇ ਹਨ ਉਹ ਅਨੁਭਵ ਨਹੀਂ ਹੈ॥੪੨॥

## ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸੂਖਮ ਬਿਚਾਰ' ਪ੍ਰਸੰਗ ਬਰਨਨੰ ਨਾਮ ਬਿਆਲੀਸਮੋ ਅੰਸੂ ॥੪੨॥

ਸ੍ਰੀ ਗੁਰ ਪ੍ਰਤਾਪ ਸੂਰਜ ਨਾਮੇ ਗ੍ਰੰਥ ਦੀ ਪੰਜਵੀਂ ਰੁੱਤ ਜਿਸ ਵਿਚ ਸੂਖਮ ਗਿਆਨ ਦੀ ਵਿਚਾਰ ਕੀਤੀ ਗਈ ਹੈ ਤੇ ਬਿਆਲੀ ਨਾਮ ਵਾਲੇ ਅੰਸੂ ਦੀ ਇਤਿ = ਸਮਾਪਤੀ ਹੋਈ ਹੈ॥੪੨॥

# ਰੁਤਿ ੫, ਅੰਸੂ ੪੩

## ਅਥ ਪਹਿਲੀ ਤ੍ਰਿਪੁਟੀ ਕਰਤਾ ਕਿਰਿਆ ਕਰਮ ਦੀ ਸ਼ੁਰੂ ਹੋਈ

## [ਆਤਮ ਵੀਚਾਰ-ਜਾਰੀ]

ਹੁਣ ਕਰਤਾ ਕਿਰਿਆ ਕਰਮ ਦੀ ਵਿਚਾਰ ਖੋਲ੍ਹਦੇ ਹਨ ਕਿ ਕਰਤਾ ਕਿਸਨੂੰ ਕਹਿੰਦੇ ਹਨ, ਕਿਰਿਆ ਕੀ ਹੈ, ਕਰਮ ਕੀ ਹੈ, ਅਤੇ ਇਸ ਤਰ੍ਹਾਂ ਦੀਆਂ ਹੋਰ ਤ੍ਰਿਪੁਟੀਆਂ ਜਿਵੇਂ ਗਜਾਤਾ ਗਿਆਨ ਗੇਯ, ਧਿਆਤਾ ਧਿਆਨ ਧੇਯ, ਪ੍ਰਮਾਤਾ, ਪ੍ਰਮਾਨ, ਪ੍ਰਮੇਯ ਆਦਿਕ ਸਿੰਘਾਂ ਦੀ ਇੱਛਾ ਜ਼ਾਹਰ ਕਰਨ ਤੋਂ ਕਿ ਜਿਵੇਂ ਪਿੱਛੇ ਤ੍ਰਿਪੁਟੀਆਂ, ੪੨ ਭਾਵ ਸਫੁਰਨ ਹੋਣ ਵਾਲੀਆਂ ਜਾਗ੍ਰਤ ਅਵਸਥਾ ਵਿਚ ਕਹੀਆਂ ਹਨ, ਉਹਨਾਂ ਦੇ ਨਾਲ ਲੜੀ ਜੋੜਦੇ ਹੋਏ ਪਹਿਲੀ ਤ੍ਰਿਪੁਟੀ ਦਾ ਵਰਨਨ ਕਰਦੇ ਹਨ।

**ਅਥ ਕਰਤਾ**: ਹੁਣ ਕਰਤੇ ਦਾ ਵਰਣਨ ਕਰਦੇ ਹਨ:

### ਦੋਹਰਾ॥ ਨਖ ਸ਼ਿਖ ਲੌ ਤਨ ਥੂਲ ਮਹਿਂ; ਅਹੰ ਬਿਰਤਿ ਜਿਨ ਕੀਨਿ।

ਹੁਣ ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਨਖ = ਨੌਂਹਾਂ ਤੋਂ ਲੈ ਕੇ ਸਿਰ ਦੀ ਸ਼ਿਖ = ਚੋਟੀ ਲੌ = ਤਕ ਜਿਹੜਾ ਅਸਥੂਲ ਤਨ = ਸਰੀਰ ਇਸ ਦੇ ਮਹਿ = ਵਿਚ ਜਿਹੜੀ ਅਹੰ = ਹੰਕਾਰ ਵਾਲੀ ਬਿਰਤੀ ਭਾਵ ਮੈਂ ਕਰਾਂਗਾ, ਮੈਂ ਕਰਕੇ ਦਿਖਾਵਾਂਗਾ, ਮੈਂ ਇਹ ਕਰਨ ਦੀ ਸ਼ਕਤੀ ਰੱਖਦਾ ਤਾਂ ਇਹੋ ਜਿਹਾ ਹੰਕਾਰ ਜੋ ਕੀਨਿ = ਕਰਦਾ ਹੈ:

### ਸੋ 'ਕਰਤਾ' ਲਖੀਯਹਿ ਰਿਦੇ; ਚੀਨਹੁ ਸਿੱਖ ਪ੍ਰਬੀਨ॥੧॥

ਵੇਦਾਂਤ ਮਤ ਅਨੁਸਾਰ ਉਸ ਨੂੰ ਕਰਤਾ ਕਿਹਾ ਜਾਂਦਾ ਹੈ, ਇਸ ਨੂੰ ਰਿਦੇ = ਹਿਰਦੇ ਵਿਚ ਲਖੀਯਹਿ = ਜਾਣ ਲਉ, ਹੇ ਪ੍ਰਬੀਨ = ਚਤੁਰ, ਸਿਆਣਪ ਵਾਲੇ, ਬੁੱਧੀਵਾਨੋਂ ਗੁਰਸਿੱਖੋ! ਤੁਸੀਂ ਇਸ ਨੂੰ ਚੀਨਹੁ = ਜਾਣ ਲਉ ਕਿ ਉਸ ਨੂੰ ਕਰਤਾ ਕਿਹਾ ਜਾਂਦਾ ਹੈ॥੧॥

**ਅਥ ਕ੍ਰਿਯਾ**: ਹੁਣ ਕਿਰਿਆ ਦਾ ਵਰਣਨ ਕਰਦੇ ਹਨ:

### ਇੰਦ੍ਰਯ ਦ੍ਵਾਰਾ ਨਿਕਸਿ ਕੈ; ਵਿਰਤਿ ਵਿਖਯ ਲੌ ਜਾਇ।

ਇੰਦ੍ਰਿਆਂ ਦੁਆਰਾ ਅੰਤਸ਼ਕਰਨ ਦੀ ਬਿਰਤੀ ਨਿਕਸਿ ਕੈ = ਨਿਕਲ ਕੇ ਵਿਸ਼ੇ ਲੌ = ਤਕ ਜਾਂਦੀ ਹੈ ਭਾਵ ਪਦਾਰਥ ਤਕ ਜਾਂਦੀ ਹੈ ਜਿਵੇਂ ਅੰਤਸ਼ਕਰਨ ਦੀ ਬਿਰਤੀ ਨੇਤਰਾਂ ਦੁਆਰਾ ਨਿਕਲ ਕੇ ਰੂਪ ਤਕ ਜਾਂਦੀ ਹੈ, ਰੂਪ ਨੇਤਰਾਂ ਦਾ ਵਿਸ਼ਾ ਹੈ, ਇਸੇ ਤਰ੍ਹਾਂ ਅੰਤਸ਼ਕਰਨ ਦੀ ਬਿਰਤੀ ਕੰਨਾਂ ਦੁਆਰਾ ਨਿਕਲ ਕੇ ਸ਼ਬਦ ਦੇ ਵਿਸ਼ੇ ਨੂੰ ਗ੍ਰਹਿਣ ਕਰਦੀ ਹੈ।

### 'ਕ੍ਰਿਯਾ' ਕਹੈ ਤਿਸ ਵਿਰਤਿ ਕੋ; ਸਤਿਗੁਰ ਦੇਤਿ ਸੁਨਾਇ॥੨॥

ਤਿਸ = ਇਸ ਬਿਰਤੀ ਕੋ = ਨੂੰ ਵੇਦਾਂਤ ਮੱਤ ਵਿਚ ਕ੍ਰਿਯਾ ਕਹਿੰਦੇ ਹਨ ਤੇ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ ਸਤਿਗੁਰੂ ਜੀ ਜੋ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੇ ਹਨ, ਉਹ ਗੁਰੂ ਜਨ ਐਸੀ ਬਿਰਤੀ ਨੂੰ ਕਿਰਿਆ ਕਹਿੰਦੇ

ਹਨ ਭਾਵ ਉਹ ਐਸੀ ਬਿਰਤੀ ਨੂੰ ਸੁਣਾ ਦੇਂਦੇ ਹਨ ਕਿ ਇਸ ਦਾ ਨਾਮ ਕਿਰਿਆ ਹੈ, ਉਂਞ ਤਾਂ ਨਹੀਂ ਲੋਕ ਮਿਰਤਕ ਸਰੀਰ ਦੇ ਸਸਕਾਰ ਕਰਨ ਵੇਲੇ ਸਿਰ ਵਿਚ ਡੰਡੇ ਦੀ ਚੋਟ ਮਾਰ ਕੇ ਕਹਿੰਦੇ ਹਨ ਕਿ ਕਪਾਲ ਕਿਰਿਆ ਕਰ ਰਹੇ ਹਾਂ, ਕੋਈ ਕਹਿੰਦਾ ਹੈ ਮੈਂ ਬਾਰ੍ਹਵੀਂ ਕਿਰਿਆ ਕਰ ਰਿਹਾ ਹਾਂ, ਕੋਈ ਕਹਿੰਦਾ ਮੈਂ ਤੇਰ੍ਹਵੀਂ ਕਿਰਿਆ ਕਰ ਰਿਹਾ ਹਾਂ, ਫੁੱਲ ਗੰਗਾ ਵਿਚ ਪਾ ਕੇ, ਬ੍ਰਾਹਮਣਾਂ ਤੋਂ ਕਿਰਿਆ ਕਰਾਉਂਦੇ ਹਨ, ਇਹ ਵੀ ਕਿਰਿਆ ਹੈ, ਪਰ ਵੇਦਾਂਤ ਮੱਤ ਅਨੁਸਾਰ ਉਪਰੋਕਤ ਕਹੀ ਗਈ ਕਿਰਿਆ ਕਹਿੰਦੇ ਹਨ।

**ਅਥ ਕਰਮ** : ਹੁਣ ਕਰਮ ਦੀ ਵਿਆਖਿਆ ਕਰਦੇ ਹਨ :

## ਬਿਖਯ ਅਹੈਂ ਸ਼ਬਦਾਦਿ ਜੇ; ਸਭਿ ਕੇ ਸਹਿਜ ਸੁਭਾਇ।

ਸ਼ਬਦਾਦਿ (ਸ਼ਬਦ + ਆਦਿ) ਸ਼ਬਦ, ਸਪਰਸ, ਰੂਪ, ਰਸ, ਗੰਧ ਜੋ ਆਦਿ = ਆਦਿਕ ਪੰਜੇ ਬਿਖਯ = ਵਿਸ਼ੇ ਹਨ, ਤਿਨਾਂ ਸਾਰਿਆਂ ਦੇ ਨਾਲ ਸਹਿਜ ਸੁਭਾਇ = ਸੁਤੇ-ਸਿੱਧ :

## ਤਿਨ ਸੰਗ ਬਯਾਪਤਿ ਵਿਰਤਿ ਜਬਿ; ਕਹੀਯਹਿ ਕਰਮ ਬਨਾਇ ॥੩॥

(ਪਾਠਾਂਤ੍ਰ ਕਰਮ ਕਮਾਇ)

ਜਬਿ = ਜਦੋਂ ਬਿਰਤੀ ਬਯਾਪਤਿ = ਵਿਆਪ ਕੇ ਇਹਨਾਂ ਸੰਗ = ਨਾਲ ਜੁੜਦੀ ਹੈ ਜਾਂ ਲੱਗ ਕੇ ਅੱਗੇ ਕਰਤਵ ਕੀਤਾ ਜਾਵੇ, ਇਸਨੂੰ ਬਨਾਇ = ਬਣਾ ਸਵਾਰ ਕੇ ਭਾਵ ਸ਼ਬਦਾਂ ਦੇ **ਵਾ:** ਗ੍ਰੰਥਾਂ ਦੇ ਵਿਚ ਕਰਮ ਕਹੀਯਹਿ = ਕਹਿੰਦੇ ਹਨ, ਉਂਞ ਲੋਕ ਫ਼ਲਾਣੇ ਦੇ ਚੰਗੇ ਕਰਮ ਹਨ ਤੇ ਫ਼ਲਾਣੇ ਮੰਦੇ ਕਰਮ ਹਨ, ਉਸ ਕੋਲ ਬਹੁਤ ਧਨ ਹੈ, ਚੰਗੇ ਕਰਮਾਂ ਵਾਲਾ ਹੈ ਆਦਿ ਸ਼ਬਦ ਵਰਤਦੇ ਹਨ, ਪਰ ਵੇਦਾਂਤ ਮੱਤ ਅਨੁਸਾਰ ਜੋ ਕਰਮ ਦੀ ਵਿਆਖਿਆ ਹੈ ਉਹ ਉਪਰੋਕਤ ਕਹੀ ਗਈ ਹੈ, ਸੋ ਇਥੇ ਪਹਿਲੀ ਤ੍ਰਿਪੁਟੀ ਕਰਤਾ ਕਿਰਿਆ ਕਰਮ ਦੀ ਸਮਾਪਤੀ ਹੋਈ ਤੇ ਸਾਰੇ ਕ੍ਰਮਵਾਰ ਖੋਲ੍ਹ ਦਿੱਤੇ ਹਨ ॥੩॥

ਅਥ ਦੂਸਰੀ ਤ੍ਰਿਪੁਟੀ ਗਯਾਤਾ ਗਯਾਨ ਗੇਯ ਸ਼ੁਰੂ ਹੋਈ।

**ਅਥ ਗਯਾਤਾ** :

## ਅਹੰਵਿਰਤਿ ਚਿਦ ਭਾਸ ਜੁਤਿ; ਸੋ ਗਯਾਤਾ ਪਹਿਚਾਨ।

ਚਿਦਾ = ਚੇਤਨ ਦੇ ਭਾਸ = ਅਕਸ ਭਾਵ ਪ੍ਰਤੀਬਿੰਬ ਦੇ ਜੁਤਿ = ਸਹਿਤ ਜੋ ਅਹੰ ਬਿਰਤੀ, ਭਾਵ ਮੈਂ-ਮੇਰੀ ਦੇ ਸਮੇਤ ਵਾਲੀ ਬਿਰਤੀ ਹੋਵੇ, ਉਸ ਨੂੰ ਗਯਾਤਾ ਪਹਿਚਾਨ = ਜਾਣ ਲਉ ਕਿ ਉਸ ਦਾ ਨਾਮ ਗਯਾਤਾ ਹੈ।

**ਅਥ ਗਯਾਨ** :

## ਕ੍ਰਿਯਾ ਵਿਰਤਿ ਮਹਿਂ ਭਾਸ ਚਿਦ; ਤਾਂ ਕੋ 'ਗਯਾਨ' ਬਖਾਨ ॥੪॥

ਮਨ ਦੀ ਕਿਰਿਆ ਵਾਲੀ ਬਿਰਤੀ ਵਿਚ ਜਦੋਂ ਚਿਦ = ਚੇਤਨ ਦਾ ਭਾਸ = ਪ੍ਰਤੀਬਿੰਬ, ਅਕਸ ਪਵੇ, ਤਾਂ ਕੋ = ਉਸ ਨੂੰ ਗਯਾਨ ਬਖਾਨ = ਕਹਿਆ ਜਾਂਦਾ ਹੈ ॥੪॥

**ਅਥ ਗੇਯ ਅਰ ਪ੍ਰਮਾਤਾ** :

ਏਥੇ ਕੇਵਲ ਗੇਯ ਪਾਠ ਚਾਹੀਦਾ ਹੈ ਕਿਉਂਕਿ ਤ੍ਰਿਪੁਟੀ ਦੀ ਲੜੀ ਵਿਚ ਪ੍ਰਮਾਤਾ ਅਗਲੀ ਤੁਕ ਵਿਚ ਹੈ, ਇਸ ਲਈ ਇਥੇ ਵਿਆਖਿਆ ਦੀ ਕਸਵੱਟੀ ਵਿਚ ਪ੍ਰਮਾਤਾ ਸ਼ਬਦ ਲਿਖਾਈ ਦੀ ਭੁੱਲ ਨਾਲ ਲਿਖਿਆ ਗਿਆ ਹੈ ਜਾਂ ਜਦੋਂ ਭਾਈ ਸਾਹਿਬ ਦੀ ਹੱਥ-ਲਿਖਤ ਪੋਥੀ ਦੇ ਹੱਥ-ਲਿਖਤ ਉਤਾਰੇ ਹੋਏ, ਉਦੋਂ ਦੀ ਲਿਖਾਰੀਆਂ ਦੀ ਭੁੱਲ ਹੈ।

## ਕਰਮ ਵਿਰਤਿ ਮਹਿਂ ਭਾਸ ਚਿਦ; ਇਸ ਜੁਤਿ ਗੇਯ ਸੁ ਹੋਇ।

ਜੋ ਮਨ ਦੀ ਕਰਮ ਵਾਲੀ ਬਿਰਤੀ ਹੈ, ਇਸ ਵਿਚ ਜਦੋਂ ਉਹ ਚਿਦ = ਚੇਤਨ ਦੇ ਭਾਸ = ਪ੍ਰਤੀਬਿੰਬ ਜੁਤਿ = ਸਮੇਤ ਹੁੰਦੀ ਹੈ। ਇਸ ਦਾ ਨਾਮ ਗੇਯ ਹੋਇਆ ਕਰਦਾ ਹੈ, ਇਹ ਗੇਯ ਦਾ ਸਰੂਪ ਵਰਣਨ ਕੀਤਾ ਹੈ।

## ਗ੍ਯਾਤਾ ਪਰਮਾਤਾ ਅਹੈ; ਇਕ ਕੇ ਆਖਯ ਦੋਇ॥੫॥

ਗ੍ਯਾਤਾ ਤੇ ਪ੍ਰਮਾਤਾ ਕਿਸ ਨੂੰ ਕਹਿੰਦੇ ਅਹੈ = ਹਨ ਇਸ ਦਾ ਨਿਰਨਾ ਕਰਦੇ ਹਨ ਕਿ ਗਯਾਤਾ ਪ੍ਰਮਾਤਾ ਇਕ ਦੇ ਹੀ ਦੋਇ = ਦੋ ਨਾਮ ਆਖਯ = ਕਹੇ ਜਾਂਦੇ ਹਨ॥੫॥

***ਨੋਟ***: ਏਥੇ ਗਯਾਤਾ ਪ੍ਰਮਾਤਾ-ਸਿਰਨਾਵਾਂ ਦੇਣਾ ਚਾਹੀਦਾ ਸੀ, ਇਹ ਉਤਾਰੇ ਕਰਨ ਵਾਲੇ ਲਿਖਾਰੀ ਦੀ ਭੁੱਲ ਨਾਲ ਰਹਿ ਗਿਆ ਜਾਪਦਾ ਹੈ।

## ਗ੍ਯਾਨ ਕਹੈ ਪ੍ਰਮਾਣ ਕੋ; ਗੇਯ ਪ੍ਰਮੇਯ ਸੁਜਾਨ।

ਹੇ ਸੁਜਾਨ = ਸ੍ਰੇਸ਼ਟ ਜਾਣਕਾਰੀ ਰੱਖਣ ਵਾਲੇ ਖ਼ਾਲਸਾ ਜੀ! ਗ੍ਯਾਨ ਨੂੰ ਪ੍ਰਮਾਣ, ਪ੍ਰਮਾਣ ਨੂੰ ਗ੍ਯਾਨ ਅਤੇ ਗੇਯ ਨੂੰ ਪ੍ਰਮੇਯ, ਪ੍ਰਮੇਯ ਨੂੰ ਗੇਯ ਕਹਿ ਦਿੰਦੇ ਹਨ, ਇਹ ਦੋ-ਦੋ ਸ਼ਬਦ ਇੱਕ ਅਰਥ ਲਈ ਵਰਤੇ ਗਏ ਹਨ।

## ਤ੍ਰਿਪੁਟੀ ਮੈਂ ਲਖਿ ਆਪ ਕੋ; ਕਹੈਂ ਅਪਰਮਾ ਗ੍ਯਾਨ॥੬॥

ਤ੍ਰਿਪੁਟੀ ਮੈਂ = ਵਿਚ ਭਾਵ ਧ੍ਯਾਤਾ ਧਿਆਨ ਧੇਯ, ਗ੍ਯਾਤਾ ਗ੍ਯਾਨ ਗੇਯ, ਪ੍ਰਮਾਤਾ ਪ੍ਰਮਾਨ ਪ੍ਰਮੇਯ ਇਸ ਵਿਚ ਆਪਣੇ ਆਪ ਨੂੰ ਲਖਿ = ਜਾਨਣਾ ਕਿ ਧ੍ਯਾਤਾ ਵੀ ਮੈਂ ਹੀ ਹਾਂ, ਧਿਆਨ ਵਿਚ ਵੀ ਮੈਂ ਹੀ ਹਾਂ ਤੇ ਧੇਯ ਵਿਚ ਵੀ ਮੈਂ ਹੀ ਹਾਂ, ਇਉਂ ਸਾਰੀਆਂ ਤ੍ਰਿਪੁਟੀਆਂ ਵਿਚ ਆਪਣੇ ਆਪ ਨੂੰ ਜਾਨਣਾ, ਇਹ ਅਪਰਮਾ ਗ੍ਯਾਨ ਕਹੈਂ = ਕਹੀਦਾ ਹੈ। ਏਥੇ ਵੀ ਸਿਰਨਾਮਾ ਚਾਹੀਦਾ ਸੀ, 'ਅਪਰਮਾ ਗ੍ਯਾਨ', ਇਹ ਉਤਾਰੇ ਕਰਨ ਵਾਲੇ ਲਿਖਾਰੀ ਦੀ ਭੁੱਲ ਨਾਲ ਰਹਿ ਗਿਆ ਜਾਪਦਾ ਹੈ॥੬॥

**ਅਥ ਪ੍ਰਮਾ ਗ੍ਯਾਨ :**

## ਤ੍ਰਿਪੁਟੀ ਕੋ ਜੁ ਪ੍ਰਕਾਸ਼ ਹੀ; ਅਰ ਸਭਿ ਕੋ ਧਿਸਠਾਨ।

ਜੋ ਤ੍ਰਿਪੁਟੀ = ਧ੍ਯਾਤਾ ਧਿਆਨ ਧੇਯ ਨੂੰ ਪ੍ਰਕਾਸ਼ ਕਰਨ ਵਾਲਾ ਹੈ ਅਰ = ਅਤੇ ਸਭਿ = ਸਾਰਿਆਂ ਕੋ = ਦਾ ਧਿਸਠਾਨ ਹੈ = ਆਸਰਾ ਰੂਪ ਹੈ।

## ਅਪਨੋ ਆਪ ਸੁਜਾਨ ਹੀ; ਸੋ ਕਹਿਂ ਪਰਮਾ ਗ੍ਯਾਨ॥੭॥

ਹੇ ਸੁਜਾਨ = ਸ੍ਰੇਸ਼ਟ ਖ਼ਾਲਸਾ ਜੀ! ਉਸ ਨੂੰ ਆਪਣਾ ਆਪ ਜਾਨਣਾ ਹੀ ਸੋ = ਉਸ ਨੂੰ ਵੇਦਾਂਤ ਮਤ ਦੇ ਗ੍ਰੰਥਾਂ ਵਿਚ ਪਰਮਾ ਗ੍ਯਾਨ ਕਿਹਾ ਜਾਂਦਾ ਹੈ॥੭॥

## ਸੈਯਾ ਛੰਦ॥ ਮਹਾਂਵਾਕ ਵੇਦਾਂਤ ਕਿ ਸਤਿਗੁਰ; ਤਿਸ ਕੋ ਹੋਨਿ ਯਥਾਰਥ ਗ੍ਯਾਨ।

ਇਹ ਯਥਾਰਥ = ਅਸਲੀਅਤ ਰੂਪ ਦੇ ਵਿਚ ਗਿਆਨ ਤਿਸ ਕੋ = ਉਸ ਸਿੱਖ ਨੂੰ ਪ੍ਰਾਪਤ ਹੁੰਦਾ ਹੈ ਕਿ

ਜਿਸ ਨੂੰ ਵੇਦਾਂਤ ਦੇ ਮਹਾਂਵਾਕ ਦੇ ਉਪਦੇਸ਼ਟਾ ਸਤਿਗੁਰੂ ਮਿਲ ਜਾਣ। ਸਤਿਗੁਰੂ ਤੋਂ ਭਾਵ ਏਥੇ ਵਿੱਦਿਆ ਉਸਤਾਦ ਦਾ ਨਾਮ ਹੈ ਜੋ ਬ੍ਰਹਮ ਵਿੱਦਿਆ ਦੇਣ ਵਾਲਾ ਹੈ: ੧. ਤਤ੍ਵੰਮਸਿ, ੨. ਪ੍ਰਗਯਾਨਮਾਨੰਦ, ੩. ਅਹੰਬ੍ਰਹਮਾਸਮਿ, ੪. ਅਯੰ ਆਤਮਾ ਬ੍ਰਹਮ ਇਹ ਮਹਾਂਵਾਕ ਵਿਸਥਾਰ ਨਾਲ ਚਾਰੇ ਅੱਗੇ ਆਉਣਗੇ। ਪ੍ਰਸ਼ਨ: ਸਤਿਗੁਰੂ ਕੀ ਹੈ?

***ਉੱਤਰ:*** ਵੇਦਾਂਤ ਮੱਤ ਅਨੁਸਾਰ ਸੱਤ ਸਰੂਪ ਜਾਨਣ ਵਾਲੇ ਨੂੰ ਸਤਿਗੁਰੂ ਕਿਹਾ ਜਾਂਦਾ ਹੈ। ਅਤੇ ਉਸੇ ਨੂੰ ਗੁਰਬਾਣੀ ਵਿਚ ਵੀ ਸਤਿਗੁਰੂ ਕਿਹਾ ਹੈ। ਜੈਸਾ ਕਿ:

**ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥**
**ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥**

*(ਗਉੜੀ ਸੁਖਮਨੀ ਮ: ੫, ਅੰਗ ੨੮੬)*

ਬ੍ਰਹਮ ਨੇਸ਼ਟੀ = ਜਿਸ ਦਾ ਬ੍ਰਹਮ ਵਿਚ ਨਿਸ਼ਚਾ ਵੀ ਹੈ ਅਤੇ ਬ੍ਰਹਮ ਨੂੰ ਸ਼ਾਖਸਤ ਕਰ ਲਿਆ ਹੈ ਵੇਦਾਂਤ ਮੱਤ ਅਨੁਸਾਰ ਉਸਨੂੰ ਬ੍ਰਹਮ ਨੇਸ਼ਟੀ ਗੁਰੂ ਕਿਹਾ ਜਾਂਦਾ ਹੈ ਬ੍ਰਹਮ ਸਰੋਤਰੀ = ਜਿਸ ਨੇ ਬ੍ਰਹਮ ਸੰਬੰਧੀ ਸੱਤ ਸ਼ਾਸਤਰ ਸੁਣੇ ਹੋਣ, ਬ੍ਰਹਮ ਵਿਚ ਨਿਸ਼ਚਾ ਨਹੀਂ ਅਤੇ ਸ਼ਾਖਸਤ ਵੀ ਨਹੀਂ, ਉਹ ਕੇਵਲ ਬ੍ਰਹਮ ਸਰੋਤਰੀ ਗੁਰੂ ਹੈ ਜਿਸ ਨੂੰ ਸੁਣ ਕਰਕੇ ਬ੍ਰਹਮ ਦੀ ਜਾਣਕਾਰੀ ਤਾਂ ਹੈ, ਪਰ ਨਾ ਅਜੇ ਨਿਸ਼ਚਾ ਹੈ ਨਾ ਸਖਿਆਤਾਕਾਰ ਹੈ, ਉਹ ਬ੍ਰਹਮ ਸਰੋਤਰੀ ਗੁਰੂ ਹੈ।

ਪਰ ਜਿਸ ਨੇ ਸੱਤ ਸ਼ਾਸਤਰ ਸੁਣੇ ਵੀ ਹੋਣ ਅਤੇ ਅਭਿਆਸ ਵੀ ਕੀਤਾ ਹੋਵੇ ਅਤੇ ਬ੍ਰਹਮ ਨੂੰ ਸਖਿਆਤਾਕਾਰ ਵੀ ਕਰ ਲਿਆ ਹੋਵੇ ਤੇ ਬ੍ਰਹਮ ਵਿਚ ਨਿਸ਼ਚਾ ਵੀ ਹੋਵੇ, ਉਸ ਨੂੰ ਫਿਰ ਇਕ ਰੂਪ ਦੇ ਵਿਚ ਦੋਨੇ ਪਦ ਵਰਤ ਕੇ ਕਿਹਾ ਜਾਂਦਾ ਹੈ ਕਿ ਇਹ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ ਗੁਰੂ ਹੈ, ਐਸੇ ਸਤਿਗੁਰੂ ਗਿਆਨ ਕਰਾਉਣ ਵਾਲੇ ਸਿੱਖ ਨੂੰ ਪ੍ਰਾਪਤ ਹੋਣ ਤੇ ਉਸ ਨੂੰ ਆਪਣੇ ਸਰੂਪ ਯਥਾਰਥ ਭਾਵ ਸਹੀ ਰੂਪ ਦੇ ਵਿਚ ਗਿਆਨ ਹੁੰਦਾ ਹੈ।

## ਮਹਾਂਵਾਕ ਵੇਦਾਂਤਿ ਕਿ ਸਤਿਗੁਰ;
## ਤਿਸ ਕੋ ਹੋਨਿ ਯਥਾਰਥ ਗਯਾਨ।

ਇਸ ਤੁਕ ਨੂੰ ਅਰਥ ਵਾਸਤੇ ਸੰਪ੍ਰਦਾ ਦੇ ਵਿਦਵਾਨ ਅੰਨਵੈ ਕਰਕੇ ਵੀ ਅਰਥ ਕਰਦੇ ਹਨ। ਤਿਸ ਕੋ ਹੋਨਿ ਯਥਾਰਥ ਗਿਆਨ = ਉਸ ਨੂੰ ਸਹੀ ਰੂਪ ਵਿਚ ਗਿਆਨ ਪ੍ਰਾਪਤ ਹੁੰਦਾ ਹੈ, ਮਹਾਂਵਾਕ ਵੇਦਾਂਤ ਕਿ ਸਤਿਗੁਰ = ਜਿਸ ਨੂੰ ਨੂੰ ਕਿ ਵੇਦਾਂਤ ਦੇ ਮਹਾਂਵਾਕਾਂ ਦਾ ਜਾਣੂੰ ਸਤਿਗੁਰੂ ਮਿਲੇ, ਭਾਵ ਜੋ ਮਹਾਂਵਾਕਾਂ ਦਾ ਜਾਣੂੰ ਹੋਵੇ, ਉਹ ਸਤਿਗੁਰੂ ਹੈ।

ਭਾਈ ਦਇਆ ਸਿੰਘ ਜੀ ਨੂੰ ਸਿੰਘਾਂ ਨੇ ਅਨੁਬੰਧ ਬਾਰੇ ਪੁੱਛਿਆ ਕਿ ਅਨੁਬੰਧ ਕੀ ਹੈ? ਤਾਂ ਭਾਈ ਸਾਹਿਬ ਜੀ ਨੇ ਉੱਤਰ ਰੂਪ ਵਿਚ ਤਰਤੀਬ ਅਨੁਸਾਰ ਚਾਰੇ ਅਨੁਬੰਧਾਂ ਦਾ ਕਥਨ ਕੀਤਾ:

## ਅਧਿਕਾਰੀ ਜੁ ਚਤੁਸ਼੍ਰੈ ਸਾਧਨ; ਵਿਖਯ ਜੀਵੇਸ਼੍ਵਰ ਇਕਤਾ ਜਾਨ।

੧. ਅਧਿਕਾਰੀ ਅਨੁਬੰਧ ਬਾਰੇ ਦੱਸਦੇ ਹਨ: ਅਧਿਕਾਰੀ ਅਨੁਬੰਧ ਉਹ ਹੈ ਜੋ ਚਤੁਸ਼੍ਰੈ = ਚਾਰੇ ਸਾਧਨਾਂ ਦੇ ਸਹਿਤ ਭਾਵ ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ ਅਤੇ ਅੰਤਰੰਗ, ਸ਼੍ਰਵਣ, ਮੰਨਣ, ਨਿਧਿਆਸਣ, ਤਤ ਤ੍ਵੰ ਪਦ ਦਾ ਸੰਸ਼ੋਧਨ ਕੀਤਾ ਹੋਵੇ ਅਤੇ ਇਸਦੇ ਨਾਲ ਹੀ ਇਹ ਵੀ ਕਥਨ ਹੈ ਕਿ ਅਧਿਕਾਰੀ ਉਹ ਹੈ ਜਿਸ ਨੇ ਨਿਸ਼ਕਾਮ ਸੇਵਾ ਕਰਕੇ ਮਲ ਦੋਸ਼ ਦੀ ਨਵਿਰਤੀ ਕਰ ਲਈ ਅਤੇ ਉਪਾਸ਼ਨਾ ਕਰਕੇ ਵਿਖੇਪ

ਦੋਸ਼ ਦੀ ਨਵਿਰਤੀ ਕਰ ਲਈ, ਇਹ ਤਿੰਨ ਦੋਸ਼ ਹਨ : ਮਲ, ਵਿਖੇਪ, ਅਵਰਨ ਇਹਨਾਂ ਤਿੰਨਾਂ ਵਿੱਚੋਂ ਦੋ ਦੀ ਨਵਿਰਤੀ ਕਰ ਲਈ ਹੋਵੇ ਅਤੇ ਅਵਰਨ ਦੋਸ਼ ਅਜੇ ਬਾਕੀ ਰਹਿੰਦਾ ਹੋਵੇ। ਜੈਸਾ ਕਿ :

**ਮਲ ਵਿਖੇਪ ਯਾ ਕੇ ਨਹੀ ਕਿੰਤ ਏਕ ਅਗਿਆਨ।**
**ਹੋਵੈ ਚਵ ਸਾਧਨ ਸਹਿਤ ਸੋ ਅਧਕਿਰਤ ਤੂੰ ਮਾਨ।**

ਇਸ ਦਾ ਨਾਮ ਵੇਦਾਂਤ ਮੱਤ ਵਿਚ ਅਧਿਕਾਰੀ ਅਨੁਬੰਧ ਕਿਹਾ ਜਾਂਦਾ ਹੈ। ੨. ਵਿਖਯ ਅਨੁਬੰਧ। ਜੀਵ ਈਸ਼ਵਰ ਦੀ ਏਕਤਾ ਨੂੰ ਜਾਨਣਾ ਇਹ ਵਿਖਯ ਅਨੁਬੰਧ ਹੈ।

## ਬੋਧ ਬ੍ਰਹਮ ਬੋਧਕ ਵੇਦਾਂਤ ਸੁ; ਇਹ ਸਬੰਧ ਨੀਕੇ ਪਹਿਚਾਨ।

੩. ਸੰਬੰਧ ਅਨੁਬੰਧ। ਬ੍ਰਹਮ ਬੋਧ ਰੂਪ ਹੈ ਭਾਵ ਗਿਆਨ ਸਰੂਪ ਹੈ ਤੇ ਸੋ ਵੇਦਾਂਤ ਵਾਕ ਨੂੰ ਬੋਧਕ ਕਿਹਾ ਜਾਂਦਾ ਹੈ, ਇਸ ਕਰਕੇ ਬੋਧ ਬੋਧਕ ਭਾਵ ਸੰਬੰਧ ਇਹ ਸੰਬੰਧ ਅਨੁਬੰਧ ਨੀਕੇ = ਚੰਗੀ ਤਰ੍ਹਾਂ ਪਹਿਚਾਨ = ਜਾਣ ਲਉ।

## ਦੁਖ ਨਿਵਿਰਤਿ ਪਰਮਾਨੰਦ ਪ੍ਰਾਪਤਿ;
## ਇਹੀ ਪ੍ਰਯੋਜਨ ਕਰਹਿਂ ਬਖਾਨ ॥੮॥

੪. ਪ੍ਰਯੋਜਨ ਅਨੁਬੰਧ : ਦੁਖ ਰੂਪ ਸੰਸਾਰ ਦੀ ਨਵਿਰਤੀ ਤੇ ਪਰਮਾਨੰਦ ਦੀ ਪ੍ਰਾਪਤੀ ਇਹੀ = ਇਸ ਨੂੰ ਪ੍ਰਯੋਜਨ ਅਨੁਬੰਧ ਵਖਿਆਨ ਕੀਤਾ ਜਾਂਦਾ ਹੈ, ਆਮ ਹੀ ਬੋਲੀ ਵਿਚ ਇਹ ਸ਼ਬਦ ਵਰਤਿਆ ਜਾਂਦਾ ਹੈ ਕਿ ਤੇਰਾ ਕੀ ਪ੍ਰਯੋਜਨ ਹੈ ਭਾਵ ਤੇਰਾ ਕੀ ਮਤਲਬ ਹੈ, ਫ਼ਲਾਣੇ ਦਾ ਪ੍ਰਯੋਜਨ ਪੂਰਾ ਹੋ ਗਿਆ ਭਾਵ ਉਸ ਦਾ ਮਤਲਬ ਪੂਰਾ ਹੋ ਗਿਆ, ਪਰ 'ਵੇਦਾਂਤ ਮੱਤ' ਅਨੁਸਾਰ ਪ੍ਰਯੋਜਨ ਉਸ ਨੂੰ ਕਹਿੰਦੇ ਹਨ ਜੋ ਦੁਖ ਦੀ ਨਵਿਰਤੀ, ਸੁਖ ਦੀ ਪ੍ਰਾਪਤੀ, ਹਰ ਇਕ ਜੀਵ ਨੂੰ ਸਭ ਦੁਖ ਅਗਿਆਨ ਤੋਂ ਪੈਦਾ ਹੁੰਦੇ ਹਨ, ਅਗਿਆਨ ਜਨਯ ਦੁਖ ਕਹੇ ਜਾਂਦੇ ਹਨ ਅਗਿਆਨ ਦੀ ਨਵਿਰਤੀ ਹੀ ਦੁਖ ਦੀ ਨਵਿਰਤੀ ਹੈ, ਆਤਮਾ ਦੀ ਪ੍ਰਾਪਤੀ ਹੀ ਪਰਮਾਨੰਦ ਦੀ ਪ੍ਰਾਪਤੀ ਹੈ, ਇਸ ਦੀ ਇੱਛਾ ਵਾਲੇ ਨੂੰ ਮਮੁਖਸ਼ੂ ਕਿਹਾ ਜਾਂਦਾ ਹੈ, ਉਸੇ ਨੂੰ ਅਧਿਕਾਰੀ ਕਿਹਾ ਜਾਂਦਾ ਹੈ **ਵਾ:** ਉਸੇ ਨੂੰ ਜਗਿਆਸੂ ਕਿਹਾ ਜਾਂਦਾ ਹੈ, ਇਸ ਨੂੰ ਪ੍ਰਯੋਜਨ ਅਨੁਬੰਧ ਕਿਹਾ ਜਾਂਦਾ ਹੈ ॥੮॥

## ਦੋਹਰਾ ॥ ਇਹ ਚਾਰੋ ਅਨੁਬੰਧ ਕੋ; ਗਯਾਨ ਰਿਦੇ ਜਬਿ ਹੋਇ।

ਇਹਨਾਂ ਚਾਰੇ ਅਨੁਬੰਧਾਂ ਦਾ ਜਦੋਂ ਰਿਦੇ = ਹਿਰਦੇ ਵਿਚ ਗਿਆਨ ਹੋ ਜਾਵੇ :

## ਕਹੈਂ ਗਿਆਨ ਪ੍ਰਕਰਣ ਸੋ; ਸੰਤਨ ਕੇ ਮਤ ਜੋਇ ॥੯॥

ਜੋ ਗਿਆਨ ਦਾ ਪ੍ਰਕਰਣ = ਮਜ਼ਮੂਨ, ਵਿਸ਼ਾ ਹੈ, ਜੋ ਚਾਰੇ ਅਨੁਬੰਧਾਂ ਦੇ ਸਹਿਤ ਹੈ, ਉਸ ਅਧਿਕਾਰੀ ਨੂੰ ਇਹ ਗਿਆਨ ਸੁਣਾਉਣਾ ਚਾਹੀਏ, ਇਹ ਸੰਤਾਂ ਦੀ ਮਤ ਹੈ **ਵਾ:** ਸੰਤਾਂ ਦੀ ਮਤ ਵਿਚ ਅਧਿਕਾਰੀ ਇਸ ਨੂੰ ਗਿਆਨ ਪ੍ਰਕਰਣ ਕਹਿੰਦੇ ਹਨ ॥੯॥

ਹੁਣ ਮਹਾਂਵਾਕ ਦਾ ਰੂਪ ਕਥਨ ਕਰਨਗੇ :

## ਬ੍ਰਹਮ ਅਖੰਡ ਚੈਤੰਨ ਕੋ; ਗਯਾਨ ਜਥਾਰਥ ਜਾਨ।

ਜੋ ਬ੍ਰਹਮ ਅਖੰਡ ਚੇਤਨ ਸਰੂਪ ਕੋ = ਦਾ ਜਥਾਰਥ = ਸਹੀ ਰੂਪ ਦੇ ਵਿਚ ਗਿਆਨ ਜਾਣਿਆ ਜਾਂਦਾ ਹੈ।

## ਜਿਸ ਵਾਕਯ ਤੇ ਹੋਤ ਹੈ; ਮਹਾਂਵਾਕ ਸੋ ਮਾਨ ॥੧੦॥

ਜਿਸ = ਜਿਨ੍ਹਾਂ ਵਾਕਯ = ਬਚਨਾਂ ਦੇ ਨਾਲ ਯਥਾਰਥ ਗਿਆਨ ਹੋਤ = ਹੁੰਦਾ ਹੈ, ਸੋ = ਉਸ ਨੂੰ ਵੇਦਾਂਤ ਮੱਤ ਵਿਚ ਮਹਾਂਵਾਕ ਮੰਨਿਆ ਜਾਂਦਾ ਹੈ॥੧੦॥

੧. ਹੁਣ ਰਿਗਵੇਦ ਦਾ ਮਹਾਂਵਾਕ ਸ਼ੁਰੂ ਹੋਇਆ।

## ਚੌਪਈ॥ 'ਪ੍ਰਗਯਾਨਮਾਨੰਦ ਬ੍ਰਹਮ' ਇਹ।

ਇਹ ਪ੍ਰਗਯਾਨਮਾਨੰਦ (ਪ੍ਰਗਯਾਨਮ + ਅਨੰਦ) ਪ੍ਰਗਯਾਨਮ = ਜੀਵਾਤਮਾ ਅਨੰਦ ਸਰੂਪ ਬ੍ਰਹਮ ਹੈ।

## ਮਹਾਂ ਵਾਕਯ; ਰਿਗ ਬੇਦ ਬਿਖੇ ਕਹਿ।

ਇਹ ਮਹਾਂਵਾਕ ਰਿਗਵੇਦ ਵਿਚ ਕਿਹਾ ਗਿਆ ਹੈ (ਰਿਗਵੇਦ ਏਤਰੇਯ ਉਪਨਿਖਦ, ਅਧਯਾਯ ੩, ਖੰਡ ੧)

੨. ਹੁਣ ਯੁਜਰ ਵੇਦ ਦਾ ਮਹਾਂਵਾਕ ਚੱਲਿਆ।

## 'ਅਹੰਬ੍ਰਹਮਾਸਮਿ' ਜੁਜਰ ਬਖਾਨੇ।

(ਅਹੰ + ਬ੍ਰਹਮ + ਅਸਮ) ਅਹੰ = ਮੈਂ ਬ੍ਰਹਮ ਅਸਮ = ਹਾਂ, ਇਹ ਯੁਜਰ ਵੇਦ ਦਾ ਮਹਾਂਵਾਕ ਕਹੀਦਾ ਹੈ। (ਬ੍ਰਹਦਾਰਣਯਕ ਉਪਨਿਖਦ, ਅਧਯਾਯ ੧, ਬ੍ਰਹਮਣ ੪, ਖੰਡ ੨੦)

੩. ਹੁਣ ਸਾਮਵੇਦ ਦਾ ਮਹਾਂਵਾਕ ਚੱਲਿਆ।

## ਸ਼ਾਮਬੇਦ 'ਤਤੂੰਮਸਿ' ਮਾਨੇ ॥੧੧॥

ਸਾਮਵੇਦ ਨੇ ਇਹ ਮਹਾਂਵਾਕ ਮਾਨੇ = ਮੰਨਿਆ ਹੈ ਕਿ ਤਤੂੰ = ਉਹ ਤੂੰ ਹੀ ਮਸਿ = ਹੈ ਭਾਵ ਤੂੰ ਬ੍ਰਹਮ ਸਰੂਪ ਹੈ। ਭਾਵ (ਤਤ + ਤੂੰ + ਮਸਿ) ਤਤ ਪਦ ਈਸ਼ਵਰ ਦਾ ਵਾਚਿਆ ਅਰਥ ਹੈ, ਤੂੰ ਪਦ ਜੀਵ ਦਾ ਵਾਚਿਆ ਅਰਥ ਹੈ ਤੇ ਅਸਪਦ ਬ੍ਰਹਮ ਦਾ ਵਾਚਿਆ ਅਰਥ ਹੈ, ਇਹ ਤਿੰਨ ਭੇਦ ਮਾਇਆ ਕਰਕੇ ਹਨ, ਪਰ ਇੱਕੋ ਹੀ ਬ੍ਰਹਮ ਸਰੂਪ ਹੈ॥੧੧॥ (ਸਾਮਵੇਦ ਦੀ ਛਾਂਦੋਗ ਉਪਨਿਖਦ ਪ੍ਰਪਾਠਕ ੬, ਖੰਡ ੮)

**ਤਤ ਪਦ ਈਸ਼ ਜੀਵ ਤੂੰ ਪਦ ਅਸ ਪਦ ਬ੍ਰਹਮ ਕਹਾਵੈ।**
**ਮਾਇਆ ਤੇ ਜੇ ਭੇਦ ਤੀਨ ਹੈਂ, ਏਕੈ ਬੇਦ ਬਤਾਵੈ॥੨੨॥** *(ਅਧਯਾਤਮ ਪ੍ਰਕਾਸ਼)*

੪. ਹੁਣ ਅਥਰਬਣ ਵੇਦ ਦਾ ਮਹਾਂਵਾਕ ਚੱਲਿਆ।

## 'ਅਯੰ ਆਤਮਾ ਬ੍ਰਹਮ' ਅਥਰਬਣ।

ਅਯੰ = ਇਹ ਆਤਮਾ ਬ੍ਰਹਮ ਸਰੂਪ ਹੈ, ਇਹ ਅਥਰਬਣ ਦਾ ਮਹਾਂਵਾਕ ਹੈ (ਅਥਰਬਣ ਵੇਦ ਮਾਂਡੂਕਯ ਉਪਨਿਖਦ ਖੰਡ ੧, ਮੰਤ੍ਰ ੨)

## ਮਹਾਂਵਾਕਯ ਏ; ਚਾਰਹੁ ਸ੍ਰੁਤ ਗਣ।

ਇਹ ਚਾਰੇ ਸ੍ਰੁਤ = ਵੇਦਾਂ ਦੇ ਵਿਚ ਗਣ = ਵਿਚਾਰ ਲਉ।

## ਇਹ ਚਾਰੋਂ ਹੀ; ਜਪੁਜੀ ਬਿਖੇ।

ਇਹ ਚਾਰੇ ਵੇਦਾਂ ਦੇ ਮਹਾਂਵਾਕ ਦੀ ਤਰ੍ਹਾਂ ਜਪੁ ਜੀ ਸਾਹਿਬ ਦੀ ਬਾਣੀ ਵਿਚ:

## ਸ੍ਰੀ ਨਾਨਕ ਜੀ; ਕਹਿ ਕਰਿ ਲਿਖੇ ॥੧੨॥

ਸ੍ਰੀ = ਸੁਭਾਇਮਾਨ **ਵਾ:** ਸੋਭਾ ਦੇ ਮਾਲਕ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਰਸਨਾ ਤੋਂ ਕਹਿ = ਉਚਾਰਨ ਕਰਕੇ ਲਿਖੇ ਹੋਏ ਹਨ ॥੧੨॥

## 'ਤੂ ਸਦਾ ਸਲਾਮਤਿ; ਨਿਰੰਕਾਰ।'

ਇਹ ਤੁਕ ਜਪੁ ਜੀ ਸਾਹਿਬ ਦੀ ੧੬ਵੀਂ ਪਉੜੀ ਦੀ ਹੈ ਜਿਸ ਵਿਚ ਤੂ = ਤੂੰ ਪਦ ਦਾ ਲੱਖ ਅਰਥ ਜੀਵ ਸਦਾ ਸਲਾਮਤਿ = ਤੱਤ ਪਦ ਦਾ ਲੱਖ ਅਰਥ ਈਸ਼ਵਰ ਦਾ ਨਾਮ ਹੈ। ਨਿਰੰਕਾਰ = ਸ਼ੁੱਧ ਸਰੂਪ ਬ੍ਰਹਮ ਦਾ ਅਸੀ ਨਾਮ ਹੈ। (ਤਤੂੰ ਅਸੀ) ਵਾਕ ਹੈ ਜੋ ਸਾਮਵੇਦ ਵਿਚ, ਤੂੰ ਜੀਵ ਅਤੇ ਸਦਾ ਸਲਾਮਤਿ ਈਸ਼ਵਰ, ਦੋਵੇਂ ਨਿਰੰਕਾਰ = ਸ਼ੁੱਧ ਸਰੂਪ ਹਨ। ਵਾਚ ਅਰਥ ਦਾ ਤਿਆਗ ਕਰਕੇ ਜੀਵ ਦੇ ਖਟ ਵਿਕਾਰ ਅਵਿੱਦਿਆ ਆਦਿਕ ਨੂੰ ਛੱਡ ਕੇ ਅਤੇ ਈਸ਼ਵਰ ਦੇ ਛੇ ਗੁਣ ਮਾਇਆ ਭਾਗ ਤਿਆਗ ਕਰ ਕੇ ਦੋਵੇਂ ਭਾਵ ਜੀਵ ਤੇ ਈਸ਼ਵਰ ਨਿਰੰਕਾਰ = ਨਿਰ + ਅਕਾਰ, ਸ਼ੁੱਧ ਬ੍ਰਹਮ ਦਾ ਹੀ ਸਰੂਪ ਹਨ। ਜਿਵੇਂ ਵੇਦ ਦੇ ਚਾਰ ਮਹਾਂਵਾਕ ਹਨ, ਉਹਨਾਂ ਦਾ ਵੇਰਵਾ ਪਿੱਛੇ ਆ ਚੁੱਕਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਨੇ:

## ਚਾਰ ਬਾਰ; ਤੁਕ ਕਰੀ ਉਚਾਰ।

'ਤੂੰ ਸਦਾ ਸਲਾਮਤਿ ਨਿਰੰਕਾਰ' ਇਹ ਤੁਕ ਪਹਿਲਾਂ ੧੬ਵੀਂ ਪਉੜੀ ਦੀ ਅਖ਼ੀਰਲੀ ਤੁਕ, ੧੭ਵੀਂ ਪਉੜੀ ਵਿਚ ਫੇਰ ਅਖ਼ੀਰਲੀ ਤੁਕ, ੧੮ਵੀਂ ਪਉੜੀ ਵਿਚ ਫੇਰ ਅਖ਼ੀਰਲੀ ਤੁਕ, ਫੇਰ ੧੯ਵੀਂ ਪਉੜੀ ਵਿਚ ਅਖ਼ੀਰਲੀ ਤੁਕ, ਇਉਂ ਚਾਰ ਵਾਰ ਗੁਰੂ ਸਾਹਿਬ ਜੀ ਨੇ ਇਹ ਤੁਕ ਉਚਾਰ = ਉਚਾਰਣ ਕਰੀ = ਕੀਤੀ ਹੈ ਜਿਸ ਵਿਚ ਜੀਵ ਤੇ ਈਸ਼ ਦੀ ਏਕਤਾ ਜਣਾਈ ਗਈ ਹੈ ਵੇਦਾਂ ਦੇ ਚਾਰ ਮਹਾਂਵਾਕਾਂ ਦੇ ਬਰਾਬਰ ਦੇ ਚਾਰ ਵਾਰ ਬੋਲ ਬੋਲ ਕੇ ਉਸ ਸਿਧਾਂਤ ਨੂੰ ਨਿਖਾਰਿਆ ਹੈ।

## 'ਸ਼੍ਰਵਣ' 'ਮਨਨ'; ਇਹ ਪੂਰਬ ਲਹਯੋ।

ਸ਼੍ਰਵਣ, ਮੰਨਣ, ਨਿਧਿਆਸਣ ਇਹ ਗਿਆਨ ਦੇ ਚਾਰ ਸਾਧਨਾਂ ਵਿੱਚੋਂ ਪੂਰਬ = ਪਹਿਲੀਆਂ ਪਉੜੀਆਂ ਵਿਚ ਲਹਯੋ = ਲਏ ਜਾ ਸਕਦੇ ਹਨ ਭਾਵ ਉਥੇ ਲਿਖੇ ਹੋਏ ਹਨ, ਗਿਆਨ ਦਾ ਪਹਿਲਾ ਸਾਧਨ ਸ਼੍ਰਵਣ ਹੈ ਤੇ ਜਪੁ ਜੀ ਸਾਹਿਬ ਵਿਚ ਪਉੜੀ ੮ਵੀਂ, ੯ਵੀਂ, ੧੦ਵੀਂ, ੧੧ਵੀਂ, 'ਸੁਣਿਐ' ਸ਼ਬਦ ਵਰਤ ਕੇ ਗਿਆਨ ਦੇ ਪਹਿਲੇ ਸਾਧਨ ਸ਼੍ਰਵਣ ਦੀ ਵਿਆਖਿਆ ਕੀਤੀ ਤੇ ਫੇਰ ੧੨ਵੀਂ, ੧੩ਵੀਂ, ੧੪ਵੀਂ, ੧੫ਵੀਂ, ਪਉੜੀਆਂ ਵਿਚ ਮੰਨਣ ਦੀ ਵਿਆਖਿਆ ਕੀਤੀ ਹੈ।

## 'ਪੰਚ ਪ੍ਰਵਾਣ'; ਨਿਧਯਾਸਨ ਕਹਯੋ ॥੧੩॥

ਪੰਚ ਪਰਵਾਣ ਵਾਲੀ ੧੬ਵੀਂ ਪਉੜੀ ਵਿਚ ਗਿਆਨ ਦਾ ਤੀਸਰਾ ਸਾਧਨ ਨਿਧਿਆਸਣ ਕਹਯੋ = ਕਥਨ ਕੀਤਾ ਹੈ ॥੧੩॥

## ਸਾਖਯਾਤ ਪਰ ਏ; ਤੁਕ ਚਾਰ।

ਇਹ ਤੁਕ ਬ੍ਰਹਮ ਦੇ ਸ਼ਾਖਸਾਤ, ਅਪ੍ਰੋਖ ਬ੍ਰਹਮ ਗਿਆਨ ਵਾਸਤੇ ਚਾਰ ਵਾਰ ਉਚਾਰਨ ਕੀਤੀਆਂ ਹੋਈਆਂ ਹਨ।

## ਚਾਰਹੁੰ ਮਹਾਂਵਾਕ; ਨਿਰਧਾਰ।

ਜੋ ਵੇਦਾਂ ਦੇ ਚਾਰ ਮਹਾਂਵਾਕ ਹਨ, ਜਿਵੇਂ ਵੇਦਾਂ ਦੇ ਵਿਚ ਜੀਵ ਈਸ਼ ਦੀ ਏਕਤਾ ਜਨਾਉਣ ਵਾਲੇ ਸ਼ਾਮਵੇਦ ਦਾ ਤਤ੍ਵੰਮਸਿ = ਉਹ ਤੂੰ ਹੈ, ਰਿਗਵੇਦ ਦਾ ਪ੍ਰਗਯਾਨਮਾਨੰਦ ਬ੍ਰਹਮ = ਇਹ ਜੀਵ ਅਨੰਦ ਸਰੂਪ ਬ੍ਰਹਮ ਹੈ, ਯੁਜਰਬੇਦ ਦਾ ਅਹੰਬ੍ਰਹਮਾਸਮਿ = ਮੈਂ ਬ੍ਰਹਮ ਹਾਂ, ਅਥਰਬਣ ਵੇਦ ਦਾ ਆਯੰ ਆਤਮਾ ਬ੍ਰਹਮ = ਇਹ ਆਤਮਾ ਬ੍ਰਹਮ ਹੈ, ਉਸੇ ਤਰ੍ਹਾਂ ਵੇਦ ਦੇ ਚਾਰੇ ਮਹਾਂਵਾਕਾਂ ਦਾ ਸਿਧਾਂਤ ਗੁਰੂ ਨਾਨਕ ਸਾਹਿਬ ਜੀ ਨੇ ਚਾਰ ਵਾਰ ਉਚਾਰਨ ਕਰਕੇ ਨਿਰਧਾਰ = ਨਿਰਨਾ ਕਰ ਦਿੱਤਾ **ਵਾ:** ਨਿਰਨਾ ਕਰਕੇ ਗੁਰਸਿੱਖੋ ਆਪਣੇ ਹਿਰਦੇ ਵਿਚ ਧਾਰਨ ਕਰ ਲਵੋ। ਫਿਰ ਹੋਰ ਵੀ ਗੁਰਬਾਣੀ ਵਿਚ ਇਹੋ ਜਿਹੀਆਂ ਤੁਕਾਂ ਜੋ ਜੀਵ ਈਸ਼ ਦੀ ਏਕਤਾ ਜਨਾਉਣ ਵਾਲੀਆਂ ਹਨ।

## ਪੁਨ ਸ੍ਰੀ ਅਰਜਨ; ਤੁਕੈਂ ਬਨਾਈ।

ਪੁਨ = ਫੇਰ ਗੁਰੂ ਜੀ ਨੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਰੂਪ ਵਿਚ ਇਹੋ ਜਿਹੀਆਂ ਬਹੁਤ ਸਾਰੀਆਂ ਤੁਕੈ = ਤੁਕਾਂ ਬਨਾਈ = ਬਣਾ ਕਰਕੇ ਲਿਖੀਆਂ ਹਨ, ਜਿਸ ਵਿਚ ਜੀਵ ਈਸ਼ ਦੀ ਏਕਤਾ ਮੁੱਖ ਰਹੀ ਹੈ।

## ਮਹਾਂਵਾਕ; ਜਿਸ ਬਿਖੈ ਲਖਾਈ ॥੧੪॥

ਜਿਨ੍ਹਾਂ ਤੁਕਾਂ ਦੇ ਵਿਚ ਚਾਰੇ ਮਹਾਂਵਾਕ ਦਾ ਸਿਧਾਂਤ ਲਖਾਈ = ਲਖਾਇਆ ਭਾਵ ਜਣਾਇਆ ਹੈ ॥੧੪॥ ਜੈਸਾ ਕਿ :

**ਸਰਗੁਣ ਨਿਰਗੁਣ; ਥਾਪੈ ਨਾਉ ॥ ਦੁਹ ਮਿਲਿ; ਏਕੈ ਕੀਨੋ ਠਾਉ ॥੩॥**

*(ਆਸਾ ਮ: ੫, ਅੰਗ ੩੮੭)*

ਸਰਗੁਣ = ਸਾਕਾਰ ਰੂਪ ਅਤੇ ਨਿਰਗੁਣ = ਨਿਰਾਕਾਰ ਰੂਪ ਜੋ ਨਾਉ = ਨਾਮ ਥਾਪੈ = ਸਥਾਪਨ ਕੀਤੇ ਹਨ। ਇਨ੍ਹਾਂ ਦੁਹ = ਦੋਵਾਂ ਵਿੱਚੋਂ ਪੁਰਖ ਭਾਵੇਂ ਕਿਸੇ ਦੀ ਉਪਾਸ਼ਨਾ ਵਿਚ ਮਿਲਿ = ਮਿਲਣਾ ਕਰੇ, ਉਹ ਏਕੈ = ਏਕਤਾ ਰੂਪੀ ਠਾਉ = ਥਾਂ ਵਿਚ ਵੱਸਣਾ ਕੀਨੋ = ਕਰਦਾ ਹੈ **ਅਥਵਾ** ਜੋ ਸਰਗੁਣ = ਈਸ਼ਰ ਅਤੇ ਨਿਰਗੁਣ = ਗੁਣਾਂ ਤੋਂ ਹੀਣਾ ਜੀਵ ਹੈ, ਇਹ ਨਾਮ ਮਾਤਰ ਹੀ ਥਾਪੇ ਹੋਏ ਹਨ, ਇਨ੍ਹਾਂ ਦੁਹ = ਦੋਨਾਂ ਵਿਚ ਜਿਸ ਨੇ ਜੀਵ ਦੇ ਛੇ ਵਿਕਾਰ ਅਤੇ ਈਸ਼ਰ ਦੇ ਛੇ ਗੁਣਾਂ ਦਾ ਤਿਆਗ ਕਰਕੇ ਮਿਲਾਇਆ ਹੈ, ਭਾਵ ਜੀਵ ਈਸ਼ ਦੀ ਅਭੇਦਤਾ ਕੀਤੀ ਹੈ। ਉਨ੍ਹਾਂ ਨੇ ਸਤ, ਚਿਤ, ਅਨੰਦ ਸਰੂਪ ਬ੍ਰਹਮ ਦੇ ਵਿਚ ਠਾਉ = ਟਿਕਾਣਾ ਕੀਤਾ ਹੈ, ਭਾਵ ਬ੍ਰਹਮ ਵਿਚ ਅਭੇਦ ਹੋਇਆ ਹੈ ॥੩॥

ਪੁਨਾ :

**ਨਿਰਗੁਨੁ ਆਪਿ; ਸਰਗੁਨੁ ਭੀ ਓਹੀ ॥ ਕਲਾ ਧਾਰਿ; ਜਿਨਿ ਸਗਲੀ ਮੋਹੀ ॥੪॥**

*(ਗਉੜੀ ਸੁਖਮਨੀ ਮ: ੫, ਅੰਗ ੨੮੭)*

ਉਹ ਨਿਰਗੁਣ ਸਰੂਪ ਵਿਚ ਵੀ ਆਪ ਹੈ ਤੇ ਉਹ ਸਰਗੁਣ ਸਰੂਪ ਵਿਚ ਭੀ = ਵੀ ਆਪ ਹੀ ਹੈ **ਵਾ:** ਨਿਰਗੁਣ = ਜੋ ਬ੍ਰਹਮ ਰੂਪ ਰੰਗ ਤੋਂ ਰਹਿਤ ਹੈ, ਉਹ ਵੀ ਆਪ ਹੀ ਹੈ ਤੇ ਸਰਗੁਣ ਵੀ ਉਹੋ ਹੀ ਹੈ। ਜਿਨਿ = ਜਿਸ ਨੇ ਆਪਣੀ ਕਲਾ = ਸ਼ਕਤੀ ਧਾਰ ਕੇ ਸਗਲੀ = ਸਾਰੀ ਸ੍ਰਿਸ਼ਟੀ ਨੂੰ ਮੋਹੀ = ਮੋਹ ਲਿਆ ਹੈ **ਵਾ:** ਮਾਇਆ ਦੇ ਮੋਹ ਵਿਚ ਮੋਹਿਤ ਕਰਨਾ ਕੀਤਾ ਹੈ।

ਪੁਨਾ :

**ਮੈ ਨਾਹੀ; ਪ੍ਰਭ ਸਭੁ ਕਿਛੁ ਤੇਰਾ॥** *(ਬਿਲਾਵਲ ਮ: ੫, ਅੰਗ ੮੨੭)*

ਹੇ ਪ੍ਰਭ = ਪਰਮਾਤਮਾ! ਮੈਂ ਆਪਣੇ ਆਪ ਕੁੱਝ ਵੀ ਨਹੀਂ ਹਾਂ, ਭਾਵ ਨਾ ਸਥੂਲ ਦੇਹ, ਨਾ ਸੂਖਮ ਅਤੇ ਨਾ ਹੀ ਕਾਰਨ ਦੇਹ ਹਾਂ, ਮੈਂ ਸਭੁ = ਸਾਰਾ ਕਿਛੁ = ਕੁਝ ਤੇਰਾ ਹੀ ਸਮਝਿਆ ਹੋਇਆ ਹੈ।

**ਈਘੈ ਨਿਰਗੁਨ ਊਘੈ ਸਰਗੁਨ; ਕੇਲ ਕਰਤ ਬਿਚਿ ਸੁਆਮੀ ਮੇਰਾ॥੧॥ਰਹਾਉ॥**

*(ਬਿਲਾਵਲੁ ਮ: ੫, ਅੰਗ ੮੨੭)*

ਈਘੈ = ਇਸ ਪਾਸੇ ਭਾਵ ਸੰਸਾਰ ਵੱਲ ਨਿਰਗੁਨ = ਗੁਣਾਂ ਤੋਂ ਹੀਣ ਜੀਵ ਰੂਪ ਅਤੇ ਊਘੈ = ਉਸ ਪਾਸੇ ਭਾਵ ਪ੍ਰਲੋਕ ਵੱਲ ਮਾਇਆ ਸਬਲ ਹੋ ਕੇ ਸਰਗੁਨ ਸਰੂਪ ਇਨ੍ਹਾਂ ਦੋਵਾਂ ਦੇ ਬਿਚਿ = ਅੰਦਰ ਮੇਰਾ ਸੁਆਮੀ = ਮਾਲਕ ਕੇਲ = ਖੇਲ ਕਰਤ = ਕਰ ਰਿਹਾ ਹੈ॥੧॥ਰਹਾਉ॥

## ਚੌਪਈ॥ ਪੁਨ ਇਕਤਾ; ਜਪੁਜੀ ਮਹਿਂ ਕਹੀ।

ਪੁਨ = ਪੁਨਾ ਇਸੇ ਤਰ੍ਹਾਂ ਜਪੁਜੀ ਸਾਹਿਬ ਦੇ ਵਿਚ ਜੀਵ ਈਸ਼ ਦੀ ਇਕਤਾ = ਏਕਤਾ ਦੀ ਗੱਲ ਬਹੁਤ ਕਹੀ ਹੋਈ ਹੈ।

## ਸੋ ਮੈਂ ਕਰਉ; ਸੁਨਾਵਨ ਸਹੀ।

ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਸੋ = ਉਹ ਮੈਂ ਸਹੀ = ਠੀਕ ਨਿਸ਼ਚੇ ਕਰਕੇ ਸੁਨਾਵਨ = ਸੁਣਾਉਣਾ ਕਰਉ = ਕਰਦਾ ਹਾਂ **ਵਾ:** ਨਿਸ਼ਚੇ ਕਰਾਉਣ ਵਾਸਤੇ ਸੁਨਾਵਨ = ਸੁਣਾਉਣਾ ਕਰਦਾ ਹਾਂ ਕਿ :

## ਜੀਵ ਈਸ਼; ਇਕ ਬ੍ਰਹਮ ਸਰੂਪ।

ਗੁਰੂ ਨਾਨਕ ਸਾਹਿਬ ਜੀ ਨੇ ਉਚਾਰਣ ਕੀਤਾ ਹੈ ਕਿ ਜੀਵ ਤੇ ਈਸ਼ = ਈਸ਼ਵਰ ਇੱਕੋ ਬ੍ਰਹਮ ਸਰੂਪ ਹੀ ਹਨ।

## ਸਭਿ ਬਿਧਿ ਕੀਨ; ਅਭੇਦ ਅਨੂਪ॥੧੫॥

ਸਭਿ = ਸਾਰੀਆਂ ਬਿਧਿ = ਜੁਗਤੀਆਂ ਦੇ ਨਾਲ ਅਨੂਪ = ਉਪਮਾ ਤੋਂ ਰਹਿਤ ਅਭੇਦ ਰੂਪ ਜੀਵ ਈਸ਼ ਦੀ ਏਕਤਾ ਨੂੰ ਕਥਨ ਕੀਨ = ਕੀਤਾ ਹੈ॥੧੫॥ ਜੈਸਾ ਕਿ :

**ਸਾਲਾਹੀ ਸਾਲਾਹਿ; ਏਤੀ ਸੁਰਤਿ ਨ ਪਾਈਆ॥** *(ਜਪੁ ਜੀ, ਅੰਗ ੫)*

ਹੇ ਗੁਰਸਿੱਖੋ! ਜੋ ਗੁਰਮੁਖ ਜਨ ਉਸ ਸਾਲਾਹੀ = ਪ੍ਰਭੂ ਨੂੰ ਸਾਲਾਹਿ = ਸਾਲਾਹੁਣ ਵਾਲੇ ਹਨ, ਉਹਨਾਂ ਦੇ ਅੰਤਰ ਜੀਵ-ਈਸ਼ ਦੇ ਭੇਦ ਦੀ ਸੁਰਤਿ = ਗਿਆਤ ਨ = ਨਹੀਂ ਪਾਈਆ = ਪਾਈਦੀ ਕਿਉਂਕਿ ਉਨ੍ਹਾਂ ਦੇ ਅੰਦਰੋਂ ਇਸ ਭੇਦ ਦੀ ਏਤੀ = ਇਤੀ (ਸਮਾਪਤੀ) ਹੋ ਜਾਂਦੀ ਹੈ, ਭਾਵ ਅਭੇਦਤਾ ਹੋ ਜਾਂਦੀ ਹੈ॥

**ਨਦੀਆ ਅਤੈ ਵਾਹ; ਪਵਹਿ ਸਮੁੰਦਿ ਨ ਜਾਣੀਅਹਿ॥**

ਉਹ ਨਦੀ ਦੀ ਨਿਆਈਂ ਜੋ ਈਸ਼ਵਰ ਹੈ ਅਤੈ = ਅਤੇ ਵਾਹ = ਨਾਲੇ (ਵਾਹੜੇ) ਦੀ ਨਿਆਈਂ ਜੋ ਜੀਵ ਹੈ, ਇਸ ਭੇਦ ਨੂੰ ਤਿਆਗ ਕੇ ਬ੍ਰਹਮ ਰੂਪ ਸਮੁੰਦਰ ਵਿਚ ਪਵਹਿ = ਜਾ ਪੈਂਦੇ ਹਨ ਭਾਵ ਲੀਨ ਹੋ ਜਾਂਦੇ ਹਨ ਅਤੇ ਫਿਰ ਉਹਨਾਂ ਦੇ ਅੰਦਰ ਜੀਵ-ਈਸ਼ ਦਾ ਭੇਦ ਨ ਜਾਣੀਅਹਿ = ਨਹੀਂ ਜਾਣੀਦਾ॥ ਜੈਸਾ ਕਿ :

**ਏਕਾ ਜੋਤਿ ਏਕਾ ਮਿਲੀ; ਕਿੰਬਾ ਹੋਇ ਮਹੋਇ ॥** *(ਅੰਗ ੩੩੫)*

ਹੁਣ ਏਸੇ ਵਿਚਾਰ ਨੂੰ ਭਾਈ ਸੰਤੋਖ ਸਿੰਘ ਜੀ ਆਪਣੀ ਕਾਵਿ ਰਚਨਾ ਵਿਚ ਕਥਨ ਕਰਦੇ ਹਨ॥

## ਚੌਪਈ॥ ਸਦਾ ਸਲਾਮਤਿ; ਤੱਤ ਪਦ ਜਾਨ।

'ਸਦਾ ਸਲਾਮਤ' ਇਹ ਜੋ ਮਹਾਂਵਾਕ ਗੁਰੂ ਨਾਨਕ ਦੇਵ ਜੀ ਨੇ ਕਥਨ ਕੀਤਾ ਹੈ, ਇਸ ਨੂੰ ਤੱਤ ਪਦ ਜਾਣ ਲਉ, ਇਹ ਈਸ਼ਵਰ ਦਾ ਲਖਾਇਕ ਪਦ ਜਾਣ ਲਉ।

## ਤੂੰ ਤੇ ਪੂਰਬ; ਅੱਨ੍ਵੈ ਠਾਨ।

ਅਰਥ ਕਰਨ ਵੇਲੇ ਜੋ 'ਤੂੰ' ਸ਼ਬਦ ਹੈ, ਉਸ ਤੋਂ ਪਹਿਲਾਂ ਅੰਨਵੈ ਠਾਨ = ਬਣਾ ਲਉ ਭਾਵ ਸਮਝ ਲਉ, ਇਸ ਨੂੰ ਬਦਲ ਕੇ ਜੋੜ ਲਉ ਭਾਵ ਜਿਥੇ ਯੋਗਤਾ ਬਣਦੀ ਹੈ, ਉਥੇ ਜੋੜ ਲੈਣਾ, ਇਸ ਨੂੰ ਅੰਨਵੈ ਕਹਿੰਦੇ ਹਨ, ਸਦਾ ਸਲਾਮਤ ਪਹਿਲਾ ਪੜ੍ਹ ਲਉ, 'ਤੂੰ' ਪਹਿਲਾ ਅੰਨਵੈ ਕਰ ਲਉ, ਭਾਵ ਇਸ ਦੇ ਨਾਲ ਜੋੜ ਲਉ, ਸਦਾ ਸਲਾਮਤਿ ਤੂੰ ਨਿਰੰਕਾਰ ਇਸ ਨੂੰ ਜਦੋਂ ਅੰਨਵੈ ਕਰ ਕੇ ਜੋੜ ਲਿਆ ਤਾਂ ਫਿਰ:

## ਤਤ ਤੂੰ; ਦੋਨਹੁੰ ਹੈ ਨਿਰੰਕਾਰ।

ਜੋ ਤੱਤ ਪਦ ਹੈ, ਇਹ ਈਸ਼ਵਰ ਦਾ ਵਾਚਕ ਹੈ, ਤੂੰ ਪਦ ਜੀਵ ਦਾ ਵਾਚਿਆ ਭਾਵ ਲਖਾਇਕ ਹੈ, ਇਹ ਦੋਨਹੁੰ = ਦੋਵੇਂ ਨਿਰੰਕਾਰ = ਬ੍ਰਹਮ ਦਾ ਸਰੂਪ ਹਨ, ਨਿਰੰਕਾਰ ਪਦ ਬ੍ਰਹਮ ਦਾ ਵਾਚਿਆ ਭਾਵ ਜਣਾਇਕ ਹੈ।

## ਸਤ ਚੇਤਨ ਆਨੰਦ; ਇਕ ਸਾਰ ॥੧੯॥

ਇਹ ਦੋਨਾਂ ਦੇ ਵਿਚ ਭਾਵ ਜੀਵ ਤੇ ਈਸ਼ਵਰ ਵਿਚ ਸਤ, ਚੇਤਨ, ਆਨੰਦ ਇੱਕੋ ਸਾਰ ਹੈ ਭਾਵ ਇਸ ਵਿਚ ਫ਼ਰਕ ਨਹੀਂ ਹੈ॥੧੯॥

## ਨਿਰਗੁਨ ਜੀਵ ਰੁ; ਈਸ਼ਰ ਸਗੁਨਾ।

ਜੋ ਨਿਰਗੁਨ ਹੈ ਇਹ ਜੀਵ ਦਾ ਜਣਾਇਕ ਹੈ, ਰੁ = ਅਤੇ ਜੋ ਸਰਗੁਣ ਹੈ, ਇਹ ਈਸ਼ਵਰ ਦਾ ਜਣਾਇਕ ਹੈ। ਜੈਸਾ ਕਿ:

**ਸਰਗੁਣ ਨਿਰਗੁਣ ਥਾਪੈ ਨਾਉ ॥**
**ਦੁਹ ਮਿਲਿ ਏਕੈ ਕੀਨੋ ਠਾਉ ॥੨॥** *(ਆਸਾ ਮ: ੫, ਅੰਗ ੩੮੭)*

ਵਾ: **ਨਿਰਗੁਨ ਆਪਿ ਸਰਗੁਨ ਭੀ ਓਹੀ ॥** *(ਗਉੜੀ ਸੁਖਮਨੀ ਮ: ੫, ਅੰਗ ੨੮੭)*

## ਚੇਤਨ ਕਲਾ; ਦੁਹਨ ਸਮ ਭਨਾ।

ਭਾਵੇਂ ਇਹ ਜੀਵ ਜਿਸਨੂੰ ਨਿਰਗੁਣ ਰੂਪ ਤੇ ਈਸ਼ਵਰ ਸਰਗੁਣ ਰੂਪ ਚੇਤਨ ਕਲਾ ਦੁਹਨ = ਦੋਹਾਂ ਵਿਚ ਸਮ = ਬਰਾਬਰ ਹੀ ਭਨਾ = ਕਹੀ ਜਾਂਦੀ ਹੈ।

## ਨਦੀ ਈਸ਼; ਵਾਹਾ ਲਖ ਜੀਵ।

ਨਦੀ ਰੂਪ ਜੋ ਈਸ਼ਵਰ ਹੈ ਤੇ ਵਾਹਾ = ਵਾਹੜਾ (ਨਾਲਾ) ਰੂਪ ਜੋ ਜੀਵ ਹੈ ਇਹਨਾਂ ਨੂੰ ਲਖ = ਜਾਣ

ਲਉ, ਜੋ ਜਪੁ ਜੀ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਕਥਨ ਕੀਤਾ ਹੈ। ਉਹ ਇਹ ਤੁਕ ਹੈ, ਜਿਸ ਦਾ ਵਿਚਾਰ ਕਰ ਰਹੇ ਹਨ:

**ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ।** *(ਜਪੁ ਜੀ, ਅੰਗ ੫)*

## ਪਰੇ ਸਮੁੰਦ੍ਰ; ਰੂਪ ਜਲ ਥੀਵ ॥੧੭॥

ਨਦੀ ਤੇ ਨਾਲੇ ਦਾ ਪਾਣੀ ਸਮੁੰਦ੍ਰ ਵਿਚ ਪਰੇ = ਪੈ ਕੇ ਸਮੁੰਦਰ ਰੂਪ ਹੋ ਜਾਂਦਾ ਹੈ ਫਿਰ ਨਾਲੇ ਤੇ ਨਦੀ ਦਾ ਪਾਣੀ ਵੱਖਰਾ-ਵੱਖਰਾ ਨਹੀਂ ਰਹਿੰਦਾ, ਇਸੇ ਤਰ੍ਹਾਂ ਨਾਲੇ ਦੀ ਨਿਆਈਂ ਜੀਵ, ਨਦੀ ਦੀ ਨਿਆਈਂ ਈਸ਼ਵਰ, ਸਮੁੰਦਰ ਦੀ ਨਿਆਈਂ ਬ੍ਰਹਮ ਵਿਚ ਮਿਲ ਕੇ ਸਤ, ਚੇਤਨ, ਆਨੰਦ ਰੂਪ ਜਲ ਦਾ ਇਕ ਰੂਪ ਹੋ ਜਾਂਦਾ ਹੈ॥੧੭॥ ਜੈਸਾ ਕਿ:

**ਜਿਉ ਜਲ ਮਹਿ ਜਲੁ ਆਇ ਖਟਾਨਾ॥**
**ਤਿਉ ਜੋਤੀ ਸੰਗਿ ਜੋਤਿ ਸਮਾਨਾ॥** *(ਗਉੜੀ ਸੁਖਮਨੀ ਮ: ੫, ਅੰਗ ੨੭੮)*

**ਵਾ:** **ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥** *(ਬਿਲਾਵਲੁ ਮ: ੫, ਅੰਗ ੮੪੬)*

## ਇੱਤ੍ਯਾਦਿਕ ਲਿਹੁ; ਅਰਥ ਵਿਚਾਰ।

ਭਾਈ ਦਇਆ ਸਿੰਘ ਜੀ ਦਾ ਕਥਨ ਕੀਤਾ ਹੋਇਆ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਜੋ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਇੱਤ੍ਯਾਦਿਕ ਮਹਾਂਵਾਕ ਕਹੇ ਹਨ, ਇਹਨਾਂ ਦੇ ਸੋਹਣੇ ਅਰਥਾਂ ਨੂੰ ਵਿਚਾਰ ਲਉ।

## ਵਧੈ ਗ੍ਰੰਥ; ਜਿ ਕਰਹੁ ਵਿਸਥਾਰ।

ਹੁਣ ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਜੇ ਮੈਂ ਇਸ ਦਾ ਹੋਰ ਵਿਆਖਿਆ ਨਾਲ ਵਿਸਥਾਰ ਕਰਾਂ, ਭਾਵ ਹੋਰ ਖੋਲ੍ਹ ਕੇ ਦੱਸੀਏ ਤਾਂ ਫਿਰ ਇਹ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਅਕਾਰ ਬਹੁਤਾ ਵੱਧ ਜਾਏਗਾ ਕਿਉਂਕਿ ਵਿਸਥਾਰ ਪਹਿਲਾਂ ਹੀ ਇਸ ਗ੍ਰੰਥ ਦਾ ਬਹੁਤ ਹੋ ਰਿਹਾ ਹੈ।

## ਸੂਛਮ ਬਿਧਿ ਮੈਂ; ਸਕਲ ਜਨਾਈ।

ਮੈਂ ਸੂਛਮ = ਸੰਖੇਪ ਬਿਧਿ = ਤਰੀਕੇ ਨਾਲ ਭਾਵ ਥੋੜ੍ਹੇ ਅੱਖਰਾਂ ਵਿਚ ਇਹ ਵਿਚਾਰ ਸਕਲ = ਸਾਰੀ ਜਨਾਈ = ਜਣਾ ਦਿੱਤੀ, ਭਾਵ ਸੂਤ੍ਰ ਰੂਪ ਦੇ ਵਿਚ ਸਭ ਕੁਝ ਸਮਝਾਇਆ ਹੈ।

## ਮਹਾਂਵਾਕ ਇਮ; ਦਏ ਦਿਖਾਈ ॥੧੮॥

ਜਿਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਤੇ ਆਦਿ ਗੁਰੂ ਸਾਹਿਬਾਨ ਦੀ ਬਾਣੀ ਵਿਚ ਚਾਰੇ ਮਹਾਂਵਾਕਾਂ ਦਾ ਸਿਧਾਂਤ ਆਇਆ ਹੈ, ਇਮ = ਇਸੇ ਤਰ੍ਹਾਂ ਅਸੀਂ ਉਹ ਵਿਆਖਿਆ ਵਿਚ ਦਿਖਾਈ = ਦਿਖਾ ਦਏ = ਦਿੱਤਾ ਹੈ॥੧੮॥

## ਸ੍ਰੀ ਗ੍ਰੰਥ ਸਾਹਿਬ; ਮਹਿ ਔਰ।

ਭਾਈ ਦਇਆ ਸਿੰਘ ਜੀ **ਵਾ**: ਭਾਈ ਸੰਤੋਖ ਸਿੰਘ ਜੀ ਕਹਿ ਰਹੇ ਹਨ ਕਿ ਔਰ = ਹੋਰ ਥਾਵਾਂ 'ਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ:

## ਏਕ ਅਭੇਦ; ਕਹਯੋ ਬਹੁ ਠੌਰ।

ਬਹੁ = ਬਹੁਤ ਠੌਰ = ਥਾਵਾਂ ਤੇ ਅਭੇਦਤਾ ਦੇ ਰੂਪ ਵਿਚ ਬਚਨ ਕਹੇ ਹਨ ਕਿ ਜੀਵ ਈਸ਼ਵਰ ਦੋਨੋਂ ਇਕ ਰੂਪ ਹਨ।

## ਸੁਮਤਿ ਵੰਤਿ ਜੇ; ਅਰਥ ਬਿਚਾਰਹਿਂ।

ਜੋ ਸੁਮਤਿ = ਸ੍ਰੇਸ਼ਟ ਮਤ ਵੰਤਿ = ਵਾਲੇ ਪੁਰਸ਼ ਹਨ, ਉਹ ਗੁਰਬਾਣੀ ਦੇ ਅਰਥਾਂ ਵਿਚ ਇਹ ਬਿਚਾਰਹਿਂ = ਵਿਚਾਰ ਕਰਦੇ ਹਨ ਕਿ:

## ਮਹਾਂਵਾਕ; ਇਸ ਬਿਧਿ ਨਿਰਧਾਰਹਿਂ ॥੧੯॥

ਵੇਦਾਂ ਦੇ ਮਹਾਂਵਾਕਾਂ ਦੇ ਸਿਧਾਂਤ ਨੂੰ ਇਸ ਬਿਧਿ = ਜੁਗਤੀ ਦੇ ਨਾਲ ਨਿਰਧਾਰਹਿਂ = ਨਿਰਨਾ ਕਰਕੇ ਜਣਾ ਦਿੰਦੇ ਹਨ, ਭਾਵ ਮਨ ਵਿਚ ਧਾਰਨ ਕਰ ਲੈਂਦੇ ਹਨ॥੧੯॥

**ਪ੍ਰਕ੍ਰਿਤਿਵਾਕ**: ਜਿਸ ਵਾਕ ਵਿਚ ਪੂਰਨ ਬ੍ਰਹਮ ਗਜਾਨੀ ਦੀ ਸੁਭਾਵਿਕ ਇਸਥਿਤੀ ਹੈ, ਐਸੇ ਵਾਕ ਨੂੰ ਪ੍ਰਕ੍ਰਿਤਿਵਾਕ ਕਹਿੰਦੇ ਹਨ।

## ਸ੍ਵੈਯਾ ਛੰਦ॥ ਨਹਿਂ ਬਿਨਾਸ ਸੁਖ ਦੁਖ ਧ੍ਰਮਵੰਤ ਨ; ਸਾਧਕ ਨਹੀਂ ਮਮੁੱਖ ਨ ਕੋਇ।

ਹੁਣ ਚਾਰੇ ਮਹਾਂਵਾਕ ਤੋਂ ਬਗ਼ੈਰ ਪ੍ਰਕ੍ਰਿਤਵਾਕ ਹਨ ਇਸ ਦਾ ਭਾਵ ਪ੍ਰਕਿਰਤੀ ਤੋਂ ਪਰੇ ਜੋ ਆਤਮਾ ਨੂੰ ਜਣਾਉਣ ਵਾਲੇ ਹਨ, ਜਿਸ ਵਿਚ ਕਿਹਾ ਜਾਵੇ ਕਿ ਆਤਮਾ ਬਿਨਾਸ = ਨਾਸ ਨਹੀਂ ਹੁੰਦੀ ਅਤੇ ਸੁਖ ਦੁੱਖ ਦੇ ਧ੍ਰਮਵੰਤ = ਧਰਮ ਵਾਲਾ ਵੀ ਸਰੂਪ ਆਤਮਾ ਦਾ ਨਹੀਂ ਕਿਉਂਕਿ ਸੁਖ ਦੁਖ ਦੇ ਧਰਮ ਵਾਲਾ ਅੰਤਹਕਰਣ ਹੈ ਆਤਮਾ ਨਹੀਂ, ਤੇ ਉਸ ਵਿਚ ਸਾਧਕ = ਸਾਧਨਾ ਕਰਨ ਵਾਲਾ ਵੀ ਭਾਵ ਨਹੀਂ ਹੈ, ਉਸ ਵਿਚ ਕੋਈ ਮਮੁੱਖ = ਮੁਕਤੀ ਦੀ ਇੱਛਾ ਵਾਲਾ ਭਾਵ ਭੀ ਨਹੀਂ ਹੈ।

## ਮੁਕਤਿ ਨਿਵਿਰਤ ਨ ਬਿੱਦਯਾ ਕੋਈ; ਲੋਕ ਅਲੋਕ ਦੇਵ ਨਹਿਂ ਹੋਇ।

ਆਤਮਾ ਵਿਚ ਮੁਕਤੀ ਦੀ ਵੀ ਨਵਿਰਤੀ ਹੈ ਭਾਵ ਮੁਕਤੀ ਸੰਬੰਧ ਵਿਚ ਕੁੱਝ ਕਿਹਾ ਨਹੀਂ ਜਾਂਦਾ ਕਿ ਮੁਕਤੀ ਹੈ ਵੀ ਤੇ ਮੁਕਤਾ ਨਹੀਂ ਵੀ ਇਹ ਦੋਨਾਂ ਦੀ ਨਵਿਰਤੀ ਹੈ, ਕੁੱਝ ਕਿਹਾ ਨਹੀਂ ਜਾਂਦਾ ਕਿ ਮੈਂ ਮੁਕਤ ਹਾਂ ਜਾਂ ਮੈਂ ਮੁਕਤ ਹੋਵਾਂਗਾ, ਇਹ ਦੋਹਾਂ ਦੀ ਨਵਿਰਤੀ ਹੈ, ਨਾ ਉਸ ਵਿਚ ਕੋਈ ਬਿੱਦਯਾ ਤੇ ਨਾ ਅਬਿੱਦਿਆ ਇਹਨਾਂ ਦੋਹਾਂ ਦਾ ਕਥਨ ਨਹੀਂ ਕਿ ਮੈਂ ਵਿੱਦਿਆ ਵਾਲਾ ਹਾਂ ਜਾਂ ਅਵਿੱਦਿਆ ਵਾਲਾ ਹਾਂ ਤੇ ਨਾ ਉਸ ਵਿਚ ਲੋਕ ਦੀ ਗੱਲ ਤੇ ਨਾ ਉਸ ਵਿਚ ਅਲੋਕ = ਨਾ ਲੋਕ ਦੀ ਗੱਲ ਇਹ ਦੋਨੋਂ ਭਾਵ ਨਹੀਂ ਹਨ ਤੇ ਨਾ ਉਸ ਵਿਚ ਦੇਵਤਾ ਹੈ, ਨਾ ਉਸ ਵਿਚ ਦੇਵਤਾ ਨਹੀਂ, ਇਹ ਦੋਨੋਂ ਭਾਵ ਉਸ ਵਿਚ ਪ੍ਰਗਟ ਨਹੀਂ ਹੁੰਦੇ।

## ਬੇਦਾਬੇਦਾ ਮਾਤਾਮਾਤਾ ਪਿਤਾਪਿਤਾ; ਇਮ ਲਖੀਯਹਿ ਸੋਇ।

ਨਾ ਉਸ ਵਿਚ (ਬੇਦ + ਅਬੇਦਾ) ਬੇਦ = ਜਾਨਣਾ, ਨਾ ਅਬੇਦਾ = ਨਾ ਜਾਨਣਾ ਤੇ ਨਾ ਉਸ ਵਿਚ (ਮਾਤ + ਅਮਾਤਾ) ਮਾਤਾ ਪੁਣਾ, ਨਾ ਅਮਾਤਾ = ਨਾ ਮਾਤਾ ਪੁਣਾ ਅਤੇ ਨਾ ਉਸ ਵਿਚ (ਪਿਤ + ਅਪਿਤਾ) ਪਿਤਾ, ਨਾ ਅਪਿਤਾ = ਨਾ ਪਿਤਾ, ਇਹ ਦੁੰਦਵਾਦ ਉਸ ਵਿਚ ਨਹੀਂ ਹੈ, ਇਮ = ਇਸ ਪ੍ਰਕਾਰ ਜੋ ਵਾਕ ਲਖੀਯਹਿ = ਜਾਣੇ ਜਾਂਦੇ ਹਨ, ਸੋਇ = ਉਹ ਪ੍ਰਕਿਰਤਵਾਕ ਕਹੇ ਜਾਂਦੇ ਹਨ।

## ਸੁਖਪਤਿ ਮਹਿਂ ਨਹਿਂ ਜੀਵ ਬ੍ਰਹਮ ਹੈ;
## ਜਿਸ ਤੇ ਨਹਿਂ ਸੰਸਾਰ ਕੋ ਜੋਇ ॥੨੦॥

ਜਿਹੜੀ ਸਖੋਪਤੀ ਅਵਸਥਾ ਹੈ, ਜਿਸ ਮਹਿਂ = ਵਿਚ ਜੀਵ ਸੁੱਤਾ ਹੁੰਦਾ ਹੈ। ਆਤਮਾ ਉਸ ਅਵਸਥਾ ਵਿਚ ਵੀ ਜਾਗ੍ਰਤ ਰੂਪ ਹੈ ਕਿਉਂਕਿ ਉਸ ਅਵਸਥਾ ਨੂੰ ਜਣਾਉਣ ਵਾਲੀ ਆਤਮਾ ਹੀ ਹੈ ਜੋ ਜੀਵ ਨੂੰ ਜਣਾਉਂਦੀ ਕਿ ਮੈਂ ਗੂੜ੍ਹੀ ਨੀਂਦ ਵਿਚ ਸੁੱਤਾ ਪਿਆ ਸੀ, ਉਹ ਜਣਾਉਣ ਵਾਲੀ ਸ਼ਕਤੀ ਆਤਮਾ ਬ੍ਰਹਮ ਸਰੂਪ ਹੈ ਜਿਸ ਕਰਕੇ ਜੋ ਸੰਸਾਰ ਹੈ, ਉਸ ਸੰਸਾਰ ਕੋ = ਨੂੰ ਜੋਇ = ਦੇਖਿਆ ਨਹੀਂ ਜਾਂਦਾ, ਕੇਵਲ ਬ੍ਰਹਮ ਸਰੂਪ ਹੀ ਦੇਖਿਆ ਜਾਂਦਾ ਹੈ ॥੨੦॥

## ਦੋਹਰਾ ॥ ਇਤਯਾਦਿਕ ਜੇ ਵਾਕਯ ਹੈਂ;
## ਅਰਥ ਨ ਜਿਹ ਬਿਬਚਾਰ।

ਇਤਯਾਦਿਕ = ਇਤ ਆਦਿ ਇਹੋ ਜਿਹੇ ਜੋ ਵਾਕਯ = ਬਚਨ ਹਨ, ਜਿਹ = ਜਿਸ ਵਿਚ ਬਿਬਚਾਰ = ਜੁਦਾਇਗੀ ਵਾਲਾ **ਵਾ:** ਵੱਖਰੇਪਣ ਵਾਲਾ ਅਰਥ ਨਹੀਂ ਕਿਹਾ ਜਾਂਦਾ ਹੈ, ਭਾਵ ਜਿਸ ਵਿਚ ਜੀਵ ਈਸ਼ਵਰ ਵੱਖਰੇ ਨਹੀਂ ਕਹੇ ਜਾਂਦੇ ਤੇ ਦੂਜੇਪਣ ਦਾ ਅਰਥ ਨਹੀਂ ਹੈ; ਇਕ ਅਖੰਡ ਸਰੂਪ ਬ੍ਰਹਮ ਨੂੰ ਜਨਾਉਣ ਵਾਲੇ ਹਨ।

## ਵਾਕ ਪ੍ਰਕਿਰਤ ਪਛਾਨਿਯੇ; ਜਿਨ ਕੋ ਇਮ ਨਿਰਧਾਰ ॥੨੧॥

ਐਸੇ ਵਾਕਾਂ ਨੂੰ ਪ੍ਰਕਿਰਤਵਾਕ ਪਛਾਨਿਯੇ = ਜਾਨਣਾ ਕਰੋ, ਜਿਨ੍ਹਾਂ ਕੋ = ਨੂੰ ਪ੍ਰਕਿਰਤਵਾਕ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਇਮ = ਇਸ ਤਰ੍ਹਾਂ ਹਿਰਦੇ ਵਿਚ ਨਿਰਧਾਰ = ਨਿਰਨਾ ਕਰਕੇ ਧਾਰ ਲਵੋ ॥੨੧॥

ਪ੍ਰਕਿਰਤਵਾਕ ਕਹਿਣ ਤੋਂ ਬਾਅਦ ਹੁਣ ਦੋ ਤਰ੍ਹਾਂ ਦੇ ਹੋਰ ਵਾਕ ੧. ਸਵਿਕਲਪ ਵਾਕਯ, ੨. ਨਿਰਵਿਕਲਪ ਵਾਕਯ ਕਹਿਣਗੇ, ਉਹਨਾਂ ਵਿਚ ਪਹਿਲਾ :

**੧. ਸਵਿਕਲਪ ਵਾਕਯ :**

## ਸ੍ਵੈਯਾ ਛੰਦ ॥ ਜਿਸ ਤੇ ਭੂਤ ਭਏ ਸਭਿ ਉਤਪਤ;
## ਪੁਨ ਜਿਸ ਤੇ ਜੀਵਤਿ ਥਿਤ ਹੋਇ।

ਜਿਸ ਬ੍ਰਹਮ ਤੇ = ਤੋਂ ਭੂਤ = ਸੂਖਮ ਤੱਤ, ਅਸਥੂਲ ਤੱਤ, ਅਕਾਸ਼, ਵਾਯੂ, ਪਾਣੀ, ਅਗਨੀ, ਧਰਤੀ ਆਦਿਕ ਤੇ ਸਭਿ = ਸਾਰੇ ਜੀਵ, ਤੱਤ ਉਤਪਤ = ਪੈਦਾ ਹੋਏ ਤੇ ਪੁਨ = ਫੇਰ ਜਿਸ ਜੀਵਾਂ ਦਾ ਆਤਮਾ ਕਰਕੇ ਜੀਵਤਿ = ਜਿਉਣਾ, ਥਿਤ = ਇਸਥਿਤ ਹੋਣਾ ਹੋ ਰਿਹਾ ਹੈ, ਉਸ ਤੋਂ ਹੀ :

## ਅੰਤ ਸਮੈ ਸਭਿ ਲੈ ਹ੍ਵੈਂ ਤਿਸ ਮਹਿਂ;
## ਕਰ ਨਿਸ਼ਚੈ ਉਰਧਾਰਹੁ ਸੋਇ।

ਜਦੋਂ ਅੰਤ ਦਾ ਸਮਾਂ ਮਹਾਂ ਪਰਲੋ ਹੋਵੇਗੀ, ਫਿਰ ਸਭਿ = ਸਾਰੇ ਜੀਵ, ਤੱਤ ਆਦਿਕ ਤਿਸ = ਉਸ ਪਰਮੇਸ਼ਰ ਵਿਚ ਹੀ ਲੈ = ਲੀਨ ਹੋ ਜਾਣਗੇ, ਸੋਇ = ਉਸ ਭਾਵ ਨੂੰ ਜੋ ਕਥਨ ਕੀਤਾ ਗਿਆ ਹੈ, ਇਸ ਨੂੰ ਨਿਸ਼ਚਾ ਕਰਕੇ ਉਰ = ਹਿਰਦੇ ਵਿਚ ਧਾਰਹੁ = ਧਾਰਨ ਕਰ ਲਵੋ।

## ਜਾਗ੍ਰਤਿ ਸੁਪਨ ਕੂਲ ਉਭਿਯਨਿ ਮਹਿਂ;
## ਮਹਾਂ ਮਤਿਸ ਬਿਚਰਤਿ ਲਖਿ ਜੋਇ।

ਇਸ ਤਰ੍ਹਾਂ ਕਰਕੇ ਜਾਨਣਾ ਕਿ ਦੋ ਅਵਸਥਾ ਜਾਗ੍ਰਤਿ ਤੇ ਸੁਪਨ ਉਭਿਯਨਿ = ਦੋ ਕੂਲ = ਕਿਨਾਰਿਆਂ ਦੀ ਨਿਆਈਂ ਹਨ, ਇਕ ਕਿਨਾਰਾ ਜਾਗ੍ਰਤਿ ਦਾ, ਦੂਜਾ ਕਿਨਾਰਾ ਸੁਪਨ ਦਾ ਇਹਨਾਂ ਦੋਵਾਂ ਦੇ ਵਿਚ ਮਹਾਂ = ਵੱਡਾ ਮਤਿਸ = ਮੱਛ ਦੀ ਨਿਆਈਂ ਜੋਇ = ਜੋ ਚੇਤਨ ਬ੍ਰਹਮ ਹੈ ਉਹ ਬਿਚਰਤਿ = ਵਿਚਰਦਾ ਹੋਇਆ ਲਖਿ = ਜਾਣ ਲਉ ਕਿਉਂਕਿ ਸੁਪਨ ਅਵਸਥਾ ਵਿਚ ਉਹੀ ਚੇਤਨ ਬ੍ਰਹਮ, ਜਾਗ੍ਰਤਿ ਅਵਸਥਾ ਵਿਚ ਵੀ ਉਹੀ ਚੇਤਨ ਬ੍ਰਹਮ ਹੈ, ਦੋਨਾਂ ਕਿਨਾਰਿਆਂ ਦੀ ਨਿਆਈਂ ਜਾਗ੍ਰਤਿ ਤੇ ਸੁਪਨ ਅਵਸਥਾ ਹਨ, ਮੱਛ ਦੀ ਨਿਆਈਂ ਵਿਚਰਨ ਵਾਲਾ ਚੇਤਨ ਬ੍ਰਹਮ ਹੈ।

## ਤਿਸ ਆਤਮ ਤੇ ਨਭ ਸੰ ਭੂਤੰ;
## ਵਾਕਯ ਇਤਯਾਦਿ ਸਵਿਕਲਪ ਓਇ ॥੨੨॥

ਤਿਸ = ਉਸ ਚੇਤਨ ਆਤਮਾ ਤੇ = ਤੋਂ ਹੀ ਨਭ = ਅਕਾਸ਼ ਤੇ ਭੂਤੰ = ਤੱਤ ਸੰ = ਭਲੀ ਪ੍ਰਕਾਰ ਹੋਏ ਹਨ, ਓਇ = ਉਹ ਇਤਯਾਦਿ = ਇਤ ਆਦਿਕ ਜੋ ਵਾਕ ਹਨ, ਉਹਨਾਂ ਨੂੰ ਸਵਿਕਲਪ ਵਾਕ ਕਹਿੰਦੇ ਹਨ ॥੨੨॥

ਸਵਿਕਲਪ ਵਾਕ ਤੋਂ ਬਾਅਦ ਹੁਣ ਨਿਰਵਿਕਲਪ ਵਾਕ ਦਾ ਕਥਨ ਕਰਦੇ ਹਨ।

**ਨਿਰਵਿਕਲਪ ਵਾਕਯ :**

## ੨. ਚੌਪਈ ॥ ਸਤਯੰ ਗਯਾਨ; ਮਨੰਤੰ ਬ੍ਰਹਮ।

ਜਿਹੜੇ ਵਾਕਾਂ ਵਿਚ ਇਹ ਨਿਸ਼ਚਾ ਕਰਾਇਆ ਜਾਵੇ ਕਿ ਬ੍ਰਹਮ ਸਤਯੰ = ਸਤ ਸਰੂਪ ਹੈ ਭਾਵ ਨਾਸ ਤੋਂ ਰਹਿਤ ਹੈ, 'ਤ੍ਰੈ ਕਾਲ ਅਬੱਧਤ੍ਵੰ ਸਤਤਯੰ' ਜਿਸ ਦਾ ਤਿੰਨ ਕਾਲਾਂ ਵਿਚ ਅਬੱਧਤ੍ਵੰ = ਨਾਸ ਨਹੀਂ ਹੈ, ਜਿਥੇ ਬ੍ਰਹਮ ਸਤ ਸਰੂਪ ਹੈ, ਉਥੇ ਬ੍ਰਹਮ ਗਿਆਨ ਸਰੂਪ ਵੀ ਹੈ ਅਤੇ ਬ੍ਰਹਮ ਮਨੰਤੰ = ਅੰਤ ਤੋਂ ਰਹਿਤ ਸਰੂਪ ਵਾਲਾ ਹੈ।

## ਅਯੰ ਵਿਗਯਾਨ ਰੂਪ; ਬਿਨ ਭਰਮ।

ਅਯੰ = ਇਹ ਬ੍ਰਹਮ ਵਿਗਯਾਨ = ਅਪ੍ਰੋਖ ਗਿਆਨ ਰੂਪ ਹੈ, ਜੋ ਭਰਮ ਤੋਂ ਬਿਨਾਂ ਹੈ, ਭਾਵ ਪੰਜ ਪ੍ਰਕਾਰ ਦੇ ਭਰਮ ਤੋਂ ਰਹਿਤ ਹੈ : ੧. ਅਹੰ ਭਰਮ, ੨. ਕਰਤੱਤਵ ਭਰਮ, ੩. ਪੁੰਨਸੰਗ ਭਰਮ, ੪. ਵਿਕਾਰ ਭਰਮ, ੫. ਭੇਦ ਭਰਮ।

## ਪ੍ਰਾਨ ਰਿਦਅੰਤਰ; ਜੋਤੀ ਜੋਇ।

ਰਿਦਅੰਤਰ = ਹਿਰਦੇ ਦੇ ਅੰਦਰ ਜੋਤੀ = ਜੋਤ ਸਰੂਪ ਹੋ ਕਰਕੇ ਪ੍ਰਾਨਾਂ ਨੂੰ ਆਸਰਾ ਰੂਪ ਜੋਇ = ਜਿਹੜਾ ਬ੍ਰਹਮ ਹੋ ਕੇ ਚਲਾ ਰਿਹਾ ਹੈ।

## ਨਿਰਵਿਕਲਪ ਵਾਕਯ; ਅਸ ਹੋਇ ॥੨੩॥

ਅਸ = ਐਸੇ ਇਹੋ ਜਿਹੇ ਜੋ ਵਾਕਯ = ਬਚਨ ਹਨ, ਉਹ ਨਿਰਵਿਕਲਪ ਵਾਕ ਹੋਇ = ਹੁੰਦੇ ਹਨ, ਭਾਵ ਉਹਨਾਂ ਨੂੰ ਨਿਰਵਿਕਲਪ ਵਾਕ ਕਿਹਾ ਜਾਂਦਾ ਹੈ॥੨੩॥

## ਦੋਹਰਾ ॥ ਨਿਰਵਿਕਲਪ ਆਦਿਕ ਲਖੋ; ਮਹਾਂਵਾਕਯ ਤੇ ਆਨ।

ਵੇਦ ਦੇ ਮਹਾਂਵਾਕਾਂ ਤੋਂ ਆਨ = ਵੱਖਰੇ ਭਾਵ ਹੋਰ ਜੋ ਨਿਰਵਿਕਲਪ ਵਾਕ, ਸਵਿਕਲਪ ਵਾਕ, ਪ੍ਰਕਿਰਤਕ ਆਦਿ ਵਾਕ ਹਨ, ਇਹਨਾਂ ਨੂੰ ਲਖੋ = ਜਾਣ ਲਉ।

## ਵਾਕ ਅਵਾਂਤਰ ਜਾਨ ਸਭਿ; ਜੈਸੇ ਕਰੇ ਬਖਾਨ ॥੨੪॥

ਇਹਨਾਂ ਸਭਿ = ਸਾਰਿਆਂ ਵਾਕਾਂ ਨੂੰ ਅਵਾਂਤਰ ਵਾਕ ਜਾਨ = ਜਾਣ ਲਉ, ਜੈਸੇ = ਜਿਸ ਤਰ੍ਹਾਂ ਦੇ ਮੈਂ ਬਖਾਨ = ਕਥਨ ਕੀਤੇ ਹਨ, ਪ੍ਰਕਿਰਤਵਾਕ, ਸਵਿਕਲਪਵਾਕ, ਨਿਰਵਿਕਲਪਵਾਕ, ਇਹ ਵੇਦ ਦੇ ਚਾਰੇ ਮਹਾਂਵਾਕਾਂ ਦੇ ਅਵਾਂਤਰ = ਅੰਤਰ ਭੂਤ ਹਨ, ਸੋ ਇਥੇ ਮਹਾਂਵਾਕਾਂ ਤੇ ਅਵਾਂਤਰ ਵਾਕਾਂ ਦੀ ਵਿਚਾਰ ਸਮਾਪਤ ਹੋਈ ॥੨੪॥

ਹੁਣ ਇਸ ਤੋਂ ਅੱਗੇ ਕਰਮ ਕਾਂਡ ਦੀ ਗੱਲ ਸ਼ੁਰੂ ਕਰਦੇ ਹਨ:

**੧. ਕਰਮ ਕਾਂਡ** = (ਕਰਮ + ਕਾਂਡ) ਜਿਸ ਵਿਆਖਿਆ ਵਿਚ ਕਰਮ ਦਾ ਕਾਂਡ = ਹਿੱਸਾ, ਪ੍ਰਕਰਣ ਕਥਨ ਕੀਤੇ ਹੋਣ। ਇਸ ਪ੍ਰਕਰਣ ਵਿਚ ਜੋ ਕਰਮ ਦੀ ਵਿਆਖਿਆ ਸ਼ੁਰੂ ਹੋਈ ਹੈ, ਇਸ ਵਿਚ ਪੰਜ ਪ੍ਰਕਾਰ ਦੇ ਕਰਮ ਦੀ ਵਿਆਖਿਆ ਆਏਗੀ।

## ਦੋਹਰਾ ॥ ਕਾਮਯਕ ਕਰਮ ਨਿਖਿੱਧ ਬਿਨ; ਨਿੱਤ ਨਮਿੱਤ ਜਿ ਦੋਇ।

੧. ਕਾਮਯਕ = ਕਾਮਨਾ ਅਰਥ ਕੀਤਾ ਕੰਮ ਭਾਵ ਜਿਸ ਕਰਮ ਵਿੱਚ ਕਾਮਨਾ (ਇੱਛਾ) ਰੱਖੀ ਹੋਵੇ, ਉਸਨੂੰ ਕਾਮਯਕ ਕਰਮ ਕਹਿੰਦੇ ਹਨ, ੨. ਨਿਖਿੱਧ = ਮਾੜਾ ਕਰਮ ਭਾਵ ਪਾਪ ਕਰਮ ਅਤੇ ਜਿਸ ਦੀ ਵੇਦ ਵਿਚ ਕਰਨ ਦੀ ਆਗਿਆ ਨਹੀਂ, ਇਸ ਨੂੰ ਨਖਿੱਧ ਕਰਮ ਕਹਿੰਦੇ ਹਨ, ਇਹਨਾਂ ਦੋ ਤੋਂ ਬਿਨਾਂ, ੩. ਤੀਸਰਾ ਨਿੱਤ ਕਰਮ ਜੋ ਹਮੇਸ਼ਾ ਕੀਤਾ ਜਾਵੇ, ੪. ਨਮਿੱਤ ਕਰਮ ਜੋ ਕਿਸੇ ਨਮਿੱਤ = ਕਾਰਨ ਨੂੰ ਲੈ ਕੇ ਕੀਤਾ ਜਾਵੇ, ਜਿਹੜੇ ਉੱਪਰ ਦੋਇ = ਦੋ ਕਥਨ ਕੀਤੇ ਹਨ, ਉਹਨਾਂ ਦੇ ਨਾਲ ਇਹ ਦੋ ਮਿਲਾ ਕੇ ਚਾਰ ਹੋ ਗਏ: ੧. ਨਿੱਤ, ੨. ਨਮਿੱਤ, ੩. ਕਾਮਕ, ੪. ਨਖਿੱਧ।

ਹੁਣ ਅਗਲੀ ਤੁਕ ਵਿਚ ਪੰਜਵਾਂ ਕਥਨ ਕਰਦੇ ਹਨ:

## ਕਰਮ ਪ੍ਰਾਯਸ਼ਚਿਤ ਤੀਨ ਗਿਨ; ਕਰਮਕਾਂਡ ਇਹ ਹੋਇ ॥੨੫॥

੫. ਪ੍ਰਾਯਸ਼ਚਿਤ ਕਰਮ, ਉਹ ਕਰਮ ਜੋ ਪਾਪ ਹੋਣ ਤੋਂ ਪਛਚਾਤਾਪ ਕਰਕੇ ਭਾਵ ਪਛਤਾ ਕੇ ਉਸ ਪਾਪ ਨੂੰ ਲਾਹੁਣ ਵਾਸਤੇ ਕੀਤਾ ਜਾਏ, ਉਸ ਨੂੰ ਪ੍ਰਾਯਸ਼ਚਿਤ ਕਰਮ ਕਹਿੰਦੇ ਹਨ, ਤੀਨ ਗਿਨ ਤੋਂ ਭਾਵ ਹੈ ਜੋ ਨਿੱਤ, ਨਮਿੱਤ ਦੋ ਹਨ, ਉਹਨਾਂ ਵਿਚ ਪ੍ਰਾਯਸ਼ਚਿਤ ਕਰਮ ਮਿਲਾ ਦਈਏ ਤਾਂ ਤਿੰਨ ਹੋ ਗਏ, ਇਹਨਾਂ

ਤਿੰਨਾਂ ਤੋਂ ਇਲਾਵਾ ਜਿਹੜੇ ਉੱਪਰ ਦੋ ਕਾਮਜਕ ਤੇ ਨਖਿੱਧ ਇਹਨਾਂ ਦੇ ਸਮੇਤ ਪੰਜ ਹੋ ਗਏ, ਇਹਨਾਂ ਪੰਜਾਂ ਨੂੰ ਮਿਲਾ ਕੇ ਕਰਮਕਾਂਡ ਹੋਇ = ਹੁੰਦਾ ਹੈ ਭਾਵ ਇਹਨਾਂ ਪੰਜਾਂ ਨੂੰ ਮਿਲਾ ਕੇ ਕਰਮਕਾਂਡ ਕਿਹਾ ਜਾਂਦਾ ਹੈ॥੨੫॥

ਹੁਣ ਉਪਰੋਕਤ ਆਏ ਹੋਏ ਕਰਮਕਾਂਡ ਦੇ ਪੰਜ ਕਰਮਾਂ ਨੂੰ ਵਿਸਥਾਰ ਨਾਲ ਖੋਲ੍ਹਣ ਲੱਗੇ ਹਨ :

## ਸ੍ਵੈਯਾ ਛੰਦ ॥ 'ਨਿਤਯ ਕਰਮ' ਸੰਧ੍ਯਾ ਬੰਦਨਾਦਿਕ; ਸੁਤ ਜਨਮਾਦਿ 'ਨਮਿੱਤ੍ਯਕ' ਜਾਨ।

੧. **ਨਿੱਤਕਰਮ** : ਜਿਵੇਂ ਰਾਤ ਬਤੀਤ ਹੋ ਗਈ ਤੇ ਦਿਨ ਚੜ੍ਹਨ ਲੱਗਾ ਹੈ, ਇਸ ਦੋਵਾਂ ਦੇ ਸੰਧ੍ਯਾ = ਵਿਚਕਾਰਲੇ ਸਮੇਂ ਨੂੰ ਸਵੇਰ ਦਾ ਵੇਲਾ ਕਿਹਾ ਜਾਂਦਾ ਹੈ, ਸਨਾਤਨ ਮੱਤ ਅਨੁਸਾਰ ਅੰਮ੍ਰਿਤ ਵੇਲੇ ਉੱਠ ਕੇ ਮਲ ਤਿਆਗ ਕਿਰਿਆ ਕਰਕੇ, ਇਸ਼ਨਾਨ ਕਰਕੇ, ਫਿਰ ਗਾਇਤ੍ਰੀ ਮੰਤ੍ਰ ਦਾ ਜਾਪ ਕਰਨਾ ਤੇ ੧੬ ਤਰ੍ਹਾਂ ਦੀ ਪੂਜਾ ਕਰਨੀ ਜਿਵੇਂ ਕਿ ਚੌਰ ਕਰਨਾ, ਮੱਥਾ ਟੇਕਣਾ, ਤਿਲਕ ਲਾਉਣ, ਧੂਪ ਧੁਖਾਉਣੀ, ਜੋਤ ਲਾਉਣੀ ਤੇ ਸਗੁੰਧਤ ਪਦਾਰਥ ਛਿੜਕਣਾ ਆਦਿਕ ਤੇ ਦੂਸਰੀ ਸੰਧ੍ਯਾ ਦੁਪਹਿਰ ਦੀ ਜਦੋਂ ਸੂਰਜ ਦੋ ਪਹਿਰ ਤੋਂ ਬਾਅਦ ਪੂਰਬ ਔਰ ਪੱਛਮ ਦੇ ਵਿਚਕਾਰ ਹੁੰਦਾ ਹੈ, ਉਦੋਂ ਫੇਰ ਭਗਵਾਨ ਦੀ ਪੂਜਾ ਪਾਠ ਜੋ ਕੀਤਾ ਜਾਂਦਾ ਹੈ, ਇਹ ਦੂਸਰੀ ਸੰਧ੍ਯਾ ਹੈ, ਤੀਸਰੀ ਸੰਧ੍ਯਾ ਜਦੋਂ ਸੂਰਜ ਛਿਪ ਰਿਹਾ ਹੈ ਤੇ ਰਾਤ ਪੈਣ ਲੱਗੀ ਹੈ, ਉਦੋਂ ਅੰਧੇਰੇ ਅਤੇ ਚਾਨਣੇ ਦੇ ਵਿਚਕਾਰਲਾ ਜੋ ਸਮਾਂ ਹੈ, ਇਹ ਤੀਸਰੀ ਸੰਧ੍ਯਾ ਹੈ, ਇਉਂ ਜੋ ਸਵੇਰੇ, ਦੁਪਹਿਰੇ ਸ਼ਾਮ ਦੇ ਸਮੇਂ ਪੂਜਾ ਪਾਠ, ਬੰਦਨਾ ਆਦਿਕ ਹਮੇਸ਼ਾ ਕੀਤਾ ਜਾਵੇ, ਇਸ ਨੂੰ ਨਿੱਤ ਕਰਮ ਕਿਹਾ ਜਾਂਦਾ ਹੈ ਅਤੇ ਗੁਰਸਿੱਖਾਂ ਦੇ ਕਰਮ ਵਿਚ ਥੋੜ੍ਹਾ ਜਿਹਾ ਅੰਤਰਾ ਹੈ। ਅੰਮ੍ਰਿਤ ਵੇਲੇ ਉੱਠ ਕੇ ਮਲ ਤਿਆਗ ਕਰਮ ਕਰਕੇ, ਸੌਚਾਚਾਰ ਕਰਕੇ ਫਿਰ ਦਾਤਣ ਕਰਨੀ ਤੇ ਫਿਰ ਇਸ਼ਨਾਨ ਕਰਨਾ, ਫਿਰ ਪੰਜ ਬਾਣੀਆਂ ਦਾ ਨਿੱਤਨੇਮ ਕਰਨਾ, ਅਕਾਲ ਪੁਰਖ ਗੁਰੂ ਦੇ ਸਰੂਪ ਦੀ ਪੂਜਾ ਕਰਨੀ, ਚੌਰ ਕਰਨਾ, ਸੁਗੰਧਤ ਪਦਾਰਥ ਛਿੜਕਣੇ ਇਹ ਸਵੇਰ ਦੀ ਸੰਧ੍ਯਾ ਹੈ। ਫਿਰ ਸ਼ਾਮ ਨੂੰ ਸੂਰਜ ਛਿਪਣ ਨਾਲ 'ਰਹਿਰਾਸ' ਦਾ ਪਾਠ ਕਰਨਾ, ਰਹਿਰਾਸ ਬਾਣੀ ਦੁਆਰਾ ਪਰਮਾਤਮਾ ਦਾ ਚਿੰਤਨ ਕਰਨਾ, ਇਹ ਸ਼ਾਮ ਦੀ ਸੰਧ੍ਯਾ ਹੋ ਗਈ ਹੈ, ਆਪਣੇ ਇਸ਼ਟ ਨੂੰ ਮੱਥਾ ਟੇਕਣਾ, ਪਰਿਕਰਮਾ ਕਰਨੀ, ਅਰਦਾਸ ਕਰਨੀ ਇਹ ਬੰਦਨਾ ਆਦਿਕ ਹਮੇਸ਼ਾ ਕਰਨ ਕਰਕੇ ਇਹ ਗੁਰਸਿੱਖਾਂ ਦਾ ਨਿੱਤ ਕਰਮ ਹੈ ਅਤੇ **੨. ਨਮਿਤ ਕਰਮ** : ਸੁਤ = ਪੁੱਤਰ ਦੇ (ਜਨਮ + ਆਦਿ) ਜਨਮ ਆਦਿ ਕਾਰਨ ਜੋ ਪਰਮਾਤਮਾ ਦਾ ਪੂਜਾ ਪਾਠ ਕੀਤਾ ਜਾਂਦਾ ਹੈ, ਜਨਮ ਦੀ ਖ਼ੁਸ਼ੀ ਵੇਲੇ ਪੂਜਾ ਪਾਠ, ਵੱਡਾ ਹੋਏ ਤੋਂ ਵਿਆਹ ਦੇ ਸਮੇਂ ਪੂਜਾ ਪਾਠ, ਨਵਾਂ ਮਕਾਨ ਆਦਿ ਦੇ ਸਮੇਂ ਪੂਜਾ ਪਾਠ, ਕੋਈ ਘਰ ਵਿਚ ਬਜ਼ੁਰਗ ਜਾਂ ਨੌਜਵਾਨ ਬੱਚਾ ਪ੍ਰਾਣ ਤਿਆਗ ਜਾਵੇ, ਉਸ ਦੇ ਨਮਿੱਤ੍ਯਕ = ਕਾਰਨ ਜੋ ਪੂਜਾ ਪਾਠ ਆਦਿ ਕਰਮ ਕੀਤੇ ਜਾਣ, ਉਹਨਾਂ ਨੂੰ ਨਮਿੱਤ ਕਰਮ ਜਾਣ ਲਉ **ਵਾ**: ਕਿਹਾ ਜਾਂਦਾ ਹੈ।

## 'ਪ੍ਰਾਯਸਚਿਤ' ਕ੍ਰਿਛ ਚੰਦ੍ਰਾਯਨ ਆਦਿਕ; ਕਲਮਲ ਛੈ ਸਾਧਨ ਪਹਿਚਾਨ।

**੩. ਪ੍ਰਾਯਸਚਿਤ ਕਰਮ** : ਜੀਵ ਦੇ ਕੋਲੋਂ ਕੋਈ ਵੱਡਾ ਪਾਪ ਹੋ ਜਾਵੇ ਜਿਵੇਂ ਹਿੰਦੂਮਤ ਵਿਚ ਗਊ ਤੇ ਬ੍ਰਾਹਮਣ ਦੇ ਮਾਰਨ ਨੂੰ ਵੱਡੇ ਪਾਪਾਂ ਵਿਚ ਗਿਣਿਆ ਜਾਂਦਾ ਹੈ ਕਿ ਬ੍ਰਾਹਮਣ ਨੂੰ ਮਾਰਨਾ ਬ੍ਰਾਹਮਣ ਹੱਤਿਆ, ਗਊ ਨੂੰ ਮਾਰਨਾ ਗਊ ਹੱਤਿਆ, ਕੰਨਿਆ ਦਾ ਮਾਰਨ ਇਤਿਆਦਿਕ ਪਾਪ ਹੋਇਆਂ ਤੋਂ ਜੋ ਪਾਪ ਲਾਹੁਣ ਲਈ ਪੁੰਨ ਕਰਮ ਕੀਤੇ ਜਾਣ ਤੇ ਜੋ ਪਸ਼ਚਾਤਾਪ ਕਰਕੇ ਪਾਪ ਲਾਹੁਣ ਲਈ ਕਰਮ ਕੀਤਾ ਜਾਵੇ, ਉਹ ਪ੍ਰਾਯਸਚਿਤ ਕਰਮ ਹੈ, ਹਿੰਦੂਮਤ ਵਿਚ ਇਹ ਵੱਡੇ ਪਾਪ ਲਾਹੁਣ ਲਈ ਚੰਦ੍ਰਾਇਣ ਆਦਿਕ ਵਰਤ ਰੱਖੇ ਜਾਂਦੇ ਹਨ ਤੇ ਚੰਦ੍ਰਾਇਣ ਵਰਤ ਦੀ ਰੀਤ ਇਹ ਹੈ ਕਿ ਇਹ ਵਰਤ ਇਕ ਮਹੀਨਾ ਥਿੱਤਾਂ ਦੇ ਹਿਸਾਬ ਨਾਲ ਰੱਖਿਆ

ਜਾਂਦਾ ਹੈ। ਚਾਂਦਨੀ ਏਕਮ ਨੂੰ ਤਿੰਨ ਵੇਲੇ ਇਸ਼ਨਾਨ ਕਰਕੇ ਸੰਝ ਸਮੇਂ ਮੋਰ ਦੇ ਅੰਡੇ ਦੇ ਆਕਾਰ ਦੀ ਇਕ ਗਰਾਹੀ (ਬੁਰਕੀ) ਦੂਜ ਨੂੰ ਦੋ, ਤੀਜ ਨੂੰ ਤਿੰਨ, ਇਸੇ ਤਰ੍ਹਾਂ ਥਿੱਤਾਂ ਨਾਲ ਵਧਾਉਂਦੇ ਹੋਏ ਪੂਰਨਮਾਸ਼ੀ ਨੂੰ ਪੰਦਰਾਂ ਫਿਰ ਹਨੇਰੇ ਪੱਖ ਦੀ ਏਕਮ ਤੋਂ ਇਕ-ਇਕ ਗਰਾਹੀ ਘਟਾਉਣੀ ਭਾਵ ਏਕਮ ਨੂੰ ਚੌਦਾਂ, ਦੂਜ ਨੂੰ ਤੇਰ੍ਹਾਂ, ਤੀਜ ਨੂੰ ਬਾਰ੍ਹਾਂ ਆਦਿ ਇਕ-ਇਕ ਘਟਾਉਂਦੇ ਅਮਾਵਸ ਵਾਲੇ ਦਿਨ ਕੁੱਝ ਨਾ ਖਾਣਾ, ਇਹ ਚੰਦ੍ਰਾਇਣੀ ਵਰਤ ਹੁੰਦਾ ਹੈ, ਇਸ ਪਦ ਦੇ ਨਾਲ ਸੌ ਕ੍ਰਿਛ ਪਦ ਵਰਤਿਆ ਹੈ, ਇਸ ਦਾ ਅਰਥ ਹੈ ਕਮਜ਼ੋਰ ਹੋਣਾ ਭਾਵ ਚੰਦਰਮਾ ਹਨੇਰੇ ਪੱਖ ਵਿਚ ਰੋਸ਼ਨੀ ਦੇਣ ਤੋਂ ਕਮਜ਼ੋਰ ਮੰਨਿਆ ਜਾਂਦਾ ਹੈ, ਇਸ ਨੂੰ ਕ੍ਰਿਛ ਚੰਦ੍ਰਾਇਣ ਕਿਹਾ ਜਾਂਦਾ ਹੈ, ਗੁਰਮਤਿ ਵਿਚ ਵੱਡੇ ਪਾਪ ਜਿਨ੍ਹਾਂ ਨੂੰ ਬਜਰ ਪਾਪ ਕਿਹਾ ਜਾਂਦਾ ਹੈ, ਉਹ ਚਾਰ ਹਨ। ਜੈਸਾ ਕਿ :

**ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥**

*(ਸਲੋਕ ਵਾਰਾਂ ਤੇ ਵਧੀਕ ਮ: ੩, ਅੰਗ ੧੪੧੩)*

ਪ੍ਰਤੱਖ ਬ੍ਰਾਹਮਣ **ਵਾ:** ਬ੍ਰਹਮ ਗਿਆਨੀ ਨੂੰ ਘਾਤ = ਮਾਰਨਾ, ਕੈਲੀ = ਗਊ ਨੂੰ ਮਾਰਨਾ, ਕੰਞਕਾ = ਲੜਕੀ ਨੂੰ ਮਾਰਨਾ ਜਾਂ ਵੇਚਣਾ, ਅਣਚਾਰੀ = ਵਿਭਚਾਰ ਕਰਨ ਵਾਲੀ ਔਰਤ, ਵੇਸਵਾ ਦਾ ਅੰਨ ਖਾਣਾ ਭਾਵ ਵੇਸਵਾ ਤੋਂ ਕਰਜ਼ਾ ਲੈ ਕੇ ਖਾਣਾ **ਵਾ:** ਅਣਚਾਰੀ = ਬੁਰੇ ਚਾਲ ਚਲਣ ਵਾਲੇ, ਬਦਚਲਨ ਪੁਰਖ ਕਾ = ਦਾ ਧਾਨੁ = ਅੰਨ ਖਾਣਾ ਇਹ ਵੀ ਭਾਰੀ ਪਾਪ ਮੰਨਿਆ ਗਿਆ ਹੈ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਲਕ ਭਾਗੋ ਦੇ ਮਾਲ੍ਹ ਪੂੜਿਆਂ ਨੂੰ ਛਕਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਅਨਚਾਰੀ ਦਾ ਧਾਨ ਸੀ ਇਸ ਦੇ ਹੋਰ ਪ੍ਰਮਾਣ ਵੀ ਮਿਲਦੇ ਹਨ ਜੈਸਾ ਕਿ :

**ਜਾ ਕੀ ਰਹਿਤ ਨ ਜਾਣੀਏ ਗੁਰ ਮੰਤ੍ਰ ਨਹੀਂ ਚੀਤ।**
**ਤਾ ਕਾ ਭੋਜਨ ਪਾਇਕੈ ਬਿਸਰੈ ਹਰਿ ਸਿਉ ਪ੍ਰੀਤ ॥** *(ਰਹਿਤਨਾਮਾ)*

**ਵਾ:** **ਜਹਾ ਤਹਾਂ ਕਾ ਖਾਇ ਪ੍ਰਸਾਦਿ ॥**
**ਸੋ ਸਿਖ ਨਹੀਂ ਮੇਰਾ ਆਦਿ ਜੁਗਾਦਿ ॥** *(ਰਹਿਤਨਾਮਾ)*

**ਵਾ:** **ਤਪਿਯਨ ਤਪ ਛੀਜਹਿ ਇਹ ਖਾਏ।**
**ਧਯਾਨੀ ਧਯਾਨ ਨ ਲਗਹਿ ਲਗਾਏ।**
**ਖਾਵਤਿ ਮਨ ਕੋ ਕਰਤਿ ਮਲੀਨਾ।**
**ਹਰੁ ਜਸੁ ਰੰਗ ਨ ਚਢਹਿ ਨਵੀਨਾ॥੫੫॥** *(ਸ੍ਰੀ ਗੁਰੂ ਨਾਨਕ ਪ੍ਰਕਾਸ਼, ਅਧਿ: ੩੯)*

ਜਾਂ ਫੇਰ ਗੁਰਮਤਿ ਵਿਚ ਚਾਰ ਬੱਜਰ ਕੁਰਹਿਤਾਂ ਹੁੱਕਾ, ਹਜਾਮਤ, ਹਲਾਲੋ, ਹਰਾਮ ਇਹ ਚਾਰਾਂ ਵਿੱਚੋਂ ਇਕ ਹੋ ਜਾਵੇ ਤਾਂ ਉਸ ਪਾਪ ਨੂੰ ਲਾਹੁਣ ਵਾਸਤੇ ਪੰਜ ਪਿਆਰਿਆਂ ਦੀ ਲਾਈ ਤਨਖ਼ਾਹ ਇਸ ਨੂੰ ਵੀ ਪ੍ਰਾਯਸਚਿਤ ਕਰਮ ਕਿਹਾ ਜਾਂਦਾ ਹੈ ਅਤੇ ਕਲਮਲ = ਪਾਪ ਛੈ = ਨਾਸ਼ ਕਰਨ ਵਾਲਾ ਭਾਵ ਪਾਪ ਨਵਿਰਤੀ ਵਾਲਾ ਸਾਧਨ ਪਹਿਚਾਨ = ਜਾਨਣਾ ਕਰੋ।

## ਅਗਨੀ ਜੋਤਿਸ਼ਟੋਮਾਦਿਕ ਜੇ; 'ਕਾਮਕ' ਐਸੇ ਬੇਦ ਬਖਾਨ।

**੪. ਕਾਮਕ ਕਰਮ** : ਜਿਹੜੇ ਅਗਨੀ ਵਿਚ ਹਵਨ ਆਦਿ ਕਰਕੇ ਭਾਵ ਕਈ ਤਰ੍ਹਾਂ ਦੇ ਵੇਦ ਵਿਧੀ ਅਨੁਸਾਰ ਜਿਵੇਂ ਕਿ ਗਊਮੇਧ ਯੱਗ, ਅਸਮੇਧ ਯੱਗ, ਰਾਜਮੇਧ ਯੱਗ, ਇਹਨਾਂ ਦੇ ਵਿਚ ਜੋਤਿਸ਼ਟੋਮ ਯੱਗ ਦਾ ਨਾਮ ਹੈ, ਇਹ ਕਾਮਨਾ ਪੂਰਤੀ ਲਈ ਵੇਦ ਨੇ ਐਸੇ ਕਰਮ ਨੂੰ ਕਾਮਕ ਕਰਮ ਦਾ ਬਖਾਨ = ਕਥਨ ਕੀਤਾ ਹੈ।

## ਹਨਨਿ ਬ੍ਰਹਮਾਦਿਕ ਇਹ 'ਨਖਿੱਧ' ਹੈਂ; ਕਰਮ ਪੰਚ ਏ ਜਾਨ ਸੁਜਾਨ ॥੨੬॥

**੫. ਨਖਿਧ ਕਰਮ** : ਬ੍ਰਹਮਾਦਿਕ = ਬ੍ਰਹਮਣ **ਵਾ:** ਬ੍ਰਹਮ ਗਿਆਨੀ, ਕੰਨਿਆ ਦਾ ਹਨਨਿ = ਨਾਸ ਕਰਨਾ ਭਾਵ ਮਾਰਨਾ ਇਹ ਨਖਿੱਧ ਕਰਮ ਹੈ, ਹੇ ਸੁਜਾਨ = ਸੁਘੜ ਸਿਆਣੇ ਖ਼ਾਲਸਾ ਜੀ! ਇਹ ਪੰਜ ਪ੍ਰਕਾਰ ਦੇ ਕਰਮਾਂ ਨੂੰ ਜਾਣ ਲਉ ॥੨੬॥

## ਦੋਹਰਾ ॥ ਕਿੰਵਾ ਚਾਰਹੁੰ ਵਰਣ ਕੋ; ਆਸ਼੍ਰਮ ਧਰਮ ਜਿਤੇਕ।

ਕਿੰਵਾ = ਅਥਵਾ ਹੋਰ ਢੰਗ ਨਾਲ ਕਹਿੰਦੇ ਹਨ ਕਿ ਜੋ ਚਾਰਹੁੰ = ਚਾਰ ਵਰਨ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦ੍ਰ) ਹਨ ਅਤੇ ਚਾਰ ਆਸ਼੍ਰਮ (ਬ੍ਰਹਮਚਾਰੀ, ਗ੍ਰਹਿਸਤੀ, ਬਾਨਪ੍ਰਸਤੀ, ਸੰਨਿਆਸੀ, ਜਿਤੇਕ = ਜਿਤਨੇ ਇਹਨਾਂ ਦੇ ਧਰਮ = ਨਿਯਮ ਬਣਾਏ ਹੋਏ ਹਨ, ਉਹਨਾਂ ਦੇ ਅਨੁਸਾਰ ਜੋ ਕਰਮ ਕਰਨੇ ਹਨ :

## 'ਕਰਮਕਾਂਡ' ਸੋ ਜਾਨੀਯਹਿ; ਭਾਖਤਿ ਸੁਮਤਿ ਬਿਬੇਕ ॥੨੭॥

ਸੋ = ਉਹ ਕਰਮਕਾਂਡ ਜਾਨੀਯਹਿ = ਜਾਨਣਾ ਕਰੋ ਤੇ ਜਿਸ ਨੂੰ ਬਿਬੇਕ = ਗਿਆਨਵਾਨ, ਸੁਮਤਿ = ਸ੍ਰੇਸ਼ਟ ਮੱਤ ਵਾਲੇ ਭਾਖਤਿ = ਕਥਨ ਕਰਦੇ ਹਨ ॥੨੭॥

ਸੋ ਇਥੇ ਕਰਮਕਾਂਡ ਦੀ ਵਿਆਖਿਆ ਸਮਾਪਤ ਹੋ ਗਈ ਹੈ।

### ੨. ਉਪਾਸ਼ਨਾ ਕਾਂਡ :

(ਉਪ + ਆਸਨ) ਉਪ = ਸਮੀਪ ਆਸਨ = ਇਸਥਿਤੀ ਭਾਵ ਆਪਣੇ ਇਸ਼ਟ ਦੇ ਨੇੜੇ ਹੋ ਕੇ ਟਿਕਣਾ, ਉਸ ਦਾ ਨਾਮ ਉਪਾਸ਼ਨਾ ਕਾਂਡ ਹੈ, ਕਰਮਕਾਂਡ ਤੋਂ ਬਾਅਦ ਹੁਣ ਉਪਾਸ਼ਨਾ ਕਾਂਡ ਦੱਸ ਰਹੇ ਹਨ :

## ਸ੍ਵੈਯਾ ਛੰਦ ॥ ਤ੍ਰਿਗੁਣ ਰੂਪ; ਬਿਧਿ ਬਿਸ਼ਨ ਰੁਦ੍ਰ ਜੋ;
## ਬ੍ਰਹਮਾਤਮ ਲਖਿ ਚਿਤਵਨ ਤੀਨ।

ਜੋ ਤ੍ਰਿਗੁਣ = ਤਿੰਨ ਗੁਣ ਰੂਪ ਬਿਧਿ = ਬ੍ਰਹਮਾ, ਬਿਸ਼ਨ = ਵਿਸ਼ਨੂੰ, ਰੁਦ੍ਰ = ਸ਼ਿਵਜੀ ਭਾਵ ਰਜੋ ਗੁਣ ਰੂਪ ਬ੍ਰਹਮਾ, ਸਤੋ ਗੁਣ ਰੂਪ ਵਿਸ਼ਨੂੰ, ਤਮੋ ਗੁਣ ਰੂਪ ਸ਼ਿਵ ਜੀ ਇਹਨਾਂ ਤੀਨ = ਤਿੰਨਾਂ ਨੂੰ ਬ੍ਰਹਮਾਤਮ = ਬ੍ਰਹਮ ਆਤਮਾ ਲਖਿ = ਜਾਣ ਕਰਕੇ ਭਾਵ ਆਪਣਾ ਹੀ ਬ੍ਰਹਮ ਸਰੂਪ ਚਿਤਵਨ = ਚਿੰਤਨ ਕਰਨਾ ਇਹ ਉਪਾਸ਼ਨਾ ਹੈ।

## ਅਬਜਾਕ੍ਰਿਤ ਕਿ ਵੈਸ਼੍ਵਾਨਰ ਕੋ; ਹਿਰਣਗਰਭ ਆਤਮ ਚਿਤ ਚੀਨ।

ਅਬਜਾਕ੍ਰਿਤ = ਈਸ਼ਵਰ ਦੀ ਉਪਾਸ਼ਨਾ ਕਰੇ ਕਿ = ਜਾਂ ਵੈਸ਼੍ਵਾਨਰ = ਵੈਰਾਟ ਦੀ ਉਪਾਸ਼ਨਾ ਕਰੇ ਜਿਸ ਵਿਚ ਸਿਰ ਅਕਾਸ਼, ਪਤਾਲ ਪੈਰ, ਬ੍ਰਹਮਾ, ਵਿਸ਼ਨੂੰ ਸੱਜੀ ਖੱਬੀ-ਬਾਂਹ, ਪਵਣ ਨਾਸਿਕਾ, ਅਗਨੀ ਜੀਭ, ਚੰਦ ਸੂਰਜ ਨੇਤਰ, ਇਸ ਪ੍ਰਕਾਰ ਵੈਰਾਟ ਦੀ ਉਪਾਸ਼ਨਾ ਬ੍ਰਹਮ ਆਤਮਾ ਜਾਣ ਕੇ ਕਰੇ ਤੇ ਗੁਰਬਾਣੀ ਦੇ ਵਿਚ ਇਸੇ ਨੂੰ ਇਉਂ ਕਥਨ ਕੀਤਾ ਹੈ, ਜੈਸਾ ਕਿ :

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥**

*(ਧਨਾਸਰੀ ਮ: ੧, ਅੰਗ ੧੩)*

ਹਿਰਨ ਗਰਭ = ਸਾਰਿਆਂ ਦੀ ਸੁਖੋਪਤੀ ਅਵਸਥਾ ਨੂੰ ਪ੍ਰਕਾਸ਼ਣ ਵਾਲਾ ਹਿਰਨ ਗਰਭ ਹੈ, ਇਸ ਨੂੰ

ਵੀ ਆਤਮ ਚੇਤਨ ਚੀਨ = ਜਾਣ ਕੇ ਉਪਾਸ਼ਨਾ ਕਰੇ **ਅਥਵਾ** ਤਿੰਨਾਂ ਨੂੰ ਭਾਵ ਵੈਰਾਟ, ਅਬਜਾਕ੍ਰਿਤ, ਹਿਰਨ ਗਰਭ ਇਹਨਾਂ ਨੂੰ ਬ੍ਰਹਮ ਰੂਪ ਜਾਣ ਕੇ ਚਿੰਤਨ ਕਰੇ।

## ਚਿਤਵਹਿ ਏਕ ਆਤਮਾ ਇਨ ਪ੍ਰਤਿ; ਕਿਧੌਂ ਉਪਾਸਹਿ ਸਗੁਣ ਪ੍ਰਬੀਨ।

ਪ੍ਰਬੀਨ = ਸਿਆਣਾ ਸਮਝਦਾਰ ਜਗਿਆਸੂ ਇਹਨਾਂ ਦੇ ਪ੍ਰਤਿ = ਤਾਈਂ ਇਕ ਆਪਣਾ ਆਤਮਾ ਰੂਪ ਜਾਣ ਕਰਕੇ ਚਿਤਵਹਿ = ਚਿੰਤਨ ਕਰੇ ਕਿਧੌਂ = ਜਾਂ ਫੇਰ ਸਗੁਣ = ਸਰਗੁਣ ਸਰੂਪ ਦੀ ਉਪਾਸ਼ਨਾ ਕਰੇ, ਭਾਵ ਸਰਗੁਣ ਸਰੂਪ ਦੇ ਹੱਥ, ਪੈਰ, ਸੀਸ, ਮੁਕਟ, ਗਲ ਵਿਚ ਵਜੰਤੀ ਮਾਲਾ, ਭਗਵਾਨ ਦੀਆਂ ਚਾਰ ਬਾਹਵਾਂ, ਚਾਰੇ ਹੱਥਾਂ ਦੇ ਵਿਚ ਸੰਖ, ਚੱਕ੍ਰ, ਗਦਾ, ਪਦਮ ਆਦਿਕ ਸਾਰਾ ਸਰੂਪ ਸਮਝ ਕੇ ਉਪਾਸਹਿ = ਉਪਾਸ਼ਨਾ ਕਰੇ, ਇਹ ਸਰਗੁਣ ਦੀ ਉਪਾਸ਼ਨਾ ਹੈ।

## ਅਹੰ ਬ੍ਰਹਮਾਸਮਿ ਚਿੰਤਨ ਕਿੰਵਾ;
## ਨ੍ਰਿਗੁਣ ਉਪਾਸ ਭਾਵ ਇਕ ਭੀਨ ॥੨੮॥

ਕਿੰਵਾ = ਜਾਂ ਕਿ ਅਹੰ ਬ੍ਰਹਮਾਸਮਿ = ਮੈਂ ਬ੍ਰਹਮ ਹਾਂ, ਐਸਾ ਚਿੰਤਨ ਕਰੇ ਕਿ ਮੇਰੇ ਵਿੱਚੋਂ ਹੀ ਸਾਰੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਆਦਿ ਪੈਦਾ ਹੋਏ ਹਨ ਜਾਂ ਫੇਰ ਇਕ ਭੀਨ = ਪ੍ਰੇਮ ਭਾਵ ਦੇ ਵਿਚ ਭਿੱਜ ਕੇ ਨ੍ਰਿਗੁਣ = ਤਿੰਨਾਂ ਗੁਣਾਂ ਦੀ ਹੱਦ ਤੋਂ ਪਰੇ ਜੋ ਪ੍ਰਭੂ ਹੈ, ਉਸ ਦੀ ਉਪਾਸ਼ਨਾ ਕਰੇ ਭਾਵ ਨਿਰਗੁਣ ਸਰੂਪ ਦੀ ਉਪਾਸ਼ਨਾ ਕਰੇ, ਇਹ ਵੀ ਇਕ ਉਪਾਸ਼ਨਾ ਦਾ ਸਰੂਪ ਹੈ॥੨੮॥

**ਅਥ ਪੱਖਜਾਂਤਰ** : ਅਥ = ਹੁਣ ਜੋ ਪਿੱਛੇ ਸਰਗੁਣ, ਨਿਰਗੁਣ ਦੀ ਉਪਾਸ਼ਨਾ ਦੇ ਪੱਖ ਕਹੇ ਹਨ ਕਿ ਅੱਬਜਾਕ੍ਰਿਤ, ਵੈਸ਼੍ਵਾਨਰ, ਹਿਰਨਗਰਭ ਇਹ ਇਕ ਉਪਾਸ਼ਨਾ ਪੱਖ ਹੈ, ਹੁਣ ਏਸੇ ਪੱਖਜਾਂਤਰ = ਪੱਖ ਦੇ ਅੰਦਰ ਇਕ ਹੋਰ ਪੱਖ ਕਥਨ ਕਰਦੇ ਹਨ, ਇਸ ਕਰਕੇ ਇਥੇ ਪੱਖਜਾਂਤਰ ਸ਼ਬਦ ਵਰਤਿਆ ਹੈ :

## ਸ੍ਵੈਯਾ ਛੰਦ ॥ ਅਕਾਰ, ਉਕਾਰ, ਮਕਾਰ, ਨਾਦਵਿੰਦ;
## ਬਿਧ, ਹਰਿ, ਸ਼ਿਵ, ਕਿ ਸਦਸ਼ਿਵ ਜਾਨ।

ਇਹ ਚਾਰੇ ਪਦਾਂ ਦਾ ਇਕੱਠਾ ਓਅੰਕਾਰ ਪਦ ਹੈ। ਜੈਸਾ ਕਿ :

**ਅਕਾਰ, ਉਕਾਰ, ਮਕਾਰ, ਪੁਨ ਅਰਧਬਿੰਦ ਪਹਿਚਾਨ।**
**ਚਾਰੋ ਕੋ ਸਮੁਦਾਜ ਜੋ ਓਅੰਕਾਰ ਪਹਿਚਾਨ।**

ਓਅੰਕਾਰ ਦੇ ਤਿੰਨ ਡੰਡੀਆਂ ਨੂੰ ਤਿੰਨ ਰੂਪ ਸਮਝ ਕੇ ਉਪਰਲੀ ਮੁੜਮੀ ਲਕੀਰ ਨੂੰ ਨਾਦਵਿੰਦ ਕਿਹਾ ਜਾਂਦਾ ਹੈ ਇਸ ਵਿਚ ਉਪਾਸ਼ਨਾ ਦਾ ਪੱਖ ਹੈ, ਪਹਿਲੇ ਅੱਖਰ ਅਕਾਰ ਦਾ ਐੜਾ, ਉਕਾਰ ਦਾ ਊੜਾ, ਮਕਾਰ ਦਾ ਮੱਮਾ ਤੇ ਅਕਾਰ ਨੂੰ ਬਿਧ = ਬ੍ਰਹਮਾ, ਉਕਾਰ ਨੂੰ ਹਰਿ = ਵਿਸ਼ਨੂੰ, ਮਕਾਰ ਨੂੰ ਸ਼ਿਵਜੀ ਤੇ ਨਾਦਵਿੰਦ = ਅਰਧ ਮਾਤ੍ਰਾ ਨੂੰ ਸਦ = ਸਦਾ ਸਿਵ = ਕਲਿਆਣ ਰੂਪ ਬ੍ਰਹਮ ਜਾਣ ਕੇ ਉਪਾਸ਼ਨਾ ਕਰਕੇ ਇਉਂ ਇਹਨਾਂ ਚਾਰ ਅੱਖਰਾਂ ਨੂੰ ਓਅੰਕਾਰ ਰੂਪ ਵਿਚ ਬ੍ਰਹਮ ਜਾਣ ਕੇ ਉਪਾਸ਼ਨਾ ਕਰਨੀ ਭਾਵ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤਿੰਨਾਂ ਨੂੰ ਆਪਣਾ ਬ੍ਰਹਮ ਸਰੂਪ ਜਾਣ ਕੇ ਉਪਾਸ਼ਨਾ ਕਰੇ, ਇਹ ਵੀ ਇਕ ਉਪਾਸ਼ਨਾ ਦਾ ਸਰੂਪ ਹੈ। ਜੋਗ ਮੱਤ ਅਨੁਸਾਰ ਜੋ ਪੰਜ ਸ਼ਬਦ ਹਨ, ਉਹ ਜਦੋਂ ਵੱਜਦੇ ਹਨ, ਉਹਨਾਂ ਵਿੱਚੋਂ ਜੋ ਧੁਨ ਪੈਦਾ ਹੁੰਦੀ ਹੈ, ਉਸ ਨੂੰ ਨਾਦਵਿੰਦ ਕਹਿੰਦੇ ਹਨ, ਜਿਹੜੀ ਪੰਜ ਤਰ੍ਹਾਂ ਦੇ ਸ਼ਬਦਾਂ ਦੀ ਅਵਾਜ਼ ਆਉਂਦੀ ਹੈ ਜਿਵੇਂ ਘੜਿਆਲ ਵਜਾਈਏ ਤਾਂ ਉਸ ਦੀ ਉਲਟਮੀ ਅਵਾਜ਼ ਆਉਂਦੀ ਹੈ, ਉਸ ਦਾ ਨਾਮ ਪ੍ਰਤੀ ਧੁਨ ਹੈ। ਜੈਸਾ ਕਿ :

**ਤੱਤ ਤੰਤੀ ਵਿਤ ਚਰਮ ਕਾ, ਘਨ ਕਾਂਸੀ ਕੋ ਜਾਨ।**
**ਨਾਦ ਸ਼ਬਦ ਘਟ ਕੋ ਕਹੈ, ਸੁਆਸ ਸੁਖਰ ਪਹਿਚਾਨ।**

ਇਹ ਪੰਜੇ ਸਾਜ਼ਾਂ ਦੀ ਉਲਟੀ ਅਵਾਜ਼ ਭਾਵ ਪ੍ਰਤੀ ਧੁਨ ਨਾਦਵਿੰਦ ਕਹਿਲਾਉਂਦੀ ਹੈ, ਦਸਮ ਦੁਆਰ ਵਿਚ ਇਹ ਪੰਜ ਤਰ੍ਹਾਂ ਦੀ ਅਵਾਜ਼ ਜੋਗ ਅਭਿਆਸੀ ਨੂੰ ਸੁਰਤ ਵਿਚ ਸੁਣਦੀ ਹੈ। ਜੈਸਾ ਕਿ :

**ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ।** *(ਪ੍ਰਭਾਤੀ ਭਗਤ ਕਬੀਰ, ਅੰਗ ੧੩੫੦)*

ਜੋਗ ਅਭਿਆਸੀਆਂ ਨੂੰ ਇਹਨਾਂ ਅਨਹਦ ਸ਼ਬਦ ਦਾ ਭਾਵ ਨਾਦਵਿੰਦ ਦਾ ਅਨੰਦ ਉਤਨਾਂ ਚਿਰ ਆਉਂਦਾ ਹੈ ਜਿਤਨਾ ਚਿਰ ਸਮਾਧੀ ਵਿਚ ਹੈ, ਸਮਾਧੀ ਤੋਂ ਉੱਠ ਕੇ ਨਹੀਂ, ਪਰ ਗੁਰਮਤਿ ਵਿਚ ਇਸ ਦੀ ਐਸੀ ਮਹਾਨਤਾ ਹੈ ਕਿ ਆਨੰਦ ਸਦਾ ਬਣਿਆ ਰਹਿੰਦਾ ਹੈ। ਜੈਸਾ ਕਿ :

**ਨਾਦ ਬਿੰਦ ਕੀ ਸੁਰਤਿ ਸਮਾਇ॥ ਸਤਿਗੁਰੁ ਸੇਵਿ ਪਰਮ ਪਦੁ ਪਾਇ॥੨॥**

*(ਆਸਾ ਮ: ੧, ਅੰਗ ੩੫੨)*

ਇਉਂ ਸਤਿਗੁਰਾਂ ਦੀ ਹੁਕਮ ਦੀ ਪਾਲਣਾ ਕਰਦੇ ਹੋਏ ਨਿਸ਼ਕਾਮ ਸੇਵਾ ਕਰਕੇ, ਸੁਰਤ ਵਿਚ ਸ਼ਬਦ ਦਾ ਅਭਿਆਸ ਕਰਕੇ, ਪਰਮ ਪਦਵੀ, ਅਪ੍ਰੋਖ ਬ੍ਰਹਮ ਗਿਆਨ ਦੁਆਰਾ ਸਰੂਪ ਦੀ ਸਾਖਿਅਤਤਾ ਰੂਪ ਪਰਮ ਪਦਵੀ ਸਿੱਖ ਪੈ ਲੈਂਦਾ ਹੈ, ਗੁਰਮਤਿ ਅਨੁਸਾਰ ਨਾਮ ਦੀ ਧੁਨ ਰਸਨਾ ਤੋਂ ਜੋ ਉੱਠਦੀ ਹੈ, ਉਸ ਦੀ ਪ੍ਰਤੀ ਧੁਨ ਭਾਵ ਸੁਰਤ ਦੇ ਵਿੱਚੋਂ ਨਾਮ ਦੀ ਇਕ-ਰਸ ਅਵਾਜ਼ ਆਉਣ ਲੱਗ ਜਾਣੀ, ਇਹ ਗੁਰਮਤਿ ਅਨੁਸਾਰ ਨਾਦਵਿੰਦ ਹੈ ਇਹ ਗੁਰਸਿੱਖਾਂ ਦੀ ਉਪਾਸ਼ਨਾ ਜੋਗ ਮੱਤ ਤੋਂ ਵੱਖਰੀ ਜਾਨਣੀ ਜੋ ਸਦਾ ਸ਼ਿਵ = ਹਮੇਸ਼ਾ ਰਹਿਣ ਵਾਲੇ ਅਕਾਲ ਪੁਰਖ ਦੀ ਉਪਾਸਨਾ ਕਰਨੀ ਹੈ, ਇਹ ਉਪਾਸ਼ਨਾ ਦੇ ਵਿਚ ਇਕ ਹੋਰ ਉਪਾਸ਼ਨਾ ਦਾ ਪੱਖ ਹੈ।

## ਛਿਤ, ਅਪ, ਤੇਜ, ਵਾਯੁ, ਨਭ, ਰਵਿ, ਸਸਿ;
## ਪੁਰਖ ਸ ਏਤਤ ਆਤਮ ਮਾਨ।

ਹੁਣ ਪੱਖਾਂ ਦੇ ਅੰਦਰ ਇਕ ਹੋਰ ਪੱਖ ਦੱਸਦੇ ਹਨ—ਜੋ ਛਿਤ = ਧਰਤੀ, ਅਪ = ਪਾਣੀ, ਤੇਜ = ਅਗਨੀ, ਵਾਯੁ = ਪੌਣ, ਨਭ = ਅਕਾਸ਼, ਰਵਿ = ਸੂਰਜ, ਸਸਿ = ਚੰਦਰਮਾ, ਪੁਰਖ = ਵੈਰਾਟ ਸ = ਸਮੇਤ ਏਤਤ = ਇਹਨਾਂ ਸਾਰਿਆਂ ਨੂੰ ਆਪਣੀ ਆਤਮਾ ਮਾਨ = ਮੰਨ ਕੇ ਉਪਾਸ਼ਨਾ ਕਰੇ, ਇਹ ਵੀ ਇਕ ਉਪਾਸ਼ਨਾ ਦਾ ਹਿੱਸਾ ਹੈ।

## ਇਕ ਉਪਾਸਯ, ਅਰੁ ਕਰਿ ਉਪਾਸਨਾ; ਬ੍ਰਹਮ ਆਤਮਾ ਏਕ ਸਮਾਨ।

ਇਕ ਉਪਾਸਯ ਹੈ ਭਾਵ ਜਿਸ ਦੀ ਉਪਾਸ਼ਨਾ ਕੀਤੀ ਜਾਵੇ ਅਰੁ = ਅਤੇ ਇਕ ਉਪਾਸ਼ਨਾ ਕਰਨ ਵਾਲਾ ਹੈ, ਬ੍ਰਹਮ ਉਪਾਸਯ ਹੈ ਤੇ ਜੀਵਾਤਮਾ ਉਪਾਸ਼ਕ ਹੈ, ਦੋਹਾਂ ਨੂੰ ਭਾਵ ਬ੍ਰਹਮ ਤੇ ਆਤਮਾ ਨੂੰ ਇਕ ਸਮਾਨ = ਬਰਾਬਰ ਜਾਣ ਕੇ ਚਿੰਤਨ ਕਰੇ, ਇਹ ਵੀ ਇਕ ਉਪਾਸ਼ਨਾ ਦਾ ਹਿੱਸਾ ਹੈ।

## ਇਕ ਪ੍ਰਤੀਕ ਉਪਾਸਨਾ ਕਿੰਵਾ; ਕਹੇ ਅਪਰ ਸੁਨੀਅਹਿ ਦੈ ਕਾਨ॥੨੯॥

ਇਕ ਪ੍ਰਤੀਕ ਉਪਾਸ਼ਨਾ ਹੁੰਦੀ ਹੈ, ਪ੍ਰਤੀਕ ਉਪਾਸਨਾ = ਕਿਸੇ ਵਸਤੂ ਕਿੰਵਾ = ਜਾਂ ਪੱਥਰ ਦੀ ਮੂਰਤੀ, ਫੋਟੋ ਨੂੰ ਭਗਵਾਨ ਦਾ ਰੂਪ ਜਾਣ ਕੇ ਜਿਵੇਂ ਮੰਦਰਾਂ ਵਿਚ ਬ੍ਰਾਹਮਣ ਲੋਕ ਭਗਵਾਨ ਰਾਮ, ਕ੍ਰਿਸ਼ਨ, ਵਿਸ਼ਨੂੰ ਆਦਿ ਦੀ ਪੂਜਾ ਕਰਦੇ ਹਨ, ਇਹਨਾਂ ਸਾਰਿਆਂ ਵਿਚ ਬ੍ਰਹਮ ਸਰੂਪ ਜਾਣ ਕੇ ਉਪਾਸ਼ਨਾ ਕਰਨੀ ਤੇ ਭਾਈ ਦਇਆ ਸਿੰਘ ਜੀ ਅਪਰ = ਹੋਰ ਢੰਗ ਦੇ ਨਾਲ ਕਹਿੰਦੇ ਹਨ ਕਿ ਤੁਸੀਂ ਕਾਨ = ਕੰਨ ਦੇ ਕੇ ਭਾਵ ਧਿਆਨ ਦੇ ਨਾਲ ਸੁਣੋ॥੨੯॥

## ਅਥਵਾ ਵਿਲੈ ਅਕਾਰ ਉਕਾਰੇ; ਵਿਲੈ ਉਕਾਰ ਮਕਾਰ ਮਝਾਰ।

ਅਥਵਾ = ਜਾਂ ਅਕਾਰ ਰੂਪ ਬ੍ਰਹਮਾ ਨੂੰ ਉਕਾਰ ਰੂਪ ਵਿਸ਼ਨੂੰ ਦੇ ਵਿਚ ਵਿਲੈ = ਲੀਨ ਕਰੇ ਤੇ ਉਕਾਰ ਰੂਪ ਵਿਸ਼ਨੂੰ ਨੂੰ ਮਕਾਰ ਰੂਪ ਸ਼ਿਵਜੀ ਦੇ ਮਝਾਰ = ਵਿਚ ਵਿਲੈ = ਲੀਨ ਕਰੇ।

## ਅਰਧ ਮਾਤ੍ਰ ਮਹਿ ਕਰਿ ਮਕਾਰ ਲੇ; ਅਰਧ ਮਾਤ੍ਰ ਕੋ ਪੁਰਖ ਉਦਾਰ।

ਅਰਧ ਮਾਤ੍ਰਾ ਭਾਵ ਈਸ਼ਰ ਵਿਚ ਮਕਾਰ ਰੂਪ ਸ਼ਿਵਜੀ ਨੂੰ ਲੇ = ਲੀਨ ਕਰੇ, ਅਰਧ ਮਾਤ੍ਰਾ ਨੂੰ ਉਦਾਰ = ਉੱਤਮ ਪੁਰਖ ਭਾਵ ਜੀਵਾਤਮਾ ਵਿਚ ਲੀਨ ਕਰੇ, ਤੇ :

## ਪੁਰਖ ਪ੍ਰਮਾਤਮ ਏਵ ਤਿਸ਼੍ਰਤੇ; ਬ੍ਰਹਮ ਆਤਮਾ ਸ਼ੇਖ ਬਿਚਾਰ।

ਪੁਰਖ = ਜੀਵਾਤਮਾ ਨੂੰ ਪਰਮਾਤਮਾ ਵਿਚ ਏਵ = ਨਿਸ਼ਚੇ ਕਰਕੇ ਤਿਸ਼੍ਰਤੇ = ਇਸਥਿਤ ਕਰੇ, ਹੁਣ ਬ੍ਰਹਮ ਆਤਮਾ ਸ਼ੇਖ = ਬਾਕੀ ਰਹਿ ਗਿਆ, ਉਹ ਇਹ ਵਿਚਾਰ ਲਵੇ ਕਿ ਅਕਾਰ ਨੂੰ ਉਕਾਰ ਵਿਚ ਲੀਨ ਕਰ ਦਿੱਤਾ, ਉਕਾਰ ਨੂੰ ਮਕਾਰ ਵਿਚ, ਮਕਾਰ ਨੂੰ ਅਰਧ ਮਾਤ੍ਰਾ ਵਿਚ, ਅਰਧ ਮਾਤ੍ਰਾ ਨੂੰ ਜੀਵਾਤਮਾ ਵਿਚ, ਜੀਵਾਤਮਾ ਨੂੰ ਪਰਮਾਤਮਾ ਵਿਚ ਲੀਨ ਕਰ ਦਿੱਤਾ, ਹੁਣ ਬਾਕੀ ਕੇਵਲ ਬ੍ਰਹਮ ਆਤਮਾ ਹੀ ਰਿਹਾ, ਇਹ ਉਪਾਸ਼ਨਾ ਦਾ ਚੰਗਾ ਤਰੀਕਾ ਹੈ, ਏਸ ਤਰੀਕੇ ਨਾਲ ਆਤਮਾ ਬ੍ਰਹਮ ਰੂਪ ਲਖਿਆ ਗਿਆ।

## ਇਤ ਉਪਾਸਨਾ ਨਰ ਕੁਰਯਾਤਹਿ; ਭਿੰਨ ਭਿੰਨ ਲੀਜਹਿ ਉਰਧਾਰ ॥੩੦॥

ਹੇ ਨਰ = ਪੁਰਸ਼! (ਕੁਰ + ਯਾ + ਤਹਿ) ਯਾ = ਜੋ ਤਹਿ = ਤੈਨੂੰ ਇਤ = ਇਹਨਾਂ ਉਪਾਸ਼ਨਾ ਵਿੱਚੋਂ ਤਰੀਕਾ ਪਸੰਦ ਹੈ ਉਹ ਕੁਰ = ਕਰ, ਤੈਨੂੰ ਇਹ ਭਿੰਨ ਭਿੰਨ = ਵੱਖਰੀ-ਵੱਖਰੀ ਉਪਾਸ਼ਨਾ ਦਾ ਢੰਗ ਤਰੀਕਾ ਦੱਸ ਦਿੱਤਾ ਹੈ, ਇਸ ਨੂੰ ਉਰ = ਹਿਰਦੇ ਵਿਚ ਧਾਰ = ਧਾਰਨ ਕਰ ਲੀਜਹਿ = ਲੈ, ਖ਼ਾਲਸਾ ਜੀ ਇਸ ਵੀਚਾਰ ਨੂੰ ਐਸਾ ਫ਼ੁਰਮਾਨ ਕੀਤਾ ਹੈ ॥੩੦॥ ਜੈਸਾ ਕਿ :

**ਧਿਆਨ ਧਰੋ ਤਿਹ ਕੋ ਮਨ ਮੈ;**
**ਜਿਹ ਕੋ ਅਮਿਤੋਜ ਸਭੈ ਜਗਿ ਛਾਇਓ ॥੮॥੨੫੦॥** *(ਅਕਾਲ ਉਸਤਤਿ—੨੫੨)*

ਸੋ ਇਥੇ ਦੂਸਰਾ (ਉਪਾਸ਼ਨਾ ਕਾਂਡ) ਸਮਾਪਤ ਹੋਇਆ।

### ੩. ਅਥ ਗਿਆਨ ਕਾਂਡ :

ਅਥ = ਹੁਣ ਤੀਸਰਾ ਕਾਂਡ ਜਿਸਨੂੰ ਗਿਆਨ ਕਾਂਡ ਕਿਹਾ ਜਾਂਦਾ ਹੈ, ਉਹ ਸ਼ੁਰੂ ਕਰਦੇ ਹਨ, ਜਿਵੇਂ ਵੇਦ ਵਿਚ ਤਿੰਨ ਕਾਂਡ ਕਥਨ ਕੀਤੇ ਹੋਏ ਹਨ। ੧. ਕਰਮਕਾਂਡ, ੨. ਉਪਾਸ਼ਨਾ ਕਾਂਡ, ੩. ਗਿਆਨ ਕਾਂਡ, ਉਸੇ ਰੀਤ ਅਨੁਸਾਰ ਕਰਮਕਾਂਡ ਤੇ ਉਪਾਸ਼ਨਾ ਕਾਂਡ ਕਹਿ ਕੇ ਹੁਣ ਗਿਆਨ ਕਾਂਡ ਸ਼ੁਰੂ ਕਰ ਰਹੇ ਹਨ :

## ਸ੍ਵੈਯਾ ਛੰਦ ॥ 'ਸਤਜੰ ਗਯਾਨ ਮਨੰਤੰ ਬ੍ਰਹਮ; ਜੁ 'ਤੱਤ੍ਵਮਸਯਾਦਿ' ਵਾਕਯ ਜੇ ਚਾਰ।

ਜੋ ਬ੍ਰਹਮ ਹੈ, ਉਹ ਸਤਜੰ = ਸੱਤ ਸਰੂਪ ਹੈ, ਜਿਥੇ ਉਹ ਸੱਤ ਸਰੂਪ ਹੈ, ਉਥੇ ਗਿਆਨ ਸਰੂਪ ਵੀ ਹੈ, ਤੇ ਮਨੰਤੰ = ਅਨੰਤ ਰੂਪ ਵੀ ਹੈ, ਭਾਵ ਅੰਤ ਤੋਂ ਰਹਿਤ ਹੈ ਇਹ ਅਵਾਂਤਰ ਵਾਕ ਹੈ ਜੋ ਉਪਰ ਆਇਆ ਹੈ, ਜੇ = ਜਿਹੜੇ ਵੇਦ ਦੇ ਚਾਰ ਮਹਾਂਵਾਕ : ੧. ਪ੍ਰਾਗਯਾਨਾਮੰਦ ਬ੍ਰਹਮ = ਇਹ ਜੀਵ ਅਨੰਦ ਸਰੂਪ ਹੈ, ਇਹ

ਮਹਾਂਵਾਕ ਰਿਗਵੇਦ ਦਾ ਹੈ, ੨. ਅਹੰਬ੍ਰਹਮਾਸਮਿ (ਅਹੰ + ਬ੍ਰਹਮ + ਅਸਮਿ) ਅਹੰ = ਮੈਂ ਬ੍ਰਹਮ ਅਸਮਿ = ਹਾਂ, ਇਹ ਮਹਾਂਵਾਕ ਯੁਜਰ ਵੇਦ ਦਾ ਹੈ, ੩. ਆਯੰ ਆਤਮਾ ਬ੍ਰਹਮ = ਇਹ ਆਤਮਾ ਬ੍ਰਹਮ ਸਰੂਪ ਹੈ, ਇਹ ਮਹਾਂਵਾਕ ਅਥਰਬਣ ਵੇਦ ਹੈ, ੪. ਤੱਤ੍ਵਸਮ = ਤਤ੍ਵੰ = ਉਹ ਤੂੰ ਹੀ ਅਸਿ = ਹੈ ਭਾਵ ਤੂੰ ਬ੍ਰਹਮ ਸਰੂਪ ਹੈ ਭਾਵ (ਤਤ + ਤ੍ਵੰ + ਅਸਿ) ਤੱਤ ਪਦ ਈਸ਼ਵਰ ਦਾ ਵਾਚਿਆ ਅਰਥ ਹੈ, ਤ੍ਵੰ ਪਦ ਜੀਵ ਵਾਚਿਆ ਅਰਥ ਹੈ। ਅਸਿ ਪਦ ਬ੍ਰਹਮ ਦਾ ਵਾਚਿਆ ਅਰਥ ਹੈ, ਆਦਿ ਜੋ ਇਹ ਵਾਕ ਹਨ।

## 'ਸਰਬਾਤਮ ਬ੍ਰਹਮ' 'ਬ੍ਰਹਮ ਸਰਬਾਤਮ'; ਅਦੁਤੀ ਦ੍ਵੈਤ ਨਾਸਤੀ ਧਾਰ।

ਸਰਬਾਤਮ = ਸਾਰਿਆਂ ਦਾ ਜੋ ਆਤਮਾ ਹੈ ਉਹ ਬ੍ਰਹਮ ਹੈ, ਜੋ ਬ੍ਰਹਮ ਹੈ, ਉਹ ਸਰਬਾਤਮ = ਸਾਰਿਆਂ ਦਾ ਆਤਮਾ ਰੂਪ ਹੈ, ਜੋ ਬ੍ਰਹਮ ਹੈ ਉਹ ਅਦੁਤੀ = ਦੂਏਪਣ ਤੋਂ ਰਹਿਤ ਭਾਵ ਉਸ ਵਰਗਾ ਹੋਰ ਕੋਈ ਦੂਜਾ ਨਹੀਂ ਹੈ ਅਤੇ ਜੋ ਦ੍ਵੈਤ-ਭਾਵ ਹੈ, ਉਹ ਉਸ ਵਿਚ ਨਾਸਤੀ = ਨਹੀਂ ਹੈ, ਇਸ ਕਰਕੇ ਉਸ ਨੂੰ ਹਿਰਦੇ ਵਿਚ ਧਾਰ = ਧਾਰਨ ਕਰੋ।

## ਸਤਯੰ ਗ੍ਯਾਨ ਮਨੰਤੰ ਆਤਮਾ; ਬ੍ਰਹਮ ਏਕ ਅੱਦ੍ਵੈ ਨਿਰਧਾਰ।

ਜੋ ਆਤਮਾ ਹੈ, ਉਹ ਸਤਯੰ = ਸੱਤ ਸਰੂਪ ਹੈ, ਗਿਆਨ ਸਰੂਪ ਹੈ, ਮਨੰਤੰ = ਅੰਤ ਤੋਂ ਰਹਿਤ ਹੈ, ਇਉਂ ਆਤਮਾ ਨੂੰ ਇਕ ਅਦ੍ਵੈਤ ਬ੍ਰਹਮ ਰੂਪ ਨਿਰਧਾਰ = ਨਿਸ਼ਚੇ ਕਰੇ।

## ਸਤਯੰ ਸਤਯੰ ਗ੍ਯਾਨੰ ਗ੍ਯਾਨੰ;
## ਇਕੰ ਅਨੰਤ ਮਨੰਤ ਬਿਚਾਰ॥੩੧॥

ਜੋ ਬ੍ਰਹਮ ਹੈ ਉਹ ਵੀ ਸਤਯੰ = ਸੱਤ ਸਰੂਪ ਹੈ, ਜੋ ਆਤਮਾ ਹੈ ਉਹ ਵੀ ਸਤਯੰ = ਸੱਤ ਸਰੂਪ ਹੈ ਤੇ ਜੋ ਬ੍ਰਹਮ ਹੈ ਉਹ ਵੀ ਗ੍ਯਾਨੰ = ਗਿਆਨ ਸਰੂਪ ਹੈ, ਜੋ ਆਤਮਾ ਹੈ ਉਹ ਵੀ ਗ੍ਯਾਨੰ = ਗਿਆਨ ਸਰੂਪ ਹੈ ਅਤੇ ਜੋ ਬ੍ਰਹਮ ਹੈ ਉਹ ਵੀ ਇਕੰ = ਇਕ ਅਖੰਡ ਸਰੂਪ ਹੈ, ਜੋ ਆਤਮਾ ਹੈ ਉਹ ਵੀ ਇਕ ਅਖੰਡ ਸਰੂਪ ਹੈ ਅਤੇ ਜੋ ਬ੍ਰਹਮ ਹੈ, ਉਹ ਵੀ ਅਨੰਤ = ਅੰਤ ਤੋਂ ਰਹਿਤ ਹੈ, ਜੋ ਆਤਮਾ ਹੈ ਉਹ ਵੀ ਮਨੰਤ = ਅੰਤ ਤੋਂ ਰਹਿਤ ਹੈ, ਇਸ ਵਿਚਾਰ ਨੂੰ ਗਿਆਨ ਕਾਂਡ ਕਿਹਾ ਜਾਂਦਾ ਹੈ॥੩੧॥

## ਇਕ ਮੇਵਾਦੁਤੀਯੰ ਬ੍ਰਹਮ; ਨੇਹ ਨਾਨਾਸਤਿ ਕਿੰਚਨ ਸੋਇ।

ਇਕ ਬ੍ਰਹਮ (ਮੇਵ + ਅਦੁਤੀਯੰ) ਮੇਵ = ਨਿਸ਼ਚੇ ਕਰਕੇ ਅਦੁਤੀਯੰ = ਦੂਏਪਣ ਤੋਂ ਰਹਿਤ ਹੈ ਭਾਵ ਉਸ ਦੇ ਬਗ਼ੈਰ ਕੋਈ ਨਹੀਂ, ਸੋਇ = ਉਸ ਵਿਚ (ਨਾਨ + ਅਸਤਿ) ਨਾਨ = ਨਾਨ੍ਹਾ ਪਣ ਥੋੜ੍ਹੇ ਮਾਤਰ ਵੀ ਨੇਹ = ਨਹੀਂ ਅਸਤਿ = ਹੈ **ਵਾ:** ਸੋਇ = ਉਸ ਸੱਤ ਸਰੂਪ ਵਿਚ ਨਾਨ = ਨਾਨ੍ਹਾਪਣ ਕਿੰਚਨ = ਥੋੜ੍ਹੇ ਮਾਤਰ ਵੀ ਨਹੀਂ ਅਸਤਿ = ਹੈ।

## ਕਰਮ ਉਪਾਸਨ ਦੁਊ ਬਿਵਰਜਤਿ; ਪੁਰਖ ਸਾਧ੍ਯ ਤੇ ਬਰਜਤਿ ਹੋਇ।

ਸ਼ਾਸਤ੍ਰ ਮੱਤ ਅਨੁਸਾਰ ਕਰਮ ਤੇ ਉਪਾਸ਼ਨਾ ਦੁਊ = ਦੋਵੇਂ ਬਿਵਰਜਤਿ = ਰੋਕੇ ਗਏ ਹਨ ਕਿ ਇਹਨਾਂ ਦੀ ਲੋੜ ਨਹੀਂ ਹੈ, ਜਿਸ ਪੁਰਖ ਨੇ ਇਹ ਸਾਧ੍ਯ = ਸਾਧ ਲਏ ਭਾਵ ਕਰਮ ਉਪਾਸ਼ਨਾ ਕਰ ਲਈ, ਉਹ ਸਾਧਿਆ ਪੁਰਖ ਹੋ ਗਿਆ, ਫਿਰ ਗਿਆਨ ਕਾਂਡ ਵਿਚ ਚਲਾ ਗਿਆ, ਜੋ ਪ੍ਰਾਪਤ ਕਰਨਾ ਸੀ ਉਹ ਕਰ ਲਿਆ, ਇਸ ਲਈ ਉਸ ਨੂੰ ਕਰਮ ਉਪਾਸ਼ਨਾ ਤੋਂ ਬਰਜਤਿ = ਰੋਕਿਆ ਹੈ ਭਾਵ ਕਿ ਇਸ ਦੀ ਨਹੀਂ ਲੋੜ ਹੈ।

## ਕੇਵਲ ਗ੍ਯਾਨ ਮਾਤ੍ਰ ਹੀ ਤਿਸ਼੍ਰਤਿ; ਗ੍ਯਾਨ ਕਾਂਡ ਕੌ ਲੱਛਨ ਜੋਇ।

ਜਿਥੇ ਕੇਵਲ ਗਿਆਨ ਮਾਤ੍ਰ ਵਿਚ ਹੀ ਤਿਸ਼੍ਰਤਿ = ਇਸਥਿਤੀ ਹੋਵੇ ਭਾਵ ਹਰ ਪਾਸੇ ਬ੍ਰਹਮ ਹੀ ਬ੍ਰਹਮ ਨਜ਼ਰ ਆਵੇ, ਇਹ ਗਿਆਨ ਕਾਂਡ ਕੌ = ਦੇ ਲੱਛਨ ਜੋਇ = ਦੇਖਣਾ ਕਰੋ।

## ਗ੍ਯਾਨਕਾਂਡ ਉਪਨਿਸ਼ਦ ਕਹੈਂ ਸਭਿ;
## ਵੇਦ ਅੰਤ ਵੇਦਾਂਤਕ ਹੋਇ ॥੩੨॥

ਸਭਿ = ਸਾਰੀਆਂ ਉਪਨਿਸ਼ਦਾ ਗਿਆਨ ਦਾ ਕਾਂਡ ਕਹੈਂ = ਕਹਿੰਦੀਆਂ ਹਨ ਕੋਈ ਥੋੜ੍ਹੇ, ਕੋਈ ਬਹੁਤੇ ਮਾਤਰ ਕਹਿੰਦੀਆਂ ਹਨ, ਇਕ ਲੱਖ ਸੁਰਤੀ ਵਿੱਚੋਂ ੮੦ ਹਜ਼ਾਰ ਕਰਮ ਕਾਂਡ, ੧੬ ਹਜ਼ਾਰ ਉਪਾਸ਼ਨਾ ਕਾਂਡ ਤੇ ਚਾਰ ਹਜ਼ਾਰ ਗਿਆਨ ਕਾਂਡ, ਵੇਦ ਦਾ ਅੰਤਲਾ ਕਾਂਡ ਹੋਣ ਕਰਕੇ ਇਸ ਨੂੰ ਵੇਦਾਂਤਕ ਕਿਹਾ ਹੈ **ਵਾ:** ਜਿੱਥੇ ਵੇਦ = ਗਿਆਨ ਦਾ ਵੀ ਅੰਤ ਹੋ ਜਾਏ ਭਾਵ ਗਿਆਨ ਵੀ ਨਾ ਰਹੇ, ਉਸ ਦਾ ਸਰੂਪ ਹੀ ਹੋ ਜਾਵੇ, ਕੋਈ ਜਾਨਣ ਯੋਗ ਵੱਖਰਾ ਨਹੀਂ ਰਿਹਾ, ਇਸ ਨੂੰ ਵੇਦਾਂਤ ਕਿਹਾ ਜਾਂਦਾ ਹੈ॥੩੨॥

## ਜਹਿ ਲੌ ਪੁਰਖ ਸਾਧ੍ਯ ਕਰਤੱਬ੍ਯੰ; ਪੂਰਬ ਮਿਮਾਂਸਾ ਕਰਹਿ ਬਖਾਨ।

ਜਹਿ ਲੌ = ਜਿਥੇ ਤਕ ਪੁਰਖ ਹੈ, ਉਥੇ ਤਕ ਸਾਧਨ ਕਰਨ ਦਾ ਕਰਤੱਬ੍ਯੰ = ਕਰਤੱਬ ਵੀ ਹੈ, ਇਹਨਾਂ ਸਾਧਨ ਕਰਨ ਵਾਲੇ ਪੁਰਖ ਦੇ ਕਰਤੱਬਾਂ ਨੂੰ ਵਿਦਵਾਨ ਲੋਕ ਪੂਰਬ ਮਿਮਾਂਸਾ ਬਖਾਨ = ਕਥਨ ਕਰਹਿ = ਕਰਦੇ ਹਨ, ਇਹ ਵਿਦਵਾਨਾਂ ਦੀ ਬੋਲੀ ਹੈ ਭਾਵ ਜੇ ਕੋਈ ਪੁੱਛੇ ਕਿ ਕੀ ਕਰਦਾ ਹੈ, ਤਾਂ ਅੱਗੋਂ ਕਿਹਾ ਜਾਂਦਾ ਹੈ ਕਿ ਮੈਂ ਪੂਰਬ ਮਿਮਾਂਸਾ ਕਰਦਾ ਹਾਂ ਭਾਵ ਇਹ ਕਿ ਮੈਂ ਸਾਧਨੇ ਯੋਗ ਕਰਤੱਬ ਕਰ ਰਿਹਾ ਹਾਂ।

## ਤਹਿ ਲਗ ਸਬਦ ਬੇਦ ਇਹ ਕਹੀਯਹਿ;
## ਜਹਾਂ ਜਾਨਿ ਵੋ ਜਾਨ ਸੁਜਾਨ।

ਜਿਥੇ ਤਕ ਪੁਰਖ ਦੇ ਸਾਧਨੇ ਯੋਗ ਕਰਤੱਬ ਹਨ, ਤਹਿੰ = ਉਥੇ ਲਗ = ਤਕ ਇਹ ਸ਼ਬਦ ਵੇਦ ਕਹੀਯਹਿ = ਕਿਹਾ ਜਾਂਦਾ ਹੈ, ਹੇ ਸੁਜਾਨ = ਸਿਆਣਿਓ ਗੁਰਸਿੱਖੋ! ਪਰ ਜਹਾਂ = ਜਿਥੇ ਜਾ ਕੇ ਜਾਨਣ ਯੋਗ ਬ੍ਰਹਮ ਆਤਮਾ, ਜਿਹੜੇ ਗਿਆਨ ਦੁਆਰਾ ਜਾਨਿ ਵੋ = ਜਾਣ ਲਈਦਾ ਹੈ।

## ਸੋ ਵੇਦਾਂਤ ਭਾਖੀਯਹਿ ਆਖ੍ਯ; ਇਸੀ ਪ੍ਰਕਾਰ ਭੇਦ ਪਹਿਚਾਨ।

ਸੋ = ਉਸ ਗਿਆਨ ਦੇ ਬਚਨਾਂ ਦਾ ਨਾਮ ਵੇਦਾਂਤ ਭਾਖੀਯਹਿ = ਕਿਹਾ ਜਾਂਦਾ ਹੈ **ਵਾ:** ਜਿਥੇ ਵੇਦ = ਗਿਆਨ ਦਾ ਵੀ ਅੰਤ ਆਖਿਆ ਜਾਂਦਾ ਹੈ, ਇਸੇ ਪ੍ਰਕਾਰ ਇਹ ਜੋ ਭੇਦ ਹੈ, ਇਸ ਨੂੰ ਪਹਿਚਾਨ = ਜਾਣ ਲਉ।

## ਕਵਿ ਸੰਤੋਖ ਸਿੰਘ ਲਖਿ ਸਰੂਪ ਕੋ;
## ਸਗਰੇ ਸਫਲ ਤਬਹਿ ਮਨ ਮਾਨ' ॥੩੩॥

ਭਾਈ ਦਇਆ ਸਿੰਘ ਜੀ ਦਾ ਇਹ ਗਿਆਨ ਕਥਨ ਕੀਤਾ ਹੋਇਆ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਨੇ ਕਾਵਿ-ਰਚਨਾ ਵਿਚ ਬਣਾ ਕੇ ਲਿਖਿਆ ਹੈ, ਜਿਹੜਾ ਜਗਿਆਸੂ ਇਸ ਗਿਆਨ ਦੁਆਰਾ

ਆਪਣੇ ਸਰੂਪ ਕੋ = ਨੂੰ ਲਖਿ = ਜਾਣ ਲਵੇ, ਤਬਹਿ = ਤਦੋਂ ਸਗਰੇ = ਸਾਰੇ ਸਾਧਨ ਸਫਲੇ ਹੋ ਜਾਂਦੇ ਹਨ ਭਾਵ ਗਿਆਨ ਫਲ ਦੇ ਸਹਿਤ ਹੋ ਜਾਂਦੇ ਹਨ ਕਿਉਂਕਿ ਗਿਆਨ ਤੋਂ ਬਿਨਾਂ ਇਹ ਸਾਧਨ ਸਫਲੇ ਨਹੀਂ ਹੁੰਦੇ, ਇਸ ਕਰਕੇ ਇਹ ਗੱਲ ਮਨ ਦੇ ਵਿਚ ਮਾਨ = ਮੰਨ ਲਉ ॥੩੩॥

ਸੋ ਇਥੇ ਗਿਆਨ ਕਾਂਡ ਦੀ ਵੀਚਾਰ ਦੀ ਵਿਆਖਿਆ ਸੰਪੂਰਨ ਹੋਈ। ਹੁਣ ਅਗਲੇ ਅਧਿਆਇ ਵਿਚ ਯੋਗ ਸਾਧਨ ਦਾ ਵਰਣਨ ਕਰਨਗੇ।

## ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਗ੍ਯਾਨ ਬਿਚਾਰ' ਪ੍ਰਸੰਗ ਬਰਨਨੰ ਨਾਮ ਤ੍ਰਿਤਾਲੀਸਮੋ ਅੰਸੂ ॥੪੩॥

ਸ੍ਰੀ ਗੁਰ ਪ੍ਰਤਾਪ ਸੂਰਜ ਨਾਮੇ ਗ੍ਰੰਥ ਦੀ ਪੰਜਵੀਂ ਰੁੱਤ ਜਿਸ ਵਿਚ ਗਿਆਨ ਦੀ ਵਿਚਾਰ ਦਾ ਵਰਣਨ ਕੀਤਾ ਹੈ ਤੇ ਤ੍ਰਿਤਾਲੀਸਮੋ = ਤ੍ਰਿਤਾਲੀ ਨਾਮ ਵਾਲੇ ਅੰਸੂ = ਅਧਿਆਇ ਦੀ ਇਤਿ = ਸਮਾਪਤੀ ਹੋਈ ਹੈ ॥੪੩॥

# ਰੁਤਿ ੫, ਅੰਸੂ ੪੪

## (ਜੋਗ ਵਰਣਨ)

ਭਾਈ ਦਇਆ ਸਿੰਘ ਜੀ ਨੂੰ ਸਿੰਘਾਂ ਨੇ ਬੇਨਤੀ ਕੀਤੀ ਕਿ ਜਿਵੇਂ ਆਪ ਜੀ ਨੇ ਕਰਮ ਕਾਂਡ, ਉਪਾਸ਼ਨਾ ਕਾਂਡ, ਗਿਆਨ ਕਾਂਡ ਅਤੇ ਮਹਾਂਵਾਕ, ਅਵਾਂਤਰ ਵਾਕ, ਨਿਰਵਿਕਲਪ ਵਾਕ, ਸਵਿਕਲਪ ਵਾਕ ਆਦਿ ਦਾ ਪਿੱਛੇ ਵਿਸਥਾਰ ਸਹਿਤ ਕਥਨ ਕੀਤਾ ਹੈ ਤੇ ਹੁਣ ਖ਼ਾਲਸੇ ਦੀ ਇੱਛਾ ਹੈ ਕਿ ਆਪ ਜੋਗ ਅਭਿਆਸ ਦੀ ਕਿਰਿਆ ਬਾਰੇ ਤੇ ਜੋਗ ਦਾ ਪ੍ਰਕਾਰ ਭਾਵ ਜੋਗ ਦੇ ਅੰਗ ਕਿ ਕਿੰਨੇ ਪ੍ਰਕਾਰ ਦੇ ਹਨ ਇਹ ਸਮਝਾਉਣਾ ਕਰੋ:

**ਅਥ ਜੋਗ**: ਅਥ = ਹੁਣ ਭਾਵ ਪਿਛਲੀ ਵਿਚਾਰ ਤੋਂ ਬਾਅਦ ਹੁਣ ਜੋਗ ਦਾ ਵਰਣਨ ਕਰਦੇ ਹਨ:

### ਸੈਯਾ ਛੰਦ॥ 'ਅੰਗ ਜੋਗ ਕੇ ਅਸ਼ਟ ਗਿਨੀਜਹਿ; ਜਮ, ਅਰ ਨੇਮ, ਸੁ ਆਸਨ ਤੀਨ।

ਜੋਗ ਦੇ ਅੰਗ ਭਾਵ ਹਿੱਸੇ ਅਸ਼ਟ = ਅੱਠ ਗਿਨੀਜਹਿ = ਗਿਣੇ ਜਾਂਦੇ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ ੧. ਯਮ, ਅਰ = ਅਤੇ ੨. ਨੇਮ, ੩. ਸੁ = ਉਹ ਤੀਨ = ਤੀਸਰਾ ਆਸਨ ਹੈ।

### ਪ੍ਰਾਣਾਯਾਮ, ਰੁ ਪ੍ਰਤਾਯਹਾਰਹਿ; ਔਰ ਧਾਰਨਾ ਧਯਾਨ, ਪ੍ਰਬੀਨ।

੪. ਪ੍ਰਾਣਾਯਾਮ ਰੁ = ਔਰ, ੫. ਪ੍ਰਤਾਯਹਾਰਹਿ, ਔਰ = ਅਤੇ ੬. ਧਾਰਨਾ, ੭. ਧਯਾਨ ਹੈ।

### ਅਸ਼ਟਮ ਅੰਗ ਸਮਾਧਿ, ਲਖੀਜੈ; ਪੂਰਬ ਯਮ: ਪੰਦਰਾ ਬਿਧਿ ਚੀਨ।

ਅਸ਼ਟਮ = ਅੱਠਵਾਂ ੮. ਜੋਗ ਦਾ ਅੰਗ ਸਮਾਧੀ ਲਖੀਜੈ = ਜਾਣ ਲਉ, ਇਥੇ ਤਕ ਯੋਗ ਦੇ ਅੱਠ ਅੰਗਾਂ ਦੀ ਗਿਣਤੀ ਕੀਤੀ ਹੈ, ਹੁਣ ਇਹਨਾਂ ਸਾਰਿਆਂ ਦਾ ਵਿਸਥਾਰ ਕਰਨਗੇ, ਵਿਸਥਾਰ ਕਰਨ ਲਈ ਯੋਗ ਦਾ ਪਹਿਲਾ ਅੰਗ ਯਮ ਲੈ ਰਹੇ ਹਨ

**੧ ਜੋਗ ਦਾ ਪਹਿਲਾ ਅੰਗ ਯਮ[1] ਸ਼ੁਰੂ ਹੋਇਆ**: ਪੂਰਬ = ਪਹਿਲਾਂ ਯੋਗ ਦੇ ਅੱਠ ਅੰਗਾਂ ਵਿੱਚੋਂ ਯਮ ਅੰਗ ਦਾ ਵਿਸਥਾਰ ਕਰਨਗੇ ਕਿ ਇਹ ਪੰਦਰਾਂ ਬਿਧਿ = ਕਿਸਮਾਂ ਦਾ ਚੀਨ = ਜਾਣ ਲਉ। ਹੁਣ ਇਸਦੀਆਂ ਪੰਦਰਾਂ ਕਿਸਮਾਂ ਵਰਣਨ ਕਰਨਗੇ।

### ਲਯ, ਵਿਖੇਪ, ਪਰਮਾਦਿ, ਜੁ ਨਿੰਦ੍ਰਾ; ਇਨ ਚਾਰਨ ਤੇ ਮਨ ਹੁਇ ਹੀਨ॥੧॥

੧. ਲਯ ਉਸ ਹਾਲਤ ਨੂੰ ਕਹਿੰਦੇ ਹਨ ਜੋ ਸਾਧਨ ਕਰਦਿਆਂ ਹੋਇਆਂ ਸੁਖ ਜਿਹਾ ਮਹਿਸੂਸ ਹੋਣਾ, ਉਸ ਸੁਖ ਵਿਚ ਲਯ = ਲੀਨ ਹੋ ਜਾਣਾ ਭਾਵ ਸੁਰਤਿ ਭੁੱਲ ਜਾਣੀ, ਇਹ ਵੀ ਜਾਪ ਦੇ ਵਿਚ ਰੁਕਾਵਟ ਮੰਨੀ ਜਾਂਦੀ ਹੈ, ਇਸਦਾ ਨਾਮ ਲਯ ਹੈ, ੨. ਵਿਖੇਪ = ਮਨ ਦਾ ਨਾ ਟਿਕਣਾ, ਖਿੰਡਾਅ ਵਿਚ ਹੋ ਜਾਣਾ।

---

੧. ਯੋਗ ਦਰਸ਼ਨ ਵਿਚ ਪੰਜ ਯਮ ਗਿਣੇ ਹਨ ਪਰ ਯਾਗਵਲਕ ਸਿੰਮ੍ਰਤੀ ਪਾਰਸਕਾਰ ਗ੍ਰਹ ਸੂਤਰਾਂ ਵਿਚ ਯਮ ੧੦ ਗਿਣੇ ਹਨ, ਪਰ ਭਾਈ ਸਾਹਿਬ ਨੇ ਉਪਰ ਪੰਦਰਾਂ ਦਾ ਵੇਰਵਾ ਦਿੱਤਾ, ਇਸ ਲਈ ਜਾਣਕਾਰੀ ਲਈ ਛੁੱਟ ਨੋਟ ਦਿੱਤਾ ਗਿਆ ਹੈ।

੩. ਪਰਮਾਦਿ = ਜਾਨਣੇ ਯੋਗ ਵਸਤੂ ਨੂੰ ਜਾਣਦੇ ਹੋਏ ਵੀ ਨਾ ਜਾਨਣਾ, ਇਸ ਗ਼ਫਲਤਾ ਨੂੰ ਪਰਮਾਦ ਕਹਿੰਦੇ ਹਨ। ੪. ਨਿੰਦ੍ਰਾ = ਨੀਂਦ ਆ ਜਾਣੀ, ਇਨ = ਇਹਨਾਂ ਚਾਰਨ = ਚਾਰਾਂ ਤੋਂ ਮਨ ਹੀਨ = ਰਹਿਤ ਹੋ ਜਾਵੇ, ਇਹ ਪਹਿਲਾ ਨਿਰਆਲਸਤਾ ਯਮ ਹੈ॥੧॥

## ਜਥਾ ਲਾਭ ਸੰਤੁਸ਼ਟ ਰਹਿਨ ਦ੍ਵੈ; 'ਮੌਨ' ਤਜਨਿ ਮਿਥ੍ਯਾ ਬਚ ਹੋਇ।

ਜਥਾ ਲਾਭ ਤਥਾ ਸੰਤੁਸ਼ਟ ਭਾਵ ਜੋ ਵਸਤੂ ਪ੍ਰਾਪਤ ਹੋਵੇ, ਉਸ ਵਿਚ ਸੰਤੁਸ਼ਟ ਹੋਣਾ, ਲਾਲਚ, ਤ੍ਰਿਸਨਾ ਵਿਚ ਨਾ ਜਾਣਾ, ਇਹ ਦੂਸਰਾ ਯਮ ਸੰਤੋਖ ਹੈ।

**੩. ਮੌਨ ਯਮ :** ਮਿਥਿਆ ਬਚ = ਬਚਨਾਂ ਦਾ ਤਜਨਿ = ਤਿਆਗ ਕਰ ਦੇਣਾ, ਭਾਵ ਬਿਨਾਂ ਵਿਚਾਰ ਤੋਂ ਵਾਧੂ ਗੱਲਾਂ ਕਰਨੀਆਂ, ਇਸ ਨੂੰ ਤਿਆਗ ਦੇਣਾ, ਇਹ ਤੀਸਰਾ ਯਮ ਮੌਨ ਹੋਇ = ਹੁੰਦਾ ਹੈ।

**੪. ਇੰਦ੍ਰਹਿ ਨਿਗ੍ਰਹਿ ਯਮ :**

## ਸ਼ਬਦਾਦਿਕ ਕੇ ਵਿਖਯ ਤਯਾਗਨਿ; 'ਇੰਦ੍ਰਯ ਨਿਗ੍ਰਹਿ' ਯਾਂ ਕੋ ਜੋਇ।

ਸ਼ਬਦਾਦਿਕ ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਵਿਸ਼ਿਆਂ ਨੂੰ ਤ੍ਯਾਗਨਿ = ਛੱਡ ਦੇਣਾ ਤੇ ਜੋਇ = ਜੋ ਵਿਸ਼ਿਆਂ ਨੂੰ ਗ੍ਰਹਿਣ ਕਰਨ ਵਾਲੇ ਪੰਜ ਗਿਆਨ ਇੰਦ੍ਰਿਆਂ ਨੂੰ ਨਿਗ੍ਰਹਿ = ਰੋਕਣਾ ਭਾਵ ਵਿਸ਼ਿਆਂ ਤੋਂ ਵਰਜਣਾ, ਯਾਂ ਕੋ = ਇਸ ਚੌਥੇ ਯਮ ਦਾ ਨਾਮ 'ਇੰਦ੍ਰਹਿ ਨਿਗ੍ਰਹਿ ਯਮ' ਹੈ।

**੫. ਦਯਾ ਭੂਤ ਯਮ :**

## 'ਦਯਾ' ਭੂਤ ਪ੍ਰਾਣੀ ਸੰਗ ਵੈਰ ਨ; 'ਆਰਜਵ' ਬਿਨਾ ਕੁਟਲਤਾ ਜੋਇ।

ਕਿਸੇ ਵੀ ਪ੍ਰਾਣੀ = ਪ੍ਰਾਣਾਧਾਰੀ ਜੀਵ ਸੰਗ = ਨਾਲ ਵੈਰ ਨਾ ਕਰਨਾ ਤੇ ਦਇਆ ਦਾ ਭੂਤ = ਰੂਪ ਹੋਣਾ, ਇਹ ਪੰਜਵਾਂ ਦਇਆ ਯਮ ਹੈ।

**੬. ਆਰਜਵ ਯਮ :** ਜੋਇ = ਜੋ ਕੁਟਲਤਾ = ਟੇਢਤਾਈ ਤੋਂ ਬਿਨਾਂ ਹੋਣਾ ਭਾਵ ਸਨਮੁਖ ਹੋਣਾ, ਇਹ ਛੇਵਾਂ ਆਰਜਵ ਯਮ ਹੈ।

**੭. ਦਾਖਣ ਯਮ :**

## 'ਦਾਖਣ' ਵਿਵਹਾਰਨ ਮਹਿਂ ਚਾਤੁਰ; ਆਗ੍ਰਹਿ ਕੋ ਤ੍ਯਾਗਨੋ ਸੋਇ॥੨॥

(ਪਾਠਾਂਤ੍ਰ ਅੱਗ੍ਰਾਹ)

ਹਰ ਇਕ ਵਿਵਹਾਰ ਮਹਿਂ = ਵਿਚ ਚਾਤੁਰ = ਸਿਆਣਾ ਹੋਣਾ, ਤੇ ਆਗ੍ਰਹਿ = ਹਠ ਕੋ = ਦਾ ਤ੍ਯਾਗਨੋ = ਤਿਆਗ ਕਰਨਾ, ਸੋਇ = ਇਹ ਸੱਤਵਾਂ ਦਾਖਣ ਯਮ ਹੈ॥੨॥

**੮. ਨਿਰਦੰਭਤਾ ਯਮ :**

## ਮਨ ਤੇ ਕਰੈ ਨ ਦੰਭ ਕਮਾਵੈ; ਇਕ ਲਾਲਸ ਕਰਿਬੇ ਕਲ੍ਯਾਨ।

(ਪਾਠਾਂਤ੍ਰ ਮਨ ਤੇ ਕਦੇ)

ਮਨ ਤੇ = ਤੋਂ ਭਾਵ ਮਨ ਕਰਕੇ ਦੰਭ = ਪਖੰਡ ਨਾ ਕਮਾਵੈ = ਕਮਾਉਣਾ ਕਰੇ ਭਾਵ ਦਿਖਾਵਾ ਕੁੱਝ ਹੋਰ ਕਰਨਾ ਤੇ ਕਰਮ ਕੁਝ ਹੋਰ ਕਰਨਾ, ਇਸ ਨੂੰ ਪਖੰਡ ਕਹਿੰਦੇ ਹਨ। ਜੈਸਾ ਕਿ :

**ਰਹਤ ਅਵਰ ਕਛੁ ਅਵਰ ਕਮਾਵਤ॥** *(ਗਉੜੀ ਸੁਖਮਨੀ ਮ: ੫, ਅੰਗ ੨੬੯)*

ਕੇਵਲ ਇਕ ਆਪਣੀ ਕਲਿਆਨ ਦੀ ਲਾਲਸ = ਇੱਛਾ ਕਰਿਬੇ = ਕਰਨੀ, ਕਿ ਮੇਰਾ ਭਲਾ ਹੋਵੇ, ਅਤੇ :

**ਪਰਾਰਬਧ ਕਰਿ ਪ੍ਰਾਪਤ ਹੋਇ ਜੁ; ਤਿਸ ਕੋ ਬਰਤੈ ਆਨੰਦ ਮਾਨਿ।**

ਜੋ ਪਦਾਰਥ ਪਰਾਲਬਧ ਕਰਮ ਕਰਕੇ ਪ੍ਰਾਪਤ ਹੋਇ = ਹੋਵੇ, ਤਿਸ = ਉਸ ਕੋ = ਨੂੰ ਮਨ ਦੇ ਵਿਚ ਆਨੰਦ ਮੰਨ ਕੇ ਬਰਤੈ = ਵਰਤ ਲਵੇ ਭਾਵ ਚੰਗਾ ਪਦਾਰਥ ਮਿਲੇ ਜਾ ਰੁੱਖਾ ਸੁੱਕਾ ਮਿਲੇ, ਆਨੰਦ ਧਾਰ ਕੇ ਛੱਕ ਲਵੇ ਅਤੇ :

**ਹੇਰਿ ਪਦਾਰਥ ਅਪਰਨ ਕੇ ਢਿਗ; ਨਹਿੰ ਮਤਸ਼ਰ ਕੋ ਧਰਹੁ ਸੁਜਾਨ।**

ਹੇ ਸੁਜਾਨ = ਬੁੱਧੀਵਾਨੋਂ ਗੁਰਸਿੱਖੋ ! ਅਪਰਨ = ਦੂਸਰਿਆਂ ਕੇ = ਦੇ ਢਿਗ = ਕੋਲ ਪਦਾਰਥ ਹੇਰਿ = ਦੇਖ ਕੇ ਮਤਸ਼ਰ = ਈਰਖਾ ਕੋ = ਨੂੰ ਆਪਣੇ ਹਿਰਦੇ ਵਿਚ ਨਹਿ = ਨਾ ਧਰਹੁ = ਧਾਰੇ ਭਾਵ ਕਿ ਅਸੀਂ ਨੰਗ ਭੁੱਖ ਨਾਲ ਗੁਜ਼ਾਰਾ ਕਰਦੇ ਹਾਂ, ਇਹਨਾਂ ਦਾ ਪਦਾਰਥਾਂ ਨਾਲ ਘਰ ਭਰਿਆ ਪਿਆ ਹੈ। ਇਸ ਤਰ੍ਹਾਂ ਦੀ ਈਰਖਾ ਨਾ ਕਰੇ, ਇਹ ਅੱਠਵਾਂ ਨਿਰਦੰਭਤਾ ਯਮ ਹੈ।

**੯. ਆਸਤੱਕਜ ਯਮ** :

**'ਆਸਤੱਕਜ' ਜੋ ਗ੍ਰੰਥ ਮੁਕਤਿ ਦੇ; ਤਿਨ ਮਹਿ ਵਿਸ਼ਵਾਸ਼ੀ ਮਨ ਜਾਨ ॥੩॥**

ਜੋ ਗ੍ਰੰਥ ਮੁਕਤੀ ਦੇ ਦੇਣ ਵਾਲੇ ਹਨ ਭਾਵ ਸੰਸਾਰ ਤੋਂ ਜੰਮਣ ਮਰਨ ਦਾ ਛੁਟਕਾਰਾ ਕਰਾਉਣ ਵਾਲੇ ਹਨ, ਤਿਨ = ਉਹਨਾਂ ਗ੍ਰੰਥਾਂ ਵਿਚ ਆਸਤੱਕਜ = ਆਸਤਕ ਭਾਵਨਾ ਭਾਵ ਮਨ ਵਿਚ ਵਿਸ਼ਵਾਸ ਜਾਨੋ = ਜਾਨਣਾ ਕਿ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਭਾਈ ਗੁਰਦਾਸ ਜੀ ਦੀ ਰਚਨਾ, ਭਾਈ ਨੰਦ ਲਾਲ ਜੀ ਦੀ ਰਚਨਾ, ਰਹਿਤਨਾਮੇ ਆਦਿ, ਇਹ ਨੌਵਾਂ ਆਸਤੱਕਜ ਯਮ ਹੈ ॥੩॥

**੧੦. ਮਾਰਦਵ ਯਮ** :

**ਕੋਮਲਤਾ ਕੋ ਕਹੈਂ 'ਮਾਰਦਵ'; ਉਰ ਨਿਸ਼ਕ੍ਰੋਧ 'ਛਿਮਾ' ਇਸ ਨਾਮ।**

ਜੋ ਮਨ ਅੰਦਰ ਕੋਮਲਤਾ = ਨਿਰਮਾਈ ਵਾਲਾ ਸੁਭਾਅ ਹੈ, ਇਸ ਕੋ = ਨੂੰ ਦਸਵਾਂ ਮਾਰਦਵ ਯਮ ਕਹੈ = ਕਹਿੰਦੇ ਹਨ।

**੧੧ ਖਿਮਾ ਯਮ** : ਉਰ = ਹਿਰਦੇ ਵਿਚ ਨਿਸ਼ਕ੍ਰੋਧ = ਕ੍ਰੋਧ ਤੋਂ ਰਹਿਤ ਹੋਣਾ, ਇਸ ਦਾ ਨਾਮ (ਗਿਆਰ੍ਹਵਾਂ) ਛਿਮਾ ਯਮ ਹੈ।

**੧੨. ਭਾਵ ਸ਼ੁੱਧ ਯਮ** :

**ਰਜ ਤਮ ਗੁਣ ਬਿਨ ਅੰਤਸ਼ਕਰਣੰ; 'ਭਾਵ ਸ਼ੁੱਧ' ਭਾਖਹਿੰ ਅਭਿਰਾਮ।**

ਅੰਤਸ਼ਕਰਣ ਨੂੰ ਰਜੋ, ਤਮੋ ਗੁਣਾਂ ਦੇ ਪ੍ਰਭਾਵ ਤੋਂ ਬਿਨ = ਰਹਿਤ ਕਰਨਾ ਅਤੇ ਸਤੋ ਗੁਣ ਦੁਆਰਾ ਅਭਿਰਾਮ = ਸੋਹਣਾ, ਸ਼ੁੱਧ ਸਾਫ਼ ਰੱਖਣਾ, ਇਸ ਨੂੰ (ਬਾਰ੍ਹਵਾਂ) ਭਾਵ ਸ਼ੁੱਧ ਯਮ ਭਾਖਹਿ = ਕਹਿੰਦੇ ਹਨ।

**੧੩. ਅਹਿੰਸਾ ਯਮ** :

**ਪਰ ਕੋ ਪੀਰ ਨ ਦੇ ਬਚ ਕ੍ਰਮ ਤੇ; ਨਾਮ 'ਅਹਿੰਸਾ' ਲਖਿ ਸੁਖ ਧਾਮ।**

ਬਚ = ਬਾਣੀ ਕਰਕੇ ਤੇ ਕ੍ਰਮ = ਕਰਮ (ਸਰੀਰ) ਕਰਕੇ ਪਰ = ਪਰਾਏ ਨੂੰ ਪੀਰ = ਪੀੜ ਨਾ ਦੇਵੇ, ਇਸ ਨੂੰ ਸੁੱਖਾਂ ਦਾ ਧਾਮ = ਘਰ ਲਖਿ = ਜਾਣ ਲਉ ਤੇ ਇਸ ਦਾ ਨਾਮ (ਤੇਰ੍ਹਵਾਂ) ਅਹਿੰਸਾ ਯਮ ਹੈ।

**੧੪. ਬ੍ਰਹਮਚਰਜ ਯਮ :**

## ਬ੍ਰਹਮਚਰਜ ਸੋ ਅਸ਼ਟ ਪ੍ਰਕਾਰਨਿ; ਮੈਥੁਨ ਤਜਾਗਨਿ ਹ੍ਵੈ ਨਿਸ਼ਕਾਮ ॥੪॥

ਅਸ਼ਟ = ਅੱਠ ਪ੍ਰਕਾਰਨਿ = ਪ੍ਰਕਾਰ ਦੇ ਮੈਥੁਨ = ਕਾਮ ਕ੍ਰੀੜਾਂ ਨੂੰ ਤਿਆਗਣਾ ਤੇ ਨਿਸ਼ਕਾਮ = ਕਾਮਨਾ ਤੋਂ ਰਹਿਤ ਹੋਣਾ ਭਾਵ ਨਿਰਇੱਛਤਾ ਰਹਿਣਾ, ਸੋ = ਉਹ ਚੌਦਵਾਂ ਬ੍ਰਹਮਚਰਜ ਯਮ ਹੈ ॥੪॥

ਅੱਠ ਪ੍ਰਕਾਰ ਦਾ ਮੈਥਨ ਇਸ ਪ੍ਰਕਾਰ ਹੈ :

## ਸਿਮਰਣ, ਸ਼੍ਵਣ, ਕੇਲ ਅਰ ਦੇਖਣ; ਗੁਹਜ ਭਾਖਣ, ਸੰਕਲਪ ਸੁ ਕੀਨ।

੧. ਸਿਮਰਣ = ਕਾਮ ਵਾਸ਼ਨਾ ਲਈ ਇਸਤ੍ਰੀ ਨੂੰ ਯਾਦ ਕਰਨਾ, ੨. ਸ਼੍ਵਣ = ਕਾਮ ਵਾਸ਼ਨਾ ਧਾਰ ਕੇ ਇਸਤ੍ਰੀਆਂ ਦੀਆਂ ਗੱਲਾਂ ਸੁਣਨੀਆਂ, ੩. ਕੇਲ = ਕਲੋਲਾਂ ਕਰਨੀਆਂ ਭਾਵ ਅੰਦਰ ਕਾਮ ਵਾਸ਼ਨਾ ਰੱਖ ਕੇ ਇਸਤ੍ਰੀ ਨਾਲ ਖੇਡਣਾ, ਅਰ = ਅਤੇ, ੪. ਦੇਖਣ = ਮੰਦੀ ਵਾਸ਼ਨਾ ਨਾਲ ਦੇਖਣਾ (ਤੱਕਣਾ), ੫. ਗੁਹਜ = ਛਿਪ ਕੇ ਮਿਲਣਾ, ੬. ਭਾਖਣ = ਇਸਤ੍ਰੀ ਦੇ ਸਰੀਰ ਦਾ ਜਸ ਕਰਨਾ, ੭. ਸੁ = ਉਸ ਸੰਕਲਪ = ਭੋਗ ਕਿਰਿਆ ਦਾ ਪੱਕਾ (ਦ੍ਰਿੜ੍ਹ) ਇਰਾਦਾ ਕੀਨ = ਕਰ ਲੈਣਾ।

## ਅੱਧਿਵਸਾਯੰ, ਕ੍ਰਿਯਾ ਨਿਵਰਤੈ; ਇਹ ਮੈਥੁਨ ਅਸ਼ਟਾਂਗ ਬਿਹੀਨ।

੮. ਅੱਧਿਵਸਾਯੰ = ਉਸ ਵਿਚ ਪ੍ਰਵੇਸ ਹੋ ਜਾਣਾ ਭਾਵ ਇਸਤਰੀ ਨਾਲ ਮੈਥੁਨ ਦੀ ਕਿਰਿਆ ਕਰਨ ਲੱਗ ਜਾਣਾ ਤੇ ਨਿਵਰਤੈ = ਬਿੰਦ ਦਾ ਪਾਤ ਹੋ ਜਾਣਾ, ਇਹ ਅਸ਼ਟਾਂਗ = ਅੱਠ ਪ੍ਰਕਾਰ ਦੇ ਮੈਥੁਨ ਤੋਂ ਬਿਹੀਨ = ਰਹਿਤ ਹੋਣਾ ਭਾਵ ਤਿਆਗਣਾ, ਇਸ ਦਾ ਨਾਮ (ਚੌਦਵਾਂ) ਬ੍ਰਹਮਚਰਜ ਯਮ ਹੈ।

**੧੫. ਸਿੰਮ੍ਰਤੀ ਤੇ ਧ੍ਰਿਤੀ ਯਮ :**

## ਜਨਮ ਰੋਗ ਦੁਖ ਤਥਾ ਜਰਾ ਦੁਖ; ਤ੍ਰੈ ਕੋ ਚਿਤਵਨ ਸਿੰਮ੍ਰਤ ਚੀਨ।

ਜਨਮ ਵੇਲੇ ਦਾ ਅਸਹਿ ਦੁਖ ਜੋ ਮਾਤਾ ਪਿਤਾ ਤੋਂ ਪਤਾ ਲੱਗਿਆ ਕਿ ਜਨਮ ਵੇਲੇ ਤੂੰ ਬਹੁਤ ਦੁਖੀ ਹੋਇਆ ਅਤੇ ਕਿਸੇ ਰੋਗ = ਬਿਮਾਰੀ ਦੇ ਲੱਗ ਜਾਣ ਦਾ ਦੁਖ, ਤਥਾ = ਇਸੇ ਤਰ੍ਹਾਂ ਜਰਾ = ਬੁਢਾਪੇ ਦਾ ਦੁਖ ਭਾਵ ਬਿਰਧ ਹੋਣ ਵਿਚ ਬਹੁਤ ਦੁਖ ਹਨ, ਇਹਨਾਂ ਤ੍ਰੈ = ਤਿੰਨਾਂ ਕੋ = ਨੂੰ ਚਿਤਵਨੀ ਦੇ ਵਿਚ ਜਾਣ ਕੇ ਯਾਦ ਰੱਖਣਾ ਭਾਵ ਇਹਨਾਂ ਤਿੰਨਾਂ ਨੂੰ ਬਦਲ ਬਦਲ ਕੇ ਯਾਦ ਕਰਨਾ ਕਿ ਹੁਣ ਜੇ ਮੇਰਾ ਦੁਬਾਰੇ ਜਨਮ ਹੋਇਆ ਤਾਂ ਜਨਮ ਵੇਲੇ ਦਾ ਫੇਰ ਭਿਆਨਕ ਦੁਖ ਤੇ ਮਾਤਾ ਦੇ ਗਰਭ ਦਾ ਦੁਖ ਤੇ ਫਿਰ ਕੋਈ ਭਿਆਨਕ ਰੋਗ ਨਾ ਲੱਗ ਜਾਵੇ ਜਾਂ ਫੇਰ ਜਿਹੜਾ ਪਹਿਲਾਂ ਰੋਗ ਲੱਗਿਆ ਸੀ ਕਿਤੇ ਦੁਬਾਰੇ ਫੇਰ ਨਾ ਲੱਗ ਜਾਵੇ ਕਿ ਇਤਨਾ ਚਿਰ ਮੈਂ ਮੰਜੇ 'ਤੇ ਪਿਆ ਰਿਹਾ ਸੀ ਤੇ ਬੁਢਾਪੇ ਦੇ ਆਉਣ ਤੋਂ ਪਹਿਲਾਂ ਹੀ ਬੁਢਾਪੇ ਦੇ ਦੁੱਖਾਂ ਨੂੰ ਚੇਤੇ ਕਰਨਾ ਕਿ ਬੁਢਾਪੇ ਵਿਚ ਪੈਰਾਂ ਤੋਂ ਤੁਰਿਆ ਨਹੀਂ ਜਾਣਾ, ਫਿਰ ਕਿਸ ਦਾ ਸਹਾਰਾ ਲਵਾਂਗਾ ਅਰ ਕਿਵੇਂ ਦਿਨ ਕੱਟਾਂਗਾ ਬੁਢਾਪੇ 'ਚ ਅੱਖਾਂ ਤੋਂ ਦਿਸੇਗਾ ਨਹੀਂ, ਕੰਨਾਂ ਤੋਂ ਸੁਣੇਗਾ ਨਹੀਂ, ਜੀਭ ਤੋਂ ਸ਼ੁੱਧ ਬਚਨ ਨਹੀਂ ਬੋਲ ਹੋਣੇ, ਸਰੀਰ ਵਿਚ ਕਫ਼ ਵੱਧ ਜਾਵੇਗੀ, ਇਉਂ ਜੰਮਣ ਦੇ ਦੁਖ, ਰੋਗ ਦੇ ਦੁਖ, ਬੁਢਾਪੇ ਦੇ ਦੁਖ ਇਹਨਾਂ ਤਿੰਨਾਂ ਨੂੰ ਚਿਤਵੀ ਜਾਣਾ, ਇਹ ਪੰਦਰ੍ਹਵਾਂ ਸਿੰਮ੍ਰਤੀ ਤੇ ਧ੍ਰਿਤੀ ਯਮ ਹੈ, ਇਸ ਨੂੰ ਚੀਨ = ਜਾਨਣਾ ਕਰੋ ਕਿ ਕਈਆਂ ਨੇ ਧ੍ਰਿਤੀ ਨੂੰ ਵੱਖਰਾ ਤੇ ਸਿੰਮ੍ਰਤੀ ਨੂੰ ਵੱਖਰਾ ਮੰਨਿਆ ਹੈ, ਪਰ ਇਹ ਇਕ ਦੇ ਹੀ ਦੋ ਨਾਮ ਹਨ।

## ਮਨ ਤਨ ਪ੍ਰਾਣ ਰਿਖੀਕਿਨ ਦੁਖ ਤੇ; ਨਿਸਚਲ ਰਹੈ ਸੁ ਧ੍ਰਿਤ ਪ੍ਰਬੀਨ ॥੫॥

ਹੇ ਪ੍ਰਬੀਨ = ਸਿਆਣੇ ਖ਼ਾਲਸਾ ਜੀ! ਮਨ ਕਰਕੇ, ਤਨ = ਸਰੀਰ ਕਰਕੇ, ਪ੍ਰਾਣਾਂ ਕਰਕੇ ਤੇ

ਰਿਖੀਕਿਨ = ਇੰਦ੍ਰੀਆਂ ਕਰਕੇ ਜੋ ਦੁਖ ਹੁੰਦਾ ਹੈ, ਇਹਨਾਂ ਵੱਲੋਂ ਜੋ ਨਿਸਚਲ = ਅਚੱਲ ਰਹਿਣਾ ਹੈ ਸੁ = ਉਸ ਦਾ ਨਾਮ ਧ੍ਰਿਤੀ ਹੈ, ਧ੍ਰਿਤੀ ਤੇ ਸਿੰਮ੍ਰਤੀ ਦੋਵੇਂ ਇੱਕੋ ਵਿਚ ਆ ਜਾਂਦੇ ਹਨ। ਲੱਛਣ ਦਾ ਫ਼ਰਕ ਹੋਣ ਕਰਕੇ ਅਰਥ ਅਲੱਗ-ਅਲੱਗ ਕਰ ਦਿੱਤੇ ਹਨ। ਪੰਦਰ੍ਹਵਾਂ ਸਿੰਮ੍ਰਤੀ ਤੇ ਧ੍ਰਿਤੀ ਯਮ ਹੈ॥੫॥

## ਯਮ ਦਸ ਪੰਚ ਕਹੇ ਇਕ ਅੰਗਹਿ; ਦੂਸਰ ਅੰਗ ਨੇਮ ਅਠ ਸਾਤ।

ਜਿਸ ਦੇ ਵਿਚ ਪਹਿਲਾ ਅੰਗ 'ਯਮ' ਦਸ + ਪੰਚ = ਪੰਦਰਾਂ ਪ੍ਰਕਾਰ ਦਾ ਕਿਹਾ ਹੈ, ਸੋ ਇਥੇ ਯੋਗ ਦਾ ਪਹਿਲਾ ਅੰਗ ਯਮ ਸਮਾਪਤ ਹੋਇਆ। ਹੁਣ ਜੋ ਜੋਗ ਦਾ ਦੂਸਰਾ ਅੰਗ ਨੇਮ ਹੈ, ਉਹ ਭੀ ਅਠ + ਸਾਤ = ਪੰਦਰਾਂ ਕਿਸਮ ਦਾ ਕਹਿਣਗੇ।

੨. ਜੋਗ ਦਾ ਦੂਸਰਾ ਅੰਗ ਨੇਮ ਸ਼ੁਰੂ ਹੋਇਆ:

**੧. ਇਸ਼ਨਾਮ ਨੇਮ:**

## ਸਮੈ ਉਚਿਤ ਅਸ਼ਨਾਨ ਕਰੈ ਜਲ; ਜੋਗ ਸਾਧਯ ਇਹ ਸੌਚ ਸੁ ਗਾਤ।

ਇਸ਼ਨਾਨ ਦਾ ਉਚਿਤ = ਜੋਗ ਸਮੈ = ਸਮਾਂ ਭਾਵ ਠੀਕ ਸਮਾਂ, ਜੋ ਵੇਦਾਂ, ਸ਼ਾਸਤਰਾਂ ਤੇ ਗੁਰਬਾਣੀ ਵਿਚ ਅੰਕਿਤ ਹੈ ਕਿ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਨਾ, ਇਕ ਇਸ਼ਨਾਨ ਉਹ ਹੈ, ਜੋ ਆਪਣੀ ਮਨਮੱਤ ਅਨੁਸਾਰ ਕਰਨਾ, ਉਹ ਦਰੁਸਤ ਨਹੀਂ, ਮਨਮੱਤ ਦਾ ਇਸ਼ਨਾਨ ਕਿਹਾ ਜਾਂਦਾ ਹੈ, ਇਸ ਲਈ ਅੰਮ੍ਰਿਤ ਵੇਲੇ ਤਾਜ਼ੇ ਜਲ = ਪਾਣੀ ਇਸ਼ਨਾਨ ਕਰਨ ਨਾਲ ਯੋਗ ਸਾਧਨੇ ਲਈ ਗਾਤ = ਸਰੀਰ ਦੀ ਸੌਚ = ਸ਼ੁੱਧੀ ਹੋ ਜਾਂਦੀ ਹੈ ਭਾਵ ਤਨ ਦੇ ਨਾਲ ਮਨ ਦਾ ਸੰਬੰਧ ਜੁੜਿਆ ਹੋਇਆ ਹੈ, ਇਸ ਲਈ ਤਨ ਦੀ ਮਲੀਨਤਾ ਵੀ ਤੇ ਤਨ ਦੀ ਸ਼ੁੱਧੀ ਵੀ ਮਨ ਨੂੰ ਪ੍ਰਭਾਵਿਤ ਕਰਦੀ ਹੈ, ਸੋ ਇਸ ਲਈ ਇਹ ਗੁਰਮਤਿ ਵਿਚ ਅੰਮ੍ਰਿਤ ਵੇਲੇ ਦੇ ਇਸ਼ਨਾਨ ਨੂੰ ਪਹਿਲ ਦਿੱਤੀ ਗਈ ਹੈ। ਜੈਸਾ ਕਿ:

**ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥** *(ਬਸੰਤ ਮ: ੫, ਅੰਗ ੧੧੮੫)*

**ਵਾ: ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।**

*(ਭਾਈ ਗੁਰਦਾਸ ਜੀ ਵਾਰ ੨੮, ਪਉੜੀ ੧੫)*

ਇਉਂ ਗੁਰਬਾਣੀ ਤੇ ਭਾਈ ਗੁਰਦਾਸ ਜੀ ਦੇ ਪਰਮਾਣ ਨਾਲ ਅੰਮ੍ਰਿਤ ਵੇਲੇ ਇਸ਼ਨਾਨ ਨੇਮ ਦੀ ਬਾਤ ਸਿੱਧ ਹੋ ਜਾਂਦੀ ਹੈ, ਇਹ ਪਹਿਲਾ ਇਸ਼ਨਾਨ ਨੇਮ ਹੈ।

**੨. ਅੰਤਹਕਰਣ ਸੌਚ ਨੇਮ:**

## ਅੰਤਹਕਰਣ ਸੌਚ ਇਮ ਜਾਨੋ; ਭਾਵ ਸ਼ੁੱਧ ਯਮ ਤੇ ਹੁਇ ਜਾਤਿ।

ਇਮ = ਇਸ ਤਰ੍ਹਾਂ ਜਾਨੋ = ਜਾਨਣਾ ਕਰੋ ਕਿ ਅੰਤਹਕਰਣ ਭਾਵ ਮਨ, ਬੁੱਧ, ਚਿੱਤ, ਹੰਕਾਰ ਦੀ ਸੌਚ = ਸੁੱਚਤਾ ਉਪਰੋਕਤ ਦੱਸੇ ਬਾਰ੍ਹਵੇਂ ਭਾਵ ਸ਼ੁੱਧ ਯਮ ਤੋਂ ਸ਼ੁੱਧੀ ਹੁਇ = ਹੋ ਜਾਤਿ = ਜਾਂਦੀ ਹੈ, ਇਹ ਦੂਸਰਾ ਅੰਤਹਕਰਣ ਸੌਚ ਨੇਮ ਹੈ।

**੩. ਕ੍ਰਿਤੂ ਨੇਮ:**

## ਜੋਗ ਸਾਧਿਬੇ ਮਹਿਂ ਪ੍ਰਭੁ ਪੂਜਨ; 'ਕ੍ਰਿਤੂ' ਨਾਮ ਨੇਮ ਸੁ ਬੱਖਯਾਤ॥੬॥

ਜੋਗ ਸਾਧਿਬੇ = ਸਾਧਨਾ ਕਰਨ ਲੱਗਿਆਂ ਪਹਿਲਾਂ ਪ੍ਰਭੂ ਦਾ ਪੂਜਨ ਕਰਨਾ ਭਾਵ ਅੰਮ੍ਰਿਤ ਵੇਲੇ

ਇਸ਼ਨਾਨ ਕਰਕੇ ਪਰਮੇਸ਼ਰ ਦਾ ਨਾਮ ਲੈਣਾ ਤੇ ਅਰਦਾਸ ਕਰਕੇ ਮੱਥਾ ਟੇਕਣਾ, ਇਸ ਤੀਸਰੇ ਨੇਮ ਨੂੰ ਕ੍ਰਿਤੂ ਨਾਮ ਕਰਕੇ ਬੱਖਜਾਤ = ਪ੍ਰਗਟ ਕਰਦੇ ਹਨ ॥੬॥

**੪. ਸੱਤਜ ਨੇਮ :**

## ਸੱਤਜ ਅਰਥ ਲੇ ਕਹੈ 'ਸੱਤਜ' ਸੋ; ਪ੍ਰਣਵ ਜਾਪ ਕੋ 'ਜਪੁ' ਕਹਿਯੰਤਿ।

ਜੋ ਸੱਤਜ = ਸੱਤ ਹੈ, ਸੋ = ਉਸ ਦੇ ਅਰਥ ਨੂੰ ਹਿਰਦੇ ਵਿਚ ਲੇ = ਲੈ ਕਰਕੇ ਸੱਚ ਹੀ ਭਾਵ ਨੂੰ ਕਹੈ = ਕਥਨ ਕਰੇ, ਇਹ ਚੌਥਾ ਸੱਤਜ ਨੇਮ ਹੈ।

**੫. ਜਪ ਨੇਮ :** ਪ੍ਰਣਵ = ਓਅੰਕਾਰ ਦਾ ਜਾਪ ਕਰਨਾ ਭਾਵ ਨਾਮ ਜਪਣਾ, ਇਹ ਪੰਜਵਾਂ ਜਪ ਨੇਮ ਕਹਿਯੰਤਿ = ਕਿਹਾ ਜਾਂਦਾ ਹੈ।

**੬. ਹੋਮ ਨੇਮ :**

## ਜਠਰਾਗਨ ਮਹਿਂ ਜੁਗਤ ਅਹਾਰੰ; ਹੋਮਹਿ ਭਲੇ 'ਹੋਮ' ਲਖਿਯੰਤਿ।

ਜਠਰਾਗਨ = ਪੇਟ ਦੀ ਅਗਨੀ ਜੋ ਭੁੱਖ ਆਦਿ ਲਾਉਂਦੀ ਤੇ ਖਾਧੇ, ਪੀਤੇ ਨੂੰ ਹਜ਼ਮ ਕਰਦੀ ਹੈ, ਉਸ ਨੂੰ ਜਠਰਾਗਨ ਕਹਿੰਦੇ ਹਨ, ਉਸ ਨੂੰ ਸ਼ਾਂਤ ਕਰਨ ਦੇ ਲਈ ਜੁਗਤੀ ਨਾਲ ਅਹਾਰੰ = ਭੋਜਨ ਛਕਣਾ ਭਾਵ ਅਲਪ ਅਹਾਰੀ ਹੋਣਾ, ਜੇ ਚਾਰ ਰੋਟੀਆਂ ਦੀ ਲੋੜ ਹੈ ਤਾਂ ਤਿੰਨ ਖਾਣੀਆਂ ਇਸ ਜੁਗਤ ਨਾਲ ਭੋਜਨ ਛੱਕ ਪੇਟ ਦੀ ਅੱਗ ਬੁਝਾਉਣੀ ਤੇ ਜੋ ਪੇਟ ਦੀ ਅਗਨੀ ਵਿਚ ਜੋ ਭੋਜਨ ਜਾਣਾ ਹੈ, ਇਹ ਪੇਟ ਦੀ ਅਗਨੀ ਨੂੰ ਭਲੀ ਪ੍ਰਕਾਰ ਹੋਮਹਿ = ਹੋਮ ਕਰਨਾ, ਇਸ ਨੂੰ ਛੇਵਾਂ ਹੋਮ ਨੇਮ ਲਖਿਯੰਤਿ = ਜਾਣ ਲਉ। ਗੁਰਮਤਿ ਵਿਚ ਇਸ ਨਿਯਮ ਨੂੰ ਇਸ ਤਰ੍ਹਾਂ ਕਿਹਾ ਹੈ। ਜੈਸਾ ਕਿ :

**ਬਾਬਾ ਹੋਰ ਖਾਣਾ ਖੁਸੀ ਖੁਆਰੁ ॥ ਜਿਤ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥**

*(ਸਿਰੀਰਾਗੁ ਮਃ ੧, ਅੰਗ ੧੭)*

ਇਹ ਕਥਨ ਕੀਤਾ ਹੈ ਕਿ ਹੇ ਭਾਈ! ਜਿਹੜਾ ਖਾਣਾ ਖਾਣ ਤੋਂ ਬਾਅਦ ਤਨ ਨੂੰ ਪੀੜਤ ਕਰਦਾ ਹੈ ਅਤੇ ਮਨ ਵਿਚ ਵਿਕਾਰ ਪੈਦਾ ਕਰਦਾ ਹੈ, ਇਸ ਤਰ੍ਹਾਂ ਦੇ ਤਮੋ ਗੁਣ ਭੋਜਨ ਮਾਸ, ਸ਼ਰਾਬ ਆਦਿ ਬਿਬਰਜਿੱਤ ਹਨ, ਇਸ ਦੀ ਥਾਂ ਸਤੋਮਈ ਭੋਜਨ ਖਾਣਾ ਚਾਹੀਏ, ਜੋ ਸਰੀਰ ਨੂੰ ਨਰੋਆ ਰੱਖੇ ਤੇ ਮਨ ਵਿਚ ਵਿਕਾਰ ਨਾ ਪੈਦਾ ਕਰੇ ਅਤੇ ਜਠਰਾਗਨੀ ਵਿਚ ਹੋਮ ਦਾ ਕੰਮ ਵੀ ਕਰੇ ਭਾਵ ਭੁੱਖ ਵੀ ਮਿਟਾਵੇ। ਕਲਗ਼ੀਧਰ ਪਾਤਸ਼ਾਹ ਨੇ ਵੀ ਇਸ ਨਿਯਮ ਨੂੰ ਇਉਂ ਕਿਹਾ ਹੈ। ਜੈਸਾ ਕਿ :

**ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥** *(ਸ੍ਰੀ ਦਸਮ ਗ੍ਰੰਥ, ਸ਼ਬਦ ਹਜ਼ਾਰੇ)*

**੭. ਤਰਪਣ ਨੇਮ :**

## 'ਤਰਪਣ' ਜਲ ਪੀਵਹਿ ਸੁਰਸਰਿਕੇ; ਇੰਦ੍ਰੀ ਨਿੱਗ੍ਰਹਿ 'ਤਪ' ਸੁ ਤਪੰਤਿ।

ਸੁਰਸਰਿਕੇ = ਗੰਗਾ ਦਾ ਜਲ ਪੀਵਹਿ = ਪੀਵਣਾ ਭਾਵ ਗੰਗਾਵਤ ਸ਼ੁੱਧ ਜਲ ਪੀਣਾ ਤੇ ਮੈਲਾ, ਕੁਚੈਲਾ ਅਸ਼ੁੱਧ ਪਾਣੀ ਨਾ ਛਕਣਾ ਜੋ ਸਿਹਤ ਨੂੰ ਖ਼ਰਾਬ ਕਰ ਦੇਵੇ ਭਾਵ ਬਿਮਾਰੀਆਂ ਦਾ ਕਰਨ ਬਣ ਜਾਵੇ, ਐਸਾ ਜਲ ਕਦੇ ਨਾ ਛਕਣਾ, ਕੇਵਲ ਸ਼ੁੱਧ ਸੁੱਚਾ ਜਲ ਛਕਣਾ ਜੋ ਸਿਹਤ ਨੂੰ ਤੰਦਰੁਸਤੀ ਪ੍ਰਦਾਨ ਕਰਦਾ ਹੈ, ਇਹ ਸੱਤਵਾਂ ਤਰਪਣ ਨੇਮ ਹੈ।

**੮. ਤਪ ਨੇਮ :**

ਇੰਦ੍ਰੀਆਂ ਨੂੰ ਮਾੜੇ ਪਾਸੇ ਤੋਂ ਨਿੱਗ੍ਰਹਿ = ਰੋਕਣ ਰੂਪ ਜੋ ਤਪ ਕਰਨਾ ਹੈ, ਇਹ ਤਪ ਦਾ ਤਪੰਤਿ = ਤਪਾਉਣਾ ਹੈ, ਜਿਵੇਂ ਕੁੱਝ ਲੋਕ ਜੇਠ ਦੇ ਮਹੀਨੇ ਵਿਚ ਚਾਰ ਧੂਣੀਆਂ ਤੇ ਪੰਜਵੀਂ ਸੂਰਜ ਰੂਪ ਧੂਣੀ ਦਾ ਸੇਕ ਜਿਸ ਦੇ ਨਾਲ ਤਨ ਤਪਦਾ ਹੈ ਜਿਸਦਾ ਕੋਈ ਲਾਭ ਨਹੀਂ, ਪਰ ਪੰਜੇ ਗਿਆਨ ਇੰਦ੍ਰਿਆਂ ਨੂੰ ਵਿਸ਼ਿਆਂ ਵੱਲੋਂ ਜਾਣ ਤੋਂ ਰੋਕਣਾ ਜਿਸ ਵਿਚ ਮਨ ਨੂੰ ਕਸ਼ਟ ਹੁੰਦਾ ਹੈ ਕਿਉਂਕਿ ਮਨ ਇੰਦ੍ਰਿਆਂ ਦੁਆਰਾ ਵਿਸ਼ਿਆਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਪਰ ਜਦੋਂ ਪੰਜ ਗਿਆਨ ਇੰਦ੍ਰਿਆਂ ਨੂੰ ਪੰਜ ਧੂਣੀਆਂ ਦੀ ਨਿਆਈਂ ਵਿਸ਼ਿਆਂ ਵੱਲੋਂ ਜਾਣ ਤੋਂ ਰੋਕ ਲਿਆ, ਅੱਖਾਂ ਨੂੰ ਰੂਪ ਵੱਲੋਂ, ਕੰਨਾਂ ਨੂੰ ਨਿੰਦਿਆ ਵੱਲੋਂ, ਚਮੜੀ ਨੂੰ ਸਪਰਸ਼ਤਾ ਦੇ ਵਿਸ਼ੇ ਵੱਲੋਂ, ਨਾਸਿਕਾ ਨੂੰ ਮਨ ਚੰਚਲ ਕਰਨ ਵਾਲੀ ਸੁਗੰਧੀ ਵੱਲੋਂ, ਰਸਨਾ ਨੂੰ ਮਨ ਚੰਚਲ ਕਰਨ ਵਾਲੇ ਖਾਣਿਆਂ ਵੱਲੋਂ ਅਤੇ ਕਰਮ ਇੰਦ੍ਰਿਆਂ ਨੂੰ ਵੀ ਇਸੇ ਤਰ੍ਹਾਂ ਰੋਕਣਾ, ਹੱਥਾਂ ਨੂੰ ਚੋਰੀ ਯਾਰੀ ਵੱਲੋਂ, ਪੈਰਾਂ ਨੂੰ ਮੰਦੇ ਪਾਸੇ ਜਾਣ ਵੱਲੋਂ, ਜੀਭ ਨੂੰ ਨਿੰਦਿਆ ਕਰਨ ਵੱਲੋਂ, ਕਾਮ ਇੰਦ੍ਰੇ ਨੂੰ ਭੋਗਣ ਤੋਂ ਇਤਿਆਦਿਕ ਇੰਦ੍ਰਿਆਂ ਨੂੰ ਰੋਕਣ ਰੂਪ ਤਪ ਕਰਨਾ, ਸੋ ਇਹ ਅੱਠਵਾਂ ਤਪ ਨੇਮ ਹੈ।

**੯. ਦਾਨ ਨੇਮ :**

## ਮਮੁਖੀ ਕੋ ਉਪਦੇਸ਼ਨਿ 'ਦਾਨ' ਸੁ; 'ਤਤਿੱਖਯਾ' ਰਾਗ ਰੁ ਦ੍ਵੈਖ ਸਹੰਤਿ ॥੭॥

ਜੋ ਮਮੁਖੀ = ਮੁਕਤੀ ਦੀ ਇੱਛਾ ਰੱਖਣ ਵਾਲਾ ਜਗਿਆਸੂ ਹੈ ਸੁ = ਉਸ ਨੂੰ ਉਪਦੇਸ਼ ਦਾ ਦਾਨ ਦੇਣਾ ਭਾਵ ਜੋ ਗਿਆਨ ਆਪ ਨੂੰ ਹੈ ਉਸੇ ਦੀ ਸਿੱਖਿਆ ਅਧਿਕਾਰੀਆਂ ਨੂੰ ਦੇਣੀ, ਜਿਵੇਂ ਆਪ ਗੁਰਮਤਿ ਨੂੰ ਧਾਰਿਆ ਹੈ, ਉਸੇ ਤਰ੍ਹਾਂ ਹੋਰਨਾਂ ਨੂੰ ਧਾਰਨ ਕਰਾਉਣਾ, ਆਪ ਨਾਮ ਜਪਣਾ ਤੇ ਹੋਰਨਾਂ ਨੂੰ ਜਪਾਉਣਾ। ਜੈਸਾ ਕਿ :

**ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥** *(ਗਉੜੀ ਸੁਖਮਨੀ ਮ: ੫, ਅੰਗ ੨੯੦)*

ਇਹ ਉਪਦੇਸ਼ ਦੇਣ ਰੂਪ ਨੌਂਵਾਂ ਦਾਨ ਨੇਮ ਹੈ।

**੧੦. ਤਤਿੱਖਯਾ ਨੇਮ :**

ਭਾਵੇਂ ਕੋਈ ਰਾਗ = ਪ੍ਰੇਮ ਕਰੀ ਜਾਵੇ ਰੁ = ਅਤੇ ਭਾਵੇਂ ਕੋਈ ਦ੍ਵੈਖ = ਦ੍ਵੈਸ਼ ਕਰੀ ਜਾਵੇ ਭਾਵ ਪ੍ਰੇਮ ਕਰਕੇ ਵਡਿਆਈ ਕਰੇ, ਦ੍ਵੈਸ਼ ਕਰਕੇ ਨਿੰਦਿਆ ਕਰੇ, ਦੋਹਾਂ ਨੂੰ ਇਕ-ਸਮਾਨ ਜਾਣ ਕਰਕੇ ਸਹੰਤਿ = ਸਹਾਰੇ ਅਥਵਾ ਦੁਖ ਸੁਖ, ਭੁੱਖ ਪਿਆਸ, ਮਿਲਣਾ ਵਿਛੜਨਾ, ਗ਼ਰੀਬੀ-ਅਮੀਰੀ, ਗਰਮੀ-ਸਰਦੀ ਇਹਨਾਂ ਸਾਰਿਆਂ ਵਿਚ ਤਤਿੱਖਯਾ ਬਿਰਤੀ ਭਾਵ ਸਮਾਨਤਾ ਬਿਰਤੀ ਰੱਖਣੀ ਇਹ ਦਸਵਾਂ ਤਤਿੱਖਯਾ ਨੇਮ ਹੈ॥੭॥

**੧੧. ਬ੍ਰਤ ਨੇਮ :**

## ਖਾਇ ਅਹਾਰ ਸੂਰ ਸੁਰ 'ਬ੍ਰਤ' ਸੋ; ਖਾਇ ਆਯੁਕਤਿ ਨ ਇਹ 'ਉਪਵਾਸ'।

ਜਦੋਂ ਸੂਰ = ਸੂਰਜ ਦੀ ਸੱਜੀ ਸੁਰ ਭਾਵ ਜਦ ਨੱਕ ਦੇ ਸੱਜੇ ਸੁਰਾਖ਼ ਰਾਹੀਂ ਸੁਆਸ ਆਂਦੇ ਜਾਂਦੇ ਹੋਣ ਉਸ ਵੇਲੇ ਅਹਾਰ = ਭੋਜਨ ਖਾਇ = ਖਾਣਾ ਕਰੇ, ਸੱਜੀ ਸੁਰ ਪਿੰਗੁਲਾ ਤੇ ਖੱਬੀ ਸੁਰ ਇੜਾ ਇਹ ਦੋ ਜਾਂ ਢਾਈ ਘੰਟੇ ਬਾਅਦ ਆਪਣੇ ਆਪ ਬਦਲਦੀਆਂ ਰਹਿੰਦੀਆਂ ਹਨ ਤੇ ਖੱਬੀ ਸੁਰ ਚੰਦਰਮਾ ਦੀ ਹੋਣ ਕਰਕੇ ਇਸ ਵਿਚ ਠੰਢਕ ਹੈ, ਇਹ ਜਠਰਾਗਨੀ ਨੂੰ ਸਲੋਅ ਕਰ ਦੇਂਦੀ ਹੈ ਅਤੇ ਜਦੋਂ ਸੂਰਜ ਦੀ ਸੱਜੀ ਸੁਰ ਪਿੰਗੁਲਾ ਚੱਲਦੀ ਹੋਵੇ ਤਾਂ ਜਠਰਾਗਨੀ ਤੇਜ਼ ਹੋ ਜਾਂਦੀ ਹੈ, ਉਸ ਵਿਚ ਭੋਜਨ ਛਕਿਆਂ ਤੁਰੰਤ ਹਜ਼ਮ ਹੋ ਜਾਂਦਾ ਹੈ, ਜੋਗ ਸਾਧਨਾ ਵਿਚ ਇਹ ਨਿਯਮ ਜ਼ਰੂਰੀ ਹੈ, ਪਰ ਆਮ ਜ਼ਿੰਦਗੀ ਵਿਚ ਵੀ ਇਹ ਮਨੁੱਖ ਲਈ ਲਾਭਦਾਇਕ ਹੈ, ਸੋ ਇਹ ਗਿਆਰ੍ਹਵਾਂ ਬ੍ਰਤ ਨੇਮ ਹੈ।

**੧੨. ਉਪਵਾਸ ਨੇਮ :**

ਆਯੁਕਤਿ = ਜੁਗਤੀ ਤੋਂ ਰਹਿਤ ਭਾਵ ਜੋ ਖਾਣੇ ਦੀ ਜੁਗਤੀ ਹੈ, ਉਸ ਤੋਂ ਉਲਟ ਖਾਣਾ ਤੇ ਜੁਗਤੀ ਇਹ ਹੈ ਕਿ ਜੋ ਵੈਦ, ਹਕੀਮ, ਡਾਕਟਰ ਨੇ ਖਾਣ ਲਈ ਪ੍ਰਹੇਜ਼ ਦੱਸਿਆ ਹੈ, ਉਹ ਪ੍ਰਹੇਜ਼ ਰੱਖਣਾ, ਜੋ ਖਾਣ ਲਈ ਦੱਸਿਆ ਹੈ, ਉਹ ਖਾ ਲੈਣਾ, ਇਹ ਜੁਗਤ ਖਾਣਾ ਹੈ, ਜਿਹੜੇ ਖਾਣੇ ਨੂੰ ਵੈਦ ਹਕੀਮ, ਡਾਕਟਰ ਨੇ ਮਨ੍ਹਾ ਕੀਤਾ ਹੈ, ਉਹ ਖਾ ਲੈਣਾ, ਇਹ ਅਜੁਗਤ ਖਾਣਾ ਹੈ ਜੈਸਾ ਕਿ ਕਿਸੇ ਨੂੰ ਬੁਖ਼ਾਰ ਚੜ੍ਹਿਆ ਹੈ ਵੈਦ, ਹਕੀਮ ਨੇ ਕਹਿ ਦਿੱਤਾ ਕਿ ਤੂੰ ਘਿਉ ਨਹੀਂ ਖਾਣਾ, ਘਿਉ ਖਾਣਾ ਕੁਪੱਥ ਹੋ ਗਿਆ ਤੇ ਖਿੱਚੜੀ ਖਾਣੀ ਪੱਥ ਹੋ ਗਿਆ ਤੇ ਵੈਦ ਹਕੀਮ ਨੇ ਕਹਿ ਦਿੱਤਾ ਨਜਲੇ (ਜ਼ੁਕਾਮ), ਖਾਂਸੀ ਦੀ ਦਵਾਈ ਗਰਮ ਪਾਣੀ ਨਾਲ ਲੈਣੀ ਹੈ, ਗਰਮ ਪਾਣੀ ਨਾਲ ਲੈਣੀ ਪੱਥ ਹੈ ਅਤੇ ਠੰਢੇ ਪਾਣੀ ਨਾਲ ਦਵਾਈ ਲੈਣੀ ਕੁਪੱਥ ਹੈ ਇਹ ਬਾਰ੍ਹਵਾਂ ਉਪਵਾਸ ਨੇਮ ਹੈ।

**੧੩. ਨਿਰਅਗਨੀ ਨੇਮ :**

## 'ਨਿਰਅਗਨੀ' ਸੋ ਅਗਨ ਨ ਤਾਪਹਿ; 'ਇਸਤ੍ਰੀ ਬਰਜਨ' ਸੰਗ ਨ ਤਾਸ।

ਜੋਗ ਸਾਧਨਾ ਵਿਚ ਅਗਨ = ਅੱਗ ਨਾ ਤਾਪਹਿ = ਤਪਾਉਣਾ ਕਰੇ ਭਾਵ ਨਾ ਸੇਕੇ ਕਿਉਂਕਿ ਅੱਗ ਸੇਕਣ ਦੇ ਨਾਲ ਖ਼ੂਨ ਸੁੱਕਦਾ ਹੈ, ਖ਼ੂਨ ਦੀ ਕਮਜ਼ੋਰੀ ਆਉਂਦੀ ਹੈ ਜਾਂ ਫੇਰ ਅੱਗ ਦੇ ਸੇਕਣ ਦੇ ਨਾਲ ਖ਼ੂਨ ਗਾੜ੍ਹਾ ਹੋ ਜਾਂਦਾ ਹੈ ਤੇ ਗਾੜ੍ਹੇ ਖ਼ੂਨ ਦੇ ਕਾਰਨ ਅਧਰੰਗ ਆਦਿ ਬਿਮਾਰੀਆਂ ਲੱਗ ਜਾਂਦੀਆਂ ਹਨ, ਇਸ ਕਰਕੇ ਅੱਗ ਨਾ ਸੇਕਣਾ, ਸੋ ਇਹ ਤੇਰ੍ਹਵਾਂ ਨਿਰਅਗਨੀ ਨੇਮ ਹੈ।

**੧੪. ਇਸਤ੍ਰੀ ਬਰਜਨ ਨੇਮ :**

ਜਿੰਨੀ ਦੇਰ ਤੱਕ ਜੋਗ ਸਾਧਨਾ ਕਰਦਾ ਹੈ, ਉਤਨੀ ਦੇਰ ਤੱਕ ਇਸਤ੍ਰੀ ਦਾ ਸੰਗ ਨਾ ਕਰੇ, ਭਾਵ ਤਾਸ = ਉਸ ਨਾਲ ਭੋਗ ਕਿਰਿਆ ਨਾ ਕਰੇ, ਇਹ ਚੌਦਵਾਂ ਇਸਤ੍ਰੀ ਬਰਜਨ ਨੇਮ ਹੈ।

**੧੫. ਮਾਦਕ ਬਰਜਨ ਨੇਮ :**

## 'ਮਾਦਕ ਬਰਜਨ' ਭੰਗ ਆਦਿ ਜੇ; ਪਾਨਿ ਨ ਕਰਹਿ ਅਮਲ ਨਿਰਜਾਸ।

ਭੰਗ ਆਦਿ ਤੋਂ ਭਾਵ ਕਿ ਭੰਗ ਤੋਂ ਲੈ ਕੇ ਸ਼ਰਾਬ, ਡੋਡੇ, ਅਫ਼ੀਮ ਕੋਈ ਵੀ ਅਮਲ = ਨਸ਼ੇ ਵਾਲਾ ਪਦਾਰਥ ਨਾ ਖਾਵੇ ਤੇ ਪਾਨਿ = ਪੀਵੇ ਨਾ ਭਾਵ ਖਾਣ ਵਾਲੇ ਤੇ ਪੀਣ ਵਾਲੇ ਕਿਸੇ ਵੀ ਨਸ਼ੇ ਦੀ ਵਰਤੋਂ ਨਾ ਕਰੇ ਤੇ ਇਹ ਨਿਰਜਾਸ = ਨਿਸ਼ਚੇ ਕਰਕੇ ਤਿਆਗ ਦੇਵੇ ਕਿ ਇਹ ਸਿਹਤ ਲਈ ਹਾਨੀਕਾਰਕ ਹਨ। ਇਹ ਪੰਦਰ੍ਹਵਾਂ ਮਾਦਕ ਬਰਜਨ ਨੇਮ ਹੈ।

## ਇਹ ਪੰਦ੍ਰਾਂ ਗਿਨ ਨੇਮ ਕਹੇ ਸਭਿ; ਅੰਗ ਜੋਗ ਕੋ ਦੁਤਿਯ ਪ੍ਰਕਾਸ਼ ॥੮॥

ਭਾਈ ਸੰਤੋਖ ਜੀ ਕਹਿੰਦੇ ਹਨ ਕਿ ਇਹ ਭਾਈ ਦਇਆ ਸਿੰਘ ਜੀ ਦੇ ਕਹੇ ਹੋਏ ਕਾਵਿ-ਰਚਨਾ ਵਿਚ ਮੈਂ ਸਭਿ = ਸਾਰੇ ਭਾਵ ਦੁਤਿਯ = ਦੂਸਰੇ ਅੰਗ ਨੇਮ ਦੇ ਪੰਦ੍ਰਾਂ ਪ੍ਰਕਾਰ ਗਿਣ ਕੇ ਪ੍ਰਕਾਸ਼ = ਪ੍ਰਗਟ ਕਰਕੇ ਇਹ ਕਹਿ ਦਿੱਤੇ ਹਨ, ਸੋ ਇਥੇ ਜੋਗ ਦਾ ਦੂਸਰਾ ਅੰਗ ਨੇਮ ਸਮਾਪਤ ਹੋਇਆ ॥੮॥

**੩. ਜੋਗ ਦਾ ਤੀਸਰਾ ਅੰਗ ਆਸਣ ਸ਼ੁਰੂ ਹੋਇਆ :**

## ਲਖ ਚੌਰਾਸੀ ਜੋਨਿ ਜੀਵ ਕੀ ਬੈਠਕ; ਤਿਤੀ ਸੁ ਆਸਨ ਜਾਨਿ।

ਜਿੰਨੇ ਚੌਰਾਸੀ ਲੱਖ ਜੋਨਿ = ਜੂਨਾਂ ਦੇ ਜੀਵ ਹਨ, ਜਿਵੇਂ ਸੁ = ਉਹ ਬੈਠਕ = ਬੈਠਦੇ ਹਨ, ਤਿਤੀ = ਉਤਨੇ ਹੀ ਉਹਨਾਂ ਦੇ ਆਸਣ ਭਾਵ ਬੈਠਣ ਦੇ ਤਰੀਕੇ ਜਾਣ ਲਉ।

## ਤਿਨ ਮਹਿ ਸਾਰ ਚੁਰਾਸੀ ਲਖੀਯਹਿ; ਸਾਰ ਇਨਹੁੰ ਮਹਿ ਖੋੜਸ ਮਾਨ।

ਤਿਨ = ਉਹਨਾਂ ਦੇ ਮਹਿਂ = ਵਿਚ ਚੁਰਾਸੀ ਆਸਣਾਂ ਨੂੰ ਸਾਰ = ਸ੍ਰੇਸ਼ਟ ਲਖੀਯਹਿ = ਜਾਨਣਾ ਕਰੋ, ਫਿਰ ਇਨਹੁੰ = ਇਹਨਾਂ ਚੁਰਾਸੀਆਂ ਦੇ ਵਿੱਚੋਂ ਖੋੜਸ = ਸੋਲਾਂ ਸਾਰ = ਸ੍ਰੇਸ਼ਟ ਮਾਨ = ਮੰਨੇ ਹਨ **ਵਾ:** ਮੰਨ ਲਉ।

## 'ਸ੍ਵਸਤ', 'ਪਦਮ', 'ਗੋਮੁਖ', ਅਰੁ, 'ਹੰਸੰ'; ਆਸਨ ਚਾਰ ਬ੍ਰਹਮਾ ਕੇ ਸਜਾਨ।

**੧. ਸ੍ਵਸਤ ਆਸਣ :** ਬਿਲਕੁਲ ਸਿੱਧੇ ਹੋ ਕੇ ਬੈਠਣਾ ਸਾਵਧਾਨ ਹੋ ਕੇ ਬੈਠਣਾ ਇਹ ਸ੍ਵਸਤ ਆਸਣ ਹੈ।

**੨. ਪਦਮ ਆਸਣ :** ਖੱਬਾ ਪੈਰ ਸੱਜੇ ਪੱਟ 'ਤੇ ਰੱਖਣਾ, ਸੱਜਾ ਪੈਰ ਖੱਬੇ ਪੱਟ 'ਤੇ ਰੱਖਣਾ, ਫਿਰ ਪਿੱਛੇ ਨੂੰ ਬਾਹਵਾਂ ਕਰਕੇ ਦੋਨੋਂ ਪੈਰਾਂ ਦੇ ਅੰਗੂਠੇ ਪਕੜ ਕੇ ਤੇ ਰੀੜ੍ਹ ਦੀ ਹੱਡੀ ਸਿੱਧੀ ਕਰਕੇ ਬੈਠੇ ਭਾਵ ਸਿੱਧਾ ਹੋ ਕੇ ਬੈਠਣਾ ਇਹ ਪਦਮ ਆਸਣ ਹੈ।

**੩. ਗੋਮੁਖ ਆਸਣ :** ਜਿਵੇਂ ਗਊ ਅੱਗੇ ਨੂੰ ਹੋ ਕੇ ਬੈਠਦੀ ਹੈ, ਇਸ ਤਰ੍ਹਾਂ ਦੀ ਬਣਤਰ ਦਾ ਆਸਣ ਗੋਮੁਖ ਆਸਣ ਹੈ ਅਰੁ = ਅਤੇ।

**੪. ਹੰਸੰ ਆਸਣ :** ਜਿਵੇਂ ਹੰਸ ਬੈਠਦਾ ਹੈ, ਉਸ ਤਰ੍ਹਾਂ ਦੀ ਬਣਤਰ ਵਰਗਾ ਆਸਣ ਹੰਸੰ ਆਸਣ ਹੈ ਇਹ ਚਾਰੇ (ਸ੍ਵਸਤ, ਪਦਮ, ਗੋਮੁਖ, ਹੰਸ) ਆਸਣ ਬ੍ਰਹਮਾ ਦੇ ਸਜਾਨ = ਸਿਆਨਣ ਕਰੋ ਭਾਵ ਜਾਨਣਾ ਕਰੋ।

## 'ਗਰੁੜ', 'ਨਾਗ', 'ਕੂਰਮ', 'ਨਰਸਿੰਘਹਿ'; ਚਾਰਹੁ ਬਿਸ਼ਨੁ ਕੇਰ ਪਹਿਚਾਨ ॥੯॥

**੫. ਗਰੁੜ ਆਸਣ :** ਜਿਸ ਪ੍ਰਕਾਰ ਗਰੁੜ ਪੰਛੀ ਬੈਠਦਾ ਹੈ, ਉਸ ਤਰ੍ਹਾਂ ਦੀ ਬਣਤਰ ਦਾ ਆਸਣ ਗਰੁੜ ਆਸਣ ਹੈ।

**੬. ਨਾਗ ਆਸਣ :** ਜਿਵੇਂ ਨਾਗ (ਸੱਪ) ਕੁੰਡਲੀ ਮਾਰ ਕੇ ਬੈਠਦਾ ਹੈ, ਇਸ ਤਰ੍ਹਾਂ ਦੀ ਬਣਤਰ ਵਰਗਾ ਨਾਗ ਆਸਣ ਹੈ।

**੭. ਕੂਰਮ ਆਸਣ :** ਜਿਵੇਂ ਕੱਛੂਕੁੰਮਾ ਬੈਠਦਾ ਹੈ, ਉਸ ਤਰ੍ਹਾਂ ਗਿੱਟਿਆਂ ਦੇ ਭਾਰ ਹੋ ਕੇ ਬੈਠਣਾ ਇਹ ਕੂਰਮ ਆਸਣ ਹੈ।

**੮. ਨਰਸਿੰਘਹਿ ਆਸਣ :** ਬਾਹਵਾਂ ਦੀਆਂ ਕੁਹਣੀਆਂ ਦੇ ਭਾਰ ਬੈਠਣਾ, ਹੱਥਾਂ ਦੇ ਪੰਜੇ ਅੱਗੇ ਕਰਕੇ ਬੈਠਣਾ ਜਿਵੇਂ ਸ਼ੇਰ ਪੰਜਾ ਅੱਗੇ ਕਰਕੇ ਬੈਠਦਾ ਹੈ, ਇਹ ਨਰਸਿੰਘਹਿ ਆਸਣ ਹੈ, ਇਹ ਚਾਰਹੁ = ਚਾਰੇ (ਗਰੁੜ; ਨਾਗ, ਕੂਰਮ, ਨਰਸਿੰਘਹਿ) ਆਸਣ ਬਿਸ਼ਨੁ = ਵਿਸ਼ਨੂੰ ਦੇ ਪਹਿਚਾਨ = ਜਾਨਣਾ ਕਰੋ ॥੯॥

## 'ਵੀਰ', 'ਮਯੂਰ', 'ਵੱਜ੍ਰ', 'ਸਿੱਧ'; ਚਾਰਹੁ ਰੁਦ੍ਰਾਸਨ ਇਹ ਕਰੈ ਬਨਾਇ।

**੯. ਵੀਰ ਆਸਣ :** ਖੱਬਾ ਗੋਡਾ ਧਰਤੀ ਨਾਲ, ਸੱਜਾ ਗੋਡਾ ਖੜਾ ਰੱਖਣਾ ਜਿਵੇਂ ਅੰਮ੍ਰਿਤ ਛਕਾਉਣ ਵੇਲੇ ਆਸਣ ਲਗਾਇਆ ਜਾਂਦਾ ਹੈ, ਇਹ ਵੀਰ ਆਸਣ ਕਹਿਲਾਉਂਦਾ ਹੈ।

**੧੦. ਮਯੂਰ ਆਸਣ :** ਜਿਵੇਂ ਮਯੂਰ = ਮੋਰ ਬੈਠਦਾ ਹੈ, ਦੋ ਕੁਹਣੀਆਂ ਦੇ ਭਾਰ ਬੈਠਣਾ, ਮੋਰ ਦੀਆਂ ਲੱਤਾਂ ਦੇ ਜੋੜ ਦੇ ਤਰੀਕੇ ਨਾਲ ਬੈਠਣਾ ਇਹ ਮਯੂਰ ਆਸਣ ਹੈ।

**੧੧. ਵੱਜ੍ਰ ਆਸਣ :** ਵੱਜ੍ਰ ਨਾਮ ਪੱਥਰ ਦਾ ਹੈ, ਵੱਜ੍ਰ ਦੀ ਨਿਆਈਂ ਅਚੱਲ ਹੋ ਕੇ ਬੈਠਣਾ, ਦੇਰ ਤਕ ਬੈਠਣਾ, ਇਹ ਵੱਜ੍ਰ ਆਸਣ ਹੈ।

**੧੨. ਸਿੱਧ ਆਸਣ :** ਉੱਜਲ ਬਸਤਰ ਬਿਛਾ ਕੇ ਇਸ਼ਨਾਨ ਕਰਕੇ ਸਰੀਰ ਪਵਿੱਤਰ ਕਰ ਲੈਣਾ ਤੇ ਅਡੋਲ ਅੰਗ ਹੋ ਕੇ ਬੈਠਣਾ ਤੇ ਖੱਬੇ ਪੈਰ ਦੀ ਅੱਡੀ ਗੁਦਾ 'ਤੇ ਰੱਖਣੀ ਤੇ ਸੱਜੇ ਪੈਰ ਦੀ ਅੱਡੀ ਇੰਦ੍ਰੀ ਪਰ ਰੱਖਣੀ

ਤੇ ਨਾਸਿਕਾ ਦੇ ਅੱਗੇ ਭਾਵ ਕਰੁਮਲ ਦੇ ਉੱਤੇ ਧਿਆਨ ਟਿਕਾਉਣਾ। ਇਹ ਸਿੱਧ ਆਸਣ ਹੈ। ਇਹ ਚਾਰਹੁ = ਚਾਰੇ (ਵੀਰ, ਮਯੂਰ, ਵੱਜ੍ਰ, ਸਿੱਧ) ਆਸਣ ਰੁਦ੍ਰਾਸਣ = ਸ਼ਿਵਜੀ ਦੀ ਤਰ੍ਹਾਂ ਬਨਾਇ = ਬਣਾ ਕਰਕੇ ਕਰੇ ਕਿਉਂਕਿ ਇਹ ਚਾਰੇ ਆਸਣ ਸ਼ਿਵਜੀ ਦੇ ਕਹੇ ਹਨ।

## ਹੋਤਿ 'ਭਗਾਸਨ' ਕਹੈਂ ਸ਼ਕਤਿ ਕੋ; ਸ਼ਿਵ ਕੋ 'ਪਸਚਮਤਾਨ' ਸੁਹਾਇ ॥

**੧੩. ਭਗਾਸਨ ਆਸਣ** : ਜਿਵੇਂ ਪਾਰਬਤੀ ਦੇਵੀ ਆਸਣ ਲਾਉਂਦੀ ਹੈ ਭਾਵ ਭਗ = ਜੋਨੀ ਭਾਵ ਗੁਪਤ ਅੰਗ 'ਤੇ ਭਾਰ ਦੇ ਕੇ ਬੈਠਣਾ ਇਹ ਭਗਾਸਨ ਆਸਣ ਹੈ।

**੧੪. ਪਸਚਮਤਾਨ ਆਸਣ** : ਲੱਕ ਤੋਂ ਹੇਠਾਂ ਪੱਟ ਤੋਂ ਉੱਪਰ ਦੋ ਪਾਸੇ ਜੋ ਫੁੱਲਿਆ ਹੋਇਆ ਮਾਸ ਹੈ। ਉਹਨਾਂ 'ਤੇ ਭਾਰ ਪਾ ਕੇ ਬੈਠਣਾ ਭਾਵ ਤਪਲਬਾਜ਼ਾਂ ਦੇ ਭਾਰ ਬੈਠਣਾ ਇਹ ਸ਼ਿਵਜੀ ਕੋ = ਦਾ ਪਸਚਮਤਾਨ ਆਸਣ ਸੁਹਾਇ = ਸ਼ੋਭਨੀਕ ਹੈ।

## 'ਧਨੁਖ' 'ਉਤਾਨ' ਦੋਇ ਇਹ; ਸਭਿ ਕੇ ਸੋਲਹਿ ਆਸਨ ਦਏ ਬਤਾਇ।

ਇਹ ਦੋ ਹੋਰ ਹਨ :

**੧੫. ਧਨੁਖ ਆਸਣ** : ਦੂਰ ਤਕ ਖੁੱਲ੍ਹਾ ਚੌਕੜਾ ਮਾਰ ਕੇ ਭਾਵ ਧਨੁੱਖ ਵਾਂਗ ਲੱਤਾਂ ਫਲਾ ਕੇ ਬੈਠਣਾ ਇਹ ਧਨੁਖ ਆਸਣ ਹੈ।

**੧੬. ਉਤਾਨ ਆਸਣ** : ਬਾਹਵਾਂ ਫਲਾ ਕੇ ਆਸਣ ਲਾਇਆ ਜਾਵੇ, ਇਹ ਉਤਾਨ ਆਸਣ ਹੈ, ਸਭਿ = ਸਾਰਿਆਂ ਨੂੰ ਮਿਲਾ ਕੇ ਇਹ ਸੋਲਾਂ ਆਸਣ ਬਤਾਇ = ਦੱਸ ਦਏ = ਦਿੱਤੇ ਹਨ।

## ਪਖਜਾਂਤਰ ਖੋੜਸ ਮਹਿ ਚਾਰਹੁ; ਹੈਂ ਸ੍ਰੇਸਟ ਸੋ ਦੇਉਂ ਸੁਨਾਇ ॥੧੦॥

ਪਖਜਾਂਤਰ = ਇਕ ਹੋਰ ਪੱਖ ਦੇ ਅਨੁਸਾਰ ਇਹਨਾਂ ਖੋੜਸ = ਸੋਲਾਂ ਆਸਣਾਂ ਦੇ ਮਹਿ = ਵਿੱਚੋਂ ਚਾਰਾਂ ਨੂੰ ਸ੍ਰੇਸ਼ਟ ਮੰਨਿਆ ਹੈ, ਸੋ = ਉਹ ਪੱਖ ਮੈਂ ਤੁਹਾਨੂੰ ਸੁਨਾਇ = ਸੁਣਾ ਦਿੰਦਾ ਹਾਂ ॥੧੦॥

## 'ਸਿੰਘ', 'ਪਦਮ', 'ਸਿਧ', ਭੱਦ੍ਰ ਚਾਰ ਗਿਨ; ਇਨ ਮਹਿ ਦ੍ਵੈ ਸ੍ਰੇਸਟ ਲਖਿਜੰਤ।

ਉਪਰੋਕਤ ਸੋਲਾਂ ਦੇ ਵਿੱਚੋਂ ਇਹ ਚਾਰ (ਸਿੰਘ (ਨਰਸਿੰਘਹਿ), ਪਦਮ, ਸਿੱਧ, ਭੱਦ੍ਰ (ਵੱਜ੍ਰ) ਆਸਣ ਸ੍ਰੇਸ਼ਟ ਗਿਣੇ ਗਏ ਹਨ, ਫਿਰ ਇਹਨਾਂ ਦੇ ਚਾਰਾਂ ਦੇ ਵਿੱਚੋਂ ਦੋ ਸ੍ਰੇਸ਼ਟ ਲਖਿਜੰਤ = ਜਾਣ ਲਉ।

## 'ਸਿਧ', 'ਪਦਮ' ਇਨ ਦ੍ਵੈ ਮਹਿ 'ਸਿਧ' ਬਰ; ਇਸ ਪ੍ਰਕਾਰ ਆਸਨ ਕਰਿਯੰਤ।

ਸਿਧ ਤੇ ਪਦਮ ਆਸਣ ਇਹਨਾਂ ਦੋਨਾਂ ਦੇ ਵਿੱਚੋਂ ਸਿਧ ਆਸਣ ਬਰ = ਸ੍ਰੇਸ਼ਟ ਹੈ ਇਸ ਪ੍ਰਕਾਰ ਇਥੇ ਸੋਲਾਂ ਪ੍ਰਕਾਰ ਦੇ ਆਸਣ ਦੱਸ ਕੇ ਜੋਗ ਦੇ ਤੀਸਰੇ ਅੰਗ ਆਸਣ ਦੀ ਵਿਚਾਰ ਸਮਾਪਤ ਕਰਿਯੰਤ = ਕੀਤੀ ਹੈ।

**੪. ਜੋਗ ਦਾ ਚੌਥਾ ਅੰਗ ਪ੍ਰਾਣਾਯਾਮ ਸ਼ੁਰੂ ਹੋਇਆ** :

## ਪ੍ਰਾਣਾਯਾਮ ਤ੍ਰਿਧਾ, ਇਕ 'ਉਤਮ'; 'ਮੱਧਜਮ', ਅਰੁ 'ਕਨਿਸਟ', ਜਨਿਯੰਤ।

ਇਹ ਪ੍ਰਾਣਾਯਾਮ ਤ੍ਰਿਧਾ = ਤਿੰਨ ਪ੍ਰਕਾਰ ਦਾ ਹੈ, ੧. ਇਕ ਉਤਮ = ਸ੍ਰੇਸ਼ਟ, ੨. ਮੱਧਜਮ = ਵਿਚਕਾਰਲਾ ਭਾਵ ਦੂਸਰੇ ਦਰਜੇ ਦਾ ਅਰੁ = ਅਤੇ, ੩. ਕਨਿਸ਼ਟ = ਘਟੀਆ ਜੋ ਤੀਸਰੇ ਦਰਜੇ ਦਾ ਜਨਿਯੰਤ = ਜਾਣਿਆ ਜਾਂਦਾ ਹੈ।

**੧. ਕਨਿਸ਼ਟ ਪ੍ਰਾਣਾਯਾਮ :**

## ਦ੍ਵਾਦਸ ਮਾਤ੍ਰ ਚੰਦ ਕਰਿ ਪੂਰੈ; ਕੁੰਭਕ ਸ਼ਕਤਿ ਪ੍ਰਮਾਣ ਰਖੰਤਿ ॥੧੧॥

ਚੰਦ ਸੁਰ ਤੋਂ ਭਾਵ ਖੱਬੀ ਨਾਸਕਾ ਇੜਾ ਦੁਆਰਾ ਦ੍ਵਾਦਸ = ਬਾਰਾਂ ਮਾਤ੍ਰਾ ਭਾਵ ਬਾਰਾਂ ਵਾਰ ਓਅੰ ਓਅੰ ਦਾ ਉਚਾਰਨ ਕਰਦਿਆਂ ਪੂਰੈ = ਸੁਆਸਾਂ ਨੂੰ ਦਸਮ ਦੁਆਰ ਵਿਚ ਚੜ੍ਹਾਉਣਾ ਭਾਵ ਸੁਆਸਾਂ ਨੂੰ ਖਿੱਚਣਾ ਤੇ ਜਿੰਨੀ ਓਅੰਕਾਰ ਕਹਿਣ ਦੀ ਪ੍ਰਮਾਣ = ਗਿਣਤੀ ਦੀ ਸ਼ਕਤੀ ਹੋਵੇ ਉਤਨਾ ਦਸਮ ਦੁਆਰ ਵਿਚ ਕੁੰਭਕ = ਸੁਆਸਾਂ ਨੂੰ ਠਹਿਰਾ ਕੇ ਰਖੰਤਿ = ਰੱਖਣਾ ਭਾਵ ਚੌਵੀ ਵਾਰ ਓਅੰ ਓਅੰ ਉਚਾਰਦਿਆਂ ਪ੍ਰਾਣ ਠਹਿਰਾਉਣੇ ॥੧੨॥

## ਰੇਚੈ ਖੋੜਸ ਮਾਤ੍ਰ ਸੂਰਜ ਕਰਿ; ਪ੍ਰਾਣਾਯਾਮ 'ਕਨਿਸ਼ਟ' ਪਛਾਨ।

ਸੂਰਜ ਸੁਰ ਤੋਂ ਭਾਵ ਨਾਸਿਕਾ ਦੇ ਸੱਜੇ ਸੁਰਾਖ ਰਾਹੀਂ ਭਾਵ ਪਿੰਗਲਾ ਦੁਆਰਾ ਖੋੜਸ = ਸੋਲਾਂ ਮਾਤ੍ਰ ਭਾਵ ਸੋਲਾਂ ਬਾਰ ਓਅੰ ਓਅੰ ਦਾ ਜਾਪ ਕਰਦਿਆਂ ਰੇਚੈ = ਸੁਆਸਾਂ ਨੂੰ ਉਤਾਰਨਾ ਭਾਵ ਬਾਹਰ ਕੱਢਣਾ, ਇਸ ਨੂੰ ਤੀਸਰੇ ਦਰਜੇ ਦਾ ਕਨਿਸ਼ਟ ਪ੍ਰਾਣਾਯਾਮ ਪਛਾਨ = ਪਛਾਣੋ।

**੨. ਮੱਧਜਮ ਪ੍ਰਾਣਾਯਾਮ :**

## ਇਸੈ ਕਰਹਿ ਦੁਗੁਨੀ ਕਹਿਂ 'ਮੱਧਜਮ'; ਤ੍ਰਿਗੁਣੀ ਮਾਤ੍ਰ ਸੁ 'ਉੱਤਮ' ਜਾਨਿ।

ਇਸੇ ਤਰ੍ਹਾਂ ਸੋਲਾਂ ਵਾਰ ਓਅੰ ਓਅੰ ਉਚਾਰਨ ਕਰਦਿਆਂ ਸੁਆਸ ਚੜ੍ਹਾਉਣੇ ਅਤੇ ਸੋਲਾਂ ਵਾਰ ਓਅੰ ਓਅੰ ਉਚਾਰਦਿਆਂ ਪ੍ਰਾਣ ਠਹਿਰਾਉਣੇ ਤੇ ਬੱਤੀ ਵਾਰ ਓਅੰ ਓਅੰ ਉਚਾਰਨ ਕਰਦਿਆਂ ਸੁਆਸ ਉਤਾਰਨੇ, ਇਸ ਨੂੰ (ਦੁ+ਗੁਨੀ) ਦੁ = ਦੂਸਰਾ ਗੁਨੀ = ਗਿਣ ਲਉ ਕਿ ਇਹ ਮੱਧਜਮ ਪ੍ਰਾਣਾਯਾਮ ਹੈ।

**੩. ਉੱਤਮ ਪ੍ਰਾਣਾਯਾਮ :**

ਇਸੇ ਤਰ੍ਹਾਂ ਸੋਲਾਂ ਵਾਰ ਓਅੰ ਓਅੰ ਉਚਾਰਨ ਕਰਦਿਆਂ ਸੁਆਸਾਂ ਨੂੰ ਚੜ੍ਹਾਉਣਾ ਤੇ ਤ੍ਰਿਗੁਣ ਮਾਤ੍ਰ ਭਾਵ ਚੌਹਠ ਵਾਰ ਓਅੰ ਓਅੰ ਉਚਾਰਨ ਕਰਦਿਆਂ ਸੁਆਸ ਠਹਿਰਾਉਣੇ, ਬੱਤੀ ਵਾਰ ਓਅੰ ਓਅੰ ਉਚਾਰ ਕੇ ਪ੍ਰਾਣ ਉਤਾਰਨੇ, ਇਸ ਨੂੰ ਉੱਤਮ ਪ੍ਰਾਣਾਯਾਮ ਜਾਣ ਲਉ ਜਾਂ ਕਿਹਾ ਜਾਂਦਾ ਹੈ। ਸੋ ਇਥੇ ਜੋਗ ਦਾ ਚੌਥਾ ਅੰਗ ਪ੍ਰਾਣਾਯਾਮ ਸਮਾਪਤ ਹੋਇਆ।

***ਨੋਟ :*** ਸ੍ਰੀ ਨਾਰਾਇਣ ਹਰੀ ਉਪਦੇਸ਼ ਗ੍ਰੰਥ ਵਿੱਚ ਹਠਜੋਗ ਨੂੰ ਵਰਣਨ ਕਰਦਿਆਂ ਹੋਇਆਂ ਦੱਸਿਆ ਹੈ ਕਿ ਹਠਜੋਗ ਵਿੱਚ ਪ੍ਰਾਣਾਯਾਮ ਦੇ ਬਹੁਤ ਸਾਰੇ ਔਖੇ ਤੋਂ ਔਖੇ ਤਰੀਕੇ ਹਨ, ਪਰ ਮੁੱਖ ਦੋ ਹਨ ੧.ਚੰਦ੍ਰਾਂਗ ਪ੍ਰਾਣਾਯਾਮ, ੨. ਸੂਰਯਾਂਗ ਪ੍ਰਾਣਾਯਾਮ।

੧. **ਚੰਦ੍ਰਾਂਗ ਪ੍ਰਾਣਾਯਾਮ :** ਇੜਾ ਦੇ ਰਸਤੇ ਭਾਵ ਚੰਦਰਮਾ ਦੀ ਸੁਰ ਦੁਆਰਾ ੧੬ ਵਾਰ ਓਅੰ ਦਾ ਜਾਪ ਕਰਦਿਆਂ ਪ੍ਰਾਣਾਂ ਨੂੰ ਉੱਪਰ ਨੂੰ ਖਿੱਚਣਾ ਭਾਵ ਪੂਰਕ ਕਰਨਾ, ੬੪ ਵਾਰ ਓਅੰ ਦਾ ਜਾਪ ਕਰਦਿਆਂ ਸੁਆਸਾਂ ਨੂੰ ਠਹਿਰਾਉਣਾ ਭਾਵ ਕੁੰਭਕ ਕਰਨਾ, ੩੨ ਵਾਰ ਓਅੰ ਦਾ ਜਾਪ ਕਰਦਿਆਂ ਸੁਆਸਾਂ ਨੂੰ ਸੂਰਜ ਸੁਰ ਭਾਵ ਪਿੰਗਲਾ ਦੁਆਰਾ ਬਾਹਰ ਛੱਡਣਾ ਭਾਵ ਰੇਚਕ ਕਰਨਾ।

੨. **ਸੂਰਯਾਂਗ ਪ੍ਰਾਣਾਯਾਮ :** ਪਿੰਗਲਾ ਦੇ ਰਸਤੇ ਭਾਵ ਸੂਰਜ ਦੀ ਸੁਰ ਦੁਆਰਾ ੧੬ ਵਾਰ ਓਅੰ ਦਾ ਜਾਪ ਕਰਦਿਆਂ ਪ੍ਰਾਣਾਂ ਨੂੰ ਉੱਪਰ ਨੂੰ ਖਿੱਚਣਾ ਭਾਵ ਪੂਰਕ ਕਰਨਾ ਤੇ ੬੪ ਵਾਰ ਓਅੰ ਦਾ ਜਾਪ ਕਰਦਿਆਂ ਸੁਆਸਾਂ ਨੂੰ ਠਹਿਰਾਉਣਾ ਭਾਵ ਕੁੰਭਕ ਕਰਨਾ ਤੇ ੩੨ ਵਾਰ ਓਅੰ ਦਾ ਜਾਪ ਕਰਦਿਆਂ ਸੁਆਸਾਂ ਨੂੰ ਚੰਦਰਮਾ ਦੀ ਸੁਰ ਭਾਵ ਇੜਾ ਦੁਆਰਾ ਬਾਹਰ ਛੱਡਣਾ ਭਾਵ ਰੇਚਕ ਕਰਨਾ।

**੪. ਜੋਗ ਦਾ ਪੰਜਵਾਂ ਅੰਗ ਪ੍ਰੱਤ੍ਯਾਹਾਰ ਸ਼ੁਰੂ ਹੋਇਆ :**

## ਉਠੈ ਬਿਰਤਿ ਇਕ ਗ੍ਰਹਣ ਕਰੈ ਤਿਹ;
## 'ਪ੍ਰੱਤ੍ਯਾਹਾਰ' ਨਾਮ ਪਹਿਚਾਨ।

ਜਿਸ ਵੇਲੇ ਮਨ ਦੇ ਵਿੱਚੋਂ ਇਕ ਅੱਧੀ ਬਿਰਤੀ ਭਾਵ ਫੁਰਨਾ ਉੱਠੇ, ਤਿਹ = ਉਸ ਨੂੰ ਉਸੇ ਵੇਲੇ ਗ੍ਰਹਣ = ਗ੍ਰਸ ਲੈਣਾ ਭਾਵ ਪਕੜ ਲੈਣਾ, ਰੋਕ ਲੈਣਾ ਇਸ ਦਾ ਨਾਮ ਪ੍ਰੱਤਯਾਹਾਰ ਪਹਿਚਾਨ = ਜਾਨਣਾ ਕਰੋ, ਸੋ ਇਥੇ ਜੋਗ ਦਾ ਪੰਜਵਾਂ ਅੰਗ ਪ੍ਰੱਤਯਾਹਾਰ ਸਮਾਪਤ ਹੋਇਆ।

**੬. ਜੋਗ ਦਾ ਛੇਵਾਂ ਅੰਗ ਧਾਰਣਾ ਸ਼ੁਰੂ ਹੋਇਆ :**

## ਬਿਧਿ, ਹਰਿ, ਹਰ[੧] ਕੀ, ਕੈ ਪੰਚ ਤਤ ਕੀ;
## ਕਰਣ 'ਧਾਰਣਾ' ਇਸੈ ਬਖਾਨ ॥੧੨॥

ਜੋਗ ਮੱਤ ਅਨੁਸਾਰ ਚਿਤ ਨੂੰ ਬਿਧਿ = ਬ੍ਰਹਮਾ, ਹਰਿ = ਵਿਸ਼ਨੂੰ, ਹਰ = ਸ਼ਿਵਜੀ ਕੀ = ਦੀ ਸ਼ਕਲ (ਸਰੂਪ) ਕੈ = ਜਾਂ ਪੰਜਾਂ ਤੱਤਾਂ (ਪਉਣ, ਪਾਣੀ, ਅਗਨੀ, ਧਰਤੀ, ਅਕਾਸ਼) ਕੀ = ਦੀ ਸ਼ਕਲ (ਸਰੂਪ) ਨੂੰ ਧਿਆਨ ਵਿਚ ਲਿਆਉਣਾ ਭਾਵ ਬ੍ਰਿਤੀ ਨੂੰ ਇਹਨਾਂ ਵਿਚ ਟਿਕਾਉਣਾ, ਇਸ ਨੂੰ ਧਾਰਣਾ ਬਖਾਨ = ਕਹਿੰਦੇ ਹਨ। ਪਰ ਯੋਗ ਦਰਸ਼ਨ ਵਿਚ ਲਿਖਿਆ ਹੈ ਕਿ ਕਿਸੇ ਦੇਸ਼ ਵਿਚ ਚਿਤ ਨੂੰ ਬੰਨ੍ਹ ਕੇ ਰੱਖਣਾ ਇਹ ਧਾਰਨਾ ਹੈ, ਪਰ ਗੁਰਮਤਿ ਅਨੁਸਾਰ ਦਸੇ ਗੁਰੂ ਸਾਹਿਬਾਨ ਦੇ ਸਰੂਪ ਜਾਂ ਸ਼ਬਦ ਦਾ ਧਿਆਨ ਕਰਨਾ ਇਹ ਧਾਰਣਾ ਹੈ। ਸੋ ਇਥੇ ਜੋਗ ਦਾ ਛੇਵਾਂ ਅੰਗ ਧਾਰਣਾ ਸਮਾਪਤ ਹੋਇਆ ॥੧੨॥

**੭. ਜੋਗ ਦਾ ਸੱਤਵਾਂ ਅੰਗ ਧ੍ਯਾਨ ਸ਼ੁਰੂ ਹੋਇਆ :**

## ਏਕ ਬਿਖੈ ਬ੍ਰਿਤ ਟਿਕਹਿ 'ਧ੍ਯਾਨ' ਸੋ ਲਖਹੁ;
## 'ਸਮਾਧੀ' ਦੋਇ ਪ੍ਰਕਾਰ।

(ਲਖਹੁ ਪਦ ਦੇਹਲੀ ਦੀਪਕ ਹੈ, ਜੋ ਦੋਵੇਂ ਪਾਸੇ ਲੱਗੇਗਾ)

ਇਕ ਬਿਖੈ = ਵਿਸ਼ੇ ਵਿਚ ਮਨ ਦੀ ਬ੍ਰਿਤੀ ਦਾ ਟਿਕੇ ਰਹਿਣਾ ਭਾਵ ਇੱਧਰ ਉੱਧਰ ਨਾ ਜਾਣਾ। ਸੋ ਇਸ ਅਵਸਥਾ ਨੂੰ ਧ੍ਯਾਨ ਲਖਹੁ = ਜਾਣੋ, ਇਥੇ ਜੋਗ ਦਾ ਸੱਤਵਾਂ ਅੰਗ ਧ੍ਯਾਨ ਸਮਾਪਤ ਹੋਇਆ।

**੮. ਜੋਗ ਦਾ ਅੱਠਵਾਂ ਅੰਗ ਸਮਾਧੀ ਸ਼ੁਰੂ ਹੋਇਆ :**

ਸਮਾਧੀ ਦੋਇ = ਦੋ ਪ੍ਰਕਾਰ ਦੀ ਹੈ।

**੧. ਸਵਿਕਲਪ ਸਮਾਧੀ :**

## ਇਕ 'ਸਵਿਕਲਪ' ਦੁਤੀ 'ਨਿਰਵਿਕਲਪ';
## ਅੰਗ ਜੋਗ ਕੇ ਅਸ਼ਟ ਵਿਚਾਰ।

ਇਕ ਸਵਿਕਲਪ ਸਮਾਧੀ ਉਹ ਹੈ ਜਿਸ ਵਿਚ ਤ੍ਰਿਕੁਟੀ ਧਿਆਤਾ ਧਿਆਨ ਧੇਯ ਵੱਖਰੀ-ਵੱਖਰੀ ਪ੍ਰਤੀਤ ਹੋਵੇ।

---

੧. ਜਿਸ 'ਹਰ' ਨੂੰ ਸਿਹਾਰੀ ਨਹੀਂ ਹੈ, ਇਹ ਸ਼ਿਵਜੀ ਦਾ ਵਾਚਕ ਹੈ, ਜਿਥੇ 'ਹਰਿ' ਨੂੰ ਸਿਹਾਰੀ ਹੈ, ਉਹ ਵਿਸ਼ਨੂੰ ਦਾ ਵਾਚਕ ਹੈ।

**੨. ਨਿਰਵਿਕਲਪ ਸਮਾਧੀ :**

ਦੁਤੀ = ਦੂਸਰੀ ਨਿਰਵਿਕਲਪ ਉਹ ਹੈ ਜਿਸ ਵਿਚ ਤ੍ਰਿਕੁਟੀ ਇੱਕੋ ਰੂਪ ਦੇ ਵਿਚ ਪ੍ਰਤੀਤ ਹੋਵੇ। ਧਿਆਨ ਕਰਨ ਵਾਲਾ ਧਿਆਤਾ, ਅੰਤਹਕਰਣ ਦੀ ਬਿਰਤੀ ਧਿਆਨ ਅਤੇ ਜਿਸ ਦਾ ਧੇਯ = ਧਿਆਨ ਕੀਤਾ ਹੋਇਆ ਹੈ ਭਾਵ ਪਰਮੇਸ਼ਰ, ਇਹ ਇਕ ਰੂਪ ਪ੍ਰਤੀਤ ਹੋਣੇ, ਸੋ ਇਥੇ ਜੋਗ ਦਾ ਅੱਠਵਾਂ ਅੰਗ ਸਮਾਧੀ ਸੰਪੂਰਨ ਹੋਇਆ, ਇਹ ਜੋਗ ਦੇ ਅਸ਼ਟ = ਅੱਠ ਅੰਗ ਵਿਚਾਰ ਲਉ, ਜਿਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ, ਇਥੇ ਜੋਗ ਦੇ ਅੱਠ ਅੰਗਾਂ ਦੀ ਵਿਚਾਰ ਸਮਾਪਤ ਹੁੰਦੀ ਹੈ।

ਹੁਣ ਅੱਗੇ ਉਸ ਵਿਚਾਰ ਨੂੰ ਵਿਸਥਾਰ ਨਾਲ ਕਹਿਣਗੇ, ਜੋ ਜਾਗ੍ਰਤ ਅਵਸਥਾ ਦੇ ਬਿਆਲੀ ਭਾਵ ਸਫੁਰਨ ਹੋਣ ਦੀ ਗੱਲ ਅੰਸੂ ੪੨, ਅੰਕ ੧੩ ਵਿਚ ਕਹੀ ਗਈ ਹੈ ਤੇ ਚੌਦਾਂ ਤ੍ਰਿਕੁਟੀਆਂ ਅਧਿਆਤਮ, ਅਧਿਭੂਤ, ਅਧਿਦੇਵ ਅਤੇ ਇਹਨਾਂ ਦੇ ਨਾਲ ਇੰਦ੍ਰੇ ਤੇ ਇੰਦ੍ਰਿਆਂ ਦੇ ਵਿਸ਼ੇ ਅਤੇ ਇੰਦ੍ਰਿਆਂ ਦੇ ਦੇਵਤੇ ਇੰਦ੍ਰਿਆਂ ਨੂੰ ਅਧਿਆਤਮ, ਵਿਸ਼ਿਆਂ ਨੂੰ ਅਧੀਭੂਤ ਤੇ ਇਹਨਾਂ ਦੇ ਦੇਵਤਿਆਂ ਨੂੰ ਅਧਿਦੈਵ ਕਿਹਾ ਹੈ, ਹੁਣ ਇਸ ਵਿਚਾਰ ਨੂੰ ਵਿਸਥਾਰ ਨਾਲ ਕਥਨ ਕਰਨਗੇ।

### ਪੰਜ ਗਿਆਨ ਇੰਦ੍ਰੇ :

## ਸ਼੍ਰੋਤ੍ਰ, ਤੁਚਾ, ਚਖੁ, ਜੀਹ, ਰੁ ਨਾਸਾ; ਗ੍ਯਾਨਿੰਦ੍ਰੀ ਏਹ ਪੰਚ ਉਚਾਰ।

੧. ਸ਼੍ਰੋਤ੍ਰ = ਕੰਨ, ੨. ਤੁਚਾ = ਚਮੜੀ, ੩. ਚਖੁ = ਨੇਤਰ, ੪. ਜੀਹ = ਰਸਨਾ, ਰੁ = ਔਰ ੫. ਨਾਸਾ = ਨਾਸਿਕਾ ਭਾਵ ਨੱਕ ਇਹ ਪੰਜ ਗ੍ਯਾਨ ਇੰਦ੍ਰੇ ਉਚਾਰ = ਉਚਾਰਨ ਕੀਤੇ ਹਨ ਭਾਵ ਜਿਨ੍ਹਾਂ ਦੁਆਰਾ ਗਿਆਨ ਹੁੰਦਾ ਹੈ ੧. ਕੰਨ ਦੁਆਰਾ ਸੁਣ ਕੇ ਕਹੇ ਹੋਏ ਸ਼ਬਦ ਦਾ ਗਿਆਨ ਪ੍ਰਾਪਤ ਹੁੰਦਾ ਹੈ ਕਿ ਕਿਸ ਚੀਜ਼ ਦਾ ਸ਼ਬਦ ਹੈ, ਕਹਿਣ ਵਾਲਾ ਚੰਗਾ ਜਾਂ ਮੰਦਾ ਕਹਿ ਰਿਹਾ ਹੈ, ਉਸ ਦਾ ਗਿਆਨ ਕੰਨ ਦਿੰਦੇ ਹਨ, ੨. ਚਮੜੀ ਨਾਲ ਵਸਤੂ ਸਪਰਸ਼ ਹੋ ਕੇ ਗਿਆਨ ਦਿੰਦੀ ਹੈ ਕਿ ਵਸਤੂ ਗਰਮ ਹੈ ਜਾਂ ਠੰਢੀ ਹੈ ਨਰਮ ਹੈ ਜਾਂ ਸਖ਼ਤ ਹੈ ਇਸ ਤਰ੍ਹਾਂ ਤੁਚਾ ਦੁਆਰਾ ਵੀ ਗਿਆਨ ਪ੍ਰਾਪਤ ਹੁੰਦਾ ਹੈ। ੩. ਨੇਤਰ ਰੂਪ ਦਾ ਗਿਆਨ ਕਰਾਉਂਦੇ ਹਨ ਕਿ ਸੁੰਦਰ ਰੂਪ ਵਾਲਾ ਹੈ ਜਾਂ ਕੋਝੇ ਰੂਪ ਵਾਲਾ ਹੈ, ਸਿੱਧਾ ਹੈ ਜਾਂ ਟੇਢਾ ਹੈ ਨੀਵਾਂ ਹੈ ਜਾਂ ਉੱਚਾ ਹੈ ਇਸ ਤਰ੍ਹਾਂ ਅੱਖਾਂ ਵੀ ਗਿਆਨ ਦਿੰਦੀਆਂ ਹਨ, ੪. ਰਸਨਾ ਜੋ ਰਸ ਦਾ ਗਿਆਨ ਦਿੰਦੀ ਹੈ ਕਿ ਕੌੜਾ ਹੈ ਜਾਂ ਮੀਠਾ ਹੈ, ਕਸੈਲਾ ਹੈ ਜਾਂ ਫਿੱਕਾ, ਲੂਣ ਮਿਰਚਾਂ ਵਾਲਾ ਹੈ, ਇਸ ਤਰ੍ਹਾਂ ਰਸਨਾ ਵੀ ਗਿਆਨ ਦਿੰਦੀ ਹੈ। ੫. ਨਾਸਿਕਾ ਦੁਆਰਾ ਸੁਗੰਧੀ, ਦੁਰਗੰਧੀ ਦਾ ਗਿਆਨ ਹੁੰਦਾ ਹੈ ਕਿ ਦੁਰਗੰਧੀ (ਬਦਬੂ) ਆ ਰਹੀ ਹੈ ਜਾਂ ਫਿਰ ਗਲਿਆ ਸੜਿਆ ਪਸ਼ੂ, ਪੰਛੀ ਹੈ ਜਾਂ ਗੁਲਾਬ ਦੇ ਫੁੱਲਾਂ ਦੀ ਸੁਗੰਧੀ ਆ ਰਹੀ ਹੈ ਜਾਂ ਹੋਰ ਬਹੁਤ ਸਾਰੇ ਪਦਾਰਥਾਂ ਦੀ ਸੁਗੰਧੀ ਦੁਰਗੰਧੀ ਆਉਣੀ ਇਹ ਨੱਕ ਗਿਆਨ ਕਰਾਉਂਦਾ ਹੈ, ਤੇ ਇਹਨਾਂ ਪੰਜਾਂ ਤੋਂ ਗਿਆਨ ਹੋਣ ਕਰਕੇ ਇਹ ਪੰਜ ਗਿਆਨ ਇੰਦ੍ਰੇ (ਕੰਨ, ਚਮੜੀ, ਨੇਤਰ, ਰਸਨਾ, ਨਾਸਿਕਾ) ਹਨ।

### ਪੰਜ ਕਰਮ ਇੰਦ੍ਰੇ :

## ਵਾਕ, ਪਾਨ, ਪਦ, ਗੁਦਾ, ਉਪਸਥੰ; ਪੰਜ ਕਰਮ ਇੰਦ੍ਰੇ ਉਰਧਾਰ ॥੧੩॥

੧. ਵਾਕ = ਜੀਭ, ੨. ਪਾਨ = ਹੱਥ, ੩. ਪਦ = ਪੈਰ, ੪. ਗੁਦਾ (ਮੂਲ ਦੁਆਰ ਭਾਵ ਮਲ ਤਿਆਗ ਦੁਆਰ) ੫. ਉਪਸਥੰ = ਲਿੰਗ ਇਹ ਪੰਜ ਕਰਮ ਇੰਦ੍ਰੇ ਹਨ ਉਰਧਾਰ = ਵਿਚਾਰ ਲਉ ਕਿ ਜਿਨ੍ਹਾਂ ਦੁਆਰਾ ਕਿਰਿਆ ਹੁੰਦੀ ਹੈ। ੧. ਜੀਭ ਜਿਸ ਦੁਆਰਾ ਬੋਲਣ ਦੀ ਕਿਰਿਆ ਹੋ ਰਹੀ ਹੈ। ੨. ਹੱਥ ਜਿਨ੍ਹਾਂ ਦੁਆਰਾ

ਪਕੜਨ ਦੀ ਕਿਰਿਆ ਹੋ ਰਹੀ ਹੈ ਭਾਵ ਲੈਣ-ਦੇਣ ਦੀ ਕਿਰਿਆ ਹੋ ਰਹੀ ਹੈ। ੩. ਪੈਰਾਂ ਨਾਲ ਚੱਲਣ ਦੀ ਕਿਰਿਆ ਹੋ ਰਹੀ ਹੈ। ੪. ਗੁਦਾ ਰਾਹੀਂ ਮਲ ਕੱਢਣ ਦੀ ਕਿਰਿਆ ਭਾਵ ਪੇਟ ਸਾਫ਼ ਕਰਨ ਦੀ ਕਿਰਿਆ ਹੋ ਰਹੀ ਹੈ। ੫. ਲਿੰਗ (ਇੰਦ੍ਰੀ) ਨਾਲ ਭੋਗ ਕਿਰਿਆ, ਕਾਮ ਵਾਸ਼ਨਾ ਦੀ ਪੂਰਤੀ ਤੇ ਪਿਸ਼ਾਬ ਕਿਰਿਆ ਹੋ ਰਹੀ ਹੈ, ਤੇ ਪੰਜ ਕਿਸਮ ਦੀ ਕਿਰਿਆ ਤੋਂ ਪੰਜ ਕਰਮ ਹੋ ਰਹੇ ਹਨ, ਇਸ ਕਰਕੇ ਇਹ ਪੰਜ ਕਰਮ ਇੰਦ੍ਰੇ (ਜੀਭ, ਹੱਥ, ਪੈਰ, ਗੁਦਾ, ਲਿੰਗ) ਹਨ ॥੧੩॥

**ਪੰਜ ਗਿਆਨ ਇੰਦ੍ਰਿਆਂ ਦੇ ਪੰਜ ਵਿਸ਼ੇ :**

## ਸਬਦ, ਸਪਰਸ, ਰੂਪ, ਰਸ, ਗੰਧਸੰ; ਬਿਖ੍ਯ ਪੰਚ ਗ੍ਯਾਨਿੰਦ੍ਰੀ ਕੇਰ।

੧. ਕੰਨਾਂ ਦਾ ਵਿਸ਼ਾ ਸ਼ਬਦ (ਸੁਨਣਾ), ੨. ਚਮੜੀ ਦਾ ਵਿਸ਼ਾ ਸਪਰਸ਼ (ਛੁਹਣਾ), ੩. ਅੱਖਾਂ ਦਾ ਵਿਸ਼ਾ ਰੂਪ, ੪. ਰਸਨਾ ਦਾ ਵਿਸ਼ਾ ਰਸ ਭਾਵ ਸੁਆਦ ਲੈਣਾ, ੫. ਨਾਸਿਕਾ ਦਾ ਵਿਸ਼ਾ ਗੰਧਸੰ = ਸੁਗੰਧੀ (ਖ਼ੁਸ਼ਬੋ), ਦੁਰਗੰਧੀ, ਇਹ ਪੰਜ ਗਿਆਨ ਇੰਦ੍ਰਿਆਂ ਕੇਰ = ਦੇ ਪੰਜ ਬਿਖ੍ਯ = ਵਿਸ਼ੇ ਹਨ।

**ਪੰਜ ਕਰਮ ਇੰਦ੍ਰਿਆਂ ਦੇ ਪੰਜ ਵਿਸ਼ੇ :**

## ਕਹਿਣ, ਗ੍ਰਹਣ, ਗਤਿ, ਅਨੰਦ, ਬਿਸਰਗੰ; ਕਰਮੇਂਦ੍ਰੀ ਕੇ ਬਿਖ੍ਯ ਬਡੇਰ।

੧. ਜੀਭ ਦਾ ਵਿਸ਼ਾ ਕਹਿਣ = ਬੋਲਣਾ, ੨. ਹੱਥ ਦਾ ਵਿਸ਼ਾ ਗ੍ਰਹਿਣ = ਪਕੜਨਾ, ੩. ਪੈਰਾਂ ਦਾ ਵਿਸ਼ਾ ਗਤਿ = ਚੱਲਣਾ (ਤੁਰਨਾ), ੪. ਲਿੰਗ ਦਾ ਵਿਸ਼ਾ ਅਨੰਦ = ਸੁਆਦ, ਕਾਮ, ੫. ਗੁਦਾ ਦਾ ਵਿਸ਼ਾ ਬਿਸਰਗੰ = ਮਲ ਤਿਆਗ ਕਰਨਾ ਇਹ ਪੰਜ ਕਰਮ ਇੰਦ੍ਰਿਆਂ ਦੇ ਪੰਜ ਬਿਖ੍ਯ = ਵਿਸ਼ੇ ਬਡੇਰ = ਵੱਡੇ ਭਾਵ ਸਥੂਲ ਰੂਪ ਦੇ ਵਿਚ ਹਨ।

**ਅੰਤਸ਼ਕਰਨ ਦੇ ਚਾਰ ਭੇਦ :**

## ਮਨ, ਬੁਧ, ਚਿਤ, ਅਹੰਕਾਰ ਚਤੁਸ਼ਟੈ; ਅੰਤਸ਼ਕਰਣ ਰੂਪ ਇਹ ਹੇਰਿ।

ਮਨ, ਬੁੱਧ, ਚਿੱਤ, ਹੰਕਾਰ ਇਹਨਾਂ ਚਤੁਸ਼ਟੈ = ਚਾਰਾਂ ਨੂੰ ਅੰਤਸ਼ਕਰਨ ਦਾ ਰੂਪ = ਸਰੂਪ ਹੇਰਿ = ਦੇਖ ਲਉ ਭਾਵ ਜਿਵੇਂ ਕਿ ਸਾਈਕਲ ਸ਼ਬਦ ਹੈ। ਉਸ ਦੇ ਸਟੈਂਡ, ਗੱਦੀ, ਹੈਂਡਲ, ਫ਼ਰੇਮ ਇਹ ਵੱਖਰੇ-ਵੱਖਰੇ ਨਾਮ ਹੋ ਗਏ, ਪਰ ਜਦੋਂ ਸਾਈਕਲ ਕਹਿ ਦਈਏ ਤਾਂ ਸਾਰੇ ਵਿਚ ਹੀ ਆ ਗਏ, ਇਸ ਤਰ੍ਹਾਂ ਮਨ, ਬੁੱਧ, ਚਿੱਤ, ਹੰਕਾਰ ਅਲੱਗ-ਅਲੱਗ ਹਨ। ਪਰ ਜਦੋਂ ਅੰਤਸ਼ਕਰਨ ਕਹਿ ਦੇਈਏ ਤਾਂ ਉਸ ਦੇ ਵਿਚ ਚਾਰੇ ਹੀ ਆ ਗਏ।

**ਅੰਤਸ਼ਕਰਨ ਦੇ ਚਾਰ ਭੇਦਾਂ ਦੇ ਚਾਰ ਵਿਸ਼ੇ :**

## ਸੰਕਲਪ, ਨਿਸ਼ਚੈ, ਅਨੁਸੰਧਾਨੰ, ਗਰਵ;
## ਜਥਾਕ੍ਰਮ ਬਿਖ੍ਯ ਨਿਬੇਰ ॥੧੪॥

੧. ਮਨ ਦਾ ਵਿਸ਼ਾ ਸੰਕਲਪ ਵਿਕਲਪ ਭਾਵ ਚੰਗੇ ਮੰਦੇ ਫੁਰਨੇ ਕਰਨੇ, ੨. ਬੁੱਧੀ ਦਾ ਵਿਸ਼ਾ ਨਿਸ਼ਚਾ ਕਰਨਾ ਭਾਵ ਪਦਾਰਥਾਂ ਦਾ ਨਿਰਨਾ ਕਰਕੇ ਇਹ ਸੁੱਖਦਾਈ ਹੈ ਜਾਂ ਦੁਖਦਾਈ ਹੈ, ੩. ਚਿੱਤ ਦਾ ਵਿਸ਼ਾ

ਅਨੁਸੰਧਾਨੰ = ਚਿੰਤਨ ਭਾਵ, ਚਿੰਤਾ ਸਹਿਤ ਚਿਤਵਣੀਆਂ ਕਰਨੀਆਂ, ੪. ਹੰਕਾਰ ਦਾ ਵਿਸ਼ਾ ਗਰਵ = ਅਹੰ ਬਿਰਤੀ ਭਾਵ ਜਿਸ ਵਿਚ ਮੈਂ-ਮੇਰੀ ਦਾ ਸੰਮਿਲਤ ਭਾਵ ਹੈ, ਜੈਸਾ ਕਿ :

**ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਣੁ ਘਾਲੈ ਪੈਰੁ ॥**
**ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥੩॥**

*(ਗਉੜੀ ਮ: ੫, ਅੰਗ ੧੭੮)*

ਇਹ ਜਥਾਕ੍ਰਮ = ਨੰਬਰ ਵਾਰ ਅੰਤਸ਼ਕਰਨ ਦੇ ਚਾਰ ਭੇਦਾਂ ਦੇ ਚਾਰ ਵਿਸ਼ੇ ਨਿ = ਵਿਸ਼ੇਸ਼ ਕਰਕੇ ਬਾਰ = ਵਾਰੀ-ਵਾਰੀ **ਵਾ:** ਨਿਬੇਰ = ਪੂਰੇ ਕਰ ਦਿੱਤੇ ਹਨ, ਸੋ ਇਥੇ ਚੌਦਾਂ ਇੰਦ੍ਰਿਆਂ ਤੇ ਚੌਦਾਂ ਇਹਨਾਂ ਦੇ ਵਿਸ਼ਿਆਂ ਦਾ ਕਥਨ ਪੂਰਾ ਹੋਇਆ ॥੧੪॥

ਹੁਣ ਇਸ ਤੋਂ ਅੱਗੇ ਇਹਨਾਂ ਦੇ ਚੌਦਾਂ ਦੇਵਤਿਆਂ (ਅਧੀਦੈਵ) ਦਾ ਕਥਨ ਕਰਨਗੇ :

### ਪੰਜ ਗਿਆਨ ਇੰਦ੍ਰਿਆਂ ਦੇ ਪੰਜ ਦੇਵਤੇ :

## ਦਿਸ਼ਾ, ਪੌਨ, ਰਵਿ, ਜਲ ਪਤਿ;
## ਛਿਤ, ਸੁਰ, ਅਗਨੀ, ਇੰਦ੍ਰ, ਉਪਿੰਦ੍ਰ, ਬਖਾਨ।

੧. ਕੰਨਾਂ ਦਾ ਦੇਵਤਾ ਦਿਸ਼ਾ (ਦਿਗਪਾਲ), ੨. ਤੁਚਾ (ਚਮੜੀ) ਦਾ ਦੇਵਤਾ ਪੌਨ = ਵਾਯੂ, ੩. ਨੇਤਰਾਂ ਦਾ ਦੇਵਤਾ ਰਵਿ = ਸੂਰਜ, ੪. ਰਸਨਾ ਦਾ ਦੇਵਤਾ ਜਲ ਪਤਿ = ਵਰਨ ਦੇਵ, ੫. ਨਾਸਿਕਾ ਦਾ ਦੇਵਤਾ ਛਿਤ = ਧਰਤੀ (ਅਸ਼੍ਵਨੀ ਕੁਮਾਰ)।[੧]

### ਪੰਜ ਕਰਮ ਇੰਦ੍ਰਿਆਂ ਦੇ ਪੰਜ ਦੇਵਤੇ :

ਜੀਭ ਦਾ ਦੇਵਤਾ ਸੁਰ = ਸੁਰਸ੍ਵਤੀ, ੨. ਹੱਥਾਂ ਦਾ ਦੇਵਤਾ ਇੰਦ੍ਰ ਦੇਵਤਾ ੩. ਪੈਰਾਂ ਦਾ ਦੇਵਤਾ ਵਿਸ਼ਨੂੰ ਤੇ ਇਸੇ ਦਾ ਹੀ ਦੂਸਰਾ ਨਾਮ ਬਾਵਨ ਅਵਤਾਰ ਧਾਰਣ ਕਰਕੇ ਉਪਿੰਦ੍ਰ ਹੈ, ਇਹ ਅਗਨੀ = ਗਿਣਤੀ ਕਰਕੇ ਬਖਾਨ = ਕਥਨ ਕੀਤਾ ਹੈ ਬਾਕੀ ਦੋ ਦੇਵਤੇ ਗੁਦਾ ਦਾ ਤੇ ਲਿੰਗ ਦਾ ਅਗਲੀ ਤੁਕ ਵਿਚ ਆਉਣਗੇ :

## ਪ੍ਰਜਾਪਤੀ, ਮ੍ਰਿੱਤਯੂ, ਸਸਿ, ਬ੍ਰਹਮਾ,
## ਖੇਤ੍ਰੱਗ, ਰੁਦ੍ਰ, ਦੇਵਤਾ ਜਾਨ।

੪. ਗੁਦਾ ਦਾ ਦੇਵਤਾ ਮ੍ਰਿੱਤ੍ਯੂ = ਮ੍ਰਿਤੂ ਕਰਨ ਵਾਲਾ ਯਮਰਾਜ, ੫. ਲਿੰਗ ਦਾ ਦੇਵਤਾ ਪ੍ਰਜਾਪਤੀ (ਬ੍ਰਹਮਾ)।

### ਅੰਤਸ਼ਕਰਨ ਦੇ ਚਾਰ ਭੇਦਾਂ ਦੇ ਚਾਰ ਦੇਵਤੇ :

੧. ਮਨ ਦਾ ਦੇਵਤਾ ਸਸਿ = ਚੰਦ੍ਰਮਾ, ੨. ਬੁੱਧ ਦਾ ਦੇਵਤਾ ਬ੍ਰਹਮਾ **ਵਾ:** ਬ੍ਰਹਸਪਤੀ, ੩. ਚਿੱਤ ਦਾ ਦੇਵਤਾ ਖੇਤ੍ਰੱਗ **ਵਾ:** ਵਾਸੁਦੇਵ, ੪. ਹੰਕਾਰ ਦਾ ਦੇਵਤਾ ਰੁਦ੍ਰ = ਸ਼ਿਵਜੀ, ਇਹ ਅੰਤਸ਼ਕਰਨ ਦੇ ਦੇਵਤੇ ਜਾਣ ਲਉ। ਸੋ ਇਥੇ ਚੌਦਾਂ ਇੰਦ੍ਰੇ ਅਤੇ ਚੌਦਾਂ ਉਹਨਾਂ ਦੇ ਵਿਸ਼ੇ, ਚੌਦਾਂ ਉਹਨਾਂ ਦੇ ਦੇਵਤੇ ੧੪ x ੩ = ੪੨ ਦੀ ਗਿਣਤੀ ਸਮਾਪਤ ਹੋਈ।

---

੧. ਨਾਸਿਕਾ ਦਾ ਦੇਵਤਾ ਭਾਈ ਸਾਹਿਬ ਨੇ ਧਰਤੀ ਮੰਨਿਆ ਹੈ, ਪਰ ਗ੍ਰੰਥਾਂ ਦੇ ਵਿਚ ਅਸ਼੍ਵਨੀ ਕੁਮਾਰ ਹੈ।

**ਚੌਦਾਂ ਤ੍ਰਿਕੁਟੀਆਂ ਦਾ ਨਕਸ਼ਾ :**

| ਨੰਬਰ | ਇੰਦ੍ਰੇ (ਅਧਿਆਤਮ) | ਵਿਸ਼ੇ (ਅਧੀਭੂਤ) | ਦੇਵਤੇ (ਅਧੀਦੈਵ) |
|---|---|---|---|
| ੧. | ਨੇਤ੍ਰ | ਰੂਪ | ਸੂਰਜ |
| ੨. | ਤ੍ਵਚਾ (ਚਮੜੀ) | ਸਪਰਸ਼ | ਵਾਯੂ |
| ੩. | ਸ਼੍ਰੋਤ੍ਰ (ਕੰਨ) | ਸ਼ਬਦ | ਦਿਗਪਾਲ |
| ੪. | ਰਸਨਾ | ਰਸ | ਵਰਨਦੇਵ |
| ੫. | ਨਾਸਕਾ | ਗੰਧ | ਧਰਤੀ (ਅਸ਼੍ਵਨੀ ਕੁਮਾਰ) |
| ੬. | ਵਾਕ (ਜੀਭ) | ਬੋਲਨਾ | ਸੁਰਸ੍ਵਤੀ |
| ੭. | ਹੱਥ | ਪਕੜਨਾ | ਇੰਦ੍ਰ ਦੇਵਤਾ |
| ੮. | ਪੈਰ | ਚਲਨਾ | ਵਿਸ਼ਨੂੰ |
| ੯. | ਗੁਦਾ | ਮਲ ਤਿਆਗ | ਯਮਰਾਜ |
| ੧੦. | ਲਿੰਗ | ਕਾਮ, ਵਿਸ਼ਯ ਸੁਖ | ਪ੍ਰਜਾਪਤੀ (ਬ੍ਰਹਮਾ) |
| ੧੧. | ਮਨ | ਸੰਕਲਪ ਵਿਕਲਪ, (ਚੰਗੇ ਮੰਦੇ ਫੁਰਨੇ) | ਚੰਦ੍ਰਮਾ |
| ੧੨੩ | ਬੁੱਧ | ਨਿਸ਼ਚਾ ਕਰਨਾ | ਬ੍ਰਹਮਾ **ਵਾ:** ਬ੍ਰਹਸਪਤੀ |
| ੧੩. | ਚਿੱਤ | ਚਿੰਤਨ, ਚਿੰਤਾ ਸਹਿਤ ਚਿਤਵਣੀ | ਖੇਤ੍ਰਗਯ, ਵਾਸੁਦੇਵ |
| ੧੪. | ਅਹੰਕਾਰ | ਅਹੰ ਬਿਰਤੀ ਮੈਂ-ਮੇਰੀ ਦਾ ਭਾਵ | ਰੁਦ੍ਰ (ਸ਼ਿਵਜੀ) |

ਹੁਣ ਦਸ ਕਿਸਮ ਦੇ ਪ੍ਰਾਣਾਂ ਦੀ ਗਿਣਤੀ ਸ਼ੁਰੂ ਹੋਈ ਤੇ ਇੱਕੋ ਹੀ ਹਵਾ ਕਿਰਿਆ ਤੇ ਅਸਥਾਨ ਭੇਦ ਕਰਕੇ ਦਸ ਦੀ ਗਿਣਤੀ ਵਿਚ ਹੈ ਜਿਸ ਦੇ ਵਿਚ ਪੰਜ ਪ੍ਰਾਨ ਤੇ ਪੰਜ ਉਪ ਪ੍ਰਾਣ ਹਨ :

**ਪੰਜ ਪ੍ਰਾਨ :**

## ਪ੍ਰਾਨ, ਅਪਾਨ, ਸਮਾਨ, ਉਦਾਨੰ, ਬ੍ਯਾਨ; ਨਾਗ, ਕੂਰਮ, ਪਹਿਚਾਨ।

੧. ਪ੍ਰਾਨ ਹਿਰਦੇ ਵਿਚ, ੨. ਅਪਾਨ ਗੁਦਾ ਵਿਚ, ੩. ਸਮਾਨ ਨਾਭੀ ਵਿਚ, ੪. ਉਦਾਨੰ = ਉਦਿਆਨ ਕੰਠ ਵਿਚ, ੫. ਬ੍ਯਾਨ ਸਾਰੇ ਸਰੀਰ ਵਿਚ।

**ਪੰਜ ਉਪ ਪ੍ਰਾਨ :**

੧. ਨਾਗ ਡਕਾਰ ਦਾ ਹੇਤੂ, ੨. ਕੂਰਮ ਨੇਤ੍ਰ ਖੋਲਣ ਤੇ ਮਿੱਚਣ ਵਾਲੀ ਇਹ ਪਹਿਚਾਨ = ਜਾਣ ਲਉ, ਬਾਕੀ ਤਿੰਨ ਅਗਲੀ ਤੁਕ ਵਿਚ ਕਥਨ ਕਰਦੇ ਹਨ :

## ਕਿਰਕਲ; ਦੇਵੰਦੱਤ, ਧਨੰਜਯ; ਇਹ ਦਸ ਬ੍ਯਸ੍ਤ੍ਰ ਗਿਨੀਜੈ ਪ੍ਰਾਨ ॥੧੫॥

੩. ਕਿਰਕਲ ਜਿਸ ਤੋਂ ਛਿੱਕ ਆਉਂਦੀ ਹੈ, ੪. ਦੇਵੰਦੱਤ ਤੋਂ ਅਵਾਸੀ, ੫. ਧਨੰਜਯ ਜੋ ਮਰਨ ਪਿੱਛੋਂ ਸਰੀਰ ਨੂੰ ਫੁਲਾਉਣ ਵਾਲੀ ਹੈ, ਇਹ ਦਸ ਪ੍ਰਾਨ ਚੌਦਾਂ ਤ੍ਰਿਕੁਟੀਆਂ ਤੋਂ ਬ੍ਯਸ੍ਤ੍ਰ = ਵੱਖਰੇ ਗਿਨੀਜੈ = ਗਿਣੇ ਜਾਣ ॥੧੫॥

***ਪ੍ਰਸ਼ਨ :*** ਜੇ ਕੋਈ ਕਹੇ ਕਿ ਇੱਕੋ ਪੌਣ ਨੂੰ ਦਸ ਦੀ ਗਿਣਤੀ ਵਿਚ ਕਿਵੇਂ ਗਿਣਿਆ ਹੈ? ਹੁਣ ਉਸ ਦਾ ਉੱਤਰ ਦਿੰਦੇ ਹਨ?

## ਕ੍ਰਿਯਾ ਸ਼ਕਤਿ ਨੇ ਪ੍ਰਾਨ ਸ਼ਮਸ਼ਟੇ; ਕਾਰਨ ਸੂਖਮ ਥੂਲ ਸਰੀਰ।

**ਉੱਤਰ :** ਕਿਰਿਆ ਸ਼ਕਤੀ ਨੇ ਭਾਵ ਕਿਰਿਆ ਸ਼ਕਤੀ ਕਰਕੇ ਵੱਖੋ-ਵੱਖਰੇ ਦਸ ਕਹੇ ਹਨ, ਪਰ ਸਾਰਿਆਂ ਸਮਸ਼ਟੇ = ਇਕੱਠਿਆਂ ਨੂੰ ਪ੍ਰਾਣ ਕਿਹਾ ਜਾਂਦਾ ਹੈ, ਜਿਵੇਂ ਭੋਜਨ ਬਣਾਉਣ ਵੇਲੇ ਰਸੋਈਆ, ਗੱਡੀ ਚਲਾਉਣ ਲੱਗੇ ਡਰਾਈਵਰ, ਪੜ੍ਹਾਉਣ ਵੇਲੇ ਅਧਿਆਪਕ, ਪੜ੍ਹਨ ਵੇਲੇ ਵਿਦਿਆਰਥੀ, ਕੀਰਤਨ ਕਰਨ ਵੇਲੇ ਰਾਗੀ, ਕਥਾ ਕਰਨ ਵੇਲੇ ਕਥਾਵਾਚਕ, ਸਾਜ਼ ਵਜਾਉਣ ਵੇਲੇ ਸਾਜ਼ੀ, ਕਵਿਤਾ ਗਾਉਣ ਵੇਲੇ ਕਵੀਸ਼ਰ, ਕਾਵਿ-ਰਚਨਾ ਕਰਨ ਵੇਲੇ ਕਵੀ, ਵਾਰਾਂ ਗਾਉਣ ਵੇਲੇ ਢਾਢੀ, ਜਿਵੇਂ ਇਕ ਮਨੁੱਖ ਦੀ ਕਿਰਿਆ ਵੱਖਰੀ-ਵੱਖਰੀ ਹੋਣ ਕਰਕੇ ਦਸ ਨਾਮ ਅਲੱਗ-ਅਲੱਗ ਪੈ ਗਏ, ਪਰ ਹੈ ਮਨੁੱਖ ਇਕ ਹੀ, ਇਸੇ ਤਰ੍ਹਾਂ ਇਕ ਪਉਣ ਦਸ ਰੂਪਾਂ ਵਿਚ ਗਿਣੀ ਗਈ ਹੈ ਜੋ ਉਪਰੋਕਤ ਕਹੀ ਹੈ, ਇਸੇ ਤਰ੍ਹਾਂ ਬਿਅਸ਼ਟੀ ਉਪਾਧੀ ਹੋਣ ਕਰਕੇ ਭਾਵ ਵੱਖਰੇ-ਵੱਖਰੇ ਹੋਣ ਕਰਕੇ ਇੱਕੋ ਜੀਵਾਤਮਾ ਦੇ ਪ੍ਰਾਣਾਂ ਦੀ ਨਿਆਈਂ ਕਾਰਨ, ਸੂਖਮ, ਅਸਥੂਲ ਤਿੰਨ ਸਰੀਰ ਵੱਖਰੇ-ਵੱਖਰੇ ਕਹੇ ਜਾਂਦੇ ਹਨ।

ਭਾਵ ਕਾਰਨ ਸਰੀਰ ਜੋ ਕੇਵਲ ਮਾਇਆ ਦੇ ਪੜਦੇ ਵਾਲਾ ਕਿਹਾ ਜਾਂਦਾ ਹੈ, ਸੂਖਮ ਸਰੀਰ ਸਤਾਰਾਂ ਤੱਤਾਂ ਦਾ ਭਾਵ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ ਤੇ ਮਨ, ਬੁੱਧ ਦਾ ਕਿਹਾ ਜਾਂਦਾ ਹੈ ਅਤੇ ਅਸਥੂਲ ਸਰੀਰ ਪੰਜ ਤੱਤਾਂ (ਅਕਾਸ਼, ਹਵਾ, ਅਗਨੀ, ਪਾਣੀ, ਧਰਤੀ) ਦੇ ਹੀ ਪੱਚੀ ਹਿੱਸੇ ਕਰਕੇ ਪੱਚੀ ਪ੍ਰਕਿਰਤੀਆਂ ਬਣਦੀਆਂ ਹਨ ਤੇ ਪੱਚੀ ਪ੍ਰਕਿਰਤੀਆਂ ਤੇ ਪੰਜਾਂ ਦੇ ਸਮੇਤ ਅਸਥੂਲ ਸਰੀਰ ਕਿਹਾ ਜਾਂਦਾ ਹੈ ਇਹ ਬਿਅਸ਼ਟੀ ਉਪਾਧੀ ਕਰਕੇ ਤਿੰਨ ਸਰੀਰ ਕਹੇ ਹਨ।

ਹੁਣ ਸਮਸ਼ਟੀ ਉਪਾਧੀ ਕਰਕੇ ਈਸ਼ਵਰ ਦੇ ਤਿੰਨ ਸਰੀਰ ਕਹਿਣਗੇ :

## ਵੈਰਾਟ, ਸੂਤ੍ਰ, ਅੱਬਯਾਕ੍ਰਿਤ ਜੇਈ; ਇਹੀ ਸਮਸ਼ਟਿ ਸਰੀਰ ਗੰਭੀਰ।

ਜੋ ਈਸ਼ਵਰ ਦਾ ਵੈਰਾਟ = ਅਸਥੂਲ ਸਰੀਰ, ਸੂਤ੍ਰ = ਸੂਖਮ ਸਰੀਰ, ਅੱਬਯਾਕ੍ਰਿਤ = ਮਾਇਆ ਜਾਂ ਅਗਿਆਨ ਸਮੇਤ ਕਾਰਣ ਸਰੀਰ ਇਹੀ ਸਮਸ਼ਟੀ ਸਰੀਰਾਂ ਨੂੰ ਗੰਭੀਰਤਾ ਨਾਲ ਇਉਂ ਸਮਝੋ ਕਿ ਜਿੰਨੇ ਜੀਵਾਂ ਦੇ ਅਸਥੂਲ ਸਰੀਰ ਹਨ ਉਹਨਾਂ ਸਾਰਿਆਂ ਨੂੰ ਇਕੱਠੇ ਕਰ ਲਈਏ ਤਾਂ ਈਸ਼ਵਰ ਦਾ ਸਮਸ਼ਟੀ ਸਰੀਰ ਬਣ ਜਾਂਦਾ ਹੈ ਜਿਸ ਨੂੰ ਵੈਰਾਟ ਕਿਹਾ ਜਾਂਦਾ ਹੈ ਇਸੇ ਨੂੰ ਵੈਸ਼੍ਵਾਨਰ ਵੀ ਕਿਹਾ ਜਾਂਦਾ ਹੈ ਤੇ ਜਿੰਨੇ ਜੀਵਾਂ ਦੇ ਸੂਖਮ ਸਰੀਰ ਹਨ, ਉਹਨਾਂ ਸਾਰਿਆਂ ਨੂੰ ਇਕ ਕਰ ਲਈਏ ਤਾਂ ਈਸ਼ਵਰ ਦਾ ਸੂਖਮ ਸਰੀਰ ਕਿਹਾ ਜਾਂਦਾ ਹੈ ਜਿਸ ਦਾ ਨਾਮ ਹਿਰਨਗਰਭ ਹੈ, ਸਾਰੇ ਜੀਵਾਂ ਦੇ ਕਾਰਣ ਸਰੀਰ ਇਕੱਠੇ ਕਰ ਲਈਏ ਜੋ ਜੀਵਾਂ ਦੇ ਵੱਖਰੇ-ਵੱਖਰੇ ਅਗਿਆਨ ਦੇ ਪੜਦੇ ਵਾਲੇ ਹਨ, ਇਹ ਈਸ਼ਵਰ ਦਾ ਕਾਰਣ ਸਰੀਰ ਮਾਇਆ ਦੀ ਉਪਾਧੀ ਕਰਕੇ ਬਣ ਜਾਂਦਾ ਹੈ, ਜਿਸ ਨੂੰ ਅੱਬਯਾਕ੍ਰਿਤ ਕਹਿੰਦੇ ਹਨ।

## ਅਭਿਮਾਨੀ ਵਿਸ਼੍ਵ; ਤੇਜਸ, ਪ੍ਰਾਗਹਿ; ਇਹ ਬਯਸ਼ਟਿ ਕੇ ਤੀਨ ਸਧੀਰ।

ਜੋ ਜੀਵ ਦੀ ਜਾਗ੍ਰਤ ਅਵਸਥਾ ਦਾ ਅਭਿਮਾਨੀ ਹੈ, ਉਹ ਵਿਸ਼੍ਵ ਨਾਮੇ ਜੀਵ ਹੈ ਇਹ ਸੱਜੇ ਨੇਤਰ ਦੇ ਪਿਛਲੇ ਪਾਸੇ ਬੈਠ ਕੇ ਜਾਗ੍ਰਤ ਦੀ ਸਾਰੀ ਕਿਰਿਆ ਚਲਾਉਂਦਾ ਹੈ। ਜੀਵ ਦੀ ਸੁਪਨ ਅਵਸਥਾ ਦਾ ਅਭਿਮਾਨੀ ਤੈਜਸ ਨਾਮੇ ਜੀਵ ਹੈ, ਜੋ ਕੰਠ ਵਿਚ ਪ੍ਰਤੀਤ ਨਾਮੇ ਨਾੜੀ, ਵਾਲ ਦੇ ਸੌਵੇਂ ਹਿੱਸੇ ਜਿੰਨੀ ਬਰੀਕ ਹੈ, ਉਥੇ ਬੈਠ ਕੇ ਸੁਪਨ ਦੀ ਸਾਰੀ ਪ੍ਰਕਿਰਿਆ ਚਲਾਉਂਦਾ ਹੈ, ਜੀਵ ਦੀ ਸਖੋਪਤੀ ਅਵਸਥਾ ਦਾ ਅਭਿਮਾਨੀ

ਪ੍ਰਾਗਹਿ ਨਾਮੇ ਜੀਵ ਹੈ, ਜੋ ਹਿਰਦੇ ਅਸਥਾਨ ਵਿਚ ਅਵਿੱਦਿਆ ਵਿਚ ਲੀਨ ਹੋ ਜਾਂਦਾ ਹੈ। ਤੀਨ = ਤਿੰਨੇ ਵਿਸ਼੍ਵ, ਤੈੱਜਸ, ਪ੍ਰਾਗਹਿ ਇਹ ਜੀਵਾਂ ਦੇ ਬਯਸ਼ਟਿ = ਵੱਖਰੇ-ਵੱਖਰੇ ਸਰੀਰ ਸਧੀਰ = ਸਿੱਧ ਹੋਏ **ਵਾ:** ਹੇ ਸਧੀਰ = ਗਿਆਨ ਤੇ ਧੀਰਜਤਾ ਵਾਲੇ ਗੁਰਸਿੱਖੋ! ਇਉਂ ਇਹਨਾਂ ਨੂੰ ਜਾਨਣਾ ਕਰੋ।

## ਈਸ਼੍ਵਰ ਹਿਰਣਗਰਭ ਬੇਸ਼੍ਵਾਨਰ; ਇਹ ਸ਼ਮਸ਼ਟਿ ਅਭਿਮਾਨੀ ਬੀਰ ॥੧੬॥

ਇਸੇ ਤਰ੍ਹਾਂ ਈਸ਼ਵਰ ਦਾ ਅਸਥੂਲ ਸਰੀਰ ਵੈਰਾਟ ਰੂਪ ਜਾਨਣਾ ਜੋ ਸਾਰੇ ਅਸਥੂਲ ਸਰੀਰਾਂ ਦਾ ਮਾਲਕ ਹੈ, ਸਾਰੇ ਸਰੀਰਾਂ ਦੇ ਸੂਖਮ ਸਰੀਰਾਂ ਦਾ ਮਾਲਕ ਹਿਰਨਗਰਭ ਹੈ, ਸਾਰੇ ਕਾਰਣ ਸਰੀਰਾਂ ਦਾ ਮਾਲਕ ਅੱਬਯਾਕ੍ਰਿਤ ਹੈ। ਇਹ ਸਮਸ਼ਟਿ = ਸਾਰੇ ਸਰੀਰਾਂ ਦਾ ਅਭਿਮਾਨੀ ਵੈਰਾਟ ਅਸਥੂਲ ਸਰੀਰ, ਹਿਰਣਗਰਭ ਸੂਖਮ ਸਰੀਰ, ਅੱਬਯਾਕ੍ਰਿਤ ਕਾਰਣ ਸਰੀਰ ਬੀਰ = ਹੇ ਭਾਈ! ਇਉਂ ਜਾਨਣਾ ਕਰੋ ॥੧੬॥

## ਬਯਸ਼ਟਿ ਸਮਸ਼ਟ ਅਧਯਸ਼੍ਰ ਲਖਹੁ ਦ੍ਵੈ; ਜਿਮ ਸਰਪਾਦਿ ਜੇਵਰੀ ਮਾਂਹ।

ਜੋ ਸਮਸ਼ਟੀ ਤੇ ਬਯਸ਼ਟੀ ਭਾਵ ਜੀਵਾਂ ਤੇ ਈਸ਼ਵਰ ਦੇ ਸਰੀਰ ਦ੍ਵੈ = ਦੋ ਤਰ੍ਹਾਂ ਦੇ ਕਹੇ ਹਨ ਇਹ ਦੋਨੋਂ ਹੀ ਬ੍ਰਹਮ ਵਿੱਚ ਅਧਯਸ਼੍ਰ = ਕਲਪਤ ਰੂਪ ਹਨ ਭਾਵ ਵੱਖਰੇ-ਵੱਖਰੇ ਸਰੀਰ ਕਲਪਨਾ ਮਾਤਰ ਲਖਹੁ = ਜਾਣ ਲਉ ਭਾਵ ਭੁਲੇਖੇ ਰੂਪ ਵਿਚ ਜਾਣ ਲਉ ਜਿਮ = ਜਿਵੇਂ ਜੇਵਰੀ = ਰੱਸੀ ਸਰਪਾਦਿ = ਸੱਪ ਦੀ ਤਰ੍ਹਾਂ ਟੇਢੀ ਪਈ ਹੋਵੇ, ਤਾਂ ਉਸ ਵਿਚ ਸੱਪ ਦੀ, ਕਲਪਨਾ ਉੱਠ ਖੜਦੀ ਹੈ ਕਿ ਸੱਪ ਪਿਆ ਹੈ ਪਰ ਉਹ ਸੱਪ ਨਹੀਂ ਹੁੰਦਾ ਕੇਵਲ ਭੁਲੇਖੇ ਮਾਤਰ ਸੱਪ ਪ੍ਰਤੀਤ ਹੋ ਰਿਹਾ ਹੈ, ਇਸੇ ਤਰ੍ਹਾਂ ਸਮਸ਼ਟੀ ਤੇ ਬਯਸ਼ਟੀ ਜੀਵ ਤੇ ਈਸ਼ਵਰ ਦੇ ਜੋ ਸਰੀਰ ਕਹੇ ਹਨ, ਇਹ ਰੱਸੀ ਰੂਪ ਬ੍ਰਹਮ ਵਿਚ ਸੱਪ ਦੀ ਤਰ੍ਹਾਂ ਕਲਪਨਾ ਮਾਤਰ ਪ੍ਰਤੀਤ ਹੋ ਰਹੇ ਹਨ, ਪਰ ਹੈ ਨਹੀਂ, ਰੱਸੀ ਦੇ ਅਗਿਆਨ ਕਰਕੇ ਸੱਪ ਪ੍ਰਤੀਤ ਹੋ ਰਿਹਾ ਹੈ, ਤੇ ਰੱਸੀ ਦੇ ਗਿਆਨ ਕਰਕੇ ਸੱਪ ਸਮਾਪਤ ਹੋ ਜਾਂਦਾ ਹੈ, ਇਸੇ ਤਰ੍ਹਾਂ ਬ੍ਰਹਮ ਦੇ ਅਗਿਆਨ ਕਰਕੇ ਇਹ ਸੰਸਾਰ ਤੇ ਦੋ ਤਰ੍ਹਾਂ ਦੇ ਸਮਸ਼ਟੀ ਬਯਸ਼ਟੀ ਰੂਪ ਦਿੱਸ ਰਹੇ ਹਨ, ਪਰ ਜਦੋਂ ਬ੍ਰਹਮ ਦਾ ਗਿਆਨ ਹੋ ਜਾਂਦਾ ਹੈ, ਤਦੋਂ ਇਹ ਦ੍ਵੰਦਵਾਦ ਸਮਾਪਤ ਹੋ ਜਾਂਦਾ ਹੈ, ਹੁਣ ਅੱਗੇ ਇਕ ਹੋਰ ਪ੍ਰਮਾਣ ਦਿੰਦੇ ਹਨ:

## ਸੀਪ ਬਿਖੈ ਰੂਪੋ ਜਿਮ ਕਲਪਤਿ; ਤਿਮ ਬ੍ਰਹਮਾਤਮ ਚੇਤਨ ਆਹਿ।

ਜਿਮ = ਜਿਵੇਂ ਸੀਪ = ਸਿੱਪੀ ਬਿਖੈ = ਵਿਚ ਰੂਪੋ = ਚਾਂਦੀ ਦੀ ਕਲਪਤਿ = ਕਲਪਨਾ ਹੋ ਰਹੀ ਹੈ ਕਿ ਇਹ ਚਾਂਦੀ ਹੈ, ਪਰ ਉਹ ਕੇਵਲ ਚਾਂਦੀ ਦਾ ਭੁਲੇਖਾ ਪੈਂਦਾ ਹੈ, ਉਹ ਅਗਿਆਨ ਪੁਣੇ ਵਿਚ ਪ੍ਰਤੀਤ ਹੋ ਰਹੀ ਹੈ, ਤਿਮ = ਤਿਵੇਂ ਬ੍ਰਹਮ ਆਤਮ ਜੋ ਚੇਤਨ ਆਹਿ = ਹੈ, ਉਸ ਵਿਚ:

## ਹੈ ਅੱਗਯਾਨ ਕਰਿ ਕਲਪਤਿ ਸਭਿ ਜਗ; ਅਧਿਸ਼੍ਰਾਨਿ ਆਤਮ ਇਕ ਚਾਹਿ।

ਸਭਿ = ਸਾਰਾ ਜਗ = ਸੰਸਾਰ ਅਗਿਆਨ ਕਰਕੇ ਕਲਪਤਿ = ਕਲਪਨਾ ਰੂਪ ਹੈ, ਪਰ ਹੈ ਨਹੀਂ, ਰੱਸੀ ਦੇ ਸੱਪ ਦੀ ਤਰ੍ਹਾਂ ਦਿੱਸ ਰਿਹਾ ਹੈ, ਪਰ ਹੈ ਨਹੀਂ, ਜਿਵੇਂ ਕਲਪਨਾ ਰੂਪ ਸੱਪ ਦਾ ਆਸਰਾ ਰੱਸੀ ਹੈ ਜੇ ਰੱਸੀ ਨਾ ਹੋਵੇ ਤਾਂ ਸੱਪ ਪ੍ਰਤੀਤ ਨਹੀਂ ਹੋ ਸਕਦਾ, ਇਸੇ ਤਰ੍ਹਾਂ ਇਹ ਮਿਥਿਆ ਸੰਸਾਰ ਦਾ ਅਧਿਸ਼੍ਰਾਨਿ = ਆਸਰਾ ਇਕ ਆਤਮ = ਬ੍ਰਹਮ ਚਾਹਿ = ਦੇਖਿਆ ਜਾਂਦਾ ਹੈ, ਭਾਵ ਤੱਕਿਆ ਜਾਂਦਾ ਹੈ, ਜੇ ਬ੍ਰਹਮ ਨਾ ਹੋਵੇ ਤਾਂ ਸੰਸਾਰ ਦੀ ਕਲਪਨਾ ਨਹੀਂ ਹੋ ਸਕਦੀ।

## ਨਹੀਂ ਜੇਵਰੀ ਜਾਨਹਿ ਜੌ ਲਗ; ਤੌ ਲਗ ਕਲਪ ਕਲਪ ਦੁਖ ਪਾਹਿ ॥੧੭॥

ਜੌ = ਜਦੋਂ ਲਗ = ਤੱਕ ਜੇਵਰੀ = ਰੱਸੀ ਨੂੰ ਵਾਸਤਵ ਗਿਆਨ ਵਿਚ ਨਹੀਂ ਜਾਨਹਿ = ਜਾਣ ਲੈਂਦਾ ਕਿ

ਇਹ ਰੱਸੀ ਤੋਂ ਤੌਂ ਲੱਗ = ਤਦੋਂ ਤੱਕ ਕਲਪਨਾ ਵਿਚ ਕਲਪ ਕੇ ਦੁਖ ਪਾਹਿ = ਪਾਉਂਦਾ ਹੈ ਕਿ ਇਹ ਸੱਪ ਹੈ ਮੇਰੇ ਡੰਗ ਨਾ ਮਾਰੇ, ਮੇਰੇ ਮਗਰ ਨਾ ਦੌੜੇ ਇਹ ਸਾਰਾ ਦੁਖ ਰੱਸੀ ਦੇ ਵਾਸਤਵ ਰੂਪ ਨੂੰ ਨਾ ਜਾਨਣ ਕਰਕੇ ਹੋ ਰਿਹਾ ਹੈ, ਜਿੰਨਾ ਚਿਰ ਰੱਸੀ ਨਹੀਂ ਦਿੱਖਦੀ, ਉਤਨੀ ਦੇਰ ਤਕ ਸੱਪ ਦਿੱਸਦਾ ਰਹਿੰਦਾ ਹੈ, ਜਦੋਂ ਚਾਨਣੇ ਦੀ ਸਹਾਇਤਾ ਲੈ ਕੇ ਰੱਸੀ ਦਾ ਸਹੀ ਰੂਪ ਦੇਖ ਲੈਂਦਾ ਹੈ, ਤਦੋਂ ਸੱਪ ਨੂੰ ਬਿਨਾਂ ਸੋਟਾ ਮਾਰੇ ਸਮਾਪਤ ਭਾਵ ਖ਼ਤਮ ਕਰ ਦੇਂਦਾ ਹੈ ਭਾਵ ਸੱਪ ਦੀ ਨਿਵਿਰਤੀ ਹੋ ਜਾਂਦੀ ਹੈ, ਇਸੇ ਤਰ੍ਹਾਂ ਅਗਿਆਨ ਦੀ ਉਪਾਧੀ ਹੋਣ ਕਰਕੇ ਰੱਸੀ ਰੂਪ ਬ੍ਰਹਮ ਵਿਚ ਕਲਪਨਾ ਰੂਪ ਸੰਸਾਰ ਦੇ ਦੁੱਖ ਪ੍ਰਾਪਤ ਹੋ ਰਹੇ ਹਨ, ਜਦੋਂ ਗਿਆਨ ਦੁਆਰਾ ਰੱਸੀ ਦੀ ਨਿਆਈਂ ਸਾਰੇ ਸੰਸਾਰ ਦਾ ਅਧਿਸ਼ਠਾਨ (ਆਸਰਾ) ਰੂਪ ਬ੍ਰਹਮ ਦਿੱਸ ਆਉਂਦਾ ਹੈ ਭਾਵ ਉਸਦੀ ਸਾਖਿਆਤਾਕਾਰ ਹੋ ਜਾਂਦੀ ਹੈ, ਇਹ ਤਦੋਂ ਅਸੱਤ ਜੜ੍ਹ ਦੁਖ ਰੂਪ ਸੰਸਾਰ ਦੀ ਨਿਵਿਰਤੀ ਤੁਰੰਤ ਹੀ ਹੋ ਜਾਂਦੀ ਹੈ॥੧੭॥

**ਪ੍ਰਸੰਗ** : ਹੁਣ ਪਰਲੋਂ ਬਾਰੇ ਕਥਨ ਕਰਨਗੇ ਕਿਉਂਕਿ ਪਰਲੋਂ ਕਈ ਕਿਸਮ ਦੀ ਹੈ ਜਿਵੇਂ ਕਿ ੧. ਪ੍ਰਕਿਰਤ ਪਰਲੋ, ੨. ਗਿਆਨ ਪਰਲੋ, ੩. ਮਹਾਂ ਪਰਲੋ। ਇਹਨਾਂ ਨੂੰ ਕਥਨ ਕਰਨਗੇ :

## ਤਤਪੰਚੀਕ੍ਰਿਤ ਪੰਚ ਅਪੰਚਿਕ੍ਰਿਤ; ਜਬਿ ਸਗਰੇ ਲੈਤਾ ਕਹੁ ਪਾਇੰ।

ਪੰਜ ਤੱਤ, ਪੱਚੀ ਪ੍ਰਕਿਰਤੀਆਂ ਦਾ ਅਸਥੂਲ ਸਰੀਰ ਤੇ ਅਪੰਚਿਕ੍ਰਿਤ = ਜਿਨ੍ਹਾਂ ਵਿੱਚੋਂ ਪੰਜ ਸੂਖਮ ਤੱਤ ਪੈਂਦੇ ਹੋਏ ਉਹਨਾਂ ਦਾ ਸੂਖਮ ਸਰੀਰ ਜਦੋਂ ਇਹ ਸਗਰੇ = ਸਾਰੇ ਸੂਖਮ ਤੱਤਾਂ ਕਹੁ = ਨੂੰ ਭਾਵ ਵਿਚ ਲੈ ਪਾਇੰ = ਪਾ ਲੈਂਦੇ ਹਨ ਭਾਵ ਲੀਨ ਹੋ ਜਾਂਦੇ ਹਨ ਭਾਵ ਅਸਥੂਲ ਸਰੀਰ ਸੂਖਮ ਤੱਤਾਂ ਵਿਚ ਲੀਨ ਹੋ ਜਾਂਦੇ ਹਨ, ਤੇ ਸੂਖਮ ਤੱਤ ਅਪੰਚਿਕ੍ਰਿਤ ਜੋ ਵੰਡੇ ਨਹੀਂ ਗਏ, ਉਹਨਾਂ ਵਿਚ ਲੀਨ ਹੋ ਜਾਂਦੇ ਹਨ।

## ਭੂਤ ਅਪੰਚੀਕ੍ਰਿਤ ਪੁਨ ਸਾਰੇ; ਅੱਬਯਾਕ੍ਰਿਤ ਮੈਂ ਲੈ ਹੁਇ ਜਾਹਿੰ।

ਤਦ ਪੁਨ = ਫੇਰ ਅਪੰਚੀਕ੍ਰਿਤ = ਪੱਚੀ ਪ੍ਰਕਿਰਤੀਆਂ ਦੇ ਰੂਪ ਵਿਚ ਜੋ ਨਹੀਂ ਆਏ, ਉਹ ਸਾਰੇ ਸੂਖਮ ਤੱਤ, ਸੂਖਮ ਸਰੀਰ ਸਮੇਤ ਅੱਬਯਾਕ੍ਰਿਤ = ਈਸ਼ਵਰ, ਮੈਂ = ਵਿਚ ਲੈ ਹੋ ਜਾਂਦੇ ਹਨ। ਅੱਬਯਾਕ੍ਰਿਤ ਦੇ ਤਿੰਨ ਨਾਮ ਹਨ : ਈਸ਼ਵਰ, ਮਾਇਆ, ਅਗਿਆਨ।

### ੧. ਰਾਤ ਦਿਨ ਦੀ ਪਰਲੋ :

## ਭੂਤ ਸਥੂਲ ਹੋਇੰ ਲੈ ਜਬਹੂੰ; ਯਾ ਕੋ 'ਪ੍ਰਲੈ ਰੈਨ ਦਿਨ' ਨਾਇ।

ਅਸਥੂਲ ਭੂਤ = ਤੱਤ (ਅਕਾਸ਼, ਹਵਾ, ਅਗਨੀ, ਪਾਣੀ, ਧਰਤੀ) ਜਦੋਂ ਲੈ = ਖ਼ਤਮ ਹੋ ਜਾਂਦੇ ਹਨ, ਯਾ ਕੋ = ਇਸ ਦਾ ਨਾਇ = ਨਾਮ, ਰੈਨ = ਰਾਤ ਦਿਨ ਦੀ ਪਰਲੋ ਹੈ ਭਾਵ ਜਿਸ ਵਿਚ ਪੰਜ ਪੰਜ ਤੱਤ ਤੇ ਪੱਚੀ ਪ੍ਰਕਿਰਤੀਆਂ ਦੇ ਸਰੀਰ ਤੱਤਾਂ ਦੇ ਸਹਿਤ ਲੈ ਹੋਣ, ਇਸ ਦਾ ਨਾਮ ਰਾਤ ਦਿਨ ਦੀ ਪਰਲੋ ਹੈ, ਸੋ ਇਥੇ ਰਾਤ ਦਿਨ ਦੀ ਪਰਲੋ ਦੀ ਵਿਚਾਰ ਸਮਾਪਤ ਹੋਈ।

### ੨. ਪ੍ਰਕਿਰਤ ਪਰਲੋ :

## ਸੂਖਮ ਭੂਤ ਹੋਤਿ ਲਯ ਜਾਨਹੁ; 'ਪ੍ਰਾਕ੍ਰਿਤ ਪ੍ਰਲੈ' ਸੁ ਨਾਮ ਕਹਾਇ॥੧੮॥

ਜਦੋਂ ਸੂਖਮ ਭੂਤ = ਤੱਤ ਸੂਖਮ ਸਰੀਰ ਦੇ ਸਮੇਤ ਲਯ = ਖ਼ਤਮ ਹੋ ਜਾਂਦੇ ਹਨ, ਇਸ ਦਾ ਨਾਮ ਪ੍ਰਕ੍ਰਿਤ ਪਰਲੋ ਤੇ ਮਹਾਂ ਪਰਲੋ ਕਿਹਾ ਜਾਂਦਾ ਹੈ ਇਹ ਜਾਨਹੁ = ਜਾਣ ਲਉ ਭਾਵ ਜਦੋਂ ਅਸਥੂਲ ਤੱਤ ਤੇ ਅਸਥੂਲ

ਸਰੀਰ ਸੂਖਮ ਤੱਤਾਂ ਵਿਚ ਲੀਨ ਹੋ ਗਏ ਤੇ ਸੂਖਮ ਤੱਤ, ਸੂਖਮ ਸਰੀਰਾਂ ਪ੍ਰਕ੍ਰਿਤ = ਮਾਇਆ ਵਿਚ ਲੈ ਹੋ ਗਏ ਅਤੇ ਮਾਇਆ ਈਸ਼ਵਰ ਵਿਚ ਲੈ ਹੋ ਗਈ, ਇਸ ਨੂੰ ਪ੍ਰਕ੍ਰਿਤ ਪਰਲੋ ਤੇ ਇਸੇ ਨੂੰ ਮਹਾਂ ਪਰਲੋ ਕਹਿੰਦੇ ਹਨ, ਸੋ ਇਥੇ ਪ੍ਰਕ੍ਰਿਤ ਪਰਲੋ ਦੀ ਵਿਚਾਰ ਸਮਾਪਤੀ ਹੋਈ॥੧੮॥

੩. ਗਿਆਨ ਪਰਲੋ :

## ਬ੍ਰਹਮ ਸੱਚਿਦਾਨੰਦ ਗਯਾਨ ਤੇ; ਸਭਿ ਕੋ ਜਬਿ ਅਭਾਵ ਹੁਇ ਜਾਇ।

ਜੋ ਬ੍ਰਹਮ ਸੱਚਿਦਾਨੰਦ = ਸੱਚ ਅਨੰਦ ਸਰੂਪ ਹੈ, ਉਸ ਦੇ ਗਿਆਤ ਤੋਂ ਜਦੋਂ ਅਗਿਆਨ ਦਾ ਅਭਾਵ ਹੋ ਜਾਂਦਾ ਹੈ, ਸਭਿ = ਸਾਰੇ ਭਾਵ ਤਿੰਨ ਸਰੀਰਾਂ ਦਾ ਵੱਖਰਾ-ਵੱਖਰਾ ਅਭਾਵ ਹੋ ਜਾਂਦਾ ਹੈ ਕਿ ਮੈਂ ਸਰੀਰ ਨਹੀਂ ਹਾਂ ਭਾਵ ਕਿ ਮੈਂ ਅਸਥੂਲ ਸਰੀਰ ਨਹੀਂ ਹਾਂ, ਸੂਖਮ ਸਰੀਰ ਨਹੀਂ ਹਾਂ ਤੇ ਕਾਰਨ ਸਰੀਰ ਨਹੀਂ ਹਾਂ।

## ਸੀਪ ਰੱਜੂ ਕੋ ਗਯਾਨ ਹੋਇ ਜਬਿ; ਰੂਪਾ ਸਰਪ ਨਹੀਂ ਜਿਸ ਭਾਇ।

ਜਿਸ ਭਾਇ = ਪ੍ਰਕਾਰ ਜਬਿ = ਜਦੋਂ ਸੀਪ = ਸਿੱਪੀ ਦਾ ਗਿਆਨ ਹੋ ਗਿਆ ਤਾਂ ਰੂਪਾ = ਚਾਂਦੀ ਦਾ ਭੁਲੇਖਾ ਸਮਾਪਤ ਹੋ ਜਾਂਦਾ ਹੈ ਤੇ ਜਦੋਂ ਰੱਜੂ = ਰੱਸੀ ਦਾ ਗਿਆਨ ਹੋ ਗਿਆ ਤਾਂ ਸਰਪ = ਸੱਪ ਦਾ ਭਰਮ ਭੁਲੇਖਾ ਨਵਿਰਤ ਹੋ ਜਾਂਦਾ ਹੈ।

## ਤਥਾ ਅਧਯਸ਼ਟ ਗਯਾਨ ਤੇ ਨਾਨਾ; ਹੁਇ ਅਭਾਵ ਸਭਿ ਦ੍ਵੈਤ ਬਿਲਾਇ।

ਤਥਾ = ਤਿਵੇਂ ਸਭ ਦਾ ਅਧਯਸ਼ਟ = ਆਸਰਾ ਰੂਪ ਬ੍ਰਹਮ ਜੋ ਹੈ, ਉਸ ਦੇ ਗਿਆਨ ਤੋਂ ਨਾਨਾ = ਨਾਨੱਤ੍ਵ ਪਣਾ ਭਾਵ ਕਲਪਤ ਜਗ ਨਾਨਾ ਤਰ੍ਹਾਂ ਦਾ ਅਭਾਵ ਹੋ ਜਾਂਦਾ ਹੈ ਤੇ ਸਾਰੀ ਦ੍ਵੈਤ = ਦ੍ਵੈਸ਼ ਬਿਲਾਇ = ਨਾਸ ਹੋ ਜਾਂਦੀ ਹੈ।

## 'ਗਯਾਨ ਪ੍ਰਲੈ' ਇਸ ਨਾਮ ਕਹਿਤ ਹੈਂ; ਸਤਿਗੁਰ ਉਪਦੇਸਨਿ ਤੇ ਪਾਇ ॥੧੯॥

ਇਸ ਦਾ ਨਾਮ ਵਿਦਵਾਨ ਲੋਕ ਗਯਾਨ ਪਰਲੋ ਕਹਿਤ = ਕਹਿੰਦੇ ਹਨ, ਸਿੱਖ ਇਸ ਦੀ ਪ੍ਰਾਪਤੀ ਸਤਿਗੁਰਾਂ ਦੇ ਉਪਦੇਸ਼ ਤੋਂ ਪਾਇ = ਪ੍ਰਾਪਤ ਕਰਦਾ ਹੈ ਅਤੇ ਜਿਸ ਸਤਿਗੁਰੂ ਦੇ ਉਪਦੇਸ਼ ਦੁਆਰਾ ਇਸ ਦੀ ਪ੍ਰਾਪਤੀ ਹੁੰਦੀ ਹੈ ਉਹ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ ਗੁਰੂ ਹੈ, ਬ੍ਰਹਮ ਨੇਸ਼ਟੀ ਉਸ ਨੂੰ ਕਹਿੰਦੇ ਕਿ ਜਿਸ ਨੇ ਵੇਦ ਸ਼ਾਸਤਰ ਪੜ੍ਹ ਕੇ ਬ੍ਰਹਮ ਨੂੰ ਸ਼ਾਖਸਾਤ ਕਰ ਲਿਆ ਹੈ ਭਾਵ ਅਪ੍ਰੋਖ ਬ੍ਰਹਮ ਗਿਆਨ ਦੁਆਰਾ ਬ੍ਰਹਮ ਦੀ ਸਾਖਿਆਤਾਕਾਰ ਹੋ ਗਈ, ਬ੍ਰਹਮ ਸਰੋਤਰੀ ਉਸ ਨੂੰ ਕਹਿੰਦੇ ਹਨ ਜਿਸ ਨੇ ਵੇਦ ਸ਼ਾਸਤਰ ਸੁਣ ਕੇ ਬ੍ਰਹਮ 'ਤੇ ਨਿਸ਼ਚਾ ਤਾਂ ਕਰ ਲਿਆ ਕਿ ਬ੍ਰਹਮ ਹੈ ਪਰ ਬ੍ਰਹਮ ਦੀ ਸਾਖਿਆਤਾਕਾਰ ਨਹੀਂ ਹੋਈ। ਕੇਵਲ ਪਰੋਖ ਭਾਵ ਉਲ੍ਹੇ ਵਾਲਾ ਗਿਆਨ ਹੋਇਆ ਹੈ ਇਸ ਦੁਆਰਾ ਸਿੱਖ ਨੂੰ ਗਿਆਨ ਨਹੀਂ ਹੁੰਦਾ ਭਾਵ ਬ੍ਰਹਮ ਸਰੋਤਰੀ ਵੀ ਹੋਵੇ। ਵੇਦ ਸ਼ਾਸਤਰ ਪੜ੍ਹ ਕੇ ਗਿਆਨ ਦੀ ਸਾਰੀ ਤਰਤੀਬ ਵੀ ਜਾਣਦਾ ਹੋਵੇ ਤੇ ਬ੍ਰਹਮ ਨੇਸ਼ਟੀ ਵੀ ਹੋਵੇ ਭਾਵ ਵੇਦ ਸ਼ਾਸਤਰ ਪੜ੍ਹ ਕੇ ਅਪ੍ਰੋਖ ਬ੍ਰਹਮ ਗਿਆਨ ਪ੍ਰਾਪਤ ਹੋਵੇ, ਉਹ ਸਿੱਖ ਦੇ ਹਿਰਦੇ ਵਿਚ ਨਾਨੱਤ੍ਵ ਪੁਣਾ ਖ਼ਤਮ ਕਰ ਸਕਦਾ ਹੈ ਭਾਵ ਪਸ਼ੂ, ਪੰਛੀ, ਨਦੀਆਂ, ਨਾਲੇ, ਬ੍ਰਿਛ, ਦੇਵ, ਦੈਂਤ, ਮਨੁੱਖ, ਇਸਤਰੀ, ਪੁਰਸ਼ ਇਹ ਸਾਰਾ ਨਾਨੱਤ੍ਵ ਪੁਣਾ ਹੈ ਇਹ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ ਸਤਿਗੁਰੂ ਤੋਂ ਗਿਆਨ ਪਰਲੋ ਦੁਆਰਾ ਨਾਸ ਹੋ ਜਾਂਦਾ ਹੈ, ਸੋ ਇਥੇ ਗਿਆਨ ਪਰਲੋ ਦੀ ਵਿਚਾਰ ਸਮਾਪਤ ਹੋਈ॥੧੯॥

**ਉਤਪਤਿ** : ਪੈਦਾ ਹੋਣਾ, ਉਤਪਤਿ ਸ਼ਬਦ ਬਹੁਤ ਸਾਰੇ ਥਾਂਵਾਂ 'ਤੇ ਪ੍ਰਯੋਗ ਹੁੰਦਾ ਹੈ ਜੈਸਾ ਕਿ ਸੰਤਾਨ

ਦੇ ਜੰਮਣ ਨੂੰ ਵੀ ਉਤਪਤਿ, ਫ਼ਸਲ ਬੀਜੀ ਹੋਈ ਜੰਮ ਪਵੇ ਉਸਨੂੰ ਵੀ ਉੱਤਪਤਿ, ਮੱਖੀ, ਮੱਛਰ ਆਦਿ ਜੀਵ-ਜੰਤੂਆਂ ਦੇ ਪੈਦਾ ਹੋਣ ਨੂੰ ਵੀ ਉਤਪਤ, ਮਨ ਦੇ ਵਿਚ ਖ਼ਿਆਲ ਪੈਦਾ ਹੋਣ ਨੂੰ ਵੀ ਉਤਪਤਿ ਕਿਹਾ ਜਾਂਦਾ ਹੈ ਇਤਿਆਦਿਕ ਇਸ ਤਰ੍ਹਾਂ ਉਤਪਤਿ ਸ਼ਬਦ ਬਹੁਤ ਸਾਰੀਆਂ ਥਾਂਵਾਂ 'ਤੇ ਪ੍ਰਯੋਗ ਹੁੰਦਾ ਹੈ, ਪਰ ਵੇਦਾਂਤ ਮਤ ਅਨੁਸਾਰ ਉਤਪਤੀ ਕਿਸਨੂੰ ਕਹਿੰਦੇ ਹਨ, ਉਹ ਦੱਸਦੇ ਹਨ :

## ਭੂਤ ਅਪੰਚੀਕ੍ਰਿਤ ਜੁਤਿ ਕਾਰਜ; ਪੰਚੀਕ੍ਰਿੱਤ ਸਕਾਰਜ ਹੋਇ।

ਜਿਹੜੇ ਭੂਤ = ਤੱਤ ਅਪੰਚੀਕ੍ਰਿਤ = ਵੰਡ ਵਿਚ ਨਹੀਂ ਆਏ ਮੂਲ ਰੂਪ ਵਿਚ ਹਨ, ਜਦੋਂ ਉਹ ਆਪਣੇ ਕਾਰਜ ਜੁਤਿ = ਸਮੇਤ ਹੋ ਜਾਣ ਭਾਵ ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ ਪੰਜ ਸੂਖਮ ਤੱਤਾਂ ਦਾ ਰੂਪ ਧਾਰਨ ਕਰ ਲੈਣ ਤੇ ਫਿਰ ਉਹਨਾਂ ਤੋਂ ਪੰਜ ਗਿਆਨ ਇੰਦ੍ਰੇ, ਪ੍ਰਾਣ ਆਦਿਕ ਦੇ ਕਾਰਜ ਸਹਿਤ ਹੋ ਜਾਣ ਤੇ ਫਿਰ ਪੰਚੀਕ੍ਰਿਤ = ਪੰਜ ਤੱਤ ਪੱਚੀ ਪ੍ਰਕਿਰਤੀਆਂ ਦੇ ਅਸਥੂਲ ਸਰੀਰਾਂ ਦੇ ਸਕਾਰਜ = ਸਹਿਤ ਕਾਰਜ ਦੇ ਹੋ ਜਾਣ, ਭਾਵ ਅਸਥੂਲ ਸਰੀਰਾਂ ਦੇ ਰੂਪ ਵਿਚ ਪੈਦਾ ਹੋ ਜਾਣ।

## ਇਨ ਕੋ ਉਪਜਨ ਆਦਿ ਪੁਰਖ ਤੇ; 'ਉਤਪਤਿ' ਨਾਮ ਜਾਨੀਏ ਸੋਇ।

ਇਹਨਾਂ ਸੂਖਮ ਤੱਤਾਂ ਦਾ ਸਿਲਸਿਲੇ ਵਾਰ ਆਦਿ ਪੁਰਖ ਤੋਂ ਮਾਇਆ, ਮਾਇਆ ਤੋਂ ਮਹਿਤੱਤ੍ਵ, ਮਹਿਤੱਤ੍ਵ ਤੋਂ ਤ੍ਰਿਧਾ ਹੰਕਾਰ, ਤ੍ਰਿਧਾ ਹੰਕਾਰ ਤੋਂ ਸੂਖਮ ਤੱਤ, ਸੂਖਮ ਤੱਤਾਂ ਤੋਂ ਅਸਥੂਲ ਤੱਤ, ਅਸਥੂਲ ਤੱਤਾਂ ਤੋਂ ਅਸਥੂਲ ਦੇਹਾਂ ਸੋ ਇਸ ਦਾ ਨਾਮ ਉੱਤਪਤਿ ਜਾਨੀਏ = ਜਾਣੋ।

**ਸਥਿਤੀ** : ਸਥਿਤੀ ਨਾਮ ਟਿਕਣ ਦਾ ਹੈ। ਹੁਣ ਅੱਗੇ ਦੱਸਦੇ ਹਨ :

## ਉਪਜਿ ਪ੍ਰਪੰਚ ਥਿਰੈ ਬਿਧਿ ਬਯ ਲਗ;<br>ਇਸ ਕੋ ਨਾਮ 'ਸਥਿਤ' ਤੂੰ ਜੋਇ।

ਪ੍ਰਪੰਚ = ਪੰਜ ਚੀਜ਼ਾਂ ਦਾ ਬਨਿਆ ਹੋਇਆ, ਅਸਤੀ, ਭਾਂਤੀ, ਪ੍ਰੇਯ ਭਾਵ ਸਤ, ਚੇਤਨ, ਅਨੰਦ ਇਹ ਤਿੰਨ ਅੰਸਾ ਬ੍ਰਹਮ ਦੀਆਂ ਹਨ ਅਤੇ ਨਾਮ ਰੂਪ ਇਹ ਦੋ ਅੰਸਾ ਮਾਇਆ ਦੀਆਂ ਹਨ **ਵਾ:** (ਪ੍ਰ + ਪੰਚ) ਪ੍ਰ = ਵਿਸ਼ੇਸ਼ ਕਰਕੇ ਪੰਜ ਚੀਜ਼ਾਂ ਦਾ ਬਨਿਆ ਹੋਇਆ, ਇਹ ਸੰਸਾਰ ਬਿਧਿ = ਬ੍ਰਹਮਾ ਦੀ ਬਯ = ਉਮਰ ਲਗ = ਤਕ ਥਿਰੈ = ਟਿਕਿਆ ਰਹੇ, ਇਸ ਕੋ = ਦਾ ਨਾਮ ਵੇਦਾਂਤ ਮੱਤ ਅਨੁਸਾਰ ਸਥਿਤੀ ਤੂੰ = ਤੁਸੀਂ ਜਾਣ ਲਉ।

**੧. ਬਿਧਿ ਪਰਲੋ :**

## 'ਸਥਿਤਿ ਅਵਾਂਤਰ' ਭੇਦ ਜੁ ਬਿਧਿ;<br>ਨਿਸ ਦਿਨ 'ਬਿਧਿ ਪ੍ਰਲੈ' ਕਹੈਂ ਸਭਿ ਕੋਇ ॥੨੦॥

ਸਥਿਤਿ = ਇਸਥਿਤੀ ਵਿਚ ਅਵਾਂਤਰ = ਇਕ ਹੋਰ ਭੇਦ ਵੀ ਕਥਨ ਕੀਤਾ ਜਾਂਦਾ ਹੈ **ਵਾ:** (ਅਵ + ਅੰਤਰ) ਭੇਦ ਵਿਚ ਅਵ = ਹੋਰ ਭੇਦ ਹੋਵੇ ਉਸਨੂੰ ਅਵਾਂਤਰ ਕਹਿੰਦੇ ਹਨ ਜੋ ਬਿਧਿ = ਬ੍ਰਹਮਾ ਦੀ ਨਿਸ = ਰਾਤ ਦਿਨ = ਦਿਵਸ ਭਾਵ ਬ੍ਰਹਮਾ ਦੇ ਦਿਨ ਚੜ੍ਹਨ ਤੋਂ ਸ੍ਰਿਸ਼ਟੀ ਪੈਦਾ ਹੋ ਜਾਂਦੀ ਹੈ, ਉਸ ਦੀ ਰਾਤ ਪੈਣ ਤੋਂ ਸ੍ਰਿਸ਼ਟੀ ਪ੍ਰਲੈ = ਪਰਲੋਂ ਹੋ ਜਾਂਦੀ ਹੈ, ਇਸ ਨੂੰ ਸਭਿ = ਸਾਰੇ ਕੋਈ ਵਿਦਵਾਨ ਅਤੇ ਧਾਰਮਿਕ ਗ੍ਰੰਥ, ਪੁਰਾਣ ਆਦਿਕ ਵੇਦਾਂਤ ਦੇ ਗ੍ਰੰਥ ਕਹਿੰਦੇ ਹਨ ਕਿ ਇਹ ਬ੍ਰਹਮਾ ਦੀਆਂ ਪਰਲੋਆਂ ਕਹੀਆਂ ਹਨ ਅਤੇ ਉਤਪਤੀ

ਹੋ ਕੇ ਸਥਿਤੀਆਂ ਕਹੀਆਂ ਹਨ, ਅਵਾਂਤਰ ਪਰਲੋ ਨੂੰ ਨੱਮਿਤੱਕ ਪਰਲੋ ਤੇ ਮਨਵੰਤਰ ਪਰਲੋ ਵੀ ਕਹਿੰਦੇ ਹਨ ॥੨੦॥

**੨. ਮਹਾਂ ਪਰਲੋ**

## ਪੂਰਣ ਆਯੂ ਬ੍ਰਹਮਾ ਲੈ ਹੁਇ; ਦੁਤੀ ਪ੍ਰਲੈ ਸਭਿ ਕੋ ਛੈ ਜਾਨਿ।

ਜਦੋਂ ਬ੍ਰਹਮਾ ਦੀ ੧੦੦ ਸਾਲ ਦੀ ਆਯੂ = ਉਮਰ ਪੂਰੀ ਹੋ ਜਾਵੇ ਤਾਂ ਉਹ ਲੈ = ਸਮਾਪਤ ਹੋ ਜਾਂਦਾ ਹੈ ਤੇ ਦੁਤੀ = ਦੂਸਰੀ ਪ੍ਰਲੈ = ਪਰਲੋ ਵਿਚ ਜਦੋਂ ਬ੍ਰਹਮਾ ਆਪਣੀ ਉਮਰ ਭੋਗ ਕੇ ਸਮਾਪਤ ਹੋ ਜਾਂਦਾ ਹੈ ਤਾਂ ਸਭਿ = ਸਾਰਾ ਕੁੱਛ ਛੈ = ਨਾਸ ਹੋ ਜਾਂਦਾ ਹੈ, ਇਹ ਜਾਣ ਲਉ ਕਿ :

**੩. ਗ੍ਯਾਨ ਪਰਲੋ :**

## ਜਿਸ ਮਹਿਂ ਉਤਪਤਿ, ਸਥਿਤ ਨ ਪਰਲੈ; ਤ੍ਰਿਤੀ ਹੋਤਿ ਹੈ 'ਪ੍ਰਲੈ ਗ੍ਯਾਨ'।

ਜਿਸ ਮਹਿਂ = ਵਿਚ ਨਾ ਉਤਪਤਿ = ਪੈਦਾ ਹੋਣਾ, ਨਾ ਸਥਿਤ = ਟਿਕੇ ਰਹਿਣਾ, ਨਾ ਹੀ ਪਰਲੈ = ਨਾਸ ਹੋਣਾ ਭਾਵ ਉਥੇ ਕੁਝ ਵੀ ਨਹੀਂ, ਇਹ ਤ੍ਰਿਤੀ = ਤੀਸਰੀ ਗ੍ਯਾਨ ਪਰਲੋ ਹੋਤਿ = ਹੁੰਦੀ ਹੈ ਭਾਵ ਜਿਸ ਵਿਚ ਉਤਪਤੀ, ਸਥਿਤੀ, ਲੈਤਾ ਦਾ ਭਾਵ ਖ਼ਤਮ ਹੋ ਜਾਂਦਾ ਹੈ, ਨਹੀਂ ਰਹਿੰਦਾ। ਇਸ ਨੂੰ ਗ੍ਯਾਨ ਪਰਲੋ ਕਹਿੰਦੇ ਹਨ।

## ਮੁਕਤਿ ਕਾਲ ਅੱਦ੍ਵੈਤ ਅਖੰਡ ਇਕ; ਐਸੋ ਰੂਪ ਤਾਂਹਿ ਪਹਿਚਾਨ।

ਇਕ ਅੱਦ੍ਵੈਤ ਰੂਪ, ਅਖੰਡ = ਇਕ ਸਰੂਪ, ਭਾਵ ਜਦੋਂ ਇਕ ਬ੍ਰਹਮ ਨੂੰ ਅਖੰਡ ਅਤੇ ਅਦ੍ਵੈਤ ਰੂਪ ਨਿਸ਼ਚੇ ਕਰ ਲਿਆ, ਉਹ ਮੁਕਤੀ ਦਾ ਕਾਲ = ਸਮਾਂ ਹੈ, ਐਸੇ ਸਮੇਂ ਨੂੰ ਮੁਕਤੀ ਦੇ ਸਮੇਂ ਦਾ ਰੂਪ ਪਹਿਚਾਨ ਲਉ, ਇਸੇ ਨੂੰ ਗਿਆਨ ਪਰਲੋ ਪਹਿਚਾਨ ਲਉ।

## ਜੌ ਲਗ ਵਿੱਦ੍ਯਾ ਗ੍ਯਾਨ ਨ ਉਪਜੈ;
## ਕਾਲ ਅਖੰਡ ਅਵਿੱਦ੍ਯਾ ਮਾਨ ॥੨੧॥

ਜੌ = ਜਦੋਂ ਲਗ = ਤੱਕ ਬ੍ਰਹਮ ਵਿੱਦਿਆ ਦੁਆਰਾ ਬ੍ਰਹਮ ਗਿਆਨ ਉਪਜੈ = ਪੈਦਾ ਨ = ਨਹੀਂ ਹੁੰਦਾ, ਤਦੋਂ ਤਕ ਅਵਿੱਦ੍ਯਾ ਦਾ ਅਖੰਡ = ਇਕ-ਰਸ ਕਾਲ = ਸਮਾਂ ਬਣਿਆ ਰਹਿੰਦਾ ਹੈ ਭਾਵ ਅਵਿੱਦਿਆ ਇਕ-ਰਸ ਬਣੀ ਰਹੇਗੀ, ਖ਼ਤਮ ਨਹੀਂ ਹੋਵੇਗੀ, ਇਸਨੂੰ ਮਾਨ = ਮੰਨ ਲਉ ॥੨੧॥

## ਸੰਚਿਤ, ਪਰਾਰਬਧ, ਕ੍ਰਿਯਮਾਣ ਜੁ; ਤਿਧਾ ਕਰਮ ਜਾਵਤ ਨੰਹਿ ਗ੍ਯਾਨ।

ਸੰਚਿਤ = ਇਕੱਠੇ ਕਰਮ ਜਨਮ ਜਨਮਾਂਤ੍ਰਾਂ ਦੇ ਜੋ ਅਜੇ ਉਸੇ ਤਰ੍ਹਾਂ ਫਲ ਦੇਣ ਤੋਂ ਬਿਨਾਂ ਪਏ ਹਨ, ਪਰਾਰਬਧ = ਜਿਸ ਕਰਮਾਂ ਦੀ ਦੇਹ ਮਿਲੀ ਹੋਈ ਹੈ, ਜਿਸ ਦੇ ਵਿਚ ਦੁਖ ਅਰ ਸੁਖ ਭੋਗ ਰਹੇ ਹਾਂ ਜਿਸ ਨੂੰ ਕਿਸਮਤ ਵੀ ਕਹਿ ਦਿੰਦੇ ਹਾਂ, ਕ੍ਰਿਯਮਾਨ ਕਰਮ ਇਕ ਕਿਰਿਆ ਕੀਤੀ ਜਾਂ ਦੂਜੀ ਕਿਰਿਆ ਕੀਤੀ ਜਾਂ ਫਿਰ ਤੀਜੀ ਕਿਰਿਆ ਕੀਤੀ ਆਦਿ ਇਕ ਦਿਨ ਵਿਚ ਅਸੀਂ ਕ੍ਰਿਯਮਾਨ ਕਰਮ ਕਰ ਲੈਂਦੇ ਹਨ, ਇਹ ਤਿਧਾ = ਤਿੰਨ ਕਰਮ ਜਾਵਤ = ਉਦੋਂ ਤਕ ਬਣੇ ਰਹਿੰਦੇ ਹਨ ਜਦੋਂ ਤਕ ਮਨੁੱਖ ਨੂੰ ਅਪ੍ਰੋਖਸ਼ ਬ੍ਰਹਮ ਗਿਆਨ ਨਹੀਂ ਹੁੰਦਾ, ਜਦੋਂ ਅਪ੍ਰੋਖਸ਼ ਬ੍ਰਹਮ ਗਿਆਨ ਹੋ ਜਾਵੇ ਤਾਂ ਸੰਚਿਤ ਕਰਮ ਭਸਮ ਹੋ ਜਾਂਦੇ ਹਨ ਇਹ ਸਾਰੇ ਕਰਮ ਜਿਨ੍ਹਾਂ ਨੂੰ ਗੁਰਬਾਣੀ ਵਿਚ ਐਸਾ ਕਿਹਾ ਹੈ, ਜੈਸਾ ਕਿ :

**ਗਿਆਨੈ ਕਾਰਨ ਕਰਮ ਅਭਿਆਸੁ ॥**
**ਗਿਆਨੁ ਭਇਆ ਤਹ ਕਰਮਹ ਨਾਸੁ ॥੩॥** *(ਭੈਰਉ ਬਾਣੀ ਰਵਿਦਾਸ ਜੀ ਕੀ, ਅੰਗ ੧੧੬੭)*

ਵਾ: **ਗਿਆਨ ਅਘਦਾਨੀ ਦਘਦਾਨੀ ਕਰਮਾਣੀ ॥** *(ਧਰਮ ਸ਼ਾਸਤ੍ਰ)*

ਗਿਆਨ ਅਗਨੀ ਐਸੀ ਹੈ ਜੋ ਸੰਚਿਤ ਕਰਮਾਂ ਨੂੰ ਦਘਦ = ਸਾੜ ਦੇਂਦੀ ਭਾਵ ਨਾਸ ਕਰ ਦੇਂਦੀ ਹੈ। ਬ੍ਰਹਮ ਗਿਆਨ ਹੋਣ ਤੋਂ ਜੋ ਪ੍ਰਾਲਬਧ ਕਰਮ ਹੈ, ਉਹ ਸਰੀਰ ਦੇ ਸ਼ਾਂਤ ਹੋਣ ਤਕ ਬਣਿਆ ਰਹਿੰਦਾ ਹੈ ਤੇ ਪਰਾਲਬਧ ਫਲ ਸਰੂਪ ਸਰੀਰਾਂ ਦੁਆਰਾ ਦੁਖ ਸੁਖ ਭੋਗ ਕੇ ਇਹ ਕਰਮ ਵੀ ਖ਼ਤਮ ਹੋ ਜਾਂਦਾ ਹੈ ਅਤੇ ਕ੍ਰਿਯਮਾਨ ਕਰਮ ਉਹ ਅੱਗੇ ਸੰਚਿਤ ਕਰਮ ਰੂਪ ਵਿਚ ਨਹੀਂ ਬਦਲਦੇ ਕਿਉਂਕਿ ਜਿਸ ਨੂੰ ਬ੍ਰਹਮ ਗਿਆਨ ਹੋ ਗਿਆ ਉਸ ਦੀ ਕਿਰਿਆ ਅਭਿਮਾਨ ਰਹਿਤ ਸੁਤੇ-ਸਿੱਧ ਹੋ ਜਾਂਦੀ ਹੈ, ਜਿਵੇਂ ਬੱਚਾ ਪੰਘੂੜੇ ’ਤੇ ਹੱਥ ਪੈਰ ਮਾਰੀ ਜਾਂਦਾ ਹੈ ਉਸ ਦੀ ਕਿਰਿਆ ਦਾ ਕੋਈ ਕਰਮ ਨਹੀਂ ਬਣਦਾ, ਬ੍ਰਹਮ ਗਿਆਨੀ ਦੀ ਕਿਰਿਆ ਅਭਿਮਾਨ ਰਹਿਤ ਹੁੰਦੀ ਰਹਿੰਦੀ ਹੈ ਅਤੇ ਜੋ ਸੁਤੇ-ਸਿੱਧ ਪੁੰਨ ਰੂਪ ਤੇ ਪਾਪ ਰੂਪ ਕਰਮ ਹੋ ਜਾਂਦੇ ਹਨ ਜਿਵੇਂ ਪੈਰਾਂ ਹੇਠ ਆ ਕੇ ਕੀੜੇ ਆਦਿ ਮਰ ਗਏ ਇਤਿਆਦਿਕ, ਅਭਿਮਾਨ ਰਹਿਤ ਜੀਵ ਹੱਤਿਆ ਹੋ ਗਈ ਤੇ ਸੁਤੇ-ਸਿੱਧ ਚੰਗੀ ਕਿਰਿਆ ਪਰਾਏ ਦੇ ਭਲੇ ਵਾਸਤੇ ਬ੍ਰਹਮ ਗਿਆਨੀ ਨੂੰ ਪਰਉਪਕਾਰ ਫੁਰਦਾ ਰਹਿੰਦਾ ਹੈ। ਜੈਸਾ ਕਿ :

**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥** *(ਗਉੜੀ ਸੁਖਮਨੀ ਮ: ੫, ਅੰਗ ੨੭੪)*

ਇਹ ਪਰਉਪਕਾਰ ਵੀ ਅਭਿਮਾਨ ਰਹਿਤ ਹੈ, ਇਸ ਕਰਕੇ ਬ੍ਰਹਮ ਗਿਆਨੀ ਨੂੰ ਪੁੰਨ ਰੂਪ ਕਰਮ ਫਲ ਨਹੀਂ ਦੇਂਦਾ। ਜੈਸਾ ਕਿ :

**ਹਨੈ ਕੋਟਿ ਬਿਪਰੰ ਨਹੀ ਪਾਪ ਤਾ ਕੋ, ਕਰੈ ਜਗ ਕੋਟੰ ਨਹੀ ਪੁੰਨ ਤਾ ਕੋ ॥**

ਇਸ ਕਰਕੇ ਬ੍ਰਹਮ ਗਿਆਨੀ ਪੁੰਨ ਪਾਪ ਤੋਂ ਰਹਿਤ ਹੋਣ ਕਰਕੇ ਜੀਵਨ ਮੁਕਤੀ ਅਤੇ ਵਿਦੇਹ ਮੁਕਤੀ ਦਾ ਅਨੰਦ ਮਾਣਦਾ ਹੋਇਆ ਸਰੀਰ ਦੇ ਸ਼ਾਂਤ ਹੋਣ ਤੋਂ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਜੈਸਾ ਕਿ :

**ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥**
**ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥**
*(ਗਉੜੀ ਸੁਖਮਨੀ ਮ: ੫, ਅੰਗ ੨੭੮)*

ਹੁਣ ਦੂਸਰੀ ਵਿਚਾਰ ਇਹ ਹੈ ਕਿ ਜੋ ਬ੍ਰਹਮ ਗਿਆਨੀ ਤੋਂ ਸੁਤੇ-ਸਿੱਧ ਕਰਮ ਹੋਏ, ਉਸ ਦਾ ਫਲ ਬ੍ਰਹਮ ਗਿਆਨੀ ਨੂੰ ਨਹੀਂ ਮਿਲਦਾ, ਪਰ ਕੀ ਇਹ ਪੁੰਨ ਪਾਪ ਦਾ ਫਲ ਵੀ ਨਸ਼ਟ ਹੋ ਜਾਂਦਾ ਹੈ ?

ਇਸ ਦਾ ਉੱਤਰ ਇਹ ਹੈ ਕਿ ਜੋ ਬ੍ਰਹਮ ਗਿਆਨੀ ਦੀ ਸੇਵਾ ਸੰਭਾਲ ਕਰਦੇ ਹਨ। ਬ੍ਰਹਮ ਗਿਆਨੀ ਦੇ ਕੀਤੇ ਪੁੰਨ ਉਹਨਾਂ ਵਿਚ ਵੰਡੇ ਜਾਂਦੇ ਹਨ ਕਿਉਂਕਿ ਸ਼ਰਧਾਲੂ ਸ਼ਰਧਾ ਸੰਯੁਕਤ ਬਸਤਰਾਂ ਦੀ ਸੇਵਾ, ਪਦਾਰਥ ਛਕਾਉਣ ਦੀ ਸੇਵਾ, ਗਰਮੀ ਵਿਚ ਪੱਖਾਂ ਆਦਿ ਝੱਲਣ, ਸਰਦੀ ਵਿਚ ਨਿੱਘ ਆਦਿ ਇਸ ਤਰ੍ਹਾਂ ਅਨੰਤ ਕਿਸਮ ਦੀ ਸੇਵਾ ਦਾ ਫਲ ਬ੍ਰਹਮ ਗਿਆਨੀ ਦੇ ਕੀਤੇ ਹੋਏ ਪੁੰਨਾਂ ਦੇ ਹਿੱਸੇਦਾਰ ਬਣ ਜਾਂਦੇ ਹਨ ਅਤੇ ਜੋ ਦ੍ਵੈਸ਼ ਕਰਕੇ ਬ੍ਰਹਮ ਗਿਆਨੀ ਦਾ ਨਿਰਾਦਰ ਕਰਦੇ ਹਨ ਅਤੇ ਅਪਜਸ ਨਿੰਦਿਆ ਆਦਿ ਕਰਦੇ ਹਨ ਅਤੇ ਉਸ ਨੂੰ ਦੁਖ ਪਹੁੰਚਦੇ ਹਨ, ਉਹ ਬ੍ਰਹਮ ਗਿਆਨੀ ਦੇ ਸੁਤੇ-ਸਿੱਧ ਹੋਏ ਪਾਪ ਕਰਮਾਂ ਦੇ ਹਿੱਸੇਦਾਰ ਬਣ ਜਾਂਦੇ ਹਨ, ਇਉਂ ਬ੍ਰਹਮ ਗਿਆਨੀ ਦੇ ਪੁੰਨ ਅਤੇ ਪਾਪ ਕਰਮ ਦੂਸਰਿਆਂ ਨੂੰ ਮਿਲਦੇ ਹਨ। ਪੁੰਨ ਕਰਮ ਸ਼ਰਧਾਲੂਆਂ ਨੂੰ ਤੇ ਪਾਪ ਕਰਮ ਨਿੰਦਕਾਂ ਨੂੰ ਮਿਲਦੇ ਹਨ।

## ਭੂਤ, ਭਵਿੱਖਯਤਿ, ਬਰਤਮਾਨ ਕੋ; ਇਹ ਪ੍ਰਤਿਬੰਧ ਲਏ ਪਹਿਚਾਨ।

ਇਸੇ ਤਰ੍ਹਾਂ ਜੋ ਭੂਤ = ਬੀਤਿਆ ਭਾਵ ਲੰਘਿਆ ਹੋਇਆ ਸਮਾਂ, ਭਵਿੱਖਯਤਿ = ਆਉਣ ਵਾਲਾ ਸਮਾਂ, ਬਰਤਮਾਨ = ਵਰਤ ਰਿਹਾ ਸਮਾਂ ਇਹ ਵੀ ਪ੍ਰਤਿਬੰਧ = ਰੁਕਾਵਟ ਰੂਪ ਵਿਚ ਹੈ ਇਸ ਨੂੰ ਪਹਿਚਾਨ = ਜਾਣ ਲਉ ਭਾਵ ਕਿ ਜਿਤਨੀ ਦੇਰ ਤਕ ਗਿਆਨ ਨਹੀਂ ਹੁੰਦਾ, ਉਤਨੀ ਦੇਰ ਇਹ ਤਿੰਨੇ ਸਮੇਂ ਜੀਵ ਲਈ ਰੁਕਾਵਟ ਰੂਪ ਹਨ ਅਤੇ :

## ਤ੍ਰਿਗੁਣੀ ਮਾਯਾ ਲਿਏ ਚੇਤੰਨ ਮਹਿਂ; ਜੀਵ ਸੂਭਾਵ ਗਯਾਨ ਬਿਨ ਜਾਨ।

ਗਿਆਨ ਦੇ ਜਾਣੇ ਤੋਂ ਬਿਨ = ਬਿਨਾਂ ਤ੍ਰਿਗੁਣੀ = ਤਿੰਨਾਂ ਗੁਣਾਂ (ਰਜੋ, ਸਤੋ, ਤਮੋ) ਵਾਲੀ ਮਾਇਆ ਚੇਤਨ ਦੀ ਸੱਤਾ ਨੂੰ ਆਪਣੇ ਵਿਚ ਲਿਏ = ਲੈ ਕੇ ਤਿੰਨ ਗੁਣਾਂ ਦੇ ਸੁਭਾਅ ਵਾਲਾ ਜੀਵ ਬਣ ਜਾਂਦਾ ਹੈ, ਫਿਰ ਇਹ।

## ਸਤ, ਰਜ, ਤਮ ਗੁਣ ਤੀਨਹੁ ਤਬਿ ਲੌਂ;
## ਜਬਿ ਲੌਂ ਗਯਾਨ ਨ ਭਯੋ ਮਹਾਨ ॥੨੨॥

ਸਤੋ, ਰਜੋ, ਤਮੋ ਤੀਨਹੁ = ਤਿੰਨੇ ਗੁਣ ਤਬਿ = ਤਦੋਂ ਲੌਂ = ਤਕ ਬਣੇ ਰਹਿੰਦੇ ਹਨ, ਜਬਿ = ਜਦੋਂ ਲੌਂ = ਤੱਕ ਮਹਾਨ = ਅਪ੍ਰੋਖ ਬ੍ਰਹਮ ਗਿਆਨ ਨਹੀਂ ਭਯੋ = ਹੋ ਜਾਂਦਾ ਭਾਵ ਅਪ੍ਰੋਖ ਬ੍ਰਹਮ ਗਿਆਨ ਨੂੰ ਹੀ ਮਹਾਨ ਬ੍ਰਹਮ ਗਿਆਨ ਕਿਹਾ ਹੈ ਭਾਵ ਤਮੋ ਗੁਣ ਵਿਚ ਆਪਣਾ ਤੇ ਦੂਸਰੇ ਦਾ ਨੁਕਸਾਨ ਕਰਦਾ ਹੈ, ਗਾਲ੍ਹੀ ਗਲੋਚ, ਕੌੜੇ, ਫਿੱਕੇ ਬਚਨ ਜੋ ਦੂਸਰਿਆਂ ਲਈ ਦੁਖਦਾਈ ਹਨ ਉਹ ਤਮੋ ਗੁਣ ਸੁਭਾਅ ਵਿਚ ਆ ਕੇ ਕਰਦਾ ਹੈ, ਜਦੋਂ ਜੀਵ ਤੇ ਰਜੋ ਗੁਣ ਦਾ ਪ੍ਰਭਾਵ ਪੈਂਦਾ ਹੈ ਫਿਰ ਲਾਲਚੀ ਹੋ ਕੇ ਦੂਸਰਿਆਂ ਦੇ ਪਦਾਰਥਾਂ ਤੇ ਲੁਭਾਇਮਾਨ ਹੋ ਕੇ ਆਪਣੇ ਅਧੀਨ ਕਰਦਾ ਹੈ ਅਤੇ ਜਾਇਜ਼ ਨਜਾਇਜ਼ ਤਰੀਕਿਆਂ ਨਾਲ ਮਾਇਆ ਇਕੱਠੀ ਕਰਦਾ ਹੈ ਅਤੇ ਸਤੋ ਗੁਣ ਵਿਚ ਪੁੰਨ ਦਾਨ ਤੇ ਪਰਉਪਕਾਰ ਆਦਿ ਕਰਮ ਕਰਦਾ ਹੈ ਪਰ ਇਸ ਵਿਚ ਵਡਿਆਈ ਦੀ ਇੱਛਾ ਬਣੀ ਰਹਿੰਦੀ ਹੈ, ਚਾਹੁੰਦਾ ਹੈ ਕਿ ਮੇਰਾ ਕੋਈ ਸਤਿਕਾਰ ਕਰੇ। ਰਜੋ ਤੇ ਤਮੋ ਵਿਚ ਹਿਰਦੇ ਵਿਚ ਬਹੁਤੀ ਮਲੀਨਤਾ ਬਣੀ ਰਹਿੰਦੀ ਹੈ, ਪਾਪ ਕਰਮ ਹੁੰਦੇ ਰਹਿੰਦੇ ਹਨ, ਜਦੋਂ ਸਤੋ ਗੁਣ ਦੇ ਪ੍ਰਭਾਵ ਨਾਲ ਮਨ ਇਕਾਗਰ ਹੋ ਜਾਂਦਾ ਹੈ ਅਤੇ ਰਜੋ ਤੇ ਤਮੋ ਗੁਣ ਨੂੰ ਦਬਾ ਲੈਂਦਾ ਹੈ ਬ੍ਰਹਮ ਗਿਆਨ ਸਤੋ ਗੁਣ ਵਿਚ ਹੀ ਹੁੰਦਾ ਹੈ, ਇਸ ਲਈ ਜਿੰਨੀ ਦੇਰ ਤਕ ਬ੍ਰਹਮ ਗਿਆਨ ਨਹੀਂ ਹੋ ਜਾਂਦਾ, ਉਦੋਂ ਤਕ ਤਿੰਨ ਗੁਣ ਬਣੇ ਰਹਿੰਦੇ ਹਨ ॥੨੨॥

**ਨਿਰਗੁਣ ਦਾ ਰੂਪ** ਕੀ ਹੈ ? ਉਹ ਦੱਸਦੇ ਹਨ :

## ਗੁਨ ਕੀ ਪਰਵਿਰਤਨ ਤੇ ਰਹਿਤਨ; ਭਿੰਨ ਲਖਹਿ ਨਿਜ, 'ਨਿਰਗੁਣ' ਸੋਇ।

ਜਦੋਂ ਤਿੰਨਾਂ ਗੁਣਾਂ ਦੀ ਪਰਵਿਰਤੀ ਤੋਂ ਰਹਿਤਨ = ਰਹਿਤ ਹੋ ਜਾਵੇ ਤੇ ਆਪਣੇ ਨਿਜ ਸਰੂਪ ਨੂੰ ਭਿੰਨ = ਵੱਖਰਾ ਲਖਹਿ = ਜਾਣ ਲਵੇ ਕਿ ਮੈਂ ਚੇਤਨ ਸਰੂਪ ਹਾਂ ਭਾਵ ਸ਼ੁੱਧ ਸਰੂਪ ਹਾਂ ਮੇਰੇ ਵਿਚ ਤਿੰਨੇ ਗੁਣ ਨਹੀਂ ਹਨ, ਸੋ ਇਸ ਦਾ ਨਾਮ ਨਿਰਗੁਣ ਹੈ।

ਅਤੇ ਇਸ ਅਵਸਥਾ ਵਿਚ ਆਤਮ ਦਾ ਪਰਮਾਤਮਾ ਨਾਲ ਇਕ ਹੋ ਜਾਣਾ ਹੁੰਦਾ ਹੈ। ਜੈਸਾ ਕਿ :

**ਆਤਮਾ ਪਰਾਤਮਾ ਏਕੋ ਕਰੈ ॥**
**ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥** *(ਧਨਾਸਰੀ ਮ: ੧, ਅੰਗ ੬੬੧)*

ਜਦੋਂ ਇਹ ਅਵਸਥਾ ਪ੍ਰਾਪਤ ਹੋ ਜਾਵੇ ਤਾਂ ਗੁਣਾਂ ਦੇ ਆਧਾਰ 'ਤੇ ਮਿਲਾਪ ਹੁੰਦਾ ਹੈ, ਕਿਉਂਕਿ ਪਰਮੇਸ਼ਰ ਤਿੰਨਾਂ ਗੁਣਾਂ ਤੋਂ ਪਰੇ ਹੈ ਭਾਵ ਵੱਖਰਾ ਹੈ। ਜੈਸਾ ਕਿ :

**ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥** *(ਗਉੜੀ ਸੁਖਮਨੀ ਮ: ੫, ਅੰਗ ੨੮੫)*

ਇਸੇ ਤਰ੍ਹਾਂ ਬ੍ਰਹਮ ਗਿਆਨੀ ਸਾਧੂ ਮਹਾਤਮਾ ਦੀ ਉਪਮਾ ਵੀ ਪਰਮੇਸ਼ਰ ਦੀ ਤਰ੍ਹਾਂ ਤਿੰਨਾਂ ਗੁਣਾਂ ਤੋਂ ਪਰੇ ਕਥਨ ਕੀਤੀ ਹੈ। ਜੈਸਾ ਕਿ :

**ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥** *(ਗਉੜੀ ਸੁਖਮਨੀ ਮ: ੫, ਅੰਗ ੨੭੨)*

ਇਉਂ ਤਿੰਨਾਂ ਗੁਣਾਂ ਤੋਂ ਪਰੇ ਪਰਮਾਤਮਾ ਦੇ ਨਾਲ ਤਿੰਨਾਂ ਗੁਣਾਂ ਤੋਂ ਪਰੇ ਆਤਮਾ ਦਾ ਮਿਲਾਪ ਹੋ ਜਾਂਦਾ ਹੈ, ਮੇਲ ਤਾਂ ਪਹਿਲਾਂ ਵੀ ਹੈ ਸੀ, ਪਰ ਅਗਿਆਨ ਕਰਕੇ ਵੱਖਰਾ ਪ੍ਰਤੀਤ ਹੋ ਰਿਹਾ ਸੀ, ਹੁਣ ਗਿਆਨ ਦੁਆਰਾ ਅਗਿਆਨ ਦੀ ਨਿਵਿਰਤੀ ਹੋ ਕੇ ਪਰਮਾਤਮਾ ਤੇ ਆਤਮਾ ਦਾ ਸੰਪੂਰਨ ਮੇਲ ਹੋ ਗਿਆ ਹੈ, ਇਸ ਦਾ ਨਾਮ ਨਿਰਗੁਣ ਹੈ।

**ਸਰਗੁਣ ਦਾ ਰੂਪ :**

## ਜਬਹਿ ਤ੍ਰਿਗੁਨ ਮਹਿਂ ਚਿਤੰਨ ਅਪਨਿਪੌਂ;
## ਲਖਿ ਅੱਗਯਾਨ ਤੇ 'ਸਰਗੁਣ' ਹੋਇ।

ਜਬਹਿ = ਜਦੋਂ ਚੇਤਨ ਅਪਨਿਪੌਂ = ਆਪਣੇ ਆਪ ਨੂੰ ਅਗਿਆਨ ਕਰਕੇ ਤ੍ਰਿਗੁਨ = ਤਿੰਨਾਂ ਗੁਣਾਂ ਵਿਚ ਲਖਿ = ਜਾਣਦਾ ਹੈ ਕਿ ਮੈਂ ਤਮੋ ਗੁਣੀ ਹਾਂ, ਰਜੋ ਗੁਣੀ ਹਾਂ, ਸਤੋ ਗੁਣੀ ਹਾਂ, ਤਦੋਂ ਉਸ ਵੇਲੇ ਸਰਗੁਣ ਕਿਹਾ ਜਾਂਦਾ ਹੈ, ਇਹ ਨਿਰਗੁਣ ਤੋਂ ਬਾਅਦ ਸਰਗੁਣ ਦਾ ਰੂਪ ਕਥਨ ਹੋਇਆ।

## ਨਾਸ਼ਵੰਤ ਆਕਾਰ ਪਛਾਨਹੁ; ਨਿਰਾਕਾਰ ਅਬਿਨਾਸ਼ੀ ਜੋਇ।

ਜੋ ਸਰਗੁਣ ਅਕਾਰ ਸਹਿਤ ਹੈ, ਇਹ ਨਾਸ਼ਵੰਤ ਪਛਾਣ ਲਉ ਤੇ ਜੋ ਨਿਰਗੁਣ ਨਿਰਾਕਾਰ = ਅਕਾਰ ਤੋਂ ਰਹਿਤ ਹੈ, ਉਹ ਅਬਿਨਾਸ਼ੀ = ਨਾਸ਼ ਤੋਂ ਰਹਿਤ ਹੈ।

## ਕਵਿ ਸੰਤੋਖ ਸਿੰਘ, ਕਹਿਂ ਸਤਿਗੁਰ ਜੀ;
## ਸਾਰ ਗ੍ਰਹਣ ਬਿਨ ਸਾਰ ਸੁ ਖੋਇ ॥੨੩॥

ਭਾਈ ਦਇਆ ਸਿੰਘ ਜੀ ਦਾ ਕਥਨ ਕੀਤਾ ਹੋਇਆ ਉਸ ਨੂੰ ਭਾਈ ਸੰਤੋਖ ਸਿੰਘ ਜੀ ਕਾਵਿ-ਰਚਨਾ ਵਿਚ ਕਹਿ ਰਹੇ ਹਨ ਕਿ ਜੋ ਸਤਿਗੁਰੂ ਜੀ ਹਨ ਭਾਵ ਵੇਦਾਂਤ ਮੱਤ ਅਨੁਸਾਰ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ ਸਤਿਗੁਰੂ ਕਹੀਦੇ ਹਨ, ਉਹਨਾਂ ਕੋਲੋਂ ਗਿਆਨ ਪ੍ਰਾਪਤ ਕਰੇ ਤੋਂ ਬਿਨਾਂ ਜੋ ਸਾਰ ਰੂਪ ਆਤਮਾ ਹੈ ਉਸ ਨੂੰ ਗ੍ਰਹਿਣ ਕਰੇ ਤੋਂ ਬਿਨਾਂ ਸੁ = ਉਸ ਸਾਰ = ਤੱਤ ਨੂੰ ਖੋਇ = ਗਵਾ ਲੈਂਦਾ ਹੈ ਭਾਵ ਆਪਣੇ ਆਪੇ ਦੀ ਹੋਂਦ ਨੂੰ ਭੁੱਲ ਕੇ ਅਨਾਤਮਾ ਵਿਚ ਜੁੜ ਜਾਣਾ ਇਹੀ ਸਾਰ ਨੂੰ **ਵਾ:** ਤੱਤ ਨੂੰ ਗਵਾਉਣਾ ਹੈ ॥੨੩॥

## ਚੌਪਈ ॥ ਤਨ, ਇੰਦ੍ਰੈ, ਮਨ, ਪ੍ਰਾਣ, ਅਨਾਤਮ।

ਤਨ = ਅਸਥੂਲ ਸਰੀਰ ਤੇ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਪ੍ਰਾਣ ਮਨ ਤੇ ਬੁੱਧ ਇਹ ਸਭਿ ਅਨਾਤਮਾ ਹੈ, ਆਤਮਾ ਨਹੀਂ।

## ਲਖਹੁ ਅਕਾਰ; ਅੱਗਯਾਨ ਸਹਿਤ ਤਮ।

ਇਹ ਅਕਾਰ ਅਗਿਆਨ ਦੇ ਤਮ = ਅੰਧੇਰੇ ਸਹਿਤ ਅਨਾਤਮਾ ਰੂਪ ਹੈ ਇਸ ਨੂੰ ਲਖਹੁ = ਜਾਣੋ।

## ਨਿਰੰਕਾਰ; ਸਾਖੀ ਬ੍ਰਹਮਾਤਮ।

ਜੋ ਸਾਖੀ ਬ੍ਰਹਮ ਆਤਮਾ ਹੈ, ਉਹ ਨਿਰੰਕਾਰ = ਅਕਾਰ ਤੋਂ ਰਹਿਤ ਨਿਰਗੁਣ ਸਰੂਪ ਹੈ।

## ਅਪਨਪੌ ਜਾਨਹਿ; ਜੁ ਅਨਾਤਮ ॥੨੪॥

(ਪਾਠਾਂਤ੍ਰ ਜੋ ਅਧਾਤਮ)

ਜੋ ਅਨਾਤਮ = ਦੇਹ ਇੰਦ੍ਰੇ, ਅਸਥੂਲ ਸਰੀਰ, ਸੂਖਮ ਸਰੀਰ, ਕਾਰਣ ਸਰੀਰ ਹੈ, ਇਹਨਾਂ ਤੋਂ ਪਰੇ ਅਪਨਪੌਂ = ਆਪਣੇ ਸਰੂਪ ਨੂੰ ਜਾਣ ਲਵੇ, ਉਹ ਅਪ੍ਰੋਖਸ਼ ਬ੍ਰਹਮ ਗਿਆਨੀ ਹੈ ਭਾਵ ਸ਼ਾਖਸਾਤ ਸਰੂਪ ਵਾਲਾ ਹੈ ਭਾਵ ਜਦੋਂ ਆਪਣੇ ਆਤਮ ਸਰੂਪ ਦੀ ਲੱਖਤਾ ਹੋ ਗਈ, ਉਹ ਆਤਮ ਗਿਆਨੀ ਹੈ॥੨੪॥

## ਸੋਰਠਾ ॥ ਚਿਤ ਬ੍ਰਹਮ ਨਿਜ ਲਖਿ ਨਾਂਹਿ; ਸੋ ਅਕਾਰ ਨਿਰਕਾਰ ਨਹਿਂ।

ਤੂੰ ਆਪ ਨੂੰ ਨਿਜ ਸਰੂਪ ਚੇਤਨ ਬ੍ਰਹਮ ਨਹੀਂ ਲਖਿ = ਜਾਣਿਆ, ਸੋ = ਉਹ ਤਾਂ ਅਕਾਰਾਂ ਤੋਂ ਵੀ ਨਿਰ = ਰਹਿਤ ਹੈ, ਨਿਰਕਾਰ = ਕਾਰਣਾਂ ਤੋਂ ਵੀ ਰਹਿਤ ਹੈ, 'ਨਿਰ' ਸ਼ਬਦ ਦੇਹਲੀ ਦੀਪਕ ਮੰਨ ਕੇ ਦੋਨੋਂ ਪਾਸੇ ਲੱਗਦਾ ਹੈ।

## ਕਿਯੋ ਅਪਨਪੌ ਨਾਂਹਿ; ਬਿਸਰ ਪਰਯੋ ਜੋ ਆਪ ਹੀ ॥੨੫॥

ਜੋ ਅਗਿਆਨ ਕਰਕੇ ਆਪਣੇ ਆਪ ਨੂੰ ਹੀ ਬਿਸਰ = ਭੁਲ ਪਿਆ ਹੈ ਤੇ ਜੀਵ ਰੂਪ ਹੋ ਕਰਕੇ ਦੁਖ ਪਾ ਰਿਹਾ ਹੈ, ਤੂੰ ਅਪਨਪੌਂ = ਆਪਣੇ ਆਪ ਨੂੰ ਭਾਵ ਤੂੰ ਆਪਣੇ ਨਿਜ ਸਰੂਪ ਨੂੰ ਨਿਸ਼ਚੇ ਨਾਂਹਿ = ਨਹੀਂ ਕਿਯੋ = ਕੀਤਾ, ਇਸ ਕਰਕੇ ਦੁਖ ਪਾ ਰਿਹਾ ਹੈਂ ਪਰ ਤੇਰਾ ਸਰੂਪ ਤਾਂ ਅਕਾਰਾਂ ਤੋਂ ਰਹਿਤ, ਕਾਰਣਾਂ ਤੋਂ ਰਹਿਤ, ਚੇਤਨ ਬ੍ਰਹਮ ਸਰੂਪ ਹੈ, ਇਸ ਲਈ ਤੂੰ ਅਗਿਆਨ ਵੱਸ ਹੋ ਕਰਕੇ ਆਪਣੇ ਆਪ ਲਈ ਠੀਕ ਨਹੀਂ ਕੀਤਾ, ਜਦੋਂ ਤੂੰ ਆਪਣੇ ਸਰੂਪ ਦੀ ਲੱਖਤਾ ਕਰ ਲਈ, ਤਦੋਂ ਅਸੱਤ ਜੜ੍ਹ ਦੁਖ ਰੂਪ ਸੰਸਾਰ ਦੀ ਨਵਿਰਤੀ ਹੋ ਜਾਏਗੀ ਅਤੇ ਸਤ, ਚੇਤਨ, ਅਨੰਦ ਜੋ ਤੇਰਾ ਆਪਣਾ ਸਰੂਪ ਹੈ, ਉਸ ਦੀ ਪ੍ਰਾਪਤੀ ਕਰਕੇ ਮੁਕਤ ਰੂਪ ਹੋ ਜਾਏਂਗਾ ਪਰ ਇਹ ਸਭ ਕੁੱਝ ਬ੍ਰਹਮ ਨੇਸ਼ਟੀ, ਬ੍ਰਹਮਾ ਸਰੋਤਰੀ ਗੁਰੂ ਦੁਆਰਾ ਸੰਭਵ ਹੈ, ਆਪਣੇ ਆਪ ਨਹੀਂ ॥੨੫॥

## ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ; 'ਵਿਚਾਰ ਨਿਰਨੈ' ਪ੍ਰਸੰਗ ਬਰਨਨੰ ਨਾਮ ਚੌਤਾਲੀਸਮੋ ਅੰਸੂ ॥੪੪॥

ਸ੍ਰੀ ਗੁਰ ਪ੍ਰਤਾਪ ਸੂਰਜ ਨਾਮੇ ਗ੍ਰੰਥ ਦੀ ਪੰਜਵੀਂ ਰੁੱਤ ਜਿਸ ਵਿਚ ਜੋਗ ਦਾ ਨਿਰਨਾ ਕਰਕੇ ਬਰਨਨੰ = ਕਥਨ ਕੀਤਾ ਹੈ ਤੇ ਚੌਤਾਲੀਸਮੋ = ਚੌਤਾਲੀ ਨਾਮ ਵਾਲੇ ਅੰਸੂ = ਅਧਿਆਇ ਦੀ ਇਥੇ ਇਤਿ = ਸਮਾਪਤੀ ਹੋਈ ਹੈ॥੪੪॥

# ਰੁਤਿ ੫, ਅੰਸੂ ੪੫

## (ਵੇਦਾਂਤ ਵਿਚਾਰ)

ਪਿਛਲੇ ਅਧਿਆਇ ਵਿਚ ਜੋਗ ਦੇ ਨਿਯਮਾਂ ਦਾ ਅਤੇ ਅੱਠ ਅੰਗਾਂ ਦਾ ਵਿਸਥਾਰ ਨਾਲ ਵਰਣਨ ਕਰਨ ਤੋਂ ਬਾਅਦ ਹੁਣ ਇਸ ਅੰਸੂ ਭਾਵ ੪੫ਵੇਂ ਅੰਸੂ ਵਿਚ ਵੇਦਾਂਤ ਦਾ ਨਿਰਣਾ ਕਰਨਗੇ ਭਾਵ ਵੇਦਾਂਤ ਦੁਆਰਾ, ਆਤਮਿਕ ਗਿਆਨ ਦੁਆਰਾ ਆਪਣੇ ਸਰੂਪ ਦੀ ਲੱਖਤਾ ਵਾਲੀ ਵਿਚਾਰ ਕਰਨਗੇ।

[**ਗੁਰੂ**[1]] : ਬ੍ਰਹਮ ਨੇਸ਼ਟੀ, ਬ੍ਰਹਮ-ਸਰੋਤਰੀ ਗੁਰੂ ਹੈ, ਹੋਰ ਕੋਈ ਦੇਹ ਅਧਿਆਸੀ, ਅਗਿਆਨੀ ਗੁਰੂ ਨਹੀਂ ਹੋ ਸਕਦਾ **ਵਾ:** (ਗੁ + ਰੂ) ਸਿੱਖ ਦੇ ਹਿਰਦੇ ਵਿਚ ਛਾਇਆ ਅਗਿਆਨ ਦਾ ਗੁ = ਅੰਧਕਾਰ ਉਸ ਵਿਚ ਗਿਆਨ ਦਾ ਰੂ = ਪ੍ਰਕਾਸ਼ ਕਰ ਦੇਵੇ, ਸੋ ਉਹ ਗੁਰੂ ਕਹੀਦਾ ਹੈ, ਐਸਾ ਗੁਰੂ ਸਿੱਖ ਨੂੰ ਮਿਲ ਜਾਵੇ ਤਾਂ ਉਸ ਵਿਚ ਭਾਵਨਾ ਕਿਹੋ ਜਿਹੀ ਕਰਨੀ ਚਾਹੀਦੀ ਹੈ, ਉਹ ਦੱਸਦੇ ਹਨ :

### ਦੋਹਰਾ॥ ਈਸ਼ਰ ਮੂਰਤ ਗ੍ਯਾਨ ਕੀ; ਸਿਖ ਸੰਸਾਰ ਤੇ ਪਾਰ।

ਵੇਦਾਂਤ ਮੱਤ ਅਨੁਸਾਰ ਜਿਸਨੇ ਬ੍ਰਹਮ ਸੰਬੰਧੀ ੭ ਸ਼ਾਸਤ੍ਰ ਸੁਣੇ ਹੋਣ ਤੇ ਬ੍ਰਹਮ ਨੂੰ ਨਿਸ਼ਚੇ ਕੀਤਾ ਹੋਵੇ ਕਿਉਂਕਿ ਸਰੋਤਰ ਨਾਮ ਕੰਨਾਂ ਦਾ ਹੈ ਤੇ ਕੰਨਾਂ ਦੁਆਰਾ ਸੁਣ ਕੇ ਬ੍ਰਹਮ ਦਾ ਗਿਆਨ ਪ੍ਰਾਪਤ ਕੀਤਾ ਹੋਵੇ ਅਤੇ ਫਿਰ ਕਮਾਈ ਕਰਕੇ ਬ੍ਰਹਮ ਦੀ ਸਾਖਿਆਤਾਕਾਰ ਕਰ ਲਈ ਹੈ ਭਾਵ ਅਪ੍ਰੋਖਸ਼ ਬ੍ਰਹਮ ਗਿਆਨ ਹੋ ਚੁੱਕਾ ਹੋਵੇ, ਉਹ ਬ੍ਰਹਮ ਦੇ ਨੇਸ਼ਟੀ = ਨਿਸ਼ਚੇ ਵਾਲਾ ਗਿਆਨ ਦੀ ਇਸਥਿਤੀ ਹੋਣ ਕਰਕੇ ਈਸ਼ਵਰ ਦਾ ਮੂਰਤ = ਸਰੂਪ ਹੀ ਕਿਹਾ ਜਾਂਦਾ ਹੈ, ਸਿੱਖ ਨੂੰ ਅਜਿਹੀ ਭਾਵਨਾ ਹੋਣੀ ਚਾਹੀਦੀ ਹੈ ਕਿ ਮੇਰਾ ਗੁਰੂ ਈਸ਼ਵਰ ਸਰੂਪ ਹੈ ਐਸੀ ਭਾਵਨਾ ਹੋਣੀ ਚਾਹੀਦੀ ਹੈ ਜਿਸ ਵਿਚ ਇਹ ਦੋਵੇਂ ਗੁਣ ਪੂਰੇ ਹੋਣ ਭਾਵ ਬ੍ਰਹਮ ਸਰੋਤਰੀ ਵੀ ਹੋਵੇ ਤੇ ਬ੍ਰਹਮ ਨੇਸ਼ਟੀ ਵੀ ਹੋਵੇ ਉਹ ਪੂਰਾ ਗੁਰੂ ਹੈ, ਉਹ ਸਿੱਖ ਨੂੰ ਸੰਸਾਰ = ਸੰਸਿਆਂ ਦੇ ਘਰ ਭਾਵ ਸੰਸਾਰ-ਸਮੁੰਦਰ ਤੇ = ਤੋਂ ਸਿੱਖਿਆ ਦੇ ਕੇ ਪਾਰ ਕਰ ਸਕਦਾ ਹੈ। ਅਜਿਹੇ ਗੁਰੂ ਦੀ ਸਿੱਖਿਆ ਲੈਣ ਵਾਲਾ ਸਿੱਖ ਸੰਸਾਰ ਤੋਂ ਪਾਰ ਹੋ ਜਾਂਦਾ ਹੈ।

### ਸੋ ਸਤਿਗੁਰ ਉੱਤਮ ਅਧਿਕ; ਇਤਰ ਗੁਰੂ ਵਿਵਹਾਰ॥੧॥

ਸੋ = ਉਹ ਭਾਵ ਇਹੋ ਜਿਹਾ ਸਤਿਗੁਰੂ ਅਧਿਕ = ਬਹੁਤਾ ਹੀ ਉੱਤਮ = ਸ੍ਰੇਸ਼ਟ ਹੈ ਕਿਉਂਕਿ ਉਹ ਗਿਆਨ ਦਾ ਸਰੂਪ ਹੋਣ ਕਰਕੇ ਗੁਰੂ ਕਹਾਉਣ ਦਾ ਅਧਿਕਾਰੀ ਹੈ, ਪਰ ਇਸ ਤੋਂ ਬਿਨਾ ਇਤਰ = ਹੋਰ ਜਿਹੜੇ ਪਖੰਡ ਕਰਕੇ ਅਗਿਆਨੀ, ਦੇਹ ਅਧਿਆਸੀ, ਅਨਾਤਮਾ ਕਾਰ ਨਾਲ ਜੁੜੇ ਹੋਏ, ਉਹ ਵਿਵਹਾਰ = ਕੰਮ ਚਲਾਉਣ ਵਾਸਤੇ ਗੁਰੂ ਬਣੇ ਹੋਏ ਹਨ, ਉਹ ਸਿੱਖ ਦਾ ਭਲਾ ਨਹੀਂ ਕਰ ਸਕਦੇ, ਉਹ ਸੰਸਾਰ-ਸਮੁੰਦਰ ਦੇ ਪਦਾਰਥਾਂ ਰੂਪ ਪਾਣੀ ਵਿਚ ਡੁੱਬੇ ਹੋਏ ਹਨ, ਐਸੇ ਵਿਵਹਾਰੀ ਗੁਰੂਆਂ ਵਾਸਤੇ ਕਈ ਤਰ੍ਹਾਂ ਦੇ ਪ੍ਰਮਾਣ ਮਿਲਦੇ ਹਨ, ਉਹਨਾਂ ਵਿਚ ਇਕ ਐਸਾ ਪ੍ਰਮਾਣ ਦਿੱਤਾ ਜਾਂਦਾ ਹੈ ਕਿ ਜਿਵੇਂ ਇਕ ਕੋਈ ਸਾਧਾਰਣ ਜਿਹਾ ਮਨੁੱਖ ਸੰਸਾਰ ਤੋਂ ਉਪਰਾਮ ਹੋ ਕੇ ਆਪਣੀ ਕਲਿਆਣ ਵਾਸਤੇ ਗੁਰੂ ਧਾਰ ਕੇ ਉਪਦੇਸ਼ ਲੈਣ ਦੀ ਇੱਛਾ ਨਾਲ ਇਕ ਪਖੰਡ

---

੧. ਗੁਰਮਤਿ ਵਿਚ ਗੁਰੂ ਦਾ ਕੀ ਦਰਜਾ ਹੈ ? ਉਹ ਅਗਲੇ ਅੰਸੂ ਵਿਚ ਦੱਸਣਗੇ।

ਦੇ ਜਾਲ ਵਿਚ ਫਸ ਗਿਆ ਸੀ, ਉਹ ਪਖੰਡੀ ਗੁਰੂ ਨੇ ਦੁੱਧ ਵਾਸਤੇ ਗਾਵਾਂ, ਮੱਝਾਂ ਰੱਖੀਆਂ ਹੋਈਆਂ ਸਨ। ਉਹਨਾਂ ਨੂੰ ਸੰਭਾਲਣ ਵਾਸਤੇ ਕੋਈ ਬੰਦਾ ਨਹੀਂ ਸੀ ਲੱਭਦਾ, ਇਹ ਸਿੱਧਾ ਸਾਧਾ ਮਨੁੱਖ ਉਸ ਕੋਲ ਚਲਾ ਗਿਆ, ਜਾ ਕੇ ਉਸ ਕੋਲ ਉਪਦੇਸ਼ ਦੀ ਜਾਚਨਾ ਕੀਤੀ ਕਿ ਮੇਰੀ ਕਲਿਆਣ ਵਾਸਤੇ ਮੈਨੂੰ ਗੁਰ ਮੰਤ੍ਰ ਦਿਉ ਤਾਂ ਉਸ ਨੇ ਸੋਚਿਆ ਕਿ ਇਹੋ ਜਿਹੀ ਭਾਵਨਾ ਵਾਲਾ ਬੰਦਾ ਸਾਰੀ ਉਮਰ ਕੰਮ ਦੇਵੇਗਾ, ਸੋ ਉਸਨੇ ਕਿਹਾ ਮੈਂ ਤੈਨੂੰ ਸਨਾਤਨ ਧਰਮ ਅਨੁਸਾਰ ਗੁਰ ਮੰਤ੍ਰ ਦੇਵਾਂਗਾ, ਇਸਦਾ ਇਕੱਲਾ ਜਾਪ ਹੀ ਨਹੀਂ ਕਰਨਾ, ਇਸ 'ਤੇ ਅਮਲ ਵੀ ਕਰਨਾ ਹੈ ਤਾਂ ਇਸ ਨੇ ਕਿਹਾ ਕਿ :

**ਖੁਰਪਾ ਖੜੀਅੰ, ਮੰਤ੍ਰ ਦ੍ਰਿੜੀਅੰ, ਹਰੀ ਹਰੀ ਦੂਬ ਨਿਕੰਦਨੰ।**
**ਗੋਬਰ ਥਾਪਨਾ ਤਮਾਕੂ ਕੂਟਨਾ, ਯਹੀ ਧਰਮ ਸਨਾਤਗੰ।**

ਖੁਰਪਾ ਖੜੀਅੰ = ਪਕੜ ਲੈ ਤੇ ਸਾਡਾ ਦਿੱਤਾ ਹੋਇਆ ਮੰਤ੍ਰ ਦ੍ਰਿੜੀਅੰ = ਪੱਕਾ ਕਰ ਲੈ ਅਤੇ ਹਰੀ ਹਰੀ = ਹਰਾ ਹਰਾ ਦੂਬ = ਘਾਹ ਨਿਕੰਦਨੰ = ਕੱਟ ਕੇ ਭਾਵ ਖੁਰਪੇ ਨਾਲ ਖੋਦ ਕੇ ਲੈ ਕੇ ਆ ਤੇ ਗੋਬਰ = ਗੋਹਾ ਥਾਪਨਾ = ਥਾਪ ਕੇ ਪਾਥੀਆਂ ਬਣਾਉਣੀਆਂ ਤੇ ਤਮਾਕੂ ਕੂਟਨਾ = ਕੁੱਟ ਕੇ ਬਰੀਕ ਕਰਕੇ ਰੱਖ ਦੇ ਕਿਉਂਕਿ ਇਹ ਪਖੰਡੀ ਚਿਲਮਾਂ ਪੀਣ ਵਾਲਾ ਸੀ, ਕਹਿੰਦਾ ਹੇ ਸਿੱਖ ! ਯਹੀ = ਇਹੀ ਧਰਮ ਸਨਾਤਗੰ = ਪੁਰਾਣੇ ਸਮੇਂ ਦਾ ਚੱਲਿਆ ਆ ਰਿਹਾ ਹੈ, ਇਸ ਵਿਚ ਹੀ ਤੇਰੀ ਕਲਿਆਣ ਹੈ।

ਇਹ ਵਿਚਾਰਾ ਸਿੱਧੇ ਖ਼ਿਆਲਾਂ ਦਾ ਹੋਣ ਕਰਕੇ ਸ਼ਰਧਾ ਤਾਂ ਸੀ, ਸ਼ਰਧਾ ਦੀਆਂ ਅੱਖਾਂ ਨਾ ਹੋਣ ਕਰਕੇ ਪਖੰਡੀ ਦੇ ਧੱਕੇ ਚੜ੍ਹ ਗਿਆ ਤੇ ਕਿੰਨੇ ਵਰ੍ਹੇ ਪਾਥੀਆਂ ਥੱਪਦਾ ਰਿਹਾ ਤੇ ਤਮਾਕੂੰ ਕੁੱਟ ਕੇ ਚਿਲਮ ਭਰਦਾ ਰਿਹਾ ਤੇ ਸਮਾਂ ਪਾ ਕੇ ਉਸ ਦਾ ਪਖੰਡੀ ਗੁਰੂ ਮਰ ਗਿਆ ਤੇ ਇਕ ਦਿਨ ਗਿਆਨਵਾਨ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ ਵਿਰੱਕਤ ਸਾਧੂ ਧਾਰਮਿਕ ਅਸਥਾਨ ਦੇਖ ਕੇ ਕਿ ਕਿਸੇ ਸਾਧੂ ਦਾ ਆਸ਼ਰਮ ਹੈ, ਰਾਤ ਕੱਟਣ ਲਈ ਆ ਗਿਆ, ਇਹ ਪਖੰਡੀ ਦੇ ਚੇਲੇ ਨੇ ਉਹਨਾਂ ਨੂੰ ਰਹਿਣ ਲਈ ਕਮਰਾ, ਮੰਜਾ, ਬਿਸਤਰਾ ਆਰਾਮ ਸਮੱਗਰੀ ਦੇ ਕੇ ਸਮੇਂ ਅਨੁਸਾਰ ਦੁੱਧ, ਪਾਣੀ, ਭੋਜਨ ਆਦਿਕ ਛਕਾਇਆ, ਮਹਾਪੁਰਸ਼ਾਂ ਨੇ ਪਰਉਪਕਾਰੀ ਸੁਭਾਅ ਅਨੁਸਾਰ ਕਿ ਇਸ ਦਾ ਭਲਾ ਕਰ ਦੇਈਏ ਤਾਂ ਉਹਨਾਂ ਨੇ ਪੁੱਛਿਆ ਕਿ ਪ੍ਰੇਮੀਆਂ ਹਰ ਵੇਲੇ ਕੰਮ ਦੇ ਵਿਚ ਹੀ ਪ੍ਰਵਿਰਤ ਰਹਿੰਦਾ ਹੈ ਤੇਰਾ ਭਲਾ ਕਿਵੇਂ ਹੋਵੇਗਾ ਜਿਹੜੇ ਕੰਮ ਗ੍ਰਿਹਸਥੀ ਕਰਦੇ ਹਨ ਉਹੀ ਕੰਮ ਤੂੰ ਸਾਧੂ ਹੋ ਕੇ ਕਰ ਰਿਹਾ ਹੈਂ। ਤੂੰ ਨਾ ਹੀ ਅੰਮ੍ਰਿਤ ਵੇਲੇ ਸਮੇਂ ਸਿਰ ਇਸ਼ਨਾਨ ਕੀਤਾ, ਨਾ ਹੀ ਗੁਰ ਮੰਤ੍ਰ ਦਾ ਜਾਪ ਕੀਤਾ, ਨਖਿੱਧ ਬੂਟੀ ਚਿਲਮ ਵਿਚ ਪਾ ਕੇ ਉਸ ਦਾ ਸੇਵਨ ਕਰਦਾ ਰਿਹਾ ਹੈਂ, ਤੂੰ ਆਪਣਾ ਜਨਮ ਹੀ ਭ੍ਰਿਸ਼ਟ ਕਰ ਲਿਆ ਹੈ ਕਿ ਤੈਨੂੰ ਤੇਰੇ ਗੁਰੂ ਨੇ ਕੋਈ ਸਿੱਖਿਆ ਨਹੀਂ ਦਿੱਤੀ, ਤਾਂ ਉਸਨੇ ਸਾਰੀ ਵਾਰਤਾ ਕਹਿ ਸੁਣਾਈ ਅਤੇ ਨਾਲ ਪਖੰਡੀ ਦਾ ਦਿੱਤਾ ਹੋਇਆ ਉਹੀ ਮੰਤ੍ਰ ਸੁਣਾ ਦਿੱਤਾ ਕਿ ਖੁਰਪੇ ਨਾਲ ਹਰਾ ਹਰਾ ਘਾਹ ਖੋਦ ਕੇ ਪਸ਼ੂਆਂ ਨੂੰ ਪਾਇਆ ਕਰ, ਗੋਹੇ ਦੀਆਂ ਪਾਥੀਆਂ ਤਿਆਰ ਕਰਿਆ ਕਰ ਅਤੇ ਤਮਾਕੂੰ ਕੁੱਟਿਆ ਕਰ, ਮੈਂ ਤਾਂ ਆਪਣੇ ਗੁਰੂ ਦੇ ਸਾਰੇ ਬਚਨ ਕਮਾਏ ਹਨ ਤਾਂ ਵਿਦਵਾਨ ਮਹਾਂਪੁਰਸ਼ਾਂ ਨੇ ਸੁਣ ਕੇ ਦੁੱਖ ਪ੍ਰਗਟ ਕੀਤਾ ਅਤੇ ਸੋਚਿਆ ਜੇ ਮੈਂ ਇਸਨੂੰ ਇਹ ਕਹਿ ਦਿੱਤਾ ਕਿ ਤੇਰਾ ਗੁਰੂ ਪਖੰਡੀ ਸੀ ਇਹ ਮੇਰੀ ਗੱਲ ਸੁਣਨ ਲਈ ਤਿਆਰ ਨਹੀਂ ਹੋਏਗਾ, ਇਸ ਤੋਂ ਬਿਹਤਰ ਇਹ ਹੈ ਕਿ ਮੈਂ ਪੜਦਾ ਰੱਖ ਕੇ ਉਪਦੇਸ਼ ਦਿਆਂ ਜਿਸ ਦੇ ਨਾਲ ਇਸ ਦੀ ਵਰ੍ਹਿਆਂ ਪੁਰਾਣੀ ਸ਼ਰਧਾ ਵੀ ਬਣੀ ਰਹੇ ਤੇ ਇਸ ਦਾ ਭਲਾ ਵੀ ਹੋ ਜਾਵੇ, ਜੇ ਇਸ ਦੀ ਸ਼ਰਧਾ ਟੁੱਟ ਗਈ ਇਸ ਨੇ ਮੇਰੀ ਗੱਲ ਵੀ ਨਹੀਂ ਸੁਣਨੀ, ਇਸ ਲਈ ਸੰਤਾਂ ਨੇ ਕਿਹਾ ਕਿ ਭਾਈ ਤੇਰੇ ਗੁਰੂ ਤਾਂ ਕਰਨੀ ਵਿਚ ਪੂਰਨ ਸਨ ਤੂੰ ਆਪਣੇ ਗੁਰੂ ਦੀ ਰਮਜ਼ ਨਹੀਂ ਸਮਝਿਆ, ਆ ਮੈਂ ਤੈਨੂੰ ਇਸ ਉਪਦੇਸ਼ ਦਾ ਸਿਧਾਂਤ ਦੱਸਾਂ, ਅਰਥ ਦੱਸਾਂ ਤੂੰ ਭਾਈ ਵਿਚਾਰ ਰੂਪੀ ਖੁਰਪਾ ਲੈਣਾ ਸੀ ਅਤੇ ਦ੍ਵੈਸ਼ ਦਾ ਘਾਹ ਜੋ ਹਰ ਇਕ ਦੇ ਹਿਰਦੇ ਵਿਚ ਹਰਾ ਹੋਇਆ ਹੈ, ਉਸ ਨੂੰ ਹਿਰਦੇ ਵਿੱਚੋਂ ਕੱਟਣਾ ਸੀ ਅਤੇ ਜੋ ਬਰ = ਸ੍ਰੇਸ਼ਟ ਭਾਵ ਗਿਆਨ

ਗੋ = ਇੰਦ੍ਰੀਆਂ ਹਨ ਇਹਨਾਂ ਨੂੰ ਵਿਸ਼ਿਆਂ ਵੱਲੋਂ ਥਾਪਨਾ = ਰੋਕਣਾ ਸੀ, ਹਿਰਦੇ ਵਿੱਚੋਂ (ਤਮਾ + ਕੂ) ਤਮਾ = ਤ੍ਰਿਸ਼ਨਾ ਕੂ = ਨੂੰ ਕੂਟਨਾ = ਕੁੱਟਣਾ ਭਾਵ ਨਵਿਰਤ ਕਰਨਾ ਸੀ ਇਹ ਮੰਤ੍ਰ = ਉਪਦੇਸ਼ ਦ੍ਰਿੜ = ਪੱਕਾ ਕਰਨ ਨੂੰ ਕਿਹਾ ਸੀ ਇਹੀ ਸਨਾਤਮ = ਪੁਰਾਤਨ ਧਰਮ ਹੈ, ਪਰ ਤੂੰ ਸਭ ਕੁਝ ਹੀ ਉਲਟ ਪੁਲਟ ਕਰ ਲਿਆ, ਤੂੰ ਤਾਂ ਆਪਣੇ ਗੁਰੂ ਦਾ ਇਕ ਵੀ ਬਚਨ ਸਫਲਾ ਨਹੀਂ ਕੀਤਾ, ਇਸ ਲਈ ਅੱਜ ਤੋਂ ਬਾਅਦ ਤਮਾਕੂ ਨੂੰ ਹੱਥ ਵੀ ਨਹੀਂ ਲਾਉਣਾ, ਹਿਰਦੇ ਵਿੱਚੋਂ ਦ੍ਵੈਸ਼ ਦਾ ਘਾਹ ਖੋਦਣਾ ਹੈ, ਇੰਦ੍ਰਿਆਂ ਨੂੰ ਵਿਸ਼ਿਆਂ ਵੱਲੋਂ ਥਾਪਣਾ ਹੈ ਭਾਵ ਰੋਕਣਾ ਹੈ, ਇਸ ਦੇ ਵਿਚ ਤੇਰੀ ਕਲਿਆਣ ਹੋਵੇਗੀ, ਇਸ ਦੇ ਨਾਲ-ਨਾਲ ਅੰਮ੍ਰਿਤ ਵੇਲੇ ਉੱਠਿਆ ਕਰ, ਇਸ਼ਨਾਨ ਕਰ ਕੇ ਓਅੰਕਾਰ ਦਾ ਜਾਪ ਜਪਿਆ ਕਰ, ਅਨਾਤਮ ਪਦਾਰਥਾਂ ਵੱਲੋਂ ਟੁੱਟ ਕੇ ਆਪਣੇ ਸਰੂਪ ਦੀ ਲੱਖਤਾ ਪ੍ਰਾਪਤ ਕਰ, ਇਉਂ ਉਸ ਨੂੰ ਬ੍ਰਹਮ ਗਿਆਨ ਦ੍ਰਿੜ ਕਰਵਾ ਕੇ ਮਹਾਂਪੁਰਸ਼ ਅੱਗੇ ਚਲੇ ਗਏ ਤੇ ਇਹ ਸੰਤਾਂ ਦੇ ਉਪਦੇਸ਼ ਨਾਲ ਆਪਣੇ ਸਰੂਪ ਦੀ ਲੱਖਤਾ ਪ੍ਰਾਪਤ ਕਰ ਕੇ ਮੁਕਤ ਹੋਇਆ, ਇਉਂ ਪਹਿਲਾ ਗੁਰੂ ਕੱਚਾ ਤੇ ਪਖੰਡੀ ਸੀ ਜੋ ਆਪਣੇ ਸ਼ਿਸ਼ ਦਾ ਭਰਮ ਨਹੀਂ ਗਵਾ ਸਕਿਆ। ਜੈਸਾ ਕਿ :

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥**
**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥** *(ਸਲੋਕ ਕਬੀਰ ਜੀ, ਅੰਗ ੧੩੭੦)*

**ਵਾ: ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥**
**ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥** *(ਰਾਮਕਲੀ ਵਾਰ ਮ: ੩, ਅੰਗ ੯੫੧)*

**ਵਾ: ਕਾਚੇ ਗੁਰ ਤੇ ਮੁਕਤਿ ਨ ਹੂਆ ॥** *(ਰਾਮਕਲੀ ਓਅੰਕਾਰ ਮ: ੧, ਅੰਗ ੯੩੨)*

ਇਸ ਕਰਕੇ ਉਪਰੋਕਤ ਸ਼ਬਦ ਵਿਚ ਕਿਹਾ ਹੈ ਕਿ 'ਇਤਰ ਗੁਰੂ ਵਿਵਹਾਰ' ਇਹ ਵਿਵਹਾਰੀ ਗੁਰੂ ਸਮਾਜ ਦੇ ਮੱਥੇ 'ਤੇ ਕਲੰਕ ਰੂਪ ਹਨ, ਜੋ ਪਖੰਡ ਕਰਕੇ ਲੁੱਟ ਰਹੇ ਹਨ। ਇਹ ਭਾਵੇਂ ਕਹੀ ਜਾਣ ਕਿ ਅਸੀਂ ਈਸ਼ਵਰ ਰੂਪ ਹਾਂ, ਸਾਨੂੰ ਹੀ ਗ੍ਰੰਥਾਂ ਵਿਚ ਕਿਹਾ ਹੈ ਕਿ ਗੁਰੂ ਈਸ਼ਵਰ ਰੂਪ ਹੁੰਦਾ ਹੈ ਪਰ ਇਹਨਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ, ਇਸ ਤੋਂ ਅਲੱਗ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ ਗੁਰੂ ਈਸ਼ਵਰ ਸਰੂਪ ਹੁੰਦਾ ਹੈ। ਜੈਸਾ ਕਿ :

**ਨਾਨਕ ਸੋਧੇ ਸਿੰਮ੍ਰਿਤਿ ਬੇਦ ॥**
**ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥** *(ਭੈਰਉ ਮ: ੫, ਅੰਗ ੧੧੪੨)*

**ਵਾ: ਜਿਸ ਮਿਲਿਐ ਮਨਿ ਹੋਇ ਅਨੰਦ ਸੋ ਸਤਿਗੁਰੁ ਕਹੀਐ ॥**
**ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥** *(ਗਉੜੀ ਮ: ੪, ਅੰਗ ੧੬੮)*

ਸੋ ਇਸ ਪ੍ਰਕਾਰ ਪੂਰਨ ਗੁਰੂ ਜਿਸ ਤੋਂ ਸਿੱਖ ਨੂੰ ਬ੍ਰਹਮ ਗਿਆਨ ਪ੍ਰਾਪਤ ਹੋ ਸਕਦਾ ਹੈ ਤੇ ਉਹ ਈਸ਼ਵਰ ਸਰੂਪ ਗਿਆਨਵਾਨ ਹੀ ਗੁਰੂ ਹੈ ॥੧॥

[**ਸਿੱਖ** :] ਵੇਦਾਂਤ ਮੱਤ ਅਨੁਸਾਰ ਸਿੱਖ ਕੌਣ ਹੈ ? ਕਿਉਂਕਿ ਹਰ ਇਕ ਨੂੰ ਸਿੱਖ ਨਹੀਂ ਕਿਹਾ ਜਾਂਦਾ, ਸਿੱਖ ਉਹ ਹੈ ਜਿਸ ਵਿਚ ਐਸੇ ਗੁਣ ਹੋਣ :

## ਚੌਪਈ ॥ ਬਿਬੇਕ, ਵਿਰਾਗ, ਮੁਮੁਖਤਾ, ਤੀਨ।

੧. ਬਿਬੇਕ = ਸਤ, ਨਿਰਤ ਬੁੱਝਣ ਵਾਲੀ ਬੁੱਧ, ੨. ਵਿਰਾਗ = ਵੈਰਾਗ ੯ ਕਿਸਮ ਦਾ ਹੁੰਦਾ ਹੈ : (ਯਤਮਾਨ, ਵਿਤ੍ਰੇਕ, ਏਕ ਇੰਦ੍ਰਯ, ਵਸੀਕਰਨ, ਤੀਬਰ, ਤਰ ਤੀਬਰ, ਤਰ ਤੀਬਰ ਤਰ ਤਮ ਵੈਰਾਗ, ਮੰਦ ਵੈਰਾਗ, ਕਾਰਨ ਵੈਰਾਗ) ਤਰ ਤੀਬਰ ਤਰ ਤਮ ਵੈਰਾਗ ਭਾਵ ਇੰਦ੍ਰਪੁਰੀ ਤੋਂ ਲੈ ਕੇ ਬ੍ਰਹਮਪੁਰੀ ਤਕ ਭੋਗ ਪਦਾਰਥਾਂ ਨੂੰ ਕਾਂ ਦੇ ਬਿਸਟਾ ਸਮਾਨ ਸਮਝਦਾ ਹੋਵੇ, ਉਹ ਵੈਰਾਗੀ ਹੈ। ਜੈਸਾ ਕਿ :

**ਬ੍ਰਹਮਾ ਇੰਦ੍ਰ ਆਦਿ ਲੌ ਹੋਤ ਦੇਹ ਧਰਿ ਭੋਗ।**
**ਕਾਕ ਬਿਸ੍ਰ ਸਮ ਜੇ ਗਿਨੈ ਬੀਤਰਾਗ ਤੇ ਲੋਗ ॥੧੪॥** *(ਅਧਯਾਤਮ ਪ੍ਰਕਾਸ਼)*

੩. ਤੀਨ = ਤੀਸਰੀ ਮਮੁਖਤਾ = ਮੁਕਤੀ ਦੀ ਇੱਛਾ ਵਾਲਾ ਹੋਵੇ ਕਿ ਮੈਂ ਦੁਖ ਰੂਪ ਸੰਸਾਰ ਤੋਂ ਛੁੱਟ ਜਾਵਾਂ ਅਤੇ ਸੁਖ ਰੂਪ ਆਤਮਾ ਦੀ ਪ੍ਰਾਪਤੀ ਹੋ ਜਾਵੇ :

## ਖਟਧਾ ਚਤੁਰਥ, ਸਮ, ਦਮ, ਚੀਨ।

੪. ਚਤੁਰਥ = ਚੌਥਾ ਖਟਧਾ = ਖਟ ਸੰਪਤੀ ਜਿਸ ਦੇ ਵਿਚ ੧. ਸਮ = ਮਨ ਦੀਆਂ ਵਾਸ਼ਨਾਵਾਂ ਰੋਕਣੀਆਂ, ੨. ਦਮ = ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਰੋਕਣਾ। ਦੋ ਸਾਧਨ ਇਹ ਚੀਨ = ਜਾਣ ਲਉ ਤੇ ਬਾਕੀ ਅਗਲੀ ਤੁਕ ਵਿਚ ਦੱਸਦੇ ਹਨ :

## ਉਪਰਤਿ, ਤਤਿੱਖਯਾ, ਸ਼ਰਧਾ, ਕਰੈ।

੩. ਉਪਰਤਿ = ਉਪਰਾਮਤਾ ਵਾਲੀ ਬਿਰਤੀ ਜਿਸ ਵਿਚ ਪਦਾਰਥਾਂ ਦੀ ਖਿੱਚ ਖ਼ਤਮ ਹੋ ਜਾਂਦੀ ਹੈ, ੪. ਤਤਿੱਖਯਾ ਬਿਰਤੀ ਭਾਵ ਦੁਖ ਸੁਖ ਵਿਚ ਸਮਾਨ ਰਹਿਣ ਵਾਲੀ ਬਿਰਤੀ, ੫. ਸ਼ਰਧਾ = ਵਿਸ਼ਵਾਸ ਭਾਵ ਗੁਰੂ ਉੱਤੇ ਵਿਸ਼ਵਾਸ ਕਰੈ = ਕਰਨਾ ਕਰੇ।

## ਸਮਾਧਾਨ; ਚਾਤੁਸ਼ਟੈ ਧਰੈ ॥੨॥

੬. ਸਮਾਧਾਨ = ਸਾਵਧਾਨ ਭਾਵ ਸ਼ੰਕਾ ਰਹਿਤ, ਇਹ ਚਾਤੁਸ਼ਟੈ = ਚਾਰੇ ਸਾਧਨ, ਭਾਵ ੧. ਵੈਰਾਗ, ੨. ਬਿਬੇਕ, ੩. ਖਟ ਸੰਪਤੀ, ੪. ਮੋਖ ਇੱਛਾ ਧਰੈ = ਧਾਰਨ ਕਰੇ ॥੨॥

## ਸਿਖ ਸੋਈ; ਲਖ ਲਹਿ ਕੱਲਯਾਣ ॥

ਸੋਈ = ਉਹੀ ਸਿੱਖ ਹੈ, ਲਖ = ਜਾਣ ਲਉ ਕਿ ਸੋ ਕੱਲਯਾਣ = ਮੁਕਤੀ ਲਹਿ = ਲੈ ਲਵੇਗਾ, ਯਾਨੀ ਮੁਕਤੀ ਪ੍ਰਾਪਤ ਕਰ ਲਵੇਗਾ।

## ਅਪਰ ਦੇਹ; ਪੋਖਨਿ ਕੇ ਜਾਨਿ।

ਇਹਨਾਂ ਗੁਣਾਂ ਤੋਂ ਬਿਨਾਂ ਕੋਈ ਅਪਰ = ਹੋਰ ਆਪਣੇ ਆਪ ਨੂੰ ਸਿੱਖ ਕਹਾਵੇ, ਉਹ ਸਿੱਖ ਨਹੀਂ, ਉਹ ਤਾਂ ਇਉਂ ਜਾਣ ਲਉ ਕਿ ਆਪਣੇ ਦੇਹ = ਸਰੀਰ ਦਾ ਪੋਖਨਿ = ਪਾਲਣ ਪੋਸ਼ਣ ਕਰਨ ਵਾਲਾ ਹੈ, ਗੁਰੂ ਸਾਹਿਬ ਨੇ ਵੀ ਸਿੱਖ ਦਾ ਸਰੂਪ ਗੁਰਬਾਣੀ ਵਿੱਚ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥** *(ਸੋਰਠ ਮ: ੩, ਅੰਗ ੬੦੧)*

ਉਹੀ ਸਿੱਖ ਹੈ ਜੋ ਗੁਰੂ ਦੇ ਹੁਕਮ ਵਿਚ ਰਹਿ ਕੇ ਨਿਸ਼ਕਾਮ ਸੇਵਾ ਕਰਕੇ ਨਾਮ ਅਭਿਆਸ ਕਰਦਾ ਹੋਇਆ ਗਿਆਨ ਦੇ ਸਾਧਨਾਂ ਵਿਚ ਪ੍ਰਪੱਕ ਹੋ ਜਾਵੇ, ਨਹੀਂ ਤਾਂ ਸੱਚਾ ਗੁਰੂ ਵੀ ਸਿੱਖ ਨੂੰ ਮੁਕਤੀ ਨਹੀਂ ਦੇ ਸਕੇਗਾ, ਜੇ ਸਿੱਖ ਵਿਚ ਸਾਧਨਾ ਦੀ ਚੂਕ ਹੋਵੇ, ਭਾਵ ਸਿੱਖ ਗਿਆਨ ਦੇ ਸਾਧਨਾਂ ਤੋਂ ਚੁਕ ਗਿਆ ਹੋਵੇ। ਜੈਸਾ ਕਿ :

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥**
**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥** *(ਸਲੋਕ ਕਬੀਰ ਜੀ, ਅੰਗ ੧੩੭੨)*

ਅਨ ਅਧਿਕਾਰੀ ਤਾਂ ਐਸਾ ਹੈ ਜਿਵੇਂ ਬਾਂਸ ਵਿਚ ਬਜਾਈ ਹੋਈ ਫੂਕ ਨਹੀਂ ਠਹਿਰਦੀ, ਇਸੇ ਤਰ੍ਹਾਂ ਉਸ ਦੇ ਹਿਰਦੇ ਵਿਚ ਉਪਦੇਸ਼ ਨਹੀਂ ਠਹਿਰਦਾ, ਇਸ ਲਈ ਉਸ ਨੂੰ ਸਿੱਖ ਨਹੀਂ ਕਿਹਾ ਜਾਂਦਾ ਤੇ ਨਾ ਹੀ ਉਹ ਮੁਕਤੀ ਦਾ ਅਧਿਕਾਰੀ ਹੈ।

[**ਉਪਦੇਸ਼ :**] ਹੁਣ ਦੱਸਦੇ ਹਨ ਕਿ ਉਪਦੇਸ਼ ਕਿਸ ਨੂੰ ਕਹਿੰਦੇ ਹਨ :

## ਹੋਇ ਬਿਚਾਰ; ਆਤਮਾਨਾਤਮ।

ਜਿਸ ਵਿਚ ਆਤਮਿਕ ਸਰੂਪ ਦੀ ਲੱਖਤਾ ਹੋਵੇ ਅਤੇ ਅਨਾਤਮ = ਜੜ ਰੂਪ, ਨਾਸ਼ਵਾਨ ਰੂਪ ਸਰੀਰ ਦੀ ਵਿਚਾਰ ਹੋਵੇ ਭਾਵ ਸਾਡਾ ਆਤਮਾ ਕੀ ਹੈ ? ਤੇ ਆਤਮਾ ਤੋਂ ਅਨਾਤਮਾ ਪਦਾਰਥ ਕੀ ਹੈ ? ਜਿਸ ਵਿਚ ਇਹ ਵਿਚਾਰ ਹੋਵੇ ਤੇ :

## ਗ੍ਯਾਨ ਸਰੂਪ ਪਾਇ; ਉਰ ਹਾਤਮ ॥੩॥

ਗਿਆਨ ਦੇ ਸਰੂਪ ਨੂੰ ਪਾਇ = ਪ੍ਰਾਪਤ ਕਰਕੇ ਉਰ = ਹਿਰਦੇ ਦੇ ਵਿੱਚੋਂ ਅਗਿਆਨ ਨੂੰ ਹਾਤਮ = ਨਾਸ਼ ਕਰ ਦੇਵੇ ॥੩॥

## ਸਿਖ ਕੇ ਨਾਸ਼ਹਿੰ; ਬੰਧ ਕਲੇਸ਼।

ਜਿਹੜੇ ਸਿਖ ਕੇ = ਦੇ ਬੰਧਨ ਰੂਪ ਪੰਜ ਕਲੇਸ਼ ਹਨ : ੧. ਅਵਿੱਦ੍ਯਾ, ੨. ਅਸੰਮਤਾ, ੩. ਰਾਗ, ੪. ਦ੍ਵੈਸ਼, ੫. ਅਭਿੰਨਵੇਸ ਇਹ ਨਾਸਹਿ = ਨਾਸ ਕਰ ਦੇਵੇ।

## ਤਿਸ ਕੋ ਨਾਮ; ਭਨੈਂ 'ਉਪਦੇਸ਼'।

ਤਿਸ ਕੋ = ਉਸ ਦਾ ਨਾਮ ਉਪਦੇਸ਼ ਭਨੈਂ = ਕਿਹਾ ਜਾਂਦਾ ਹੈ ਭਾਵ ਆਮ ਕਰਕੇ ਬਹੁਤ ਸਾਰੇ ਲੋਕ ਕਹਿ ਦਿੰਦੇ ਹਨ ਕਿ ਮੈਂ ਤੈਨੂੰ ਉਪਦੇਸ਼ ਦਿੰਦਾ ਹਾਂ, ਜਾਂ ਲੈਣ ਵਾਲੇ ਕਹਿੰਦੇ ਹਨ ਕਿ ਮੈਂ ਉਸ ਤੋਂ ਉਪਦੇਸ਼ ਲਿਆ। ਇਹ ਸ਼ਬਦ ਲੱਖਾਂ ਲੋਕ ਵਰਤਦੇ ਹਨ, ਪਰ ਵੇਦਾਂਤ ਮੱਤ ਅਨੁਸਾਰ ਉਪਦੇਸ਼ ਉਸ ਨੂੰ ਕਹਿੰਦੇ ਹਨ, ਜਿਸ ਵਿਚ ਆਤਮਾ ਅਨਾਤਮਾ ਦੀ ਵਿਚਾਰ ਹੋਵੇ। ਹਿਰਦੇ ਵਿਚ ਗਿਆਨ ਪ੍ਰਾਪਤ ਹੋਵੇ, ਅਗਿਆਨ ਸਹਿਤ ਪੰਜੇ ਕਲੇਸ਼ ਨਾਸ਼ ਹੋ ਜਾਣ, ਉਸ ਨੂੰ ਉਪਦੇਸ਼ ਕਿਹਾ ਜਾਂਦਾ ਹੈ।

[**ਦੀਖ੍ਯਾ :**] ਹੁਣ ਦੀਖ੍ਯਾ ਬਾਰੇ ਦੱਸਦੇ ਹਨ ਕਿ ਦੀਖ੍ਯਾ ਕੀ ਹੁੰਦੀ ਹੈ :

## ਬਿਮਲਗ੍ਯਾਨ ਦੇ; ਗੁਰ ਭਵ ਹਾਨਾ।

ਦੀਖ੍ਯਾ ਉਸ ਨੂੰ ਕਹਿੰਦੇ ਹਨ : ਬਿਮਲਗ੍ਯਾਨ = ਨਿਰਮਲ ਗਿਆਨ ਭਾਵ ਬ੍ਰਹਮ ਗਿਆਨ ਗੁਰੂ ਸਿੱਖ ਨੂੰ ਦੇ ਕਰਕੇ ਭਵ = ਜੰਮਣ ਮਰਣ ਆਦਿ ਸਾਰੇ ਦੁੱਖਾਂ ਨੂੰ ਹਾਨਾ = ਨਾਸ਼ ਕਰ ਦੇਵੇ।

## ਇਹ 'ਦੀਖ੍ਯਾ'; ਸਭਿ ਕਸ਼ਟ ਮਿਟਾਨਾ ॥੪॥

ਇਹ ਦੀਖ੍ਯਾ = ਸਿੱਖਿਆ ਸਿੱਖ ਦੇ **ਵਾ:** ਦੀਖਸ਼ਤ ਮੰਤਰ (ਗੁਰ ਮੰਤਰ, ਮੂਲ ਮੰਤਰ) ਸਭਿ = ਸਾਰੇ ਕਸ਼ਟਾਂ ਨੂੰ ਮਿਟਾਨਾ = ਮਿਟਾ ਦਿੰਦਾ ਹੈ। ਸੋ ਇਹ ਦੀਖਯਾ ਹੈ ਜਿਵੇਂ ਸਿੱਧਾਂ ਨੇ ਖਡੂਰ ਸਾਹਿਬ ਆ ਕੇ ਗੁਰੂ ਅੰਗਦ ਦੇਵ ਜੀ ਨੂੰ ਕਿਹਾ ਸੀ ਕਿ ਤੁਸੀਂ ਸਾਡੇ ਕੋਲੋਂ ਦੀਖਯਾ ਲੈ ਲਵੋ ਤਾਂ ਗੁਰੂ ਅੰਗਦ ਦੇਵ ਜੀ ਨੇ ਕਿਹਾ ਸੀ ਕਿ ਹੇ ਸਿੱਧੋ ਤੁਸੀਂ ਮੈਨੂੰ ਕੀ ਦੀਖਯਾ ਦੇਵੋਗੇ ਕਿਉਂਕਿ ਮੈਨੂੰ ਤਾਂ ਗੁਰੂ ਪਰਮੇਸ਼ਰ ਗੁਰੂ ਨਾਨਕ ਨੇ ਦੀਖਯਾ ਦਿੱਤੀ ਹੈ। ਜੈਸਾ ਕਿ :

**ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥**
**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥** *(ਮਾਝ ਵਾਰ ਮ: ੧, ਅੰਗ ੧੫੦)*

[**ਮੰਤ੍ਰ :**] ਗੁਰੂ ਵੱਲੋਂ ਪਰਮਾਤਮਾ ਦੇ ਅਰਾਧਣ ਲਈ ਮਿਲਿਆ ਮੰਤ੍ਰ = ਸ਼ਬਦ, ਉਸ ਨਾਮ ਨੂੰ ਮੰਤ੍ਰ ਕਹਿੰਦੇ ਹਨ।

## ਮੰਤ੍ਰ ਸ਼ਿਰੋਮਣਿ; ਕਹਿੰ ਸਤਿਨਾਮ।

ਨਾਮ ਮੰਤ੍ਰ ਤਾਂ ਭਾਵੇਂ ਬੇਅੰਤ ਹਨ, ਪਰ ਜੋ ਅਸਲੀ ਤੇ ਸਭ ਤੋਂ ਸ਼ਿਰੋਮਣਿ = ਵੱਡਾ ਨਾਮ ਮੰਤ੍ਰ ਹੈ, ਉਹ 'ਸਤਿਨਾਮ' ਕਹਿ = ਕਿਹਾ ਜਾਂਦਾ ਹੈ।

## ਜਿਸ ਕੇ ਸਿਮਰਣ; ਲਹਿ ਸੁਖ ਧਾਮ।

ਜਿਸ ਸ਼ਿਰੋਮਣ ਮੰਤ੍ਰ ਦੇ ਸਿਮਰਣ ਕਰਨ ਨਾਲ ਸੁੱਖਾਂ ਦਾ ਧਾਮ = ਘਰ ਭਾਵ ਵਾਹਿਗੁਰੂ ਦਾ ਸਰੂਪ ਲਹਿ = ਪ੍ਰਾਪਤ ਕਰ ਲੈਂਦਾ ਹੈ ਅਤੇ ਸਾਰੇ ਕਿਰਤਮ ਨਾਮਾਂ ਵਿੱਚੋਂ ਸਤਿਨਾਮ ਪਰਾ ਪੂਰਬਲਾ ਹੈ। ਜੈਸਾ ਕਿ :

**ਕਿਰਤਮ ਨਾਮ ਕਥੇ ਤੇਰੇ ਜਿਹਬਾ ॥**
**ਸਤਿ ਨਾਮੁ ਤੇਰਾ ਪਰਾ ਪੂਰਬਲਾ ॥** *(ਮਾਰੂ ਸੋਲਹੇ ਮ: ੫, ਅੰਗ ੧੦੮੩)*

'ਸਤਿਨਾਮ' ਪਦ ਵਿਚ ਵਾਚਯ ਵਾਚਕ ਭਾਵ ਸੰਬੰਧ ਹੈ, ਸਤਿ ਵਾਚਯ ਹੈ ਤੇ ਨਾਮ ਵਾਚਕ ਹੈ ਭਾਵ ਸਤਿ ਨੂੰ ਜਨਾਉਣ ਵਾਲਾ ਨਾਮ ਹੈ, ਜੋ ਸਤਿ ਹੈ ਉਹੋ ਹੀ ਪਰਾ ਪੂਰਬਲਾ ਹੈ। ਜੈਸਾ ਕਿ :

**ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥** *(ਜਪੁ ਜੀ, ਅੰਗ ੧)*

'ਸਤਿਨਾਮ' ਪਦ ਜਿਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ ਅਤੇ ਜਪਣ ਦੀ ਆਗਿਆ ਹੈ, ਉਹ ਮੂਲ ਮੰਤ੍ਰ ਦਾ ਸੰਖੇਪ ਜਾਨਣਾ। ਜੈਸਾ ਕਿ :

**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ਰਹਾਉ॥**
*(ਧਨਾਸਰੀ ਮ: ੪, ਅੰਗ ੬੭੦)*

ਇਉਂ ਇਹ ਸ਼ਿਰੋਮਣ ਮੰਤ੍ਰ ਮੂਲ-ਮੰਤ੍ਰ ਹੀ ਹੈ, ਜਿਸ ਵਿਚ ਸਤਿਨਾਮ ਪਦ ਆਇਆ ਹੈ ਜਿਸ ਦੇ ਜਪਣ ਦੀ ਸਿੱਖ ਨੂੰ ਆਗਿਆ ਕੀਤੀ ਹੈ।

[**ਅਥਵਾ:**] ਅਥਵਾ = ਅਤੇ ਸਨਾਤਨ ਮੱਤ ਵਿਚ ਇਹ ਵੀ ਮੰਤ੍ਰ ਹੈ :

## ਅੱਦ੍ਵੈਤਵਾਕ; ਤੱਤ੍ਵੰਮਸਿ ਜੋਇ।

ਪਹਿਲਾ ਮਹਾਂਵਾਕ ਜੋਇ = ਜੋ ਤੱਤ੍ਵੰਮਸਿ ਆਦਿ ਅੱਦ੍ਵੈਤਵਾਦ ਹਨ ਜਿਨ੍ਹਾਂ ਵਿਚ ਅਦ੍ਵੈਤ ਰੂਪ ਬ੍ਰਹਮ ਦਾ ਨਿਰਨਾ ਹੈ, ਕਿ ਉਹ ਤੂੰ ਹੀ ਬ੍ਰਹਮ ਹੈ।

## ਤੂੰਹੈ ਬ੍ਰਹਮ; ਸੁਨੈ ਸਿਖ ਸੋਇ ॥੫॥

ਕਿ ਤੂੰਹੈ = ਤੂੰ ਹੀ ਬ੍ਰਹਮ ਹੈ, ਸੋਇ = ਇਸ ਨੂੰ ਸੁਣ ਕੇ ਸਿੱਖ ਦ੍ਰਿੜ੍ਹ ਕਰੇ ॥੫॥

## 'ਅਹੰਬ੍ਰਹਮਾਸਮਿ'; ਬਹੁਰ ਉਚਾਰੇ।

ਦੂਜਾ ਮਹਾਂਵਾਕ ਅਹੰਬ੍ਰਹਮਾਸਮਿ ਅਹੰ = ਮੈਂ ਹੀ ਬ੍ਰਹਮ ਸਰੂਪ ਅਸਮਿ = ਹਾਂ, ਬਹੁਰ = ਫਿਰ ਇਉਂ ਉਚਾਰਨ ਕਰੇ ਕਿ ਮੈਂ ਹੀ ਬ੍ਰਹਮ ਹਾਂ।

## ਮਹਾਵਾਕ ਏਹ; ਮੰਤ੍ਰ ਸੁ ਧਾਰੇ।

ਇਹ ਵੇਦ ਦੇ ਜੀਵ ਏਕਤਾ ਵਾਲੇ ਚਾਰ ਮਹਾਂਵਾਕ ਹਨ ਦੋ ਉੱਪਰ ਆ ਗਏ ਤੇ ਦੋ ਹੋਰ ਇਹ ਹਨ, ਪ੍ਰਗਯਾਨਮਾਨੰਦ ਬ੍ਰਹਮ ਕਿ ਇਹ ਜੀਵ ਅਨੰਦ ਸਰੂਪ ਬ੍ਰਹਮ ਹੈ, ਆਯੰ ਆਤਮਾ ਬ੍ਰਹਮ ਕਿ ਇਹ ਆਤਮਾ ਬ੍ਰਹਮ ਸਰੂਪ ਹੈ, ਇਹ ਸੁ = ਸ੍ਰੇਸ਼ਟ ਮੰਤ੍ਰ ਹੈ, ਇਹਨਾਂ ਨੂੰ ਧਾਰੇ = ਧਾਰਨ ਕਰੇ।

[**ਵਰਣ** :] ਹੁਣ ਦੱਸਣਗੇ ਕਿ ਵਰਣ ਕੀ ਹੁੰਦਾ ਹੈ ਅਤੇ ਕਿਵੇਂ ਪੈਦਾ ਹੁੰਦੇ ਹਨ, ਕਿ ਬ੍ਰਹਮਣ, ਖੱਤਰੀ, ਸ਼ੂਦ, ਵੈਸ਼, ਇਹ ਚਾਰੇ ਕਿਵੇਂ ਪੈਦਾ ਹੁੰਦੇ ਹਨ, ਇਹਨਾਂ ਵਿਚ ਪਹਿਲਾਂ ਬ੍ਰਹਮਣ ਦੱਸਦੇ ਹਨ ਕਿਵੇਂ ਪੈਂਦੇ ਹੁੰਦੇ ਹਨ।

## ਲਏ ਪ੍ਰਕਿਰਤਿ; ਸਤਿਗੁਣ ਦ੍ਵਿਜ ਜਾਤਿ।

ਜੋ ਪ੍ਰਕਿਰਤਿ = ਮਾਇਆ ਹੈ, ਇਹ ਸਤੋਗੁਣ ਨੂੰ ਆਪਣੇ ਅੰਦਰ ਲੈ ਕੇ ਦ੍ਵਿਜ = ਬ੍ਰਾਹਮਣ ਜਾਤੀ ਨੂੰ ਪੈਦਾ ਕਰਦੀ ਹੈ।

ਹੁਣ ਦੱਸਦੇ ਹਨ ਕਿ ਛੱਤ੍ਰੀ ਕਿਵੇਂ ਪੈਦਾ ਹੁੰਦੇ ਹਨ।

## ਸਤ ਰਜ ਮਿਸ੍ਰਤ; ਛੱਤ੍ਰੀ ਭਾਂਤਿ ॥੬॥

ਜੋ ਮਾਇਆ (ਪ੍ਰਕਿਰਤੀ) ਹੈ, ਇਹ ਸਤੋ ਗੁਣ ਤੇ ਰਜੋ ਗੁਣ ਨੂ ਮਿਸ੍ਰਤ = ਮਿਲਾ ਕੇ ਆਪਣੇ ਵਿਚ ਲੈ ਕੇ ਛੱਤ੍ਰੀਆਂ ਦੀ ਭਾਂਤਿ = ਕਿਸਮ ਨੂੰ ਪੈਦਾ ਕਰਦੀ ਹੈ ॥੬॥

ਹੁਣ ਅੱਗੇ ਵੈਸ਼ ਕਿਵੇਂ ਪੈਦਾ ਹੁੰਦੇ ਹਨ, ਉਹ ਦੱਸਦੇ ਹਨ :

## ਰਜ ਤਮ ਲਏ; ਪ੍ਰਕ੍ਰਿਤ ਤਨ ਬੈਸ।

ਫਿਰ ਉਹ ਪ੍ਰਕ੍ਰਿਤ = ਮਾਇਆ ਰਜੋ ਗੁਣ ਤੇ ਤਮੋ ਗੁਣ ਨੂੰ ਲੈ ਕੇ ਵੈਸ਼ ਦਾ ਤਨ = ਸਰੀਰ ਉਤਪੰਨ ਕਰਦੀ ਹੈ।

ਹੁਣ ਅੱਗੇ ਦੱਸਦੇ ਹਨ ਕਿ ਸ਼ੂਦ੍ਰ ਕਿਵੇਂ ਪੈਦਾ ਹੁੰਦਾ ਹੈ :

## ਤਮ ਪ੍ਰਕ੍ਰਿਤਿ ਤੇ; ਸ਼ੂਦ੍ਰਨ ਹੈਸ।

ਫਿਰ ਪ੍ਰਕ੍ਰਿਤਿ = ਮਾਇਆ ਤਮੋ ਗੁਣ ਨੂੰ ਆਪਣੇ ਵਿਚ ਲੈ ਕੇ ਤੇ ਉਸ ਸ਼ੂਦ੍ਰ ਜਾਤੀ ਨੂੰ ਪੈਦਾ ਕਰਦੀ ਹੈਸ = ਹੈ।

## ਤ੍ਰਿਗੁਣੀ ਪ੍ਰਕ੍ਰਿਤੀ; ਚਾਰ ਵਰਣ ਗਣ।

ਇਉਂ ਜੋ ਤ੍ਰਿਗੁਣੀ = ਤਿੰਨ ਗੁਣਾਂ ਵਾਲੀ ਪ੍ਰਕ੍ਰਿਤੀ = ਮਾਇਆ ਹੈ, ਇਹ ਚਾਰ ਵਰਣ (ਖੱਤ੍ਰੀ, ਬ੍ਰਾਹਮਣ,

ਸ਼ੂਦ, ਵੈਸ਼) ਗਣ = ਗਿਣਤੀ ਵਿਚ ਪੈਦਾ ਕਰਦੀ ਹੈ ਭਾਵ ਚਾਰੇ ਵਰਨਾਂ ਵਿਚ ਤਿੰਨ ਗੁਣ ਵਾਲੇ ਸੁਭਾਅ ਮਾਇਆ ਪੈਦਾ ਕਰਦੀ ਹੈ।

## ਇਕ ਇਕ ਬਰਣ ਮਹਿਂ; ਚਾਰਹੁਂ ਬਰਣ ॥੭॥

ਇਕ ਇਕ ਵਰਣ ਦੇ ਮਹਿ = ਵਿਚ ਚਾਰਹੁਂ = ਚਾਰੇ ਵਰਣ ਹਨ ਭਾਵ ਪ੍ਰਾਲਬਧ ਕਰਮਾਂ ਅਨੁਸਾਰ, ਚਾਰੇ ਵਰਣ ਦੇ ਰਜੋ, ਸਤੋ, ਤਮੋ ਗੁਣ ਸੁਭਾਵ ਬਣਦੇ ਹਨ ਸੁਭਾਅ ਤੇ ਪ੍ਰਕਿਰਤੀ ਅਨੁਸਾਰ ਚਾਰੇ ਵਰਨ ਵੱਖਰੇ-ਵੱਖਰੇ ਬਣਦੇ ਹਨ, ਹੋਰ ਕੋਈ ਜਨਮ ਲੈਣ ਨਾਲ ਬ੍ਰਾਹਮਣ, ਛੱਤ੍ਰੀ, ਵੈਸ਼, ਸ਼ੂਦ੍ਰ ਨਹੀਂ ਹੁੰਦਾ॥੭॥

ਹੁਣ ਏਸੇ ਗੱਲ ਨੂੰ ਹੋਰ ਖੋਲ੍ਹਣ ਲੱਗੇ ਹਨ :

## ਅਥਵਾ ਵਰਣ ਦੋਇ; ਇਸ ਢਾਲ।

ਅਥਵਾ = ਅਤੇ ਇਸ ਢਾਲ = ਢੰਗ, ਤਰੀਕੇ ਨਾਲ ਦੋਇ = ਦੋ ਹੀ ਵਰਣ ਬ੍ਰਾਹਮਣ ਤੇ ਸ਼ੂਦ੍ਰ ਕਹੇ ਹਨ।

## ਬ੍ਰਹਮਨ ਆਦਿ; ਅੰਤ ਚੰਡਾਲ।

ਸਭ ਤੋਂ ਆਦਿ ਪਹਿਲਾਂ ਚਾਰੇ ਵਰਨਾਂ ਦੀ ਗਿਣਤੀ ਵਿਚ ਬ੍ਰਾਹਮਣ ਦਾ ਕਥਨ ਕੀਤਾ ਸੀ ਅਤੇ ਅੰਤ = ਅਖ਼ੀਰ ਵਿਚ ਚੰਡਾਲ = ਸ਼ੂਦ੍ਰ ਦਾ ਕਥਨ ਕੀਤਾ ਸੀ।

ਹੁਣ ਦੱਸਣਗੇ ਕਿ ਬ੍ਰਾਹਮਣ ਕੋਈ ਜਨਮ ਤੋਂ ਨਹੀਂ ਹੁੰਦਾ, ਕੇਵਲ ਸੁਭਾਅ ਤੇ ਗੁਣਾਂ ਤੋਂ ਹੁੰਦਾ ਹੈ।

## ਬ੍ਰਹਮ ਅਭਿਮਾਨੀ; ਬ੍ਰਹਮਣ ਕਹੀਏ।

ਅਭਿਮਾਨੀ = ਮੈਂ ਬ੍ਰਹਮ ਹਾਂ, ਐਸੀ ਨੇਸ਼ਟਾ ਭਾਵ ਨਿਸ਼ਚੇ ਵਾਲੇ ਨੂੰ ਬ੍ਰਾਹਮਣ ਭਾਵ ਬ੍ਰਹਮ ਗਿਆਨੀ ਕਹੀਏ = ਕਹੀਦਾ ਹੈ।

## ਤਨ ਅਭਿਮਾਨਿ; ਚੰਡਾਲ ਸੁ ਲਹੀਏ ॥੮॥

ਜਿਸ ਨੂੰ ਤਨ = ਸਰੀਰ ਦਾ ਅਭਿਮਾਨ = ਅਹੰ ਭਾਵ ਫੁਰ ਰਿਹਾ ਹੈ ਕਿ ਮੇਰਾ ਸਰੀਰ ਬ੍ਰਹਮ ਹੈ, ਸੋ ਜਾਣ ਲਈਏ ਕਿ ਇਹ ਚੰਡਾਲ ਭਾਵ ਸ਼ੂਦ੍ਰ ਜਾਤੀ ਦਾ ਹੈ ਭਾਵ ਉਸ ਦਾ ਜਨਮ ਭਾਵੇਂ ਬ੍ਰਾਹਮਣਾਂ ਦੇ ਘਰ ਹੋਵੇ, ਉਸ ਨੂੰ ਸ਼ੂਦ੍ਰ ਜਾਣ ਲਈਏ। ਜੈਸਾ ਕਿ :

**ਸਣ ਟੋਪੀ, ਸਣ ਕੱਪੜੇ, ਜੁਤੇ ਸਣੇ ਖੁਦਾ।**

*(ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ)*

## ਬ੍ਰਹਮਣ ਸੋ ਜੋ; ਬ੍ਰਹਮ ਜਾਨਾਤਿ।

ਜੋ = ਜਿਹੜਾ ਬ੍ਰਹਮ ਨੂੰ ਜਾਨਾਤਿ = ਜਾਣ ਲੈਂਦਾ ਹੈ, ਸੋ = ਉਹ ਬ੍ਰਾਹਮਣ ਜਾਨਿਆ ਜਾਂਦਾ ਹੈ। ਜੈਸਾ ਕਿ :

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥** *(ਸਲੋਕ ਵਾਰਾਂ ਤੇ ਵਧੀਕ ਮ: ੧, ਅੰਗ ੧੪੧੧)*

**ਵਾ: ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥** *(ਭੈਰਉ ਮ: ੩ ,ਅੰਗ ੧੧੨੮)*

**ਵਾ:** **ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥** *(ਗਉੜੀ ਕਬੀਰ ਜੀ, ਅੰਗ ੩੨੪)*

ਸੁਰਤੀ ਦਾ ਭੀ ਐਸਾ ਕਥਨ ਹੈ। ਜੈਸਾ ਕਿ :

**ਬ੍ਰਹਮ ਜਾਨੰਤੀ ਸਾ ਬ੍ਰਾਹਮਣਾ।** *(ਸੁਰਤੀ)*

## ਬੇਦ ਗ੍ਰੰਥ; ਭਾਖਤਿ ਬੱਖਯਾਤਿ।

ਚਾਰੇ ਵੇਦ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਬੱਖਯਾਤਿ = ਪ੍ਰਗਟ ਹੀ ਭਾਖਤ = ਕਹਿ ਰਹੇ ਹਨ, ਜੋ ਉਪਰ ਪਰਮਾਣ ਆ ਚੁੱਕੇ ਹਨ ਤੇ ਜਦੋਂ ਕਿਸੇ ਦਾ ਵੀ ਜਨਮ ਹੁੰਦਾ ਹੈ ਤਾਂ ਉਸ ਵੇਲੇ ਜਨਮ ਤੋਂ ਸ਼ੂਦ੍ਰ ਹੀ ਹੁੰਦਾ ਹੈ ਕਿਉਂਕਿ ਉਸ ਵੇਲੇ ਮਲੀਨ ਕਿਰਿਆ ਦੇ ਵਿਚ ਜਨਮ ਹੋਇਆ ਹੈ। ਫਿਰ ਉਸ ਨੂੰ ਸੰਸਕਾਰ ਦੇ ਕੇ ਬ੍ਰਾਹਮਣ ਬਣਾਇਆ ਜਾਂਦਾ ਹੈ ਭਾਵ ਵੱਡਾ ਹੋਏ 'ਤੇ ਗਲ ਵਿਚ ਜਨੇਊ, ਮੱਥੇ 'ਤੇ ਤਿਲਕ, ਤੇੜ ਧੋਤੀ, ਗਲ ਵਿਚ ਮਾਲਾ ਇਹ ਸੰਸਕਾਰ ਦੇ ਕੇ ਬ੍ਰਾਹਮਣ ਬਣਾਇਆ ਜਾਂਦਾ ਹੈ, ਜੇ ਜਨਮ ਤੋਂ ਕੋਈ ਬ੍ਰਾਹਮਣ ਜੰਮਦਾ ਤਾਂ ਇਹਨਾਂ ਸੰਸਕਾਰਾਂ ਦੀ ਕੋਈ ਲੋੜ ਨਹੀਂ ਸੀ ਜਿਵੇਂ ਜਨਮ ਤੋਂ ਕੋਈ ਖ਼ਾਲਸਾ ਨਹੀਂ ਹੁੰਦਾ, ਬਲਕਿ ਅੰਮ੍ਰਿਤ ਸੰਸਕਾਰ ਨਾਲ ਪੰਜ ਕਕਾਰਾਂ ਦੀ ਰਹਿਤ ਰਖਾ ਕੇ ਅਤੇ ਪੰਜ ਚੂਲੇ ਅੰਮ੍ਰਿਤ ਦੇ ਕੇ ਖ਼ਾਲਸਾ ਕਿਹਾ ਜਾਂਦਾ ਹੈ। ਜਦੋਂ ਯੱਗ ਕਰਾਉਂਦਾ ਹੈ, ਉਸ ਵੇਲੇ ਦ੍ਵਿਜ ਕਿਹਾ ਜਾਂਦਾ ਹੈ ਜਦੋਂ ਦਾ ਵੇਦ ਦਾ ਪਾਠੀ ਹੋਵੇ ਉਸ ਵੇਲੇ ਬਿਪ੍ਰ ਕਿਹਾ ਜਾਂਦਾ ਹੈ ਜਦੋਂ ਵੇਦ ਪੜ੍ਹ ਕੇ ਬ੍ਰਹਮ ਨੂੰ ਨਿਸ਼ਚੇ ਕਰ ਲਵੇ, ਉਸ ਵੇਲੇ ਬ੍ਰਾਹਮਣ ਕਿਹਾ ਜਾਂਦਾ ਹੈ। ਭਾਵ ਬ੍ਰਹਮ ਨੂੰ ਜਾਣ ਕਰਕੇ ਹੀ ਬ੍ਰਾਹਮਣ ਹੈ ਹੋਰ ਕਿਸੇ ਤਰੀਕੇ ਨਾਲ ਨਹੀਂ। ਜੈਸਾ ਕਿ :

**ਜਨਮ ਜਾਇ ਤੇ ਸੂਦ੍ਰਾ, ਸੰਸਕਾਰੇ ਦਿਜੋਤਮਾ।**
**ਬੇਦ ਪਾਠੀ ਭਵੰਤ ਬਿਪ੍ਰਾ, ਬ੍ਰਹਮ ਜਾਨੰਤੀ ਸਾ ਬ੍ਰਹਮਣਾ।**

[**ਆਸ਼੍ਰਮ :**] ਹੁਣ ਆਸ਼੍ਰਮ ਦੱਸਦੇ ਹਨ ਕੀ ਹੈ :

## ਆਸ਼੍ਰਮ; ਬ੍ਰਹਮਚਾਰੀ ਚੱਤ੍ਵਾਸ।

ਚੱਤ੍ਵਾਸ = ਚਾਰ ਆਸ਼੍ਰਮ ਇਹ ਹਨ : ੧. ਬ੍ਰਹਮਚਾਰੀ :

## ਗ੍ਰਹਸਥ, ਬਾਨਪ੍ਰਸਥੰ ਸੰਨਯਾਸ ॥੯॥

੨. ਗ੍ਰਿਹਸਥੀ, ੩. ਬਾਨਪ੍ਰਸਥ, ੪. ਸੰਨਿਆਸ, ਚਾਰ ਆਸ਼੍ਰਮਾਂ ਦਾ ਇਹ ਵਿਧਾਨ ਹੈ ੧. **ਬ੍ਰਹਮਚਾਰੀ ਆਸ਼੍ਰਮ** ਜਨਮ ਤੋਂ ਲੈ ਕੇ ਪੱਚੀ ਸਾਲ ਤੱਕ ਵਿੱਦਿਆ ਪੜ੍ਹਨੀ, ਸੰਸਾਰ ਦੇ ਵਿਕਾਰਾਂ ਤੋਂ ਬਚ ਕੇ ਰਹਿਣਾ ਅਤੇ ਬ੍ਰਹਮਚਰਜ ਰੱਖਣਾ, ਕਿਸੇ ਢੰਗ ਨਾਲ ਵੀ ਵਿਸ਼ੇ ਰਸ ਨਾ ਲੈਣਾ ਇਹ ਪਹਿਲਾ ਬ੍ਰਹਮਚਾਰੀ ਆਸ਼੍ਰਮ ਹੈ। ੨. **ਗ੍ਰਿਹਸਥ ਆਸ਼੍ਰਮ** ਪੱਚੀ ਸਾਲ ਤੋਂ ਬਾਅਦ ਗ੍ਰਿਹਸਥੀ ਬਣਨਾ ਤੇ ਫਿਰ ਆਪਣੇ ਪਰਿਵਾਰ ਦੀ ਉੱਨਤੀ ਲਈ ਨੌਕਰੀ ਵਣਜ ਵਪਾਰ, ਖੇਤੀ, ਧਰਮ ਕਿਰਤ ਕਰਕੇ ਪਰਿਵਾਰ ਦੀ ਪਾਲਣਾ ਕਰਨੀ ਅਤੇ ਬੱਚਿਆਂ ਨੂੰ ਵਿੱਦਿਆ ਪੜ੍ਹਾ ਕੇ ਰੁਜ਼ਗਾਰ 'ਤੇ ਲਾ ਕੇ ਆਪਣੇ ਪੈਰਾਂ 'ਤੇ ਖੜ੍ਹੇ ਕਰਨਾ, ਪੱਚੀ ਤੋਂ ਪੰਜਾਹ ਸਾਲ ਤੱਕ ਇਹ ਕਰਤੱਵ ਕਰਨੇ, ਇਹ ਗ੍ਰਿਹਸਥ ਆਸ਼੍ਰਮ ਹੈ ਜਿਵੇਂ ਬ੍ਰਹਮਚਾਰੀ ਆਪਣੇ ਧਰਮ ਵਿਚ ਰਹਿ ਕੇ ਬ੍ਰਹਮਚਰਜ ਦੀ ਪਾਲਣਾ ਕਰਦਾ ਹੈ ਤੇ ਧਰਮ ਤੋਂ ਦੂਰ ਨਹੀਂ ਜਾ ਸਕਦਾ। ਇਸੇ ਤਰ੍ਹਾਂ ਗ੍ਰਿਹਸਥੀ ਦਾ ਵੀ ਧਰਮ ਹੈ, ਇਸ ਲਈ ਗ੍ਰਿਹਸਥੀ ਦੇ ਨਿਯਮ ਸਿੱਧਾਂ ਨਾਲ ਚਰਚਾ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਦੱਸੇ ਹਨ। ਜੈਸਾ ਕਿ :

**ਸੋ ਗਿਰਹੀਂ; ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ; ਭੀਖਿਆ ਕਰੈ ॥**

ਹੇ ਭਾਈ! ਸੋ = ਉਹ ਅਸਲੀ ਗਿਰਹੀ = ਗ੍ਰਿਹਸਥੀ ਹੈ, ਜੋ = ਜਿਹੜਾ ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਜਾਣ ਤੋਂ ਨਿਗ੍ਰਹੁ = ਰੋਕਣਾ ਕਰੈ = ਕਰਦਾ ਹੈ **ਵਾ**: ਇੰਦ੍ਰੀਆਂ ਦਾ ਦਮਨ ਕਰਦਾ ਹੈ ਭਾਵ ਪਰਾਏ ਘਰਾਂ ਵੱਲ ਨੂੰ ਤੱਕਣਾ ਨਹੀਂ ਕਰਦਾ।

ਜਿਹੜਾ ਗੁਰਾਂ ਦੁਆਰਾ ਪ੍ਰਭੂ ਦਾ ਜਪੁ = ਜਾਪ ਕਰਦਾ ਹੈ, ਗੁਰਾਂ ਦੀ ਸੇਵਾ ਰੂਪ ਤਪ ਕਰਦਾ ਹੈ। ਸੰਜਮ = ਇੰਦ੍ਰੀਆਂ ਨੂੰ ਬੁਰੇ ਪਾਸੇ ਤੋਂ ਰੋਕ ਕੇ ਰੱਖਣਾ ਕਰਦਾ ਹੈ ਅਤੇ ਗੁਰਾਂ ਪਾਸੋਂ ਪਰਮੇਸ਼ਰ ਦੇ ਨਾਮ ਦੀ ਭੀਖਿਆ = ਖ਼ੈਰ ਮੰਗਣਾ ਕਰੈ = ਕਰਦਾ ਹੈ।

**ਪੁੰਨ ਦਾਨ ਕਾ; ਕਰੇ ਸਰੀਰੁ ॥ ਸੋ ਗਿਰਹੀ; ਗੰਗਾ ਕਾ ਨੀਰੁ ॥**

ਪੁੰਨ ਦਾਨ ਕਾ = ਦਾ ਸਰੀਰ ਕਰੇ ਭਾਵ ਜਦੋਂ ਲੋੜ ਪਵੇ, ਆਪਣੇ ਸਰੀਰ ਦਾ ਵੀ ਪੁੰਨ ਦਾਨ ਕਰ ਦੇਵੇ। ਜਿਵੇਂ ਹਰੀਚੰਦ ਰਾਜੇ ਨੇ ਆਪਣਾ ਸਰੀਰ ਵਿਸ਼ਵਾਮਿੱਤਰ ਤਾਈਂ ਦਾਨ ਕਰ ਦਿੱਤਾ ਸੀ ਅਤੇ ਜਿਵੇਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਹਿੰਦ ਦੀ ਰੱਖਿਆ ਵਾਸਤੇ ਆਪਣਾ ਸਰੀਰ ਭਾਵ ਆਪਣੇ ਸੀਸ ਦਾ ਬਲੀਦਾਨ ਕਰ ਦਿੱਤਾ ਸੀ।

ਸੋ = ਉਸ ਗਿਰਹੀ = ਗ੍ਰਿਹਸਥੀ ਨੂੰ ਗੰਗਾ ਕਾ = ਦਾ ਨੀਰੁ = ਪਾਣੀ ਭਾਵ ਗੰਗਾ ਦੇ ਪਾਣੀ ਵਾਂਗ ਪਵਿੱਤਰ ਸਮਝਣਾ ਕਰੋ **ਵਾ**: ਉਹ ਗ੍ਰਿਹਸਥੀ ਭਗਤੀ ਰੂਪ ਗੰਗਾ ਦਾ ਨਾਮ ਰੂਪੀ ਜਲ ਪ੍ਰਾਪਤ ਕਰਨ ਵਾਲਾ ਹੈ।

**ਬੋਲੈ ਈਸਰੁ; ਸਤਿ ਸਰੂਪ ॥ ਪਰਮ ਤੰਤ ਮਹਿ; ਰੇਖ ਨ ਰੂਪੁ ॥੨॥**

*(ਰਾਮਕਲੀ ਵਾਰ ਮ: ੧, ਅੰਗ ੯੫੨)*

ਸਤਿਗੁਰੂ ਸਾਹਿਬ ਜੀ ਬੋਲੈ = ਬੋਲਦੇ, ਕਥਨ ਕਰਦੇ ਹਨ ਕਿ ਹੇ ਈਸ਼ਰ ਨਾਥ ਜੋਗੀ! ਜੋ ਪਰਮੇਸ਼ਰ ਸਤਿ = ਸੱਚ ਸਰੂਪ ਹੈ।

ਉਸ ਪਰਮ ਤੰਤ ਮਹਿ = ਵਿਚ ਕੋਈ ਵੀ ਮੱਛ ਕੱਛ ਆਦਿ ਰੇਖ = ਲਕੀਰ, ਮਾਇਕੀ ਚਿੰਨ੍ਹ ਤੇ ਕੋਈ ਰੂਪੁ = ਅਕਾਰ ਨਹੀਂ ਹੈ, ਉਹ ਹਰੀ ਉਸ ਗ੍ਰਿਹਸਥੀ ਨੂੰ ਪ੍ਰਾਪਤ ਹੁੰਦਾ ਹੈ **ਵਾ**: ਉਹ ਪਰਮੇਸ਼ਰ ਦਾ ਰੂਪ ਹੀ ਹੋ ਜਾਂਦਾ ਹੈ॥੨॥

ਇਹ ਦੂਜਾ ਗ੍ਰਿਹਸਥ ਆਸ਼੍ਰਮ ਹੈ।

**੩. ਬਾਨਪ੍ਰਸਤ ਆਸ਼੍ਰਮ** : ਪੰਜਾਹ ਵਰ੍ਹੇ ਦੀ ਉਮਰ ਵਿਚ ਸੰਸਾਰ ਦੇ ਕੰਮਾਂ ਨੂੰ ਸੰਕੋਚ ਕੇ ਤੇ ਬੱਚਿਆਂ ਨੂੰ ਜ਼ਿੰਮੇਵਾਰੀਆਂ ਸੌਂਪ ਕੇ ਜੰਗਲ ਵਿਚ ਜਾ ਕੇ ਵਾਸਾ ਕਰਦੇ ਸਨ ਜਾਂ ਆਪਣੀ ਘਰਵਾਲੀ ਨੂੰ ਪੁੱਛ ਲੈਣਾ ਕਿ ਤੂੰ ਬੱਚਿਆਂ ਵਿਚ ਰਹਿਣਾ ਚਾਹੁੰਦੀ ਹੈਂ ਜਾਂ ਮੇਰੇ ਨਾਲ ਜੰਗਲ ਵਿਚ, ਕਿਉਂਕਿ ਹੁਣ ਗ੍ਰਿਹਸਥ ਕਿਰਿਆ ਦਾ ਤਿਆਗ ਹੈ ਆਪਾਂ ਦੋਨਾਂ ਨੂੰ ਜਤ ਸਤ ਵਿਚ ਰਹਿਣਾ ਪਵੇਗਾ, ਜੇ ਪਤਨੀ ਕਹੇ ਕਿ ਮੈਂ ਬੱਚਿਆਂ ਕੋਲ ਰਹਿ ਕੇ ਜਪ ਤਪ ਕਰਾਂਗੀ ਤਾਂ ਪੁਰਸ਼ ਨੇ ਇਕੱਲੇ ਨੇ ਜੰਗਲ ਵਿਚ ਜਾ ਕੇ ਜਪ ਤਪ ਆਰੰਭ ਕਰ ਦੇਣਾ ਜਾਂ ਫਿਰ ਗ੍ਰਿਹਸਥ ਵਿਚ ਰਹਿੰਦੇ ਹੋਏ ਹੀ ਜੰਗਲ ਦੀ ਤਰ੍ਹਾਂ ਰਹਿਣਾ ਤੇ ਜਪ ਤਪ ਕਰਕੇ ਜਨਮ ਸਫਲਾ ਕਰਨਾ, ਘਰ ਵਿਚ ਰਹਿੰਦਿਆਂ ਬੱਚਿਆਂ ਤੇ ਥੋੜ੍ਹੀ ਬਹੁਤ ਨਜ਼ਰਸਾਨੀ ਕਰਨੀ ਕਿ ਕਿਤੇ ਕੋਈ ਧਰਮ ਤੋਂ ਵਿਰੁੱਧ ਕਾਰਜ ਤਾਂ ਨਹੀਂ ਕਰਦੇ ਜਾਂ ਹੋਰ ਪੁੱਠੇ ਸਿੱਧੇ ਸਮਾਜ ਵਿਰੋਧੀ ਕੰਮ ਤਾਂ ਨਹੀਂ ਕਰਦੇ। ਜੇ ਕਰਦੇ ਤਾਂ ਥੋੜ੍ਹੀ ਬਹੁਤ ਤਾੜਨਾ ਕਰਨੀ, ਬਾਕੀ ਸਭ ਕੁਝ ਬੱਚਿਆਂ 'ਤੇ ਨਿਰਭਰ ਕਰ ਦੇਣਾ ਕਿ ਤੁਸੀਂ ਕਰੋ ਕਰਉ, ਇਸ ਨੂੰ ਤੀਸਰਾ ਬ੍ਰਾਨਪ੍ਰਸਤ ਆਸ਼੍ਰਮ ਕਹਿੰਦੇ ਹਨ।

**੪. ਸੰਨਿਆਸ ਆਸ਼੍ਰਮ** : (ਸੁੰਨ + ਆਸ) ਆਸ = ਉਮੀਦਾਂ ਵਾਸਨਾਵਾਂ ਸੰਕਲਪ-ਵਿਕਲਪ ਆਦਿ ਨੂੰ

ਸੁੰਨ = ਅਫੁਰ ਕਰ ਦੇਣਾ, ਇਸ ਨੂੰ ਸੰਨਿਆਸ ਕਿਹਾ ਹੈ ਕਿ ਪੂਰਨ ਤਿਆਗ ਕਰ ਦੇਣਾ, ਇਹ ਚੌਥਾ ਸੰਨਿਆਸ ਆਸ਼੍ਰਮ ਹੈ॥੯॥

[**ਅਤਿਵਰਣਾਸ਼੍ਰਮ**] ਅਤਿ = ਅਤਿਸ਼ੈ ਕਰਕੇ ਜੋ ਵਰਣਾਸ਼੍ਰਮ ਹੈ, ਉਸ ਦੇ ਬਾਰੇ ਦੱਸਦੇ ਹਨ:

## ਉਲੰਘਹਿ ਵਰਣਾਸ਼੍ਰਮ; ਅਭਿਮਾਨ।

ਜਿਹੜਾ (ਵਰਣ + ਆਸ਼੍ਰਮ) ਚਾਰੇ ਵਰਣ (ਬ੍ਰਾਹਮਣ, ਛੱਤ੍ਰੀ, ਵੈਸ਼, ਸ਼ੂਦ੍ਰ) ਤੇ ਚਾਰੇ ਆਸ਼੍ਰਮ (ਬ੍ਰਹਮਚਾਰੀ, ਗ੍ਰਿਹਸਥੀ, ਬਾਨਪ੍ਰਸਤ, ਸੰਨਿਆਸੀ) ਦੇ ਅਭਿਮਾਨ = ਅਹੰ ਭਾਵ ਨੂੰ ਗਿਆਨ ਦੁਆਰਾ ਉਲੰਘਹਿ = ਲੰਘ ਜਾਵੇ ਕਿ ਨਾ ਮੈਂ ਬ੍ਰਹਮਣ ਹਾਂ, ਨਾ ਮੈਂ ਛੱਤ੍ਰੀ ਹਾਂ, ਨਾ ਮੈਂ ਵੈਸ਼ ਹਾਂ, ਨਾ ਮੈਂ ਸੂਦ੍ਰ ਹਾਂ, ਨਾ ਬ੍ਰਹਮਚਾਰੀ ਹਾਂ, ਨਾ ਮੈਂ ਗ੍ਰਿਹਸਥੀ ਹਾਂ, ਨਾ ਮੈਂ ਬਾਨਪ੍ਰਸਤੀ ਹਾਂ, ਨਾ ਮੈਂ ਸੰਨਿਆਸੀ ਹਾਂ, ਮੈਂ ਕੇਵਲ ਸਤ, ਚੇਤਨ, ਅਨੰਦ ਆਤਮਾ ਹਾਂ।

## ਅਤਿ ਵਰਣਾਸ਼੍ਰਮਵਾਨ; ਸੁ ਜਾਨ।

ਸੁ = ਇਸ ਨੂੰ ਤੁਸੀਂ ਜਾਨ = ਜਾਣ ਲਉ ਕਿ ਇਹ ਅਤਿ ਵਰਣਾਸ਼੍ਰਮ ਵਾਨ = ਵਾਲਾ ਹੈ, ਭਾਵ ਇਹ ਅਤਿ ਵਰਣਾਸ਼੍ਰਮ ਹੈ।

## ਅਤਿ ਵਰਣਾਸ਼੍ਰਮੀਯ; ਬਿਭਚਾਰ ਨ।

ਜੋ ਅਤਿ ਵਰਣਾਸ਼੍ਰਮੀਯ ਹੁੰਦਾ ਹੈ, ਉਸ ਦੇ ਅੰਦਰ ਬਿਭਚਾਰ = ਦੂਜਾਪਣ ਭਾਵ ਵੱਖਰਾਪਣ ਨ = ਨਹੀਂ ਹੁੰਦਾ ਕਿ ਮੈਂ ਵੱਖਰਾ ਹਾਂ, ਪਰਮੇਸ਼ਰ ਵੱਖਰਾ ਹਾਂ, ਉਹ ਬ੍ਰਹਮ ਸਰੂਪ ਹੀ ਆਪਣੇ ਆਪ ਨੂੰ ਸਮਝਦਾ ਹੈ, ਉਸ ਦੇ ਅੰਦਰ ਦ੍ਵੈਸ਼ ਪਣ ਨਹੀਂ ਰਹਿੰਦੀ ਇਹ ਪੰਜਵਾਂ ਅਤਿ ਵਰਣਾਸ਼੍ਰਮੀਯ ਸਭ ਤੋਂ ਵਿਸ਼ੇਸ਼ ਹੈ।

[**ਧਰਮ**:] ਹੁਣ ਦੱਸਦੇ ਹਨ ਕਿ ਧਰਮ ਕੀ ਹੈ:

## ਬ੍ਰਹਮਨਿਸ਼ਠ ਆਤਮ; ਧ੍ਰਮ ਧਾਰਨ॥੧੦॥

ਜੋ ਆਪਣੀ ਆਤਮਾ ਵਿਚ ਬ੍ਰਹਮਨਿਸ਼ਠ = ਬ੍ਰਹਮ ਦਾ ਨਿਸ਼ਚਾ ਧਾਰਨ ਕਰਨਾ ਹੈ, ਇਸ ਦਾ ਨਾਮ ਧਰਮ ਹੈ ਕਿ ਨਾਮ ਦਾ ਚਿੰਤਨ ਕਰਕੇ ਅੰਤਸ਼ਕਰਣ ਨੂੰ ਸ਼ੁੱਧ ਕਰਕੇ ਤੇ ਬ੍ਰਹਮ ਗਿਆਨ ਪ੍ਰਾਪਤ ਕਰਕੇ ਗਿਆਨ ਦਾ ਨਿਰਮਲ ਕਰਮ ਕਰ ਲੈਣਾ॥੧੦॥ ਜੈਸਾ ਕਿ:

**ਸਰਬ ਧਰਮ ਮਹਿ ਸ੍ਰੇਸਟ ਧਰਮੁ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥** *(ਗਉੜੀ ਸੁਖਮਨੀ ਮ: ੫, ਅੰਗ ੨੬੬)*

[**ਅਧਰਮ**:] ਹੁਣ ਦੱਸਦੇ ਹਨ ਕਿ ਅਧਰਮ = ਧਰਮ ਤੋਂ ਰਹਿਤ ਹੋਣਾ ਕੀ ਹੈ:

## ਧਰਮ ਆਤਮਾ ਤੇ; ਜਬਿ ਹੀਨ।

ਜਬਿ = ਜਦੋਂ ਆਤਮਾ ਨੂੰ ਧਰਮ ਤੇ = ਤੋਂ ਹੀਨ = ਰਹਿਤ ਸਮਝਣਾ, ਭਾਵ ਆਤਮਾ ਨੂੰ ਬ੍ਰਹਮ ਨਾ ਸਮਝਣਾ ਤੇ।

## ਰਹੈ ਅਨਾਤਮ; ਧਰਮੰ ਲੀਨ।

ਅਨਾਤਮਾ ਰੂਪ ਸਰੀਰ ਨੂੰ ਹੀ ਆਤਮਾ ਧਰਮ ਸਮਝ ਕੇ ਉਸ ਵਿਚ ਲੀਨ ਰਹੈ = ਰਹਿਣਾ:

## ਇਹ ਅਧਰਮ; ਕਰੀਜੈ ਬਰਣ।

ਇਸ ਨੂੰ ਅਧਰਮ ਬਰਣ = ਵਰਣਨ ਕਰੀਜੈ = ਕਰਿਆ ਜਾਂਦਾ ਹੈ।

[**ਮਰਣ** :] ਮਰਣ ਕੀ ਹੈ, ਹੁਣ ਉਹ ਦੱਸਦੇ ਹਨ :

## ਸੱਤਿਨਾਮ ਸਿਮਰਣ ਨਹਿਂ; ਮਰਣ ॥੧੧॥

ਸੱਤਿਨਾਮ ਦਾ ਭਾਵ ਪਰਮੇਸ਼ਰ ਦਾ ਸਿਮਰਣ = ਚਿੰਤਨ ਨਹਿਂ = ਨਹੀਂ ਕਰਨਾ, ਇਹੀ ਮਰਣ = ਮੌਤ ਹੈ ॥੧੧॥

## ਅਥਵਾ; ਸਚਿਦਾਨੰਦ ਸਰੂਪ।

ਅਥਵਾ = ਜਾਂ, ਜੋ ਸਚਿਦਾਨੰਦ = ਸਤ, ਚੇਤਨ, ਅਨੰਦ ਸਰੂਪ ਬ੍ਰਹਮ ਹੈ :

## ਨਿਹ ਸਿਮਰਣ; ਸੋ ਮਰਣ ਕੁਰੂਪ।

ਸੋ = ਉਸ ਦਾ ਆਤਮਾ ਰੂਪ ਕਰਕੇ ਸਿਮਰਣ = ਚਿੰਤਨ ਨਿਹ = ਨਾ ਕਰਨਾ ਇਹ ਦੂਸਰੇ ਪ੍ਰਕਾਰ ਦੀ ਕੁਰੂਪ = ਖੋਟੀ ਮਰਣ = ਮ੍ਰਿਤਯੂ ਹੈ। ਜੈਸਾ ਕਿ :

**ਆਖਾ ਜੀਵਾ ਵਿਸਰੈ ਮਰਿ ਜਾਉ ॥** *(ਆਸਾ ਮ: ੧, ਅੰਗ ੧੦)*

**ਵਾ: ਮਰਣੰ ਬਿਸਰਣੰ ਗੋਬਿੰਦਹ ॥**
**ਜੀਵਣੰ ਹਰਿ ਨਾਮ ਧ੍ਯਾਵਣਹ ॥** *(ਮਹਲਾ ੫ ਗਾਥਾ, ਅੰਗ ੧੩੬੧)*

[**ਜਨਮ** :] ਹੁਣ ਦੱਸਦੇ ਹਨ ਕਿ ਜਨਮ ਕੀ ਹੈ :

## ਸੱਤਿਨਾਮ ਲਿਵ; ਅਹੰ ਬ੍ਰਹਮਾਸਮਿ।

ਸੱਤਿਨਾਮ ਵਿਚ ਲਿਵ = ਬਿਰਤੀ ਲੱਗਣੀ ਅਥਵਾ ਅਹੰ = ਮੈਂ ਬ੍ਰਹਮ ਸਰੂਪ ਅਸਮਿ = ਹਾਂ।

## ਇਸ ਵਿੱਦ੍ਯਾ ਕੀ; ਉਤਪਤਿ ਜਨਮ ॥੧੨॥

ਇਸ ਵਿੱਦਿਆ ਕੀ = ਦੀ ਜੋ ਉਤਪਤੀ ਹੈ, ਉਸਦਾ ਨਾਮ ਜਨਮ ਹੈ, ਭਾਵ ਬ੍ਰਹਮ ਵਿੱਦਿਆ ਦੁਆਰਾ ਇਸ ਤਰ੍ਹਾਂ ਦੀ ਬਿਰਤੀ ਦਾ ਪੈਦਾ ਹੋਣਾ ਕਿ ਮੈਂ ਬ੍ਰਹਮ ਹਾਂ, ਮੇਰੀ ਆਤਮਾ ਬ੍ਰਹਮ ਸਰੂਪ ਹੈ, ਇਸ ਦਾ ਨਾਮ ਜਨਮ ਹੈ, ਆਮ ਲੋਕ ਬੱਚੇ ਦੇ ਜਨਮ ਲੈਣ ਨੂੰ ਹੀ ਜਨਮ ਸਮਝਦੇ ਹਨ ਪਰ ਵੇਦਾਂਤ ਮੱਤ ਅਨੁਸਾਰ ਜਨਮ ਇਸ ਨੂੰ ਕਹਿੰਦੇ ਹਨ ਜੋ ਵਿਚਾਰ ਉੱਪਰ ਆ ਚੁੱਕੀ ਹਾਂ ॥੧੨॥

[**ਬਿਖ, ਅੰਮ੍ਰਿਤ** :] ਹੁਣ ਬਿਖ ਅਤੇ ਅੰਮ੍ਰਿਤ ਕੀ ਹੈ ? ਹੁਣ ਪਹਿਲਾਂ ਬਿਖ ਬਾਰੇ ਦੱਸਣਗੇ :

## ਹ੍ਵੈ ਸੰਸਾਰ ਕੀ; ਪ੍ਰਾਪਤ ਜੋਇ।

ਆਮ ਸੰਸਾਰ ਦੇ ਵਿਚ ਤਾਂ ਜਿਸ ਨਾਲ ਮਨੁੱਖ ਮਰ ਜਾਵੇ, ਉਹ ਜ਼ਹਿਰ ਹੈ ਤੇ ਜਿਸ ਨਾਲ ਮਰੇ ਨੂੰ ਜਿਊਂਦਾ ਕਰ ਦੇਵੇ, ਉਸ ਨੂੰ ਅੰਮ੍ਰਿਤ ਕਿਹਾ ਜਾਂਦਾ ਪਰ ਸਿਧਾਂਤ ਵਿਚ ਬਿਖ ਦੇ ਲੱਛਣ ਤੇ ਅੰਮ੍ਰਿਤ ਦੇ ਲੱਛਣ ਇਹ ਹਨ, ਜੋਇ = ਜੋ ਸੰਸਾਰ ਕੀ = ਦੀ ਜੰਮਣ ਮਰਣ ਦੇ ਰੂਪ ਵਿਚ ਪ੍ਰਾਪਤੀ ਹੋ ਰਹੀ ਭਾਵ ਸੰਸਾਰ ਦੇ ਤਰ੍ਹਾਂ ਤਰ੍ਹਾਂ ਦੇ ਦੁਖ ਹੋ ਰਹੇ ਹਨ ਜੰਮਣ ਦਾ ਦੁਖ, ਮਰਣ ਦਾ ਦੁਖ ਪ੍ਰਾਪਤ ਹੋ ਰਿਹਾ ਹੈ।

## ਨਿਜ ਸਰੂਪ ਬਿਸਰਹਿ; ਬਿਖ ਸੋਇ।

ਨਿਜ = ਆਪਣਾ ਆਤਮਿਕ ਸਰੂਪ ਬਿਸਰਹਿ = ਭੁੱਲ ਜਾਣਾ ਅਤੇ ਸੰਸਾਰ ਦੇ ਦੁੱਖਾਂ ਵਿਚ ਪ੍ਰਵਿਰਤ ਹੋ ਜਾਣਾ ਔਰ ਇਹ ਬਾਰ-ਬਾਰ ਪ੍ਰਾਪਤ ਹੋਵੇ, ਸੋਇ = ਇਸ ਨੂੰ ਬਿਖ = ਜ਼ਹਿਰ ਕਿਹਾ ਜਾਂਦਾ ਹੈ।

ਹੁਣ ਅੰਮ੍ਰਿਤ ਬਾਰੇ ਦੱਸਣਗੇ ਕਿ ਅੰਮ੍ਰਿਤ ਕੀ ਹੈ:

## ਹੁਇ ਜੁ ਗ੍ਯਾਨ ਤੇ; ਸਫੁਰਣ ਸ੍ਵਰੂਪ।

ਜੋ ਗਿਆਨ ਤੇ = ਤੋਂ ਆਤਮਿਕ ਸਰੂਪ ਦਾ ਸਫੁਰਣ = ਪ੍ਰਗਟ ਹੋਣਾ ਹੈ।

## ਸੋਈ ਅੰਮ੍ਰਿਤ; ਮੋਖ ਅਨੂਪ ॥੧੩॥

ਸੋਈ = ਉਹੀ ਅੰਮ੍ਰਿਤ ਹੈ, ਜੋ ਅਨੂਪ = ਉਪਮਾ ਤੋਂ ਰਹਿਤ ਮੋਖ = ਮੁਕਤੀ ਨੂੰ ਦੇਣ ਵਾਲਾ ਹੈ, ਭਾਵ ਮੌਤ ਰਹਿਤ ਪਦਵੀ ਦੇਣ ਵਾਲੀ ਸ਼ਕਤੀ ਨੂੰ ਹੀ ਅੰਮ੍ਰਿਤ ਕਿਹਾ ਹੈ॥੧੩॥

[**ਗੁਣ**, **ਦੋਖ**:] ਗੁਣ ਕੀ ਹੈ? ਤੇ ਦੋਖ ਕੀ ਹੈ? ਹੁਣ ਪਹਿਲਾਂ ਗੁਣ ਬਾਰੇ ਦੱਸਦੇ ਹਨ:

## ਬਿਨ ਬਿਵਹਾਰ; ਆਤਮਾ ਦੇਖ।

ਆਤਮਾ ਨੂੰ ਬਿਵਹਾਰ = ਕਿਰਿਆ ਤੋਂ ਬਿਨਾਂ ਦੇਖਣਾ, ਭਾਵ ਤ੍ਰਿਗੁਣਾਂਤੀਤ ਜਿਸ ਵਿਚ ਨਾ ਰਜੋ, ਨਾ ਸਤੋ, ਨਾ ਤਮੋ ਅਤੇ ਨਾ ਕੋਈ ਕਿਰਿਆ, ਇਹ ਦੇਖਣਾ।

## ਇਹੀ ਬਡੋ ਗੁਣ; ਸੁਮਤਿ ਪਰੇਖ।

ਇਹੀ ਗੁਣ ਸੁਮਤਿ = ਸ੍ਰੇਸ਼ਟ ਮੱਤ ਵਾਲਿਆਂ ਨੇ ਭਾਵ ਬੁੱਧੀਵਾਨਾਂ ਨੇ ਪਰੇਖ = ਪਰਖ ਕੇ ਬਡੋ = ਵੱਡਾ ਗੁਣ ਭਾਵ ਸ਼ਿਰੋਮਣੀ ਗੁਣ ਮੰਨਿਆ ਹੈ ਕਿ ਜੋ ਆਤਮਾ ਨੂੰ ਕਿਰਿਆ ਕਰਮ ਰਹਿਤ ਤੇ ਤ੍ਰਿਗੁਣਾਂਤੀਤ ਨਿਸ਼ਚਾ ਕਰਨਾ ਕਿਉਂਕਿ ਗੁਣ ਤਾਂ ਇਹ ਭੀ ਹਨ, ਜਿਵੇਂ ਸਤ, ਸੰਤੋਖ, ਦਇਆ, ਧੀਰਜ, ਖਿਮਾ ਆਦਿ ਪਰ ਆਤਮਾ ਨੂੰ ਕਿਰਿਆ ਤੋਂ ਬਿਨਾਂ ਦੇਖਣਾ ਇਹ ਗੁਣ ਸਭ ਤੋਂ ਵੱਡਾ ਪਰਖਿਆ ਗਿਆ ਹੈ।

ਹੁਣ ਦੋਖ ਕੀ ਹੈ? ਉਸ ਬਾਰੇ ਦੱਸਣਗੇ:

## ਤ੍ਰਿਗੁਣ ਸਮੇਤ; ਆਤਮਾ ਪਿਖੇ॥

(ਪਾਠਾਂਤ੍ਰ ਬਿਖੇ)

ਸਭ ਤੋਂ ਵੱਡਾ ਦੋਖ ਇਹ ਹੈ ਕਿ ਆਪਣੀ ਆਤਮਾ ਨੂੰ ਤ੍ਰਿਗੁਣ = ਤਿੰਨਾਂ ਗੁਣਾਂ ਦੇ ਸਮੇਤ = ਸਹਿਤ ਪਿਖੇ = ਦੇਖਣਾ **ਵਾ:** ਆਪਣੀ ਆਤਮਾ ਬਿਖੇ = ਵਿਚ ਤਿੰਨ ਗੁਣ ਦੇਖੇ ਭਾਵ ਕਿ ਮੇਰੀ ਆਤਮਾ ਰਜੋ ਗੁਣੀ ਹੈ, ਮੇਰੀ ਆਤਮਾ ਤਮੋ ਗੁਣੀ ਹੈ ਤੇ ਮੇਰੀ ਆਤਮਾ ਸਤੋ ਗੁਣੀ ਹੈ ਕਿਉਂਕਿ ਸਤੋਗੁਣ ਵਿਚ ਵਡਿਆਈ ਦੀ ਇੱਛਾ, ਤਮੋ ਗੁਣ ਵਿਚ ਈਰਖਾ, ਕਰੋਪੀ ਸੁਭਾਅ, ਰਜੋ ਗੁਣ ਵਿਚ ਲਾਲਚੀ ਸੁਭਾਅ ਇਉਂ ਆਤਮਾ ਨੂੰ ਤਿੰਨਾਂ ਗੁਣ ਦੇ ਸਹਿਤ ਦੇਖਣਾ।

## ਬਡੋ ਦੋਖ ਗ੍ਯਾਨੀ; ਇਹ ਲਖੇ॥੧੪॥

ਗ੍ਯਾਨੀ = ਗਿਆਨਵਾਨ, ਬ੍ਰਹਮ ਬੇਤੇ ਇਸ ਨੂੰ ਬਡੋ = ਵੱਡਾ ਦੋਖ ਲਖੇ = ਜਾਣਦੇ ਹਨ ਕਿਉਂਕਿ ਦੋਖ ਹੋਰ ਭੀ ਹਨ ਜਿਵੇਂ ਅਵਿੱਦਿਆ, ਅਸੰਮਤਾ, ਰਾਗ, ਦ੍ਵੈਸ਼, ਅਭਿੰਨਵੇਸ਼, ਪਰ ਵੱਡਾ ਦੋਖ ਇਹ ਹੈ ਜੋ ਉੱਪਰ ਕਿਹਾ ਹੈ॥੧੪॥

**[ਜਸ; ਅਪਜਸ]** ਜਸ = ਵਡਿਆਈ ਕੀ ਹੈ ? ਅਪਜਸ = ਨਿਰਾਦਰ ਕੀ ਹੈ ? ਹੁਣ ਪਹਿਲਾਂ ਜਸ ਬਾਰੇ ਕਥਨ ਕਰਨਗੇ :

## ਗ੍ਯਾਨ ਭਏ; ਤੇ ਜੀਵਨ ਮੁਕਤਿ।

ਜਦੋਂ ਆਤਮਾ ਦਾ ਗਿਆਨ ਭਏ = ਹੋ ਜਾਵੇ ਤੇ ਜੀਵਨ ਮੁਕਤੀ ਪ੍ਰਾਪਤ ਹੋ ਜਾਵੇ।

## ਸੁਜਸ ਬਿਸਾਲ; ਇਹੀ ਹੁਇ ਜੁਗਤਿ।

ਇਹੀ ਬਿਸਾਲ = ਬਹੁਤਾ ਸੁਜਸ = ਸ੍ਰੇਸ਼ਟ ਜਸ ਹੋਣ ਦੀ ਜੁਗਤੀ ਹੈ, ਇਸ ਤੋਂ ਵੱਡਾ ਹੋਰ ਕੋਈ ਜਸ ਨਹੀਂ। ਜਿਵੇਂ ਸੰਸਾਰ ਦੇ ਅੰਦਰ ਇਕ ਨਿੱਕੇ ਮੁਰਾਤਬੇ ਤੋਂ ਲੈ ਕੇ ਵੱਡੇ ਬਾਦਸ਼ਾਹ ਤਕ ਮੁਰਾਤਬੇ ਤੇ ਮੁਰਾਤਬਿਆਂ ਦਾ ਜਸ ਵੀ ਹੈ ਅਤੇ ਦਾਨ-ਪੁੰਨ ਕਰਨ ਤੋਂ ਭੀ ਜਸ ਪ੍ਰਾਪਤ ਹੁੰਦਾ ਹੈ ਇਹ ਸਾਰੇ ਜਸ ਛੋਟੇ ਹਨ ਤੇ ਵੱਡਾ ਜਸ ਇਹੀ ਹੈ ਜੋ ਗਿਆਨ ਹੋਏ ਤੋਂ ਮੁਕਤ ਹੋ ਜਾਣਾ ਹੈ।

ਹੁਣ ਅਪਜਸ ਬਾਰੇ ਦੱਸਣਗੇ ਕਿ ਅਪਜਸ ਕੀ ਹੈ :

## ਜੀਵਨ ਮੁਕਤਿ ਨ; ਆਤਮ ਗ੍ਯਾਨ।

(‘ਨ’ ਦੇਹਲੀ ਦੀਪਕ ਹੈ, ਅਰਥ ਵਿੱਚ ਦੋਵੇਂ ਪਾਸੇ ਲੱਗੇਗਾ)

ਨਾ ਤਾਂ ਸਤ, ਚੇਤਨ, ਆਨੰਦ ਸਰੂਪ ਆਤਮਾ ਦਾ ਗਿਆਨ ਹੋਣਾ ਤੇ ਨਾ ਹੀ ਜੀਵਨ ਮੁਕਤੀ ਦੀ ਪ੍ਰਾਪਤੀ ਹੋਣੀ, ਭਾਵ ਜਿਸ ਮੁਕਤੀ ਨਾਲ ਜੰਮਣ ਮਰਣ ਤੋਂ ਖਹਿੜਾ ਛੁੱਟਣਾ ਸੀ, ਉਹ ਨਾ ਮਿਲਣੀ :

## ਸੋਈ ਅਪਜਸ; ਮਹਿਦ ਮਹਾਨ ॥੧੫॥

ਸੋਈ = ਉਹੀ ਮਹਿਦ ਮਹਾਨ = ਵੱਡੇ ਤੋਂ ਵੱਡਾ ਅਪਜਸ ਹੈ, ਭਾਵ ਨਿਰਾਦਰ ਹੈ। ਉਂਝ ਭਾਵੇਂ ਕੋਈ ਚੋਰੀ ਕਰਨ ਵਾਲਾ, ਠੱਗੀ ਮਾਰਨ ਵਾਲਾ ਅਪਰਾਧੀ ਇਹਨਾਂ ਸਾਰਿਆਂ ਨੂੰ ਅਪਜਸੀ ਹੀ ਕਿਹਾ ਜਾਂਦਾ ਹੈ, ਇਹ ਵੀ ਅਪਜਸ ਹੈ ਪਰ ਆਤਮਾ ਦਾ ਗਿਆਨ ਪ੍ਰਾਪਤ ਨਾ ਹੋਣ ਕਰਕੇ ਜੀਵਨ ਮੁਕਤ ਤਕ ਨਾ ਅਪੜਨਾ ਇਹੀ ਵੱਡਾ ਅਪਜਸ ਹੈ ॥੧੫॥

**ਦੋਹਰਾ ॥ [ਪੰਡਤ, ਸੰਤ :]** ਪੰਡਤ = ਵਿਦਵਾਨ ਕੌਣ ਹੈ ? ਸੰਤ = ਸ਼ਾਂਤ ਆਤਮਾ ਕੌਣ ਹੈ ? ਹੁਣ ਇਹਨਾਂ ਬਾਰੇ ਕਥਨ ਕਰਦੇ ਹਨ :

## ਬੁੱਧਿ ਰਹਹਿ ਬ੍ਰਹਮ ਭਾਵ ਮਹਿਂ; ਬ੍ਰਹਮਾਦਿ ਸ਼ੇਖ ਪਰਯੰਤ।

**ਅਰਥ ਅੰਨਵੈ :** ਬ੍ਰਹਮਾਦਿ = ਬ੍ਰਹਮਾ ਆਦਿਕ ਤੋਂ ਲੈ ਕੇ ਸੇਖ = ਸ਼ੇਸ਼ਨਾਗ ਪਰਜੰਤ = ਤੱਕ ਭਾਵ ਅਕਾਸ਼ ਵਾਸੀਆਂ ਤੋਂ ਲੈ ਕੇ ਪਾਤਾਲ ਵਾਸੀਆਂ ਤਕ ਬੁੱਧੀ ਬ੍ਰਹਮ ਭਾਵ ਵਿਚ ਰਹਹਿ = ਰਹੇ, ਤੇ :

## ਇਕਤਾ ਮਹਿ ਨਿਸ਼ਚਾ ਲਹੈ; ਸੋਈ ਪੰਡਿਤ, ਸੰਤ ॥੧੬॥

ਇਕਤਾ = ਏਕਤਾ ਮਹਿ = ਵਿਚ ਨਿਸ਼ਚਾ = ਭਰੋਸਾ, ਵਿਸ਼ਵਾਸ **ਵਾ:** ਸੰਸੇ ਰਹਿਤ ਗਿਆਨ ਲਹੈ = ਪ੍ਰਾਪਤ ਕਰ ਲਵੇ, ਸੋਈ = ਉਹੀ ਪੰਡਿਤ = ਵਿਦਵਾਨ ਹੈ, ਉਹੀ ਸੰਤ = ਸ਼ਾਂਤ ਚਿੱਤ ਆਤਮਾ ਮਹਾਂਪੁਰਸ਼ ਹੈ ॥੧੬॥

**ਪੰਡਿਤ :** ਗੁਰਬਾਣੀ ਵਿਚ ਪੰਡਿਤ ਬਾਰੇ ਇਉਂ ਨਿਰਨਾ ਕੀਤਾ ਹੈ। ਜੈਸਾ ਕਿ :

**ਸੋ ਪੰਡਿਤੁ; ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਅਨਦਿਨ; ਏਕੋ ਨਾਮੁ ਵਖਾਣੈ॥**

ਹੇ ਭਾਈ! ਸੋ = ਉਹ ਅਸਲੀ ਪੰਡਿਤ ਹੈ **ਵਾ:** ਵਿਦਵਾਨ ਹੈ, ਜੋ = ਜਿਹੜਾ ਤਿਹਾਂ = ਤਿੰਨਾਂ ਰਾਜਸੀ, ਤਾਮਸੀ, ਸਾਂਤਕੀ ਗੁਣਾਂ ਕੀ = ਦੀ ਪੰਡ = ਗੱਠੜੀ ਦਾ ਭਾਰ ਆਪਣੇ ਅੰਤਹਕਰਣ ਰੂਪੀ ਸਿਰ ਉੱਤੋਂ ਉਤਾਰੈ = ਲਾਹ ਦਿੰਦਾ ਹੈ **ਵਾ:** ਤਿੰਨਾਂ ਗੁਣਾਂ ਦਾ ਪੰਡ = ਬੋਝ ਲਾਹ ਦਿੰਦਾ ਹੈ ਅਤੇ ਅਨਦਿਨ = ਰਾਤ ਦਿਨੇ ਏਕੋ = ਅਦ੍ਵੈਤ ਰੂਪ ਪਰਮੇਸ਼ਰ ਦੇ ਨਾਮ ਨੂੰ ਹੀ ਵਖਾਣੈ = ਕਥਨ ਕਰਦਾ ਹੈ।

**ਸਤਿਗੁਰ ਕੀ; ਓਹੁ ਦੀਖਿਆ ਲੇਇ॥ ਸਤਿਗੁਰ ਆਗੈ; ਸੀਸੁ ਧਰੇਇ॥**

ਪੂਰਨ ਸਤਿਗੁਰਾਂ ਕੀ = ਦੀ ਉਹ ਅਧਿਕਾਰੀ ਬਣ ਕੇ ਦੀਖਿਆ = ਸਿੱਖਿਆ ਲੇਇ = ਲੈਣਾ ਕਰਦਾ ਹੈ। ਪੂਰਨ ਸਤਿਗੁਰਾਂ ਦੇ ਆਗੈ = ਅੱਗੇ ਆਪਣਾ ਹੰਕਾਰ ਰੂਪੀ ਸੀਸੁ = ਸਿਰ ਧਰੇਇ = ਧਰ ਦੇਣਾ ਕਰਦਾ ਹੈ, ਭਾਵ ਭੇਟਾ ਕਰਦਾ ਹੈ, ਅਤੇ :

**ਸਦਾ ਅਲਗੁ; ਰਹੈ ਨਿਰਬਾਣੁ॥ ਸੋ ਪੰਡਿਤ; ਦਰਗਹ ਪਰਵਾਣੁ॥੩॥**

*(ਮਲਾਰ ਮ: ੩, ਅੰਗ ੧੨੬੧)*

ਸਦਾ = ਹਮੇਸ਼ਾ ਵਾਸਤੇ ਦੇਹ ਦੇ ਸੁਭਾਵਾਂ ਵੱਲੋਂ ਅਲਗੁ = ਵੱਖਰਾ ਅਤੇ ਕਰਤਾ ਭੋਗਤਾ, ਹੰਗਤਾ ਮਮਤਾ ਆਦਿ ਨਿਰਬਾਣ = ਬੰਧਨਾਂ ਤੋਂ ਰਹਿਤ ਰਹੈ = ਰਹਿੰਦਾ ਹੈ।

ਸੋ = ਉਹ ਪੰਡਿਤ = ਵਿਦਵਾਨ ਪਰਮੇਸ਼ਰ ਦੀ ਦਰਗਹ = ਨਿਆਏ ਸਭਾ ਵਿਚ ਪਰਵਾਣੁ = ਪਰਵਾਣਨੀਕ ਹੁੰਦਾ ਹੈ॥੩॥

**ਵਾ: ਸੋ ਪੰਡਿਤੁ; ਜੋ ਮਨੁ ਪਰਬੋਧੈ॥ ਰਾਮ ਨਾਮ; ਆਤਮ ਮਹਿ ਸੋਧੈ॥**

ਸੋ = ਉਹ ਅਸਲੀ ਪੰਡਿਤੁ ਹੈ (ਪੰਡ + ਤ 'ਪੰਡ' ਨਾਮ ਬੁੱਧੀ ਦਾ ਹੈ, 'ਤ' ਨਾਮ ਸ਼ਾਸਤਰਾਂ ਦੇ ਸਿਧਾਂਤ ਦਾ ਹੈ। ਜਿਸ ਦੀ ਬੁੱਧੀ ਸ਼ਾਸਤਰਾਂ ਦੇ ਜਾਨਣ ਨੂੰ ਕੁਸ਼ਲ ਹੋਵੇ, ਸੋ = ਉਹ ਪੰਡਿਤੁ = ਵਿਦਵਾਨ ਹੈ) ਜੋ ਮਨੁ = ਅੰਤਸ਼ਕਰਣ ਨੂੰ (ਪਰ + ਬੋਧੈ) ਪਰ = ਵਿਸ਼ੇਸ਼ ਕਰਕੇ ਬੋਧੈ = ਸਮਝਾਉਣਾ ਕਰੇ। ਰਾਮ = ਪਰਮੇਸ਼ਰ ਦੇ ਨਾਮ ਨੂੰ ਆਤਮ = ਮਨ ਮਹਿ = ਵਿਚ ਸੋਧੈ = ਖੋਜਣਾ ਕਰਦਾ ਹੋਵੇ।

**ਰਾਮ ਨਾਮ; ਸਾਰੁ ਰਸ ਪੀਵੈ॥ ਉਸ ਪੰਡਿਤ ਕੈ ਉਪਦੇਸਿ; ਜਗੁ ਜੀਵੈ॥**

ਰਾਮ = ਪਰਮੇਸ਼ਰ ਦੇ ਸਾਰੁ = ਅਸਲੀ ਤੱਤ ਰੂਪ ਨਾਮ ਅੰਮ੍ਰਿਤ ਰਸ ਨੂੰ ਪੀਵੈ = ਪੀਣਾ ਕਰਦਾ ਹੈ। ਉਸ ਪੰਡਿਤ = ਵਿਦਵਾਨ ਦੇ ਉਪਦੇਸ਼ ਕਰ ਕੇ ਸਾਰਾ ਜਗੁ = ਜਗਤ ਜੀਵੈ = ਜੀਵਨ ਮੁਕਤ ਹੋ ਸਕਦਾ ਹੈ।

**ਹਰਿ ਕੀ ਕਥਾ; ਹਿਰਦੈ ਬਸਾਵੈ॥ ਸੋ ਪੰਡਿਤੁ; ਫਿਰਿ ਜੋਨਿ ਨ ਆਵੈ॥**

ਜੋ ਹਰਿ = ਪਰਮੇਸ਼ਰ ਕੀ = ਦੀ ਕਥਾ ਨੂੰ ਆਪਣੇ ਹਿਰਦੈ = ਚਿੱਤ ਵਿਚ ਬਸਾਵੈ = ਵਸਾਉਣਾ ਕਰਦਾ ਹੈ **ਵਾ:** ਹਰੀ ਪਰਮੇਸ਼ਰ ਦੀ ਸਰੂਪ ਲੱਖਣਾ, ਤਟਸਥੀ ਲੱਖਣਾ ਵਾਲੀ ਜੋ ਕਥਾ ਹੈ, ਉਸ ਨੂੰ ਹਿਰਦੇ ਵਿਚ ਵਸਾਉਣ ਕਰਦਾ ਹੈ।

ਸੋ = ਉਹ ਪੰਡਤ ਫਿਰਿ = ਮੁੜ ਕੇ ਜੋਨਿ = ਜੂਨਾਂ ਵਿਚ ਨ = ਨਹੀਂ ਆਵੈ = ਆਉਂਦਾ।

**ਬੇਦ ਪੁਰਾਨ; ਸਿਮ੍ਰਿਤਿ ਬੂਝੈ ਮੂਲ॥ ਸੂਖਮ ਮਹਿ; ਜਾਨੈ ਅਸਥੂਲੁ॥**

ਜੋ ਵੇਦ ਪੁਰਾਣਾ ਅਤੇ ਜੋ ਸਿੰਮ੍ਰਿਤੀਆਂ ਵਿਚ ਮੂਲ = ਮੁੱਢ ਰੂਪ ਪਰਮਾਤਮਾ ਦਾ ਕਥਨ ਹੈ, ਉਸ ਤਾਈਂ ਬੂਝੈ = ਸਮਝਣਾ ਕਰਦਾ ਹੈ। ਸੂਖਮ ਸਰੂਪ ਮਹਿ = ਵਿਚ ਅਸਥੂਲ ਜਗਤ ਨੂੰ ਵਾਹਿਗੁਰੂ ਦਾ ਸਰੂਪ ਹੀ ਜਾਨੈ = ਜਾਨਣਾ ਕਰਦਾ ਹੈ **ਵਾ:** ਸੂਖਮ ਸ੍ਰਿਸ਼ਟੀ ਵਿਚ ਜਿਵੇਂ ਹਿਰਨ ਗਰਭ ਸਭ ਦੇ ਸੁਪਨ ਅਵਸਥਾ

ਦਾ ਅਭਿਮਾਨੀ ਹੈ। ਅਸਥੂਲ ਵੈਰਾਟ ਅਕਾਰਾਂ ਦਾ ਅਭਿਮਾਨੀ ਹੈ, ਸੂਖਮ ਤੇ ਵੈਰਾਟ ਦੇ ਤਾਈਂ ਹਿਰਨ ਗਰਭ ਵਿਚ ਜਾਨਣਾ ਕਰਦਾ ਹੈ **ਵਾ:** ਸੂਖਮ ਭਾਵ ਨਿਰਗੁਣ ਸਰੂਪ ਵਿਚ ਖੰਡਾਂ, ਬ੍ਰਹਿਮੰਡਾਂ ਦਾ ਪਸਾਰਾ ਜਾਨਣਾ ਕਰਦਾ ਹੈ। ਅਸਥੂਲ = ਜੋ ਸੰਸਾਰ ਅਸਥੂਲ ਹੈ, ਇਸ ਵਿਚ ਸੂਖਮ ਰੂਪ ਜੋਤ ਨੂੰ ਜਾਨਣਾ ਕਰਦਾ ਹੈ। ਨਿਰਗੁਣ ਸੂਖਮ ਰੂਪ ਹੈ, ਸਰਗੁਣ ਵੈਰਾਟ ਰੂਪ ਹੈ। ਸੂਖਮ, ਅਸਥੂਲ ਤੇ ਮੂਲ ਕਾਰਨ ਦੇਹਾਂ ਵਿਚ ਪ੍ਰਕਾਸ਼ਤਾ ਰੂਪ ਕਰ ਕੇ ਹਰੀ ਨੂੰ ਜਾਨਣਾ ਕਰਦਾ ਹੈ। ਅਸਥੂਲ ਸੰਸਾਰ ਵਿਚ ਸੂਖਮ ਸਾਰੇ ਭਾਵ ਦੇਹਾਂ ਵਿਚ, ਨਿਰਗੁਣ ਤੇ ਸਰਗੁਣ ਸਰੂਪ, ਵੈਰਾਟ ਤੇ ਹਿਰਨ ਗਰਭ, ਸੂਤ੍ਰ ਆਤਮ ਰੂਪ ਵਿਚ ਇੱਕੋ ਜਿਹਾ ਉਸ ਮੂਲ ਰੂਪ ਨੂੰ ਸਮਝੇ **ਵਾ:** ਸੂਖਮ ਜੀਵ ਸਾਖੀ ਰੂਪ ਵਿਚ ਸਾਰਾ ਬ੍ਰਹਮ ਰੂਪ ਆਪ ਹੀ ਬਣਿਆ ਹੈ, ਇਉਂ ਉਸ ਹਰੀ ਨੂੰ ਜਾਨਣਾ ਕਰਦਾ ਹੈ।

**ਚਹੁ ਵਰਨਾ ਕਉ; ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ; ਸਦਾ ਅਦੇਸੁ ॥੪॥**

ਚਹੁ ਵਰਨਾ = ਚਾਰੇ ਵਰਣਾਂ (ਖੱਤ੍ਰੀ, ਬ੍ਰਾਹਮਣ, ਵੈਸ਼, ਸ਼ੂਦਰ) ਦੇ ਜੀਵਾਂ ਕਉ = ਨੂੰ ਬ੍ਰਹਮ ਸੰਬੰਧੀ ਉਪਦੇਸੁ = ਸਿੱਖਿਆ ਦੇਵੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਪੰਡਿਤ = ਵਿਦਵਾਨ ਕਉ = ਨੂੰ ਸਦਾ = ਹਮੇਸ਼ਾਂ ਅਦੇਸੁ = ਨਮਸਕਾਰ ਕਰਦੇ ਹਾਂ ॥੪॥

**ਸੰਤ :** ਸ਼ਾਂਤ ਆਤਮਾ ਭਾਵ ਜਿਸ ਨੇ ਆਪਣੇ ਮਨ ਤੇ ਇੰਦ੍ਰਿਆਂ ਨੂੰ ਸ਼ਾਂਤ ਕਰਕੇ ਟਿਕਾ ਲਿਆ ਹੈ ਉਸ ਸ਼ਾਂਤ ਆਤਮਾ ਨੂੰ ਸੰਤ ਕਹਿੰਦੇ ਹਨ ਅਤੇ ਸੰਤ ਦਾ ਅਰਥ ਉੱਤਮ, ਸ੍ਰੇਸ਼ਟ ਭਾਵ ਆਮ ਮਨੁੱਖਾਂ ਨਾਲੋਂ ਜਿਸ ਵਿਚ ਸ੍ਰੇਸ਼ਟ ਗੁਣ ਹੋਣ, ਇਉਂ ਵਿਸ਼ੇਸ਼ ਗੁਣਾਂ ਵਾਲੇ ਸੰਤ ਦਾ ਭਾਵ ਗੁਰਬਾਣੀ ਵਿਚ ਇਉਂ ਵਰਣਨ ਕੀਤਾ ਹੈ। ਜੈਸਾ ਕਿ :

**ਜਿਨਾ ਸਾਸਿ ਗਿਰਾਸਿ ਨ ਵਿਸਰੈ; ਹਰਿ ਨਾਮਾਂ ਮਨਿ ਮੰਤੁ ॥**

ਜਿਨ੍ਹਾਂ ਨੂੰ ਸਾਸਿ ਗਿਰਾਸਿ = ਆਉਂਦੇ ਜਾਂਦੇ ਸਾਹ **ਵਾ:** ਸਾਸਿ = ਸਾਹ ਲੈਂਦਿਆਂ ਅਤੇ ਗਿਰਾਸਿ = ਗਰਾਹੀ, ਭੋਜਨ ਖਾਂਦਿਆ ਹੋਇਆਂ ਹਰਿ = ਪਰਮੇਸ਼ਰ ਦੇ ਨਾਮਾਂ = ਨਾਵਾਂ ਵਿਚ ਮਨਿ = ਸ਼ਿਰੋਮਣੀ ਮੰਤੁ = ਮੰਤਰ (ਵਾਹਿਗੁਰੂ ਮੰਤਰ) ਨ = ਨਹੀਂ ਵਿਸਰੈ = ਭੁੱਲਦਾ।

**ਧੰਨੁ ਸਿ ਸੇਈ ਨਾਨਕਾ; ਪੂਰਨ ਸੋਈ ਸੰਤੁ ॥੧॥** *(ਗਉੜੀ ਵਾਰ ਮ: ੫, ਅੰਗ ੩੨੦)*

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਿ = ਉਹੋ ਹੀ ਪੁਰਸ਼ ਧੰਨ = ਧੰਨਤਾ ਦੇ ਜੋਗ ਹਨ, ਸੇਈ = ਉਹੀ ਪੁਰਸ਼ ਪੂਰਨ = ਪੂਰੇ ਹਨ, ਸੋਈ = ਉਹੋ ਹੀ ਸੰਤੁ = ਸ਼ਾਂਤ ਆਤਮਾ ਮਹਾਂਪੁਰਖ ਹਨ ॥੧॥

ਐਸਾ ਮਹਾਂਪੁਰਸ਼ਾਂ ਦੇ ਪਰਮੇਸ਼ਰ ਸਦਾ ਅੰਗ ਸੰਗ ਹੈ। ਜੈਸਾ ਕਿ :

**ਸੰਤ ਕੈ ਊਪਰਿ; ਦੇਇ ਪ੍ਰਭੁ ਹਾਥ ॥ ਸੰਤ ਕੈ ਸੰਗਿ; ਬਸੈ ਦਿਨੁ ਰਾਤਿ ॥**

ਸੰਤ = ਮਹਾਤਮਾ ਜਨਾਂ ਕੈ = ਦੇ ਊਪਰਿ = ਉੱਤੇ ਪ੍ਰਭੁ = ਪਰਮੇਸ਼ਰ ਆਪਣਾ ਕ੍ਰਿਪਾ ਦਾ ਹੱਥ ਦੇਇ = ਦੇ ਕੇ ਰੱਖਿਆ ਕਰਦਾ ਹੈ।

ਸੰਤ ਮਹਾਤਮਾ ਜਨਾਂ ਕੈ = ਦੇ ਸੰਗਿ = ਨਾਲ ਪਰਮੇਸ਼ਰ ਦਿਨ ਰਾਤ ਬਸੈ = ਵੱਸਦਾ ਹੈ।

ਐਸੇ ਲੱਖਣਾਂ ਵਾਲੇ ਪੰਡਿਤ ਤੇ ਸੰਤ ਦੀ ਵਿਆਖਿਆ ਕਰਕੇ ਕਿ ਪੰਡਿਤ ਕੌਣ ਹੋ ਸਕਦਾ ਹੈ ਤੇ ਸੰਤ ਕੌਣ ਹੋ ਸਕਦਾ ਹੈ, ਹੁਣ ਅੱਗੇ :

[**ਰੋਗੀ, ਅਰੋਗੀ :**] ਰੋਗੀ = ਰੋਗ (ਬਿਮਾਰੀ) ਸਹਿਤ ਵਿਅਕਤੀ, ਅਰੋਗੀ = ਰੋਗ ਰਹਿਤ।

ਪਹਿਲਾਂ ਰੋਗੀ ਬਾਰੇ ਦੱਸਦੇ ਹਨ :

## ਚੌਪਈ ॥ ਹੰ ਮਮਤਾ; ਅਭਿਮਾਨੀ ਥੀਵ।

ਜੋ ਹੰ = ਹੰਗਤਾ (ਹੰਕਾਰ), ਮਮਤਾ = ਮੈਂ-ਮੇਰੀ ਦਾ ਭਾਵ, ਮੋਹ ਦੀ ਖਿੱਚ ਦਾ ਅਭਿਮਾਨੀ ਥੀਵ = ਹੋਣਾ।

## ਰੋਗੀ ਸੋ; ਸੰਸਾਰੀ ਜੀਵ।

ਸੋ = ਉਹ ਸੰਸਾਰੀ = ਸੰਸਿਆਂ ਦਾ ਘਰ ਜੀਵ ਹੰਗਤਾ ਮਮਤਾ ਦੇ ਰੋਗ ਸਹਿਤ ਹੈ, ਉਸ ਨੂੰ ਰੋਗੀ ਕਿਹਾ ਹੈ, ਉਂਞ ਸੰਸਾਰ ਦੇ ਵਿਚ ਨਿੱਕੇ ਰੋਗ ਤੋਂ ਲੈ ਕੇ ਕੈਂਸਰ ਦੀ ਬਿਮਾਰੀ ਤਕ, ਫੋੜੇ ਫਿੰਨਸੀ ਤੋਂ ਲੈ ਕੇ ਕੋੜ੍ਹ ਦੀ ਬਿਮਾਰੀ ਤਕ ਤੇ ਦਰਦਾਂ, ਬੁਖ਼ਾਰ, ਤਪਦਿਕ ਭਾਵ ਟੀਬੀ ਆਦਿਕ ਸੈਂਕੜੇ ਇਹੋ ਜਿਹੀਆਂ ਬਿਮਾਰੀਆਂ ਦੇ ਘੇਰੇ ਹੋਏ ਮਨੁੱਖ ਨੂੰ ਰੋਗੀ ਕਿਹਾ ਜਾਂਦਾ ਹੈ, ਇਹ ਵੀ ਰੋਗ ਪਰ ਇਹ ਛੋਟੇ ਰੋਗ ਹਨ, ਉਪਰੋਕਤ ਵਿਚਾਰ ਵਿਚ ਜੋ ਰੋਗੀ ਕਿਹਾ ਹੈ, ਉਹ ਹੰਗਤਾ ਮਮਤਾ ਦੇ ਰੋਗ ਸਹਿਤ ਜੰਮਦਾ-ਮਰਦਾ ਰਹਿੰਦਾ ਹੈ ਤੇ ਉਸਨੂੰ ਗੁਰਬਾਣੀ ਵਿਚ ਵੀ ਰੋਗੀ ਨਹੀਂ ਬਲਕਿ ਵੱਡਾ ਰੋਗੀ ਕਿਹਾ ਹੈ। ਜੈਸਾ ਕਿ :

**ਹਉਮੈ ਦੀਰਘ ਰੋਗੁ ਹੈ; ਦਾਰੂ ਭੀ ਇਸੁ ਮਾਹਿ ॥** *(ਆਸਾ ਦੀ ਵਾਰ ਮ: ੧, ਅੰਗ ੪੬੭)*

ਹੁਣ ਅਰੋਗੀ ਦੇ ਬਾਰੇ ਦੱਸਦੇ ਹਨ :

## ਅਹੰ ਮਮਤਾਭਿਮਾਨ; ਤੈ ਹੀਨ।

ਜੋ ਅਹੰ = ਹੰਗਤਾ ਮਮਤਾ ਦੇ ਅਭਿਮਾਨ ਤੈ = ਤੋਂ ਹੀਨ = ਰਹਿਤ ਹੈ ਤੇ :

## ਗਯਾਨ ਸਰੂਪ; ਅਰੋਗੀ ਚੀਨ ॥੧੭॥

ਜਿਸਨੂੰ ਆਪਣੇ ਆਤਮਿਕ ਸਰੂਪ ਦਾ ਗਿਆਨ ਹੋ ਗਿਆ ਹੈ ਕਿ ਮੈਂ ਸਤ, ਚੇਤਨ, ਆਨੰਦ ਸਰੂਪ ਹਾਂ, ਉਹ ਅਰੋਗੀ = ਰੋਗ ਰਹਿਤ ਚੀਨ = ਜਾਣ ਲਉ ॥੧੭॥

ਹੁਣ ਦੂਸਰੇ ਢੰਗ ਨਾਲ ਫਿਰ ਰੋਗੀ ਬਾਰੇ ਦੱਸਦੇ ਹਨ :

## ਬੁੱਧਿ ਅਨਾਤਮ ਮਹਿਂ; ਸੋ ਰੋਗੀ।

ਜਿਹੜਾ ਬੁੱਧ ਦਾ ਅਨਾਤਮ ਪਦਾਰਥਾਂ ਵਿਚ ਭਾਵ ਸਰੀਰ ਆਦਿਕਾਂ ਵਿਚ ਜੁੜੇ ਰਹਿਣਾ ਹੈ, ਸੋ = ਉਹ ਰੋਗੀ ਹੈ।

ਹੁਣ ਅਰੋਗੀ ਫਿਰ ਦੱਸਦੇ ਹਨ :

## ਬ੍ਰਹਮ ਬੁੱਧਿ; ਤਿਹ ਜਾਨ ਅਰੋਗੀ।

ਜਿਸ ਦੀ ਬੁੱਧੀ ਹਮੇਸ਼ਾ ਬ੍ਰਹਮ ਵਿਚ ਲੀਨ ਰਹਿੰਦੀ ਹੈ ਜੋ ਸਤ, ਅਸੱਤ ਦਾ ਨਿਰਨਾ ਕਰਕੇ ਸੱਤ ਰੂਪ ਬ੍ਰਹਮ ਦੇ ਵਿਚ ਲੀਨ ਰਹਿੰਦੀ ਹੈ ਤੇ ਅਸੱਤ ਦਾ ਤਿਆਗ ਕਰਨ ਵਾਲੀ ਤੇ ਸੱਤ ਦਾ ਗ੍ਰਹਿਣ ਕਰਨ ਵਾਲੀ, ਜਿਸ ਦੇ ਕੋਲ ਐਸੀ-ਬੁੱਧ ਹੈ, ਤਿਹ = ਉਹ ਜੀਵ ਅਰੋਗੀ ਹੈ, ਸੋ ਉਂਞ ਭਾਵੇਂ ਕਿਹਾ ਜਾਂਦਾ ਹੈ ਕਿ ਫ਼ਲਾਣਾ ਬੰਦਾ ਅਰੋਗੀ (ਤੰਦਰੁਸਤ) ਹੈ, ਉਸ ਦੇ ਸਰੀਰ ਨੂੰ ਕੋਈ ਰੋਗ ਨਹੀਂ। ਸਰੀਰ ਦੇ ਤੰਦਰੁਸਤ ਹੋਣ ਨਾਲ ਕੋਈ ਤੰਦਰੁਸਤ ਸਾਬਤ ਨਹੀਂ ਹੋ ਜਾਂਦਾ ਹੈ ਕਿਉਂਕਿ ਤੰਦਰੁਸਤ ਸਰੀਰ ਦੇ ਵਿਚ ਵੀ ਮਾਨਸਿਕ ਰੋਗੀ ਵਿਲਕਦੇ ਦੇਖੇ ਗਏ ਹਨ, ਇਸ ਲਈ ਅਸਲੀ ਤੰਦਰੁਸਤੀ ਤਾਂ ਹੰਗਤਾ ਮਮਤਾ ਤੋਂ ਰਹਿਤ ਜੀਵਨ ਹੋਣਾ ਹੀ ਹੈ ਜੋ ਉਪਰੋਕਤ ਪੰਕਤੀਆਂ ਵਿਚ ਕਿਹਾ ਗਿਆ ਹੈ, ਗੁਰਬਾਣੀ ਵਿਚ ਤਨ ਤੇ ਮਨ ਨੂੰ ਅਰੋਗ ਰੱਖਣ ਲਈ ਐਸਾ ਉਪਦੇਸ਼ ਹੈ। ਜੈਸਾ ਕਿ :

**ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥** *(ਸੋਰਠਿ ਮ: ੫, ਅੰਗ ੬੧੧)*

[**ਧਨੀ, ਨਿਰਧਨੀ :**] ਧਨੀ = ਧਨ ਵਾਲਾ ਕੌਣ ਹੈ ? ਨਿਰਧਨੀ = ਧਨ ਰਹਿਤ ਕੌਣ ਹੈ ? ਹੁਣ ਪਹਿਲਾਂ ਧਨੀ ਬਾਰੇ ਦੱਸਦੇ ਹਨ :

## ਆਤਮਧਨ ਪ੍ਰਾਪਤ; ਸੋ ਧਨੀ।

ਸਭ ਤੋਂ ਸ੍ਰੇਸ਼ਟ ਧਨ ਆਤਮ ਧਨ ਹੀ ਹੈ, ਜਿਸਨੂੰ ਆਤਮਾ ਦੀ ਸਾਖਿਆਤਾਕਾਰ ਰੂਪੀ ਧਨ ਦੀ ਪ੍ਰਾਪਤ ਹੋ ਗਈ ਹੈ, ਸੋ = ਉਹ ਅਸਲੀ ਧਨੀ ਹੈ, ਜਿਵੇਂ ਦੁਨਿਆਵੀ ਧਨ, ਧਨ ਦੇ ਵਿਚ ਹੋਰ ਵਾਧਾ ਕਰ ਦੇਂਦਾ ਹੈ ਭਾਵ ਧਨ ਦੇ ਨਾਲ ਹੋਰ ਧਨ ਖੱਟਿਆ ਜਾਂਦਾ ਹੈ, ਇਸੇ ਤਰ੍ਹਾਂ ਨਾਮ ਰੂਪੀ ਧਨ ਦੇ ਨਾਲ ਆਤਮਾ ਰੂਪੀ ਧਨ ਖੱਟਿਆ ਜਾਂਦਾ ਹੈ। ਜੈਸਾ ਕਿ :

**ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ॥**

*(ਸੂਹੀ ਮ: ੫, ਅੰਗ ੭੪੯)*

ਵਾ: **ਪ੍ਰਭੁ ਕਉ ਸਿਮਰਹਿ ਸੇ ਧਨਵੰਤੇ॥** *(ਗਉੜੀ ਸੁਖਮਨੀ ਮ: ੫, ਅੰਗ ੨੬੩)*

ਉਂਝ ਤਾਂ ਭਾਵੇਂ ਸੰਸਾਰੀ ਬਿਰਤੀ ਵਾਲੇ ਲੋਕ ਜਿਸ ਕੋਲ ਸੰਸਾਰੀ ਧਨ ਇਕੱਠਾ ਹੋ ਜਾਵੇ, ਉਸ ਨੂੰ ਧਨੀ ਮੰਨਦੇ ਹਨ, ਸਿਧਾਂਤ ਵਿਚ ਤਾਂ ਆਤਮਿਕ ਪ੍ਰਾਪਤੀ ਵਾਲੇ ਨੂੰ ਅਸਲੀ ਧਨੀ ਮੰਨਿਆ ਹੈ, ਦੁਨਿਆਵੀ ਧਨ ਮਰਨ ਤੋਂ ਬਾਅਦ ਇਥੇ ਹੀ ਰਹਿ ਜਾਂਦਾ ਹੈ। ਇਸ ਲਈ ਝੂਠਾ ਤੇ ਨਾਸ਼ਵਾਨ ਹੈ, ਤੇ ਆਤਮ ਧਨ ਹਮੇਸ਼ਾ ਰਹਿਣ ਵਾਲਾ ਹੈ, ਦੁਨਿਆਵੀ ਧਨ ਤਾਂ ਕਰਤੇ ਦੀ ਖੇਡ ਹੀ ਕਹੀ ਹੈ। ਜੈਸਾ ਕਿ :

**ਇਹ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ॥** *(ਮਲਾਰ ਮ: ੧, ਅੰਗ ੧੨੮੩)*

ਇਸ ਲਈ ਨਿੱਤ ਰਹਿਣ ਵਾਲਾ ਆਤਮ ਧਨ ਹੀ ਹੈ :

ਹੁਣ ਨਿਰਧਨੀ ਦੱਸਦੇ ਹਨ ਕਿ ਕੌਣ ਹੈ :

## ਬਿਨ ਆਤਮ ਪਾਏ; ਨਿਰਧਨੀ॥੧੮॥

ਜਿਹੜਾ ਆਪਣੇ ਆਤਮਾ ਰੂਪੀ ਧਨ ਦੇ ਪਾਏ ਤੋਂ ਬਿਨ = ਬਿਨਾਂ ਹੈ। ਉਹ ਨਿਰਧਨੀ = ਧਨ ਰਹਿਤ, ਕੰਗਾਲ ਕਿਹਾ ਹੈ ਤੇ ਕਬੀਰ ਸਾਹਿਬ ਨੇ ਭੀ ਨਾਮ ਧਨ ਹੀਣੇ ਨੂੰ ਕੰਗਾਲ ਦੱਸਿਆ ਹੈ। ਜੈਸਾ ਕਿ :

**ਕਹਿ ਕਬੀਰ ਨਿਰਧਨੁ ਹੈ ਸੋਈ॥**
**ਜਾ ਕੇ ਹਿਰਦੈ ਨਾਮੁ ਨ ਹੋਈ॥੪॥੮॥** *(ਭੈਰਉ ਭਗਤ ਕਬੀਰ ਜੀ, ਅੰਗ ੧੧੫੯)*

ਉਂਝ ਸੰਸਾਰ ਨਿਰਧਨੀ (ਕੰਗਾਲ) ਉਸ ਨੂੰ ਕਹਿੰਦਾ ਹੈ ਜਿਸ ਕੋਲ ਦੁਨਿਆਵੀ ਧਨ ਪਦਾਰਥ ਨਹੀਂ ਹੈ ਕਿਉਂਕਿ ਸੰਸਾਰ ਉਸਨੂੰ ਆਦਰ ਨਹੀਂ ਦਿੰਦਾ ਤੇ ਨੰਗ-ਮਲੰਗ ਦੱਸਦਾ ਹੈ। ਪਰ ਆਤਮ ਧਨ ਵਾਲਿਆਂ ਨੇ ਵੱਡੇ ਵੱਡੇ ਧਨੀ ਤਾਂ ਇਕ ਪਾਸੇ ਰਹੇ ਉਹਨਾਂ ਨੇ ਇੰਦ੍ਰਪੁਰੀ ਦੇ ਰਾਜੇ ਇੰਦ੍ਰ ਨੂੰ ਭੀ ਕੰਗਾਲ ਕਹਿ ਦਿੱਤਾ ਹੈ ਕਿਉਂਕਿ ਉਸ ਕੋਲ ਨਾਮ ਧਨ ਨਹੀਂ ਹੈ। ਜੈਸਾ ਕਿ :

**ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ॥**
**ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥੧੬੯॥** *(ਸਲੋਕ ਕਬੀਰ ਜੀ, ਅੰਗ ੧੩੭੩)*

ਸੋ ਇਸ ਢੰਗ ਦੇ ਨਾਲ ਆਤਮ ਧਨ ਦੀ ਪ੍ਰਾਪਤੀ ਵਾਲਾ ਧਨੀ ਤੇ, ਆਤਮਾ ਧਨ ਦੀ ਪ੍ਰਾਪਤੀ ਤੋਂ ਹੀਣਾ ਨਿਰਧਨੀ ਕਥਨ ਕੀਤਾ ਹੈ॥੧੮॥

[**ਨਿਸ਼ਕਾਮਤਾ :**] ਨਿਸ਼ਕਾਮਤਾ = ਕਾਮਨਾ ਰਹਿਤ ਭਾਵ ਜਿਸ ਵਿਚ ਕੋਈ ਕਾਮਨਾ ਨਾ ਹੋਵੇ, ਹੁਣ ਉਸ ਬਾਰੇ ਦੱਸਦੇ ਹਨ :

## ਜਗਗ੍ਯਾਸੀ ਨਰ; ਚਹੈ ਜੁ ਸ਼ੇਯ।

ਜੁ = ਜਿਹੜਾ ਜਗਗ੍ਯਾਸੀ = ਮੁਕਤੀ ਦੀ ਇੱਛਾ ਵਾਲਾ ਨਰ = ਪੁਰਸ਼ ਭਾਵ ਜਗਿਆਸੂ ਪੁਰਸ਼ ਸ਼ੇਯ = ਮੁਕਤੀ ਚਹੈ = ਚਾਹੁੰਦਾ ਹੈ ਕਿ ਮੈਂ ਜੰਮਣ ਮਰਨ ਤੋਂ ਛੁੱਟ ਜਾਵਾਂ ਤੇ ਚੌਰਾਸੀ ਲੱਖ ਜੂਨ ਦਾ ਚੱਕਰ ਨਾ ਪੈ ਜਾਵੇ, ਉਸ ਲਈ ਕਰਤੱਵ ਹੈ ਕਿ :

## ਊਤਮ ਕਰਮ ਕਰੈ; ਹਿਤ ਦੇਯ।

ਉਹ ਹਿਤ = ਪ੍ਰੇਮ ਦੇਯ = ਦੇ ਨਾਲ ਭਾਵ ਪ੍ਰੇਮ ਧਾਰ ਕੇ ਊਤਮ = ਸ੍ਰੇਸ਼ਟ ਕਰਮ ਕਰੇ, ਕੋਈ ਪਾਪ ਕਰਮ ਨਾ ਕਰੇ ਅਤੇ ਜੋ ਉੱਤਮ ਕਰਮ ਕਰੇ :

## ਨਹਿਂ ਅਭਿਲਾਖਾ; ਫਲ ਕੀ ਕਰੈ।

ਉਹਨਾਂ ਉੱਤਮ ਕਰਮਾਂ ਨੂੰ ਕਰਕੇ ਫਲ ਕੀ = ਦੀ ਅਭਿਲਾਖਾ = ਇੱਛਾ ਨਹਿ = ਨਾ ਕਰੇ, ਭਾਵ ਇੱਛਾ ਰਹਿਤ ਹੋ ਜਾਵੇ।

## ਹੁਇ ਨਿਸ਼ਕਾਮ; ਬ੍ਰਿਤ ਦਿਢ ਧਰੈ ॥੧੯॥

ਉਹ ਨਿਸ਼ਕਾਮ = ਕਾਮਨਾ ਤੋਂ ਰਹਿਤ ਹੋ ਕਰਕੇ ਇਸ ਬਿਰਤੀ ਨੂੰ ਦਿਢ = ਪੱਕਾ ਕਰਕੇ ਹਿਰਦੇ ਵਿਚ ਧਰੈ = ਧਾਰਨ ਕਰ ਲਵੇ ਕਿ ਕਦੇ ਕਿਸੇ ਵੀ ਫਲ ਦੀ ਇੱਛਾ ਨਹੀਂ ਰੱਖਣੀ, ਇਸ ਦਾ ਨਾਮ ਨਿਸ਼ਕਾਮਤਾ ਹੈ ਤੇ ਸੰਸਾਰੀ ਬਿਰਤੀ ਵਾਲਾ ਪੁਰਸ਼ ਜੋ ਵੀ ਕਰਮ ਕਰਦਾ ਹੈ ਪਹਿਲਾਂ ਉਸ ਨੂੰ ਫਲ ਦੀ ਇੱਛਾ ਹੁੰਦੀ ਹੈ, ਕਰਮ ਬਾਅਦ ਵਿਚ ਕਰਦਾ ਹੈ ਜਿਸ ਕਰਕੇ ਮਨ ਦੀ ਮਲੀਨਤਾ ਬਣੀ ਰਹਿੰਦੀ ਹੈ, ਕਦੇ ਵੀ ਮਨ ਸ਼ੁੱਧ ਨਹੀਂ ਹੁੰਦਾ ਤੇ ਨਿਸ਼ਕਾਮ ਕਰਮ ਕਰਨ ਵਾਲੇ ਦਾ ਮਨ ਸ਼ੁੱਧ ਹੋ ਕੇ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਹੋ ਜਾਂਦਾ ਹੈ ॥੧੯॥ ਜੈਸਾ ਕਿ :

**ਸੇਵਾ ਕਰਤ ਹੋਇ ਨਿਹਕਾਮੀ ॥**
**ਤਿਸ ਕਉ ਹੋਤ ਪਰਾਪਤਿ ਸੁਆਮੀ ॥** *(ਗਉੜੀ ਸੁਖਮਨੀ ਮ: ੫, ਅੰਗ ੨੮੬)*

ਨਿਸ਼ਕਾਮ ਕਰਮ ਦੀ ਗੱਲ ਜੋ ਉੱਪਰ ਕੀਤੀ ਹੈ ਜਿਸ ਵਿਚ ਸ੍ਰੇਸ਼ਟ ਕਰਮ ਕਾਮਨਾ ਰਹਿਤ ਕਰਨ ਦੀ ਪ੍ਰੇਰਨਾ ਦਿੱਤੀ ਹੈ ਕਿ ਜਿਸਨੂੰ ਮੁਕਤੀ ਦੀ ਇੱਛਾ ਹੈ। ਉਹ ਕਾਮਨਾ ਰਹਿਤ ਕਰਮ ਕਰੇ। ਸੋ ਇਥੇ ਨਿਸ਼ਕਾਮਤਾ ਦੀ ਗੱਲ ਸਮਾਪਤ ਹੋਈ। ਹੁਣ ਅੱਗੇ ਪੰਜ ਪ੍ਰਕਾਰ ਦੇ ਕਰਮ ਦੱਸਣਗੇ ਜਿਨ੍ਹਾਂ ਵਿਚ ਇਕ ਨਖਿੱਧ ਕਰਮ ਦੱਸਣਗੇ ਜਿਸ ਦੀ ਨਾ ਕਰਨ ਦੀ ਆਗਿਆ ਹੈ :

[**ਪੰਚ ਕਰਮ :**] ਹੁਣ ਪੰਜ ਪ੍ਰਕਾਰ ਦੇ ਕਰਮਾਂ ਦੀ ਵਿਚਾਰ ਸ਼ੁਰੂ ਹੋਈ :

## ਕਰਿਬੇ ਕਰਮ; ਪੰਚ ਪ੍ਰਕਾਰ।

ਪੰਚ ਪ੍ਰਕਾਰ = ਕਿਸਮਾਂ ਦੇ ਕਰਮ ਜੋ ਕਰਿਬੇ = ਕੀਤੇ ਜਾਂਦੇ ਹਨ, ਉਹ ਇਹ ਹਨ : ੧. ਨਿੱਤ, ੨. ਨਮਿੱਤ, ੩. ਕਾਮਿਕ, ੪. ਪ੍ਰਾਸ਼ਚਿਤ. ੫. ਨਖਿੱਧ।

ਹੁਣ ਇਹਨਾਂ ਦਾ ਵੇਰਵਾ ਦਿੰਦੇ ਹਨ :

੧. ਨਿੱਤ :

## ਇਕ ਤੌ 'ਨਿਤ ਕਰਮ'; ਹਿਤ ਧਾਰ।

ਇਕ ਤੌ = ਤਾਂ ਨਿੱਤ ਕਰਮ ਹੁੰਦਾ ਹੈ ਜੋ ਹਿਤ = ਪ੍ਰੇਮ ਧਾਰ ਕੇ ਹਮੇਸ਼ਾ ਹੀ ਕਰੀਦਾ ਹੈ।

## ਮੱਜਨ; ਗੁਰਬਾਣੀ ਕੋ ਪਠਨਾ।

ਜਿਵੇਂ ਅੰਮ੍ਰਿਤ ਵੇਲੇ ਹਮੇਸ਼ਾ ਉੱਠਣਾ, ਹਮੇਸ਼ਾ ਹੀ ਮੱਜਨ = ਇਸ਼ਨਾਨ ਕਰਨਾ ਤੇ ਹਮੇਸ਼ਾ ਹੀ ਭਾਵ ਹਰ ਰੋਜ਼ ਗੁਰਬਾਣੀ ਕੋ = ਨੂੰ ਪਠਨਾ = ਪੜ੍ਹਨਾ ਭਾਵ ਅੰਮ੍ਰਿਤ ਵੇਲੇ ਪੰਜਾਂ ਬਾਣੀਆਂ ਦਾ ਨਿੱਤਨੇਮ ਕਰਨਾ। ਜੈਸਾ ਕਿ :

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥**

## ਸੰਧਯਾਦਿਕ ਸੱਤਿਨਾਮ; ਸੁ ਰਟਨਾ ॥੨੦॥

ਤੇ ਅੰਮ੍ਰਿਤ ਵੇਲੇ ਦੇ ਨਿੱਤਨੇਮ ਤੋਂ ਬਾਅਦ ਧਰਮ ਦੀ ਕਿਰਤ ਕਰਦਿਆਂ ਹੋਇਆਂ ਸੱਤਿਨਾਮ = ਮੂਲ ਮੰਤ੍ਰ ਜਾਂ ਗੁਰਮੰਤ੍ਰ ਦਾ ਜਾਪ ਰਟਨਾ = ਰਟਦੇ ਰਹਿਣਾ ਭਾਵ ਜਪਦੇ ਰਹਿਣਾ। ਜੈਸਾ ਕਿ :

**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥** *(ਸਲੋਕ ਕਬੀਰ ਜੀ, ਅੰਗ ੧੩੭੬)*

ਤੇ ਸੰਧਯਾਦਿਕ = ਸ਼ਾਮ ਦੇ ਵੇਲੇ 'ਸੋ ਦਰ ਰਹਰਾਸਿ ਸਾਹਿਬ' ਦਾ ਪਾਠ ਕਰਨਾ ਤੇ ਸੌਣ ਵੇਲੇ ਕੀਰਤਨ ਸੋਹਿਲਾ ਪੜ੍ਹਨਾ। ਜੈਸਾ ਕਿ :

**ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ।**
**ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦ ਵੰਡੰਦੇ।** *(ਭਾਈ ਗੁਰਦਾਸ ਜੀ, ਵਾਰ ੬, ਪਉੜੀ ੩)*

ਗੁਰਸਿੱਖਾਂ ਦਾ ਇਹ ਨਿੱਤ ਕਰਮ ਹੈ ਅਤੇ ਹਿੰਦੂ ਭਰਾਵਾਂ ਦਾ ਨਿੱਤ ਕਰਮ ਇਸ਼ਨਾਨ ਕਰਕੇ ਤਿੰਨ ਸੰਧਿਆ ਕਰਨੀਆਂ ॥੨੦॥

੨. ਨਮਿੱਤ ਕਰਮ :

## ਸ਼੍ਰਾਧ ਆਦਿ; 'ਨੈਮਿੱਤਯਕ' ਅਹੈ।

ਹਿੰਦੂ ਭਰਾਵਾਂ ਦਾ ਆਪਣੇ ਪਿਤਰਾਂ ਦੇ ਭਲੇ ਵਾਸਤੇ ਸ਼੍ਰਾਧ ਆਦਿ ਦਾ ਕਰਨਾ, ਇਹ ਉਹਨਾਂ ਦਾ ਨਮਿੱਤਕ ਕਰਮ ਹੈ, ਪਰ ਗੁਰਮਤਿ ਵਿਚ ਸ਼੍ਰਾਧ ਬਿਬਰਜਿਤ ਹੈ ਉਹ ਆਪਣੇ ਬਜ਼ੁਰਗਾਂ ਦੇ ਭਲੇ ਹਿੱਤ ਪੁੰਨ ਦਾਨ, ਸਹਿਜ ਪਾਠ, ਅਖੰਡ ਪਾਠ ਸਾਹਿਬ ਕਰਦੇ ਹਨ ਇਹ ਗੁਰਸਿੱਖਾਂ ਦਾ ਨਮਿੱਤ ਕਰਮ ਹੈ।

## ਕਿਹ ਨਮਿੱਤ ਤੇ; ਕਰਨ ਜੁ ਲਹੈ।

ਜੁ = ਜਿਹੜਾ ਕਿਹ = ਕਿਸੇ ਦੇ ਨਮਿੱਤ = ਲਈ ਕਰਮ ਕਰਨਾ ਲਹੈ = ਲੈਂਦੇ ਹਨ ਭਾਵ ਕਰਦੇ ਹਨ, ਉਸ ਨੂੰ ਨਮਿੱਤ ਕਰਮ ਕਹਿੰਦੇ ਹਨ।

੩. ਪ੍ਰਾਸ਼ਚਿਤ ਕਰਮ :

## 'ਪ੍ਰਾਸ਼ਚਿਤਾਦਿਕ'; ਤ੍ਰਿਤੀਓ ਧਰੈ।

ਤ੍ਰਿਤੀਓ = ਤੀਸਰਾ ਪ੍ਰਾਸ਼ਚਿਤ ਕਰਮ ਦੋ ਪ੍ਰਕਾਰ ਦਾ ਹੋਣ ਕਰਕੇ ਆਦਿਕ ਸ਼ਬਦ ਵਰਤਿਆ ਹੈ ੧. ਸਾਧਾਰਣ ਪ੍ਰਾਸ਼ਚਿਤ ਕਰਮ, ੨. ਆਸਾਧਾਰਣ ਪ੍ਰਾਸ਼ਚਿਤ ਕਰਮ।

੧. ਸਾਧਾਰਣ ਪ੍ਰਾਸ਼ਚਿਤ ਕਰਮ : ਜੋ ਜਨਮਾਂ ਜਨਮਾਂਤ੍ਰਾਂ ਦੇ ਸਮੁੱਚੇ ਪਾਪ ਲਾਹੁਣ ਲਈ ਜਪ ਤਪ ਆਦਿ ਕਰਮ ਕੀਤਾ ਜਾਵੇ, ਉਹ ਸਾਧਾਰਣ ਪ੍ਰਾਸ਼ਚਿਤ ਕਰਮ ਹੈ।

੨. ਆਸਾਧਾਰਣ ਪ੍ਰਾਸ਼ਚਿਤ ਕਰਮ : ਜੋ ਇਕ ਕੋਈ ਬੱਜਰ ਪਾਪ ਹੋਏ ਤੋਂ ਕੇਵਲ ਉਸ ਦੀ ਨਵਿਰਤੀ ਲਈ ਕੀਤਾ ਜਾਵੇ, ਉਹ ਆਸਾਧਾਰਣ ਪ੍ਰਾਸ਼ਚਿਤ ਕਰਮ ਹੈ, ਸੋ ਹੁਣ ਆਸਾਧਾਰਣ ਪ੍ਰਾਸ਼ਚਿਤ ਕਰਮ ਜੋ ਹਿੰਦੂ ਮੱਤ ਅਨੁਸਾਰ ਹੈ, ਉਹ ਹੁਣ ਅਗਲੀ ਤੁਕ ਵਿਚ ਦੱਸਦੇ ਹਨ :

## ਬਰਤ ਚੰਦ੍ਰਾਇਣਾਦਿ; ਜੇ ਕਰੈਂ ॥੨੧॥

ਜੇ ਕਿਸੇ ਕੋਲੋਂ ਗਊ ਹੱਤਿਆ, ਬ੍ਰਾਹਮਣ ਹੱਤਿਆ ਕੋਈ ਮਾੜਾ ਕਰਮ ਹੋ ਗਿਆ ਹੋਵੇ ਤਾਂ ਉਸ ਇਕ ਪਾਪ ਕਰਮ ਦੇ ਲਾਹੁਣ ਲਈ ਚੰਦ੍ਰਾਇਣ[1] ਆਦਿਕ ਬਰਤ ਮੰਨੇ ਹਨ ਕਿ ਜੋ ਚੰਦਰਮਾ ਦੀ ਥਿਤੀ ਨਾਲ ਗਰਾਹੀਆਂ ਵਧਾਉਣ ਤੇ ਘਟਾਉਣ ਦਾ ਵਿਧਾਨ ਹੈ। ਇਹ ਹਿੰਦੂ ਮੱਤ ਵਿਚ ਪਸ਼ਚਾਤਾਪ ਕਰਕੇ ਕੀਤਾ ਹੋਇਆ ਕਰਮ ਆਸਾਧਾਰਣ ਪ੍ਰਾਸ਼ਚਿਤ ਕਰਮ ਕਹਿਲਾਉਂਦਾ ਹੈ, ਗੁਰਮਤਿ ਵਿਚ ਚਾਰ ਵੱਡੇ ਪਾਪ ਮੰਨੇ ਹਨ। ਜੈਸਾ ਕਿ :

**ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥**

*(ਸਲੋਕ ਵਾਰਾਂ ਤੇ ਵਧੀਕ ਮ: ੩, ਅੰਗ ੧੪੧੩)*

ਅਤੇ ਚਾਰ ਬਜਰ ਕੁਰਹਿਤਾਂ ੧. ਤਮਾਕੂ ਦਾ ਸੇਵਨ, ੨. ਰੋਮਾਂ ਦਾ ਕੱਟਣਾ, ੩. ਕਲਮਾ ਪੜ੍ਹਿਆ ਹੋਇਆ ਮਾਸ ਖਾਣਾ ਬੱਜਰ ਕੁਰਹਿਤ ਤੇ ਆਮ ਮਾਸ ਖਾਣਾ ਪਾਪ ਰੂਪ ਹੈ, ੪. ਪਰਾਈ ਇਸਤ੍ਰੀ ਦਾ ਸੰਗ ਕਰਨਾ। ਇਹਨਾਂ ਨੂੰ ਲਾਹੁਣ ਵਾਸਤੇ ਪੰਜਾਂ ਪਿਆਰਿਆਂ ਦੇ ਕੋਲ ਪੇਸ਼ ਹੋ ਕੇ ਤਨਖ਼ਾਹ ਲਵਾਉਣੀ, ਜੋ ਦੱਸਣ ਭਾਵ ਮੂਲ ਮੰਤਰ, ਜਪੁ ਜੀ ਸਾਹਿਬ ਦੇ ਪਾਠ ਇਹ ਸਭ ਪ੍ਰਾਸ਼ਚਿਤ ਕਰਮ ਗੁਰਮਤਿ ਅਨੁਸਾਰ ਹੈ ॥੨੧॥

**੪. ਕਾਮਕ ਕਰਮ :**

## ਚਤੁਰਥ ਹੈ; 'ਉਪਾਸਨਾ' ਰੂਪ।

ਚਤੁਰਥ = ਚੌਥਾ ਕਾਮਕ ਕਰਮ ਉਪਾਸਨਾ ਰੂਪ ਹੈ।

## ਪੂਜਨ ਅਪਨੋ; ਇਸ਼ਟ ਅਨੂਪ।

ਆਪਣੇ ਅਨੂਪ = ਉਪਮਾ ਤੋਂ ਰਹਿਤ ਇਸ਼ਟ ਭਾਵ ਜਿਸ ਦੀ ਅੱਖਰਾਂ ਵਿਚ ਉਪਮਾ ਨਾ ਹੋ ਸਕੇ, ਉਸ ਦੀ ਕਾਮਨਾ ਰੱਖ ਕੇ ਪੂਜਨ = ਪੂਜਾ ਕਰਨੀ ਇਹ ਕਾਮਕ ਕਰਮ ਹੈ।

## ਇਹ ਚਾਰਹੁੰ; ਸ਼ੁਭ ਕਰੈ ਸਦੀਵ।

ਇਉਂ ਜਗਿਆਸੂ ਸਦੀਵ = ਹਮੇਸ਼ਾ ਸਮੇਂ ਸਮੇਂ ਅਨੁਸਾਰ ਇਹਨਾਂ ਚਾਰਹੁੰ = ਚਾਰੇ ਸ਼ੁਭ ਕਰਮਾਂ ਨੂੰ ਕਰੈ = ਕਰਦਾ ਰਹੇ, ਭਾਵ ਇਹਨਾਂ ਨੂੰ ਕਰਨ ਦੀ ਵੇਦ ਸ਼ਾਸਤਰ ਦੀ ਆਗਿਆ ਹੈ ਨਿੱਤ ਦੇ ਸਮੇਂ ਨਿੱਤ ਕਰਮ, ਨਮਿੱਤ ਦੇ ਸਮੇਂ ਨਮਿੱਤ ਕਰਮ, ਪਾਪ ਲਾਹੁਣ ਲਈ ਪ੍ਰਾਸ਼ਚਿਤ ਕਰਮ, ਇੱਛਾ ਪੂਰਨ ਕਰਨ ਲਈ ਕਾਮਕ ਕਰਮ ਇਉਂ ਇਹਨਾਂ ਚਾਰਾਂ ਨੂੰ ਕਰਦਾ ਰਹੇ।

---

੧. ਚੰਦ੍ਰਾਇਣ ਬਰਤ ਬਾਰੇ ਵਿਸਥਾਰ ਪੂਰਵਕ ਰੁਤਿ ੫, ਅੰਸੂ ੪੩, ਅੰਕ ੨੬ ਵਿਚ ਦੇਖੋ।

## ਹੁਇ ਨਿਸ਼ਕਾਮ; ਭਲੇ ਨਿਰ ਨੀਵ ॥੨੨॥

ਪਰ ਜਗਿਆਸੂ ਭਲੀ ਪ੍ਰਕਾਰ ਨਿਰ = ਨਿਰਣਾ ਕਰਕੇ ਮੁਕਤੀ ਲਈ ਨੀਵਾਂ ਹੋ ਕੇ ਨਿਸ਼ਕਾਮ ਕਰਮਾਂ ਨੂੰ ਕਰੇ ॥੨੨॥

## ਪਰਮੇਸ਼ੁਰ ਕੈ; ਸਤਿਗੁਰ ਪਾਸ।

ਪਰਮੇਸ਼ੁਰ ਕੈ = ਜਾਂ ਸਤਿਗੁਰੂ ਦੇ ਪਾਸ = ਕੋਲ, ਜਿਨ੍ਹਾਂ ਸਤਿਗੁਰਾਂ ਤੋਂ ਉਪਦੇਸ਼ ਲਿਆ ਹੈ, ਉਹਨਾਂ ਦੀ ਹਜ਼ੂਰੀ ਵਿਚ।

## ਅਰਪਹਿ ਸਕਲ; ਕਰਮ ਨਿਰਜਾਸ।

ਜਿਤਨੇ ਵੀ ਸ੍ਰੇਸ਼ਟ ਕਰਮ ਕੀਤੇ ਹਨ, ਨਿਰਜਾਸ = ਨਿਰਣਾ ਕਰਕੇ ਸਕਲ = ਸਾਰੇ ਹੀ ਪਰਮੇਸ਼ਰ ਜਾਂ ਸਤਿਗੁਰਾਂ ਨੂੰ ਅਰਪਹਿ = ਅਰਪਣ ਕਰ ਦੇਵੇ।

**੫. ਨਖਿੱਧ ਕਰਮ :**

## ਕਰਮ ਪੰਚਮੋ; 'ਨਿਖਿਧ' ਪਛਾਨ।

ਪੰਚਮੋ = ਪੰਜਵਾਂ ਨਖਿੱਧ ਪਾਪ ਰੂਪ ਕਰਮ ਪਛਾਨ = ਜਾਣ ਲਉ, ਜਿਸ ਦੇ ਕਰਨ ਦੀ ਵੇਦ, ਸ਼ਾਸਤ੍ਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਧਰਮ ਵਿਚ ਆਗਿਆ ਨਹੀਂ, ਉਹ ਕੀ ਹੈ, ਅਗਲੀ ਤੁਕ ਵਿਚ ਦੱਸਦੇ ਹਨ ਕਿ :

## ਆਦਿਕ ਪਰ ਇਸਤ੍ਰੀ; ਰਤਿ ਠਾਨਿ ॥੨੩॥

ਪਰ = ਪਰਾਈ ਇਸਤ੍ਰੀ ਨਾਲ ਵਿਸ਼ੇ ਭੋਗ ਵਿਚ ਰਤਿ = ਪ੍ਰੀਤ ਠਾਨਿ = ਧਾਰਨ ਕਰਨੀ ਆਦਿਕ ਤੋਂ ਭਾਵ ਇਸ ਦੇ ਨਾਲ ਹੋਰ ਜਿਵੇਂ ਸ਼ਰਾਬ ਪੀਣੀ, ਜੀਵ ਅਹਿੰਸਾ, ਪਰਾਏ ਦਾ ਹੱਕ ਖਾਣਾ, ਇਹ ਸਾਰੇ ਨਖਿੱਧ ਕਰਮ ਹਨ ॥੨੩॥

## ਇਨ ਕੋ ਅੰਗੀਕਾਰ; ਨ ਕਰੈ।

ਇਹਨਾਂ ਪਾਪ ਰੂਪ ਕਰਮਾਂ ਨੂੰ ਕਦੇ ਵੀ ਅੰਗੀਕਾਰ = ਸਵੀਕਾਰ ਨ ਕਰੇ।

## ਜੌਂ ਨਰ; ਸ਼੍ਰੇਯ ਚਾਹ ਕੋ ਧਰੈ।

ਜੋ ਨਰ = ਪੁਰਸ਼ ਸ਼੍ਰੇਯ = ਮੁਕਤੀ ਦੀ ਚਾਹ = ਇੱਛਾ ਕੋ = ਨੂੰ ਧਰੈ = ਧਾਰਨ ਕਰਦਾ ਹੈ, ਭਾਵ ਮੁਕਤੀ ਦੀ ਇੱਛਾ ਵਾਲਾ ਹੈ ਕਿ ਮੈਂ ਮੁਕਤ ਹੋ ਜਾਵਾਂ, ਮੇਰੀ ਕਲਿਆਣ ਹੋ ਜਾਵੇ।

## ਭਗਤਿ ਜੋਗ ਕਰਿ; ਜਬਿ ਨਿਸ਼ਕਾਮ।

ਇਉਂ ਜਬਿ = ਜਦੋਂ ਭਗਤੀ ਨਾਲ ਜੋਗ = ਜੁੜ ਕਰਕੇ ਨਿਸ਼ਕਾਮ = ਕਾਮਨਾ ਰਹਿਤ ਹੋ ਜਾਵੇ :

## ਸ਼ੁਧ ਅੰਤਹਕਰਣ; ਹੁਇ ਅਭਿਰਾਮ ॥੨੪॥

ਫਿਰ ਨਿਸ਼ਕਾਮਤਾ ਦੇ ਕਰਮ ਕਰਦਾ ਹੋਇਆ ਆਪਣੇ ਅੰਤਹਕਰਣ ਨੂੰ ਰਾਗ, ਦ੍ਵੈਸ਼ ਤੋਂ ਸ਼ੁੱਧ ਕਰ ਲੈਂਦਾ ਹੈ, ਇਹ ਅਭਿਰਾਮ = ਸੁੰਦਰ ਸ਼ੁੱਧਤਾ ਪ੍ਰਾਪਤ ਹੋ ਜਾਂਦੀ ਹੈ ॥੨੪॥

ਹੁਣ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ:

## ਜਥਾ ਮਲੀਨ; ਬਸਤ੍ਰ ਬਹੁਕਾਰੇ।

ਜਥਾ = ਜਿਵੇਂ ਬਸਤ੍ਰ ਮਲੀਨ = ਮੈਲੇ ਹੋ ਕੇ ਬਹੁਕਾਰੇ = ਬਹੁਤ ਹੀ ਕਾਲੇ ਦਿੱਸਣ ਲੱਗ ਜਾਣ, ਫਿਰ ਉਹਨਾਂ ਨੂੰ:

## ਉੱਜਲ ਸਾਬਣ; ਸਾਥ ਪਖਾਰੇ।

ਪਾਣੀ ਤੇ ਸਾਬਣ ਦੀ ਸਹਾਇਤਾ ਸਾਥ = ਨਾਲ ਪਖਾਰੇ = ਧੋ ਲਵੇ, ਫਿਰ ਉਹ ਬਸਤਰ ਉੱਜਲ = ਨਿਰਮਲ ਭਾਵ ਮੈਲ ਰਹਿਤ ਹੋ ਜਾਂਦੇ ਹਨ, ਇਸੇ ਤਰ੍ਹਾਂ ਅੰਤਸ਼ਕਰਣ ਇਕ ਬਸਤਰ ਦੀ ਨਿਆਈਂ ਹੈ ਜਿਸ ਨੂੰ ਜਨਮਾਂ ਜਨਮਾਂਤ੍ਰਾਂ ਦੇ ਪਾਪਾਂ ਦੀ ਮੈਲ ਨੇ ਕਾਲਾ ਕਰ ਦਿੱਤਾ। ਜੈਸਾ ਕਿ:

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥**

*(ਸੋਰਠਿ ਵਾਰ ਮ: ੪, ਅੰਗ ੬੫੧)*

ਇਸ ਨੂੰ ਉੱਜਲ ਕਰਨ ਦਾ ਉਹੀ ਤਰੀਕਾ ਹੈ ਜੋ ਬਸਤਰ ਦੀ ਮੈਲ ਕੱਢਣ ਦਾ ਤਰੀਕਾ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਉਹ ਬਾਹਜ ਹੈ ਇਹ ਅੰਤਰੀਵ ਹੈ, ਮਨ ਰੂਪੀ ਬਸਤਰ ਨੂੰ ਰਾਗ, ਦ੍ਵੈਸ਼ ਤੇ ਪਾਪਾਂ ਦੀ ਮੈਲ ਤੋਂ ਰਹਿਤ ਕਰਨ ਲਈ ਪਹਿਲਾਂ ਪਰਮੇਸ਼ਰ ਦੇ ਪ੍ਰੇਮ ਰੂਪ ਜਲ ਵਿਚ ਭਿਉਂ ਲਵੇ, ਜਿਵੇਂ ਬਸਤਰ ਦਾ ਜਿਹੜਾ ਹਿੱਸਾ ਪਾਣੀ ਤੋਂ ਸੁੱਕਾ ਰਹਿ ਜਾਵੇ ਉਥੇ ਮੈਲ ਬਣੀ ਰਹਿੰਦੀ ਹੈ, ਉਥੇ ਸਾਬਣ ਕੰਮ ਨਹੀਂ ਕਰਦਾ, ਇਸੇ ਤਰ੍ਹਾਂ ਪਰਮਾਤਮਾ ਦੇ ਪ੍ਰੇਮ ਰੂਪੀ ਪਾਣੀ ਤੋਂ ਬਿਨਾਂ ਸੁੱਕਾ, ਨਿਸ਼ਰਧਕ ਮਨ ਨਾਮ ਰੂਪ ਸਾਬਣ ਨਾਲ ਮੈਲ ਨਹੀਂ ਲਾ ਸਕਦਾ, ਇਸ ਕਰਕੇ ਪਹਿਲਾਂ ਪਰਮਾਤਮਾ ਦੇ ਪ੍ਰੇਮ ਰੂਪੀ ਜਲ ਵਿਚ ਭਿਉਂ ਲੈਣਾ, ਫਿਰ ਨਾਮ ਰੂਪੀ ਸਾਬਣ ਲਾਉਣਾ, ਅਭਿਆਸ ਕਰਨ ਰੂਪ ਇਸ ਨੂੰ ਘਚੱਲੇ ਦੇਣੇ, ਪਰਮਾਤਮਾ ਦੀ ਭੈ ਰੂਪੀ ਥਾਪੀ ਨਾਲ ਮੈਲ ਕੱਢ ਕੇ ਜਪ, ਤਪ, ਰੂਪ ਧੁੱਪ ਵਿਚ ਸੁਕਾ ਲੈਣਾ, ਇਉਂ ਮਨ ਰੂਪੀ ਬਸਤਰ ਸ਼ੁੱਧ ਹੋ ਕੇ ਪਰਮਾਤਮਾ ਦੇ ਪ੍ਰਾਪਤੀ ਰੂਪ ਪਹਿਨਣ ਯੋਗ ਹੋ ਜਾਂਦਾ ਹੈ, ਸਿੱਧਾਂ ਨਾਲ ਉੱਤਰ-ਪ੍ਰਸ਼ਨ ਕਰਦਿਆਂ ਗੁਰੂ ਨਾਨਕ ਸਾਹਿਬ ਜੀ ਨੇ ਮਨ ਦੀ ਮੈਲ ਲਾਹੁਣ ਦਾ ਇਹ ਤਰੀਕਾ ਦੱਸਿਆ ਹੈ। ਜੈਸਾ ਕਿ:

**ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥**
**ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥**
**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥** *(ਜਪੁ ਜੀ, ਅੰਗ ੪)*

**ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥**

*(ਪ੍ਰਭਾਤੀ ਮ: ੧, ਅੰਗ ੧੩੨੯)*

**ਲਾਗੀ ਮੈਲੁ ਮਿਟੈ ਸਚ ਨਾਇ॥** *(ਆਸਾ ਮ: ੧, ਅੰਗ ੩੫੨)*

**ਜਿਉ ਸਾਬੁਨਿ ਕਾਪਰ ਊਜਲ ਹੋਤ॥**
**ਨਾਮ ਜਪਤ ਸਭੁ ਭ੍ਰਮੁ ਭਉ ਖੋਤ॥੫॥** *(ਰਾਮਕਲੀ ਮ: ੫, ਅੰਗ ੯੧੫)*

## ਇਮ ਉਪਾਇ ਤੇ; ਮਨ ਸ਼ੁਧਿ ਜਬੈ।

ਫਿਰ ਜਬੈ = ਜਦੋਂ ਇਮ = ਇਵੇਂ ਨਾਮ ਰੂਪੀ ਸਾਬਣ ਤੇ ਪ੍ਰੇਮ ਰੂਪੀ ਪਾਣੀ ਦੇ ਉਪਾਇ = ਯਤਨ ਨਾਲ ਮਨ ਸ਼ੁੱਧ = ਸਾਫ਼ ਸੁਥਰਾ ਭਾਵ ਰਾਗ ਦ੍ਵੈਸ਼ ਤੇ ਪਾਪਾਂ ਦੀ ਮੈਲ ਤੋਂ ਰਹਿਤ ਹੋ ਜਾਵੇ।

## ਈਸ਼ ਪ੍ਰਸੰਨ; ਹੋਤਿ ਹੈ ਤਬੈ ॥੨੫॥

ਤਬੈ = ਤਦੋਂ ਈਸ਼ = ਪਰਮਾਤਮਾ ਉਸ ਜਗਿਆਸੂ ਤੇ ਪ੍ਰਸੰਨ ਹੋਤਿ = ਹੋ ਜਾਂਦਾ ਹੈ ਭਾਵ ਜਦੋਂ ਪਰਮਾਤਮਾ ਪ੍ਰਸੰਨ ਹੋ ਜਾਂਦਾ ਹੈ ਤਾਂ ਮਨੁੱਖਾ ਸਰੀਰ ਧਾਰਨ ਕੀਤਾ ਹੋਇਆ ਸਫਲਾ ਹੋ ਜਾਂਦਾ ਹੈ॥੨੫॥

[**ਚਾਰ ਸਾਧਨ :**] ੧. ਵੈਰਾਗ, ੨. ਬਿਬੇਕ, ੩. ਖਟ ਸੰਪਤੀ, ੪. ਮੋਖ ਇੱਛਾ ਹੁਣ ਇਹਨਾਂ ਬਾਰੇ ਕਥਨ ਕਰਦੇ ਹਨ :

## ਚਾਰਹੁੰ ਸਾਧਨ; ਉਰ ਉਪਜਾਵੈ।

ਜਿਹੜਾ ਜਗਿਆਸੂ ਹੈ, ਉਹ ਇਹਨਾਂ ਚਾਰੇ ਸਾਧਨਾਂ ਨੂੰ ਉਰ = ਹਿਰਦੇ ਦੇ ਵਿਚ ਉਪਜਾਵੈ = ਪੈਦਾ ਕਰ ਲਵੇ, ਇਉਂ ਜਦੋਂ ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ ਪੈਦਾ ਹੋ ਜਾਣ।

## ਸੁਧਰੇ ਖੇਤ; ਅੰਨ ਜਿਮ ਪਾਵੈ।

ਜਿਮ = ਜਿਵੇਂ ਜ਼ਿਮੀਂਦਾਰ ਆਪਣੇ ਖੇਤ ਦੇ ਵਿਚ ਬੀਜ ਪਾਉਣ ਤੋਂ ਪਹਿਲਾਂ ਆਪਣੇ ਖੇਤ ਨੂੰ ਸੁਧਰੇ = ਸੁਧਾਰਦਾ ਹੈ ਭਾਵ ਹਲ ਵਾਹ ਕੇ ਖੇਤ ਨੂੰ ਅੰਨ ਵਿਰੋਧੀ ਘਾਹ ਆਦਿਕ ਨੂੰ ਖ਼ਤਮ ਕਰਕੇ ਫਿਰ ਸੁਧਰੇ ਹੋਏ ਖੇਤ ਵਿਚ ਬੀਜ ਪਾਉਂਦਾ ਹੈ। ਜੇ ਬਿਨਾਂ ਖੇਤ ਸੁਧਾਰੇ ਬੀਜ ਪਾ ਦੇਵੇ ਤਾਂ ਬੀਜ ਪ੍ਰਫੁੱਲਿਤ ਨਹੀਂ ਹੁੰਦਾ ਤੇ ਸੁਧਰੇ ਹੋਏ ਖੇਤ ਵਿਚ ਬੀਜਿਆ ਹੋਇਆ ਬੀਜ ਲਾਭ ਦੇਂਦਾ ਹੈ, ਇਸੇ ਤਰ੍ਹਾਂ ਅੰਤਸ਼ਕਰਣ ਰੂਪੀ ਖੇਤ ਵਿਚ ਮਨ ਨੂੰ ਹਾਲੀ ਬਣਾ ਕੇ ਸਤ, ਸੰਤੋਖ ਦੇ ਬਲਦ ਤੇ ਵਿਚਾਰ ਰੂਪੀ ਹਲ ਨੂੰ ਜੋੜ ਕੇ ਤੇ ਮਰਯਾਦਾ ਦੀ ਪੰਜਾਲੀ, ਯਤਨ ਕਰਨ ਰੂਪ ਹਲ ਚਲਾਉਣਾ, ਵਾਸ਼ਨਾ ਦਾ ਬਰੂ, ਦ੍ਵੈਸ਼ ਦਾ ਖਬਲ ਖ਼ਤਮ ਕਰ ਕੇ ਵਿਸ਼ਿਆਂ ਤੋਂ ਸ਼ਰਮ ਕਰਨ ਰੂਪ ਪਾਣੀ, ਸ਼ਰਧਾ ਰੂਪੀ ਗਿੱਲ ਵਿਚ ਨਾਮ ਰੂਪੀ ਬੀਜ ਬੀਜ ਕੇ ਸੰਤੋਖ ਦਾ ਸੁਹਾਗਾ ਦੇਣਾ ਤਾਂ ਕਿ ਮਨ ਦੀਆਂ ਬਿਰਤੀਆਂ ਰੂਪ ਚਿੜੀਆਂ ਨਾਮ ਰੂਪੀ ਬੀਜ ਨੂੰ ਚੁਗ ਨਾ ਲੈਣ, ਨਿੰਮ੍ਰਤਾ ਧਾਰਨ ਕਰਨ ਰੂਪ ਖੇਤ ਦਾ ਰਾਖਾ ਰੱਖਣਾ ਤੇ ਫਿਰ ਪਰਮਾਤਮਾ ਦੀ ਪ੍ਰਾਪਤੀ ਤੇ ਮੁਕਤ ਹੋਣ ਰੂਪ ਬੋਹਲ ਲੱਗ ਜਾਂਦੇ ਹਨ, ਜਨਮਾਂ-ਜਨਮਾਂਤ੍ਰਾਂ ਦੀ ਅਵਿੱਦਿਆ ਰੂਪ ਗ਼ਰੀਬੀ ਚੱਕੀ ਜਾਂਦੀ ਹੈ। ਜੈਸਾ ਕਿ :

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥**
**ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥** *(ਸੋਰਠਿ ਮ: ੧, ਅੰਗ ੫੯੬)*

**੧. ਵੈਰਾਗ :**

ਹੁਣ ਪਹਿਲਾਂ ਵੈਰਾਗ ਦਾ ਸਰੂਪ ਕਥਨ ਕਰਦੇ ਹਨ :

## ਇਕ 'ਬੈਰਾਗ' ਫੁਰੈ; ਮਨ ਐਸੇ।

ਇਕ ਵੈਰਾਗ ਮਨ ਵਿਚ ਇਸ ਤਰ੍ਹਾਂ ਫੁਰੈ = ਸਫੁਰਨ ਹੋਵੇ, ਭਾਵ ਮਨ ਦੇ ਐਸੇ ਖ਼ਿਆਲ ਪੈਦਾ ਹੋ ਜਾਣ ਕਿ :

## ਵਿਸ਼ਟਾ ਕਾਗ; ਸੁਰਗ ਸੁਖ ਤੈਸੇ ॥੨੬॥

(ਪਾਠਾਂਤ੍ਰ ਜੈਸੇ)

ਮਾਤ-ਲੋਕ ਦੇ ਸੁਖ ਤਾਂ ਇਕ ਪਾਸੇ ਰਹੇ, ਸਵਰਗ ਦੇ ਸੁਖ ਭਾਵ ਦਿਗ ਭੋਗ ਵੀ ਤੈਸੇ = ਤਿਹੋ ਜਿਹੇ ਲੱਗਣ ਜਿਵੇਂ ਕਾਗ = ਕਾਂ ਦੀ ਵਿਸ਼ਟਾ = ਗੰਦਗੀ ਹੁੰਦੀ ਹੈ, ਕਾਂ ਮਨੁੱਖ ਦਾ ਵਿਸ਼ਟਾ ਖਾ ਕੇ ਅੱਗੇ ਗੰਦਗੀ

ਕਰਦਾ ਹੈ, ਉਹ ਗੰਦਗੀ ਦੀ ਗੰਦਗੀ ਹੈ, ਉਸ ਦੀ ਗੰਦਗੀ ਨੂੰ ਕੋਈ ਦੇਖਣਾ ਵੀ ਨਹੀਂ ਕਰਦਾ, ਉਸ ਦੇ ਤੁਲ ਲੋਕ, ਪ੍ਰਲੋਕ ਦੇ ਸੁੱਖਾਂ ਨੂੰ ਦੁਖਦਾਈ ਜਾਣ ਕੇ ਛੱਡ ਦੇਵੇ॥੨੬॥

## ਲੋਕ ਪ੍ਰਲੋਕ ਵਿਸ਼ਯ; ਸੁਖ ਜੇਤੇ।

ਲੋਕ = ਮਾਤ-ਲੋਕ, ਪ੍ਰਲੋਕ = ਸਵਰਗ ਲੋਕ ਦੇ ਵਿਸ਼ੇ ਸੁਖ ਜੇਤੇ = ਜਿੰਨੇ ਵੀ ਹਨ, ਇਹਨਾਂ ਨੂੰ ਕਾਂ ਦੀ ਗੰਦਗੀ ਦੀ ਤਰ੍ਹਾਂ ਸਮਝ ਕੇ ਤਿਆਗ ਦੇਵੇ। ਦੂਜਾ ਦ੍ਰਿਸ਼ਟਾਂਤ ਦਿੰਦੇ ਹਨ ਕਿ:

## ਬਮਨ ਸਮਾਨ; ਨ ਭਾਵੈਂ ਤੇਤੇ।

ਜਿਵੇਂ ਮਨੁੱਖ ਦੀ ਬਮਨ = ਉਲਟੀ ਕੀਤੀ ਹੋਵੇ, ਉਹ ਕਿਸੇ ਨੂੰ ਵੀ ਭਾਵੈਂ = ਚੰਗੀ ਨਹੀਂ ਲੱਗਦੀ, ਹਰ ਇਕ ਦੇਖ ਕੇ ਗਿਲਾਨੀ ਕਰਦਾ ਹੈ, ਤੇਤੇ = ਤਿਵੇਂ ਹੀ ਲੋਕ-ਪ੍ਰਲੋਕ ਦੇ ਵਿਸ਼ੇ ਸੁਖ ਕਾਂ ਦੇ ਵਿਸ਼ਟਾ ਤੇ ਉਲਟੀ ਦੇ ਸਮਾਨ ਸਮਝ ਕੇ ਤਿਆਗ ਦੇਵੇ, ਇਸ ਨੂੰ ਵੈਰਾਗ ਕਹਿੰਦੇ ਹਨ।

੨. **ਬਿਬੇਕ**: ਹੁਣ ਬਿਬੇਕ ਸਾਧਨ ਦਾ ਕਥਨ ਕਰਦੇ ਹਨ:

## ਤੱਤ ਮਿਥਿਆ ਕੋ; ਫੁਰੈ ਬਿਚਾਰ।

ਤੱਤ = ਯਥਾਰਥ, ਮਿਥਿਆ = ਨਾਸ਼ਵਾਨ ਭਾਵ ਨਾਸ਼ਵਾਨ ਕੀ ਹੈ ਤੇ ਯਥਾਰਥ ਕੀ ਹੈ, ਇਸ ਤਰ੍ਹਾਂ ਦੀ ਵਿਚਾਰ ਫੁਰੈ = ਸਫੁਰਨ ਹੋਵੇ, ਉਸ ਨੂੰ:

## ਸਾਧਨ ਦੁਤਿਯ; ਬਿਬੇਕ ਉਚਾਰ॥੨੭॥

ਗਿਆਨ ਦਾ ਦੁਤਿਯ = ਦੂਸਰਾ ਸਾਧਨ ਬਿਬੇਕ ਉਚਾਰ = ਕਿਹਾ ਜਾਂਦਾ ਹੈ, ਭਾਵ ਉਚਾਰਿਆ ਜਾਂਦਾ ਹੈ। ਇਸੇ ਵਿਚਾਰ ਨੂੰ ਗੁਰਬਾਣੀ ਵਿਚ ਇਉਂ ਕਥਨ ਕੀਤਾ ਹੈ॥੨੭॥ ਜੈਸਾ ਕਿ:

**ਸਤਿ ਨਿਰਤਿ ਬੂਝੈ ਜੇ ਕੋਇ॥**
**ਨਾਮੁ ਜਪਤ ਤਾ ਕੀ ਗਤਿ ਹੋਇ॥** *(ਗਉੜੀ ਸੁਖਮਨੀ ਮ: ੫, ਅੰਗ ੨੮੫)*

ਇਸੇ ਨੂੰ ਵੇਦਾਂਤ ਦੇ ਗ੍ਰੰਥ ਵਿਚ ਇਉਂ ਲਿਖਿਆ ਹੈ। ਜੈਸਾ ਕਿ:

**ਵਾ:** **ਦੇਹ ਪ੍ਰਪੰਚ ਅਨਿੱਤ ਹੈ ਆਤਮ ਨਿੱਤ ਬਖਾਨ।**
**ਸਾਰ ਅਸਾਰੈ ਜਾਨਬੋ ਯਹ ਵਿਵੇਕ ਪਹਿਚਾਨ॥੧੫॥** *(ਅਧਯਾਤਮ ਪ੍ਰਕਾਸ)*

**ਵਾ:** **ਸਤਿ ਸੱਤਿ ਹੈ ਸਤਿ ਹੀ ਨਾਮ ਰੂਪ ਸਭ ਹਾਨ।**
**ਐਸੋ ਜੋ ਬੀਚਾਰ ਹੈ ਤਾਹਿ ਬਿਬੇਕ ਪਹਿਚਾਨ।** *(ਧਰਮ ਸ਼ਾਸਤਰ)*

ਹੁਣ ਇਸਨੂੰ ਹੋਰ ਖੋਲ੍ਹ ਰਹੇ ਹਨ:

## ਰੂਪ ਜਥਾਰਥ; ਆਤਮ ਜਾਨੇ।

ਹੁਣ ਤੱਤ ਅਰਥ ਖੋਲ੍ਹਦੇ ਹਨ ਕਿ ਜੋ ਆਤਮਾ ਦਾ ਜਥਾਰਥ ਰੂਪ ਹੈ ਭਾਵ ਜੋ ਸਹੀ ਰੂਪ ਹੈ, ਉਸ ਨੂੰ ਜਾਨੇ = ਜਾਨਣਾ।

## ਸਦਾ ਸੱਤ ਹੈ; ਤੱਤ ਪਛਾਨੈ।

ਜੋ ਆਤਮਾ ਹੈ, ਉਹ ਸੱਤ = ਤ੍ਰੈ ਕਾਲ ਅਬਾਧ ਰੂਪ ਹੈ, ਉਸੇ ਨੂੰ ਤੱਤ = ਜਥਾਰਥ ਰੂਪ ਪਛਾਨੈ = ਜਾਣ ਲੈਣਾ।

## ਸਾਚ ਝੂਠ ਹ੍ਵੈ; ਇਕ ਹੀ ਬਿਖੈ।

ਸੱਚ ਅਤੇ ਝੂਠ ਇਕ ਜਗ੍ਹਾ ਬਿਖੈ = ਵਿਚ ਹੀ ਹ੍ਵੈ = ਹੋ ਰਹੇ ਹਨ ਭਾਵ ਸੰਸਾਰ ਸੱਚ ਰੂਪ ਵੀ ਹੈ ਤੇ ਝੂਠ ਰੂਪ ਵੀ ਹੈ, ਜੋ ਪੰਜ ਅੰਸਾ ਦਾ ਬਣਿਆ ਹੋਇਆ ਜਿਸ ਵਿਚ ਤਿੰਨ ਅੰਸਾ ਬ੍ਰਹਮ ਦੀਆਂ ਤੇ ਦੋ ਮਾਇਆ ਦੀਆਂ, ਜਿਹੜੀਆਂ ਬ੍ਰਹਮ ਦੀਆਂ ਅੰਸਾ ਸਤ, ਚੇਤਨ ਆਨੰਦ ਇਹ ਸੱਚ ਰੂਪ ਹਨ ਤੇ ਮਾਇਆ ਦੀਆਂ ਨਾਮ ਤੇ ਰੂਪ ਇਹ ਦੋਵੇਂ ਅੰਸਾ ਝੂਠੀਆਂ ਹਨ। ਇਸੇ ਤਰ੍ਹਾਂ ਸਰੀਰਾਂ ਵਿਚ ਨਾਸ਼ਵਾਨ ਸਰੀਰ ਤੇ ਸੱਚ ਰੂਪ ਆਤਮਾ ਇਕ ਹੀ ਜਗ੍ਹਾ ਵਿਖੇ ਰਹਿ ਰਹੀਆਂ ਹਨ।

## ਮਿਥਿਆ ਨਾਮ; ਇਸੀ ਕੋ ਲਖੈ ॥੨੮॥

ਇਸ ਕੋ = ਦਾ ਨਾਮ ਵਿਦਵਾਨ ਲੋਕ ਮਿਥਿਆ ਲਖੈ = ਜਾਣਦੇ ਹਨ ਕਿਉਂਕਿ ਸੰਸਾਰ ਸੱਚ ਰੂਪ ਵੀ ਹੈ ਤੇ ਝੂਠ ਰੂਪ ਵੀ ਹੈ, ਮਰ ਕੇ ਜਾ ਰਹੇ ਹਨ ਤਾਂ ਝੂਠ ਦਿੱਸ ਰਿਹਾ ਹੈ ਤੇ ਜੰਮ ਕੇ ਆ ਰਹੇ ਹਨ ਤਾਂ ਸੱਚ ਦਿੱਸ ਰਹੇ ਹਨ, ਮਿਥਿਆ ਵਸਤੂ ਉਹ ਹੁੰਦੀ ਹੈ ਜੋ ਹੋਵੇ ਵੀ ਤੇ ਨਾਸ ਵੀ ਹੋ ਜਾਵੇ। ਇਸ ਤਰ੍ਹਾਂ ਦੇਹਾਂ ਅਤੇ ਸੰਸਾਰ ਹੈ ਵੀ ਅਤੇ ਗਿਆਨ ਹੋਣ ਤੋਂ ਨਵਿਰਤ ਹੋ ਜਾਂਦਾ ਹੈ, ਇਸਨੂੰ ਮਿਥਿਆ ਕਹਿੰਦੇ ਹਨ॥੨੮॥

## ਜਬਿ ਅਧਿਸ਼ਟਾਨ; ਸਾਚ ਕਰਿ ਜਾਨਾ।

ਜਬਿ = ਜਦੋਂ ਆਪਣਾ ਅਧਿਸ਼ਟਾਨ = ਆਸਰਾ ਰੂਪ ਬ੍ਰਹਮ ਆਤਮਾ ਨੂੰ ਸਾਚ = ਸੱਚ ਕਰ ਕੇ ਜਾਨਾ = ਜਾਣ ਲਿਆ ਕਿ ਉਹ ਸਤ, ਚੇਤਨ, ਆਨੰਦ ਸਰੂਪ ਹੈ।

## ਤਿਸ ਮਹਿਂ ਕਲਪਤਿ; ਝੂਠ ਪਛਾਨਾ।

ਤਿਸ = ਉਸ ਸਤ, ਚੇਤਨ, ਆਨੰਦ ਆਤਮਾ ਮਹਿ = ਵਿਚ ਸੰਸਾਰ ਨੂੰ **ਵਾ:** ਆਪਣੇ ਸਰੀਰ ਨੂੰ ਕਲਪਤਿ = ਪ੍ਰਤੀਤੀ ਮਾਤਰ ਤੇ ਝੂਠਾ ਪਛਾਨਾ = ਜਾਣ ਲਿਆ ਭਾਵ ਇਹ ਮੇਰੇ ਸਰੂਪ ਵਿਚ ਕਲਪਣਾ ਮਾਤਰ ਹੀ ਹੈ ਕਿਉਂਕਿ ਕਲਪਤ ਵਸਤੂ ਅਧਿਸ਼ਠਾਨ ਦੇ ਆਸਰੇ ਹੀ ਹੋਇਆ ਕਰਦੀ ਹੈ ਤੇ ਅਧਿਸ਼ਠਾਨ ਦੇ ਅਗਿਆਨ ਕਰਕੇ ਕਲਪਤ ਵਸਤੂ ਪ੍ਰਤੀਤ ਹੁੰਦੀ ਹੈ, ਅਧਿਸ਼ਠਾਨ ਦੇ ਗਿਆਨ ਕਰਕੇ ਮਿਥਿਆ ਪ੍ਰਤੀਤ ਹੁੰਦੀ ਹੈ ਭਾਵ ਕਲਪਤ ਵਸਤੂ ਦੀ ਨਵਿਰਤੀ ਅਧਿਸ਼ਠਾਨ ਦਾ ਗਿਆਨ ਹੀ ਹੈ। ਜੈਸਾ ਕਿ:

## ਰਜੁ ਮਹਿਂ ਸਰਪ; ਸੀਪ ਮਹਿਂ ਰੂਪਾ।

ਰਜੁ = ਰੱਸੀ ਦੇ ਮਹਿਂ = ਵਿਚ ਅਗਿਆਨ ਕਰਕੇ ਸਰਪ = ਸੱਪ ਪ੍ਰਤੀਤ ਹੋਣ ਲੱਗ ਜਾਂਦਾ ਹੈ ਤੇ ਸੀਪ = ਸਿੱਪੀ ਦੇ ਮਹਿਂ = ਵਿਚ ਰੂਪਾ = ਚਾਂਦੀ ਪ੍ਰਤੀਤ ਹੋਣ ਲੱਗ ਜਾਂਦੀ ਹੈ, ਰੱਸੀ ਵਿੱਚੋਂ ਦਿਖਣ ਵਾਲਾ ਸੱਪ, ਸਿੱਪੀ ਵਿੱਚੋਂ ਦਿਖਣ ਵਾਲੀ ਚਾਂਦੀ ਇਹ ਹੈ ਤਾਂ ਕਲਪਤ ਰੂਪ ਪਰ ਦਿੱਸ ਕਿਉਂ ਰਹੀ ਹੈ ਕਿਉਂਕਿ ਦੇਖਣ ਵਾਲੇ ਨੂੰ ਰੱਸੀ ਤੇ ਸਿੱਪੀ ਦਾ ਗਿਆਨ ਭੁੱਲਿਆ ਹੋਇਆ ਹੈ ਜਦੋਂ ਇਹਨਾਂ ਮਿਥਿਆ ਵਸਤੂਆਂ ਦਾ ਅਧਿਸਠਾਨ = ਆਸਰਾ ਰੱਸੀ ਅਤੇ ਸਿੱਪੀ ਦਾ ਗਿਆਨ ਹੋ ਗਿਆ ਤਾਂ ਸੱਪ ਅਤੇ ਚਾਂਦੀ ਜੋ ਦਿਸ ਰਹੇ ਸੀ,

ਉਹ ਮਿਥਿਆ ਸਾਬਤ ਹੋ ਗਏ, ਹੈ ਨਹੀਂ ਸੀ ਦਿੱਸ ਰਹੇ ਸੀ, ਇਸੇ ਤਰ੍ਹਾਂ ਆਤਮਾ ਦੇ ਗਿਆਨ ਤੋਂ ਜੋ ਅਧਿਸ਼ਠਾਨ ਰੂਪ ਹੈ ਇਸ ਤੋਂ ਮਿਥਿਆ ਦੇਹ ਅਤੇ ਸੰਸਾਰ ਨਵਿਰਤ ਹੋ ਜਾਂਦਾ ਹੈ। ਜਦੋਂ ਤੱਕ ਆਤਮਾ ਦਾ ਅਗਿਆਨ ਹੈ ਉਤਨਾ ਚਿਰ ਇਹ ਪ੍ਰਤੀਤ ਹੋ ਰਿਹਾ ਹੈ ਤੇ ਜਦੋਂ ਆਤਮਾ ਦਾ ਗਿਆਨ ਹੋ ਗਿਆ ਤਾਂ ਇਹ ਮਿਥਿਆ ਪ੍ਰਤੀਤੀ ਨਵਿਰਤ ਹੋ ਜਾਂਦੀ ਹੈ।

ਹੁਣ ਇਸੇ ਵਿਚਾਰ 'ਤੇ ਇਕ ਹੋਰ ਦ੍ਰਿਸ਼ਟਾਂਤ ਦਿੰਦੇ ਹਨ।

## ਭੂਖਨ ਹੇਮ; ਬਿਖੈ ਅਨਰੂਪਾ ॥੨੯॥

ਜਿਵੇਂ ਹੇਮ = ਸੋਨੇ ਦੇ ਵਿਚ ਭੂਖਨ = ਗਹਿਣਾ ਕਿਹਾ ਜਾਂਦਾ ਹੈ, ਪਰ ਹੁੰਦਾ ਉਹ ਸੋਨਾ ਹੀ ਹੈ। ਉਹ ਸੋਨੇ ਦਾ ਹੀ ਅਨ = ਹੋਰ ਰੂਪ ਕਲਪਿਆ ਜਾਂਦਾ ਹੈ, ਪਰ ਉਹ ਹੈ ਸਾਰਾ ਸੋਨਾ ਹੀ, ਸੋਨੇ ਦੇ ਅਨੇਕਾਂ ਗਹਿਣੇ ਅਨੇਕਾਂ ਨਾਵਾਂ ਨਾਲ ਕਹੇ ਜਾਂਦੇ ਕਿ ਕੜਾ, ਕੈਂਠਾ, ਬਾਲੀਆਂ, ਟਿੱਕਾ ਆਦਿ ਲੇਕਿਨ ਹੈ ਉਹ ਸੋਨਾ ਹੀ, ਪਰ ਕਹਿਣ ਵਿਚ ਗਹਿਣਾ ਕਿਹਾ ਜਾਂਦਾ ਹੈ। ਜਦੋਂ ਸੁਨਿਆਰਾ ਉਸ ਨੂੰ ਕੁਠਾਲੀ ਵਿਚ ਢਾਲ ਕੇ ਸਾਰੇ ਗਹਿਣਿਆਂ ਨੂੰ ਢਾਲ ਕੇ ਢੇਲਾ ਬਣਾ ਦਿੰਦਾ ਹੈ ਤਾਂ ਉਸ ਨੂੰ ਕੇਵਲ ਸੋਨਾ ਕਿਹਾ ਜਾਂਦਾ ਹੈ। ਗਹਿਣਿਆਂ ਦੇ ਅਨੰਤ ਨਾਮ ਸਮਾਪਤ ਹੋ ਜਾਂਦੇ ਹਨ, ਇਹ ਸੋਨੇ ਦੇ ਹੀ ਅਨ = ਹੋਰ ਰੂਪ ਕਲਪੇ ਗਏ ਹਨ। ਜੈਸਾ ਕਿ :

**ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥** *(ਧਨਾਸਰੀ ਮ: ੫, ਅੰਗ ੬੭੨)*

ਇਉਂ ਬ੍ਰਹਮ ਆਤਮ ਸੋਨੇ ਦੀ ਨਿਆਈਂ ਤੇ ਅਨੰਤ ਜੀਵ ਗਹਿਣਿਆਂ ਦੀ ਨਿਆਈਂ ਵੱਖਰੇ-ਵੱਖਰੇ ਨਾਮਾਂ ਵਾਲੇ ਕਹੇ ਜਾਂਦੇ ਹਨ ਜਦੋਂ ਗੁਰੂ ਰੂਪ ਸੁਨਿਆਰ ਸਤਿਸੰਗਤ ਦੀ ਕੁਠਾਲੀ ਵਿਚ ਪਾ ਕੇ ਗਿਆਨ ਰੂਪ ਅਗਨੀ ਦੇ ਨਾਲ ਸਭ ਸੰਸਾਰ ਨੂੰ ਸੋਨੇ ਦੀ ਨਿਆਈਂ ਬ੍ਰਹਮ ਰੂਪ ਹੀ ਦਿਖਾ ਦਿੰਦਾ ਹੈ ॥੨੯॥ ਇਸੇ ਵਿਚਾਰ ਨੂੰ ਹੁਣ ਅੱਗੇ ਦੱਸਦੇ ਹਨ :

## ਤਿਮ ਆਤਮ; ਸਤਿ ਰੂਪ ਮਝਾਰਾ।

ਤਿਮ = ਤਿਵੇਂ ਬ੍ਰਹਮ ਆਤਮਾ ਜੋ ਸਤ ਸਰੂਪ ਹੈ, ਉਸ ਦੇ ਮਝਾਰਾ = ਵਿਚ।

## ਦੇਹਾਦਿਕ; ਪਰਪੰਚ ਪਸਾਰਾ।

ਦੇਹ ਆਦਿਕਾਂ ਤੋਂ ਜਿੰਨਾ ਸੰਸਾਰ ਦਾ ਪਸਾਰਾ ਪਸਰਿਆ ਹੋਇਆ ਹੈ, ਇਹ ਸਭ ਪਰਪੰਚ = ਦਿਖਾਵਾ ਰੂਪ ਹੀ ਹੈ।

## ਇਮ ਤਤ ਮਿਥਿਆ; ਕਰਨ ਵਿਚਾਰ।

ਇਮ = ਇਸ ਤਰ੍ਹਾਂ ਆਤਮਾ ਤਤ = ਸੱਤ ਰੂਪ ਹੈ ਤੇ ਦੇਹ ਮਿਥਿਆ = ਨਾਸ਼ ਰੂਪ ਹੈ, ਭਾਵ ਜੋ ਯਥਾਰਥ ਗਿਆਨ ਹੈ ਜਿਸ ਦੇ ਵਿਚ ਆਤਮਾ ਨੂੰ ਸੱਤ ਤੇ ਦੇਹ ਆਦਿਕ ਨੂੰ ਮਿਥਿਆ ਦਾ ਵਿਚਾਰ ਕਰਨਾ ਹੈ।

## ਸਾਧਨ ਦੁਤਿਯ; 'ਬਿਬੇਕ' ਬਿਚਾਰ ॥੩੦॥

ਇਹ ਦੁਤਿਯ = ਦੂਸਰਾ ਗਿਆਨ ਦਾ ਸਾਧਨ ਬਿਬੇਕ ਵਿਚਾਰਿਆ ਜਾਂਦਾ ਹੈ, ਭਾਵ ਇਸ ਨੂੰ ਬਿਬੇਕ ਕਹਿੰਦੇ ਹਨ ॥੩੦॥

**੩. ਖਟ ਸੰਪਤੀ** : ਹੁਣ ਤੀਸਰਾ ਖਟ ਸੰਪਤੀ ਦਾ ਸਾਧਨ ਸ਼ੁਰੂ ਕਰਦੇ ਹਨ :

(੧) **ਸਮ :**

## ਜਿਤਿਕ ਬਾਸਨਾ; ਮਨ ਮਹਿਂ ਜੋਇ।

ਜੋ ਜਿਤਿਕ = ਜਿੰਨੀਆਂ ਵੀ ਮਨ ਦੇ ਮਹਿ = ਵਿਚ ਵਾਸ਼ਨਾ ਹਨ।

## ਤ੍ਯਾਗਣ ਤਿਨਹੁ; ਨਾਮ 'ਸਮ' ਹੋਇ।

ਤਿਨਹੁ = ਇਹਨਾਂ ਸਾਰੀਆਂ ਵਾਸ਼ਨਾ ਦਾ ਜੋ ਤਿਆਗਣਾ ਹੈ, ਇਸ ਦਾ ਨਾਮ ਸਮ ਹੈ।

(੨) **ਦਮ :**

## ਬਿਸ਼ਿਯਨਿ ਸਭਿ ਤੇ; ਰੁਕੈ ਰਿਖੀਕ।

ਜਿਹੜੇ ਸਭਿ = ਸਾਰੇ ਬਿਸ਼ਿਯਨਿ = ਵਿਸ਼ਿਆਂ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਤੇ = ਤੋਂ ਰਿਖੀਕ = ਇੰਦ੍ਰੀਆਂ ਦਾ ਰੁਕੈ = ਰੋਕ ਕੇ ਰੱਖਣਾ ਹੈ।

## ਇਹ 'ਦਮ' ਨਾਮ; ਕਹੈਂ ਮਤਿ ਨੀਕ ॥੩੧॥

ਨੀਕ = ਚੰਗੀ ਮੱਤ ਵਾਲੇ ਇਸ ਦਾ ਨਾਮ ਦਮ ਕਹੈਂ = ਕਹਿੰਦੇ ਹਨ ॥੩੧॥

(੩) **ਉਪਰਾਮਤਾ :**

## ਪ੍ਰਾਪਤਿ ਭਏ; ਆਨਕਰਿ ਬਿਸੈ।

ਵਿਸ਼ੇ ਆਨਕਰਿ = ਆ ਕਰਕੇ ਪ੍ਰਾਪਤ ਹੋ ਗਏ ਹੋਣ, ਭਾਵ ਸਾਹਮਣੇ ਹੋ ਗਏ ਹੋਣ।

## ਫੁਰੈ ਨ ਤ੍ਰਿਸ਼ਨਾ; ਮਨ ਮਹਿਂ ਜਿਸੈ।

ਕਾਮ ਵਾਸ਼ਨਾ ਦੀ ਤ੍ਰਿਪਤੀ ਦਾ ਸਾਧਨ ਜੋ ਪਰਾਇਆ ਸਰੀਰ ਹੈ, ਉਹ ਇਕਾਂਤ ਦੇਸ਼ ਦੇ ਵਿੱਚ ਸਾਹਮਣੇ ਪ੍ਰਾਪਤ ਹੋਵੇ, ਉਹਨਾਂ ਨੂੰ ਦੇਖ ਕੇ ਜਿਸ ਦੇ ਮਨ ਵਿਚ ਭੋਗਣ ਦੀ ਤ੍ਰਿਸ਼ਨਾ = ਲਾਲਸਾ ਨਹੀਂ ਫੁਰੈ = ਫੁਰਦੀ, ਭਾਵ ਭੋਗਣਾ ਤਾਂ ਇਕ ਪਾਸੇ ਰਿਹਾ, ਭੋਗਣ ਦਾ ਫੁਰਨਾ ਵੀ ਨਾ ਉੱਠੇ, ਭਾਵ ਮਨ ਵਿਚ ਵਿਸ਼ੇ ਦੇ ਸੁਖ ਦਾ ਸੰਕਲਪ ਤੱਕ ਨਾ ਉੱਠੇ, ਬਲਕਿ :

## ਅੰਗੀਕਾਰ ਨ; ਕਰਿਬੇ ਭਾਵੈਂ।

ਉਹਨਾਂ ਨੂੰ ਅੰਗੀਕਾਰ = ਗ੍ਰਹਿਣ ਕਰਨਾ ਨਾ ਭਾਵੈਂ = ਚੰਗਾ ਲੱਗੇ, ਭਾਵ ਨਫ਼ਰਤ ਹੋਵੇ।

## ਨਾਮ 'ਉਪਰਤਿ'; ਇਸੀ ਕੋ ਗਾਵੈਂ ॥੩੨॥

ਇਸ ਕੋ = ਦਾ ਨਾਮ ਵਿਦਵਾਨ ਸਤਪੁਰਸ਼ਾਂ ਨੇ ਉਪਰਤਿ = ਉਪਰਾਮਤਾ ਗਾਵੈਂ = ਕਥਨ ਕੀਤਾ ਹੈ ॥੩੨॥

(੪) **ਤਤਿੱਖ੍ਯਾ :**

## ਸੀਤ ਉਸ਼ਨ; ਆਦਿਕ ਦੁਖ ਸਾਰੇ।

ਸੀਤ = ਸਰਦੀ ਉਸ਼ਨ = ਗਰਮੀ ਆਦਿਕ ਤੋਂ ਭਾਵ ਹੋਰ ਸੁਖ ਦੁਖ, ਭੁੱਖ ਪਿਆਸ ਇਹਨਾਂ ਸਾਰਿਆਂ ਵਿਚ :

## ਸਹੈ 'ਤਤਿੱਖਯਾ'; ਨਾਮ ਉਚਾਰੇ।

ਬਿਰਤੀ ਦਾ ਸਮਾਨ ਰਹਿਣਾ ਤੇ ਸਹਿਣ ਸ਼ਕਤੀ ਇਤਨੀ ਪ੍ਰਬਲ ਹੋਣੀ ਕਿ ਇਹ ਮਨ ਨੂੰ ਦੁਖੀ ਨਾ ਕਰ ਸਕਣ ਤੇ ਇਹਨਾਂ ਵਿਚ ਬਿਰਤੀ ਇਕ-ਰਸ ਬਣੀ ਰਹੇ, ਐਸੀ ਸਹੈ = ਸਹਿਣ ਸ਼ਕਤੀ ਦਾ ਨਾਮ ਵਿਦਵਾਨਾਂ ਨੇ ਤਤਿੱਖਯਾ ਉਚਾਰੇ = ਉਚਾਰਨ ਕੀਤਾ ਹੈ।

(੫) **ਸਮਾਧਾਨ** :

## ਇਸ਼ਟ ਦੇਵ ਮਹਿਂ; ਰਿਦੈ ਲਗਾਇ।

ਆਪਣੇ ਇਸ਼ਟ = ਪੂਜਯ ਦੇਵ ਦੇ ਵਿਚ ਰਿਦੈ = ਹਿਰਦੇ ਨੂੰ ਐਸਾ ਇਕ ਥਾਂ ਲਗਾਇ = ਲਗਾਏ ਭਾਵ ਇਕ ਸ਼ਬਦ ਵਿਚ ਧਿਆਨ ਟਿਕਾ ਕੇ ਰੱਖੇ :

## 'ਸਮਾਧਾਨ' ਇਸ; ਨਾਮ ਕਹਾਇ ॥੩੩॥

ਇਸ ਦਾ ਨਾਮ ਸਮਾਧਾਨ ਕਹਾਇ = ਕਹੀਦਾ ਹੈ, ਸਮਾਧਾਨ ਦਾ ਭਾਵ ਸਾਵਧਾਨ ਵੀ ਹੈ, ਮਨ ਦੀ ਇਕਾਗਰਤਾ ਵਾਲੀ ਅਵਸਥਾ ॥੩੩॥ ਜੈਸਾ ਕਿ :

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥**
**ਸਾਵਧਾਨ ਏਕਾਗਰ ਚੀਤ ॥** *(ਗਉੜੀ ਸੁਖਮਨੀ ਮ: ੫, ਅੰਗ ੨੯੬)*

**ਅਥਵਾ** ਆਪਣੇ ਇਸ਼ਟ ਦੇਵ ਗੁਰੂ ਸਰੂਪ ਵਿਚ ਧਿਆਨ ਟਿਕਾਉਣਾ ਉਸ ਧਿਆਨ ਵਿਚ ਮਨ ਦਾ ਸੁਚੇਤ ਹੋ ਜਾਣਾ, ਇਹ ਸਮਾਧਾਨ ਹੈ। ਜੈਸਾ ਕਿ :

**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥**
**ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥** *(ਗੋਂਡ ਮ: ੫, ਅੰਗ ੮੬੪)*

(੬) **ਸ਼ਰਧਾ** :

## ਗੁਰੂ ਬਚਨ ਪਰ; ਸਾਚ ਪ੍ਰਤੀਤ।

ਆਪਣੇ ਗੁਰੂ ਦੇ ਬਚਨਾਂ ਪਰ = ਉੱਪਰ ਸਾਚ = ਸੱਚਾ ਪ੍ਰਤੀਤ = ਭਰੋਸਾ ਹੋਣਾ ਕਿ ਇਹ ਯਥਾਰਥ ਬਚਨ ਹਨ ਅਤੇ ਮੇਰੇ ਭਲੇ ਲਈ ਹਨ, ਇਸ ਵਿਚ ਕੁਝ ਵੀ ਮਿਥਿਆ ਨਹੀਂ ਹੈ। ਜੈਸਾ ਕਿ :

**ਬੋਲਹਿ ਸਾਚੁ ਮਿਥਿਆ ਨਹੀ ਰਾਈ ॥** *(ਗਉੜੀ ਮ: ੧, ਅੰਗ ੨੨੮)*

## 'ਸ਼ਰਧਾ' ਨਾਮ; ਕਹੈਂ ਸੁਧ ਚੀਤ।

ਇਸ ਦਾ ਨਾਮ ਸੁਧ ਚੀਤ = ਨਿਰਮਲ ਚਿੱਤ ਵਾਲੇ ਸ਼ਰਧਾ ਕਹੈ = ਕਹਿੰਦੇ ਹਨ, ਭਾਵ ਸ਼ਰਧਾ ਦਾ ਅਰਥ ਵਿਸ਼ਵਾਸ ਹੈ ਤੇ ਗੁਰਮਤਿ ਵਿੱਚ ਇਸੇ ਨੂੰ ਪ੍ਰਤੀਤ ਕਿਹਾ ਹੈ। ਜੈਸਾ ਕਿ :

**ਜਾ ਕੈ ਮਨਿ ਗੁਰ ਕੀ ਪਰਤੀਤਿ ॥**
**ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥** *(ਗਉੜੀ ਸੁਖਮਨੀ ਮ: ੫, ਅੰਗ ੨੮੩)*

## ਖਸ਼ਟ ਸੰਪਦਾ; ਭਨੀ ਸੁਨਾਇ।

ਖਸ਼ਟ = ਛੇ ਸਾਧਨਾਂ ਦੀ ਸੰਪਦਾ = ਸਮੱਗਰੀ ਭਨੀ = ਕਹਿ ਕੇ ਸੁਨਾਇ = ਸੁਣਾ ਦਿੱਤੀ ਹੈ।

## ਸਾਧਨ ਤ੍ਰਿਤੀ; ਰਿਦੇ ਹੁਇ ਆਇ ॥੩੪॥

ਗਿਆਨ ਦੇ ਚਾਰ ਸਾਧਨਾਂ ਵਿੱਚੋਂ ਇਹ ਤ੍ਰਿਤੀ = ਤੀਸਰਾ ਸਾਧਨ ਖਟ ਸੰਪਤੀ ਕਥਨ ਕੀਤਾ ਹੈ। ਜਦੋਂ ਇਹ ਤਿੰਨੇ ਵੈਰਾਗ, ਬਿਬੇਕ, ਖਟ ਸੰਪਤੀ ਰਿਦੇ = ਹਿਰਦੇ ਵਿਚ ਪ੍ਰਗਟ ਹੁਇ = ਹੋ ਆਇ = ਆਉਣ, ਤਦੋਂ ਇਹ ਚੌਥਾ ਪ੍ਰਾਪਤ ਕਰਨ ਲਈ ਸੁਚੇਤ ਹੋਵੇ ॥੩੪॥

**੪. ਮੋਖ ਇੱਛਾ :**

## ਛੁਧਿਤਿ ਤ੍ਰਿਖਤਿ ਕੋ; ਅੰਨ ਰੁ ਪਾਨੀ।

ਜਿਵੇਂ ਕਿਸੇ ਛੁਧਿਤਿ = ਭੁੱਖੇ ਤੇ ਤ੍ਰਿਖਤਿ = ਪਿਆਸੇ ਕੋ = ਨੂੰ ਅੰਨ ਰੁ = ਅਤੇ ਪਾਨੀ ਭਾਵ ਪਿਆਸੇ ਨੂੰ ਪਾਣੀ ਤੇ ਭੁੱਖੇ ਨੂੰ ਅੰਨ ਇਹ ਦੋ ਪਦਾਰਥਾਂ ਦੀ ਇਤਨੀ ਇੱਛਾ ਹੁੰਦੀ ਹੈ ਕਿ :

## ਇਨ ਬਿਨ ਨਹਿਂ; ਭਾਵੈ ਕੁਛ ਪ੍ਰਾਨੀ।

ਭੁੱਖੇ ਤੇ ਪਿਆਸੇ ਪ੍ਰਾਣੀ ਨੂੰ ਇਨ ਬਿਨ = ਅੰਨ ਤੇ ਪਾਣੀ ਤੋਂ ਬਿਨਾਂ ਹੋਰ ਕੋਈ ਪਦਾਰਥ ਭਾਵੈ = ਚੰਗਾ ਨਹੀਂ ਲੱਗਦਾ ਭਾਵ ਅਤਿਅੰਤ ਪਿਆਸ ਲੱਗੀ ਹੋਵੇ ਉਸ ਨੂੰ ਕੋਈ ਕਹੇ ਬਸਤਰ ਲੈ ਲੈ ਤਾਂ ਉਹ ਕਹੇਗਾ ਮੈਂ ਬਸਤਰ ਕੀ ਕਰਨਾ ਹੈ, ਇਸ ਨਾਲ ਕਿਹੜਾ ਪਿਆਸ ਬੁਝ ਜਾਣੀ ਹੈ, ਮੈਨੂੰ ਤਾਂ ਪਾਣੀ ਚਾਹੀਦਾ ਹੈ ਅਤੇ ਜੇ ਕੋਈ ਭੁੱਖੇ ਨੂੰ ਕਹੇ ਵੀ ਤੂੰ ਸੋਨਾ ਚਾਂਦੀ ਲੈ ਲੈ ਤਾਂ ਉਹ ਕਹੇਗਾ ਇਸ ਨਾਲ ਭੁੱਖ ਥੋੜ੍ਹੀ ਮਿਟਦੀ ਹੈ, ਮੈਨੂੰ ਭੁੱਖ ਦੀ ਤ੍ਰਿਪਤੀ ਲਈ ਅੰਨ ਚਾਹੀਦਾ ਹੈ। ਜੈਸਾ ਕਿ :

**ਜੈਸੀ ਭੂਖੇ ਪ੍ਰੀਤਿ ਅਨਾਜ ॥**
**ਤ੍ਰਿਖਾਵੰਤ ਜਲ ਸੇਤੀ ਕਾਜ ॥** *(ਭੈਰਉ ਭਗਤ ਨਾਮਦੇਵ ਜੀ, ਅੰਗ ੧੧੬੪)*

ਜਿਵੇਂ ਭੁੱਖੇ ਤੇ ਪਿਆਸੇ ਨੂੰ ਅੰਨ ਪਾਣੀ ਦੀ ਤੀਬਰਤਾ ਹੁੰਦੀ ਹੈ, ਹੋਰ ਕੁੱਝ ਵੀ ਚੰਗਾ ਨਹੀਂ ਲੱਗਦਾ।

## ਤਥਾ ਆਤਮਾ; ਪ੍ਰਾਪਤਿ ਕਾਂਖਾ।

ਤਥਾ = ਇਸੇ ਤਰ੍ਹਾਂ ਜੋ ਆਤਮਾ ਦੀ ਪ੍ਰਾਪਤੀ ਦੀ ਕਾਂਖਾ = ਇੱਛਾ ਪੈਦਾ ਹੋ ਜਾਵੇ, ਹੋਰ ਕਿਸੇ ਪਦਾਰਥ ਦੀ ਲੋੜ ਨਾ ਰਹੇ ਕੇਵਲ ਇਕ ਆਤਮਾ ਦੀ ਪ੍ਰਾਪਤੀ ਦੀ ਹੀ ਤੀਬਰ ਇੱਛਾ ਹੋਵੇ।

## ਨਾਮ ਮੁਮੁਖਤਾ; ਇਸ ਕੋ ਭਾਖਾ ॥੩੫॥

ਇਸ ਕੋ = ਦਾ ਨਾਮ ਮੁਮੁਖਤਾ = ਮੁਕਤੀ ਦੀ ਇੱਛਾ ਵਾਲਾ ਮਮੁਖਯੂ ਭਾਖਾ = ਕਿਹਾ ਜਾਂਦਾ ਹੈ ॥੩੫॥

## ਜਬਿ ਏ; ਚਾਰੋਂ ਸਾਧਨ ਪਾਏ।

ਜਬਿ = ਜਦੋਂ ਇਹਨਾਂ ਚਾਰੇ ਸਾਧਨਾਂ (ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ) ਨੂੰ ਪ੍ਰਾਪਤ ਕਰ ਲਵੇ, ਫਿਰ :

## ਸਤਿਗੁਰ ਸ਼ਰਣਿ; ਰਹਹਿ ਅਧਿਕਾਏ।

ਉਹ ਸਤਿਗੁਰੂ ਦੀ ਸ਼ਰਣ ਵਿਚ ਅਧਿਕਾਏ = ਅਧਿਕਤਾ, ਚਾਹੁਣ ਵਾਲਾ ਭਾਵ ਆਪਣੀ ਮੁਕਤੀ ਦੀ ਬਹੁਤੀ ਇੱਛਾ ਵਾਲਾ ਉਹ ਅਧਿਕਾਏ = ਬਹੁਤਾ ਗੁਰੂ ਦੀ ਸ਼ਰਨ ਵਿਚ ਰਹੇ।

ਗੁਰੂ ਕੈਸਾ ਹੋਵੇ, ਦੱਸਦੇ ਹਨ :

[**ਬ੍ਰਹਮ ਨੇਸ਼੍ਰੀ ਤੇ ਬ੍ਰਹਮ ਸ਼੍ਰੋਤ੍ਰੀ ਗੁਰੂ :**] ਜਿਸ ਨੇ ਵੇਦ ਸ਼ਾਸਤਰਾਂ ਦੁਆਰਾ ਬ੍ਰਹਮ ਨੂੰ ਸੁਣ ਕੇ ਗਿਆਨ ਪ੍ਰਾਪਤ ਕੀਤਾ ਹੈ ਭਾਵ ਵੇਦ ਸ਼ਾਸਤਰ ਪੜ੍ਹੇ ਹੋਏ ਹਨ ਤੇ ਬ੍ਰਹਮ ਦੀ ਜਾਣਕਾਰੀ ਪ੍ਰਾਪਤ ਕੀਤੀ ਹੈ, ਉਹ ਬ੍ਰਹਮ ਸਰੋਤ੍ਰੀ ਗੁਰੂ ਹੈ, ਜਿਸ ਨੇ ਕਮਾਈ ਕਰ ਕੇ ਅਪ੍ਰੋਖ ਗਿਆਨ ਦੁਆਰਾ ਬ੍ਰਹਮ ਨੂੰ ਸ਼ਾਖਸਾਤ ਕਰ ਲਿਆ ਅਤੇ ਉਸ ਵਿਚ ਨਿਸ਼ਚਾ ਕਰ ਲਿਆ ਹੈ, ਉਹ ਬ੍ਰਹਮ ਨੇਸ਼ਟੀ ਗੁਰੂ ਹੈ।

## ਸ਼੍ਰੋਤ੍ਰੀ ਬ੍ਰਹਮ; ਨਿਸ਼ਠੀ ਗੁਰ ਪੂਰਾ।

ਬ੍ਰਹਮ ਸ਼੍ਰੋਤ੍ਰੀ ਤੇ ਬ੍ਰਹਮ ਨੇਸ਼ਟੀ ਪੂਰਾ = ਪੂਰਨ ਗੁਰੂ ਕਿਹਾ ਜਾਂਦਾ ਹੈ।

## ਤਿਸ ਤੇ ਲਹੈ; ਪਰਮ ਪਦ ਸੂਰਾ ॥੩੬॥

ਤਿਸ = ਉਸ ਗੁਰੂ ਤੋਂ ਜਗਯਾਸੂ ਪਰਮ ਪਦ = ਵੱਡੀ ਪਦਵੀ ਭਾਵ ਆਤਮਾ ਦੀ ਲੱਖਤਾ ਵਾਲਾ ਰੁਤਬਾ ਪਾ ਕੇ ਪੰਜੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰ ਕੇ ਸੂਰਾ = ਸੂਰਮਤਾਈ ਦੀ ਪਦਵੀ ਪਾ ਲੈਂਦਾ ਹੈ, ਜਿਸ ਨੂੰ ਨਾਮ ਜਪ ਕੇ ਆਤਮਿਕ ਪਦਵੀ ਵਾਲਾ ਗੂੜ੍ਹਾ ਰੰਗ ਚੜ੍ਹ ਗਿਆ ਹੈ। ਗੁਰਬਾਣੀ ਵਿਚ ਉਸ ਨੂੰ ਸੂਰਮਾ ਕਿਹਾ ਹੈ ॥੩੬॥ ਜੈਸਾ ਕਿ :

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**
**ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥**

*(ਧਨਾਸਰੀ ਮ: ੫, ਅੰਗ ੬੭੦)*

ਹੁਣ ਅੱਗੇ ਦੱਸਦੇ ਹਨ ਕਿ :

## ਕੇਵਲ ਸ਼੍ਰੋਤ੍ਰੀ; ਤੇ ਕੱਲ੍ਯਾਨ।

ਜਿਹੜਾ ਕੇਵਲ ਬ੍ਰਹਮ ਸ਼੍ਰੋਤ੍ਰੀ ਗੁਰੂ ਹੈ ਭਾਵ ਜਿਸ ਨੇ ਬ੍ਰਹਮ ਸੰਬੰਧੀ ਸੱਤ ਸ਼ਾਸਤ੍ਰ ਪੜ੍ਹੇ ਅਤੇ ਸੁਣੇ ਹਨ ਕਿਉਂਕਿ ਸੁਣਨ ਸੁਣਾਉਣ ਵਿਚ ਹੈ, ਉਸ ਕੋਲੋਂ ਜਗਿਆਸੂ ਕੱਲਯਾਨ = ਮੁਕਤੀ ਨਹੀਂ ਪਾ ਸਕਦਾ।

## ਪਾਇ ਗ੍ਯਾਨ; ਨਹਿਂ ਹ੍ਵੈ ਦੁਖ ਹਾਨ।

ਉਸ ਕੋਲੋਂ ਜਗਿਆਸੂ ਪਰੋਖ ਗਿਆਨ ਤਾਂ ਪਾ ਸਕਦਾ ਹੈ, ਪਰ ਜਿਹੜਾ ਜੰਮਣ ਮਰਨ ਦਾ ਦੁਖ ਹੈ ਉਹ ਹਾਨ = ਨਾਸ਼ ਨਹੀਂ ਹੁੰਦਾ ਤੇ ਮੁਕਤੀ ਨਹੀਂ ਹੁੰਦੀ ਕਿਉਂਕਿ ਉਲ੍ਹੇ ਵਾਲੇ ਗਿਆਨ ਨਾਲ ਆਤਮਾ ਦੀ ਸਾਖਿਆਤਾਕਾਰ ਨਹੀਂ ਹੁੰਦੀ ਜਿਸ ਕਰਕੇ ਜਗਿਆਸੂ ਦੀ ਮੁਕਤੀ ਨਹੀਂ ਹੁੰਦੀ ਭਾਵ ਉਸ ਕੋਲੋਂ ਜਗਿਆਸੂ ਨੂੰ ਇਹ ਗਿਆਨ ਤਾਂ ਮਿਲ ਜਾਂਦਾ ਕਿ ਇਹ ਆਤਮਾ ਕੂਟਸਥ ਸਾਖੀ ਹੈ, ਇਹ ਪਰੋਖ ਗਿਆਨ ਤਾਂ ਪ੍ਰਾਪਤ ਹੋ ਜਾਂਦਾ ਹੈ। ਪਰ ਸ਼ਾਖਸਾਤ ਗਿਆਨ ਪ੍ਰਾਪਤ ਨਾ ਹੋਣ ਕਰਕੇ ਅਧੂਰਾ ਹੈ ਕਿਉਂਕਿ ਬ੍ਰਹਮ ਸ਼੍ਰੋਤ੍ਰੀ ਤਾਂ ਹੈ ਪਰ ਬ੍ਰਹਮ ਨੇਸ਼ਟੀ ਨਹੀਂ ਹੈ। ਹੁਣ ਅੱਗੇ ਦੱਸਦੇ ਹਨ ਕਿ :

## ਕੇਵਲ ਬ੍ਰਹਮ ਨਿਸ਼ਟ; ਥੇ ਨਾਂਹੀ।

ਜਿਹੜਾ ਕੇਵਲ ਬ੍ਰਹਮ ਨੇਸ਼ਟੀ ਗੁਰੂ ਹੈ ਭਾਵ ਜਿਸ ਨੇ ਅਭਿਆਸ ਕਮਾਈ ਕਰਕੇ ਬ੍ਰਹਮ ਵਿਚ ਨਿਸ਼ਚਾ ਪ੍ਰਾਪਤ ਕਰ ਲਿਆ ਹੈ ਅਤੇ ਬ੍ਰਹਮ ਦੀ ਸਾਖਿਆਤਾਕਾਰ ਹੋ ਗਈ ਹੈ, ਉਸ ਕੋਲ ਵੇਦ ਸ਼ਾਸਤ੍ਰ ਦੇ ਗਿਆਨ ਦੀ ਜੁਗਤ ਨਾ ਹੋਣ ਕਰਕੇ ਜਗਿਆਸੂ ਦੇ ਸ਼ੰਕੇ ਨਹੀਂ ਮੇਟ ਸਕਦਾ। ਆਪ ਤਾਂ ਮੁਕਤ ਹੈ ਪਰ ਜਗਿਆਸੂ ਨੂੰ ਮੁਕਤ ਨਹੀਂ ਕਰ ਸਕਦਾ, ਇਸ ਵਿਚ ਬ੍ਰਹਮ ਵਿੱਦਿਆ ਦੀ ਘਾਟ ਹੋਣ ਕਰਕੇ ਜਗਿਆਸੂ ਨੂੰ ਆਤਮਾ

ਦੀ ਸਾਖਿਆਤਾਕਾਰ ਨਹੀਂ ਕਰਾ ਸਕਦਾ ਭਾਵ ਅਲੱਗ-ਅਲੱਗ ਦੋ ਰੂਪਾਂ ਵਿਚ ਜਗਿਆਸੂ ਨੂੰ ਮੁਕਤੀ ਨਹੀਂ ਦੇ ਸਕਦੇ, ਜਗਿਆਸੂ ਨੂੰ ਮੁਕਤੀ ਦੇਣ ਲਈ ਦੋਨੇ ਪਦਵੀਆਂ ਇਕ ਵਿਚ ਹੋਣੀਆਂ ਚਾਹੀਦੀਆਂ ਹਨ ਭਾਵ ਬ੍ਰਹਮ ਸ਼੍ਰੋਤ੍ਰੀ ਵੀ ਹੋਵੇ ਤੇ ਬ੍ਰਹਮ ਨੇਸ਼ਟੀ ਵੀ ਹੋਵੇ।

## ਇਸ ਪਰ ਜੁਗਤਿ; ਸੁਨਹੁ ਸ਼੍ਰੁਤਿ ਮਾਂਹੀ ॥੩੭॥

ਇਸ ਪਰ = ਉੱਤੇ ਜੁਗਤੀ ਦਾ ਦ੍ਰਿਸ਼ਟਾਂਤ ਸ਼੍ਰੁਤਿ = ਕੰਨ ਦੇ ਵਿਚ ਸੁਨਹੁ = ਸੁਣ ਲਉ ॥੩੭॥

## ਬੇਦ ਸ਼ਾਸਤ੍ਰ; ਸਭਿ ਹੀ ਪਢਿ ਲਹਯੋ।

ਜੋ ਵੇਦਾਂ ਸ਼ਾਸਤਰਾਂ ਵਿਚ ਲਿਖਿਆ ਹੈ, ਉਹ ਸਾਰਾ ਕੁਝ ਪੜ੍ਹ ਲਿਆ ਹੋਵੇ।

## ਬ੍ਰਹਮ ਸਾਖ੍ਯਾਤਕਾਰ; ਨਹਿਂ ਭਯੋ।

ਪਰ ਬ੍ਰਹਮ ਦੀ ਸਾਖਿਆਤਾਕਾਰ ਨਹਿਂ = ਨਹੀਂ ਭਯੋ = ਹੋਈ, ਕੇਵਲ ਅੱਖਰਾਂ ਦੁਆਰਾ ਜਾਣਕਾਰੀ ਹੋ ਗਈ ਕਿ ਇਹ ਬ੍ਰਹਮ ਹੈ, ਇਹ ਜੀਵ ਹੈ।

## ਸੋ ਸ਼੍ਰੋਤ੍ਰੀ; ਸੰਸੇ ਕਰਿ ਦੂਰ।

ਸੋ = ਉਹ ਬ੍ਰਹਮ ਸ਼੍ਰੋਤ੍ਰੀ ਗੁਰੂ ਜਗਿਆਸੂ ਦੇ ਸੰਸੇ = ਸ਼ੰਕੇ ਤਾਂ ਦੂਰ ਕਰਾ ਸਕਦਾ ਹੈ, ਕਿਉਂਕਿ ਵੇਦ ਸ਼ਾਸਤ੍ਰ ਦੀ ਜੁਗਤ ਹੈ, ਪਰ :

## ਹੋਇ ਨ ਅਨੁਭਵ; ਆਤਮ ਪੂਰ ॥੩੮॥

ਉਸ ਗੁਰੂ ਤੋਂ ਜਗਿਆਸੂ ਨੂੰ ਆਤਮਾ ਦਾ ਅਨੁਭਵ = ਗਿਆਨ ਪੂਰ = ਪੂਰਾ ਪੂਰਾ ਨਹੀਂ ਹੁੰਦਾ, ਕਿਉਂਕਿ ਉਸ ਕੋਲ ਆਪ ਹੀ ਆਤਮਾ ਦਾ ਸਾਖਿਆਤਾਕਾਰ ਗਿਆਨ ਨਹੀਂ ਹੈ ॥੩੮॥

## ਸਰਿਤਾ ਪਾਰ; ਉਤਰਨੇ ਹਾਰ।

ਹੁਣ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਕੋਈ ਸਰਿਤਾ = ਨਦੀ ਤੋਂ ਪਾਰ = ਪਰਲੇ ਕਿਨਾਰੇ ਉਤਰਨੇ ਹਾਰ = ਲੰਘਣ ਵਾਲਾ ਪਾਰ ਲੰਘਣ ਦੀ ਇੱਛਾ ਨਾਲ ਮਲਾਹ ਕੋਲ ਆਇਆ, ਤੇ :

## ਆਇ ਪਿਖ੍ਯੋ; ਅੰਧਾ ਕਰਨਧਾਰ।

ਆ ਕੇ ਪਿਖ੍ਯੋ = ਦੇਖਿਆ ਕਿ ਜਿਹੜਾ ਨਦੀ ਤੋਂ ਪਾਰ ਕਰਨਧਾਰ = ਕਰਨ ਵਾਲਾ ਮਲਾਹ ਹੈ, ਉਹ ਤਾਂ ਅੰਧਾ = ਅੰਨ੍ਹਾ ਹੈ ਭਾਵ ਨੇਤਰਹੀਣ ਹੈ।

## ਪਾਰ ਕਰਾਰ; ਦ੍ਰਿਸ਼ਟਿ ਨਹਿਂ ਆਵੈ।

ਉਸ ਨੇ ਕਿਸੇ ਨੂੰ ਪਾਰ ਤਾਂ ਕੀ ਕਰਨਾ ਹੈ, ਉਸ ਨੂੰ ਤਾਂ ਪਰਲਾ ਕਰਾਰ = ਕਿਨਾਰਾ ਵੀ ਦ੍ਰਿਸ਼ਟਿ = ਦ੍ਰਿਸ਼ਟੀ ਨਹੀਂ ਆਵੈ = ਆ ਰਿਹਾ, ਇਸ ਲਈ :

## ਆਪ ਤਰੈ; ਨਹਿਂ ਅਪਰ ਤਰਾਵੈ ॥੩੯॥

(ਨਹਿਂ ਦੇਹਲੀ ਦੀਪਕ ਹੈ)

ਉਹ ਨਾ ਤਾਂ ਆਪ ਤਰੈ = ਤਰ ਸਕਦਾ ਤੇ ਨਾ ਹੀ ਕਿਸੇ ਹੋਰ ਨੂੰ ਨਦੀ ਤੋਂ ਤਰਾਵੈ = ਤਾਰ ਸਕਦਾ

ਹੈ ਭਾਵ ਬੇੜੀ ਚਲਾਉਣ ਦਾ ਅਧਿਕਾਰ ਅੰਨ੍ਹੇ ਮਲਾਹ ਕੋਲ ਨਹੀਂ ਹੁੰਦਾ, ਜੇ ਕੋਈ ਅੰਨ੍ਹੇ ਮਲਾਹ 'ਤੇ ਵਿਸ਼ਵਾਸ ਕਰਕੇ ਉਸ ਦੀ ਬੇੜੀ ਵਿਚ ਬੈਠ ਜਾਵੇ ਅਤੇ ਉਹ ਲਾਲਚ ਵਿਚ ਕਹੇ ਕਿ ਮੈਂ ਪਾਰ ਲੰਘਾ ਸਕਦਾ ਹਾਂ ਤਾਂ ਬੇੜੀ ਵਿਚ ਬੈਠਣ ਤੇ ਬੈਠਾਉਣ ਵਾਲਾ ਮਲਾਹ ਸਾਰੇ ਹੀ ਡੁੱਬ ਜਾਂਦੇ ਹਨ॥੩੯॥

ਹੁਣ ਦੂਸਰੇ ਮਲਾਹ ਦਾ ਦ੍ਰਿਸ਼ਟਾਂਤ ਦਿੰਦੇ ਹਨ:

## ਪਿੰਗ ਗੁੰਗ ਹੈ; ਕੇਵਟ ਦੂਜਾ।

ਜਿਵੇਂ ਦੂਜਾ = ਦੂਸਰਾ ਕੇਵਟ = ਮਲਾਹ ਪਿੰਗ = ਪੈਰਾਂ ਤੋਂ ਪਿੰਗੁਲਾ ਤੇ ਜ਼ੁਬਾਨ ਤੋਂ ਗੁੰਗਾ ਹੋਵੇ।

## ਸੋ ਭੀ ਮਿਲੇ; ਨ ਕਾਰਜ ਪੂਜਾ।

ਸੋ = ਇਹੋ ਜਿਹਾ ਮਲਾਹ ਭੀ ਮਿਲ ਜਾਵੇ ਤਾਂ ਵੀ ਪਾਰ ਲੰਘਣ ਵਾਲਾ ਕਾਰਜ = ਕੰਮ ਪੂਜਾ = ਪੂਰਾ ਨਹੀਂ ਹੋ ਸਕਦਾ ਕਿਉਂਕਿ ਇਸਦੇ ਪੈਰ ਨਹੀਂ ਹਨ ਤੇ ਗੁੰਗਾ ਹੈ। ਇਸ ਦਾ ਭਾਵ ਹੈ ਕਿ ਨਦੀ ਦੋ ਪਾਰ ਕਰਨ ਵਾਲੇ ਮਲਾਹ ਦੇ ਅੱਖਾਂ ਵੀ ਹੋਣ ਤੇ ਬੋਲ ਵੀ ਸਕਦਾ ਹੋਵੇ। ਅਤੇ ਪੈਰ ਵੀ ਹੋਣ, ਉਹ ਮਲਾਹ ਨਦੀ ਤੋਂ ਪਾਰ ਕਰਨ ਦੀ ਸਮਰੱਥਾ ਰੱਖਦਾ ਹੈ, ਇਹਨਾਂ ਦੋ ਪ੍ਰਕਾਰ ਦੇ ਮਲਾਹਾਂ ਦਾ ਅੰਤਰੀਵ ਭਾਵ ਸਮਝਣਾ:

## ਬ੍ਰਹਮ ਨਿਸ਼ਟ ਤੌਂ; ਕਿਮ ਹੁਇ ਗਯੋ।

ਇਸੇ ਤਰ੍ਹਾਂ ਗੂੰਗੇ ਤੇ ਅੰਨ੍ਹੇ ਮਲਾਹ ਦੀ ਨਿਆਈਂ ਬ੍ਰਹਮ ਨੇਸ਼ਟੀ ਗੁਰੂ ਹੈ ਜਿਸ ਨੇ ਕਿਸੇ ਪੂਰਨ ਗਿਆਨਵਾਨ ਮਹਾਂਪੁਰਸ਼ ਤੋਂ ਬ੍ਰਹਮ ਵਿਚ ਨਿਸ਼ਚਾ ਕਰਕੇ ਬ੍ਰਹਮ ਨੂੰ ਸ਼ਾਖਸਾਤ ਤਾਂ ਕਰ ਲਿਆ, ਪਰ:

## ਬੇਦ ਸ਼ਾਸਤ੍ਰ ਕੋ; ਲਖਤਿ ਨ ਭਯੋ ॥੪੦॥

ਵੇਦ ਸ਼ਾਸਤ੍ਰਾਂ ਕੋ = ਦਾ ਜੋ ਸਿਧਾਂਤ ਸੀ, ਉਸ ਨੂੰ ਲਖਤਿ = ਜਾਣਿਆ ਨਹੀਂ ਹੋਇਆ। ਇਸ ਕਰਕੇ ਇਹ ਗੂੰਗੇ ਮਲਾਹ ਦੀ ਨਿਆਈਂ ਹੈ ਕਿਉਂਕਿ ਉਹ ਜਗਿਆਸੂ ਦਾ ਸੰਸਾ ਦੂਰ ਨਹੀਂ ਕਰ ਸਕਦਾ, ਉਸ ਕੋਲ ਵੇਦ ਸ਼ਾਸਤਰਾਂ ਦੀ ਜੁਗਤ ਰੂਪ ਜ਼ੁਬਾਨ ਨਹੀਂ ਹੈ ਤੇ ਸੁਰਤੀ ਸਿੰਮ੍ਰਤੀ ਰੂਪ ਅੱਖਾਂ ਨਹੀਂ ਹਨ, ਇਸ ਕਰਕੇ ਗੂੰਗੇ ਤੇ ਅੰਨ੍ਹੇ ਮਲਾਹ ਦੀ ਨਿਆਂਈਂ ਹੈ॥੪੦॥

## ਸੋ ਭੀ ਦੇਯ; ਨ ਸਕਹੀ ਸ਼੍ਰੇਯ।

ਸੋ = ਉਹ ਬ੍ਰਹਮ ਨੇਸ਼ਟੀ ਗੁਰੂ ਭੀ ਜਗਿਆਸੂ ਨੂੰ ਸ਼੍ਰੇਯ = ਮੁਕਤੀ ਨਹੀਂ ਦੇ ਸਕਦਾ। ਕਿਉਂਕਿ:

## ਕਹਿਬੇ ਕੀ; ਸਮਰਥ ਨ ਜੇਯ।

ਉਸ ਦੇ ਵੇਦ ਸ਼ਾਸਤ੍ਰ ਨਾ ਪੜ੍ਹੇ ਹੋਣ ਕਰਕੇ, ਉਸ ਕੋਲ ਗੁੰਗੇ ਦੀ ਨਿਆਈਂ ਜੁਗਤ ਨਾਲ ਜਗਿਆਸੂ ਦੇ ਸ਼ੰਕੇ ਨਵਿਰਤ ਕਰਨ ਦੀ ਸਮਰਥਾ = ਤਾਕਤ ਨਹੀਂ ਹੈ, ਜੇ ਜਗਿਆਸੂ ਪੁੱਛੇ ਕਿ ਪਰਮੇਸ਼ਰ ਸੱਤ ਕਿਵੇਂ ਹੈ, ਚੇਤਨ ਕਿਵੇਂ ਹੈ, ਆਨੰਦ ਸਰੂਪ ਕਿਵੇਂ ਹੈ ਤਾਂ ਇਸ ਦਾ ਉਹ ਉੱਤਰ ਨਹੀਂ ਦੇ ਸਕਦਾ ਕਿਉਂਕਿ ਉਹ ਇਹ ਪੜ੍ਹਿਆ ਨਹੀਂ ਹੈ।

## ਆਪ ਤਰਨਿ ਕੋ; ਸਮਰਥ ਦੋਊ।

ਹੁਣ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਦੋਊ = ਦੋਨੇਂ ਭਾਵ ਬ੍ਰਹਮ ਸਰੋਤਰੀ, ਬ੍ਰਹਮ ਨੇਸ਼ਟੀ ਆਪ ਤਰਨ ਦੇ ਵਿਚ ਤਾਂ ਦੋਨੇਂ ਸਮਰਥ ਹਨ ਜਿਸ ਨੇ ਬ੍ਰਹਮ ਵਿਚ ਨਿਸ਼ਚਾ ਕਰ ਲਿਆ ਹੈ ਤੇ ਬ੍ਰਹਮ ਨੂੰ ਸੁਣਿਆ ਹੈ

ਜਿਵੇਂ ਪਿੰਗੁਲਾ ਤੇ ਗੁੰਗਾ ਮਲਾਹ ਆਪ ਤਾਂ ਬੇੜੀ ਵਿੱਚ ਬੈਠ ਕੇ ਤਰ ਸਕਦੇ ਹਨ, ਦੂਸਰੇ ਨੂੰ ਨਹੀਂ ਤਾਰ ਸਕਦੇ। ਇਸੇ ਤਰ੍ਹਾਂ ਬ੍ਰਹਮ ਸ਼੍ਰੋਤ੍ਰੀ ਤੇ ਬ੍ਰਹਮ ਨੇਸ਼ਟੀ ਦੋਵੇਂ ਹੀ ਆਪ ਤਾਂ ਸੰਸਾਰ ਰੂਪ ਨਦੀ ਤੋਂ ਪਾਰ ਹੋ ਸਕਦੇ ਹਨ, ਪਰ :

## ਅਪਰ ਤਰਾਇ ਸਕਹਿਂ; ਨਹਿਂ ਕੋਊ ॥੪੧॥

ਅਪਰ = ਹੋਰ ਕੋਊ = ਕਿਸੇ ਨੂੰ ਤਰਾਇ = ਤਾਰ ਭਾਵ ਪਾਰ ਨਹੀਂ ਕਰ ਸਕਦੇ, ਕਿਉਂਕਿ ਇਕੱਲਾ ਬ੍ਰਹਮ ਨੇਸ਼ਟੀ ਜਗਿਆਸੂ ਦੀ ਸ਼ੰਕਾ ਨਹੀਂ ਮੇਟ ਸਕਦਾ ਹੈ ਉਸ ਕੋਲ ਗੁੰਗੇ ਮਲਾਹ ਦੀ ਨਿਆਈਂ ਵੇਦਾਂ ਸ਼ਾਸਤਰਾਂ ਦੀ ਜੁਗਤ ਰੂਪ ਜ਼ੁਬਾਨ ਨਹੀਂ ਹੈ ਤੇ ਸੁਰਤੀ ਸਿੰਮ੍ਰਤੀ ਰੂਪ ਅੱਖਾਂ ਨਹੀਂ ਹਨ, ਬ੍ਰਹਮ ਨੇਸ਼ਟੀ ਆਪ ਤਰ ਸਕਦਾ ਹੈ। ਪਰ ਜਗਿਆਸੂ ਨੂੰ ਤਾਰ ਨਹੀਂ ਸਕਦਾ। ਦੂਸਰਾ ਜੋ ਬ੍ਰਹਮ ਸਰੋਤਰੀ ਹੈ ਉਹ ਪਿੰਗੁਲੇ ਮਲਾਹ ਦੀ ਨਿਆਈਂ ਹੈ ਜਿਸ ਨੇ ਵੇਦ ਸ਼ਾਸਤਰ ਸੁਣ ਕੇ ਬ੍ਰਹਮ ਆਤਮਾ ਦੇ ਲਈ ਜਾਣਕਾਰੀ ਤਾਂ ਪ੍ਰਾਪਤ ਕਰ ਲਈ ਹੈ। ਪਰ ਉਸ ਕੋਲ ਸਾਧਨਾ ਰੂਪ ਪੈਰ ਨਹੀਂ ਹਨ ਤੇ ਕਮਾਈ ਨਹੀਂ ਕੀਤੀ, ਇਸ ਕਰਕੇ ਉਹ ਆਪ ਤਾਂ ਤਰ ਸਕਦਾ ਹੈ ਪਰ ਜਗਿਆਸੂ ਨੂੰ ਨਹੀਂ ਤਾਰ ਸਕਦਾ ਕਿਉਂਕਿ ਉਸਦਾ ਉਪਦੇਸ਼ ਜਗਿਆਸੂ 'ਤੇ ਅਸਰ ਨਹੀਂ ਕਰਦਾ। ਜਿਸ ਕਰਕੇ ਦੋਨਾਂ ਤੋਂ ਕਲਿਆਣ ਨਹੀਂ ਹੁੰਦੀ, ਪਰ ਜਦੋਂ ਦੋਨੋਂ ਗੁਣ ਇਕ ਵਿਚ ਹੋਣ, ਭਾਵ ਉਹ ਬ੍ਰਹਮ ਸਰੋਤਰੀ ਵੀ ਹੋਵੇ ਤੇ ਬ੍ਰਹਮ ਨੇਸ਼ਟੀ ਵੀ ਹੋਵੇ, ਉਹ ਜਗਿਆਸੂ ਨੂੰ ਮੁਕਤੀ ਦੇ ਸਕਦਾ ਹੈ, ਐਸੇ ਗੁਰੂ ਬਾਰੇ ਗੁਰਬਾਣੀ ਵਿਚ ਐਸਾ ਕਥਨ ਹੈ॥੪੧॥ ਜੈਸਾ ਕਿ :

**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥**
**ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥** *(ਗਉੜੀ ਸੁਖਮਨੀ ਮ: ੫, ਅੰਗ ੨੯੫)*

## ਯਾਂ ਤੇ; ਸੁਨਹੁ ਖਾਲਸਾ ਸ਼੍ਰੋਨ !

ਭਾਈ ਦਇਆ ਸਿੰਘ ਜੀ ਦਾ ਉਚਾਰਨ ਕੀਤਾ ਹੋਇਆ ਭਾਈ ਸੰਤੋਖ ਸਿੰਘ ਜੀ ਕਾਵਿ-ਰਚਨਾ ਵਿੱਚ ਉਚਾਰਦੇ ਹਨ ਕਿ ਹੇ ਖ਼ਾਲਸਾ ਜੀ ! ਯਾਂ ਤੇ = ਇਸ ਲਈ ਸ਼੍ਰੋਨ = ਕੰਨ ਦੇ ਕੇ ਇਸ ਵਿਚਾਰ ਨੂੰ ਸੁਣਨਾ ਕਰੋ ਕਿਉਂਕਿ ਹੁਣ ਉਪਰੋਕਤ ਵਿਚਾਰ ਤੋਂ ਬਾਅਦ ਨਿਰੋਲ ਗੁਰਮਤਿ ਸਿਧਾਂਤ ਦੱਸਣ ਲੱਗੇ ਹਨ :

## ਹਮਰੇ ਗੁਰੂ; ਸਕਲ ਗੁਨ ਭੌਨ।

ਹਮਰੇ = ਸਾਡੇ ਗੁਰੂ ਤਾਂ ਸਕਲ = ਸਾਰਿਆਂ ਗੁਣਾਂ ਦੇ ਭੌਨ = ਘਰ ਹਨ, ਭਾਵ ਹੁਣ ਤਕ ਜਿੰਨੇ ਗੁਰੂ, ਪੀਰ, ਪੈਗ਼ੰਬਰ, ਅਵਤਾਰ, ਰਿਸ਼ੀ, ਮੁਨੀ, ਸੰਤ, ਭਗਤ ਇਹਨਾਂ ਸਾਰਿਆਂ ਤੋਂ ਵੱਡੇ ਗੁਰੂ ਸਾਹਿਬ ਜੀ ਹਨ। ਜੈਸਾ ਕਿ :

**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥** *(ਸੂਹੀ ਮ: ੫, ਅੰਗ ੭੫੦)*

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਤਕ ਇਹ ਪੂਰਨ ਗੁਰੂ ਹਨ।

## ਸ਼੍ਰੋਤ੍ਰੀ, ਬ੍ਰਹਮਨਿਸ਼ਟੀ, ਹਿਤਕਾਰੀ।

ਸਾਡੇ ਸਤਿਗੁਰੂ ਜੀ ਵਿਚ ਬ੍ਰਹਮ ਸਰੋਤਰੀ ਵਾਲੇ ਗੁਣ ਭੀ ਪੂਰੇ ਹਨ ਤੇ ਬ੍ਰਹਮ ਨੇਸ਼ਟੀ ਵਾਲੇ ਵੀ ਪੂਰੇ ਗੁਣ ਹਨ, ਪਰ ਉਨ੍ਹਾਂ ਗੁਰੂਆਂ ਨਾਲੋਂ ਜੋ ਸ਼ਾਸਤਰਾਂ ਵਿਚ ਕਥਨ ਕੀਤੇ ਹਨ, ਵਿਸ਼ੇਸ਼ਤਾ ਇਹ ਹੈ ਕਿ ਸਿੱਖ ਨਾਲ ਬਹੁਤ ਹਿਤਕਾਰੀ = ਪ੍ਰੇਮ ਕਰਨ ਵਾਲੇ ਹਨ, ਉਹ ਇਕੱਲਾ ਗਿਆਨ ਦੇਣ ਵਾਲੇ ਗੁਰੂ ਹਨ ਪਰ ਸਾਡੇ ਸਤਿਗੁਰੂ ਜੀ ਪ੍ਰੇਮਾ-ਭਗਤੀ ਸਹਿਤ ਗਿਆਨ ਦਿੰਦੇ ਹਨ ਅਤੇ :

## ਕਰਹਿੰ ਕ੍ਰਿਪਾ ਤੇ; ਸ਼੍ਰੇਯ ਹਮਾਰੀ ॥੪੨॥

ਸਾਡੇ ਸਤਿਗੁਰੂ ਜੀ ਕ੍ਰਿਪਾ ਦ੍ਰਿਸ਼ਟੀ ਕਰਕੇ ਹਮਾਰੀ = ਸਾਡੀ ਸ਼੍ਰੇਯ = ਕਲਿਆਣ ਕਰ ਦਿੰਦੇ ਹਨ ਭਾਵ ਬਾਕੀ ਦੇ ਗੁਰੂ ਤਾਂ ਗਿਆਨ ਦਿੰਦੇ ਹਨ ਜੇ ਸਿੱਖ ਚਾਰ ਸਾਧਨਾਂ (ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ) ਦੇ ਸਹਿਤ ਹੋਵੇ, ਪਰ ਸਾਡੇ ਸਤਿਗੁਰੂ ਜੀ ਤਾਂ ਸਾਧਨਾਂ ਤੋਂ ਬਿਨਾਂ ਹੀ ਕ੍ਰਿਪਾ ਦ੍ਰਿਸ਼ਟੀ ਕਰਕੇ ਇਹੋ ਜਿਹੇ ਵਿਅਕਤੀਆਂ ਨੂੰ ਵੀ ਮੁਕਤ ਕਰ ਦਿੰਦੇ ਹਨ ਕਿ ! ਚਾਰ ਸਾਧਨ ਤਾਂ ਇਕ ਪਾਸੇ ਰਹੇ ਜਿਨ੍ਹਾਂ ਨੂੰ ਲੋਕ ਨਿੰਦਕ ਸ਼ਬਦਾਂ ਨਾਲ ਯਾਦ ਕਰਦੇ ਸਨ ਜੈਸਾ ਕਿ ਭੂਮੀਆ ਚੋਰ, ਸੱਜਣ ਠੱਗ, ਕੌਡਾ ਰਾਖ਼ਸ਼ ਇਹਨਾਂ ਦੇ ਕੋਲ ਦੱਸੋ ਕਿਹੜੇ ਚਾਰ ਸਾਧਨ ਸਨ, ਪਰ ਇਹਨਾਂ ਦੇ ਉੱਤੇ ਸਾਡੇ ਪੂਰਨ ਸਤਿਗੁਰੂ ਨਾਨਕ ਸਾਹਿਬ ਜੀ ਦ੍ਰਿਸ਼ਟੀ ਪੈਣ 'ਤੇ ਪਾਪ ਨਵਿਰਤ ਹੋ ਕੇ ਮੁਕਤ ਹੋ ਗਏ॥੪੨॥ ਜੈਸਾ ਕਿ :

**ਪੂਰਾ ਗੁਰ ਅਖੵਓ ਜਾ ਕਾ ਮੰਤ੍ਰ ॥**
**ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥** *(ਗਉੜੀ ਸੁਖਮਨੀ ਮ: ੫, ਅੰਗ ੨੮੮)*

**ਵਾ:** **ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥** *(ਸਵਈਏ ਮਹਲੇ ਦੂਜੇ ਕੇ, ਅੰਗ ੧੩੯੨)*

## ਇਸ਼ਟਦੇਵ ਭੀ; ਇਹੀ ਹਮਾਰੇ ।

ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਕ ਹਮਾਰੇ = ਸਾਡੇ ਇਸ਼ਟਦੇਵ = ਪੂਜਣ ਯੋਗ ਦੇਵ ਭੀ ਇਹੀ ਹਨ। ਅਸੀਂ ਹੋਰ ਕਿਸੇ ਮੜ੍ਹੀਆਂ, ਮਸਾਣੀਆਂ, ਪੱਥਰ ਆਦਿ ਦੀ ਪੂਜਾ ਨਹੀਂ ਕਰਦੇ।

## ਸਤਿਗੁਰ ਰੂਪ; ਪ੍ਰਤਾਪੀ ਭਾਰੇ ।

ਸਾਡੇ ਸਤਿਗੁਰੂ ਜੀ ਭਾਰੇ = ਵੱਡੇ ਪ੍ਰਤਾਪੀ = ਪ੍ਰਭਾਵ ਵਾਲੇ ਭਾਵ ਤੇਜ ਪ੍ਰਤਾਪ ਸਰੂਪ ਵਾਲੇ ਹਨ, ਕਿਉਂਕਿ ਉਹ :

## ਅਹੈ ਜਗਤਪਤਿ ਕੇ; ਅਵਤਾਰ ।

ਜਗਤਪਤਿ = ਜਗਤ ਦੇ ਮਾਲਕ ਪਰਮੇਸ਼ਰ ਵਾਹਿਗੁਰੂ ਦੇ ਅਵਤਾਰ ਅਹੈ = ਹਨ, ਭਾਵ ਉਹ ਨਿਰਾਕਾਰ ਦਾ ਸਰਗੁਣ ਸਰੂਪ ਹਨ **ਵਾ:** ਨਿਰਾਕਾਰ ਦੇ ਵਿਚ ਪਾਰਬ੍ਰਹਮ ਪਰਮੇਸ਼ਰ ਤੇ ਸਾਕਾਰ ਦੇ ਵਿਚ ਗੁਰ ਪਰਮੇਸ਼ਰ ਹਨ।

## ਚਾਰ ਪਦਾਰਥ; ਦੇਤਿ ਉਦਾਰ ॥੪੩॥

ਇਸ ਕਰਕੇ ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ) ਦੇਣ ਲੱਗਿਆਂ ਦੇਰ ਨਹੀਂ ਲਾਉਂਦੇ, ਐਸੇ ਉਦਾਰ = ਦਾਨੀ ਹਨ॥੪੩॥

## ਇਨ ਕੀ ਸ਼ਰਨ; ਨ ਤਯਾਗਨ ਜੋਗ ।

ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਹੇ ਖ਼ਾਲਸਾ ਜੀ ! ਇਨ ਕੀ = ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਕ ਜੋ ਅਵਤਾਰ ਧਾਰੇ ਹਨ ਤੇ ਜੋ ਹੁਣ ਸ੍ਰੀ ਕਲਗ਼ੀਧਰ ਜੀ ਗੁਰੂ ਨਾਨਕ ਸਾਹਿਬ ਦੇ ਦਸਵੇਂ ਸਰੂਪ ਦਰਸ਼ਨ ਦੇ ਰਹੇ ਹਨ। ਇਹਨਾਂ ਦੇ ਚਰਨਾਂ ਦੀ ਸ਼ਰਨ ਤਿਆਗਣ ਜੋਗ ਨਹੀਂ ਹੈ।

## ਗ੍ਰਿਹਸਤ ਭੋਗ ਮਹਿਂ; ਦੇਤੇ ਜੋਗ।

ਸਾਡੇ ਸਤਿਗੁਰੂ ਜੀ ਆਪਣੇ ਗੁਰਸਿੱਖਾਂ ਨੂੰ ਗ੍ਰਿਹਸਤ ਵਿਚ ਰਹਿੰਦਿਆਂ ਭੋਗ = ਪਦਾਰਥ ਵੀ ਦਿੰਦੇ ਹਨ ਅਤੇ ਨਾਮ ਜਪਾ ਕੇ ਬ੍ਰਹਮ ਗਿਆਨ ਬਖ਼ਸ਼ ਕੇ ਬ੍ਰਹਮ ਆਤਮਾ ਦੇ ਨਾਲ ਜੋਗ = ਜੋੜ ਦਿੰਦੇ ਹਨ, ਭਾਵ ਬ੍ਰਹਮ ਦੀ ਸਾਖਿਆਤਾਕਾਰ ਕਰਾ ਕੇ ਵਾਹਿਗੁਰੂ ਦੇ ਵਿਚ ਅਭੇਦ ਕਰਨ ਰੂਪ ਜੋੜ ਦਿੰਦੇ ਹਨ।

## ਨਿਜ ਕਰੁਨਾ ਬਲ ਤੇ; ਕਲਿਆਨ।

ਤੇ ਨਿਜ = ਆਪਣੇ ਕਿਰਪਾ ਰੂਪੀ ਬਲ ਦੇ ਨਾਲ ਸਿੱਖਾਂ ਦੀ ਕਲਿਆਣ = ਮੁਕਤੀ ਕਰ ਦਿੰਦੇ ਹਨ ਅਤੇ :

## ਦੇਤਿ ਸਿੱਖ ਉਰ; ਬ੍ਰਹਮ ਗਿਆਨ ॥੪੪॥

ਸਿੱਖ ਦੇ ਉਰ = ਹਿਰਦੇ ਵਿਚ ਬ੍ਰਹਮ ਗਿਆਨ ਦੇਤਿ = ਦੇ ਦਿੰਦੇ ਹਨ ॥੪੪॥

## ਦਸ ਪਤਿਸ਼ਾਹ; ਇਸੀ ਬਿਧਿ ਭਏ।

ਦਸੇ ਪਤਿਸ਼ਾਹ = ਗੁਰੂ ਸਾਹਿਬਾਨ ਇਸੇ ਬਿਧਿ = ਜੁਗਤ ਅਨੁਸਾਰ ਪੂਰੇ ਗੁਰੂ ਭਏ = ਹੋਏ ਹਨ।

## ਕੋਟਨ ਸਿੱਖ; ਉਧਾਰਨਿ ਕਏ।

ਜਿਨ੍ਹਾਂ ਨੇ ਕੋਟਨ = ਕ੍ਰੋੜਾਂ ਸਿੱਖਾਂ ਦਾ ਉਧਾਰਨਿ = ਉਧਾਰ ਕਰ ਦਿੱਤਾ ਹੈ, ਭਾਵ ਜੰਮਣ ਮਰਣ ਤੋਂ ਰਹਿਤ ਕਰ ਦਿੱਤੇ ਹਨ।

## ਗੁਰੂ ਰੂਪ ਹ੍ਵੈ; ਹਰਿ ਅਵਤਾਰ।

ਸਾਡੇ ਦਸੇ ਗੁਰੂ ਸਾਹਿਬਾਨ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਕ ਹਰਿ = ਪਰਮੇਸ਼ਰ ਵਾਹਿਗੁਰੂ ਦਾ ਅਵਤਾਰ ਹਨ ਜਿਵੇਂ ਪੁਰਾਤਨ ਜਨਮਸਾਖੀ ਵਿਚ ਇਹ ਵਿਚਾਰ ਆਈ ਹੈ ਕਿ ਅਕਾਲ ਪੁਰਖ ਨੇ ਗੁਰੂ ਨਾਨਕ ਦੇਵ ਜੀ ਨੂੰ 'ਗੁਰ ਪਰਮੇਸ਼ਰ' ਆਖਿਆ ਤੇ ਸ਼ਾਸਤਰਕਾਰਾਂ ਤੇ ਆਮ ਬੋਲੀ ਵਿਚ ਗੁਰੂ ਪਦ ਦੀ ਵਰਤੋਂ 'ਉਸਤਾਦ' ਅਰਥਾਂ ਵਿਚ ਹੈ, ਇਹ ਫ਼ਰਕ ਸਾਡੇ ਵਿਦਵਾਨਾਂ ਤੇ ਗੁਰਸਿੱਖਾਂ ਨੂੰ ਭੁੱਲਣਾ ਨਹੀਂ ਚਾਹੀਦਾ ਤੇ ਗੁਰੂ ਪਦ ਆਮ ਸਾਧਾਰਨ ਉਸਤਾਦ ਦੇ ਬਰਾਬਰ ਨਹੀਂ ਸਮਝਣਾ ਚਾਹੀਦਾ ਕਿਉਂਕਿ ਉਹ ਆਮ ਸੰਸਾਰੀ ਹੁਨਰ ਸਿਖਾਉਣ ਵਾਲੇ ਉਸਤਾਦ ਤਾਂ ਹੋ ਸਕਦੇ ਹਨ, ਪਰ ਬ੍ਰਹਮ ਗਿਆਨ ਦੇਣ ਵਾਲੇ ਦਾਤੇ ਸਤਿਗੁਰੂ ਜੀ ਦੇ ਬਰਾਬਰ ਨਹੀਂ ਹੋ ਸਕਦੇ।

## ਤੁਮ ਕੋ ਪ੍ਰਾਪਤ; ਭਏ ਉਦਾਰ ॥੪੫॥

ਹੇ ਖ਼ਾਲਸਾ ਜੀ! ਤੁਮ ਕੋ = ਤੁਹਾਨੂੰ ਵਾਹਿਗੁਰੂ ਜੀ ਉਦਾਰ = ਉੱਤਮ ਗੁਰੂ ਸਰੂਪ ਵਿਚ ਪ੍ਰਾਪਤ ਹੋ ਗਏ ਹਨ **ਵਾ:** ਤੁਮ = ਤੁਹਾਡੇ ਭਾਗ ਉਦਾਰ = ਸ੍ਰੇਸ਼ਟ ਹਨ ਕਿ ਤੁਹਾਨੂੰ ਐਸੇ ਗੁਰੂ ਪ੍ਰਾਪਤ ਹੋਏ ਹਨ ॥੪੫॥

## ਭਲੇ ਭਾਗ; ਅਪਨੇ ਮਨ ਜਾਨੋਂ।

ਹੇ ਖ਼ਾਲਸਾ ਜੀ! ਤੁਸੀਂ ਆਪਣੇ ਮਨ ਵਿਚ ਭਲੇ = ਚੰਗੇ ਭਾਗ = ਕਰਮ ਜਾਣ ਲਉਂ, ਕਿਉਂਕਿ ਉੱਤਮ ਭਾਗਾਂ ਤੋਂ ਬਿਨਾਂ ਐਸੇ ਸਤਿਗੁਰਾਂ ਦਾ ਮਿਲਣਾ ਅਸੰਭਵ ਹੈ, ਜਿਹੋ ਜਿਹੇ ਆਪਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਰੂਪ ਵਿਚ ਮਿਲੇ ਹਨ। ਜੈਸਾ ਕਿ :

**ਜਿਨਾ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥**
**ਅਗਿਆਨ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥** *(ਆਸਾ ਮ: ੪, ਛੰਤ, ਅੰਗ ੪੫੦)*

## ਇਨ ਕੋ ਸੰਗ; ਸਦਾ ਤੁਮ ਠਾਨੋ।

ਇਨ ਕੋ = ਇਹਨਾਂ ਨੂੰ ਭਾਵ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਕ ਜਿੰਨੇ ਸਿੱਖ ਪਹਿਲੇ ਗੁਰੂਆਂ ਦੀ ਹਜ਼ੂਰੀ ਵਿਚ ਰਹੇ ਤੇ ਹੁਣ ਆਪਾਂ ਜਿੰਨੇ ਦਸਵੇਂ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਰਹਿ ਰਹੇ ਹਾਂ, ਇਹਨਾਂ ਦਾ ਸੰਗ = ਸਾਥ **ਵਾ:** ਸੰਗਤ ਸਦਾ = ਹਮੇਸ਼ਾ ਤੁਮ = ਤੁਸੀਂ ਆਪਣੇ ਹਿਰਦੇ ਦੇ ਵਿਚ ਠਾਨੋ = ਧਾਰਨ ਕਰ ਲਉ ਕਿ ਇਹ ਸਾਡੇ ਵੱਡੇ ਭਾਗਾਂ ਦੀ ਨਿਸ਼ਾਨੀ ਹੈ, ਇਹ ਨਿਸ਼ਚਾ ਹਿਰਦੇ ਵਿਚ ਦ੍ਰਿੜ ਕਰ ਲਉ।

## ਤਨ ਮਨ ਅਰਪਹੁ; ਬਨਿ ਕਰਿ ਦਾਸ।

ਐਸੇ ਸਤਿਗੁਰਾਂ ਦੇ ਦਾਸ = ਸੇਵਕ ਬਣ ਕਰ ਕੇ ਉਹਨਾਂ ਨੂੰ ਆਪਣੇ ਵੱਲੋਂ ਤਨ ਅਤੇ ਮਨ ਨੂੰ ਅਰਪਹੁ = ਅਰਪਣ ਰੂਪ ਭੇਟ ਚਾੜ੍ਹ ਦੇਵੋ। ਜੈਸਾ ਕਿ :

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**
*(ਰਾਮਕਲੀ ਅਨੰਦੁ ਮ: ੩, ਅੰਗ ੯੧੮)*

## ਜਗ ਸਾਗਰ ਉਬਰਹੁ; ਅਨਯਾਸ ॥੪੬॥

ਜਗ = ਸੰਸਾਰ ਜੋ ਸਾਗਰ = ਸਮੁੰਦਰ ਦੀ ਨਿਆਈਂ ਹੈ, ਇਸ ਨੂੰ ਅਨਯਾਸ = ਬਿਨਾਂ ਹੀ ਯਤਨ ਤੋਂ ਗੁਰੂ ਕਿਰਪਾ ਨਾਲ ਉਬਰਹੁ = ਬਚ ਜਾਈਦਾ ਹੈ ਭਾਵ ਪਾਰ ਲੰਘ ਜਾਈਦਾ ਹੈ। ਜਿਵੇਂ ਸਮੁੰਦਰ ਦੇ ਦੋ ਕਿਨਾਰੇ ਹੁੰਦੇ ਹਨ ਤੇ ਅਥਾਹ ਜਲ ਨਾਲ ਭਰਿਆ ਹੁੰਦਾ ਹੈ, ਉਸ ਵਿਚ ਵੱਡੀਆਂ ਲਹਿਰਾਂ ਉਠਦੀਆਂ ਹਨ। ਉਸ ਵਿਚ ਬੜਵਾ ਅਗਨੀ ਹੈ, ਉਸ ਵਿਚ ਘੁੰਮਣ ਘੇਰੀਆਂ ਅਤੇ ਮੱਛ, ਕੱਛ ਜਲ ਜੰਤੂ ਹਨ, ਇਹਨਾਂ ਨੂੰ ਪਾਰ ਲੰਘਣ ਲਈ ਜਿਵੇਂ ਜਹਾਜ਼ ਬਣਿਆ ਹੈ ਜਿਸ ਵਿਚ ਬੈਠਿਆਂ ਇਹਨਾਂ ਸਾਰੀਆਂ ਚੀਜ਼ਾਂ ਦਾ ਕੋਈ ਭੈ ਨਹੀਂ ਰਹਿੰਦਾ ਤੇ ਪਾਰ ਹੋ ਜਾਈਦਾ ਹੈ, ਇਸੇ ਤਰ੍ਹਾਂ ਸੰਸਾਰ-ਸਮੁੰਦਰ ਦੇ ਕਿਨਾਰਿਆਂ ਵਿਚ ਹੈ ਇਕ ਜੰਮਣ ਦਾ ਦੂਸਰਾ ਮਰਨ ਦਾ। ਇਸ ਦੇ ਵਿਚ ਪਦਾਰਥਾਂ ਰੂਪੀ ਜਲ ਭਰਿਆ ਹੋਇਆ ਹੈ, ਲੋਭ ਦੀਆਂ ਵੱਡੀਆਂ ਲਹਿਰਾਂ ਹਨ, ਤ੍ਰਿਸ਼ਨਾ ਦੀ ਬੜਵਾ ਅਗਨੀ ਹੈ, ਰਾਗ ਦ੍ਵੈਸ਼ ਦੀਆਂ ਛੋਟੀਆਂ ਲਹਿਰਾਂ ਹਨ ਤੇ ਭਰਮ ਦੀਆਂ ਘੁੰਮਣ ਘੇਰੀਆਂ ਹਨ ਕਾਮ, ਕ੍ਰੋਧ ਆਦਿਕ ਰੂਪ ਜਲ ਜੰਤੂ ਹਨ, ਇਸ ਤਰ੍ਹਾਂ ਇਹਨਾਂ ਨੂੰ ਪਾਰ ਲੰਘਣ ਵਾਸਤੇ ਸਤਿਗੁਰਾਂ ਨੇ ਨਾਮ ਗਿਆਨ ਦਾ ਜਹਾਜ਼ ਬਣਾਇਆ ਹੈ, ਅਸੱਤ, ਜੜ੍ਹ ਦੁਖ ਰੂਪ ਸੰਸਾਰ ਤੋਂ ਪਾਰ ਲੰਘਣ ਲਈ, ਸਤ, ਚੇਤਨ, ਆਨੰਦ ਦੀ ਪ੍ਰਾਪਤੀ ਕਰਾਉਣ ਲਈ ਭਾਵ ਪਾਰ ਲੰਘਾਉਣ ਲਈ ਮੂਲ ਮੰਤਰ, ਗੁਰ ਮੰਤਰ ਦਾ ਜਹਾਜ਼ ਦਿੱਤਾ ਹੈ, ਇਸ ਨੂੰ ਸਿਮਰ ਕੇ ਬ੍ਰਹਮ ਆਤਮ ਦਾ ਗਿਆਨ ਪ੍ਰਾਪਤ ਕਰਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ ॥੪੬॥ ਜੈਸਾ ਕਿ :

**ਵਾਹਿਗੁਰੂ ਨਾਮ ਜਹਾਜ਼ ਚੜ੍ਹੇ ਸੁ ਉਤਰੇ ਪਾਰ ॥**
**ਜੋ ਸ਼ਰਧਾ ਕਰ ਸੇਂਵਦੇ ਪਾਰ ਉਤਾਰਨ ਹਾਰ ॥**

## ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ; 'ਸੂਖਮ ਵਿਚਾਰ' ਪ੍ਰਸੰਗ ਬਰਨਨੰ ਨਾਮ ਪੈਂਤਾਲੀਸਮੋ ਅੰਸੂ ॥੪੫॥

ਸ੍ਰੀ ਗੁਰ ਪ੍ਰਤਾਪ ਸੂਰਜ ਨਾਮੇ ਗ੍ਰੰਥ ਦੀ ਪੰਜਵੀਂ ਰੁੱਤ ਜਿਸ ਵਿਚ ਵੇਦਾਂਤ ਭਾਵ ਗਿਆਨ ਦੀ ਸੂਖਮ ਵਿਚਾਰ ਬਰਨਨੰ = ਕਥਨ ਕੀਤੀ ਹੈ ਤੇ ਪੈਂਤਾਲੀਸਮੋ = ਪੰਤਾਲੀ ਨਾਮ ਵਾਲੇ ਅੰਸੂ = ਅਧਿਆਇ ਦੀ ਇਤਿ = ਸਮਾਪਤੀ ਹੋਈ ਹੈ ॥੪੫॥

# ਰੁਤਿ ੫, ਅੰਸੂ ੪੬

## [ਗੁਰਮਤਿ ਦੇ ਸਾਧਨਾਂ ਦਾ ਵਰਣਨ]

ਪਿਛਲੇ ਅਧਿਆਇ ਵਿਚ ਜੋ ਸਾਧਨ ਕਾਵਿ ਰਚਨਾ ਵਿਚ ਭਾਈ ਸੰਤੋਖ ਸਿੰਘ ਜੀ ਨੇ ਵਰਣਨ ਕੀਤੇ ਹਨ, ਜੋ ਭਾਈ ਦਇਆ ਸਿੰਘ ਜੀ ਦੇ ਮੁਖ ਦੁਆਰਾ ਗੂੜ੍ਹ ਗਿਆਨ ਦੇ ਬਚਨ ਕਹੇ ਸਨ ਜਿਸ ਵਿਚ ਕਈ ਸ਼ਾਸਤਰਾਂ ਨਾਲੋਂ ਵੱਖਰੇ ਤੇ ਕਈ ਸ਼ਾਸਤਰਾਂ ਨਾਲ ਮਿਲਦੇ ਵੀ ਸਨ, ਉਹ ਸਾਧਨ ਗੁਰਸਿੱਖਾਂ ਦੀ ਜਾਣਕਾਰੀ ਵਾਸਤੇ ਉਚਾਰੇ ਹਨ ਤੇ ਹੁਣ ਅੱਗੇ ਨਿਰੋਲ ਗੁਰਮਤਿ ਦੇ ਨਿਯਮ ਗੁਰਸਿੱਖਾਂ ਦੇ ਕਰਣ ਯੋਗ ਸਾਧਨ ਦਾ ਰੂਪ ਵਰਣਨ ਕਰਨ ਲੱਗੇ ਹਨ :

**[ਗੁਰੂ :]** (ਗੁ + ਰੂ) ਜੋ ਅਗਿਆਨਤਾ ਦੇ ਗੁ = ਅੰਧਕਾਰ ਵਿਚ ਰੂ = ਪ੍ਰਕਾਸ਼ ਕਰ ਦੇਵੇ, ਸੋ ਕਹੀਏ ਗੁਰੂ। ਭਾਈ ਸਾਹਿਬ ਜੀ ਨੇ ਪਿਛਲੇ ਅੰਸੂ ਵਿਚ ਭਾਈ ਸਾਹਿਬ ਜੀ ਵੱਲੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਕ, ਦਸੇ ਗੁਰੂ ਸਾਹਿਬਾਨਾਂ ਨੂੰ 'ਹਰਿ ਗੁਰ ਅਵਤਾਰ' ਕਰਕੇ ਗੁਰੂ ਰੂਪ ਵਿਚ ਵਰਣਨ ਕਰਦੇ ਆਏ ਹਨ ਤੇ ਹੁਣ ਇਸ ਅੰਸੂ ਵਿਚ ਵੀ ਉਹੋ ਹੀ ਪ੍ਰਕਰਣ ਜਾਰੀ ਹੈ ਅਤੇ ਪਿਛਲੇ ਅੰਸੂ ਵਿਚ ਵੇਦਾਂਤ ਮੱਤ ਅਨੁਸਾਰ ਬ੍ਰਹਮ ਸ਼੍ਰੋਤ੍ਰੀ, ਬ੍ਰਹਮ ਨੇਸ਼ਟੀ ਗੁਰੂ ਕਥਨ ਕਰਕੇ ਗੁਰਮਤਿ ਵਿਚ ਗੁਰੂ ਦੀ ਮਹਾਨਤਾ ਦੱਸੀ ਹੈ ਕਿ ਇਹਨਾਂ ਨਾਲੋਂ ਭਾਵ ਵੇਦਾਂਤ ਵਿਚ ਜੋ ਗੁਰੂ ਕਿਹਾ ਹੈ, ਦਸੇ ਗੁਰੂ ਸਾਹਿਬਾਨਾਂ ਨੇ ਸਿੱਖਾਂ ਨੂੰ ਚਾਰੇ ਸਾਧਨਾਂ ਤੋਂ ਬਿਨਾਂ ਵੀ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਸੱਜਣ ਠੱਗ, ਭੂਮੀਆ ਚੋਰ, ਕੌਡਾ ਰਾਖ਼ਸ਼ ਅਤੇ ਹੋਰ ਅਨੇਕਾਂ ਗੁਰਸਿੱਖਾਂ ਨੂੰ ਕੇਵਲ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਬ੍ਰਹਮ ਗਿਆਨ ਬਖ਼ਸ਼ ਦਿੱਤੇ ਹਨ ਤੇ ਗੁਰਮਤਿ ਵਿਚ ਗੁਰੂ ਦੀ ਮਹਾਨਤਾ ਨਿਰਾਲੀ ਦਿਖਾਈ ਹੈ। ਹੁਣ ਅੱਗੇ ਦੋਹਰੇ ਵਿਚ ਗੁਰੂ ਬਾਰੇ ਹੋਰ ਕਥਨ ਕਰਨਗੇ :

### ਦੋਹਰਾ॥ ਐਸੇ ਸਤਿਗੁਰ ਪਾਸ ਤੇ; ਲਹਤਿ ਜੀਵ ਕੱਲ੍ਯਾਨ।

ਭਾਈ ਦਇਆ ਸਿੰਘ ਕਹਿੰਦੇ ਹਨ ਕਿ ਐਸੇ = ਇਹੋ ਜਿਹੇ ਸਤਿਗੁਰ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪਾਸ ਤੇ = ਕੋਲੋਂ ਅਗਿਆਨੀ ਜੀਵ ਕੱਲ੍ਯਾਨ = ਮੁਕਤੀ ਲਹਤਿ = ਲੈ ਲੈਂਦਾ ਹੈ, ਭਾਵ ਪ੍ਰਾਪਤ ਕਰ ਲੈਂਦਾ ਹੈ।

### ਜਸ ਦੇਖਤਿ ਅਧਿਕਾਰਿ ਜਨ; ਤਸ ਉਪਦੇਸ਼ ਬਖਾਨ॥੧॥

ਜਸ = ਜਿਹੋ ਜਿਹਾ ਜਨ = ਸੇਵਕ, ਸਿੱਖ ਅਧਿਕਾਰੀ ਹੈ ਭਾਵ ਜਿਸ ਸਾਧਨ ਦੇ ਯੋਗ ਹੈ ਇਹ ਦੇਖਤਿ = ਦੇਖ ਕੇ ਤਸ = ਤਿਹੋ ਜਿਹਾ ਸਿੱਖ ਨੂੰ ਉਪਦੇਸ਼ ਬਖਾਨ = ਕਥਨ ਕਰਕੇ ਬਖ਼ਸ਼ ਦਿੰਦੇ ਹਨ॥੧॥ ਜੈਸਾ ਕਿ :

**ਨਾਰਾਇਨ ਨਰਪਤਿ ਨਮਸਕਾਰੈ॥**
**ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥੧॥ਰਹਾਉ॥**

*(ਕਾਨੜਾ ਮ: ੫, ਅੰਗ ੧੩੦੨)*

## ਚੌਪਈ॥ ਖਟਗੁਣ ਸਹਤਿ; ਗੁਰੂ ਭਗਵਾਨ।

ਖਟਗੁਣ = ਛੇ ਗੁਣਾਂ (ਲੱਛਮੀ, ਗਿਆਨ, ਵੈਰਾਗ, ਉਦਾਰ, ਜਸ, ਐਸ਼੍ਵਰਜ) ਦੇ ਸਹਿਤ ਭਗਵਾਨ = ਪਰਮੇਸ਼ਰ ਸਰੂਪ ਸਾਡੇ ਗੁਰੂ ਹਨ।

## ਜਥਾ ਬਿਸ਼ਨੁ ਕੋ; ਮਹਦ ਮਹਾਨ।

ਜਥਾ = ਜਿਸ ਪ੍ਰਕਾਰ ਭਗਵਾਨ ਬਿਸ਼ਨੁ = ਵਿਸ਼ਨੂੰ ਦੇ ਕੋਲ ਮਹਦ = ਵੱਡੇ ਮਹਾਨ ਗੁਣ ਹਨ, ਇਸੇ ਤਰ੍ਹਾਂ ਇਹ ਮਹਾਨ ਗੁਣ ਸਾਡੇ ਗੁਰੂ ਸਾਹਿਬ ਜੀ ਵਿਚ ਵੀ ਹਨ, ਵਿਸ਼ਨੂੰ ਜੀ ਵਿਚ ਇਹ ਗੁਣ ਮੰਨੇ ਹਨ। ਜੈਸਾ ਕਿ :

**ਧਰਮ, ਜਸ, ਵੈਰਾਗ ਪੁਨ ਐਸ਼੍ਵਰਜ ਸ੍ਰੇਯ ਵਿਗਿਆਨ।**
**ਇਹ ਖਟ ਭਗਾਂ ਸਪੰਨ ਜੋ ਕਹਿਤ ਤਾਂਹਿ ਭਗਵਾਨ।** *(ਧਰਮ ਸ਼ਾਸਤਰ)*

ਇਸੇ ਤਰ੍ਹਾਂ ਸਾਡੇ ਗੁਰੂ ਜੀ ਵਿਚ ਇਹ ਗੁਣ ਮੌਜੂਦ ਹਨ। ਜੈਸਾ ਕਿ :

**ਲੱਛਮੀ, ਗ੍ਯਾਨ, ਵਿਰਾਗ, ਉਦਾਰ।**
**ਜਸ, ਐਸ਼੍ਵਰਜ, ਗੁਣ ਖਸ਼ਟ ਉਚਾਰ।**

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੯, ਅੰਕ ੨੪)*

ਜਿਵੇਂ ੧. ਵਿਸ਼ਨੂੰ ਜੀ ਕੋਲ ਲੱਛਮੀ ਹੈ ਤੇ ਸਤਿਗੁਰੂ ਜੀ ਕੋਲ ਮਾਇਆ ਰੂਪ ਲੱਛਮੀ ਹੈ, ੨. ਵਿਸ਼ਨੂੰ ਕੋਲ ਗਿਆਨ ਹੈ ਤੇ ਸਤਿਗੁਰੂ ਜੀ ਕੋਲ ਵੀ ਬ੍ਰਹਮ ਗਿਆਨ ਭਰਪੂਰ ਹੈ, ੩. ਵਿਸ਼ਨੂੰ ਜੀ ਕੋਲ ਵੈਰਾਗ ਹੈ ਤੇ ਸਤਿਗੁਰੂ ਜੀ ਕੋਲ ਵੀ ਵੈਰਾਗ ਹੈ, ੪. ਵਿਸ਼ਨੂੰ ਜੀ ਦਾਨੀ ਹਨ ਤੇ ਸਤਿਗੁਰੂ ਜੀ ਸਭ ਤੋਂ ਵੱਡੇ ਦਾਨੀ ਹਨ। ੫. ਵਿਸ਼ਨੂੰ ਜੀ ਜਸ ਦੇ ਮਾਲਕ ਹਨ ਤੇ ਸਤਿਗੁਰੂ ਜੀ ਵੀ ਜਸ = ਵਡਿਆਈ ਦੇ ਮਾਲਕ ਹਨ, ੬. ਵਿਸ਼ਨੂੰ ਜੀ ਕੋਲ ਐਸ਼੍ਵਰਜ = ਧਨ ਪਦਾਰਥ ਹੈ ਤੇ ਸਤਿਗੁਰੂ ਜੀ ਕੋਲ ਵੀ ਐਸ਼੍ਵਰਜ = ਧਨ ਪਦਾਰਥ ਹੈ, ਉਪਰੋਕਤ ਦੋਹਰੇ ਵਿਚ ਜੋ ਵਿਸ਼ਨੂੰ ਜੀ ਦੇ ਛੇ ਗੁਣਾਂ ਦੇ ਵਿਚ ਧਰਮ, ਸ੍ਰੇਯ ਇਹ ਦੋ ਪਦ ਹੇਠਲੇ ਦੋਹਰੇ ਵਿਚ ਨਹੀਂ ਹਨ, ਪਰ ਅਰਥ ਇਉਂ ਬਣਦੇ ਹਨ, ਵਿਸ਼ਨੂੰ ਜੀ ਨੇ ਲੱਛਮੀ ਨੂੰ ਧਾਰਨ ਕਰਨ ਦਾ ਧਰਮ ਧਾਰਿਆ ਹੈ, ਤੇ ਹੇਠਲੇ ਦੋਹਰੇ ਵਿਚ ਲੱਛਮੀ ਸਿੱਧੇ ਤੋਰ 'ਤੇ ਲਿਖ ਦਿੱਤੀ ਹੈ ਤੇ ਸ੍ਰੇਯ ਮੁਕਤੀ ਦਾ ਨਾਮ ਹੈ ਤੇ ਸਤਿਗੁਰੂ ਜੀ ਮੁਕਤੀ ਦੇ ਉਦਾਰ = ਦਾਨੀ ਹਨ।

## ਯਾਂ ਤੇ; ਨਿਜ ਸ਼ਕਤੀ ਤੇ ਲਖੈ।

ਯਾਂ ਤੇ = ਇਸ ਲਈ ਗੁਰੂ ਸਾਹਿਬ ਨਿਜ = ਆਪਣੀ ਸ਼ਕਤੀ = ਤਾਕਤ ਦੇ ਨਾਲ ਲਖੈ = ਜਾਣ ਲੈਂਦੇ ਹਨ ਕਿ :

## ਗੁਨ ਅਵਗੁਨ; ਜੱਗ੍ਯਾਸੀ ਬਿਖੈ॥੨॥

ਇਸ ਜਗਿਆਸੂ ਬਿਖੈ = ਵਿਚ ਗੁਨ = ਸ੍ਰੇਸ਼ਟ ਖ਼ੂਬੀਆਂ ਕਿਹੜੀਆਂ ਹਨ, ਭਾਵ ਸ਼ੁਭ ਗੁਣ ਕਿਹੜੇ ਹਨ ਤੇ ਅਵਗੁਨ = ਔਗੁਣ ਭਾਵ ਦੋਸ਼ ਕਿਹੜੇ ਹਨ, ਤੇ ਇਸ ਦੇ ਦੋਸ਼ ਨਵਿਰਤ ਕਿਹੜੀ ਜੁਗਤ ਨਾਲ ਹੋ ਸਕਦੇ ਹਨ, ਫਿਰ ਉਹ ਉਪਦੇਸ਼ ਤੇ ਜੁਗਤ ਦੱਸਦੇ ਹਨ॥੨॥

## ਜਥਾ ਜਰਾਹ; ਹੋਤਿ ਮਤਿਵੰਤਾ।

ਜਥਾ = ਜਿਵੇਂ ਕੋਈ ਜਰਾਹ = ਹਕੀਮ, ਵੈਦ ਮਤਿਵੰਤਾ = ਸ੍ਰੇਸ਼ਟ ਮਤ ਵਾਲਾ ਹੋਤਿ = ਹੋਵੇ, ਭਾਵ ਪੁਰਾਣੇ ਸਮੇਂ ਵਿਚ ਚੀਰ ਪਾੜ ਕਰਕੇ ਜ਼ਖ਼ਮ ਨੂੰ ਠੀਕ ਕਰਨ ਵਾਲੇ ਨੂੰ ਜਰਾਹ (ਘਾਵਰੀਆ) ਕਿਹਾ ਜਾਂਦਾ ਸੀ ਤੇ ਹੁਣ ਬਦਲਦੇ ਸਮੇਂ ਵਿਚ ਆਪਰੇਸ਼ਨ ਕਰਨ ਵਾਲੇ ਨੂੰ ਡਾਕਟਰ (ਸਰਜਨ) ਕਿਹਾ ਜਾਂਦਾ ਹੈ।

## ਘਾਵ ਮਝਾਰ; ਬਿਕਾਰ ਲਹੰਤਾ।

ਉਹ ਦੇਖਦਾ ਹੈ ਕਿ ਇਸ ਘਾਵ = ਜ਼ਖ਼ਮ ਦੇ ਮਝਾਰ = ਵਿਚ ਬਿਕਾਰ = ਵਿਗਾੜ ਭਾਵ ਪੀਕ ਪਈ ਹੋਈ ਹੈ, ਇਸ ਗੱਲ ਨੂੰ ਉਹ ਲਹੰਤਾ = ਜਾਣ ਲੈਂਦਾ ਹੈ।

## ਤੌ ਮੇਲਨ; ਅਉਖਧ ਨਹਿ ਲਾਵੈ।

ਤੌ = ਤਾਂ ਫਿਰ ਉਹ ਜ਼ਖ਼ਮ ਨੂੰ ਮੇਲਣ ਵਾਲੀ ਅਉਖਧ = ਦਵਾਈ ਨਹੀਂ ਲਾਵੈ = ਲਾਉਂਦਾ ਹੈ।

## ਮੇਲੇ ਤੇ; ਨਸੂਰ ਰਹਿ ਜਾਵੈ।

(ਪਾਠਾਂਤ੍ਰ ਕਸੂਰ)

ਕਿਉਂਕਿ ਜੇ ਉਪਰੋਂ ਮੇਲ ਦੇਵੇ ਭਾਵ ਮਲ੍ਹਮ ਆਦਿ ਲਾ ਕੇ ਜ਼ਖ਼ਮ ਮੇਲ ਦੇਵੇ ਤਾਂ ਅੰਦਰ ਨਸੂਰ = ਪੀਕ ਰਹਿ ਜਾਵੈ = ਜਾਂਦੀ ਹੈ ਭਾਵ ਉਸ ਵੱਗਦੀ ਪੀਕ ਨੂੰ ਨਸੂਰ ਕਿਹਾ ਜਾਂਦਾ ਹੈ, ਜਿਹੜਾ ਜ਼ਖ਼ਮ ਦਾ ਰਿਸਣਾ ਹੈ, ਉਸ ਨੂੰ ਨਸੂਰ ਕਿਹਾ ਜਾਂਦਾ ਹੈ ਇਸ ਤਰ੍ਹਾਂ ਕਰਨ ਦੇ ਨਾਲ ਰੋਗੀ ਨੂੰ ਠੀਕ ਹੋਣ ਦੇ ਥਾਂ ਹੋਰ ਕਸ਼ਟ ਹੋ ਜਾਂਦਾ ਹੈ ਇਸ ਕਰਕੇ ਸਿਆਣਾ ਹਕੀਮ ਐਸਾ ਨਹੀਂ ਕਰਦਾ, ਉਹ ਪਹਿਲਾਂ ਇਹ ਦੇਖਦਾ ਹੈ ਕਿ ਇਸ ਲਹੂ ਪੀਕ ਦੇ ਵਗਣ ਦਾ ਕੀ ਕਾਰਣ ਹੈ, ਪਹਿਲਾਂ ਉਸ ਦੀ ਖੋਜ ਕਰਦਾ ਹੈ, ਜਦੋਂ ਦੇਖਦਾ ਹੈ ਕਿ:

## ਟੂਟਯੋ ਅਸਥੀ; ਆਦਿ ਬਿਕਾਰ।

ਜ਼ਖ਼ਮ ਦੀ ਪੀਕ ਪਿੱਛੇ ਤਾਂ ਇਸ ਮਰੀਜ਼ ਦੀ ਅਸਥੀ = ਹੱਡੀ ਟੂਟਯੋ = ਟੁੱਟੀ ਹੋਈ ਹੈ, ਉਸ ਵਿੱਚੋਂ ਇਹ ਪੀਕ ਵਗ ਰਹੀ ਹੈ ਇਤਿਆਦਿਕ ਵਿਕਾਰ ਦੇਖ ਲੈਂਦਾ ਹੈ।

## ਤਿਸ ਕੋ ਪੂਰਬ; ਲੇਤਿ ਨਿਕਾਰ।

ਪੂਰਬ = ਪਹਿਲਾਂ ਤਿਸ = ਉਸ ਹੱਡੀ ਕੋ = ਨੂੰ ਨਿਕਾਰ = ਕੱਢ ਲੇਤਿ = ਲੈਂਦਾ ਹੈ ਤੇ ਪੀਕ ਨੂੰ ਸਾਫ਼ ਕਰਕੇ:

## ਪੁਨਹ ਘਾਵ; ਮੇਲਤਿ ਸੁਖ ਦੇਤਿ।

ਪੁਨਹ = ਫਿਰ ਘਾਵ = ਜ਼ਖ਼ਮ ਨੂੰ ਮਲ੍ਹਮ ਲਾ ਕੇ ਮੇਲਤਿ = ਮੇਲ ਦੇਂਦਾ ਹੈ, ਇਉਂ ਚੰਗਾ ਵੈਦ ਮਰੀਜ਼ ਨੂੰ ਸੁਖ ਦਿੰਦਾ ਹੈ ਅਰ ਰੋਗੀ ਲਈ ਅਜਿਹਾ ਵੈਦ ਸੁਖਦਾਈ ਹੈ ਕਿਉਂਕਿ ਸਿਆਣਾ ਵੈਦ ਸਿਆਣਪ ਨਾਲ ਉਸ ਦਾ ਰੋਗ ਮੁੱਢੋਂ ਹੀ ਖ਼ਤਮ ਕਰ ਦਿੰਦਾ ਹੈ ਪਰ:

## ਕਾਚ ਜਰਾਹ ਹੋਤਿ; ਦੁਖ ਹੇਤ ॥੪॥

(ਪਾਠਾਂਤ੍ਰ ਦੇਤਿ)

ਜੇ ਕਾਚ = ਕੱਚਾ, ਅਨਜਾਣ ਜਰਾਹ = ਵੈਦ ਹੋਤਿ = ਹੋਵੇ ਤਾਂ ਉਹ ਠੀਕ ਕਰਨ ਦੀ ਬਜਾਏ ਦੁਖ ਦਾ

ਹੇਤ = ਕਾਰਨ ਬਣ ਜਾਂਦਾ ਹੈ **ਵਾ:** ਦੁਖ ਦੇਤਿ = ਦੇਣ ਵਾਲਾ ਹੋ ਜਾਂਦਾ ਹੈ ਕਿਉਂਕਿ ਕੱਚਾ ਵੈਦ ਆਪਣੇ ਇਸ ਵੈਦਗੀ ਦੇ ਕੀਤੇ ਵਿਚ ਕਿਸੇ ਦੀ ਰੀਸ ਕਰਕੇ ਕਿ ਮੈਂ ਵੀ ਵੈਦ ਬਣ ਜਾਵਾਂ ਤੇ ਆਪਣਾ ਧੰਦਾ ਸ਼ੁਰੂ ਕਰ ਲੈਂਦਾ ਹੈ, ਸਿਆਣਾ ਨਾ ਹੋਣ ਕਰਕੇ ਉਹ ਜ਼ਖ਼ਮ ਨੂੰ ਉਪਰੋਂ ਮਲ੍ਹਮ ਲਾ ਕੇ ਮੇਲ ਦਿੰਦਾ ਹੈ ਤੇ ਕੁਝ ਦਿਨਾਂ ਤੋਂ ਬਾਅਦ ਉਹ ਜ਼ਖ਼ਮ ਫਿਰ ਵਗਣ ਲੱਗ ਜਾਂਦਾ ਹੈ ਤੇ ਕਈ ਵਾਰ ਤਾਂ ਪਲਮ ਦੌੜ ਜਾਂਦੀ ਹੈ ਤੇ ਰੋਗੀ ਨੂੰ ਅੰਗ ਕਟਾਉਣਾ ਪੈ ਜਾਂਦਾ ਹੈ॥੪॥

## ਇਮ ਹਮਰੇ; ਸਤਿਗੁਰ ਗੁਨਵੰਤੇ।

ਇਮ = ਇਸ ਤਰ੍ਹਾਂ ਹਮਰੇ = ਸਾਡੇ ਸਤਿਗੁਰੂ ਜੀ ਚੰਗੇ ਵੈਦ ਦੀ ਨਿਆਈਂ ਸ੍ਰੇਸ਼ਟ ਗੁਨਵੰਤੇ = ਗੁਣਾਂ ਵਾਲੇ ਹਨ।

## ਸਿਖ ਕੋ; ਨੀਕੀ ਬਿਧਿ ਪਰਖੰਤੇ।

ਸਿੱਖ ਕੋ = ਨੂੰ ਨੀਕੀ = ਚੰਗੀ ਬਿਧਿ = ਜੁਗਤੀ ਦੇ ਨਾਲ ਪਰਖੰਤੇ = ਪਰਖ ਲੈਂਦੇ ਹਨ ਕਿ ਸਿੱਖ ਨੂੰ ਜੋ ਰਾਗ, ਦ੍ਵੈਸ਼, ਹੰਗਤਾ, ਮਮਤਾ ਆਦਿ ਦਾ ਰੋਗ ਲੱਗਿਆ ਹੋਇਆ ਹੈ, ਇਸ ਨੂੰ ਕਿਸ ਪ੍ਰਕਾਰ ਦੀ ਉਪਦੇਸ਼ ਰੂਪ ਦਵਾਈ ਦੇਣੀ ਹੈ।

## ਜਿਸ ਕਰਿ ਪਾਵਹਿਂ; ਜਨ ਕਲਿਆਣ।

ਜਿਸ ਕਰਕੇ ਜਨ = ਦਾਸ, ਸੇਵਕ ਕਲਿਆਣ = ਮੁਕਤੀ ਰੂਪ ਸੁਖ ਪਾ ਲਵੇ ਤੇ ਔਗੁਣਾਂ ਤੋਂ ਛੁਟਕਾਰਾ ਪਾ ਕੇ ਤੰਦਰੁਸਤੀ ਵਾਲਾ ਸੁਖੀ ਜੀਵਨ ਹੋ ਜਾਵੇ।

## ਇਮ ਉਪਦੇਸ਼ਤਿ ਹੈਂ; ਹਿਤ ਠਾਨਿ॥੫॥

(ਪਾਠਾਂਤ੍ਰ ਤਿਮ)

ਇਮ = ਇਸ ਪ੍ਰਕਾਰ ਸਤਿਗੁਰੂ ਜੀ ਹਿਤ = ਪ੍ਰੇਮ ਠਾਨਿ = ਧਾਰ ਕੇ ਸਿੱਖ ਨੂੰ ਉਪਦੇਸ਼ ਦਿੰਦੇ ਹਨ, ਭਾਵ ਪ੍ਰੇਮ ਨਾਲ ਉਪਦੇਸ਼ ਦਿੰਦੇ ਹਨ॥੫॥

[**ਅਧਿਕਾਰੀ** :] ਹੁਣ ਸਿੱਖਿਆ ਲੈਣ ਦੇ ਜੋਗ ਅਧਿਕਾਰੀ = ਜਗਿਆਸੂ ਬਾਰੇ ਕਥਨ ਕਰਦੇ ਹਨ :

## ਜਿਨ ਕੀ ਬ੍ਰਿਤਿ; ਸੁਖ ਦੁਖ ਮਹਿਂ ਭਾਰੀ।

ਜਿਨ੍ਹਾਂ ਦੀ ਮਨ ਦੀ ਬਿਰਤੀ ਦੁਖ ਸੁਖ ਵਿਚ ਭਾਰੀ = ਵੱਡੀ ਭਾਵ ਖਚਤ ਹੋਈ ਹੈ ਅਰ ਜਦੋਂ ਕੋਈ ਦੁਖ ਮਿਲਦਾ ਹੈ ਤਾਂ ਬਹੁਤ ਬੇਚੈਨ ਹੋ ਜਾਂਦੇ ਹਨ ਤੇ ਜਦੋਂ ਕੋਈ ਸੁਖ ਮਿਲਦਾ ਹੈ ਤਾਂ ਬਹੁਤੀ ਖ਼ੁਸ਼ੀ ਵਿਚ ਆਪੇ ਤੋਂ ਬਾਹਰ ਹੋ ਜਾਂਦੇ ਹਨ, ਇਉਂ ਜਿਨ੍ਹਾਂ ਦੀ ਬਿਰਤੀ ਫਸੀ ਹੋਈ ਹੈ ਕਿ :

## ਰਾਗ ਦ੍ਵੈਖ ਕੇ; ਨਿਤ ਅਨੁਸਾਰੀ।

(ਪਾਠਾਂਤ੍ਰ ਤੇ)

ਸੰਬੰਧੀਆਂ ਨਾਲ ਸੁਆਰਥ ਵਾਲਾ ਰਾਗ = ਪ੍ਰੇਮ, ਮੋਹ ਕਰਦੇ ਹਨ ਤੇ ਕਿਸੇ ਨਾਲ ਦ੍ਵੈਖ = ਦ੍ਵੈਸ਼ ਕਰਕੇ ਈਰਖਾ ਕਰਦੇ ਹਨ, ਇਸ ਤਰ੍ਹਾਂ ਜੋ ਨਿਤ = ਹਮੇਸ਼ਾ ਮਨ ਦੀ ਬਿਰਤੀ ਕੇ = ਦੇ ਅਨੁਸਾਰੀ = ਅਧੀਨ ਰਹਿੰਦੇ ਹਨ।

## ਸੁਤ ਬਿਤ ਆਦਿ; ਪਦਾਰਥ ਸਾਰੇ।

ਸੁਤ = ਪੁੱਤਰ, ਬਿਤ = ਧਨ ਆਦਿਕ ਸਾਰੇ ਪਦਾਰਥ ਜੋ ਘਰ ਦੇ ਵਿਚ ਹਨ।

## ਇਨਹਿਤ ਬੈਸ; ਬਿਤਾਇੰ ਬਿਚਾਰੇ ॥੬॥

ਇਨ੍ਹਾਂ ਪਦਾਰਥਾਂ ਨੂੰ ਇਕੱਠੇ ਕਰਨ ਹਿਤ = ਵਾਸਤੇ ਅਤੇ ਸੰਤਾਨ ਦੀ ਪਾਲਣਾ ਕਰਨ ਵਾਸਤੇ ਅਤੇ ਇਉਂ ਬਿਚਾਰੇ ਸੰਸਾਰ ਦੇ ਕੰਮਾਂ-ਕਾਰਾਂ ਵਿਚ ਸਾਰੀ ਬੈਸ = ਉਮਰ ਬਿਤਾਇੰ = ਬਤੀਤ ਕਰ ਦਿੰਦੇ ਹਨ, ਭਾਵ ਲੰਘਾ ਦਿੰਦੇ ਹਨ ॥੬॥

[**ਸੇਵਾ**] ਗੁਰਮਤਿ ਵਿਚ ਸੇਵਾ = ਟਹਿਲ ਨੂੰ ਮੁੱਖ ਮੰਨਿਆ ਹੈ।

ਜਦੋਂ ਇਹੋ ਜਿਹਾ ਧੰਧਿਆਂ ਵਿਚ ਫ਼ਸਿਆ ਹੋਇਆ ਜੀਵ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਉਂਦਾ ਹੈ ਕਿ ਮਹਾਰਾਜ ਜੀ! ਮੈਨੂੰ ਵੀ ਕੋਈ ਉਪਦੇਸ਼ ਦਿਉ ਕਿਉਂਕਿ ਅਸੀਂ ਧੰਧਿਆਂ ਵਿਚ ਫਸ ਕੇ ਬਹੁਤ ਦੁਖੀ ਹੋ ਗਏ ਹਾਂ, ਤਾਂ ਸਤਿਗੁਰੂ ਜੀ ਸਿਆਣੇ ਵੈਦ ਦੀ ਨਿਆਈਂ ਉਹਨਾਂ ਦੇ ਦੁਖ ਨਵਿਰਤੀ ਲਈ ਉਪਦੇਸ਼ ਰੂਪ ਦਵਾਈ ਦਿੰਦੇ ਹਨ, ਸਿਆਣਾ ਵੈਦ ਉਹ ਹੁੰਦਾ ਹੈ ਜਿਸ ਨੂੰ ਰੋਗ ਦੀ ਵੀ ਪਹਿਚਾਣ ਹੋਵੇ ਤੇ ਰੋਗ ਨਵਿਰਤੀ ਲਈ ਅਉਖਧ ਵੀ ਜਾਣਦਾ ਹੋਵੇ ਜੈਸਾ ਕਿ:

**ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥** *(ਮਾਝ-ਵਾਰ, ਮ: ੧, ਅੰਗ ੧੪੮)*

ਇਉਂ ਸਤਿਗੁਰੂ ਜੀ ਰਾਗ ਦ੍ਵੈਸ਼, ਮੋਹ, ਮਮਤਾ ਤੇ ਪਦਾਰਥਾਂ ਵਿਚ ਫਸੇ ਹੋਏ ਜੀਵਾਂ ਨੂੰ ਕੱਢਣ ਲਈ ਇਉਂ ਉਪਦੇਸ਼ ਦਿੰਦੇ ਹਨ:

## ਤਿਸ ਕੋ ਕਹੈ; ਕਰਹੁ ਧ੍ਰਮਕਾਰ।

ਤਾਂ ਸਤਿਗੁਰੂ ਜੀ ਤਿਸ = ਉਸ ਜਗਿਆਸੂ ਕੋ = ਨੂੰ ਕਹੈ = ਕਹਿੰਦੇ ਹਨ ਕਿ ਧਰਮ ਦੀ ਕਿਰਤ ਕਰੋ, ਤੁਹਾਡੀ ਕਿਰਤ ਵਿਚ ਧਰਮ ਵਿਰੋਧੀ ਕੰਮ ਨਹੀਂ ਹੋਣਾ ਚਾਹੀਦਾ, ਜਿਹੜੀ ਕਿਰਤ ਕਿਸੇ ਨੂੰ ਦੁਖ ਦੇ ਕੇ ਜਾਂ ਕਿਸੇ ਦੀ ਚੋਰੀ ਠੱਗੀ ਕਰਕੇ ਜਾਂ ਬੇਈਮਾਨੀ ਨਾਲ ਪਰਿਵਾਰ ਦੀ ਪਾਲਣ ਪੋਸ਼ਣ ਕਰਨੀ ਹੈ, ਉਹ ਗੁਰੂ ਨੂੰ ਪਰਵਾਨ ਨਹੀਂ ਹੈ। ਜੈਸਾ ਕਿ:

**ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥**
**ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ਰਹਾਉ॥**
*(ਸੋਰਠਿ ਭਗਤ ਕਬੀਰ ਜੀ, ਅੰਗ ੬੫੬)*

ਤੇ ਧਰਮ ਦੀ ਕਿਰਤ ਕਰਨ ਲਈ ਇਉਂ ਪ੍ਰੇਰਨਾ ਦਿੱਤੀ ਹੈ। ਜੈਸਾ ਕਿ:

**ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।**
*(ਭਾਈ ਗੁਰਦਾਸ ਜੀ, ਵਾਰ ੬, ਪਉੜੀ ੧੨)*

ਐਸੀ ਕਿਰਤ ਕਰੋ ਜਿਸ ਵਿਚ ਦੂਸਰੇ ਦਾ ਵੀ ਭਲਾ ਹੋਵੇ ਤੇ ਆਪਣੇ ਪਰਿਵਾਰ ਦਾ ਵੀ ਭਲਾ ਹੋਵੇ ਤੇ ਜਿਸ ਕਿਰਤ ਵਿਚ ਧਰਮ ਸਾਬਤ ਰਹੇ, ਉਹ ਧਰਮ ਕਿਰਤ ਹੈ ਤੇ ਜਿਸ ਕਿਰਤ ਵਿਚ ਧਰਮ ਨਸ਼ਟ ਹੋ ਜਾਵੇ, ਉਹ ਅਧਰਮ ਕਿਰਤ ਹੈ, ਇਸ ਕਰਕੇ ਸਤਿਗੁਰਾਂ ਨੇ ਕਿਹਾ ਕਿ ਧਰਮ ਦੀ ਕਿਰਤ ਕਰੋ ਅਤੇ ਹੱਕ ਹਲਾਲ ਦੀ ਕਮਾਈ ਨਾਲ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰੋ, ਇਸ ਦੇ ਨਾਲ-ਨਾਲ:

## ਸੇਵਹੁ ਸਿੱਖਨਿ; ਦੇਹੁ ਅਹਾਰ।

ਨਾਮ ਜਪਣ ਵਾਲੇ ਸਿੱਖਨਿ = ਗੁਰਸਿੱਖਾਂ ਦੀ ਸੇਵਹੁ = ਟਹਿਲ ਕਰੋ ਤੇ ਉਹਨਾਂ ਨੂੰ ਘਰ ਲਿਆ ਕੇ ਅਹਾਰ = ਭੋਜਨ ਦੇਹੁ = ਦੇਣਾ ਕਰੋ, ਭਾਵ ਛਕਾਉਣਾ ਕਰੋ।

## ਜਥਾ ਸਕਤਿ; ਦਿਹੁ ਛਾਦਨ ਆਛੇ।

ਜਥਾ = ਜਿਹੋ ਜਿਹੀ ਪਦਾਰਥ ਦੇਣ ਦੀ ਸ਼ਕਤਿ = ਸਮਰੱਥਾ ਹੈ, ਉਤਨਾ ਦਿਓ ਤੇ ਆਛੇ = ਚੰਗੇ ਛਾਦਨ = ਬਸਤਰ ਮਾਇਆ ਦੇ ਸਹਿਤ ਦਿਹੁ = ਦੇਣਾ ਕਰੋ।

## ਚਾਂਪਹੁ ਪਗ; ਕਰੀਐ ਸਿੱਖ ਬਾਂਛੇ ॥੭॥

ਫਿਰ ਜੇ ਕੋਈ ਸਿੱਖ ਯਾਤਰਾ ਕਰਦਾ ਹੋਇਆ ਥੱਕਿਆ ਟੁੱਟਿਆ ਤੁਹਾਡੇ ਘਰ ਆ ਗਿਆ ਤਾਂ ਉਸ ਦੇ ਕੋਈ ਪਗ = ਪੈਰਾਂ ਨੂੰ ਚਾਂਪਹੁ = ਘੁੱਟਣਾ ਕਰੀਐ = ਕਰਨਾ ਕਰੋ ਤੇ ਜੋ ਧਰਮ ਦੇ ਨਿਯਮਾਂ ਵਿਚ ਰਹਿ ਕੇ ਸਿੱਖ ਬਾਂਛੇ = ਚਾਹੁੰਦਾ ਹੈ, ਉਸ ਅਨੁਸਾਰ ਉਸ ਦੀ ਸੇਵਾ ਕਰੋ ਅਤੇ ਸੇਵਾ ਦੇ ਵਿਚ ਹੋਰ ਹੋਰ ਕੀ ਕੀ ਕਰੀਦਾ ਹੈ, ਅੱਗੇ ਦੱਸਦੇ ਹਨ:

## ਮਰਦਨ ਕਰਿ; ਇਸ਼ਨਾਨ ਕਰਾਵਹੁ।

(ਪਾਠਾਂਤ੍ਰ ਸ਼ਨਾਨ ਕਰਵਾਵਹੁ)

ਫਿਰ ਸਿੱਖ ਦੇ ਥੱਕੇ ਹੋਏ ਸਰੀਰ ਦੀ ਮਰਦਨ = ਮਾਲਿਸ਼ ਕਰਕੇ ਇਸ਼ਨਾਨ ਕਰਾਵਹੁ = ਕਰਾਉ ਤੇ:

## ਬਸਤ੍ਰ ਪਖਾਰਹੁ; ਸ਼ੁੱਧ ਬਨਾਵਹੁ।

ਬਸਤ੍ਰ ਪਖਾਰਹੁ = ਧੋ ਕੇ ਸ਼ੁੱਧ = ਮੈਲ ਰਹਿਤ ਬਣਾ ਕਰਕੇ ਸਿੱਖ ਨੂੰ ਪਹਿਨਣ ਲਈ ਦਿਉ।

## ਹਾਂਕਹੁ ਪੌਨ; ਸ੍ਵੇਦ ਜਬਿ ਹੋਇ।

ਜਬਿ = ਜਦੋਂ ਸਿੱਖ ਨੂੰ ਗਰਮੀ ਵਿਚ ਸ੍ਵੇਦ = ਪਸੀਨਾ ਆਇਆ ਹੋਇ = ਹੋਵੇ, ਤਦੋਂ ਉਸ ਵੇਲੇ ਪੱਖੇ ਨਾਲ ਪੌਨ = ਹਵਾ ਹਾਂਕਹੁ = ਝਲ ਦਿਆ ਕਰੋ।

## ਝਾਰਹੁ ਪਨਹੀ; ਪਗ ਕੋ ਧੋਇ ॥੮॥

ਗੁਰਸਿੱਖਾਂ ਦੀ ਪਨਹੀ = ਜੁੱਤੀ ਝਾਰਹੁ = ਝਾੜ ਕੇ ਜੋ ਉਸਨੂੰ ਮਿੱਟੀ ਘੱਟਾ ਲੱਗਿਆ ਹੈ ਉਸਨੂੰ ਲਾਹ ਦੇਣਾ ਕਰੋ ਅਤੇ ਪਗ = ਪੈਰਾਂ ਕੋ = ਨੂੰ ਧੋਇ = ਧੋ ਦਿਆ ਕਰੋ, ਇਸ ਚਰਨ ਧੂੜ ਦੇ ਨਾਲ ਤੁਹਾਡੇ ਪਾਪ ਨਵਿਰਤ ਹੋ ਜਾਣਗੇ ਤੇ ਪੁੰਨਾਂ ਵਿਚ ਵਾਧਾ ਹੋਵੇਗਾ। ਜੈਸਾ ਕਿ:

**ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥**

*(ਸਲੋਕ ਵਾਰਾਂ ਤੇ ਵਧੀਕ, ਮ: ੪, ਅੰਗ ੧੪੨੪)*

## ਜੂਠੇ ਭਾਂਵਨਿ; ਮਾਂਜਨ ਕਰਹੁ।

ਤੇ ਗੁਰਸਿੱਖਾਂ ਦੇ ਲੰਗਰ ਛਕਣ ਤੋਂ ਬਾਅਦ ਉਹਨਾਂ ਦੇ ਜੂਠੇ ਭਾਂਵਨਿ = ਭਾਂਡੇ ਸੁਆਹ, ਮਿੱਟੀ ਦੇ ਨਾਲ ਮਾਂਜਨ = ਮਾਂਜਣਾ ਕਰਹੁ = ਕਰੋ।

## ਸੀਤਲ ਨੀਰ; ਕੂਪ ਤੇ ਭਰਹੁ।

ਫਿਰ ਸੀਤਲ = ਠੰਢਾ ਤੇ ਤਾਜ਼ਾ ਨੀਰ = ਪਾਣੀ ਕੂਪ = ਖੂਹ ਤੇ = ਤੋਂ ਭਰਹੁ = ਭਰ ਕੇ ਲਿਆ ਕੇ ਸਿੱਖ ਸੰਗਤ ਨੂੰ ਛਕਾਉਣਾ ਕਰੋ।

## ਰਦਧਾਵਨ ਕੋ; ਅਰਪਹੁ ਆਨਿ।

ਫਿਰ ਦਰੱਖ਼ਤਾਂ ਤੋਂ ਰਦਧਾਵਨ = ਦਾਤਣਾਂ ਤੋੜ ਕੇ ਗੁਰਸਿੱਖਾਂ ਨੂੰ **ਵਾ:** ਗੁਰੂ ਘਰਾਂ ਵਿਚ ਆਨਿ = ਲਿਆ ਕੇ ਅਰਪਹੁ = ਅਰਪਣਾ ਕਰੋ।

## ਕਰਹੁ ਰਸੋਈ; ਸੁੱਧ ਮਹਾਂਨ ॥੯॥

ਫਿਰ ਰਸੋਈ = ਲੰਗਰ ਵਿਚ ਜਾ ਕੇ ਸ਼ੁੱਧਤਾ ਨਾਲ, ਮਹਾਂਨ = ਵੱਡੀ ਪਵਿੱਤਰਤਾ ਨਾਲ ਭਾਵ ਜੂਠ, ਕੂਠ ਤੋਂ ਬਚ ਕੇ ਮਰਯਾਦਾ ਨਾਲ ਲੰਗਰ ਤਿਆਰ ਕਰੋ।

## ਇੱਤਯਾਦਿਕ ਸੇਵਾ; ਬਹੁ ਭਾਂਤਿ।

ਇੱਤਯਾਦਿਕ = ਇਸੇ ਤਰ੍ਹਾਂ ਦੀ ਸੇਵਾ ਬਹੁ = ਬਹੁਤ ਭਾਂਤਿ = ਪ੍ਰਕਾਰ ਦੀ ਹੈ।

## ਸਿੱਖਨ ਕੀ; ਕੀਜਹਿ ਦਿਨ ਰਾਤਿ।

ਜੋ ਸਿੱਖਨ = ਗੁਰਸਿੱਖ ਸੰਗਤਾਂ ਦੀ ਦਿਨ ਰਾਤ ਕੀਜਹਿ = ਕਰਿਆ ਕਰੋ। ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਗ੍ਰਿਹਸਥ ਵਿਚ ਰਹਿੰਦਿਆਂ, ਧਰਮ ਕਿਰਤ ਕਰਦਿਆਂ, ਗੁਰਸਿੱਖ ਸੰਗਤਾਂ ਦੀ ਸੇਵਾ ਕਰਦਿਆਂ ਇਹਨਾਂ ਗੱਲਾਂ ਦੇ ਨਾਲ ਨਾਲ:

[**ਗੁਰਬਾਣੀ:**] ਜੋ ਗੁਰ = ਗੁਰਾਂ ਦੀ ਰਸਨਾ ਤੋਂ ਉਚਾਰਨ ਕੀਤੀ ਹੋਈ ਬਾਣੀ ਹੈ, ਉਸ ਨਾਲ ਜੁੜੋ।

## ਸਤਿਗੁਰ ਗਿਰਾ; ਸੀਖਿ ਨਿਤਿ ਪਠੋ।

ਸਤਿਗੁਰਾਂ ਦੀ ਜੋ ਗਿਰਾ = ਬਾਣੀ ਹੈ, ਉਸ ਦਾ ਉਚਾਰਨ ਗੁਰਸਿੱਖਾਂ ਕੋਲੋਂ ਸੀਖਿ = ਸਿੱਖ ਕੇ ਨਿੱਤ = ਹਮੇਸ਼ਾਂ ਪਠੋ = ਪੜ੍ਹਿਆ ਕਰੋ, ਇਸ ਵਿਚ ਤੁਹਾਡਾ ਭਲਾ ਹੈ। ਜੈਸਾ ਕਿ:

**ਪ੍ਰਭ ਬਾਣੀ ਸਬਦੁ ਸੁਭਾਖਿਆ ॥**
**ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ਰਹਾਉ॥**

*(ਸੋਰਠਿ ਮ: ੫, ਅੰਗ ੬੧੧)*

## ਸੱਤਿਨਾਮ ਕਹੁ; ਮੁਖ ਤੇ ਰਟੋ ॥੧੦॥

ਇਹ ਸਭ ਕੁੱਝ ਕਰਦਿਆਂ ਮੁਖ ਤੋਂ ਸੱਤਿਨਾਮ = ਮੂਲ ਮੰਤ੍ਰ ਦਾ, ਗੁਰਮੰਤ੍ਰ ਦਾ ਰਟੋ = ਰਟਨ **ਵਾ:** ਜਾਪ ਕਰੋ ॥੧੦॥ ਜੈਸਾ ਕਿ:

**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ਰਹਾਉ॥**

*(ਧਨਾਸਰੀ ਮ: ੪, ਅੰਗ ੬੭੦)*

## ਨਿਜ ਨਿਜ ਧਰਮ; ਰਹਹੁ ਸਾਵਧਾਨ।

ਸਤਿਗੁਰਾਂ ਨੇ ਕਿਹਾ ਹੈ ਕਿ ਨਿਜ ਨਿਜ = ਆਪਣੇ ਆਪਣੇ ਧਰਮ ਵਿੱਚ ਸਾਵਧਾਨ = ਸੁਚੇਤ ਹੋ ਕਰਕੇ ਰਹਹੁ = ਰਹਿਣਾ ਕਰੋ।

[**ਇਸ਼ਨਾਨ :**] ਹੁਣ ਗੁਰਮਤਿ ਵਿਚ ਜੋ ਇਸ਼ਨਾਨ ਦੀ ਆਗਿਆ ਹੈ, ਉਸ ਬਾਰੇ ਦੱਸਦੇ ਹਨ :

## ਬਡੀ ਰਾਤਿ ਤੇ; ਕਰਿ ਅਸ਼ਨਾਨ।

ਬਡੀ ਰਾਤਿ = ਪਿਛਲੀ ਰਾਤ ਤੋਂ ਭਾਵ ਅੰਮ੍ਰਿਤ ਵੇਲੇ (ਸਵਾ ਪਹਿਰ ਰਾਤ ਰਹਿੰਦੀ) ਉੱਠ ਕੇ ਇਸ਼ਨਾਨ ਕਰੇ। ਜੈਸਾ ਕਿ :

**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥**

*(ਗਉੜੀ ਵਾਰ ਮ: ੪, ਅੰਗ ੩੦੬)*

**ਵਾ: ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ।** *(ਬਸੰਤ ਮ: ੫, ਅੰਗ ੧੧੮੫)*

[**ਦਇਆ :**] ਦਇਆ = ਰਹਿਮ ਕਰਨ ਬਾਰੇ ਦੱਸਦੇ ਹਨ ਕਿ ਇਹ ਗੁਣ ਧਾਰਨ ਕਰਕੇ ਆਪਣੇ ਪੁੰਨਾਂ ਵਿਚ ਵਾਧਾ ਕਰੋ।

## ਛੁਧਤਿ ਕਿ; ਨਗਨ ਬਿਨਾ ਧਨ ਕੋਇ।

ਕੋਇ = ਕੋਈ ਛੁਧਤਿ = ਭੁੱਖਾ ਕਿ = ਜਾਂ ਕੋਈ ਨਗਨ = ਨੰਗਾ ਭਾਵ ਬਸਤਰਹੀਣ ਧਨ ਤੋਂ ਬਿਨਾਂ ਨਿਰਧਨੀ, ਕੰਗਾਲ, ਗ਼ਰੀਬ ਆ ਜਾਵੇ।

## ਦਿਹੁ ਭੋਜਨ; ਛਾਦਨ ਤਿਸ ਜੋਇ ॥੧੧॥

ਜਦੋਂ ਤਿਸ = ਇਹੋ ਜਿਹੇ ਗ਼ਰੀਬ ਨੂੰ ਜੋਇ = ਦੇਖੋ ਤਾਂ ਉਸ ਨੂੰ ਭੋਜਨ ਤੇ ਛਾਦਨ = ਬਸਤਰ ਦੇਣਾ ਕਰੋ ॥੧੧॥

## ਦੇਖਿ ਦੁਖੀ ਕੇ; ਦਇਆ ਉਪਾਵਹੁ।

ਐਸੇ ਦੁਖੀਆਂ ਨੂੰ ਦੇਖ ਕਰਕੇ ਆਪਣੇ ਹਿਰਦੇ ਵਿਚ ਦਇਆ ਉਪਾਵਹੁ = ਪੈਦਾ ਕਰਕੇ ਸਹਾਇਤਾ ਕਰੋ।

## ਜਥਾ ਸ਼ਕਤਿ; ਤਿਸ ਕਸ਼ਟ ਮਿਟਾਵਹੁ।

ਜਥਾ = ਜਿੰਨੀ ਕੁ ਤੁਹਾਡੀ ਸ਼ਕਤਿ = ਸਮਰੱਥਾ ਹੈ, ਉਤਨੇ ਪਦਾਰਥ ਨਾਲ ਤਿਸ = ਉਸ ਗ਼ਰੀਬ ਲੋੜਵੰਦ ਦੇ ਕਸ਼ਟ = ਦੁਖ ਮਿਟਾਵਹੁ = ਮਿਟਾਣਾ ਕਰੋ।

## ਕਰਨ ਦਇਆ ਕੋ; ਪੁੰਨ ਘਨੇਰਾ।

ਸਤਿਗੁਰੂ ਜੀ ਕਹਿੰਦੇ ਹਨ ਕਿ ਦਇਆ ਕਰਨ ਵਾਲੇ ਕੋ = ਨੂੰ ਘਨੇਰਾ = ਵੱਡਾ ਪੁੰਨ ਲੱਗਦਾ ਹੈ। ਜੈਸਾ ਕਿ :

**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥** *(ਮਾਂਝ ਬਾਰਹਮਾਹਾ ਮ: ੫, ਅੰਗ ੧੩੬)*

## ਦਇਆ ਕਰਤਿ ਹੁਇ; ਬਡਿਹੁੰ ਬਡੇਰਾ ॥੧੨॥

ਦਇਆ ਕਰਨ ਵਾਲਾ ਦੁਨੀਆਂ ਵਿਚ ਧਨ ਦੁਆਰਾ ਵੱਡੇ ਕਹਾਉਣ ਵਾਲਿਆਂ ਤੋਂ ਵੀ ਵੱਡਾ ਮਹਾਨ ਹੋ ਜਾਂਦਾ ਹੈ ॥੧੨॥

## ਜੇ ਜੇ ਬਡੇ; ਦਯਾ ਉਰ ਧਾਰੈਂ।

(ਪਾਠਾਂਤ੍ਰ ਸਭਿ ਧਾਰੈਂ)

ਦੁਨੀਆਂ ਵਿਚ ਜੇ ਜੇ = ਜਿਹੜੇ ਜਿਹੜੇ ਵੱਡੇ ਮਹਾਨ ਪੁਰਸ਼ ਹੋਏ ਹਨ, ਉਹ ਆਪਣੇ ਉਰ = ਹਿਰਦੇ ਵਿਚ ਦਇਆ ਧਾਰੈਂ = ਧਾਰਦੇ ਰਹੇ ਹਨ।

## ਮਨ ਕੋਮਲ; ਤੇ ਕਸ਼ਟ ਨਿਵਾਰੈਂ।

ਉਹਨਾਂ ਦਾ ਮਨ = ਹਿਰਦਾ ਕੋਮਲ = ਨਰਮ ਹੁੰਦਾ ਹੈ ਤੇ ਦੂਸਰੇ ਦਾ ਕਸ਼ਟ = ਦੁਖ ਦੇਖ ਕੇ ਨਿਵਾਰੈਂ = ਨਵਿਰਤ ਕਰਦੇ ਹਨ।

## ਕਰਹਿਂ ਦੀਨ ਕੋ; ਸੁਖੀ ਬਿਸਾਲਾ।

ਉਹ ਆਪਣੇ ਦਿਆਲੂ ਸੁਭਾਅ ਅਨੁਸਾਰ ਐਸਾ ਕਰਦੇ ਹਨ ਕਿ ਜੇ ਉਹਨਾਂ ਕੋਲ ਕੋ = ਕੋਈ ਦੀਨ = ਦੁਖੀ ਆ ਜਾਵੇ ਤਾਂ ਉਸ ਨੂੰ ਬਿਸਾਲਾ = ਬਹੁਤਾ ਹੀ ਸੁਖੀ ਕਰ ਦਿੰਦੇ ਹਨ।

ਐਸੇ ਪੁਰਖਾਂ ਤੇ :

## ਆਦਿ ਪ੍ਰਮੇਸ਼ੁਰ; ਬਡੇ ਕ੍ਰਿਪਾਲਾ ॥੧੩॥

ਆਦਿ ਪੁਰਖ ਪਰਮੇਸ਼ਰ ਤੇ ਗੁਰੂ ਸਾਹਿਬ, ਵੱਡੇ ਕ੍ਰਿਪਾਲਾ = ਕ੍ਰਿਪਾਲੂ ਹੋ ਜਾਂਦੇ ਹਨ ॥੧੩॥

[**ਸਚ** :] ਹੁਣ ਅੱਗੇ ਸੱਚ ਬੋਲਣ ਦੀ ਮਹਾਨਤਾ ਦੱਸਣ ਲੱਗੇ ਹਨ :

## ਸਚੁ ਬੋਲਹੁ; ਸੁਖ ਦੇਤਿ ਬਡੇਰਾ।

ਸੱਚ ਬੋਲਣ ਵਾਲੇ ਨੂੰ ਸੱਚ ਬਡੇਰਾ = ਵੱਡਾ ਸੁਖ ਦੇਤਿ = ਦਿੰਦਾ ਹੈ ਇਸ ਕਰਕੇ ਸੱਚ ਨੂੰ ਬੋਲਣਾ ਕਰੋ ਕਿਉਂਕਿ ਸੱਚ ਹਿਰਦੇ ਦੀ ਮੈਲ ਨੂੰ ਧੋ ਧੋ ਕੇ ਕੱਢ ਦਿੰਦਾ ਹੈ ਸੱਚ ਸਭਨਾਂ ਲਈ ਅਉਖਧੀ ਦਾ ਕੰਮ ਕਰਦਾ ਹੈ। ਜੈਸਾ ਕਿ :

**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥**
**ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥** *(ਆਸਾ ਦੀ ਵਾਰ ਮ: ੧, ਅੰਗ ੪੬੮)*

ਵਾ: **ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥** *(ਸਿਰੀਰਾਗੁ ਮ: ੧, ਅੰਗ ੧੧੮੫)*

## ਤਜਹੁ ਕੂਰ; ਦੁਖ ਦਾਯ ਘਨੇਰਾ।

ਸਤਿਗੁਰੂ ਜੀ ਕਹਿੰਦੇ ਹਨ ਕਿ ਕੂਰ = ਝੂਠ ਬੋਲਣਾ ਤਜਹੁ = ਛੱਡ ਦਿਉ, ਕਿਉਂਕਿ ਇਹ ਘਨੇਰਾ = ਬਹੁਤਾ ਦੁਖ ਦਾਯ = ਦੇਣ ਵਾਲਾ ਹੈ ਇਸ ਕਰਕੇ ਸੱਚ ਹੀ ਬੋਲਣਾ ਚਾਹੀਦਾ ਹੈ ਝੂਠ ਨਹੀਂ ਬੋਲਣਾ ਚਾਹੀਦਾ। ਜੈਸਾ ਕਿ :

**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥** *(ਆਸਾ ਭਗਤ ਫਰੀਦ ਜੀ, ਅੰਗ ੪੮੮)*

[**ਮੈਤ੍ਰੀ ਭਾਵ :**] ਹੁਣ ਮੈਤ੍ਰੀ = ਮਿੱਤਰਤਾ ਵਾਲਾ ਭਾਵ ਪ੍ਰਗਟ ਕਰਦੇ ਹਨ :

## ਪਰ ਸੁਖਿ ਪਿਖਿ; ਤਪਤਉ ਉਰ ਨਾਂਹੀ।

ਪਰ = ਪਰਾਏ ਨੂੰ ਸੁਖੀ ਪਿਖਿ = ਦੇਖ ਕੇ ਉਰ = ਹਿਰਦੇ ਵਿਚ ਤਪਤਉ = ਤਪਣਾ ਨਹੀਂ, ਭਾਵ ਸੜਨਾ ਮੱਚਣਾ ਨਹੀਂ ਚਾਹੀਦਾ।

## ਪਾਪ ਵਿਅਰਥ ਹੋਤਿ; ਸਿਰ ਤਾਹੀ ॥੧੪॥

ਐਸਾ ਕਰਨ ਦੇ ਨਾਲ ਵਿਅਰਥ ਹੀ ਭਾਵ ਬਿਨਾਂ ਮਤਲਬ ਤੋਂ ਹੀ ਤਾਹੀ = ਉਸ ਦੇ ਸਿਰ ਪਾਪ ਹੋਤਿ = ਹੋ ਜਾਂਦਾ ਹੈ, ਭਾਵ ਉਸ ਦੇ ਸਿਰ 'ਤੇ ਪਾਪ ਚੜ੍ਹ ਜਾਂਦਾ ਹੈ ॥੧੪॥

## ਇਕ ਤੌ ਰਿਦਾ; ਤਪਹਿ ਦੁਖ ਪਾਵੈ।

ਇਕ ਤੌਂ = ਤਾਂ ਰਿਦਾ = ਹਿਰਦਾ ਈਰਖਾ ਵਿਚ ਤਪਹਿ = ਤਪ ਕੇ ਦੁਖ ਪਾਵੈ = ਪਾਉਂਦਾ ਹੈ। ਤੇ :

## ਪਿਖਹੁ ਭਲੇ; ਕੁਛ ਹਾਥ ਨ ਆਵੈ।

ਭਲੇ = ਚੰਗੀ ਤਰ੍ਹਾਂ ਪਿਖਹੁ = ਦੇਖੋ ਦੂਸਰਾ ਉਸ ਦੇ ਹੱਥ ਕੁਝ ਵੀ ਨਹੀਂ ਆਵੈ = ਆਉਂਦਾ, ਬਲਕਿ :

## ਪੁਨ ਪਰਮੇਸ਼ੁਰ; ਕੋਪ ਕਰੰਤਾ।

ਪੁਨ = ਪੁਨਾ ਉਸ ਉੱਤੇ ਪਰਮੇਸ਼ਰ ਕੋਪ ਕਰੰਤਾ = ਗੁੱਸਾ ਕਰਦਾ ਹੈ, ਭਾਵ ਪਰਮੇਸ਼ਰ ਨਰਾਜ਼ ਹੋ ਜਾਂਦਾ ਹੈ ਕਿ :

## ਮੋਹਿ ਦਿਯੋ; ਪਿਖਿ ਏਹ ਜਰੰਤਾ ॥੧੫॥

ਮੋਹਿ = ਮੇਰੇ ਦਿਯੋ = ਦਿੱਤੇ ਹੋਏ ਪਦਾਰਥ ਨੂੰ ਪਿਖਿ = ਦੇਖ ਕੇ ਇਹ ਐਵੇਂ ਹੀ ਜਰੰਤਾ = ਸੜੀ ਜਾਂਦਾ ਹੈ, ਭਾਵ ਦੇਣ ਵਾਲਾ ਮੈਂ ਹਾਂ, ਲੈਣ ਵਾਲਾ ਪੁੰਨ ਕਰਮੀ ਹੈ, ਤੀਸਰਾ ਇਹ ਉਂਝ ਹੀ ਦੇਖ ਕੇ ਸੜੀ ਜਾਂਦਾ ਹੈ, ਇਸ ਲਈ ਇਹ ਪਾਪ ਕਰਮ ਹੈ ॥੧੫॥

## ਇੱਤਿਯਾਦਿਕ ਇਸ ਮਹਿਂ; ਬਹੁ ਦੋਖ।

ਇੱਤਿਯਾਦਿਕ = ਇਸ ਤੋਂ ਆਦਿਕ ਭਾਵ ਇਹਨਾਂ ਤੋਂ ਇਲਾਵਾ ਹੋਰ ਭੀ ਦੋਸ਼ ਹਨ ਜਿਵੇਂ ਕਿ ਹਿਰਦਾ ਸੜਨਾ, ਪਰਮਾਤਮਾ ਦੀ ਨਰਾਜ਼ਗੀ ਹੋਣੀ, ਪਾਪ ਸਿਰ 'ਤੇ ਚੜ੍ਹਨਾ ਇਸ = ਐਸਾ ਕਰਨ ਵਿਚ ਬਹੁਤ ਸਾਰੇ ਦੋਖ = ਦੋਸ਼ ਹਨ।

[**ਸੰਤੋਖ :**] ਹੁਣ ਸੰਤੋਖ = ਸੰਤੁਸ਼ਟ ਬਾਰੇ ਦੱਸਦੇ ਹਨ :

## ਲਾਲਚ ਤਜੈ; ਧਰੈ ਸੰਤੋਖ।

ਲੋਭ ਲਾਲਚ ਨੂੰ ਤਜੈ = ਤਿਆਗ ਕੇ ਹਿਰਦੇ ਵਿਚ ਸੰਤੋਖ ਧਰੈ = ਧਾਰਨ ਕਰੇ। ਜੈਸਾ ਕਿ :

**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥** *(ਜਪੁ ਜੀ, ਅੰਗ ੩)*

ਵਾ: **ਬਿਨਾ ਸੰਤੋਖ ਨਹੀ ਕੋਊ ਰਾਜੈ ॥**
**ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥** *(ਗਉੜੀ ਸੁਖਮਨੀ ਮ: ੫, ਅੰਗ ੨੭੯)*

ਵਾ: **ਸਮ ਸੰਤੋਖ ਨ ਔਰ ਸੁਖ ਤਪ ਨ ਖਿਮਾਂ ਸਮ ਜਾਨ॥**
**ਬ੍ਰਹਮ ਗਯਾਨ ਸਮ ਦਾਨ ਨਹਿ ਧਰਮ ਨ ਦਯਾ ਸਮਾਨ॥੬॥** *(ਸਾਰੁਕਤਾਵਲੀ ਅਧਿਆਇ ੧)*

[**ਤਯਾਗਣੇ ਜੋਗ ਕਰਮ:**] ਹੁਣ ਦੱਸਦੇ ਹਨ ਕਿ ਤਿਆਗਣੇ ਜੋਗ ਕਰਮ ਕਿਹੜੇ ਹਨ:

## ਪਰਤ੍ਰਿਯ ਪਰਧਨ; ਪਰ ਕੀ ਅੰਸ਼।

ਪਰਤ੍ਰਿਯ = ਪਰਾਈ ਇਸਤ੍ਰੀ ਨਾਲ ਸਰੀਰਕ ਸੰਬੰਧ ਨਹੀਂ ਕਰਨਾ, ਪਰਧਨ = ਪਰਾਇਆ ਧਨ ਚੋਰੀ ਨਹੀਂ ਕਰਨਾ ਤੇ ਜੋ ਪਰ = ਪਰਾਏ ਦਾ ਅੰਸ਼ = ਹਿੱਸਾ ਹੈ, ਉਹ ਨਹੀਂ ਵਰਤਣਾ। ਜੈਸਾ ਕਿ:

**ਪਰ ਧਨ ਪਰ ਦਾਰਾ ਪਰਹਰੀ॥**
**ਤਾ ਕੈ ਨਿਕਟਿ ਬਸੈ ਨਰਹਰੀ॥੧॥** *(ਭੈਰਉ ਭਗਤ ਨਾਮਦੇਵ ਜੀ, ਅੰਗ ੧੧੬੩)*

ਵਾ: **ਹੋ ਪਰ ਧਨ ਪਾਹਨ ਤੁਲਿ ਤ੍ਰਿਯਾ ਪਰ ਮਾਤ ਹਮਾਰੈ॥੫੮॥**
*(ਸ੍ਰੀ ਦਸਮ ਗ੍ਰੰਥ, ਚਰਿਤ੍ਰ ੨੧-੫੮/੬)*

## ਨਹਿ ਲਿਹੁ ਲੇਹਿ; ਜੁ ਕਰਹਿ ਬਿਧ੍ਵੰਸ॥੧੬॥

(ਪਾਠਾਂਤ੍ਰ ਲਿਹੁ ਏਹ)

ਇਹ ਤਿੰਨੇ ਚੀਜ਼ਾਂ ਨਹੀਂ ਲਿਹੁ ਲੇਹਿ = ਲੈਣੀਆਂ, ਜੋ ਲੈਣਾ ਕਰੇਗਾ ਤਾਂ ਉਸ ਕੋਲ ਪਹਿਲਾਂ ਪਿਆ ਵੀ ਪਦਾਰਥ ਬਿਧ੍ਵੰਸ = ਵਿਸ਼ੇਸ਼ ਕਰਕੇ ਨਾਸ਼ ਹੋ ਜਾਵੇਗਾ॥੧੬॥

[**ਖਿਮਾ**] ਹੁਣ ਖਿਮਾਂ ਬਾਰੇ ਦੱਸਦੇ ਹਨ:

## ਅਪਨੇ ਤੇ; ਨਿਰਬਲ ਕੋ ਜਾਨਿ।

ਆਪਣੇ ਤੇ = ਤੋਂ ਕਿਸੇ ਕੋ = ਨੂੰ ਨਿਰਬਲ = ਕਮਜ਼ੋਰ ਜਾਣ ਕਰਕੇ।

## ਤਿਸ ਪੁਰ ਕੋਪ ਨ; ਕਰਹੁ ਸੁਜਾਨ।

ਹੇ ਸੁਜਾਨ = ਸੂਝਵਾਨ ਗੁਰਸਿੱਖੋ! ਤਿਸ = ਉਸ ਪੁਰ = ਉੱਤੇ ਕੋਪ = ਗ਼ੁੱਸਾ ਕਰਕੇ ਨਿਰਾਦਰ ਦੇ ਸ਼ਬਦ ਨਹੀਂ ਕਹਿਣੇ।

[**ਨਿਰ ਅਭਿਮਾਨਤਾ:**] ਹੁਣ ਨਿਰ ਅਭਿਮਾਨਤਾ ਦੇ ਸੰਬੰਧ ਵਿਚ ਕਹਿੰਦੇ ਹਨ।

## ਬਿੱਦਿਆ ਕੈ; ਸਰੂਪ ਹੈ ਤਨ ਕੋ।

ਤੁਹਾਡੇ ਕੋਲ ਕਿਸੇ ਪ੍ਰਕਾਰ ਦੀ ਵਿੱਦਿਆ ਹੈ, ਕੈ = ਜਾਂ ਤੁਹਾਡੇ ਤਨ = ਸਰੀਰ ਕੋ = ਦਾ ਸਰੂਪ ਬਹੁਤ ਸੋਹਣਾ ਹੈ, ਜਾਂ:

## ਬੁਧਿ ਬਿਸਾਲ ਕੈ; ਦੀਰਘ ਧਨ ਕੋ॥੧੭॥

ਬਿਸਾਲ = ਬਹੁਤੀ ਬੁੱਧੀ ਤੀਖਸ਼ਣ ਹੈ, ਭਾਵ ਅਕਲ ਬੜੀ ਤੇਜ਼ ਹੈ, ਕੈ = ਜਾਂ ਤੁਹਾਡੇ ਕੋਲ ਦੀਰਘ = ਬਹੁਤ ਧਨ ਹੈ॥੧੭॥

## ਇੱਤ੍ਯਾਦਿਕ ਤੇ; ਗਰਬ ਨ ਧਰੀਯਹਿ।

ਇੱਤ੍ਯਾਦਿਕ = ਵਿੱਦਿਆ, ਤਨ ਦਾ ਸਰੂਪ, ਚੰਗੀ ਬੁੱਧੀ ਤੇ ਬਹੁਤਾ ਧਨ ਇਹਨਾਂ ਸਾਰਿਆਂ ਦਾ ਮਨ ਵਿਚ ਗਰਬ = ਹੰਕਾਰ ਨਾ ਧਰੀਯਹਿ = ਧਾਰਨ ਕਰੋ।

## ਦਾਤਾ ਈਸ਼ੁਰ ਏਕ; ਬਿਚਰੀਅਹਿ।

ਇਹ ਬਿਚਰੀਅਹਿ = ਵਿਚਾਰ ਕਰੀਏ ਕਿ ਇਹਨਾਂ ਸਾਰੀਆਂ ਦਾਤਾਂ ਦੇ ਦੇਣ ਵਾਲਾ ਏਕ = ਇਕ ਈਸ਼ੁਰ = ਪਰਮੇਸ਼ਰ ਹੀ ਹੈ ਕਿ ਪਰਮਾਤਮਾ ਨੇ ਹੀ ਮੈਨੂੰ ਸੋਹਣਾ ਸਰੀਰ, ਚੰਗੀ ਅਕਲ, ਚੰਗੀ ਵਿੱਦਿਆ, ਬਹੁਤ ਧਨ ਦਿੱਤਾ ਹੈ, ਬਲਕਿ ਇਹ ਭਾਵ ਰੱਖਣਾ ਕਿ ਜੈਸਾ ਕਿ :

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥**
**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥** *(ਸਲੋਕ ਕਬੀਰ ਜੀ, ਅੰਗ ੧੩੭੫)*

## ਤੀਰਥ ਬਰਤ ਆਦਿ; ਕਰਿ ਕਰਮ।

ਤੀਰਥ ਅਤੇ ਬਰਤ ਆਦਿ ਕਰਮ ਕਰਕੇ।

## ਨਹਿਂ ਅਭਿਮਾਨ ਧਰਹੁ; ਜੁਤਿ ਸ਼ਰਮ ॥੧੮॥

ਸ਼ਰਮ = ਥਕਾਵਟ ਜੁਤਿ = ਸਹਿਤ ਔਖੇ ਹੋ ਕੇ ਜੋ ਕਰਮ ਕੀਤੇ ਹਨ, ਇਹਨਾਂ ਦਾ ਅਭਿਮਾਨ = ਹੰਕਾਰ ਨਾ ਧਾਰਨ ਕਰੇ ॥੧੮॥

## ਕਰਹਿ ਸੁ ਕਰਮ; ਧਰਹਿ ਅਭਿਮਾਨ।

ਜਿਹੜਾ ਇਹ ਉਪਰੋਕਤ ਕਰਮ ਕਰਕੇ ਮਨ ਵਿਚ ਅਭਿਮਾਨ = ਹੰਕਾਰ ਧਰਹਿ = ਧਾਰਨ ਕਰ ਲਵੇ, ਉਸਦੇ :

## ਨਿਫਲ ਜਾਤਿ; ਜਿਉਂ ਗਜ ਇਸਨਾਨ।

ਤੀਰਥ, ਬਰਤ ਦਾਨ ਆਦਿ ਕਰਮ ਕੀਤੇ ਹੋਏ ਨਿਫਲ = ਨਿਸਫਲ ਭਾਵ ਫਲ ਦਿੱਤੇ ਤੋਂ ਬਿਨਾਂ ਇਉਂ ਚੱਲੇ ਜਾਤਿ = ਜਾਂਦੇ ਹਨ, ਜਿਉਂ = ਜਿਵੇਂ ਗਜ = ਹਾਥੀ ਦਾ ਇਸ਼ਨਾਨ ਕੀਤਾ ਹੋਇਆ ਨਿਸਫਲ ਹੈ ਕਿਉਂਕਿ ਉਹ ਨਹਾ ਕੇ ਗਿੱਲੇ ਪਿੰਡੇ 'ਤੇ ਆਪਣੀ ਸੁੰਡ ਨਾਲ ਮਿੱਟੀ ਘੱਟਾ ਉੱਪਰ ਪਾ ਲੈਂਦਾ ਹੈ। ਜੈਸਾ ਕਿ :

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥** *(ਸਲੋਕ ਮ: ੯, ਅੰਗ ੧੪੨੮)*

## ਅਪਨੋ ਜਸ; ਪਰਨਿੰਦ ਨ ਕਹੈ।

ਆਪਣੀ ਜਸ = ਵਡਿਆਈ ਤੇ ਪਰਾਏ ਦੀ ਨਿੰਦਾ ਇਹ ਦੋਵੇਂ ਗੱਲਾਂ ਆਪਣੇ ਮੁੱਖ ਤੋਂ ਕਦੀ ਨਾ ਕਹੇ।

## ਕਹੈ ਤ; ਇਸ ਤੇ ਭੀ ਅਘ ਲਹੈ ॥੧੯॥

ਜੇ ਕਹੇਗਾ ਤਾਂ ਇਸ ਤੋਂ ਭੀ ਅਘ = ਪਾਪ ਹੀ ਲਹੈ = ਲੈਂਦਾ ਹੈ ॥੧੯॥ ਜੈਸਾ ਕਿ :

**ਪਰ ਕਾਵ ਸਦੋਖ ਅਦੋਖ ਭਨੇ ਕਟੁ ਵਾਕ ਕਹੇ ਨ ਪਰੰਤੁ ਸਹੇ॥**
**ਅਪਨੇ ਗੁਣ ਔਗੁਣ ਤਯੋਂ ਪਰ ਕੇ ਚਹੁ ਮੋਂ ਦੁ ਕਹੇ ਦੁ ਕਬੀ ਨ ਕਹੇ॥**

*(ਸਾਰੁਕਤਾਵਲੀ, ਅਧਿਆਇ ਗਿਆਰ੍ਹਵਾਂ)*

## ਦਾਨ ਕਰਯੋ; ਮੁਖ ਤੇ ਨਹਿਂ ਭਾਖੈ।

ਕੋਈ ਧਨ, ਪਦਾਰਥ ਦਾਨ ਕਰਯੋ = ਕਰਕੇ ਮੁਖ ਤੇ = ਤੋਂ ਭਾਖੈ = ਕਹੇ ਨਾ ਕਿ ਮੈਂ ਕੀਤਾ ਹੈ, ਬਲਕਿ :

## ਸਦਾ ਛਪਾਵਨ ਕੋ; ਅਭਿਲਾਖੈ।

ਦਾਨ ਪੁੰਨ ਕਰਕੇ ਸਦਾ = ਹਮੇਸ਼ਾ ਉਸ ਕੋ = ਨੂੰ ਛਪਾਵਨ = ਛਪਾਉਣ ਦੀ ਅਭਿਲਾਖਾ = ਇੱਛਾ ਰੱਖੇ, ਭਾਵ ਦਾਨ ਪੁੰਨ ਗੁਪਤ ਕਰੇ, ਪ੍ਰਗਟ ਕਰਨ ਦੇ ਨਾਲ ਮਨ ਵਿਚ ਹਉਮੈ ਪੈਦਾ ਹੁੰਦੀ ਹੈ ਜੋ ਇਸ ਦੇ ਫਲ ਨੂੰ ਨਸ਼ਟ ਕਰ ਦੇਂਦੀ ਹੈ। ਜਿਵੇਂ ਦਾਣੇ, ਬੀਜ ਧਰਤੀ ਵਿਚ ਬੀਜਣ ਵੇਲੇ ਗੁਪਤ ਕਰ ਦਈਦੇ ਹਨ, ਭਾਵ ਮਿੱਟੀ ਦੇ ਵਿਚ ਲੁਕੋ ਦਈਦੇ ਹਨ ਫਿਰ ਉਹ ਚੰਗਾ ਵੱਧਦੇ ਫੁੱਲਦੇ ਹਨ। ਜੇ ਧਰਤੀ 'ਤੇ ਪ੍ਰਗਟ ਕਰਕੇ ਰੱਖ ਦਈਏ ਤਾਂ ਉਸ ਨੂੰ ਪੰਛੀ ਹੀ ਚੁਗ ਲੈਂਦੇ ਹਨ ਫਿਰ ਉਸ ਨੇ ਉੱਗਣਾ ਕੀ ਹੈ, ਇਸੇ ਤਰ੍ਹਾਂ ਗੁਪਤ ਦਾਨ ਕੀਤਾ ਹੋਇਆ ਹੀ ਪ੍ਰਫੁੱਲਿਤ ਹੁੰਦਾ ਹੈ।

[**ਮਿੱਠ ਬੋਲਨਾ :**] ਹੁਣ ਰਸਦਾਇਕ ਬਚਨ ਬੋਲਣੇ ਉਹ ਦੱਸਦੇ ਹਨ ਕਿ ਕਿਵੇਂ ਬੋਲਣੇ ਹਨ :

## ਮਧੁਰ ਕਹੈ; ਸਭਿ ਕੋ ਤ੍ਰਿਪਤਾਵੈ।

ਸਤਿਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਸਭਿ = ਸਾਰਿਆਂ ਕੋ = ਨੂੰ ਮਧੁਰ = ਮਿੱਠੇ ਬਚਨ ਕਹਿ ਕੇ ਤ੍ਰਿਪਤਾਵੈ = ਪ੍ਰਸੰਨ ਕਰੇ, ਕਿਉਂਕਿ ਮਿੱਠੇ ਬਚਨ ਕਹਿਣ ਨਾਲ ਦੂਸਰਾ ਮਨੁੱਖ ਪ੍ਰਸੰਨ ਹੋ ਜਾਂਦਾ ਹੈ।

## ਫੀਕਾ ਬੋਲ; ਨ ਕਿਸੀ ਦੁਖਾਵੈ॥੨੦॥

ਕਿਸੀ = ਕਿਸੇ ਨੂੰ ਫੀਕਾ = ਬੇ-ਰਸਾ ਬਚਨ ਬੋਲ ਕੇ ਉਸ ਦਾ ਦਿਲ ਨਾ ਦੁਖਾਵੇ, ਭਾਵ ਕੌੜਾ, ਫਿੱਕਾ ਬਚਨ ਕਿਸੇ ਨੂੰ ਬੋਲਣਾ ਗੁਰਮਤਿ ਵਿਚ ਇਸ ਦੀ ਸਖ਼ਤ ਮਨਾਹੀ ਹੈ॥੨੦॥ ਜੈਸਾ ਕਿ :

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥** *(ਆਸਾ ਦੀ ਵਾਰ ਮ: ੧, ਅੰਗ ੪੭੪)*

ਵਾ: **ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥** *(ਸਿਰੀਰਾਗੁ ਮ: ੧, ਅੰਗ ੧੫)*

[**ਧਰਮ ਕਿਰਤ**] ਧਰਮ ਦੇ ਨਿਯਮਾਂ ਅਨੁਸਾਰ ਕਿਰਤ ਕਰਨੀ, ਭਾਵ ਸੱਚ ਦੀ ਕਮਾਈ ਕਰਨੀ, ਹੁਣ ਉਸ ਬਾਰੇ ਦੱਸਦੇ ਹਨ :

## ਧਰਮ ਕ੍ਰਿੱਤ ਕਰ; ਦਰਬ ਕਮਾਵੈ।

(ਪਾਠਾਂਤ੍ਰ ਕਿਰਤ)

ਧਰਮ ਦੀ ਕਿਰਤ ਕਰਕੇ ਦਰਬ = ਪੈਸਾ ਕਮਾਉਣਾ ਕਰੇ; ਠੱਗੀ, ਚੋਰੀ, ਰਿਸ਼ਵਤ ਆਦਿ ਨਾਲ ਧਨ ਨਾ ਕਮਾਉਣੇ ਕਰੇ। ਜੈਸਾ ਕਿ :

**ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।**

*(ਭਾਈ ਗੁਰਦਾਸ ਜੀ, ਵਾਰ ੬, ਪਉੜੀ ੧੨)*

[**ਵੰਡ ਛਕਣਾ :**] ਹੁਣ ਵੰਡ ਕੇ ਛਕਣਾ ਭਾਵ ਦੂਸਰਿਆਂ ਨੂੰ ਵਰਤਾਅ ਕੇ ਛਕਣਾ, ਉਸ ਬਾਰੇ ਦੱਸਦੇ ਹਨ :

## ਬੰਟ ਅਤਿੱਥਨਿ ਕੋ; ਪੁਨ ਖਾਵੈ।

ਅਤਿੱਥਨਿ = ਜਿਸ ਦੇ ਆਉਣ ਦੀ ਕੋਈ ਤਿਥਿ ਨਹੀਂ, ਭਾਵ ਅਚਾਨਕ ਆਉਣ ਵਾਲਾ ਲੋੜਵੰਦ ਗ਼ਰੀਬ **ਵਾ:** ਅਭਿਆਗਤ ਉਹਨਾਂ ਨੂੰ ਬੰਟ = ਵੰਡ ਕੇ ਪੁਨ = ਫਿਰ ਆਪ ਖਾਵੈ = ਖਾਵੇ ਭਾਵ ਛਕੇ। ਜੈਸਾ ਕਿ :

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥੧॥** *(ਸਾਰੰਗ ਵਾਰ ਮ: ੪, ਅੰਗ ੧੨੪੬)*

**ਵਾ: ਗੁਰਸਿਖਾਂ ਨੋ ਦੇਇ ਕਰਿ ਪਿਛੋ ਬਚਿਆ ਆਪ ਖਵੰਦਾ।** *(ਭਾਈ ਗੁਰਦਾਸ ਜੀ, ਵਾਰ ੪੦, ਪਉੜੀ ੧੧)*

[**ਸੂੱਛਤਾ :**] ਹੁਣ ਸੂੱਛਤਾ = ਪਵਿੱਤਰਤਾ ਬਾਰੇ ਦੱਸਦੇ ਹਨ :

## ਊਪਰ ਬਸਤ੍ਰ ਨ; ਰਖੈ ਮਲੀਨ।

ਜਿਵੇਂ ਸਰੀਰ ਦੇ ਊਪਰ = ਉੱਪਰ ਬਸਤਰ ਮਲੀਨ = ਮੈਲ ਵਾਲੇ ਨਾ ਰਖੈ = ਰੱਖੇ।

## ਤਿਮ ਕਾਯਾ ਕੋ; ਨਿਤ ਮਲਹੀਨ ॥੨੧॥

ਤਿਮ = ਇਸੇ ਤਰ੍ਹਾਂ ਕਾਯਾ = ਸਰੀਰ ਕੋ = ਨੂੰ ਪਾਣੀ ਆਦਿਕ ਨਾਲ ਧੋ ਕੇ ਮਲਹੀਨ = ਮੈਲ ਤੋਂ ਰਹਿਤ ਭਾਵ ਸੂੱਛ ਰੱਖਣਾ ਕਰੇ। ਇਹ ਨਿਯਮ ਹੈ ਕਿ ਜੇ ਮਹਾਰਾਜ ਦੀ ਹਜ਼ੂਰੀ ਜਾਣਾ ਹੋਵੇ ਤਾਂ ਮਲ ਤਿਆਗ ਕਰਮ ਭਾਵ ਪੇਟ ਦੀ ਸਫ਼ਾਈ ਰੂਪ ਕਰਮ ਕੀਤਾ ਹੋਵੇ ਤਾਂ ਇਸ਼ਨਾਨ ਕਰਕੇ ਜਾਣਾ, ਜੇ ਪਿਸ਼ਾਬ ਆਦਿ ਦੀ ਕਿਰਿਆ ਕੀਤੀ ਹੋਵੇ ਤਾਂ ਪੰਜ ਇਸ਼ਨਾਨਾ ਕਰਕੇ ਜਾਣਾ ਭਾਵ ਗੋਡਿਆਂ ਤੋਂ ਲੈ ਕੇ ਪੈਰਾਂ ਤਕ ਜਲ ਵਰਤਣਾ ਤੇ ਬਾਹਾਂ ਨੂੰ ਕੁਹਣੀਆਂ ਤਕ ਧੋਣਾ ਕਿਉਂਕਿ ਬਸਤਰ ਅਤੇ ਸਰੀਰ ਦੀ ਜੋ ਮਲੀਨਤਾ ਹੈ ਫਿਰ ਮੈਲ ਦਾ ਅਸਰ ਅੰਤਸ਼ਕਰਣ 'ਤੇ ਵੀ ਪੈਂਦਾ ਹੈ। ਇਸ ਕਰਕੇ ਸਰੀਰ ਦੀ ਤੇ ਬਸਤਰਾਂ ਦੀ ਪਵਿੱਤਰਤਾ ਰੱਖਣੀ ਚਾਹੀਦੀ ਹੈ ॥੨੧॥

[**ਕੁਸੰਗ :**] ਕੁਸੰਗ = ਖੋਟਾ ਸੰਗ ਕੀ ਹੈ ? ਹੁਣ ਉਸ ਬਾਰੇ ਦੱਸਦੇ ਹਨ :

## ਚੋਰ, ਜਾਰ, ਬਟਪਾਰ, ਜੁਆਰੀ।

ਜੋ ਚੋਰ = ਚੋਰੀ ਕਰਨ ਵਾਲਾ, ਜਾਰ = ਪਰਾਈਆਂ ਇਸਤ੍ਰੀਆਂ ਦੀ ਸੰਗਤ ਕਰਦਾ ਹੈ, ਬਟਪਾਰ = ਰਸਤਿਆਂ ਵਿਚ ਠੱਗਣ ਵਾਲਾ ਭਾਵ ਰਾਹਮਾਰ, ਜੁਆਰੀ = ਜੂਆ ਖੇਡ ਕੇ ਧਨ ਕਮਾਉਣ ਵਾਲਾ।

## ਕ੍ਰਿਤਘਨ, ਬੰਚਕ, ਛਲੀ ਕੁਚਾਰੀ।

ਕ੍ਰਿਤਘਨ = ਦੂਸਰੇ ਦੇ ਕੀਤੇ ਹੋਏ ਉਪਕਾਰ ਨੂੰ ਭੁਲਾਉਣ ਵਾਲਾ, ਬੰਚਕ = ਠੱਗ, ਛਲੀ = ਛਲ ਕਰਨ ਵਾਲਾ ਭਾਵ ਕਪਟੀ ਪੁਰਸ਼, ਕੁਚਾਰੀ = ਮਨ ਦੀ ਖੋਟੀ ਚਾਲ ਚੱਲਣ ਵਾਲਾ ਭਾਵ ਖੋਟੇ ਆਚਰਣ ਵਾਲਾ, ਸ਼ਰਾਬ ਵੇਚਣ ਤੇ ਪੀਣ ਵਾਲਾ।

## ਸੁਪਨੇ ਮਹਿਂ ਭੀ; ਇਨ ਕੀ ਸੰਗਤਿ।

ਇਨ = ਇਹਨਾਂ ਸਾਰਿਆਂ ਕੀ = ਦੀ ਸੰਗਤਿ ਜਾਗਦਿਆਂ ਹੋਇਆਂ ਤਾਂ ਕੀ ਕਰਨੀ ਹੈ, ਸੁਪਨੇ ਦੇ ਵਿਚ

ਭੀ ਨਾ ਕਰੇ, ਕਿਉਂਕਿ ਇਹ ਸੁਪਨੇ ਵਿਚ ਵੀ ਨੁਕਸਾਨ ਕਰ ਜਾਂਦੇ ਹਨ ਭਾਵ ਇਹਨਾਂ ਨਾਲ ਨਫ਼ਰਤ ਦੇ ਗੂੜ੍ਹੇ ਸੰਸਕਾਰ ਹੋਣ ਤਾਂ ਕਿ ਇਹਨਾਂ ਦਾ ਸੁਪਨਾ ਵੀ ਨਾ ਆਵੇ।

## ਕਰੇ ਨ ਕਬਿਹੂੰ; ਥਿਰ ਨ ਪੰਗਤਿ ॥੨੨॥

ਨਾਂ ਇਹਨਾਂ ਦੀ ਕਬਿਹੂੰ = ਕਦੇ ਵੀ ਸੰਗਤ ਕਰੇ ਤੇ ਨਾ ਕਦੇ ਇਹਨਾਂ ਦੀ ਪੰਗਤਿ = ਕਤਾਰ ਦੇ ਵਿਚ ਥਿਰ = ਟਿਕੇ ਭਾਵ ਬੈਠੇ ॥੨੨॥

## ਬਿਸ਼ਿਯਨਿ ਤੇ; ਬਿਸ਼ਈ ਨਰ ਬੁਰੋ।

ਬਿਸ਼ਿਯਨਿ = ਵਿਸ਼ਿਆਂ ਦੇ ਤੇ = ਨਾਲੋਂ ਵਿਸ਼ਈ ਵਿਸ਼ੇ ਭੋਗਣ ਵਾਲਾ ਨਰ = ਪੁਰਸ਼ ਬੁਰੋ = ਮਾੜਾ ਹੁੰਦਾ ਹੈ।

## ਲਖਿ ਦੁਰਜਨ; ਤਤਛਿਨ ਪਰਹਰੋ।

ਦੁਰਜਨ = ਖੋਟਾ ਪੁਰਸ਼ ਲਖਿ = ਦੇਖ ਕੇ ਤਤਛਿਨ = ਜਲਦੀ ਦੇ ਕੇ ਪਰਹਰੋ = ਤਿਆਗ ਦੇਵੋ। ਜੈਸਾ ਕਿ :

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥** *(ਸਲੋਕ ਕਬੀਰ ਜੀ, ਅੰਗ ੧੩੭੧)*

ਖੋਟੇ ਪੁਰਸ਼ ਦੀ ਸੰਗਤ ਤਿਆਗਣ ਦਾ ਕਬੀਰ ਜੀ ਨੇ ਇਹ ਪ੍ਰਮਾਣ ਦਿੱਤਾ ਕਿ ਜਿਵੇਂ ਕਾਲਾ ਬਰਤਨ ਸਾਰੀ ਕਾਲਖ਼ ਜੇ ਨਹੀਂ ਦਿੰਦਾ ਤਾਂ ਦਾਗ਼ ਜ਼ਰੂਰ ਲਾ ਦੇਂਦਾ ਹੈ। ਇਸੇ ਤਰ੍ਹਾਂ ਵਿਕਾਰੀ ਪੁਰਸ਼ ਜੇ ਸਾਰੇ ਔਗੁਣ ਨਹੀਂ ਦੇਣਗੇ ਤਾਂ ਕੋਈ ਨਾ ਕੋਈ ਦਾਗ਼ ਜ਼ਰੂਰ ਲਾ ਦੇਣਗੇ। ਇਸ ਕਰਕੇ ਇਹਨਾਂ ਦਾ ਤਿਆਗਣਾ ਹੀ ਜੋਗ ਹੈ।

ਜਿਵੇਂ ਕੋਈ ਕਹੇ ਕਿ ਵਿਸ਼ਿਆਂ ਨਾਲੋਂ ਵਿਸ਼ਈ ਪੁਰਸ਼ ਕਿਉਂ ਮਾੜਾ ਹੈ ਤਾਂ ਉਸਦਾ ਉੱਤਰ ਦਿੰਦੇ ਹਨ :

## ਜਥਾ ਅਗਨਿ ਤੇ; ਲੋਹ ਤਪਾਯੋ।

ਜਥਾ = ਜਿਸ ਪ੍ਰਕਾਰ ਅਗਨਿ = ਅੱਗ ਤੇ = ਤੋਂ ਲੋਹਾ ਤਪਾਯੋ = ਤਪਾਇਆ ਹੋਵੇ ਭਾਵ ਲਾਲੋ ਲਾਲ ਕੀਤਾ ਹੋਵੇ, ਉਸ ਵਿੱਚ ਦਘਦ ਕਰਨ ਦੀ ਸ਼ਕਤੀ ਅੱਗ ਨਾਲੋਂ ਜ਼ਿਆਦਾ ਹੋ ਜਾਂਦੀ ਹੈ।

## ਦਿਪਤਿ ਜਾਤਿ ਨਹਿੰ; ਹਾਥ ਛੁਵਾਯੋ ॥੨੩॥

ਜਦੋਂ ਅੱਗ ਦਾ ਤਪਾਇਆ ਲੋਹਾ ਅੱਗ ਦੀ ਤਰ੍ਹਾਂ ਦਿਪਿਤ = ਚਮਕਦਾ ਹੋਵੇ ਭਾਵ ਲਾਲੋ ਲਾਲ ਹੋਇਆ ਹੋਵੇ, ਉਸ ਨਾਲ ਹੱਥ ਛੁਵਾਯੋ = ਛੋਇਆ ਨਹੀਂ ਜਾਂਦਾ ਭਾਵ ਸਪਰਸ਼ ਨਹੀਂ ਕੀਤਾ ਜਾਂਦਾ, ਜੇਕਰ ਲੋਹੇ ਨੂੰ ਹੱਥ ਲਾਈਏ ਤਾਂ ਹੱਥ ਉੱਤੇ ਦਾਗ਼ ਪੈ ਜਾਂਦਾ ਹੈ, ਪਰ ਅੱਗ ਉਤਨੀ ਜਲਦੀ ਸਪਰਸ਼ ਕਰਿਆਂ ਤੋਂ ਦਾਗ਼ ਨਹੀਂ ਪਾਉਂਦੀ। ਇਸੇ ਤਰ੍ਹਾਂ ਲੋਹੇ ਦੀ ਨਿਆਈਂ ਵਿਸ਼ਈ ਪੁਰਸ਼ ਵਿਸ਼ਿਆਂ ਨਾਲੋਂ ਮਾੜਾ ਹੈ, ਵਿਸ਼ੇ ਅੱਗ ਦੀ ਨਿਆਈਂ ਹਨ, ਤੇ ਵਿਸ਼ਈ ਪੁਰਸ਼ ਅੱਗ ਤੋਂ ਤਪੇ ਹੋਏ ਲੋਹੇ ਦੀ ਨਿਆਈਂ ਹੈ, ਹੈ ਅੱਗ ਵੀ ਫੂਕਦੀ, ਇਸੇ ਤਰ੍ਹਾਂ ਵਿਸ਼ੇ ਵੀ ਮਾੜੇ ਹਨ, ਪਰ ਵਿਸ਼ਈ ਪੁਰਸ਼ ਲੋਹੇ ਵਾਂਗ ਵਿਸ਼ਿਆਂ ਨਾਲੋਂ ਵੀ ਮਾੜਾ ਹੈ ॥੨੩॥

[**ਸਤਿਸੰਗ :**] ਹੁਣ (ਸਤਿ + ਸੰਗ) ਸਤਿ = ਸੱਚੇ ਪੁਰਖਾਂ ਦੀ ਸੰਗ = ਸੰਗਤ ਬਾਰੇ ਦੱਸਦੇ ਹਨ :

## ਜਲ ਸੁਸ਼ੀਲ ਕੀ; ਸੰਗਤਿ ਕਰੀਏ।

ਸੁਸ਼ੀਲ = ਨਰਮ ਸੁਭਾਅ ਵਾਲੇ ਭਾਵ ਨਿਮਰਤਾ ਵਾਲੇ, ਪਰਮੇਸ਼ਰ ਦੇ ਜਨ = ਸੇਵਕ ਮਹਾਂਪੁਰਸ਼ ਜਿਸ ਨੇ ਆਪਣੇ ਮਨ ਤੇ ਇੰਦ੍ਰਿਆਂ ਨੂੰ ਜਿੱਤਿਆ ਹੋਇਆ ਹੈ, ਉਹਨਾਂ ਦੀ ਸੰਗਤ ਕਰਨਾ ਕਰੀਏ। ਜੈਸਾ ਕਿ:

**ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥** *(ਸਲੋਕ ਕਬੀਰ ਜੀ, ਅੰਗ ੧੩੬੯)*

## ਜਿਨ ਮਿਲਿ ਤੇ; ਅਵਗੁਨ ਪਰਹਰੀਏ।

ਜਿਨ੍ਹਾਂ ਸਤਿਪੁਰਸ਼ਾਂ ਦੇ ਮਿਲਣ ਨਾਲ ਭਾਵ ਸੰਗਤ ਕਰਨ ਨਾਲ ਅਵਗੁਨ = ਔਗੁਣਾਂ ਦਾ ਪਰਹਰੀਏ = ਤਿਆਗ ਹੋ ਜਾਵੇ। ਜੈਸਾ ਕਿ:

**ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥**
**ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥੨॥**

*(ਗੂਜਰੀ ਵਾਰ ਮ: ੫, ਅੰਗ ੫੨੦)*

[**ਕਥਾ ਸ਼੍ਰਵਣ:**] ਹੁਣ ਕਥਾ ਸ਼੍ਰਵਣ = ਸੁਣਨ ਦੀ ਮਹਾਨਤਾ ਦੱਸਦੇ ਹਨ:

## ਸੁਨੀਅਹਿ; ਅਵਤਾਰਨ ਇਤਿਹਾਸ।

ਕਥਾ ਇਤਿਹਾਸ ਗੁਰੂ ਅਵਤਾਰਨ = ਅਵਤਾਰਾਂ ਦਾ ਸੁਨੀਅਹਿ = ਸੁਣਨਾ ਕਰੋ ਸਿੱਖ ਲਈ ਇਹ ਹੁਕਮ ਹੈ। ਇਸ ਪੰਕਤੀ ਦਾ ਇਸ਼ਾਰਾ ਅਗਲੀ ਤੁਕ ਵਿਚ ਬਿਲਕੁਲ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਕਿਹੜੇ ਅਵਤਾਰਾਂ ਨੂੰ ਕਹਿ ਰਹੇ ਹਨ।

## ਸਤਿਗੁਰ ਦਸ; ਜਿਮ ਕਰੇ ਬਿਲਾਸ॥੨੪॥

ਜਿਮ = ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਕ ਦਸੇ ਗੁਰੂ ਸਾਹਿਬਾਨਾਂ ਨੇ ਬਿਲਾਸ = ਕੌਤਕ, ਚੋਜ ਕਰੇ = ਕੀਤੇ ਹਨ, ਇਹ ਕਥਾ ਨੂੰ ਗੁਰਸਿੱਖ ਆਪਣਾ ਜੀਵਨ ਦਾ ਇਕ ਹਿੱਸਾ ਬਣਾ ਕੇ ਚੱਲਣ ਤਾਂ ਕਿ ਗੁਰੂ ਸਾਹਿਬਾਨਾਂ ਦੀ ਕਰਨੀ ਦਾ ਪ੍ਰਭਾਵ ਪਵੇ ਤੇ ਗੁਰਸਿੱਖਾਂ ਦਾ ਜੀਵਨ ਉੱਚਾ ਹੋਵੇ॥੨੪॥

## ਬਹੁਰ ਬ੍ਰਹਮ ਕੋ; ਨਿਰਨੈ ਜਹਾਂ।

ਬਹੁਰ = ਫਿਰ ਇਸ ਤੋਂ ਬਾਅਦ ਜੋ ਗੁਰਬਾਣੀ ਵਿਚ ਬ੍ਰਹਮ = ਵਿਆਪਕ ਪਰਮੇਸ਼ਰ ਕੋ = ਦਾ ਕਥਨ ਹੈ, ਜਹਾਂ = ਜਿਥੇ ਗੁਰਬਾਣੀ ਦੇ ਵਿਚ ਨਿਰਗੁਣ ਬ੍ਰਹਮ ਦਾ ਨਿਰਨਾ ਹੋ ਰਿਹਾ ਹੈ, ਉਸ ਨੂੰ:

## ਸੂਖਮ ਬੁਧਿ ਕਰਿ; ਸੁਨੀਅਹਿ ਤਹਾਂ।

ਤਹਾਂ = ਉਥੇ ਸੂਖਮ = ਬਿਬੇਕ ਬੁੱਧ ਨਾਲ ਅੰਤਰੀਵ ਕਰਕੇ ਸੁਨੀਅਹਿ = ਸੁਣਨਾ ਕਰੋ, ਭਾਵ ਇਕਾਗਰ ਮਨ ਕਰਕੇ ਸੁਣਨਾ ਕਰੋ।

(**ਸ੍ਰੀ ਅੰਮ੍ਰਿਤਸਰ ਯਾਤ੍ਰਾ:**] ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਦੇ ਮਹਾਤਮ ਬਾਰੇ ਦੱਸਦੇ ਹਨ:

# ਸ੍ਰੀ ਅੰਮ੍ਰਿਤਸਰ; ਮੱਜਨ ਕਰੀਏ।

ਸ੍ਰੀ = ਸ਼ਿਰੋਮਣ ਜੋ ਅੰਮ੍ਰਿਤ ਦਾ ਸਰ = ਸਰੋਵਰ ਹੈ, ਉਸ ਵਿਚ ਮੱਜਨ = ਇਸ਼ਨਾਨ ਕਰੀਏ, ਭਾਵ ਦੁਖ ਭੰਜਨੀ ਬੇਰ ਅਠਸਠਿ ਨਾਮੇ ਘਾਟ ਤੇ ਸ਼ਰਧਾ ਧਾਰ ਕੇ ਇਸ਼ਨਾਨ ਕਰੀਏ।

# ਜਨਮ ਜਨਮ ਕੇ; ਅਘ ਪਰਹਰੀਏ॥੨੫॥

ਇਸ ਇਸ਼ਨਾਨ ਕਰਨ ਦੇ ਨਾਲ ਮਹਾਤਮ ਇਹ ਹੋਵੇਗਾ ਕਿ ਜਨਮਾਂ ਜਨਮਾਂਤ੍ਰਾਂ ਦੇ ਅਘ = ਪਾਪ ਪਰਹਰੀਏ = ਤਿਆਗੇ ਜਾਣਗੇ **ਵਾ:** ਨਾਸ ਹੋ ਜਾਣਗੇ॥੨੫॥ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਸਰੋਵਰ ਦੇ ਇਸ਼ਨਾਨ ਦਾ ਮਹਾਤਮ ਆਪਣੀ ਬਾਣੀ ਵਿਚ ਉਚਾਰਨ ਕੀਤਾ ਹੈ ਅਤੇ ਪੰਜ ਵਾਰ ਚੁੱਭੇ ਮਾਰ ਕੇ ਇਸ਼ਨਾਨ ਕੀਤਾ ਜਾਵੇ, ਹਰੇਕ ਵਾਰੀ ਇਸ਼ਨਾਨ ਤੋਂ ਪਹਿਲਾਂ ਇਹ ਸ਼ਬਦ ਪੜ੍ਹਿਆ ਜਾਵੇ ਜਿਸ ਦੇ ਅੰਤਰੀਵ ਤੇ ਬਾਹਜ ਭਾਵ ਦੋਵੇਂ ਮੌਜੂਦ ਹਨ ਤੇ ਗੁਰਸਿੱਖਾਂ ਨੇ ਸਤਿਗੁਰਾਂ ਨੂੰ ਪ੍ਰਸ਼ਨ ਕੀਤਾ ਸੀ ਕਿ ਅਸੀਂ ਇਸ਼ਨਾਨ ਕਰਨ ਵੇਲੇ ਕਿਹੜਾ ਸ਼ਬਦ ਪੜ੍ਹਿਆ ਕਰੀਏ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਇਹ ਸ਼ਬਦ ਪੜ੍ਹ ਕੇ ਇਸ਼ਨਾਨ ਕਰਿਆ ਕਰੋ, ਹਰੇਕ ਚੁੱਭੇ ਤੋਂ ਪਹਿਲਾਂ ਇਹ ਸ਼ਬਦ ਪੜ੍ਹ ਕੇ ਇਸ਼ਨਾਨ ਕਰਨਾ, ਪੁਰਾਤਨ ਸਮੇਂ ਤੋਂ ਗੁਰਸਿੱਖਾਂ ਵਿਚ ਇਹ ਭਾਵਨਾ ਚੱਲੀ ਆ ਰਹੀ ਕਿ ਹਰੇਕ ਚੁੱਭੇ ਤੋਂ ਪਹਿਲਾਂ ਇਸ ਸ਼ਬਦ ਦਾ ਪਾਠ ਕਰਦੇ ਹਨ। ਜੈਸਾ ਕਿ :

**ਸੋਰਠਿ ਮਹਲਾ ੫ ਘਰੁ ੩ ਦੁਪਦੇ**

ਸੋਰਠ ਰਾਗਣੀ ਵਿਚ ਘਰੁ ੩ = ਤੀਸਰੇ ਸੁਰਤਾਲ ਵਿਚ (ਦੁਪਦੇ = ਦੋ ਪਦਿਆਂ ਵਾਲੇ) ਸ਼ਬਦ ਪਹਿਲਾਂ ਮੰਗਲ ਕਰਕੇ ਉਚਾਰਨ ਕਰਦਿਆਂ ਉਪਦੇਸ਼ ਦੇਣਾ ਕੀਤਾ।

**ੴ ਸਤਿਗੁਰ ਪ੍ਰਸਾਦਿ॥**

੧ = ਅਦ੍ਵੈਤ ਰੂਪ ਪਰਮੇਸ਼ਰ ਓ = ਸਾਰਿਆਂ ਦਾ ਪ੍ਰਕਾਸ਼ਕ, ਸਤਿ = ਨਾਸ ਤੋਂ ਰਹਿਤ, ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ **ਵਾ:** ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

**ਰਾਮਦਾਸ ਸਰੋਵਰਿ; ਨਾਤੇ॥ ਸਭਿ ਉਤਰੇ; ਪਾਪ ਕਮਾਤੇ॥**

ਜੋ ਪੁਰਖ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਅੰਮ੍ਰਿਤ ਸਰੋਵਰਿ = ਤਾਲ ਵਿਚ ਨਾਤੇ = ਇਸ਼ਨਾਨ ਕਰਦੇ ਹਨ, ਉਨ੍ਹਾਂ ਦੇ ਪਿਛਲੇ ਜਨਮਾਂ ਵਿਚ ਕਮਾਤੇ = ਕਮਾਏ ਹੋਏ ਸਭਿ = ਸਾਰੇ ਪਾਪ = ਗੁਨਾਹ ਉਤਰੇ = ਲਹਿ ਜਾਂਦੇ ਹਨ।

**ਨਿਰਮਲ ਹੋਏ; ਕਰਿ ਇਸਨਾਨਾ॥ ਗੁਰਿ ਪੂਰੈ; ਕੀਨੇ ਦਾਨਾ॥੧॥**

ਉਹ ਇਸ਼ਨਾਨ ਕਰਿ = ਕਰਕੇ ਨਿਰਮਲ = ਉੱਜਲ ਮਨ ਵਾਲੇ ਹੋਏ = ਹੋ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਪੂਰੈ = ਪੂਰਨ ਗੁਰਿ = ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਦਾ **ਵਾ:** ਨਾਮ ਦਾ ਦਾਨਾ = ਦਾਨ ਦੇਣਾ ਕੀਨੇ = ਕੀਤਾ ਹੈ॥੧॥ ਅਤੇ :

**ਸਭਿ ਕੁਸਲ ਖੇਮ; ਪ੍ਰਭਿ ਧਾਰੇ॥**

ਉਨ੍ਹਾਂ ਨੂੰ ਸਭਿ = ਸਾਰੇ ਕੁਸਲ = ਸੁਖ ਤੇ ਲੋਕ-ਪ੍ਰਲੋਕ ਵਿਚ ਖੇਮ = ਰੱਖਿਆ ਹੋਣੀ ਆਦਿ ਸਭ ਪ੍ਰਭਿ = ਪਰਮੇਸ਼ਰ ਦੇ ਧਾਰੇ = ਆਸਰੇ ਪ੍ਰਾਪਤ ਹੋਏ ਹਨ।

**ਸਹੀ ਸਲਾਮਤਿ ਸਭਿ ਥੋਕ ਉਬਾਰੇ; ਗੁਰ ਕਾ ਸਬਦੁ ਵੀਚਾਰੇ॥ਰਹਾਉ॥**

ਜਿਨ੍ਹਾਂ ਨੇ ਗੁਰ = ਸਤਿਗੁਰਾਂ ਕਾ = ਦਾ ਸਬਦੁ = ਉਪਦੇਸ਼ ਵੀਚਾਰੇ = ਵੀਚਾਰਿਆ ਹੈ, ਉਨ੍ਹਾਂ ਦੇ ਸਹੀ = ਨਿਸ਼ਚੇ ਕਰਕੇ ਸਲਾਮਤਿ = ਇਸਥਿਤ ਰਹਿਣ ਵਾਲੇ ਪਰਮਾਤਮਾ ਨੇ ਕਿਰਪਾ ਕਰਕੇ ਸਭਿ = ਸਾਰੇ ਸ਼ੁਭ ਗੁਣਾਂ ਰੂਪੀ ਥੋਕ = ਪਦਾਰਥ ਜਿਉਂ ਦੇ ਤਿਉਂ ਉਬਾਰੇ = ਬਚਾਅ ਲਏ ਹਨ ॥ਰਹਾਉ॥

**ਸਾਧਸੰਗਿ; ਮਲੁ ਲਾਥੀ ॥ ਪਾਰਬ੍ਰਹਮੁ; ਭਇਓ ਸਾਥੀ ॥**

ਉਨ੍ਹਾਂ ਦੀ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਨਾਲ ਮਿਲਣੇ ਕਰਕੇ ਜਨਮਾਂ ਜਨਮਾਂਤ੍ਰਾਂ ਦੀ **ਵਾ:** ਪਾਪਾਂ ਦੀ ਮਲ = ਮੈਲ ਲਾਥੀ = ਲਹਿ ਗਈ ਹੈ। ਕਿਉਂਕਿ ਉਨ੍ਹਾਂ ਦਾ ਪਾਰਬ੍ਰਹਮ = ਪਰਮੇਸ਼ਰ ਆਪ ਸਾਥੀ = ਸੰਗੀ ਹੋ ਕੇ ਸਹਾਇਤਾ ਕਰਨ ਵਾਲਾ ਭਇਓ = ਹੋਇਆ ਹੈ।

**ਨਾਨਕ; ਨਾਮੁ ਧਿਆਇਆ ॥ ਆਦਿ ਪੁਰਖ; ਪ੍ਰਭੁ ਪਾਇਆ ॥੨॥੧॥੬੫॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਪੁਰਖਾਂ ਨੇ ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਮਨ, ਬਾਣੀ, ਸਰੀਰ ਕਰਕੇ ਧਿਆਇਆ = ਧਿਆਉਣਾ ਕੀਤਾ ਹੈ। ਉਨ੍ਹਾਂ ਨੇ ਸਾਰਿਆਂ ਦੇ ਆਦਿ = ਮੁੱਢ ਰੂਪ ਪੁਰਖ = ਪੂਰਨ ਪ੍ਰਭੁ = ਪਰਮੇਸ਼ਰ ਨੂੰ ਪਾਇਆ = ਪਾ ਲਿਆ ਹੈ ॥੨॥੧॥੬੫॥ *(ਸੋਰਠਿ ਮ: ੫, ਅੰਗ ੬੨੫)*

## ਹਰਿਮੰਦਿਰ; ਦਰਸਹੁ ਦਰਬਾਰ।

ਫਿਰ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸਹੁ = ਦਰਸ਼ਨ ਕਰਨੇ, ਜਿਥੇ :

## ਹੋਤਿ ਸਦਾ; ਗੁਰ ਗਿਰਾ ਉਚਾਰ।

ਸਦਾ = ਹਮੇਸ਼ਾ ਕੀਰਤਨ ਰੂਪ ਦੇ ਵਿਚ ਅਤੇ ਪਾਠ ਰੂਪ ਦੇ ਵਿਚ ਗੁਰਾਂ ਦੀ ਗਿਰਾ = ਬਾਣੀ ਦਾ ਉਚਾਰਨ ਹੋਤਿ = ਹੁੰਦਾ ਰਹਿੰਦਾ ਹੈ।

## ਸਹਤਿ ਅਦਬ ਕੇ; ਬੈਠਹਿਂ ਮਾਂਹਿ।

ਸ੍ਰੀ ਹਰਿਮੰਦਰ ਸਾਹਿਬ ਦੇ ਮਾਂਹਿ = ਵਿਚ ਅਦਬ = ਸਤਿਕਾਰ ਦੇ ਸਹਿਤ ਬੈਠਹਿਂ = ਬੈਠਣਾ ਕਰੇ ਤੇ :

## ਗੁਰ ਬਿਨ; ਮਨ ਨ ਡੁਲਾਵੇ ਕਾਂਹਿ ॥੨੬॥

ਆਪਣੇ ਮਨ ਨੂੰ ਗੁਰੂ ਦੇ ਕੀਰਤਨ ਤੋਂ ਬਿਨ = ਬਿਨਾਂ ਹੋਰ ਕਾਂਹਿ = ਕਿਸੇ ਪਾਸੇ ਨਾ ਜਾਣ ਦੇਵੇ ਅਤੇ ਪਰਾਏ ਸਰੂਪ ਨੂੰ ਦੇਖ ਕੇ ਮਨ ਮੰਦੇ ਫੁਰਨੇ ਵਿਚ ਡੁਲਾਵੇ = ਡੋਲੇ ਨਾ ਅਤੇ ਨਾ ਹੀ ਆਲੇ-ਦੁਆਲੇ ਬਹੁਤਾ ਦੇਖੇ ॥੨੬॥

## ਸਤਿਗੁਰ ਜੋਤਿ; ਜਾਗਤੀ ਜਹਾਂ।

ਜਹਾਂ = ਜਿਥੇ ਭਾਵ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਸਤਿਗੁਰੂ ਰਾਮਦਾਸ ਮਹਾਰਾਜ ਜੀ ਦੀ ਜੋਤਿ ਜਾਗਤੀ = ਪ੍ਰਗਟ ਹੈ **ਵਾ:** ਉਹਨਾਂ ਦੀ ਜੋਤਿ = ਸ਼ਕਤੀ ਪ੍ਰਤੱਖ ਵਰਤ ਰਹੀ ਹੈ।

## ਨਿਤ ਪ੍ਰਤਿ ਸਾਦਰ; ਦਰਸਹੁ ਤਹਾਂ।

ਜਿੰਨਾ ਚਿਰ ਸਿੱਖ ਤਹਾਂ = ਉਥੇ ਭਾਵ ਸ੍ਰੀ ਹਰਿਮੰਦਰ ਸਾਹਿਬ ਰਹੇ, ਉਤਨਾ ਚਿਰ ਨਿਤ ਪ੍ਰਤਿ = ਹਰ ਰੋਜ਼ ਸਾਦਰ = ਸਹਿਤ ਆਦਰ ਦੇ ਦਰਸਹੁ = ਦਰਸ਼ਨ ਕਰੇ ਤੇ ਕੀਰਤਨ ਵੀ ਸ਼੍ਰਵਣ ਕਰੇ।

## ਕਿਧੌਂ ਪਰਬ ਕੋ; ਦਿਨ ਚਲਿ ਜਾਵਹੁ।

ਕਿਧੌਂ = ਜਾਂ ਪਰਬ = ਗੁਰਪੁਰਬ, ਮੱਸਿਆ, ਸੰਗਰਾਂਦ ਦੇ ਦਿਨਾਂ ਕੋ = ਨੂੰ ਚੱਲ ਕੇ ਦਰਸ਼ਨ ਕਰਨ ਜਾਵਹੁ = ਜਾਵੋ, ਭਾਵ ਜੋ ਅੰਮ੍ਰਿਤਸਰ ਸਾਹਿਬ ਦੇ ਵਾਸੀ ਹਨ, ਉਹ ਹਰ ਰੋਜ਼ ਜਾਣ, ਜੋ ਦੂਰ ਹਨ, ਉਹ ਮੱਸਿਆ, ਸੰਗਰਾਂਦ ਮਹੀਨੇ ਵਿਚ ਦੋ ਦਿਨ ਆਉਣ, ਜੋ ਇਸ ਤੋਂ ਵੀ ਦੂਰ ਹਨ ਉਹ ਮਹੀਨੇ ਵਿਚ ਇਕ ਵਾਰ ਆਉਣ।

## ਕਿਧੌਂ ਖਸ਼ਟਮੇ; ਮਾਸ ਸਿਧਾਵਹੁ ॥੨੭॥

ਕਿਧੌਂ = ਜਾਂ ਫੇਰ ਜੋ ਇਸ ਤੋਂ ਵੀ ਦੂਰ ਹਨ, ਉਹ ਖਸ਼ਟਮੇ = ਛੇ ਮਾਸ = ਮਹੀਨੇ ਬਾਅਦ ਦਰਸ਼ਨ ਕਰਨ, ਸਿਧਾਵਹੁ = ਚੱਲੇ ਜਾਣ ਤੇ ॥੨੭॥

## ਅਧਿਕ ਦੂਰ ਹੁਇ; ਸੰਮਤ ਮਾਂਹਿ।

ਜੇ ਕੋਈ ਅਧਿਕ = ਜ਼ਿਆਦਾ ਹੀ ਦੂਰ ਹੈ, ਉਹ ਸੰਮਤ = ਸਾਲ ਦੇ ਮਾਂਹਿ = ਵਿਚ।

## ਸਤਿਗੁਰ ਘਰ ਕੋ; ਦਰਸਹਿ ਜਾਹਿ।

ਸਤਿਗੁਰੂ ਰਾਮਦਾਸ ਸਾਹਿਬ ਜੀ ਕੋ = ਦਾ ਜੋ ਸੋਹਣਾ ਘਰ ਸ੍ਰੀ ਹਰਿਮੰਦਰ ਸਾਹਿਬ ਹੈ, ਇਸ ਦੇ ਜ਼ਰੂਰ ਦਰਸਹਿ = ਦਰਸ਼ਨ ਕਰੇ, ਭਾਵ ਸਾਲ ਬਾਅਦ ਤਾਂ ਦਰਸ਼ਨ ਕਰਨੇ ਜ਼ਰੂਰੀ ਹਨ।

## ਤਨ ਮਨ ਤੇ; ਗੁਰ ਸਿਖ ਹੁਇ ਕਰਿਕੇ।

ਤਨ ਮਨ ਕਰਕੇ ਤਾਂ ਗੁਰੂ ਦਾ ਸਿੱਖ ਹੋ ਗਿਆ ਪਰ:

## ਗਯੋ ਨ ਦਰਸ਼ਨ; ਅੰਮ੍ਰਿਤਸਰ ਕੇ ॥੨੮॥

ਅੰਮ੍ਰਿਤ ਛਕ ਕੇ ਕਦੇ ਵੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਜੀ ਕੇ = ਦੇ ਦਰਸ਼ਨਾਂ ਨੂੰ ਨਹੀਂ ਗਯੋ = ਗਿਆ ਤੇ ਨਾ ਹੀ ਕਦੇ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ॥੨੮॥

## ਕਿਉਂ ਤਿਨ ਜਨਮ; ਧਰਯੋ ਜਗ ਆਇ।

ਭਾਈ ਦਇਆ ਸਿੰਘ ਕਥਨ ਕਰਦੇ ਹਨ ਕਿ ਤਿਨ = ਉਸ ਸਿੱਖ ਨੇ ਮਨੁੱਖਾ ਜਨਮ ਕਿਉਂ = ਕਿਸ ਵਾਸਤੇ ਜਗ = ਸੰਸਾਰ ਵਿਚ ਆ ਕੇ ਧਰਯੋ = ਧਾਰਨ ਕੀਤਾ ਹੈ, ਭਾਵ ਉਸਦਾ ਜਗ ਵਿਚ ਆਉਣਾ ਨਿਸਫਲ ਹੈ ਕਿਉਂਕਿ ਉਸਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਨਹੀਂ ਕੀਤੇ ਤੇ ਨਾ ਹੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ।

## ਨਿਸ਼ਫਲ ਭਯੋ; ਗਯੋ ਪਛੁਤਾਇ।

ਉਸ ਦਾ ਮਨੁੱਖਾ ਜਨਮ ਨਿਸ਼ਫਲ = ਵਿਅਰਥ ਹੀ ਭਯੋ = ਹੋ ਗਿਆ ਤੇ ਜਦੋਂ ਸੰਸਾਰ ਤੋਂ ਜਾਏਗਾ ਤਾਂ ਪਛੁਤਾਇ = ਪਛਤਾਉਂਦਾ ਹੋਇਆ ਚਲਾ ਜਾਏਗਾ।

## ਜੇ ਦਰਸਹਿਂ; ਅਰ ਸਰੁਵਰੁ ਮੱਜੈਂ।

ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਦੇ ਦਰਸਹਿਂ = ਦਰਸ਼ਨ ਕਰਦੇ ਹਨ ਅਰ = ਅਤੇ ਅੰਮ੍ਰਿਤ ਸਰੁਵਰੁ = ਸਰੋਵਰ ਵਿੱਚ ਮੱਜੈਂ = ਇਸ਼ਨਾਨ ਕਰਦੇ ਹਨ।

## ਪਾਇੰ ਪਦਾਰਥ; ਸਭਿ ਅਘ ਭੱਜੈਂ ॥੨੯॥

ਉਹਨਾਂ ਨੂੰ ਇਕ ਤਾਂ ਦੁਨਿਆਵੀ ਪਦਾਰਥ ਪਾਇੰ = ਪ੍ਰਾਪਤ ਹੋ ਜਾਣਗੇ ਤੇ ਇਕ ਜਨਮਾਂ ਜਨਮਾਂਤ੍ਰਾਂ ਦੇ ਸਭਿ = ਸਾਰੇ ਅਘ = ਪਾਪ ਭੱਜੈਂ = ਭੱਜ **ਵਾ:** ਨਾਸ਼ ਹੋ ਜਾਣਗੇ ॥੨੯॥

## ਅਸ ਉਪਦੇਸ਼; ਪ੍ਰਥਮ ਗੁਰ ਕਰੈਂ।

ਗੁਰੂ ਜੀ ਪ੍ਰਥਮ = ਪਹਿਲਾਂ ਅਸ = ਇਸ ਪ੍ਰਕਾਰ ਦਾ ਉਪਦੇਸ਼ ਕਰੈਂ = ਕਰਦੇ ਹਨ।

## ਅੰਤਹਕਰਣ; ਸੁੱਧਤਾ ਧਰੈ।

ਜਿਸ ਦੇ ਅਮਲ ਕਰਨ ਦੇ ਨਾਲ ਸਿੱਖਾਂ ਦਾ ਅੰਤਸ਼ਕਰਨ ਸ਼ੁੱਧਤਾ ਨੂੰ ਧਰੈ = ਧਾਰਨ ਕਰ ਲੈਂਦਾ ਹੈ, ਭਾਵ ਮਨ, ਬੁੱਧ ਪਵਿੱਤਰ ਹੋ ਜਾਂਦੇ ਹਨ।

## ਸੱਤਿਨਾਮ ਸਿਮਰਤਿ; ਜਨ ਜੋਇ।

(ਪਾਠਾਂਤ੍ਰ ਸਿਮਰਨ ਜਨ ਕੋਇ)

ਜੋਇ = ਜੋ ਜਨ = ਸੇਵਕ, ਜਗਿਆਸੂ ਉਪਰੋਕਤ ਸਾਧਨ ਕਰਕੇ ਅੰਤਸ਼ਕਰਨ ਨੂੰ ਸ਼ੁੱਧ ਕਰ ਲੈਂਦਾ ਹੈ, ਫਿਰ ਸ਼ੁੱਧ ਅੰਤਸ਼ਕਰਨ ਵਿਚ ਸੱਤਿਨਾਮ = ਸੱਚੇ ਨਾਮ ਦਾ **ਵਾ:** ਮੂਲ ਮੰਤਰ, ਗੁਰ ਮੰਤਰ ਦਾ ਸਿਮਰਤਿ = ਸਿਮਰਨ ਟਿੱਕ ਜਾਂਦਾ ਹੈ, ਕਿਉਂਕਿ ਨਾਮ ਸ਼ੁੱਧ ਅੰਤਸ਼ਕਰਨ ਵਿਚ ਹੀ ਟਿਕਦਾ ਹੈ ਤੇ:

## ਹਰਿ ਗੁਰ ਸੰਗ; ਪ੍ਰੇਮ ਜਿਸ ਹੋਇ ॥੩੦॥

ਜਿਸ ਸਿਮਰਨ ਕਰਨ ਦੇ ਨਾਲ ਉਸ ਦਾ ਹਰਿ = ਪਰਮੇਸ਼ਰ ਵਾਹਿਗੁਰੂ ਤੇ ਗੁਰ = ਗੁਰੂ ਦੇ ਸੰਗ = ਨਾਲ ਪ੍ਰੇਮ = ਸਨੇਹ ਹੋਇ = ਹੋ ਜਾਂਦਾ ਹੈ ॥੩੦॥

[**ਭਗਤੀ** :] ਹੁਣ ਭਗਤੀ ਬਾਰੇ ਦੱਸਦੇ ਹਨ:

## ਤਿਸੈ ਨਿਤਾਪ੍ਰਤਿ; ਭਗਤ ਦ੍ਰਿੜਾਵੈਂ।

ਫਿਰ ਤਿਸੈ = ਉਸ ਨੂੰ ਗੁਰੂ ਮਹਾਰਾਜ ਜੀ ਨਿਤਾਪ੍ਰਤਿ = ਹਮੇਸ਼ਾ ਹੀ ਭਗਤੀ ਵਿਚ ਦ੍ਰਿੜਾਵੈਂ = ਪੱਕਾ ਕਰਦੇ ਹਨ ਕਿ ਭਗਤੀ ਨਹੀਂ ਛੱਡਣੀ ਤੇ:

## ਭਾਣਾ ਮੰਨਣ ਕੋ; ਸਿਖਰਾਵੈਂ।

ਭਾਣਾ ਮੰਨਣ ਦੀ ਸਿਖਰਾਵੈਂ = ਸਿੱਖਿਆ ਦਿੰਦੇ ਹਨ, ਭਾਵ ਭਾਣਾ ਮੰਨਣਾ ਸਿਖਾਉਂਦੇ ਹਨ ਕਿ ਵਾਹਿਗੁਰੂ ਪਰਮੇਸ਼ਰ ਦਾ ਭਾਣਾ ਮਿੱਠਾ ਕਰਕੇ ਮੰਨਣਾ ਹੈ।

## ਕਸ਼ਟ ਆਪਦਾ; ਪਰੈ ਜਿ ਕੋਈ।

ਫਿਰ ਜੇ ਸਿੱਖ ਨੂੰ ਕੋਈ ਕਸ਼ਟ = ਦੁਖ ਆਪਦਾ = ਆ ਪਰੈ = ਪਵੈ, ਭਾਵ ਬਿਪਤਾ ਮੁਸੀਬਤ ਆ ਪਵੇ।

## ਕਿਧੌਂ ਸਰੀਰ ਬਿਖੈ; ਰੁਜ ਹੋਈ ॥੩੧॥

ਕਿਧੌਂ = ਜਾਂ ਕੋਈ ਸਰੀਰ ਬਿਖੈ = ਵਿਚ ਭੈੜਾ ਰੁਜ = ਰੋਗ ਹੋਈ = ਹੋ ਜਾਵੇ ॥੩੧॥

## ਬਿੱਪਰੈ; ਸੁਤ ਬਿਤ ਆਦਿਕ ਮਾਂਹੀ।

ਅਥਵਾ ਕੋਈ ਸੁਤ = ਪੁੱਤਰ, ਬਿਤ = ਧਨ ਆਦਿਕਾਂ ਦੇ ਮਾਂਹੀ = ਵਿਚ ਕੋਈ ਬਿੱਪਰੈ = ਉਲਟੀ ਗੱਲ ਹੋ ਜਾਵੇ, ਭਾਵ ਧਨ ਚੋਰੀ ਹੋ ਜਾਵੇ, ਧਨ ਦਾ ਨੁਕਸਾਨ ਹੋ ਜਾਵੇ ਜਾਂ ਪੁੱਤਰ ਕਿਸੇ ਨਸ਼ਿਆਂ ਆਦਿ ਵਿਚ ਉਲਟ ਰਸਤੇ ਲੱਗ ਜਾਵੇ।

## ਪਰਾਰਬਧ ਕਰਿ ਹੁਇ; ਕੁਛ ਜਾਹੀ।

(ਪਾਠਾਂਤ੍ਰ ਕੁਛ ਨਾਹੀ)

ਪਰਾਲਬਧ ਕਰਮ ਕਰਕੇ, ਭਾਵ ਮਾੜੇ ਕਰਮ ਕਰਕੇ ਘਰ ਵਿਚ ਕੁਝ ਐਸਾ ਮਾੜਾ ਹੋ ਜਾਹੀ = ਜਾਵੇ ਤਾਂ :

## ਪ੍ਰਭੁ ਮਹਿ ਦੋਸ਼; ਅਰੋਪੇ ਕੋਇ ਨ।

ਇਹੋ ਜਿਹੇ ਹਾਲਾਤਾਂ ਵਿਚ ਪ੍ਰਭੁ = ਪਰਮੇਸ਼ਰ ਦੇ ਮਹਿ = ਵਿੱਚ ਕੋਇ = ਕੋਈ ਵੀ ਦੋਸ਼ ਅਰੋਪੇ = ਥੱਪਣੇ ਨ = ਨਹੀਂ ਭਾਵ ਲਾਉਣੇ ਨਹੀਂ, ਕਿਉਂਕਿ ਇਸ ਵਿਚ ਪਰਮੇਸ਼ਰ ਦਾ ਵੀ ਕੋਈ ਦੋਸ਼ ਨਹੀਂ, ਸਾਡੇ ਆਪਣੇ ਕਰਮਾਂ ਦਾ ਦੋਸ਼ ਹੈ।

## ਨੀਕੋ ਲਖੈ; ਦੀਨ ਮਨ ਹੋਇ ਨ ॥੩੨॥

ਜੋ ਕੁੱਝ ਵੀ ਦੁਖ ਸੁਖ ਮਿਲਿਆ ਹੈ, ਉਸ ਦੇ ਵਿਚ ਦੀਨ ਮਨ = ਉਦਾਸ ਨਾ ਹੋਵੇ, ਇਸ ਨੂੰ ਪਰਮੇਸ਼ਰ ਦਾ ਭਾਣਾ ਨੀਕੋ = ਚੰਗੇ ਕਰਕੇ ਲਖੈ = ਜਾਣੇ ਭਾਵ ਮਿੱਠਾ ਕਰਕੇ ਜਾਣੇ ਭਾਵ ਕੋਈ ਦੁਖ ਮਿਲਿਆ, ਕੋਈ ਬਿਪਤਾ ਆ ਗਈ, ਧਨ ਦਾ ਨੁਕਸਾਨ ਹੋ ਗਿਆ, ਸਰੀਰ ਵਿਚ ਕੋਈ ਰੋਗ ਪੈਦਾ ਹੋ ਗਿਆ। ਇਹ ਨਾ ਕਹੇ ਕਿ ਮੈਂ ਗੁਰੂ ਦਾ ਸਿੱਖ ਹਾਂ ਮੇਰੇ ਨਾਲ ਐਸਾ ਕਿਉਂ ਹੋਇਆ ਤੇ ਇਹੋ ਜਿਹਾ ਮੇਰੇ ਨਾਲ ਪਰਮੇਸ਼ਰ ਨੇ ਕਿਉਂ ਕੀਤਾ, ਇਹ ਇਤਰਾਜ਼ ਨਾ ਕਰੇ ਬਲਕਿ ਚੰਗਾ ਕਰਕੇ ਮੰਨੇ ਕਿ :

## ਭਲਾ ਕਰਹਿ; ਪਰਮੇਸਰ ਮੇਰਾ।

ਜੋ ਪਰਮੇਸ਼ਰ ਕਰ ਰਿਹਾ ਹੈ, ਉਹ ਮੇਰੇ ਭਲੇ ਹਿੱਤ ਹੀ ਕਰ ਰਿਹਾ ਹੈ। ਜੈਸਾ ਕਿ :

**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥** *(ਕਾਨੜਾ ਮ: ੫, ਅੰਗ ੧੩੦੨)*

ਪਰਮੇਸ਼ਰ ਦੇ ਐਸਾ ਕਰਨ ਨਾਲ :

## ਅਘ ਫਲ ਨਿਬਰਹਿ; ਮੈਂ ਨਿਤ ਚੇਰਾ।

ਜੋ ਮੈਂ ਪਿਛਲੇ ਜਨਮ ਵਿਚ ਅਘ = ਪਾਪ ਕਰਮ ਕੀਤੇ ਸਨ, ਉਹਨਾਂ ਦਾ ਫਲ ਪਰਮੇਸ਼ਰ ਮੈਨੂੰ ਦੁਖ

ਰੂਪ ਵਿਚ ਦੇ ਕੇ ਨਿਬਰਹਿ = ਨਿਬੇੜ ਰਿਹਾ ਹੈ, ਮੈਂ ਤਾਂ ਨਿਤ = ਹਮੇਸ਼ਾ ਪਰਮੇਸ਼ਰ ਦਾ ਚੇਰਾ = ਦਾਸ ਹਾਂ, ਭਾਵ ਮੈਂ ਦੁਖ ਸੁਖ ਵਿਚ ਵੀ ਉਸ ਵਾਹਿਗੁਰੂ ਨੂੰ ਹੀ ਯਾਦ ਕਰਾਂ। ਜੈਸਾ ਕਿ :

**ਦੁਖਿ ਸੁਖਿ ਪਿਆਰੇ ਤੁਧੁ ਧਿਆਈ ॥** *(ਮਾਝ ਮ: ੫, ਅੰਗ ੯੯)*

**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥** *(ਸੂਹੀ ਮ: ੪, ਅੰਗ ੭੫੮)*

## ਇੱਤਿਯਾਦਿਕ ਬਹੁ; ਰਿਦੈ ਮਝਾਰ।

ਇੱਤਿਯਾਦਿਕ = ਇਤ ਆਦਿਕ ਭਾਵ ਲੈ ਕੇ ਰਿਦੈ = ਹਿਰਦੇ ਦੇ ਮਝਾਰ = ਵਿਚ ਬਹੁਤ ਚੰਗਾ ਭਾਵ ਸਮਝੇ ਕਿ ਪਰਮੇਸ਼ਰ ਮੈਨੂੰ ਦੁਖ ਦੇ ਕੇ ਮੇਰਾ ਪਾਪ ਕਰਮ ਕੱਟ ਰਿਹਾ ਹੈ, ਭਾਵ ਮੇਰਾ ਭਲਾ ਹੀ ਕਰ ਰਿਹਾ ਹੈ।

**ਸਾਖੀ ਰਾਜੇ ਤੇ ਵਜ਼ੀਰ ਦੀ ਭਲਾ ਮੰਨਣ 'ਤੇ —** ਇਕ ਰਾਜਾ ਸੀ, ਉਸ ਦਾ ਇਕ ਵਫ਼ਾਦਾਰ ਅਤੇ ਬੁੱਧੀਵਾਨ ਮੰਤਰੀ ਸੀ, ਜੋ ਪਰਮਾਤਮਾ 'ਤੇ ਅਟੱਲ ਵਿਸ਼ਵਾਸ ਰੱਖਦਾ ਸੀ ਅਤੇ ਜੋ ਦੁਖ ਸੁਖ ਮਿਲ ਰਿਹਾ ਹੈ, ਉਹ ਕਰਮਾਂ ਅਨੁਸਾਰ ਮਿਲ ਰਿਹਾ ਹੈ, ਇਸ ਪਰ ਉਸ ਦਾ ਪੂਰਾ ਭਰੋਸਾ ਸੀ। ਇਕ ਦਿਨ ਰਾਜੇ ਦੀ ਅਚਾਨਕ ਕਿਸੇ ਕਾਰਨ ਚੀਚੀ ਉਂਗਲੀ ਦਾ ਉਪਰਲਾ ਹਿੱਸਾ ਕੱਟਿਆ ਗਿਆ ਤੇ ਖ਼ੂਨ ਵਹਿ ਤੁਰਿਆ ਤਾਂ ਕੋਲ ਖੜੇ ਵਜ਼ੀਰ ਨੇ ਕਿਹਾ ਹੇ ਰਾਜਨ! ਤੁਸੀਂ ਮਹਿਸੂਸ ਨਾ ਕਰੋ ਪਰਮਾਤਮਾ ਨੇ ਤੁਹਾਡਾ ਭਲਾ ਕੀਤਾ ਹੈ, ਇਹ ਪਿਛਲਾ ਪਾਪ ਕਰਮ ਪਰਮਾਤਮਾ ਨੇ ਕੱਟਿਆ ਹੈ। ਇਸ ਕਰਕੇ ਪਰਮਾਤਮਾ ਨੂੰ ਬੁਰਾ ਨਹੀਂ ਕਹਿਣਾ ਇਹ ਚੰਗਾ ਹੀ ਹੋਇਆ ਹੈ। ਵਜ਼ੀਰ ਦੇ ਇੱਧਰ-ਉੱਧਰ ਹੋਣ ਤੋਂ ਦੂਸਰਿਆਂ ਨੂੰ ਸਮਾਂ ਮਿਲ ਗਿਆ, ਉਹਨਾਂ ਨੇ ਬਾਦਸ਼ਾਹ ਨੂੰ ਚੁੱਕਣਾ ਸ਼ੁਰੂ ਕਰ ਦਿੱਤਾ ਕਿ ਦੇਖੋ ਜੀ ਤੁਸੀਂ ਇਸਨੂੰ ਕਿਤਨਾ ਵੱਡਾ ਰੁਤਬਾ ਦਿੱਤਾ ਹੋਇਆ ਹੈ ਤੇ ਤੁਹਾਡਾ ਅੰਗ ਭੰਗ ਹੋ ਗਿਆ ਜੋ ਮੁੜ ਕੇ ਸਾਬਤ ਨਹੀਂ ਹੋ ਸਕਦਾ, ਪਰ ਇਹ ਕਹਿੰਦਾ ਕਿ ਭਲਾ ਹੀ ਹੋਇਆ ਹੈ, ਪਰਮਾਤਮਾ ਨੇ ਚੰਗਾ ਕੀਤਾ ਹੈ ਫੇਰ ਤਾਂ ਕੱਲ ਨੂੰ ਜੇ ਕੋਈ ਵੱਡਾ ਅੰਗ ਕੱਟਿਆ ਗਿਆ ਤਾਂ ਵੀ ਕਹੇਗਾ ਕਿ ਚੰਗਾ ਹੀ ਹੋਇਆ ਹੈ। ਬਾਦਸ਼ਾਹ ਦੇ ਇਹ ਗੱਲਾਂ ਦਿਲ ਨੂੰ ਲੱਗ ਗਈਆਂ ਕਿ ਵਜ਼ੀਰ ਵਫ਼ਾਦਾਰ ਨਹੀਂ ਰਿਹਾ। ਰਾਜੇ ਨੇ ਅਗਲੇ ਦਿਨ ਦਰਬਾਰ ਲਾ ਕੇ ਗ਼ੁੱਸੇ ਵਿਚ ਆ ਕੇ ਕਿਹਾ ਕਿ ਤੈਨੂੰ ਵਜ਼ੀਰੀ ਤੋਂ ਹਟਾ ਕੇ ਘਰ ਨੂੰ ਤੋਰਦਾ ਹਾਂ, ਤੂੰ ਵਫ਼ਾਦਾਰ ਨਹੀਂ ਰਿਹਾ, ਜਦੋਂ ਵਜ਼ੀਰ ਰਾਜੇ ਨੂੰ ਮੱਥਾ ਟੇਕ ਕੇ ਵਾਪਸ ਜਾਣ ਲੱਗਾ ਤਾਂ ਆਪਣਾ ਨਿਰਾਦਰ ਸਹਿਣ ਕਰਦਾ ਹੋਇਆ ਕਹਿਣ ਲੱਗਾ ਕਿ ਹੇ ਰਾਜਨ! ਤੇਰੀ ਉਂਗਲ ਕੱਟ ਕੇ ਤਾਂ ਪਰਮਾਤਮਾ ਨੇ ਤੇਰਾ ਭਲਾ ਕੀਤਾ ਸੀ ਤੇ ਮੈਨੂੰ ਹੁਣ ਸਭਾ ਵਿੱਚੋਂ ਕਢਾ ਕੇ ਪਰਮਾਤਮਾ ਨੇ ਮੇਰਾ ਭਲਾ ਕੀਤਾ ਹੈ। ਇਸ ਲਈ ਮੈਂ ਪਰਮਾਤਮਾ 'ਤੇ ਪ੍ਰਸੰਨ ਹਾਂ ਅਤੇ ਆਪਣੇ ਕਰਮ 'ਤੇ ਵਿਸ਼ਵਾਸ ਰੱਖਦਾ ਹੋਇਆ ਪਰਮਾਤਮਾ ਨੂੰ ਦੋਸ਼ ਨਹੀਂ ਦੇਵਾਂਗਾ। ਕੁਝ ਸਮਾਂ ਲੰਘਣ ਤੋਂ ਬਾਅਦ ਰਾਜਾ ਇਕ ਦਿਨ ਸ਼ਿਕਾਰ ਦੇ ਬਹਾਨੇ ਦੂਸਰੇ ਰਾਜ ਦੀ ਹੱਦ ਵਿਚ ਚਲਾ ਗਿਆ। ਕੁਝ ਪ੍ਰਚਾਰਕ ਐਸਾ ਵੀ ਕਹਿੰਦੇ ਹਨ ਕਿ ਦੂਸਰੇ ਰਾਜੇ ਦੀ ਗੁਪਤ ਜਾਣਕਾਰੀ ਲੈਣ ਵਾਸਤੇ ਇਹ ਭੇਸ ਬਦਲ ਕੇ ਆਪ ਗਿਆ ਸੀ ਤੇ ਵਜ਼ੀਰ ਜਿਹੜਾ ਆਪਣੇ ਰੁਤਬੇ ਤੋਂ ਬਰਖ਼ਾਸਤ ਕਰ ਦਿੱਤਾ ਸੀ। ਉਸ ਤੋਂ ਬਿਨਾਂ ਕਦੇ ਇਕੱਲਾ ਨਹੀਂ ਸੀ ਜਾਇਆ ਕਰਦਾ, ਉਸ ਨੂੰ ਹਮੇਸ਼ਾ ਨਾਲ ਰੱਖਦਾ ਸੀ। ਹੋਰ ਕਿਸੇ ਨੂੰ ਜੋਗ ਨਾ ਸਮਝਦਾ ਹੋਇਆ ਇਹ ਦੂਸਰੇ ਰਾਜੇ ਦੀ ਹੱਦ ਵਿਚ ਇਕੱਲਾ ਹੀ ਚਲਾ ਗਿਆ ਅਤੇ ਪਕੜਿਆ ਗਿਆ। ਰਾਜੇ ਨੇ ਕਿਸੇ ਮਨੁੱਖ ਦਾ ਬਲੀਦਾਨ ਦੇਣਾ ਸੀ ਕਿਉਂਕਿ ਸਾਡੇ ਦੇਸ਼ ਵਿਚ ਇਹੋ ਜਿਹੀਆਂ ਮਨਮੱਤਾਂ ਬਹੁਤ ਪੁਰਾਣੇ ਸਮੇਂ ਤੋਂ ਚੱਲੀਆਂ ਆ ਰਹੀਆਂ ਹਨ, ਉਸੇ ਅਗਿਆਨਤਾ ਦੇ ਅਧੀਨ ਰਾਜੇ ਨੇ ਪ੍ਰਦੇਸੀ ਸਮਝ ਕੇ ਉਸ ਦੀ ਬਲੀ ਦੇਣ ਦਾ ਹੁਕਮ ਕਰ ਦਿੱਤਾ। ਪਰ ਜਦੋਂ ਉਸ ਦੀ ਉਂਗਲ ਕੱਟੀ ਹੋਈ ਦੇਖੀ ਤਾਂ ਕਹਿਣ ਲੱਗੇ ਕਿ ਇਸ

ਦਾ ਅੰਗ ਭੰਗ ਹੈ, ਇਸ ਦੀ ਬਲੀ ਨਹੀਂ ਦਿੱਤੀ ਜਾ ਸਕਦੀ ਤੇ ਰਾਜਾ ਤਰਸ ਕਰਕੇ ਛੱਡ ਦਿੱਤਾ, ਵਾਪਸ ਜਦੋਂ ਆਪਣੇ ਰਾਜ ਵਿਚ ਆ ਗਿਆ ਹੈ ਤਾਂ ਇਸ ਨੇ ਸੋਚਿਆ ਕਿ ਵਜ਼ੀਰ ਦੀ ਗੱਲ ਠੀਕ ਨਿਕਲੀ, ਉਸ ਆਪਣੇ ਬਰਖ਼ਾਸਤ ਕੀਤੇ ਹੋਏ ਵਜ਼ੀਰ ਨੂੰ ਮੁੜ ਬੁਲਾਇਆ ਅਤੇ ਉਸ ਰੁਤਬੇ 'ਤੇ ਕਾਇਮ ਕਰ ਦਿੱਤਾ ਅਤੇ ਕਿਹਾ ਤੇਰੀ ਗੱਲ ਠੀਕ ਨਿਕਲੀ ਕਿ ਜੇ ਮੇਰੀ ਉਂਗਲ ਨਾ ਕੱਟੀ ਹੁੰਦੀ ਤਾਂ ਮੇਰੀ ਜਾਨ ਚਲੀ ਜਾਣੀ ਸੀ, ਹੇ ਵਜ਼ੀਰ! ਇਹ ਤਾਂ ਗੱਲ ਮੇਰੇ ਸਮਝ ਵਿਚ ਗਈ ਕਿ ਪਰਮਾਤਮਾ ਨੇ ਮੇਰੀ ਉਂਗਲ ਕੱਟ ਕੇ ਮੈਨੂੰ ਜਿਉਂਦਾ ਰੱਖਣ ਦਾ ਭਲਾ ਕੀਤਾ ਇਹ ਤਾਂ ਗੱਲ ਤੇਰੀ ਠੀਕ ਨਿਕਲੀ। ਮੈਂ ਹੁਣ ਤੇਰੀ ਗੱਲ 'ਤੇ ਪ੍ਰਸੰਨ ਹਾਂ ਪਰ ਤੇਰਾ ਸਭਾ ਵਿਚ ਨਿਰਾਦਰ ਹੋਇਆ ਤੈਨੂੰ ਅਪਮਾਨਤ ਕਰਕੇ ਮੈਂ ਤੈਨੂੰ ਤੇਰੇ ਰੁਤਬੇ ਤੋਂ ਹਟਾਇਆ ਤੇ ਤੂੰ ਕਿਹਾ ਕਿ ਪਰਮੇਸ਼ਰ ਨੇ ਮੇਰਾ ਭਲਾ ਕੀਤਾ ਹੈ। ਐਡੇ ਵੱਡੇ ਵਜ਼ੀਰੀ ਦੇ ਰੁੱਤਬੇ ਤੋਂ ਹਟਾ ਕੇ ਤੇਰਾ ਕੀ ਭਲਾ ਕੀਤਾ ਰੱਬ ਨੇ, ਇਹ ਗੱਲ ਮੇਰੀ ਸਮਝ ਵਿਚ ਨਹੀਂ ਆਈ। ਵਜ਼ੀਰ ਨੇ ਇਹ ਗੱਲ ਸਾਰੀ ਸੁਣ ਕੇ ਕਿ ਰਾਜੇ ਦੀ ਕਿਵੇਂ ਬਲੀ ਦੇਣ ਲੱਗੇ ਸਨ। ਇਸ ਨੇ ਕਿਹਾ ਹੇ ਰਾਜਨ! ਜੇ ਤੂੰ ਮੈਨੂੰ ਇਸ ਰੁਤਬੇ ਤੋਂ ਹਟਾਇਆ ਨਾ ਹੁੰਦਾ ਤਾਂ ਤੂੰ ਮੈਨੂੰ ਨਾਲ ਲੈ ਕੇ ਜਾਣਾ ਸੀ, ਮੇਰਾ ਅੰਗ ਸਾਬਤ ਹੋਣ ਕਰਕੇ ਫਿਰ ਬਲੀ ਮੇਰੀ ਹੋ ਜਾਣੀ ਸੀ। ਇਸ ਲਈ ਮੈਨੂੰ ਵਜ਼ੀਰੀ ਤੋਂ ਹਟਾ ਕੇ ਪਰਮਾਤਮਾ ਨੇ ਮੈਨੂੰ ਜਿਉਂਦਾ ਰੱਖਣ ਦਾ ਭਲਾ ਕੀਤਾ। ਵਜ਼ੀਰ ਦੀ ਇਹ ਗੱਲ ਸੁਣ ਕੇ ਰਾਜੇ ਨੇ ਨਿਸ਼ਚਾ ਕੀਤਾ ਕਿ ਪਰਮਾਤਮਾ ਜੋ ਵੀ ਕਰਦਾ ਹੈ ਉਹ ਭਲਾ ਹੀ ਕਰਦਾ ਹੈ, ਜਿਨ੍ਹਾਂ ਜਿਨ੍ਹਾਂ ਨੇ ਇਸ ਗੱਲ ਨੂੰ ਸੁਣਿਆ, ਉਹਨਾਂ ਨੇ ਇਸ ਗੱਲ 'ਤੇ ਨਿਸ਼ਚਾ ਕੀਤਾ ਕਿ ਪਰਮਾਤਮਾ ਜੋ ਵੀ ਕਰਦਾ ਹੈ, ਉਹ ਭਲਾ ਹੀ ਕਰਦਾ ਹੈ, ਉਹ ਕਰਮ ਦਾ ਫਲ ਦਾ ਭੁਗਤਾਨ ਹੀ ਕਰਾਉਂਦਾ ਹੈ ਕਿਸੇ ਦਾ ਬੁਰਾ ਨਹੀਂ ਕਰਦਾ, ਦੁਖ ਦੇ ਕੇ ਪਾਪ ਕਰਮ ਦਾ ਫਲ ਤੇ ਸੁਖ ਦੇ ਕੇ ਪੁੰਨ ਫਲ ਦਾ ਭੁਗਤਾਨ ਕਰਾਉਂਦਾ ਹੈ ਉਹ ਕਦੇ ਵੀ ਕਿਸੇ ਦਾ ਬੁਰਾ ਨਹੀਂ ਕਰਦਾ, ਇਸ ਕਰਕੇ ਪਰਮੇਸ਼ਰ ਨੂੰ ਕਦੇ ਵੀ ਦੋਸ਼ ਨਹੀਂ ਦੇਣਾ ਚਾਹੀਦਾ।

## ਹਰਖੈ ਈਸ਼ੁਰ; ਕ੍ਰਿੱਤਿ ਬਿਚਾਰ ॥੩੩॥

ਈਸ਼ੁਰ = ਪਰਮੇਸ਼ਰ ਦੇ ਕ੍ਰਿੱਤਿ = ਕੀਤੇ ਹੋਏ ਤੇ ਆਪਣੇ 'ਤੇ ਵਿਚਾਰ ਕਰਕੇ ਹਰਖੈ = ਖ਼ੁਸ਼ ਹੋਵੇ ਕਿ ਵਾਹਿਗੁਰੂ ਮੇਰੇ ਲਈ ਭਲੇ ਵਾਸਤੇ ਹੀ ਕਰਦਾ ਹੈ ॥੩੩॥ ਜੈਸਾ ਕਿ :

**ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ਰਹਾਉ॥** *(ਧਨਾਸਰੀ ਮ: ੫, ਅੰਗ ੬੭੭)*

## ਕਰਨੈਹਾਰ; ਨ ਦੂਜਾ ਕੋਈ।

ਸਾਰੇ ਕਾਰਜਾਂ ਦੇ ਕਰਨੈਹਾਰ = ਕਰਨ ਵਾਲਾ ਇਕ ਪਰਮੇਸ਼ਰ ਆਪ ਹੀ ਹੈ, ਦੂਜਾ = ਦੂਸਰਾ ਹੋਰ ਕੋਈ ਨਹੀਂ ਹੈ। ਜੈਸਾ ਕਿ :

**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥** *(ਗਉੜੀ ਸੁਖਮਨੀ ਮ: ੫, ਅੰਗ ੨੭੬)*

## ਜੇ ਹਰਿ ਕਰੈ; ਤ ਬੁਰੀ ਨ ਹੋਈ।

ਜੋ ਹਰਿ = ਹਰੀ ਪਰਮੇਸ਼ਰ ਕਰੈ = ਕਰਦਾ ਹੈ, ਤਾਂ ਉਸ ਵਿਚ ਕੋਈ ਬੁਰੀ ਗੱਲ ਨ = ਨਹੀਂ ਹੋਈ = ਹੁੰਦੀ, ਭਾਵ ਜੇ ਦੁਖ ਮੁਸੀਬਤ ਆਦਿ ਜੋ ਵੀ ਹੈ, ਉਹ ਮੇਰੇ ਕਰਮ ਦਾ ਹੈ, ਪਰਮੇਸ਼ਰ ਇਹ ਦੇ ਕੇ ਮੇਰੇ ਲਈ ਕੋਈ ਬੁਰੀ ਗੱਲ ਨਹੀਂ ਕਰ ਰਿਹਾ।

## ਇਹ ਨਿਸ਼ਚਾ; ਗੁਰ ਭਲੇ ਟਿਕਾਵੈ।

ਇਸ ਤਰ੍ਹਾਂ ਨਿਸ਼ਚਾ = ਭਰੋਸਾ ਗੁਰੂ ਪਰਮੇਸ਼ਰ ਤੇ ਭਲੀ ਪ੍ਰਕਾਰ ਟਿਕਾਵੈ = ਇਸਥਿਤ ਭਾਵ ਦ੍ਰਿੜ੍ਹ ਕਰੇ ਅਤੇ ਭਗਤੀ ਕਰਦਿਆਂ ਪਰਮੇਸ਼ਰ ਵਿਚ ਕੋਈ ਦੋਖ ਨਾ ਕੱਢੇ।

## ਈਸ਼ੁਰ ਕੀ ਕ੍ਰਿਤਿ ਪਰ; ਹਰਿਖਾਵੈ ॥੩੪॥

ਈਸ਼ੁਰ = ਪਰਮੇਸ਼ਰ ਕੀ = ਦੀ ਕ੍ਰਿਤਿ = ਕਿਰਤ (ਕਰਤਵ) ਪਰ = ਉੱਤੇ ਹਰਿਖਾਵੈ = ਖ਼ੁਸ਼ ਰਹੇ, ਭਾਵ ਪ੍ਰਸੰਨ ਰਹੇ। ਜੈਸਾ ਕਿ :

**ਮੀਤੁ ਕਰੈ ਸੋਈ ਹਮ ਮਾਨਾ ॥**
**ਮੀਤ ਕੇ ਕਰਤਬ ਕੁਸਲ ਸਮਾਨਾ ॥੧॥** *(ਗਉੜੀ ਮਃ ੫, ਅੰਗ ੧੮੮)*

## ਨਿਸ ਦਿਨ; ਲਿਵਲਾਵਨ ਸਤਿਨਾਮ।

ਅਤੇ ਨਿਸ = ਰਾਤ ਦਿਨ ਸਤਿਨਾਮ ਵਾਹਿਗੁਰੂ ਵਿਚ ਲਿਵ = ਬਿਰਤੀ ਲਾਵਨ = ਲਾ ਕੇ ਰੱਖਣੀ, ਭਾਵ ਗੁਰ ਮੰਤਰ ਵਾਹਿਗੁਰੂ ਤੇ ਮੂਲ ਮੰਤਰ ਦਾ ਸੰਖੇਪ ਜੋ ਸਤਿਨਾਮ ਪਦ ਆਇਆ ਹੈ, ਇਸ ਦਾ ਭਾਵ ਕਿ ਮੂਲ ਮੰਤਰ ਤੇ ਗੁਰਮੰਤਰ ਵਿਚ ਬਿਰਤੀ ਜੋੜ ਕੇ ਰੱਖਣੀ।

## ਪੁਨ ਉਪਦੇਸ਼ੈ; ਇਹ ਅਭਿਰਾਮ।

ਪੁਨ = ਫੇਰ ਸਤਿਗੁਰੂ ਜੀ ਸਿੱਖ ਨੂੰ ਇਹੋ ਜਿਹਾ ਅਭਿਰਾਮ = ਸੁੰਦਰ ਉਪਦੇਸ਼ੈ = ਉਪਦੇਸ਼ ਦਿੰਦੇ ਹਨ।

## ਊਠਤਿ ਬੈਠਤਿ; ਸੋਵਤਿ ਚਾਲਹੁ।

ਊਠਤਿ = ਉਠਦਿਆਂ, ਬੈਠਤਿ= ਬੈਠਦਿਆਂ, ਸੋਵਤਿ = ਸੌਣ ਵੇਲੇ, ਕਿਸੇ ਪਾਸੇ ਚਾਲਹੁ = ਚੱਲਣ ਵੇਲੇ :

## ਕ੍ਰਿਤਿ ਕਰਬੇ ਮਹਿਂ; ਨਾਮ ਸੰਭਾਲਹੁ ॥੩੫॥

ਧਰਮ ਦੀ ਕ੍ਰਿਤਿ = ਉਪਜੀਵਕਾ ਕਰਿਬੇ = ਕਰਦਿਆਂ ਹੋਇਆਂ, ਇਹਨਾਂ ਸਾਰਿਆਂ ਕਰਤਵਾਂ ਵਿਚ ਵਾਹਿਗੁਰੂ ਨਾਮ ਨੂੰ ਹਿਰਦੇ ਵਿਚ ਸੰਭਾਲਹੁ = ਸੰਭਾਲਦੇ ਰਹਿਣਾ ਹੈ, ਭਾਵ ਕਿਸੇ ਵੀ ਕਰਤਵ ਕਰਦਿਆਂ ਭੁਲਾਉਣਾ ਨਹੀਂ ॥੩੫॥

## ਹਾਥ ਪਾਂਵ ਤੇ; ਕਾਰ ਸੁਧਾਰਹੁ।

ਅਤੇ ਹਾਥ = ਹੱਥਾਂ ਪਾਂਵ = ਪੈਰਾਂ ਤੇ = ਦੇ ਨਾਲ ਕਾਰ = ਕੰਮਾਂ ਨੂੰ ਸੁਧਾਰਹੁ = ਸਵਾਰਨਾ ਭਾਵ ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਹੋਇਆਂ :

## ਮਨ ਤੇ ਮੁਖ ਤੇ; ਨਾਮ ਉਚਾਰਹੁ।

ਮੁਖ ਤੇ = ਤੋਂ ਵੀ ਤੇ ਮਨ ਤੋਂ ਵੀ ਵਾਹਿਗੁਰੂ ਨਾਮ ਦਾ ਉਚਾਰਹੁ = ਉਚਾਰਨ ਕਰੋ, ਭਾਵ ਸਿਮਰਨ ਕਰੋ। ਜੈਸਾ ਕਿ :

**ਊਠਤ ਬੈਠਤ ਸੋਵਤ ਨਾਮ ॥**
**ਕਹੁ ਨਾਨਕ ਜਨ ਕੈ ਸਦ ਕਾਮ ॥੬॥** *(ਗਉੜੀ ਸੁਖਮਨੀ ਮ: ੫, ਅੰਗ ੨੮੬)*

ਵਾ: **ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥੧॥** *(ਆਸਾ ਮ: ੫, ਅੰਗ ੩੮੬)*

ਵਾ: **ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥** *(ਸਲੋਕ ਕਬੀਰ ਜੀ, ਅੰਗ ੧੩੭੬)*

ਵਾ: **ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ਰਹਾਉ॥** *(ਸੋਰਠਿ ਮਹਲਾ ੫, ਅੰਗ ੬੨੧)*

## ਸਨੇ ਸਨੇ; ਤਨਹੰਤਾ ਤਯਾਗਨ।

ਤੇ ਸਨੇ ਸਨੇ = ਹੌਲੀ ਹੌਲੀ ਤਨਹੰਤਾ = ਸਰੀਰ ਹੰਗਤਾ ਤਯਾਗਨ = ਤਿਆਗਣੀ ਹੈ ਭਾਵ ਛੱਡਣੀ ਹੈ।

## ਪੁਨ ਉਪਦੇਸ਼; ਕਰਤਿ ਇਮ ਲਾਗਨ ॥੩੬॥

(ਪਾਠਾਂਤ੍ਰ ਕਰਨਿ ਮਹਿੰ ਲਾਗਨ)

ਪੁਨ = ਫੇਰ ਸਤਿਗੁਰੂ ਜੀ ਇਮ = ਇਸ ਤਰ੍ਹਾਂ ਉਪਦੇਸ਼ ਕਰਦੇ ਹਨ ਕਿ ਭਗਤੀ ਕਰਦਿਆਂ ਹੋਇਆਂ ਤਨ ਹੰਗਤਾ ਦਾ ਤਿਆਗ ਕਰੋ ਭਾਵ ਤਨ ਦੀ ਹੰਗਤਾ ਮਮਤਾ ਤਿਆਗੋ ॥੩੬॥

## ਸਭਿ ਮਹਿਂ ਰਮਯੋ; ਏਕ ਪ੍ਰਭੁ ਮੇਰਾ।

ਭਗਤੀ ਕਰਦਿਆਂ ਤਨ ਹੰਗਤਾ ਤਿਆਗ ਕਰਕੇ ਫਿਰ ਇਹ ਨਿਸ਼ਚਾ ਕਰੋ ਕਿ ਮੇਰਾ ਏਕ = ਇਕ ਪ੍ਰਭੁ = ਪਰਮੇਸ਼ਰ ਹੀ ਸਭਿ = ਸਾਰਿਆਂ ਦੇ ਮਹਿਂ = ਵਿਚ ਰਮਯੋ = ਰਮਿਆ ਹੋਇਆ ਹੈ।

## ਸ਼ੱਤ੍ਰ ਮਿੱਤ੍ਰ; ਅਰ ਠਾਕਰ ਚੇਰਾ।

ਸੱਤ੍ਰ = ਦੁਸ਼ਮਣ, ਮਿੱਤ੍ਰ = ਹਿਤਾਇਸ਼ੀ ਅਰ = ਅਤੇ ਠਾਕਰ = ਮਾਲਕ, ਚੇਰਾ = ਦਾਸ ਇਹਨਾਂ ਸਾਰਿਆਂ ਦੇ ਵਿਚ ਮੇਰਾ ਪ੍ਰਭੂ ਹੀ ਮਿਲਿਆ ਹੋਇਆ ਹੈ, ਇਉਂ ਏਕਤਾ ਵਾਲੀ ਦ੍ਰਿਸ਼ਟੀ ਨੂੰ ਧਾਰਨ ਕਰੇ। ਜੈਸਾ ਕਿ :

**ਸਰਬ ਮੈ ਪੇਖੈ ਭਗਵਾਨੁ ॥** *(ਗਉੜੀ ਸੁਖਮਨੀ ਮ: ੫, ਅੰਗ ੨੭੫)*

## ਯਾਂ ਤੇ; ਰਾਗ ਦ੍ਵੈਖ ਕੋ ਤਯਾਗਹੁ।

ਯਾਂ ਤੇ = ਇਸ ਕਰਕੇ ਪਰਮੇਸ਼ਰ ਨੂੰ ਸਾਰੇ ਰਮਿਆ ਜਾਣ ਕਰਕੇ ਆਪਣਿਆਂ ਨਾਲ ਰਾਗ = ਪ੍ਰੇਮ ਕਰਨਾ ਤੇ ਦੂਸਰਿਆਂ ਨਾਲ ਦ੍ਵੈਖ = ਨਫ਼ਰਤ ਕਰਨੀ ਤਯਾਗਹੁ = ਤਿਆਗ ਦੇਵੋ, ਭਾਵ ਮੇਰ ਤੇ ਤੇਰ ਵਾਲੇ ਭਾਵ ਨੂੰ ਤਿਆਗ ਦੇਵੋ। ਜੈਸਾ ਕਿ :

**ਮੇਰ ਤੇਰ ਜਬ ਇਨਹਿ ਚੁਕਾਈ ॥**
**ਤਾ ਤੇ ਇਸੁ ਸੰਗਿ ਨਹੀ ਬੈਰਾਈ ॥੨॥** *(ਗਉੜੀ ਮ: ੫, ਅੰਗ ੨੩੬)*

## ਨੀਂਦ ਅਵਿੱਦ੍ਯਾ ਤਜਿ ਕਰਿ; ਜਾਗਹੁ ॥੩੭॥

ਅਵਿੱਦ੍ਯਾ ਰੂਪ ਨੀਂਦ ਨੂੰ ਤਜਿ = ਛੱਡ ਕਰਕੇ ਪਰਮੇਸ਼ਰ ਦੇ ਨਾਮ ਸਿਮਰਨ ਵਿਚ **ਵਾ:** ਬ੍ਰਹਮ ਗਿਆਨ ਰੂਪ ਜਾਗ੍ਰਤ ਅਵਸਥਾ ਵਿਚ ਜਾਗਹੁ = ਜਾਗਣਾ ਕਰੋ ॥੩੭॥ ਜੈਸਾ ਕਿ :

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥** *(ਤਿਲੰਗ ਮ: ੯, ਅੰਗ ੭੨੬)*

## ਗੁਰ ਕੀ ਗਿਰਾ; ਬਿਚਾਰਹੁ ਨੀਕੇ ।

ਗੁਰ = ਗੁਰੂ ਕੀ = ਦੀ ਗਿਰਾ = ਬਾਣੀ ਨੂੰ ਬ੍ਰਹਮ ਦੇ ਗਿਆਨ ਲਈ ਨੀਕੇ = ਚੰਗੀ ਤਰ੍ਹਾਂ ਬਿਚਾਰਹੁ = ਵਿਚਾਰੋ, ਭਾਵ ਅਰਥ ਤੇ ਸਿਧਾਂਤ ਸਮਝੋ।

## ਜਿਸ ਤੇ ਭਲੇ ਹੋਤਿ; ਇਸ ਜੀਕੇ ।

ਜਿਸ ਕਰਕੇ ਗੁਰਬਾਣੀ 'ਤੇ ਵਿਚਾਰ ਕਰਿਆਂ ਇਸ ਜੀਕੇ = ਜੀਵ ਦੀ ਭਲੇ = ਕਲਿਆਣ ਹੋਤਿ = ਹੁੰਦੀ ਹੈ।

## ਕੀਰਤਨ ਕਰਹੁ; ਪ੍ਰੇਮ ਕੋ ਸੀਂਚਿ ।

ਫਿਰ ਪ੍ਰੇਮ ਰੂਪੀ ਜਲ ਵਿਚ ਸੀਂਚਿ = ਸਿੰਝ ਕੇ **ਅਥਵਾ** ਪ੍ਰੇਮ ਵਿਚ ਮਨ ਨੂੰ ਭਿਉ **ਵਾ:** ਲੀਨ ਕਰਕੇ ਗੁਰਬਾਣੀ ਦਾ ਕੀਰਤਨ ਕਰਹੁ = ਕਰੋ, ਭਾਵ ਮਨ ਨੂੰ ਮਾਇਆ ਵਿਚ ਲੀਨ ਕਰਕੇ ਨਹੀਂ ਕਰਨਾ, ਪਰਮੇਸ਼ਰ ਦੇ ਪ੍ਰੇਮ ਵਿਚ ਲੀਨ ਕਰਕੇ ਕਰਨਾ ਹੈ।

## ਲਖਹੁ ਸਕਲ ਗੁਨ; ਪ੍ਰਭੁ ਕੇ ਬੀਚ ॥੩੮॥

ਸਕਲ = ਸਾਰੇ ਦੈਵੀ ਗੁਣ ਪ੍ਰਭੁ = ਪਰਮੇਸ਼ਰ ਦੇ ਬੀਚ = ਵਿਚ ਲਖਹੁ = ਜਾਣੋ ਕਿ ਸਾਰੇ ਗੁਣ ਪਰਮੇਸ਼ਰ ਦੇ ਵਿਚ ਹਨ, ਜੀਵਾਂ ਵਿਚ ਤਾਂ ਔਗੁਣ ਹਨ। ਜੈਸਾ ਕਿ :

**ਸਭਿ ਗੁਣ ਤੇਰੇ ਮੈ ਨਾਹੀ ਕੋਇ ॥** *(ਜਪੁ ਜੀ, ਅੰਗ ੫)*

## ਆਦਿ ਸ਼ਰੀਰ; ਪਦਾਰਥ ਸਾਰੇ ।

(ਪਾਠਾਂਤ੍ਰ ਚਾਰੇ)

ਸਰੀਰ ਤੋਂ ਆਦਿ ਲੈ ਕੇ ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥ **ਵਾ:** ਹੋਰ ਸਾਰੇ ਜਿਤਨੇ ਵੀ ਪਦਾਰਥ ਹਨ।

## ਜਿਸ ਪ੍ਰਭ ਦੀਨੇ; ਹਮੈ ਬਿਚਾਰੇ ।

ਇਹ ਵਿਚਾਰੇ, ਕਿ ਹਮੈ = ਸਾਨੂੰ ਜਿਸ ਪ੍ਰਭ = ਵਾਹਿਗੁਰੂ ਪਰਮੇਸ਼ਰ ਨੇ ਇਹ ਸਾਰੇ ਪਦਾਰਥ ਦੀਨੇ = ਦਿੱਤੇ ਹਨ।

## ਅਸ ਈਸ਼ਰ; ਕਿਉਂ ਰਿਦੇ ਬਿਸਾਰਹੁ ।

ਹੇ ਭਾਈ! ਅਸ = ਇਹੋ ਜਿਹਾ ਈਸ਼ਰ = ਪਰਮੇਸ਼ਰ ਵਾਹਿਗੁਰੂ ਰਿਦੇ = ਹਿਰਦੇ ਵਿੱਚੋਂ ਕਿਉਂ ਬਿਸਾਰਹੁ = ਵਿਸਾਰਦੇ ਹੋ, ਭਾਵ ਕਦੇ ਵਿਸਾਰੋ ਨਾ।

## ਨਿਸ ਬਾਸੁਰ; ਮਨ ਜੀਹ ਸੰਭਾਰਹੁ ॥੩੯॥

ਨਿਸ = ਰਾਤ, ਬਾਸੁਰ = ਦਿਨ ਤੇ ਮਨ = ਅੰਤਸ਼ਕਰਨ ਨਾਲ ਜੀਹ = ਜੀਭ ਨਾਲ ਵਾਹਿਗੁਰੂ ਨਾਮ ਨੂੰ ਸੰਭਾਰਹੁ = ਸੰਭਾਲਣਾ ਕਰੋ। ਜੈਸਾ ਕਿ :

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥** *(ਸਲੋਕ ਕਬੀਰ ਜੀ, ਅੰਗ ੧੩੭੬)*

## ਸ੍ਰੀ ਗੁਰ ਗ੍ਰੰਥ ਸਾਹਿਬ; ਕੇ ਮਾਹਿ।

ਸ੍ਰੀ ਗੁਰ = ਗੁਰੂ ਗ੍ਰੰਥ ਸਾਹਿਬ ਜੀ ਕੇ = ਦੇ ਮਾਹਿ = ਵਿਚ :

## ਭਗਤਿ ਉਪਦੇਸ਼; ਅਧਿਕ ਅਧਿਕਾਹਿ।

ਭਗਤਿ = ਭਗਤੀ ਦਾ ਉਪਦੇਸ਼ ਅਧਿਕ ਅਧਿਕਾਹਿ = ਬਹੁਤੇ ਤੋਂ ਬਹੁਤਾ ਭਾਵ ਵੱਧ ਤੋਂ ਵੱਧ ਹੈ। ਜੈਸਾ ਕਿ :

**ਭਗਤਿ ਕਰਉ ਹਰਿ ਕੇ ਗੁਨ ਗਾਵਉ ॥** *(ਆਸਾ ਭਗਤ ਨਾਮਦੇਵ ਜੀ, ਅੰਗ ੪੮੫)*

## ਇਕ ਤੌਂ; ਸੱਤਿਨਾਮ ਕੋ ਸਿਮਰਨ।

ਇਕ ਤੌਂ = ਤਾਂ (ਸੱਤਿ + ਨਾਮ) ਸੱਤਿ = ਨਾਸ ਤੋਂ ਰਹਿਤ ਪਰਮੇਸ਼ਰ ਦੇ ਨਾਮ ਕੋ = ਦਾ ਸਿਮਰਨ ਕਰਨਾ ਹੈ **ਵਾ:** ਮੂਲ ਮੰਤਰ ਦਾ ਸਿਮਰਨ ਕਰਨਾ ਹੈ, ਇਸ ਨੂੰ ਇਸ ਤਰੀਕੇ ਨਾਲ ਕਰਨਾ ਹੈ ਕਿ :

## ਲਿਵ ਲਗਾਇ; ਨਹਿਂ ਤ੍ਯਾਗਹਿ ਨਿਸ ਦਿਨ ॥੪੦॥

ਨਿਸ ਦਿਨ = ਰਾਤ ਦਿਨ ਵਾਹਿਗੁਰੂ ਨਾਮ ਦੇ ਵਿਚ ਲਗਾਇ = ਲੱਗੀ ਹੋਈ ਲਿਵ = ਬਿਰਤੀ ਨੂੰ ਤ੍ਯਾਗਹਿ = ਤਿਆਗਣਾ **ਵਾ:** ਛੱਡਣਾ ਨਹਿਂ = ਨਹੀਂ ਹੈ ॥੪੦॥

## ਦੁਤੀਏ ਭਾਣ; ਪ੍ਰਭੁ ਕੋ ਮਾਨੇ।

ਪਹਿਲਾ ਨਿਯਮ ਇਹ ਹੈ ਕਿ ਵਾਹਿਗੁਰੂ ਨਾਮ ਵਿਚ ਨਿਤ ਦਿਨ ਲਿਵ ਲਾਉਣੀ ਹੈ ਤੇ ਦੁਤੀਏ = ਦੂਸਰਾ ਨਿਯਮ ਇਹ ਹੈ ਕਿ ਪ੍ਰਭੁ = ਪਰਮੇਸ਼ਰ ਕੋ = ਦਾ ਭਾਣਾ (ਹੁਕਮ) ਮਿੱਠਾ ਕਰਕੇ ਮਾਨੇ = ਮੰਨਣਾ ਕਰੇ।

## ਪ੍ਰਭੁ ਕ੍ਰਿਤ ਤੇ; ਉਰ ਹਰਖ ਸੁ ਠਾਨੇ।

ਅਤੇ ਸੁ = ਉਹ ਪ੍ਰਭੁ = ਪਰਮੇਸ਼ਰ ਦੇ ਕ੍ਰਿਤ = ਕੀਤੇ ਹੋਏ ਤੇ ਆਪਣੇ ਉਰ = ਹਿਰਦੇ ਵਿਚ ਹਰਖ = ਪ੍ਰਸੰਨਤਾ ਠਾਨੇ = ਧਾਰੇ ਭਾਵ ਭਾਣੇ ਨੂੰ ਮਿੱਠਾ ਕਰਕੇ ਮੰਨੇ। ਜੈਸਾ ਕਿ :

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥** *(ਆਸਾ ਮ: ੫, ਅੰਗ ੩੯੪)*

## ਤ੍ਰਿਤੀਏ; ਤਨਹੰਤਾ ਕੋ ਤ੍ਯਾਗੇ।

ਤ੍ਰਿਤੀਏ = ਤੀਸਰਾ ਨਿਯਮ ਇਹ ਹੈ ਕਿ (ਤਨ + ਹੰਤਾ) ਤਨ = ਸਰੀਰ ਦੀ ਹੰਤਾ = ਹੰਗਤਾ ਨੂੰ ਤ੍ਯਾਗੇ = ਤਿਆਗ ਦੇਵੇ, ਭਾਵ ਦੇਹ ਅਧਿਆਸ ਨੂੰ ਛੱਡ ਦੇਵੇ।

## ਤਜਿ ਕੂਰੇ; ਸਚ ਪਰ ਅਨੁਰਾਗੇ ॥੪੧॥

ਅਤੇ ਸਾਰੇ ਕੂਰੇ = ਝੂਠੇ ਪਦਾਰਥ ਤਜਿ = ਤਿਆਗ ਕੇ ਸੱਚੇ ਨਾਮ ਵਾਹਿਗੁਰੂ ਦੇ ਪਰ = ਉੱਤੇ ਅਨੁਰਾਗੇ = ਪ੍ਰੇਮ ਧਾਰਨ ਕਰੇ, ਭਾਵ ਉਸਦੇ ਨਾਮ ਦਾ ਪ੍ਰੇਮੀ ਬਣੇ ॥੪੧॥

## ਇਨ ਤੀਨਹੁ ਮੈਂ; ਪਰਪਕ ਹੋਇ।

ਇਹਨਾਂ ਤੀਨਹੁ ਤਿੰਨਾਂ ਸਾਧਨਾਂ ਮੈਂ = ਵਿਚ ਜੋ ਪਰਪਕ = ਦ੍ਰਿੜ੍ਹ ਹੋਇ = ਹੋ ਜਾਂਦਾ ਹੈ :

## ਬ੍ਰਹਮ ਗਯਾਨ; ਅਧਿਕਾਰੀ ਸੋਇ।

ਸੋਇ = ਉਹ ਬ੍ਰਹਮ ਗਿਆਨ ਦੇ ਪ੍ਰਾਪਤ ਕਰਨ ਵਾਲਾ ਅਧਿਕਾਰੀ ਹੋ ਜਾਂਦਾ ਹੈ ਭਾਵ ਸੇਵਾ, ਸਿਮਰਨ, ਭਾਣਾ ਮੰਨਣਾ ਤੇ ਦੇਹ ਹੰਗਤਾ ਤਿਆਗਣੀ ਇਹ ਨਿਯਮਾਂ ਦੇ ਨਾਲ ਬ੍ਰਹਮ ਗਿਆਨ ਦਾ ਅਧਿਕਾਰੀ ਹੋ ਜਾਂਦਾ ਹੈ। ਇਹ ਗੁਰਮਤਿ ਵਿਚ ਅਧਿਕਾਰੀ ਦੇ ਲੱਛਣ ਕਹੇ ਹਨ ਅਤੇ ਤਿੰਨ ਸਾਧਨ ਸਿੱਖੀ ਦੇ ਜੋ ਮੂਲ ਸਿਧਾਂਤ ਕਹੇ ਹਨ। ਇਹ ਗੁਰੂ ਨਾਨਕ ਸਾਹਿਬ ਤੋਂ ਆਰੰਭ ਹੋਏ ਹਨ। ਜਦੋਂ ਮਨਸੁਖ ਸ਼ਾਹ ਦੇ ਪ੍ਰਥਾਏ ਇਹ ਤਿੰਨੇ ਸਾਧਨ ਗੁਰਸਿੱਖਾਂ ਨੂੰ ਕਰਨ ਦੀ ਆਗਿਆ ਬਖ਼ਸ਼ੀ ਕਿ ਇਹ ਮੁਕਤੀ ਦੇ ਤਿੰਨ ਸਾਧਨ ਹਨ। ਜੈਸਾ ਕਿ :

**ਹਉਮੈ ਤਜਿਨਿ ਨਾਮ ਲਿਵ ਲਾਵਨ। ਭਾਣਾ ਮਨਨ ਪੰਥ ਇਹ ਪਾਵਨ।**
**ਕਰਹੁ ਤੀਨ ਕੋ ਦਿਢ ਅਭਯਾਸਾ। ਸ਼ਾਂਤਿ ਪਾਇ ਮਨ ਹ੍ਵੈ ਸੁਖਰਾਸਾ ॥੭੨॥**

*(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਿਆਇ ੨੭)*

## ਫੁਰਹਿਂ ਚਤੁਸ਼ਟੈ; ਸਾਧਨ ਰਿਦੈ।

ਜਦੋਂ ਰਿਦੈ = ਹਿਰਦੇ ਦੇ ਅੰਦਰ ਚਤੁਸ਼ਟੈ = ਚਾਰੇ ਸਾਧਨ (ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ) ਫੁਰਹਿਂ = ਸਫੁਰਨ ਹੋ ਜਾਂਦੇ ਹਨ, ਭਾਵ ਪ੍ਰਗਟ ਹੋ ਜਾਂਦੇ ਹਨ।

## ਲਖੈਂ ਉਚਿਤ; ਉਪਦੇਸ਼ਨਿ ਤਦੈ ॥੪੨॥

ਤਦੈ = ਉਸ ਵੇਲੇ ਗੁਰੂ ਮਹਾਰਾਜ ਉਸ ਨੂੰ ਗਿਆਨ ਦਾ ਉਚਿਤ = ਜੋਗ ਅਧਿਕਾਰੀ ਲਖੈ = ਜਾਣ ਕਰਕੇ, ਫਿਰ ਬ੍ਰਹਮ ਗਿਆਨ ਦਾ ਉਪਦੇਸ਼ ਦੇਣਾ ਕਰਦੇ ਹਨ ॥੪੨॥

## ਸ਼ਰਣ ਪਰਯੋ; ਸਿਖ ਕੋ ਪਹਿਚਾਨ।

ਸਿੱਖ ਕੋ = ਨੂੰ ਸ਼ਰਣ ਪਰਜੋ = ਪਿਆਂ ਪਹਿਚਾਨ = ਜਾਣ ਕਰਕੇ :

## ਪਰੇ ਕੁਬੰਧਨ; ਕਰੈ ਪ੍ਰਹਾਨ।

ਜੋ ਕੁਬੰਧਨ = ਖੋਟੇ ਬੰਧਨ ਭਾਵ ਕਾਮ, ਕ੍ਰੋਧ ਆਦਿਕ ਹਨ, ਉਹਨਾਂ ਨੂੰ ਸਤਿਗੁਰੂ ਜੀ ਪ੍ਰਹਾਨ (ਪ੍ਰ + ਹਾਨ) ਪ੍ਰ = ਵਿਸ਼ੇਸ਼ ਕਰਕੇ ਹਾਨ = ਨਾਸ ਕਰ ਦਿੰਦੇ ਹਨ।

## ਅਸ ਦਸ ਗੁਰ; ਸਾਚੇ ਪਤਿਸ਼ਾਹ।

ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਅਸ = ਏਹੋ ਜਿਹੇ ਦਸ ਪਾਤਿਸ਼ਾਹ ਸਾਡੇ ਸੱਚੇ ਗੁਰੂ ਹੋਏ

ਹਨ ਜੋ ਮੁਕਤੀ ਦੇ ਦਾਤੇ ਹੋਏ ਹਨ, ਭਾਵ ਹੋਰ ਕੋਈ ਜਣਾ ਖਣਾ ਪਖੰਡੀ ਗੁਰੂ ਨਹੀਂ ਹੋ ਸਕਦਾ ਹੈ, ਇਹ ਗੁਰਮਤਿ ਵਿਚ ਗੁਰੂ ਦੇ ਲਖਸ਼ਣ ਕਹੇ ਹਨ।

## ਸਿਮਰਹੁ ਵਾਹਿਗੁਰੂ; ਗੁਰ ਵਾਹਿ ॥੪੩॥

ਇਸ ਕਰਕੇ ਜੋ ਵਾਹਿ = ਅਸਚਰਜ ਸਰੂਪ, ਗੁਰ = ਚੇਤਨ ਸਰੂਪ ਦੀ ਪ੍ਰਾਪਤੀ ਦਾ ਸਾਧਨ 'ਵਾਹਿਗੁਰੂ' ਦਾ ਜਾਪ ਹੈ, ਉਸ ਨੂੰ ਸਿਮਰਹੁ = ਸਿਮਰਨਾ ਕਰੋ ਭਾਵ ਭਾਈ ਦਇਆ ਸਿੰਘ ਜੀ ਨੇ ਉਹ ਸਿਧਾਂਤ ਵਰਣਨ ਕੀਤਾ ਹੈ ਕਿ ਗੁਰੂ ਮਹਾਰਾਜ ਸ਼ਰਣੀ ਆਏ ਸਿੱਖ ਨੂੰ ਕਿਵੇਂ ਤਾਰਦੇ ਹਨ, ਗੁਰਮਤਿ ਵਿਚ ਜੋ ਬ੍ਰਹਮ ਗਿਆਨ ਦੇ ਸਾਧਨ ਹਨ, ਉਹਨਾਂ ਦਾ ਨਿਵੇਕਲਾ ਰੂਪ ਵਰਣਨ ਕਰਕੇ ਕਿ ਕਿਵੇਂ ਅੰਤਸ਼ਕਰਨ ਦੀ ਸ਼ੁੱਧੀ ਲਈ ਰਾਗ ਦ੍ਵੈਸ਼ ਦੀ ਮੈਲ ਲਾਹੁਣ ਵਾਸਤੇ ਨਿਸ਼ਕਾਮ ਸੇਵਾ ਜੋ ਮਲ ਦੋਸ਼ ਨਵਿਰਤੀ ਅਰਥੇ, ਅਤੇ ਵਿਖੇਪ ਦੋਸ਼ ਦੀ ਨਵਿਰਤੀ ਅਰਥੇ ਨਾਮ ਸਿਮਰਨ ਨਿਰਾਕਾਰ ਦੀ ਉਪਾਸ਼ਨਾ ਅਤੇ ਅਵਰਣ ਦੋਸ਼ ਦੀ ਨਵਿਰਤੀ ਅਰਥੇ ਗਿਆਨ ਭਾਵ ਬ੍ਰਹਮ ਗਿਆਨ ਦੇ ਕਰਕੇ ਸਿੱਖਾਂ ਦੇ ਜੀਵਨ ਸਫਲੇ ਕਰਦੇ ਹਨ, ਇਹ ਸਾਰੀ ਵਾਰਤਾ ਭਾਈ ਦਇਆ ਸਿੰਘ ਜੀ ਨੇ ਕਲਗ਼ੀਧਰ ਮਹਾਰਾਜ ਵੱਲੋਂ ਹੁਕਮ ਅਨੁਸਾਰ ਕਥਨ ਕੀਤੀ ਹੈ ਤੇ ਭਾਈ ਸੰਤੋਖ ਸਿੰਘ ਜੀ ਨੇ ਇਸਨੂੰ ਕਾਵਿ-ਰਚਨਾ ਵਿਚ ਗੁੰਥਨ ਕੀਤਾ ਹੈ ॥੪੩॥

## ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਉਪਦੇਸ਼' ਪ੍ਰਸੰਗ ਬਰਨਨੰ ਨਾਮ ਛਿਤਾਲੀਯਸਮੋ ਅੰਸੂ ॥੪੬॥

ਸ੍ਰੀ ਗੁਰ ਪ੍ਰਤਾਪ ਸੂਰਜ ਨਾਮੇ ਗ੍ਰਿੰਥੇ = ਗ੍ਰੰਥ ਦੀ ਪੰਚਮ = ਪੰਜਵੀਂ ਰੁੱਤ ਦੇ ਛਿਤਾਲੀਯਸਮੋ = ਛਿਆਲੀ ਨਾਮ ਵਾਲੇ ਅੰਸੂ = ਅਧਿਆਇ ਦੀ ਇਤਿ = ਸਮਾਪਤੀ ਹੋਈ ਹੈ, ਜਿਸ ਵਿਚ ਗੁਰਮਤਿ ਦੇ ਸਾਧਨਾ ਦਾ ਉਪਦੇਸ਼ ਬਰਨਨੰ = ਵਰਣਨ ਭਾਵ ਕਥਨ ਕੀਤਾ ਹੈ ॥੪੬॥

# ਰੁਤਿ ੫, ਅੰਸੂ ੪੭

## [ਬ੍ਰਹਮ ਗ੍ਯਾਨ ਉਪਦੇਸ਼]

ਹੁਣ ਫੇਰ ਬ੍ਰਹਮ ਗਿਆਨ ਦਾ ਵਿਸ਼ਾ ਵਰਣਨ ਕਰਨ ਲੱਗੇ ਹਨ ਤੇ ਗੁਰਬਾਣੀ ਵਿੱਚੋਂ ਉਸ ਦੇ ਪਦਾਰਥ ਦਿਖਲਾਉਣਗੇ :

**ਦੋਹਰਾ॥ 'ਚਾਰਹੁ ਸਾਧਨ ਪਾਇਕੈ; ਸਤਿਗੁਰ ਸ਼ਰਣਿ ਸਿਧਾਇ।**

ਜਗਿਆਸੂ ਇਹਨਾਂ ਚਾਰਹੁ = ਚਾਰੇ ਸਾਧਨਾਂ (ਵੈਰਾਗ, ਬਿਬੇਕ, ਖਟ ਸੰਪਤੀ ਮੋਖ ਇੱਛਾ) ਨੂੰ ਪਾਇਕੈ = ਪ੍ਰਾਪਤ ਕਰਕੇ ਫਿਰ ਸਤਿਗੁਰੂ ਜੀ ਦੀ ਸ਼ਰਣ ਵਿਚ ਸਿਧਾਇ = ਜਾਵੇ।

**ਪਰਖੈਂ ਮਹਾਂ ਸੁਜਾਨ; ਤਬਿ ਬ੍ਰਹਮ ਬਿਦਿਆ ਸਿਖਰਾਇੰ॥੧॥**

ਫਿਰ ਸਤਿਗੁਰੂ ਜੀ ਸਿੱਖ ਨੂੰ ਸੇਵਾ, ਭਗਤੀ ਕਰਾਕੇ ਜਦੋਂ ਪਰਖੈਂ = ਪਰਖ ਲੈਂਦੇ ਹਨ ਕਿ ਸਿੱਖ ਸੇਵਾ ਭਗਤੀ ਵਿਚ ਮਹਾਂ = ਬਹੁਤ ਸੁਜਾਨ = ਸਿਆਣਾ ਹੋ ਗਿਆ ਹੈ, ਤਬਿ = ਤਦੋਂ ਫੇਰ ਬ੍ਰਹਮ ਦੀ ਪ੍ਰਾਪਤ ਕਰਾਉਣ ਵਾਲੀ ਵਿੱਦਿਆ ਸਿਖਰਾਇੰ = ਸਿਖਾਉਂਦੇ ਹਨ, ਭਾਵ ਬ੍ਰਹਮ ਵਿੱਦਿਆ ਦੀ ਸਿੱਖਿਆ ਦਿੰਦੇ ਹਨ॥੧॥

**ਚੌਪਈ॥ ਚਾਰ ਪ੍ਰਕਾਰ ਅਹੈ; ਬ੍ਰਹਮ ਗ੍ਯਾਨ।**

ਭਾਈ ਦਇਆ ਸਿੰਘ ਦੱਸ ਰਹੇ ਹਨ ਕਿ ਸਿੱਖ ਨੂੰ ਸੇਵਾ ਭਗਤੀ ਤੋਂ ਬਾਅਦ ਸਤਿਗੁਰੂ ਜੀ ਦੱਸਦੇ ਹਨ ਕਿ ਬ੍ਰਹਮ ਗਿਆਨ ਚਾਰ ਪ੍ਰਕਾਰ = ਤਰ੍ਹਾਂ ਦਾ ਅਹੈ = ਹੈ।

**ਸ਼੍ਰਵਣ, ਮਨਨ, ਨਿੱਧ੍ਯਾਸਨ ਜਾਨ।**

੧. ਸ਼੍ਰਵਣ ਗਿਆਨ, ੨. ਮੰਨਨ ਗਿਆਨ, ੩. ਨਿੱਧਜਾਸਨ ਗਿਆਨ ਜਾਨ = ਜਾਨਣਾ ਕਰੋ।

**ਚੌਥੇ ਸਾਖ੍ਯਾਤ; ਗੁਰ ਕਹੈਂ।**

੪. ਚੌਥਾ ਸ਼ਾਖਸਾਤ ਗਿਆਨ ਉਸਦੇ ਸੰਬੰਧ ਵਿਚ ਪੂਰੇ ਗੁਰੂ ਜੀ ਕਹੈ = ਕਹਿੰਦੇ ਹਨ ਕਿ :

**ਜਿਸ ਕੋ ਪਾਇ; ਨ ਜਗ ਮਹਿਂ ਬਹੈ॥੨॥**

ਜਿਸ ਕੋ = ਨੂੰ ਪਾਇ = ਪ੍ਰਾਪਤ ਕਰਕੇ ਸਿੱਖ ਜਗ = ਸੰਸਾਰ ਵਿਚ ਬਹੈ = ਰੁੜ੍ਹਦਾ ਨਹੀਂ ਹੈ ਬਲਕਿ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ। ਵੇਦਾਂਤ ਮੱਤ ਵਿਚ ਇਹ ਤਰਤੀਬ ਹੈ ਸ਼੍ਰਵਣ, ਮੰਨਨ, ਨਿਧਿਆਸਣ ਤੇ ਤਤੂੰ ਪਦ ਦਾ ਸੰਸ਼ੋਧਨ ਭਾਵ ਸ਼ਾਖਸਾਤ ਅਪ੍ਰੋਖ ਬ੍ਰਹਮ ਗਿਆਨ ਤੇ ਸਤਿਗੁਰੂ ਜੀ ਨੇ ਐਸੀ ਕਿਰਪਾ ਕੀਤੀ ਹੈ ਕਿ ਜਿਹੜੇ ਗਿਆਨ ਦੇ ਤਰੀਕੇ ਉੱਤੇ ਚਾਰ ਯੁੱਗਾਂ ਤੋਂ ਇਕ ਹੀ ਵਰਣ ਦਾ ਕਬਜ਼ਾ ਰਿਹਾ ਹੈ, ਉਸ ਨੂੰ ਇੰਨਾ ਸੁਖੈਨ ਕਰ ਦਿੱਤਾ ਕਿ ਇਹ ਸਾਧਨ ਸਮਝਣ ਲਈ ਮੇਰੇ ਸਿੱਖ ਨੂੰ ਕਿਸੇ ਦੂਸਰੇ ਕੋਲ ਨਾ ਜਾਣਾ ਪਵੇ ਅਤੇ ਆਪਣੇ ਮੁਖਾਰਬਿੰਦ ਤੋਂ ਸ੍ਰੀ ਜਪੁ ਜੀ ਸਾਹਿਬ ਦੀ ਬਾਣੀ ਵਿਚ ਪਹਿਲਾਂ ਸ਼੍ਰਵਣ ਗਿਆਨ ਦੀਆਂ ਚਾਰ

ਪਉੜੀਆਂ ਉਚਾਰਨ ਕੀਤੀਆਂ ੮, ੯, ੧੦, ੧੧ਵੀਂ ਇਹਨਾਂ ਪਉੜੀਆਂ ਵਿਚ ਪਹਿਲੇ ਸ਼੍ਰਵਣ ਸਾਧਨ ਦੀ ਮਹਾਨਤਾ ਦੱਸੀ ਹੈ, ਮੰਨਨ ਦੀਆਂ ਚਾਰ ਪਉੜੀਆਂ ੧੨, ੧੩, ੧੪, ੧੫ਵੀਂ ਇਹਨਾਂ ਪਉੜੀਆਂ ਵਿਚ ਗਿਆਨ ਦੇ ਦੂਸਰੇ ਸਾਧਨ ਮੰਨਨ ਦੀ ਵਿਆਖਿਆ ਕੀਤੀ ਹੈ ਅਤੇ ੧੬ਵੀਂ ਪਉੜੀ ਵਿਚ ਗਿਆਨ ਦੇ ਤੀਸਰੇ ਸਾਧਨ ਨਿਧਿਆਸਣ ਦਾ ਕਥਨ ਕੀਤਾ ਹੈ ਅਤੇ ੧੬, ੧੭, ੧੮, ੧੯ਵੀਂ ਪਉੜੀ ਦੇ ਅਖ਼ੀਰਲੀ ਤੁਕ ਵਿਚ ਤਤ ਤ੍ਵੰ ਪਦ ਦਾ ਸੰਸ਼ੋਧਨ ਗਿਆਨ ਦਾ ਚੌਥਾ ਸਾਧਨ ਕਥਨ ਕੀਤਾ ਹੈ ਜਿਸ ਵਿਚ ਅਪ੍ਰੋਖ ਬ੍ਰਹਮ ਗਿਆਨ ਵਾਸਤੇ ਚਾਰ ਵਾਰੀ ਮਹਾਂਵਾਕ ਕਥਨ ਕੀਤਾ ਹੈ ਜਿਵੇਂ ਚਾਰੇ ਵੇਦਾਂ ਦੇ ਚਾਰ ਮਹਾਂਵਾਕ ਹਨ ੧. ਤਤ੍ਵੰਮਸਿ ਸ਼ਾਮਬੇਦ ੨. ਪ੍ਰਗਜਾਨਮਾਨੰਦ ਬ੍ਰਹਮ ਰਿਗਵੇਦ, ੩. ਅਹੰਬ੍ਰਹਮਾਸਮਿ ਯੁਜਰ ਵੇਦ, ੪. ਆਯੰ ਆਤਮਾ ਬ੍ਰਹਮ ਅਥਰਬਣ ਵੇਦ ਇਹ ਵੇਦਾਂ ਦੇ ਚਾਰੇ ਮਹਾਂਵਾਕ ਆਤਮਾ ਨੂੰ ਬ੍ਰਹਮ ਜਣਾਉਣ ਵਾਲੇ ਚਾਰ ਵੱਖਰੇ-ਵੱਖਰੇ ਮਹਾਂਵਾਕ ਮਿਲਦੇ ਹਨ ਤੇ ਗੁਰੂ ਸਾਹਿਬ ਨੇ ਚਾਰ ਪਉੜੀਆਂ ਦੇ ਅਖ਼ੀਰ ਵਿਚ ਇੱਕੋ ਹੀ ਸ਼ਬਦ ਬੋਲ ਕੇ ਚਾਰ ਮਹਾਂਵਾਕਾਂ ਦੀ ਗਿਣਤੀ ਵੀ ਰੱਖ ਲਈ ਅਤੇ ਗੁਰਮਤਿ ਸਿਧਾਂਤ ਸਮੁੱਚੇ ਰੂਪ ਵਿਚ ਚਾਰ ਵਾਰੀ ਕਹਿ ਕੇ ਜੀਵ ਈਸ਼ ਦੀ ਏਕਤਾ ਜਣਾ ਦਿੱਤੀ ਹੈ ਜਿਸ ਦੇ ਵਿਚ ਆਤਮਾ ਨੂੰ ਸ਼ਾਖਸਾਤ ਬ੍ਰਹਮ ਦਾ ਰੂਪ ਜਣਾ ਕੇ ਸਿੱਖ ਨੂੰ ਸੰਸਾਰ-ਸਮੁੰਦਰ ਵਿੱਚੋਂ ਰੁੜ੍ਹਨ ਤੋਂ ਬਚਾਇਆ ਹੈ ॥੨॥

੧. [**ਸ਼੍ਰਵਣ :**] ਹੁਣ ਅੱਗੇ ਸ਼੍ਰਵਣ ਦੀ ਵਿਚਾਰ ਖੋਲ੍ਹਦੇ ਹਨ :

## ਪ੍ਰਥਮ ਸ਼੍ਰਵਣ; ਖਟ ਲਿੰਗ ਪ੍ਰਕਾਰ।

ਜੋ ਪ੍ਰਥਮ = ਪਹਿਲਾ ਸ਼੍ਰਵਣ ਹੈ, ਇਸ ਦੇ ਖਟ = ਛੇ ਲਿੰਗ = ਚਿੰਨ੍ਹਾਂ ਦਾ ਪ੍ਰਕਾਰ ਦੱਸਦੇ ਹਨ ਭਾਵ ਛੇ ਪ੍ਰਕਾਰ ਦੇ ਲੱਛਣ, ਢੰਗ, ਦੱਸਦੇ ਹਨ।

## ਜਿਸ ਤੇ ਚੇਤਨ; ਅਦੁਤਿ ਮਝਾਰ।

ਜਿਸ ਤੇ = ਜਿਸ ਕਰਕੇ ਚੇਤਨ ਅਦੁਤਿ = ਅਦੁੱਤੀ ਚੇਤਨ ਦੇ ਮਝਾਰ = ਵਿਚ ਭਾਵ ਅਦੁੱਤੀ ਚੇਤਨ ਇਸ ਕਰਕੇ ਕਿਹਾ ਹੈ ਕਿ ਉਸ ਵਰਗਾ ਹੋਰ ਕੋਈ ਚੇਤਨ ਨਹੀਂ ਹੈ ਜਿਵੇਂ ਇਕ ਪੰਛੀ ਵਰਗੇ ਹੋਰ ਅਨੇਕਾਂ ਪੰਛੀ ਹਨ, ਇਕ ਪਸ਼ੂ ਵਰਗੇ ਹੋਰ ਅਨੇਕਾਂ ਪਸ਼ੂ ਹਨ, ਬ੍ਰਿੱਛਾਂ ਵਰਗੇ ਹੋਰ ਬ੍ਰਿਛ ਹਨ ਅਤੇ ਮਨੁੱਖਾਂ ਵਰਗੇ ਹੋਰ ਮਨੁੱਖ ਹਨ ਇਸ ਕਰਕੇ ਇਹਨਾਂ ਨੂੰ ਅਦੁੱਤੀ ਨਹੀਂ ਕਿਹਾ ਜਾਂਦਾ ਹੈ ਪਰ ਚੇਤਨ ਵਰਗਾ ਹੋਰ ਕੋਈ ਦੂਸਰਾ ਚੇਤਨ ਨਹੀਂ ਹੈ ਤੇ ਬ੍ਰਹਮ ਵਰਗਾ ਕੋਈ ਬ੍ਰਹਮ ਨਹੀਂ ਹੈ, ਐਸੇ ਅਦੁੱਤੀ ਚੇਤਨ ਦੇ ਵਿਚ :

## ਤਾਤਪਰਯ ਕੋ; ਨਿਸ਼ਚੈ ਹੋਇ।

ਤਾਤਪਰਯ = ਸਿਧਾਂਤ ਕੋ = ਦਾ ਨਿਸ਼ਚੈ = ਨਿਸ਼ਚਾ ਹੋਇ = ਹੋ ਜਾਵੇ।

## ਸ਼੍ਰੀ ਸਤਿਗੁਰੂ; 'ਸ਼੍ਰਵਣ' ਕਹਿਂ ਸੋਇ ॥੩॥

ਸ਼੍ਰੀ = ਸੋਭਾ ਦੇ ਮਾਲਕ ਸਤਿਗੁਰੂ ਜੀ ਸੋਇ = ਉਸਨੂੰ ਸ਼੍ਰਵਣ ਗਿਆਨ ਕਹਿਂ = ਕਹਿੰਦੇ ਹਨ ਭਾਵ ਜੋ ਅਦੁੱਤੀ ਚੇਤਨ ਹੈ ਉਸ ਦੇ ਸਿਧਾਂਤ ਦੇ ਵਿਚ ਚੰਗੀ ਤਰ੍ਹਾਂ ਨਿਸ਼ਚਾ ਹੋ ਜਾਵੇ ਕਿ ਚੇਤਨ ਹੀ ਅਦੁੱਤੀ ਹੈ ਇਸ ਤੋਂ ਅਲੱਗ ਦੂਜੇ ਸਭ ਜੜ੍ਹ ਹਨ ਇਸ ਨਿਸ਼ਚੇ ਨੂੰ ਬ੍ਰਹਮ ਸਰੋਤਰੀ, ਬ੍ਰਹਮ ਨੇਸ਼ਟੀ ਸਤਿਗੁਰੂ ਜੀ ਸ਼੍ਰਵਣ ਗਿਆਨ ਕਹਿੰਦੇ ਹਨ ॥੩॥

ਹੁਣ ਜੋ ਸ਼੍ਰਵਣ ਦੇ ਛੇ ਅੰਗ ਹਨ, ਉਹਨਾਂ ਦੀ ਗਿਣਤੀ ਦਾ ਵੇਰਵਾ ਦੇਂਦੇ ਹਨ :

## ਇਕ 'ਉਪ ਕਰਮ; ਅਰੁ ਉਪਸੰਹਾਰ'।

੧. ਸ਼੍ਰਵਣ ਦੇ ਚਿੰਨ੍ਹਾਂ ਵਿੱਚੋਂ ਪਹਿਲਾਂ ਉਪਕਰਮ ਅਰੁ = ਅਤੇ ਉਪਸੰਹਾਰ ਹੈ ਇਹ ਸ਼੍ਰਵਣ ਦਾ ਪਹਿਲਾ ਚਿੰਨ੍ਹ ਹੈ।

## ਦੂਜੇ ਕੋ; 'ਅੱਭ੍ਯਾਸ' ਉਚਾਰ।

੨. ਦੂਜੇ = ਦੂਸਰੇ ਚਿੰਨ੍ਹ ਕੋ = ਦਾ ਨਾਮ ਅੱਭ੍ਯਾਸ ਉਚਾਰ = ਕਥਨ ਕਰਕੇ ਕਿਹਾ ਹੈ।

## 'ਸ਼੍ਰਵਣ ਅਪੂਰਬਤਾ'; ਲਖਿ ਤੀਨ।

੩. ਸ਼੍ਰਵਣ ਦੇ ਤੀਨ = ਤੀਸਰੇ ਚਿੰਨ੍ਹ ਦਾ ਨਾਮ ਅਪੂਰਬਤਾ ਲਖਿ = ਜਾਣ ਲਉ।

## 'ਫਲ' ਪੁਨ 'ਅਰਥਬਾਦ'; ਕੋ ਚੀਨ ॥੪॥

ਚੌਥਾ ਚਿੰਨ੍ਹ ਫਲ ਪੁਨ = ਫੇਰ ੫. ਅਰਥਬਾਦ ਇਹਨਾਂ ਕੋ = ਨੂੰ ਚੀਨ = ਜਾਣ ਲਉ ਕਿ ਇਥੇ ਤਕ ਗਿਣਤੀ ਵਿਚ ਪੰਜ ਹੋ ਗਏ ਛੇਵਾਂ ਅਗਲੀ ਤੁਕ ਵਿਚ ਦੱਸਣਗੇ ॥੪॥

## 'ਉਪਪਤਿ' ਖਸ਼ਟਮ; ਕਰਹਿਂ ਉਚਾਰਨ।

੬. ਸ਼੍ਰਵਣ ਦਾ ਖਸ਼ਟਮ = ਛੇਵਾਂ ਚਿੰਨ੍ਹ ਉਪਪਤਿ = ਉਪਪਤੀ ਉਚਾਰਨ ਕਰਹਿਂ = ਕੀਤਾ ਹੈ।

## ਅਬਿ ਇਨਕੇ; ਕਰਿ ਅਰਥ ਬਿਚਾਰਨ।

ਅਬਿ = ਹੁਣ ਇਨਕੇ = ਇਹਨਾਂ ਖਟ ਚਿੰਨ੍ਹਾਂ ਦੇ ਅਰਥਾਂ ਦੀ ਵਿਚਾਰ ਕਰਿ = ਕਰਦੇ ਹਨ ਕਿ ਕਿਹੜੇ ਚਿੰਨ੍ਹ ਦਾ ਕੀ ਅਰਥ ਹੈ, ਉਹ ਖੋਲ੍ਹ ਕੇ ਦੱਸਦੇ ਹਨ।

**੧. ਉਪਕਰਮ ਉਪਸੰਹਾਰ** : ਹੁਣ ਸ਼੍ਰਵਣ ਦੇ ਪਹਿਲੇ ਚਿੰਨ੍ਹ ਉਪਕਰਮ ਤੇ ਉਪਸੰਹਾਰ ਦਾ ਅਰਥ ਦੱਸਦੇ ਹਨ :

## ਅਰਥ ਜੁ ਆਦਿ; ਗ੍ਰੰਥ ਮਹਿਂ ਧਰਨਾ।

ਕਿਸੇ ਵੀ ਗ੍ਰੰਥ ਦੇ ਆਦਿ = ਮੁੱਢ ਵਿਚ ਲਿਖਣ ਲੱਗਿਆਂ ਜੋ ਅਰਥ = ਸਿਧਾਂਤ ਲਿਖਿਆ ਹੈ, ਭਾਵ ਜੋ ਮੁਖ ਸਿਧਾਂਤ ਲਿਖਣਾ ਸ਼ੁਰੂ ਕੀਤਾ ਹੈ।

## ਤਿਸਕੋ ਪ੍ਰਤਿ ਪਾਦਨ; ਬਹੁ ਕਰਨਾ ॥੫॥

ਤਿਸਕੋ = ਉਸੇ ਨੂੰ ਬਹੁ = ਬਾਰ-ਬਾਰ ਪ੍ਰਤਿ ਪਾਦਨ = ਕਥਨ ਕਰਨਾ, ਭਾਵ ਅਨੇਕਾਂ ਦ੍ਰਿਸ਼ਟਾਂਤ ਪ੍ਰਮਾਣ ਦੇ ਕੇ ਉਸ ਗੱਲ ਨੂੰ ਸਿੱਧ ਕਰੀ ਜਾਣਾ ॥੫॥

## ਤਿਸੀ ਅਰਥ ਮਹਿਂ; ਹੋਹਿ ਸਮਾਪਤਿ।

ਤਿਸੀ = ਉਸੀ ਅਰਥ = ਸਿਧਾਂਤ ਮਹਿਂ = ਵਿਚ ਸਮਾਪਤੀ ਹੋਹਿ = ਹੋ ਜਾਵੇ, ਭਾਵ ਜੋ ਆਦਿ ਵਿਚ ਕਥਨ ਕੀਤਾ ਸੀ ਤੇ ਵਿਚਕਾਰ ਵਿਚ ਅਨੇਕਾਂ ਪ੍ਰਮਾਣ ਦੇ ਕੇ ਤੇ ਉਸੇ ਸਿਧਾਂਤ ਨੂੰ ਆਦਿ ਨਾਲ ਮੇਲ ਦੇਣਾ, ਆਦਿ ਅੰਤ ਦੀ ਏਕਤਾ ਕਰ ਦੇਣੀ, ਜਿੱਥੋਂ ਸ਼ੁਰੂ ਕੀਤਾ ਸੀ ਉਥੇ ਲਿਆ ਕੇ ਸਮਾਪਤੀ ਕਰ ਦੇਣੀ।

## ਉਪਕ੍ਰਮ ਉਪਸੰਹਾਰ; ਜਾਨਚਿਤ।

ਹੇ ਖ਼ਾਲਸਾ ਜੀ! ਇਸ ਦਾ ਨਾਮ ਉਪਕ੍ਰਮ ਉਪਸੰਹਾਰ ਹੈ ਇਹ ਸ਼੍ਰਵਣ ਦਾ ਪਹਿਲਾ ਚਿੰਨ੍ਹ ਕਿਹਾ ਹੈ, ਤੁਸੀਂ ਆਪਣੇ ਚਿੱਤ ਵਿਚ ਜਾਣ ਲੈਣਾ ਕਰੋ।

## ਸ਼੍ਰੀ ਨਾਨਕ ਜੀ; ਕੀਨ ਬਣਾਇ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਉਪਕਰਮ ਉਪਸੰਹਾਰ ਦੀ ਰੀਤ ਨੂੰ ਬਣਾਇ = ਬਣਾਉਣਾ ਕੀਨ = ਕੀਤਾ ਹੈ।

## ਉਦਾਹਰਣ ਸੁਨਿ ਲਿਹੁ; ਸੁਖ ਪਾਇ ॥੬॥

ਹੇ ਗੁਰਸਿੱਖੋ! ਜੋ ਉਦਾਹਰਣ = ਪ੍ਰਮਾਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿਚ ਉਚਾਰਨ ਕੀਤਾ ਹੈ, ਉਹ ਤੁਸੀਂ ਸੁਣ ਲਿਹੁ = ਲਉ ਤੇ ਸੁਣ ਕੇ ਗਿਆਨ ਦਾ ਸੁਖ ਪਾਇ = ਪਾ ਲਵੋਂਗੇ ॥੬॥ ਜੈਸਾ ਕਿ:

**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**

ਸੰਸਾਰ ਦੇ ਆਦਿ = ਮੁੱਢ ਵਿਚ ਵੀ ਉਹ ਵਾਹਿਗੁਰੂ ਸੱਚ ਸਰੂਪ ਸੀ, ਜਦੋਂ ਜੁਗਾਦਿ (ਜੁਗ + ਆਦਿ) ਜੁੱਗ ਆਦਿ ਰਚੇ ਗਏ ਤਾਂ ਵੀ ਉਹ ਸੱਚ ਸਰੂਪ ਹੈ, ਹੁਣ ਭੀ ਸੱਚ ਸਰੂਪ ਹੈ ਤੇ ਸਤਿਗੁਰੂ ਜੀ ਕਹਿੰਦੇ ਹਨ ਕਿ ਆਉਣ ਵਾਲੇ ਸਮੇਂ ਦੇ ਵਿਚ ਭੀ ਸੱਚ ਸਰੂਪ ਹੋਸੀ = ਹੋਵੇਗਾ, ਉਹੀ ਸੱਚ ਸਰੂਪ ਨੇ ਕਿੰਨਿਆਂ ਜੁਗਾਂ ਵਿਚ ਅੰਧ ਧੁੰਧ ਵਰਤਾ ਕੇ ਤਾੜੀ ਲਾਈ। ਜੈਸਾ ਕਿ:

**ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ ॥**
**ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥੧॥**
**ਜੁਗ ਛਤੀਹ ਤਿਨੈ ਵਰਤਾਏ ॥ ਜਿਉ ਤਿਸੁ ਭਾਣਾ ਤਿਵੈ ਚਲਾਏ ॥**
**ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ ॥੨॥** *(ਮਾਰੂ ਸੋਲਹੇ ਮ: ੧, ਅੰਗ ੧੦੨੭)*

## ਚੌਪਈ ॥ ਆਦਿ ਜਗਤ ਕੇ; ਸੱਚ ਦਿਖਾਯੋ।

ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਮੁੱਖੋਂ ਇਹ ਬਚਨ ਉਚਾਰ ਕੇ ਜਗਤ = ਸੰਸਾਰ ਕੇ = ਦੇ ਆਦਿ = ਮੁੱਢ ਵਿਚ ਸੱਚ ਨੂੰ ਪ੍ਰਗਟ ਕਰਕੇ ਦਿਖਾਯੋ = ਦਿਖਾਇਆ ਹੈ।

## ਅੰਤ ਸਕਲ ਕੇ; ਸੱਚ ਬਤਾਯੋ।

ਇਉਂ ਸਕਲ = ਸਾਰਿਆਂ ਕੇ = ਦੇ ਅੰਤ = ਅਖ਼ੀਰ ਵਿਚ ਵੀ ਵਾਹਿਗੁਰੂ ਸੱਚ ਹੋਵੇਗਾ, ਇਹ ਬਤਾਯੋ = ਵਰਣਨ ਕੀਤਾ ਹੈ।

## ਆਦਿ ਅੰਤ ਮਹਿਂ; ਬਰਨਯੋ ਏਕ।

ਇਉਂ ਗੁਰੂ ਨਾਨਕ ਦੇਵ ਜੀ ਨੇ ਬਹੁਤ ਸਾਰੇ ਸ਼ਬਦਾਂ ਵਿਚ ਆਦਿ ਅੰਤ ਭਾਵ ਸ਼ੁਰੂ ਤੇ ਅਖ਼ੀਰ ਵਿਚ ਸਿਧਾਂਤ ਨੂੰ ਮੇਲਣਾ ਕੀਤਾ ਹੈ ਤੇ ਇੱਕ ਦਾ ਹੀ ਬਰਨਯੋ = ਵਰਣਨ ਕੀਤਾ ਹੈ ਅਤੇ ਸੰਪੂਰਨ ਜਪੁ ਜੀ ਸਾਹਿਬ ਵਿਚ ਵੀ ਇਹੋ ਹੀ ਰੀਤ ਹੈ ਜਿਵੇਂ ਸ਼ੁਰੂ ਦੇ ਵਿਚ '੧ਓ ਸਤਿਨਾਮੁ' ਇਉਂ ਨਾਮ ਤੋਂ ਸਿਧਾਂਤ ਸ਼ੁਰੂ ਕਰਕੇ ਅਨੇਕਾਂ ਵਾਰ ਮੱਧ ਵਿਚ ਵੀ ਨਾਮ ਦੀ ਮਹਿਮਾ ਕਥਨ ਕਰਕੇ ਅਖ਼ੀਰ ਵਿਚ ਨਾਮ ਦੀ ਮਹਿਮਾ 'ਤੇ ਹੀ ਜਪੁ ਜੀ ਸਾਹਿਬ ਸਮਾਪਤ ਕੀਤਾ ਹੈ। ਜੈਸਾ ਕਿ:

**ਜਿਨੀ ਨਾਮੁ ਧਿਆਇਆ; ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ; ਕੇਤੀ ਛੁਟੀ ਨਾਲਿ ॥੧॥** *(ਜਪੁ ਜੀ, ਅੰਗ ੮)*

ਜਿਵੇਂ ਜਪੁ ਜੀ ਸਾਹਿਬ ਵਿਚ ਉਪਕਰਮ ਉਪਸੰਹਾਰ ਆਦਿ, ਮੱਧ, ਅੰਤ ਸਿਧਾਂਤ ਦੀ ਏਕਤਾ ਜਣਾ ਕੇ ਇਸ ਰੀਤ ਨੂੰ ਪੂਰਾ ਕੀਤਾ ਹੈ, ਇਸੇ ਤਰ੍ਹਾਂ ਇਹੀ ਰੀਤ ਅੱਖਰਾਂ ਦੇ ਹਿਸਾਬ ਨਾਲ ਆਦਿ ਅੰਤ ਦੀ ਏਕਤਾ ਜਨਾਈ ਹੋਈ ਹੈ ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਵਿਚ 'ਸਤਿਨਾਮੁ' ਪਦ ਦੇ ਸੱਸੇ ਅੱਖਰ ਤੋਂ ਸ਼ੁਰੂ ਕਰਕੇ ਅਖ਼ੀਰ ਰਾਗ ਮਾਲਾ ਵਿਚ 'ਅਠਾਰਹ ਦਸ ਬੀਸ' ਦੇ ਸੱਸੇ 'ਤੇ ਲਿਆ ਕੇ ਸਮਾਪਤੀ ਕਰ ਦਿੱਤੀ ਹੈ, ਭਾਵ ਸੱਸੇ ਅੱਖਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲਿਖਣਾ ਸ਼ੁਰੂ ਕੀਤਾ ਤੇ ਸੱਸੇ ਅੱਖਰ 'ਤੇ ਹੀ ਲਿਆ ਕੇ ਸਮਾਪਤੀ ਕਰ ਦਿੱਤੀ। ਜੇ ਕੋਈ ਸ਼ੰਕਾ ਕਰੇ ਪਹਿਲਾਂ ਅੱਗੇ ੧ੴ ਪਦ ਮੁੱਢ ਵਿਚ ਹੈ ਤਾਂ ਉਸਦਾ ਉੱਤਰ ਇਹ ਹੈ ਕਿ ੧ੴ ਮੰਗਲ ਰੂਪ ਵਿਚ ਛੱਡਿਆ ਹੈ ਤਾਂ ਫੇਰ ਇਸਨੂੰ ਅੰਕਾਂ ਦੇ ਨਾਲ ਇਉਂ ਸਮਝ ਲੈਣਾ ਕਿ ੴ ਦੇ ਅੱਗੇ ਅੰਕ ਵਾਲਾ ਏਕਾ ਲੱਗਿਆ ਹੋਇਆ ਹੈ ਇਉਂ ਇਕ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਸ਼ੁਰੂ ਹੋਈ ਤੇ ਬੀਸ ਤੋਂ ਬਾਅਦ ਫਿਰ ਡੰਡੀਆਂ ਵਿੱਚ ਅੰਕਾਂ ਵਾਲਾ ਏਕਾ ਲੱਗਿਆ ਹੋਇਆ ਹੈ। ਇਉਂ ਇਕ ਤੋਂ ਸ਼ੁਰੂ ਕਰਕੇ ਇਕ 'ਤੇ ਹੀ ਸਮਾਪਤੀ ਕਰ ਦਿੱਤੀ ਹੈ। ਹੁਣ ਗੱਲ ਸਿੱਧ ਹੋਈ ਹੈ ਕਿ ਜੋ ੧ ਅੰਕ ਹੈ ਉਹ ਅਦ੍ਵੈਤ ਸਰੂਪ ਪਰਮੇਸ਼ਰ ਦਾ ਬੋਧਕ ਹੈ ਅਤੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਦ੍ਵੈਤ ਬਾਰ-ਬਾਰ ਕਥਨ ਕਰਕੇ ਰਾਗ ਮਾਲਾ ਦੀ ਅਖ਼ੀਰਲੀ ਤੁਕ 'ਤੇ ੧ ਅੰਕ ਲਾ ਕੇ ਫਿਰ ਅਦ੍ਵੈਤ ਰੂਪ ਵਾਹਿਗੁਰੂ ਦਾ ਕਥਨ ਕੀਤਾ ਹੈ। ਇਉਂ ਆਦਿ, ਮੱਧ, ਅੰਤ ਵਿਚ ਇਕ ਅਦ੍ਵੈਤ ਸਰੂਪ ਹਰੀ ਵਾਹਿਗੁਰੂ ਦਾ ਕਥਨ ਕਰਕੇ ਉਪਕਰਮ ਉਪਸੰਹਾਰ ਦੀ ਰੀਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਸਾ ਦਿੱਤੀ ਹੈ।

## 'ਉਪਕ੍ਰਮ ਉਪਸੰਹਾਰ'; ਬਿਬੇਕ ॥੭॥

ਹੇ ਗੁਰਸਿੱਖੋ! ਬਿਬੇਕ = ਵਿਚਾਰ ਕਰ ਲਉ ਕਿ ਇਸ ਦਾ ਨਾਮ ਉਪਕਰਮ ਉਪਸੰਹਾਰ ਹੈ, ਇਹ ਸ਼੍ਰਵਣ ਦਾ ਪਹਿਲਾ ਚਿੰਨ੍ਹ ਹੈ॥੭॥

੨. [**ਅੱਭਯਾਸ**] : ਹੁਣ ਜੋ ਸ਼੍ਰਵਣ ਦਾ ਦੂਸਰਾ ਚਿੰਨ੍ਹ ਅੱਭਯਾਸ ਹੈ, ਉਸ ਦਾ ਅਰਥ ਦੱਸਦੇ ਹਨ :

## ਜੋਗ ਨਿਰੂਪਣ ਕੇ; ਜੋ ਅਹੈ।

ਜੋ ਗੱਲ ਨਿਰੂਪਣ = ਕਥਨ ਕਰਨ ਕੇ = ਦੇ ਜੋਗ ਹੈ।

## ਵਸਤੁ ਅਦੁਤੀ; ਜੁ ਚੇਤਨ ਲਹੈ।

ਉਹ ਅਦੁੱਤੀ ਚੇਤਨ ਵਸਤੂ ਹੈ, ਭਾਵ ਜੋ ਪਰਮੇਸ਼ਰ ਦਾ ਕਥਨ ਕਰਨਾ ਲਹੈ = ਪ੍ਰਾਪਤ ਹੈ।

## ਬਾਰ ਬਾਰ; ਤਿਸ ਕਰਹਿ ਪ੍ਰਕਾਸ਼ਾ।

ਤਿਸ = ਉਸ ਅਦੁੱਤੀ ਚੇਤਨ ਵਸਤੂ ਨੂੰ ਬਾਰ-ਬਾਰ = ਮੁੜ ਮੁੜ ਕੇ ਉਸੇ ਦਾ ਪ੍ਰਕਾਸ਼ਾ = ਪ੍ਰਗਟ ਕਰਨਾ।

## ਗ੍ਰੰਥ ਬਿਖੈ; ਸੋ ਲਖਿ ਅੱਭਯਾਸਾ ॥੮॥

ਆਪਣੇ ਗ੍ਰੰਥ ਬਿਖੈ = ਵਿਚ ਅਦੁੱਤੀ ਚੇਤਨ ਵਸਤੂ ਦਾ ਬਾਰ-ਬਾਰ ਕਥਨ ਕਰਨਾ ਹੀ ਸੋ = ਉਸ ਦਾ ਨਾਮ ਅੱਭਯਾਸ ਲਖਿ = ਜਾਨਣਾ ਕਰੋ, ਇਹ ਸ਼੍ਰਵਣ ਦਾ ਦੂਸਰਾ ਚਿੰਨ੍ਹ ਹੈ॥੮॥

## ਜਪੁਜੀ ਬਿਖੈ; ਨਿਰੂਪਣ ਕਰਿਓ।

ਸ਼੍ਰਵਣ ਦਾ ਦੂਸਰਾ ਚਿੰਨ੍ਹ ਜੋ ਅਭਿਆਸ ਹੈ, ਹੁਣ ਉਸ ਦੀ ਪੁਸ਼ਟੀ ਲਈ ਜਪੁ ਜੀ ਸਾਹਿਬ ਬਿਖੈ = ਵਿੱਚੋਂ ਉਦਾਹਰਣਾਂ ਦੇਂਦੇ ਹਨ ਕਿ ਇਹ ਗੱਲ ਬਾਰ ਬਾਰ ਨਿਰੂਪਣ = ਕਥਨ ਕਰਿਓ = ਕੀਤੀ ਹੋਈ ਹੈ।

## ਬਾਰ ਬਾਰਹਿ; ਅਰਥ ਸੋ ਧਰਿਓ।

ਸੋ = ਉਹ ਅਰਥ ਨੂੰ ਬਾਰ ਬਾਰਹਿ = ਬਾਰ ਧਰਿਓ = ਟਿਕਾਇਆ ਹੋਇਆ ਹੈ। ਜੈਸਾ ਕਿ :

**ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥**

ਉਹ ਅਦੁੱਤੀ ਪਰਮੇਸ਼ਰ ਆਪ ਭੀ ਸਾਚਾ = ਸੱਚਾ ਸਾਹਿਬ = ਮਾਲਕ ਹੈ, ਉਸ ਦਾ ਨਾਇ = ਨਾਮ ਵੀ ਸਾਚੁ = ਸੱਚਾ ਹੈ **ਵਾ:** ਉਸਦੀਆਂ ਸਿਫ਼ਤਾਂ ਵੀ ਸੱਚੀਆਂ ਹਨ ਉਹ ਅਨੇਕਾਂ ਭਾਖਿਆ = ਬੋਲੀਆਂ ਵਿਚ **ਵਾ:** ਕਥਨੀ ਵਿਚ ਚੇਤਨ ਬ੍ਰਹਮ ਭਾਉ = ਪ੍ਰੇਮ ਸਹਿਤ, ਅਪਾਰ = ਪਾਰਾਵਾਰ ਤੋਂ ਰਹਿਤ ਕਿਹਾ ਜਾਂਦਾ ਹੈ ਇਹ ਚੇਤਨ ਵਸਤੂ ਦਾ ਬਾਰ-ਬਾਰ ਕਥਨ ਕਰਨ ਦਾ ਪ੍ਰਮਾਣ ਹੈ।

ਹੁਣ ਅੱਗੇ ਇਕ ਹੋਰ ਉਦਾਹਰਣ ਦੇਂਦੇ ਹਨ :

**ਥਾਪਿਆ ਨ ਜਾਇ ਕੀਤਾ ਨ ਹੋਇ ॥**

ਉਹ ਪਰਮੇਸ਼ਰ ਕਿਸੇ ਦਾ ਥਾਪਿਆ = ਅਸਥਾਪਨ ਨ = ਨਹੀਂ ਕੀਤਾ ਹੋਇਆ ਜਿਵੇਂ ਇਕ ਰਾਜਾ ਮਰਨ ਤੋਂ ਦੂਜਾ ਰਾਜਾ ਥਾਪਿਆ ਜਾਂਦਾ ਹੈ, ਉਹ ਰਾਜ ਗੱਦੀ 'ਤੇ ਸਥਾਪਨ ਕੀਤਾ ਜਾਂਦਾ ਹੈ। ਇਕ ਮਹੰਤ ਮਰਨ ਤੋਂ ਡੇਰੇ ਦਾ ਦੂਸਰਾ ਮਹੰਤ ਸਥਾਪਨ ਕੀਤਾ ਜਾਂਦਾ ਹੈ, ਇਉਂ ਥਾਪਨਾ ਕਰਨ ਵਾਲੇ ਕਿਸੇ ਦੂਸਰੇ ਵਿਅਕਤੀ ਨੂੰ ਥਾਪ ਦੇਂਦੇ ਹਨ ਪਰ ਅਦੁੱਤੀ ਚੇਤਨ ਬ੍ਰਹਮ ਕਿਸੇ ਦਾ ਸਥਾਪਨ ਨਹੀਂ ਕੀਤਾ ਹੋਇਆ, ਨਾ ਕਿਸੇ ਤੋਂ ਥਾਪਿਆ ਜਾਇ = ਜਾ ਸਕਦਾ ਹੈ ਅਤੇ ਜਿਵੇਂ ਸੰਤਾਨ ਨੂੰ ਮਾਤਾ-ਪਿਤਾ ਪੈਦਾ ਕਰ ਲੈਂਦੇ ਹਨ ਪਰ ਉਹ ਅਦੁੱਤੀ ਬ੍ਰਹਮ ਕਿਸੇ ਦਾ ਪੈਦਾ ਕੀਤਾ ਹੋਇ = ਹੋਇਆ ਨ = ਨਹੀਂ ਹੈ। ਜੈਸਾ ਕਿ :

**ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥** *(ਮਲਾਰ ਵਾਰ; ਅੰਗ ੧੨੭੯)*

**ਆਪੇ ਆਪਿ; ਨਿਰੰਜਨੁ ਸੋਇ ॥**

ਸੋਇ = ਉਹ ਪਰਮੇਸ਼ਰ ਨਿਰੰਜਨੁ = ਸ਼ੁੱਧ ਸਰੂਪ ਆਪੇ = ਆਪਣੇ ਆਪ ਤੋਂ ਆਪ ਹੀ ਹੈ। ਇਸ ਤਰ੍ਹਾਂ ਜੋ ਚੇਤਨ ਵਸਤੂ ਦਾ ਬਾਰ-ਬਾਰ ਕਥਨ ਕਰਨਾ ਹੈ। ਉਹ ਸ਼੍ਰਵਣ ਦਾ ਦੂਸਰਾ ਚਿੰਨ੍ਹ ਅੱਭ੍ਯਾਸ ਹੈ।

*(ਜਪੁ ਜੀ ਸਾਹਿਬ, ਅੰਗ ੨)*

## ਇਤਿਯਾਦਿਕ ਪਉੜੀ; ਬਹੁ ਮਾਂਹਿ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਤਿਯਾਦਿਕ = ਇਹੋ ਜਿਹੀ ਸਿਫਤਿ ਬਹੁ = ਬਹੁਤ ਪਉੜੀਆਂ ਦੇ ਮਾਂਹਿ = ਵਿਚ :

## ਬਰਨਨ ਕਰਯੋ; ਸੱਚੁ ਸੁਖ ਪਾਹਿ ॥੯॥

ਉਹ ਸੱਚ ਸਰੂਪ ਹੀ ਬਰਨਨ = ਕਥਨ ਕਰਯੋ = ਕੀਤਾ ਹੈ ਜਿਸ ਕਰਕੇ ਆਤਮਿਕ ਸੁਖ ਪਾਹਿ = ਪ੍ਰਾਪਤ ਹੁੰਦਾ ਹੈ ॥੯॥

੩. [**ਅਪੂਰਵਤਾ :**] ਹੁਣ ਸ਼੍ਰਵਣ ਦਾ ਤੀਸਰਾ ਚਿੰਨ੍ਹ ਅਪੂਰਵਤਾ = ਅਨੋਖਾਪਣ, ਨਿਰਾਲਾਪਣ ਕਥਨ ਕਰਨਗੇ :

## ਜੋ ਪ੍ਰਤਿਪਾਦਯ; ਅਦੁਤੀ ਵਸਤੁ ਹੁਇ।

ਜੋ ਪ੍ਰਤਿਪਾਦਯ = ਕਥਨ ਕਰਨੇ ਦੇ ਜੋਗ ਵਸਤੂ ਹੈ, ਉਹ ਅਦੁੱਤੀ ਵਸਤੂ ਚੇਤਨ ਬ੍ਰਹਮ ਹੀ ਹੈ ਉਹ ਜਾਨਣੇ ਜੋਗ **ਵਾ:** ਕਥਨ ਕਰਨੇ ਜੋਗ ਅਦੁੱਤੀ ਵਸਤੂ ਬ੍ਰਹਮ ਹੀ ਹੈ।

## ਪ੍ਰਮਾਣਾਂਤਰ ਕਹਿਂ; ਅਬਿਸ਼ੈ ਸੁਇ।

(ਪ੍ਰਮਾਣ + ਅੰਤਰ) ਪ੍ਰਮਾਣਾਂ ਦੇ ਅੰਤਰ = ਵਿੱਚੋਂ ਸੁਇ = ਉਹ ਅਵਿਸ਼ੇ ਹੈ, ਉਹ ਸ਼ਬਦ ਪ੍ਰਮਾਣ ਦਾ ਵੀ ਵਿਸ਼ਾ ਨਹੀਂ ਹੈ, ਉਹ ਅਨੁਮਾਨ ਪ੍ਰਮਾਣ ਦਾ ਵੀ ਵਿਸ਼ਾ ਨਹੀਂ ਹੈ। ਉਹ ਉਪਮਾਨ ਪ੍ਰਮਾਣ ਦਾ ਵੀ ਵਿਸ਼ਾ ਨਹੀਂ ਹੈ, ਉਹ ਐਤਿਹਯ ਪ੍ਰਮਾਣ ਦਾ ਵੀ ਵਿਸ਼ਾ ਨਹੀਂ ਹੈ, ਉਹ ਪ੍ਰਤੱਖ ਪ੍ਰਮਾਣ ਦਾ ਵੀ ਵਿਸ਼ਾ ਨਹੀਂ ਹੈ, ਉਹ ਅਰਥਾਪਤਿ ਪ੍ਰਮਾਣ ਦਾ ਵੀ ਵਿਸ਼ਾ ਨਹੀਂ ਹੈ ਭਾਵ ਖਟ ਪ੍ਰਮਾਣਾਂ ਦੇ ਅਵਿਸ਼ੇ ਹੈ ਇਹਨਾਂ ਦੁਆਰਾ ਜਾਣਿਆ ਨਹੀਂ ਜਾਂਦਾ, ਇਸ ਕਰਕੇ ਇਹਨਾਂ ਦੁਆਰਾ ਜਾਨਣ ਦਾ ਵਿਸ਼ਾ ਨਹੀਂ ਹੈ।

## ਸ਼੍ਰਵਣ ਅਪੂਰਬਤਾ; ਲਖਿ ਤੀਜਾ।

ਇਹ ਸ਼੍ਰਵਣ ਦਾ ਤੀਜਾ = ਤੀਸਰਾ ਚਿੰਨ੍ਹ ਅਪੂਰਬਤਾ (ਅਨੋਖਾਪਣ) ਲਖਿ = ਜਾਨਣਾ ਕਰੋ।

## ਸੱਚ ਏਕ ਹੈ; ਅਵਰ ਨ ਬੀਜਾ॥੧੦॥

ਸੱਚ = ਸਤਿ ਤਾਂ ਇੱਕੋ ਇਕ ਬ੍ਰਹਮ ਚੇਤਨ ਹੈ, ਉਸ ਤੋਂ ਅਵਰ = ਹੋਰ ਕੋਈ ਬੀਜਾ = ਦੂਜਾ ਅਦੁੱਤੀ ਚੇਤਨ ਨ = ਨਹੀਂ ਹੈ॥੧੦॥ ਜੈਸਾ ਕਿ :

**ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥**

ਉਸ ਵਾਹਿਗੁਰੂ ਦੀ ਕਥਨਾ = ਕਥਾ ਨੂੰ ਕਥੀ = ਕਥਨ ਕਰਦਿਆਂ ਤੋਟਿ = ਘਾਟਾ ਨ = ਨਹੀਂ ਆਵੈ = ਆਉਂਦਾ, ਭਾਵ ਉਸ ਦੀ ਕਥਾ ਕਥਨ ਕਰਦਿਆਂ ਅੰਤ ਨਹੀਂ ਆਉਂਦਾ ਅਰਥਾਤ ਬੇਅੰਤ ਹੈ।

ਕਥਿ = ਕਥਨ ਭਾਵ ਵਿਆਖਿਆ ਕਰਨ ਵਾਲੇ ਵਿਆਖਿਆਕਾਰੀ ਹੋ ਕੇ ਕਥਿ = ਕਥਾ ਤਾਈਂ ਕੋਟਿ = ਕਰੋੜਾਂ ਹੀ ਕਥਾਕਾਰਾਂ ਨੇ ਕੋਟਿ = ਕਰੋੜਾਂ ਕੋਟੀ = ਜੁਗਤੀਆਂ ਦੇ ਦੇ ਕੇ ਕਥੀ = ਵਿਆਖਿਆ ਕੀਤੀ ਹੈ। ਫਿਰ ਵੀ ਪਰਮੇਸ਼ਰ ਦੀ ਕਥਨੀ ਦਾ ਤੋਟਿ = ਤੋਟਾ ਭਾਵ ਅੰਤ ਨਹੀਂ ਆਇਆ, ਭਾਵ ਸੰਪੂਰਨ ਰੂਪ ਵਿਚ ਕਥਨ ਨਹੀਂ ਹੋ ਸਕੀ। *(ਜਪੁ ਜੀ, ਅੰਗ ੨)*

## 'ਕਹਣਾ ਕਥਨੁ ਨ ਜਾਈ' ਉਦਾਰ।

ਉਸ ਉਦਾਰ = ਸ੍ਰੇਸ਼ਟ ਵਾਹਿਗੁਰੂ ਦੀ ਕਥਨ = ਕਥਨੀ, ਵਿਆਖਿਆ ਕਹਣਾ = ਕਹੀ ਨ = ਨਹੀਂ ਜਾਈ = ਜਾਂਦੀ।

## 'ਵਾਰਿਆ ਨ ਜਾਵਾ; ਏਕ ਵਾਰ'।

ਉਹ ਪ੍ਰਭੂ ਏਨਾ ਬੇਅੰਤ ਹੈ ਕਿ ਜਿਸ ਦਾ ਏਕ ਵਾਰ = ਇਕ ਵਾਲ (ਰੋਮ) ਮਾਤ੍ਰ ਵੀ ਵਾਰਿਆ = ਵਰਣਨ ਨਹੀਂ ਕੀਤਾ ਜਾਵਾ = ਜਾ ਸਕਦਾ।

***ਨੋਟ :*** ਇਥੇ ਅਰਥ ਕਰਨ ਦੀ ਰੀਤ ਅਨੁਸਾਰ 'ਵਾਰ' ਸ਼ਬਦ ਵਿਚ 'ਰ' ਦੀ ਥਾਂ 'ਲ' ਸਵਰਣੀ ਅੱਖਰ ਮੰਨ ਕੇ ਅਰਥ ਕੀਤਾ ਹੈ, ਭਾਵ ਉਸ ਦਾ ਰੋਮ ਮਾਤ੍ਰ ਵੀ ਵਰਣਨ ਨਹੀਂ ਹੋ ਸਕਦਾ।

## ਪ੍ਰਤੱਛ ਪ੍ਰਮਾਣਆਦਿ; ਸਭਿਹਿਨਿ ਤੇ।

ਪ੍ਰਤੱਛ = ਪ੍ਰਤੱਖ ਪ੍ਰਮਾਣ ਤੋਂ ਲੈ ਕੇ ਅਨੁਮਾਨ ਪ੍ਰਮਾਣ ਆਦਿਕ ਇਹਨਾਂ ਸਭਿਹਿਨ = ਸਾਰਿਆਂ ਭਾਵ ਛੇ ਪ੍ਰਮਾਣਾਂ ਤੇ = ਤੋਂ :

## ਬਿਸ਼ੈ ਨ ਹੋਇ ਸਕਹਿ; ਜਿਨ ਕਿਨ ਤੇ ॥੧੧॥

ਜਿਨ ਕਿਨ = ਜਿਸ ਕਿਸੇ ਵਿਸ਼ੇ ਪ੍ਰਮਾਣ ਤੇ = ਤੋਂ ਉਹ ਬਿਸ਼ੈ = ਵਿਸ਼ੇ ਨ = ਨਹੀਂ ਹੋਇ = ਹੋ ਸਕਦਾ, ਭਾਵ ਜਾਣਿਆ ਨਹੀਂ ਜਾ ਸਕਦਾ। ਇਹ ਸ਼੍ਰਵਣ ਦਾ ਤੀਸਰਾ ਚਿੰਨ੍ਹ ਅਪੂਰਵਤਾ ਹੈ॥੧੧॥

੪ [**ਫਲ ਚਲਿਆ :**] ਹੁਣ ਸ਼੍ਰਵਣ ਦੇ ਚੌਥੇ ਚਿੰਨ੍ਹ ਫਲਾਂ ਦਾ ਵਰਣਨ ਕਰਦੇ ਹਨ :

## ਪ੍ਰਤਿਪਾਦਨ ਕਰਿਬੇ; ਕੋ ਜੋਗ।

ਜੋ ਪ੍ਰਤਿਪਾਦਨ = ਕਥਨ ਕਰਿਬੇ = ਕਰਨ ਦੇ ਜੋਗ ਹੈ।

## ਆਤਮ ਗਯਾਨ ਕਹੈ; ਪ੍ਰਭੁ ਲੋਗ।

(ਪਾਠਾਂਤ੍ਰ ਸਭ ਲੋਗ)

ਉਹ ਪ੍ਰਭੁ = ਪਰਮੇਸ਼ਰ ਦੀ ਪ੍ਰਾਪਤੀ ਕਰਨ ਵਾਲੇ ਗਿਆਨਵਾਨ ਲੋਗ = ਲੋਕ **ਵਾ:** ਸਾਰੇ ਗਿਆਨਵਾਨ ਲੋਕ ਇਹ ਗੱਲ ਕਹੈ = ਕਹਿੰਦੇ ਹਨ ਕਿ ਆਤਮਾ ਦਾ ਗਿਆਨ ਹੀ ਕਥਨ ਕਰਨ ਦੇ ਜੋਗ ਹੈ।

## ਤਿਸੀ ਗਯਾਨ ਕੋ; ਜੋ ਅਨੁਸ਼ਠਾਨ।

ਤਿਸੀ = ਉਸੇ ਗਿਆਨ ਦੇ ਵਿਚ ਜੋ ਅਨੁਸ਼ਠਾਨ = ਚਿੰਤਨ ਕਰਨਾ **ਵਾ:** ਗਿਆਨ ਦੇ ਕਾਰਜ ਨੂੰ ਆਰੰਭ ਕਰਨਾ ਹੈ।

## ਸੇਵਨ ਕਰਨੋ; ਮਹਿਦ ਮਹਾਨ ॥੧੨॥

ਮਹਿਦ ਮਹਾਨ = ਮਹਾਨ ਤੋਂ ਵੀ ਮਹਾਨ ਸੇਵਨ = ਚਿੰਤਨ ਕਰਨੋ = ਕਰੀ ਜਾਣਾ॥੧੨॥

## ਚੌਥੇ ਸ਼੍ਰਵਣ; ਪ੍ਰਯੋਜਨ ਸੋਇ।

ਸੋਇ = ਉਸ ਸ਼੍ਰਵਣ ਦਾ ਚੌਥਾ ਚਿੰਨ੍ਹ ਪ੍ਰਯੋਜਨ ਹੈ, ਇਸੇ ਦਾ ਨਾਮ ਫਲ ਵੀ ਹੈ।

## ਫਲ ਭੀ ਨਾਮ; ਸੁਨਹੁ ਜਿਮ ਹੋਇ।

ਜਿਮ = ਜਿਵੇਂ ਪ੍ਰਯੋਜਨ ਦਾ ਨਾਮ ਫਲ ਭੀ = ਵੀ ਕਿਹਾ ਹੈ, ਉਹ ਜਿਵੇਂ ਹੋਇ = ਹੈ, ਉਹ ਸੁਨਹੁ = ਸੁਣੋ।

ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਥਨ ਕੀਤਾ ਹੈ :

## 'ਗੁਰਮੁਖਿ ਨਾਦੰ; ਗੁਰਮੁਖਿ ਵੇਦੰ'।

ਜਿਹੜੇ ਗੁਰਮੁਖਿ (ਗੁਰ + ਮੁਖਿ) ਮੁਖਿ = ਮੁਖੀ ਗੁਰੂ ਸਾਹਿਬ ਜੀ ਹਨ, ਉਹ ਨਾਦੰ = ਸ਼ਬਦ ਦੁਆਰਾ ਗੁਰਮੁਖਾਂ ਨੂੰ ਵੇਦੰ = ਗਿਆਨ ਦੇਂਦੇ ਹਨ।

## 'ਗੁਰਾ'; ਇਕ[1] ਦੇਹਿ ਬੁਝਾਇਵ ਭੇਦੰ ॥੧੩॥

ਗੁਰਾ = ਸਤਿਗੁਰੂ ਜੀ ਨੇ ਇਕ ਅਖੰਡ ਸਰੂਪ ਬ੍ਰਹਮ ਦਾ ਭੇਦ ਬੁਝਾਇਵ = ਸਮਝਾ ਦੇਹਿ = ਦਿੱਤਾ ਹੈ, ਭਾਵ ਅਖੰਡ ਬ੍ਰਹਮ ਚੇਤਨ ਦਾ ਰੂਪ ਜਣਾ ਦਿੱਤਾ ਹੈ॥੧੩॥

## ਨਿਤ ਸਤਿਗੁਰ ਕੀ; ਸੇਵਾ ਕਰਨੀ।

ਹੇ ਭਾਈ! ਸਤਿਗੁਰੂ ਜੀ ਕੀ = ਦੀ ਨਿਤ = ਹਮੇਸ਼ਾ ਸੇਵਾ = ਟਹਿਲ ਕਰਨੀ।

## ਗੁਰ ਤੇ ਗਯਾਨ; ਪ੍ਰਾਪਤੀ ਬਰਨੀ।

ਗੁਰ = ਗੁਰੂ ਤੇ = ਤੋਂ ਗਿਆਨ ਦੀ ਪ੍ਰਾਪਤੀ ਬਰਨੀ = ਵਰਣਨ ਕੀਤੀ ਜਾਂਦੀ ਹੈ, ਭਾਵ ਸੇਵਾ ਕਰਕੇ ਅੰਤਸ਼ਕਰਨ ਸ਼ੁੱਧੀ, ਸ਼ੁੱਧ ਅੰਤਸ਼ਕਰਨ ਵਿਚ ਨਾਮ ਦਾ ਟਿਕਾਅ ਹੁੰਦਾ ਹੈ, ਉਸ ਤੋਂ ਫਿਰ ਸਤਿਗੁਰੂ ਜੀ ਗਿਆਨ ਦੀ ਪ੍ਰਾਪਤੀ ਕਰਾ ਦਿੰਦੇ ਹਨ।

## ਮੁਕਤਿ ਦੇਤਿ ਹੈ; ਆਤਮ ਗਯਾਨ।

ਤੇ ਆਤਮਾ ਦਾ ਗਿਆਨ ਦੇਤਿ = ਦੇ ਕੇ ਸਤਿਗੁਰੂ ਜੀ ਸਿੱਖ ਨੂੰ ਜੰਮਣ ਮਰਨ ਤੋਂ ਮੁਕਤ ਕਰ ਦਿੰਦੇ ਹਨ।

## ਇੱਤਯਾਦਿਕ ਜਹਿਂ; ਕੀਨ ਬਖਾਨ ॥੧੪॥

ਇੱਤਯਾਦਿਕ = ਜੋ ਉੱਪਰ ਪ੍ਰਮਾਣ ਦਿੱਤੇ ਹਨ, ਜਹਿਂ = ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਕਥਨ ਕੀਤਾ ਹੈ, ਇਹ ਸ਼੍ਰਵਣ ਦਾ ਚੌਥਾ ਚਿੰਨ੍ਹ ਪ੍ਰਯੋਜਨ **ਵਾ:** ਫਲ ਬਖਾਨ = ਕਥਨ ਕੀਨ = ਕੀਤਾ ਹੈ॥੧੪॥

**੫. ਅਰਥਵਾਦ :** ਹੁਣ ਸ਼੍ਰਵਣ ਦੇ ਪੰਜਵੇਂ ਚਿੰਨ੍ਹ ਅਰਥਵਾਦ ਦਾ ਅਰਥ ਕਰਨਗੇ :

## ਪੰਚਮ 'ਅਰਥਵਾਦ'; ਸੁਨਿ ਲੱਛਨ।

ਹੁਣ ਸ਼੍ਰਵਣ ਦੇ ਪੰਚਮ = ਪੰਜਵੇਂ ਚਿੰਨ੍ਹ ਅਰਥਵਾਦ ਦੇ ਲੱਛਨ = ਚਿੰਨ ਸੁਣਨਾ ਕਰੋ।

## ਜੋ ਭਾਖਤਿ ਹੈਂ; ਗਯਾਨ ਬਿਚੱਛਨ।

ਜੋ ਗਿਆਨਵਾਨ ਬਿਚੱਛਨ = ਸਿਆਣੇ ਪੁਰਸ਼ ਹਨ, ਉਹ ਜਿਵੇਂ ਭਾਖਤਿ = ਕਥਨ ਕਰਦੇ ਹਨ, ਉਹ ਇਉਂ ਹੈ :

## ਬਰਨਨ ਜੋਗ; ਵਸਤੁ ਹੈ ਜੋਇ।

ਜੋਇ = ਜਿਹੜਾ ਚੇਤਨ ਬ੍ਰਹਮ ਭਾਵ ਅਦੁੱਤੀ ਵਸਤੂ ਚੇਤਨ ਹੈ, ਉਹ ਬਰਨਨ = ਕਥਨ ਕਰਨ ਜੋਗ ਹੈ।

## ਤਿਸ ਮਹਿਂ ਤਿਸਕੀ; ਉਸਤਤ ਹੋਇ ॥੧੫॥

ਤਿਸ = ਉਸ ਗ੍ਰੰਥ ਦੇ ਮਹਿਂ = ਵਿਚ ਤਿਸ ਕੀ = ਉਸ ਦੀ ਭਾਵ ਚੇਤਨ ਬ੍ਰਹਮ ਦੀ ਉਸਤਤ = ਵਡਿਆਈ, ਮਹਿਮਾ ਹੋਇ = ਹੋਈ ਭਾਵ ਅਦੁੱਤੀ ਚੇਤਨ ਦੀ ਵਡਿਆਈ ਹੋਈ॥੧੫॥

---

੧. ਸ਼ੁੱਧ ਪਾਠ ਇਉਂ ਹੈ : 'ਗੁਰਾ ਇਕ ਦੇਹਿ ਬੁਝਾਈ॥' ਪਰ ਕਵੀ ਜੀ ਨੇ ਕਾਵਿ-ਰਚਨਾ ਵਿਚ 'ਬੁਝਾਇਵ' ਲਿਖਿਆ ਹੈ, ਅਰਥ ਉਹੀ ਹੈ।

## 'ਨਾਨਕ; ਨਿਰਗੁਣਿ ਗੁਣਹਿ' 'ਕਰੇਇ'।[1]

ਸਤਿਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਵਾਹਿਗੁਰੂ ਐਸਾ ਦਿਆਲੂ ਹੈ ਕਿ ਜੋ ਨਿਰਗੁਣਿ = ਸ਼ੁਭ ਗੁਣਾਂ ਤੋਂ ਰਹਿਤ ਹਨ, ਉਨ੍ਹਾਂ ਨੂੰ ਗੁਣ = ਸਤਿ, ਸੰਤੋਖ ਆਦਿ ਸ਼ੁਭ ਗੁਣ ਦੇਣਾ ਕਰੇਇ = ਕਰਦਾ ਹੈ, ਅਤੇ :

## 'ਗੁਣਵੰਤਿਆ' ਜੋ ਹੁਇ; 'ਗੁਣ ਦੇਇ'।

ਜੋ ਗੁਣਵੰਤਿਆ = ਸਤਿ, ਸੰਤੋਖ ਆਦਿ ਗੁਣਾਂ ਵਾਲੇ ਹੋਏ ਹਨ, ਉਨ੍ਹਾਂ ਨੂੰ ਭੀ ਹੋਰ ਭਾਵ ਬ੍ਰਹਮ ਗਿਆਨ ਦਾ ਗੁਣ ਬਖ਼ਸ਼ ਦੇਇ = ਦਿੰਦੇ ਹਨ, ਭਾਵ ਜਿਵੇਂ ਵਰਖਾ ਹੁੰਦੀ ਹੈ, ਉਹ ਨੀਵੀਆਂ ਥਾਵਾਂ, ਤਲਾਬਾਂ, ਸਰੋਵਰਾਂ ਆਦਿ ਨੂੰ ਤਾਂ ਭਰਦੀ ਹੀ ਹੈ ਪਰੰਤੂ ਇਸ ਦੇ ਨਾਲ ਨਾਲ ਉੱਚੇ ਟਿੱਬਿਆਂ ਅਤੇ ਪਹਾੜਾਂ ਆਦਿ ਨੂੰ ਵੀ ਜਲ ਪ੍ਰਦਾਨ ਕਰਦੀ ਹੈ। ਕੋਈ ਭੇਦ-ਭਾਵ ਨਹੀਂ ਕਰਦੀ। ਇਸੇ ਪ੍ਰਕਾਰ ਉਹ ਵਾਹਿਗੁਰੂ ਵੀ ਨਿਰਗੁਣਿਆਂ ਨੂੰ ਗੁਣ ਬਖ਼ਸ਼ਦਾ ਹੈ। ਗੁਣਵਾਨਾਂ ਨੂੰ ਹੋਰ ਵਧੇਰੇ ਗੁਣਾਂ ਦੀ ਬਖ਼ਸ਼ਿਸ਼ ਕਰ ਦਿੰਦਾ ਹੈ **ਵਾ:** ਜੋ ਸ਼ਰਧਾ ਆਦਿਕ ਗੁਣਾਂ ਵਾਲੇ ਹਨ, ਉਹੋ ਜਿਹਿਆਂ ਨੂੰ ਭਜਨ, ਸਿਮਰਨ ਆਦਿਕ ਦੇ ਹੋਰ ਸ਼ੁਭ ਗੁਣ ਬਖ਼ਸ਼ ਦਿੰਦਾ ਹੈ।

## 'ਤੇਹਾ ਕੋਇ ਨ ਸੁਝਈ' ਪਰੇ।[2]

ਇਸ ਸੰਸਾਰ ਵਿਚ ਤੇਹਾ = ਇਹੋ ਜਿਹਾ ਉਸ ਤੋਂ ਬਗ਼ੈਰ ਹੋਰ ਦੂਜਾ ਪਰੇ ਕੋਇ = ਕੋਈ ਭੀ ਨ = ਨਹੀਂ ਸੁਝਈ = ਦਿੱਸਦਾ।

## 'ਜੇ ਤਿਸੁ' ਕੋ 'ਗੁਣ ਕੋਇ ਕਰੇ'॥੧੯॥

ਜੇ = ਜਿਹੜਾ ਤਿਸੁ = ਉਸ ਵਾਹਿਗੁਰੂ ਕੋ = ਨੂੰ ਗੁਣ ਦੇਣਾ ਕਰੇ **ਵਾ:** ਜੇ = ਜਿਹੜਾ ਤਿਸੁ = ਉਸ ਵਾਹਿਗੁਰੂ ਉੱਤੇ ਗੁਣ = ਉਪਕਾਰ ਕਰੇ, ਅਜਿਹਾ ਕੋਇ = ਕੋਈ ਨਹੀਂ ਹੈ॥੧੯॥

## ਸਭਿ ਤੇ ਗ੍ਯਾਨਵਾਨ; ਹੁਇ ਦੀਹਾ।

ਜਿਵੇਂ ਪਰਮਾਤਮਾ ਸਭ ਤੋਂ ਵੱਡਾ ਹੈ, ਇਸੇ ਤਰ੍ਹਾਂ ਪਰਮਾਤਮਾ ਦੇ ਗਿਆਨ ਵਾਲਾ ਭੀ ਸਭਿ = ਸਾਰਿਆਂ ਤੇ = ਤੋਂ ਦੀਹਾ = ਵੱਡਾ ਹੁੰਦਾ ਹੈ, ਭਾਵ ਬ੍ਰਹਮ ਗਿਆਨੀ ਸਭ ਤੋਂ ਵੱਡਾ ਹੈ।

## ਤਿਸ ਪਰ ਕੋ; ਉਪਕਾਰ ਕਰੀਹਾ ?

ਤਿਸ = ਉਸ ਗਿਆਨਵਾਨ ਪਰ = ਉਪਰ ਕੌਣ ਉਪਕਾਰ = ਪਰਉਪਕਾਰ ਕਰੀਹਾ = ਕਰ ਸਕਦਾ ਹੈ ? ਭਾਵ ਕੋਈ ਨਹੀਂ ਕਰ ਸਕਦਾ।

## ਚਹੈ ਸੁ ਕਰੈ; ਆਪ ਸਮਰੱਥ।

ਉਹ ਗਿਆਨਵਾਨ, ਬ੍ਰਹਮ ਗਿਆਨੀ ਜੋ ਚਹੈ = ਚਾਹੇ, ਸੁ = ਉਹ ਕਰੈ = ਕਰ ਸਕਦਾ ਹੈ ਕਿਉਂਕਿ ਆਪ ਸਮਰੱਥ = ਸਰਬ ਸ਼ਕਤੀਵਾਨ ਹੁੰਦਾ ਹੈ।

---

੧. ਸ਼ੁੱਧ ਪਾਠ ਇਸ ਪ੍ਰਕਾਰ ਹੈ : ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥

੨. ਸ਼ੁੱਧ ਪਾਠ ਇਸ ਪ੍ਰਕਾਰ ਹੈ : ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥

## ਬ੍ਰਹਮ ਗਿਆਨੀ ਕੈ; ਸਭਿ ਕਿਛ ਹਥ ॥੧੭॥

ਬ੍ਰਹਮ ਗਿਆਨੀ ਕੈ = ਦੇ ਸਭ ਕਿਛ = ਕੁੱਝ ਹੱਥ ਵਿਚ ਹੁੰਦਾ ਹੈ ਭਾਵ ਅਧੀਨ ਹੁੰਦਾ ਹੈ, ਉਹ ਸਭ ਕੁੱਝ ਕਰ ਸਕਦਾ ਹੈ, ਮਨ ਦੇ ਫੁਰਨੇ ਨਾਲ ਵੀ ਉਹ ਸਭ ਕੁੱਝ ਕਰ ਸਕਦਾ ਹੈ, ਬ੍ਰਹਮ ਚੇਤਨ ਅਤੇ ਬ੍ਰਹਮ ਨੂੰ ਜਾਨਣ ਵਾਲੇ ਬ੍ਰਹਮ ਗਿਆਨ ਦੀ ਉਸਤਤ ਕਰਕੇ ਕਥਨ ਯੋਗ ਵਸਤੂ ਬ੍ਰਹਮ ਆਤਮਾ ਦੀ ਉਪਮਾ ਕਰਕੇ ਇਥੇ ਸ਼੍ਰਵਣ ਦੇ ਪੰਜਵੇਂ ਚਿੰਨ੍ਹ, ਅਰਥਵਾਦ ਦੀ ਗੱਲ ਸਮਾਪਤ ਕੀਤੀ ਹੈ ॥੧੭॥

**੬. ਉਪਪਤਿ** : ਹੁਣ ਸ਼੍ਰਵਣ ਦੇ ਛੇਵੇਂ ਚਿੰਨ੍ਹ ਉਪਪਤਿ ਦੀ ਵਿਆਖਿਆ ਕਰਨਗੇ :

## 'ਉਪਪਤਿ' ਖਸ਼ਟਮ; ਸ਼੍ਰਵਣ ਸੁ ਲਛਨ ।

ਸੁ = ਉਸ ਸ਼੍ਰਵਣ ਦੇ ਖਸ਼ਟਮ = ਛੇਵੇਂ ਲਛਨ = ਚਿੰਨ੍ਹ ਦਾ ਨਾਮ ਉਪਪਤਿ ਹੈ, ਭਾਵ ਉਪਪਤੀ ਹੈ, ਜਿਸ ਨੂੰ ਸੌਖੇ ਸ਼ਬਦਾਂ ਵਿਚ ਦਲੀਲ ਜਾਂ ਯੁਕਤੀ ਕਿਹਾ ਜਾਂਦਾ ਹੈ।

## ਕਹਤਿ ਬੇਦ; ਸਤਿਗੁਰੂ ਬਿਚੱਛਨ ।

ਚਾਰੇ ਵੇਦ ਤੇ ਬਿਚੱਛਨ (ਬਿ + ਚੱਛਨ) ਬਿ = ਵਿਸ਼ੇਸ਼ ਕਰਕੇ ਗਿਆਨ ਦੇ ਚੱਛਨ = ਨੇਤਰਾਂ ਵਾਲੇ ਸਾਡੇ ਅੰਤਰਜਾਮੀ ਸਤਿਗੁਰੂ ਜੀ ਵੀ ਇਹ ਗੱਲ ਕਹਿੰਦੇ ਹਨ।

## ਜੋ ਪ੍ਰਕਰਨ ਕਰਿਕੈ; ਸ਼ੁਭ ਅਰਥ ।

ਜੋ = ਜਿਹੜੇ ਸ਼ੁਭ = ਸ੍ਰੇਸ਼ਟ ਅਰਥ ਭਾਵ ਨੂੰ ਮੁਖ ਰੱਖ ਕੇ ਪ੍ਰਕਰਣ ਰਚ ਕਰਿਕੈ = ਕਰਕੇ।

## ਪ੍ਰਤਿਪਾਦਨ ਕੇ; ਜੋਗ ਸਮਰਥ ॥੧੮॥

ਪ੍ਰਤਿਪਾਦਨ = ਕਥਨ ਕੀਤਾ ਜਾਵੇ ਤੇ ਕਥਨ ਕਰਨ ਦੇ ਜੋਗ ਸਮਰਥ = ਸ਼ਕਤੀ ਰੱਖਦਾ ਹੋਵੇ ॥੧੮॥

## ਦੋਹਰਾ ॥ ਤਿਸੀ ਅਰਥ ਸਿਧ ਕਰਨ ਮੈਂ; ਤਿਸੀ ਪ੍ਰਕਰਣ ਮਝਾਰ ।

ਜਿਹੜਾ ਪ੍ਰਕਰਣ ਸ਼ੁਰੂ ਕੀਤਾ ਸੀ, ਤਿਸੀ = ਉਸੇ ਅਰਥ ਨੂੰ ਸਿੱਧ ਕਰਨ ਦੇ ਮੈਂ = ਵਿਚ ਤਿਸੀ = ਉਸੇ ਪ੍ਰਕਰਣ ਦੇ ਮਝਾਰ = ਵਿਚ ਕਥਨ ਕਰੀ ਜਾਣਾ।

## ਸ਼੍ਰਵਣ ਕਰੀ ਹੈ ਜੁਗਤਿ ਜੇ; ਸੋ ਉਪਪੱਤਿ ਬਿਚਾਰ ॥੧੯॥

ਜੇ = ਜਿਹੜੀਆਂ ਜੁਗਤੀਆਂ ਸ਼੍ਰਵਣ ਕਰਾਈਆਂ ਜਾਂ ਕਰੀ = ਕੀਤੀਆਂ ਹਨ, ਸੁਣਾਈਆਂ ਗਈਆਂ ਹਨ, ਸੋ = ਉਸਦਾ ਨਾਮ ਸ਼੍ਰਵਣ ਦਾ ਛੇਵਾਂ ਚਿੰਨ੍ਹ 'ਉਪਪਤਿ' ਬਿਚਾਰ = ਵਿਚਾਰਨਾ ਕਰੋ ॥੧੯॥

**ਸਾਲਾਹੀ ਸਾਲਾਹਿ; ਏਤੀ ਸੁਰਤਿ ਨ ਪਾਈਆ ॥**

ਸਾਲਾਹੀ = ਸ਼ਲਾਘਾ ਕਰਨ ਜੋਗ ਵਾਹਿਗੁਰੂ ਦੀ ਉਤਨੀ ਦੇਰ ਤਕ ਤੂੰ ਸਾਲਾਹਿ = ਸ਼ਲਾਘਾ ਕਰੀ ਜਾ, ਭਾਵ ਸਿਫ਼ਤ ਕਰੀ ਜਾ ਜਿੰਨੀ ਦੇਰ ਤਕ ਤੇਰੀ ਸੁਰਤਿ = ਗਿਆਤ ਦੀ ਏਤੀ = ਸਮਾਪਤੀ ਨਾ ਹੋ ਜਾਵੇ, ਭਾਵ ਮੈਂ ਵੱਖਰਾ ਹਾਂ, ਪਰਮਾਤਮਾ ਵੱਖਰਾ ਹੈ ਇਸ ਦੀ ਜਦੋਂ ਤਕ ਸਮਾਪਤੀ ਨਹੀਂ ਹੋ ਜਾਂਦੀ ਭਾਵ ਇਕ ਰੂਪ ਨਹੀਂ ਹੋ ਜਾਂਦੇ ਉਤਨੀ ਦੇਰ ਤਕ ਸ਼ਲਾਘਾ ਕਰੀ ਜਾ ਤੇ ਸੁਰਤਿ ਨਾਮ ਵਿਚ ਤੁਰੀ ਰਹੇ।

**ਨਦੀਆ ਅਤੈ ਵਾਹ; ਪਵਹਿ ਸਮੁੰਦ ਨ ਜਾਣੀਅਹਿ।**

ਏਸੇ ਸਿਧਾਂਤ ਨੂੰ ਸਤਿਗੁਰੂ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਨਦੀਆ = ਵੱਡੀਆਂ ਨਦੀਆਂ ਅਤੈ = ਅਤੇ ਵਾਹ = ਵਾਹੜੇ, ਛੋਟੇ ਨਾਲੇ ਜਦੋਂ ਤਕ ਸਮੁੰਦਰ ਵਿਚ ਨਹੀਂ ਪੈ ਜਾਂਦੇ ਉਤਨੀ ਦੇਰ ਤਕ ਰਾਤ ਦਿਨ ਵੱਗਦੇ ਰਹਿੰਦੇ ਹਨ ਅਤੇ ਉਹਨਾਂ ਦੀ ਹੋਂਦ ਵੀ ਵੱਖਰੀ ਬਣੀ ਰਹਿੰਦੀ ਹੈ ਕਿ ਇਹ ਨਾਲਾ ਹੈ, ਇਹ ਨਦੀ ਹੈ ਅਰ ਜਦੋਂ ਸਮੁੰਦ = ਸਮੁੰਦਰ ਦੇ ਵਿਚ ਪਵਹਿ = ਪੈ ਜਾਂਦੇ ਹਨ, ਫਿਰ ਉਹਨਾਂ ਦੇ ਵੱਖਰੇ-ਵੱਖਰੇ ਰੂਪ ਨ = ਨਹੀਂ ਜਾਣੀਅਹਿ = ਜਾਣੇ ਜਾਂਦੇ, ਬਲਕਿ ਸਮੁੰਦਰ ਰੂਪ ਹੋ ਜਾਂਦੇ ਹਨ।

**ਸਮੁੰਦ ਸਾਹ ਸੁਲਤਾਨ; ਗਿਰਹਾ ਸੇਤੀ ਮਾਲੁ ਧਨੁ।**

ਸ਼ਾਹ ਦੀ ਨਿਆਈਂ ਜੋ ਜੀਵ ਹਨ, ਅਲਪੱਗਤਾ ਰੂਪੀ ਧਨ ਦੇ ਸਹਿਤ ਹਨ ਅਤੇ ਜੋ ਸੁਲਤਾਨ = ਈਸ਼ਵਰ ਹੈ, ਉਹ ਸਰਬੱਗਤਾ ਰੂਪੀ ਮਾਲ ਦੇ ਸਹਿਤ ਹੈ। ਜਿਨ੍ਹਾਂ ਗੁਰਮੁਖਾਂ ਨੇ ਜੀਵ-ਈਸ਼ ਦੀ ਅਲਪੱਗਤਾ ਅਤੇ ਸਰਬੱਗਤਾ ਰੂਪ ਗਿਰਹਾ (ਗਿਰ + ਹਾ) ਗਿਰ = ਗੰਢ ਨੂੰ ਹਾ = ਨਾਸ਼ ਕਰ ਲਿਆ ਹੈ, ਉਹ ਪ੍ਰਭੂ ਰੂਪੀ ਸਮੁੰਦਰ ਦੇ ਸੇਤੀ = ਨਾਲ ਮਿਲ ਕਰਕੇ ਉਸ ਦਾ ਰੂਪ ਹੋ ਜਾਂਦੇ ਹਨ।

ਹੁਣ ਏਸੇ ਵਿਚਾਰ ਨੂੰ ਭਾਈ ਦਇਆ ਸਿੰਘ ਜੀ ਦੀ ਰਸਨਾ ਤੋਂ ਕਥਨ ਕੀਤੀ ਹੋਈ ਨੂੰ ਭਾਈ ਸੰਤੋਖ ਸਿੰਘ ਜੀ ਆਪਣੀ ਰਚਨਾ ਵਿਚ ਲਿਖਦੇ ਹਨ: *(ਜਪੁ ਜੀ, ਅੰਗ ੫)*

## ਚੌਪਈ॥ ਨਦੀ ਈਸ਼ ਹੈ, ਜੀਵ ਸੁ ਵਾਹਾ।

ਨਦੀ ਦੀ ਨਿਆਈਂ ਈਸ਼ = ਈਸ਼ਵਰ ਹੈ ਜਿਵੇਂ ਨਦੀ ਵਿਚ ਪਾਣੀ ਦੀ ਬਹੁਲਤਾ ਹੁੰਦੀ ਹੈ, ਇਸੇ ਤਰ੍ਹਾਂ ਈਸ਼ਵਰ ਵਿਚ ਸਰਬੱਗਤਾ ਦੀ ਬਹੁਲਤਾ ਹੈ ਅਤੇ ਸੁ = ਉਹ ਜੀਵ ਵਾਹਾ = ਵਾਹੜੇ, ਨਾਲੇ ਦੀ ਨਿਆਈਂ ਹੈ। ਜਿਵੇਂ ਨਾਲੇ ਵਿਚ ਥੋੜ੍ਹਾ ਤੇ ਮੈਲਾ ਪਾਣੀ ਹੁੰਦਾ ਹੈ, ਇਸੇ ਤਰ੍ਹਾਂ ਜੀਵ ਅਲਪੱਗ ਤੇ ਅਗਿਆਨੀ ਹੈ।

## ਦੋਨਹੁ ਮਿਲੇ; ਉਦਧਿ ਬ੍ਰਹਮ ਮਾਂਹਾ।

ਜਿਵੇਂ ਨਾਲਾ ਅਤੇ ਨਦੀ ਸਮੁੰਦਰ ਵਿਚ ਮਿਲ ਕੇ ਸਮੁੰਦਰ ਰੂਪ ਹੋ ਜਾਂਦੇ ਹਨ, ਇਸੇ ਤਰ੍ਹਾਂ ਦੋਨੋਂ ਨਾਲਾ ਰੂਪ ਜੀਵ ਨਦੀ ਰੂਪ ਈਸ਼ਵਰ ਬ੍ਰਹਮ ਰੂਪ ਉਦਧਿ = ਸਮੁੰਦਰ ਮਾਂਹਾ = ਵਿਚ ਮਿਲ ਕੇ ਬ੍ਰਹਮ ਰੂਪ ਹੋ ਜਾਂਦੇ ਹਨ।

## ਨਾਮ ਨਦੀ; ਵਾਹਾ ਮਿਟ ਜਾਇੰ।

ਜਿਵੇਂ ਸਮੁੰਦਰ ਵਿਚ ਪੈ ਕੇ ਨਦੀ ਅਤੇ ਵਾਹਾ = ਵਾਹੜੇ, ਨਾਲੇ ਦਾ ਨਾਮ ਮਿਟ ਜਾਇ = ਜਾਂਦਾ ਹੈ, ਭਾਵ ਸਮੁੰਦਰ ਰੂਪ ਹੋ ਜਾਂਦੇ ਹਨ।

## ਤਿਮ ਹੀ; ਈਸ਼ ਜੀਵ ਨ ਰਹਾਇ॥੨੦॥

ਤਿਮ ਹੀ = ਤਿਵੇਂ ਹੀ ਜੀਵ ਅਤੇ ਈਸ਼ = ਈਸ਼ਵਰ ਬ੍ਰਹਮ ਵਿਚ ਮਿਲ ਕੇ ਦੋਨਾਂ ਦੇ ਨਾਮ ਨ = ਨਹੀਂ ਰਹਾਇ = ਰਹਿੰਦੇ, ਭਾਵ ਬ੍ਰਹਮ ਰੂਪ ਹੋ ਜਾਂਦੇ ਹਨ॥੨੦॥

## ਸਿੰਧੁ ਰੂਪ ਬਨਿ; ਸਿੰਧੁ ਕਹਾਵੈਂ।

ਜਿਵੇਂ ਨਦੀ ਅਤੇ ਨਾਲਾ ਸਿੰਧੁ = ਸਮੁੰਦਰ ਦਾ ਰੂਪ ਬਣ ਕਰਕੇ ਸਿੰਧੁ = ਸਮੁੰਦਰ ਹੀ ਕਹਾਵੈਂ = ਕਹਾਉਂਦਾ ਹੈ।

## ਤਥਾ ਬ੍ਰਹਮ ਸੋਂ; ਦ੍ਵੈ ਮਿਲ ਜਾਵੈਂ।

ਤਥਾ = ਤਿਵੇਂ ਸੋ = ਉਹ ਦ੍ਵੈ = ਦੋਨੋਂ ਜੀਵ ਤੇ ਈਸ਼ਵਰ ਜਦੋਂ ਬ੍ਰਹਮ ਨਾਲ ਮਿਲ ਜਾਵੈਂ = ਜਾਂਦੇ ਹਨ ਤਾਂ ਫਿਰ ਬ੍ਰਹਮ ਰੂਪ ਹੀ ਕਹੇ ਜਾਂਦੇ ਹਨ।

## ਕੋਟ ਜਤਨ ਤੇ; ਨਯਾਰੇ ਹੋਇੰ ਨ।

ਜਿਵੇਂ ਸਮੁੰਦਰ ਵਿਚ ਨਾਲਾ ਅਤੇ ਨਦੀ ਵੱਖਰੇ ਨਹੀਂ ਕੱਢੇ ਜਾ ਸਕਦੇ, ਫਿਰ ਭਾਵੇਂ ਕੋਈ ਵੱਖਰੇ ਕਰਨ ਲਈ ਕੋਟ = ਕਰੋੜਾਂ ਜਤਨ ਭੀ ਕਰੇ, ਫਿਰ ਵੀ ਵੱਖਰੇ ਨਹੀਂ ਹੋ ਸਕਦੇ, ਸਮੁੰਦਰ ਰੂਪ ਰਹਿਣਗੇ। ਇਸੇ ਤਰ੍ਹਾਂ ਜੀਵ ਤੇ ਈਸ਼ਵਰ ਬ੍ਰਹਮ ਵਿਚ ਮਿਲ ਕੇ ਜਦੋਂ ਬ੍ਰਹਮ ਰੂਪ ਹੋ ਗਏ ਤਾਂ ਕਰੋੜਾਂ ਜਤਨਾਂ ਨਾਲ ਭੀ ਨਯਾਰੇ = ਵੱਖਰੇ ਨ = ਨਹੀਂ ਹੋਇੰ = ਹੋ ਸਕਦੇ।

## ਮਿਲੇ ਵਿਭੇਦ ਸਕੈ; ਕਰਿ ਕੋਇ ਨ ॥੨੧॥

ਆਪੋ ਵਿਚ ਮਿਲੇ ਰਹਿੰਦੇ ਹਨ, ਇਹਨਾਂ ਨੂੰ ਕੋਈ ਵਿਭੇਦ = ਵੱਖਰਾ ਨ = ਨਹੀਂ ਕਰ ਸਕਦਾ ॥੨੧॥

## ਜੁਕਤਿ ਉਕਤਿ; ਇਕਤਾ ਮਹਿਂ ਐਸੇ।

ਐਸੇ = ਇਸ ਤਰ੍ਹਾਂ ਜਿਹੜਾ ਇਕਤਾ = ਏਕਤਾ ਰੂਪ ਮਹਿ = ਵਿਚ ਉਕਤੀਆਂ ਜੁਗਤੀਆਂ ਦਾ ਕਥਨ ਕਰਨਾ ਹੈ।

## ਉਪਪਤਿ ਸ਼੍ਰਵਣ ਰੂਪ; ਲਖਿ ਤੈਸੇ।

ਤੈਸੇ = ਤਿਸ ਪ੍ਰਕਾਰ ਸ਼੍ਰਵਣ ਦੇ ਛੇਵੇਂ ਚਿੰਨ੍ਹ ਉਪਪਤਿ ਦਾ ਰੂਪ ਲਖਿ = ਜਾਨਣਾ ਕਰੋ।

ਹੁਣ ਅੱਗੇ ਦੱਸਦੇ ਹਨ ਕਿ ਇਹ ਖਟ ਪ੍ਰਮਾਣ ਕਿਸ ਥਾਂ 'ਤੇ ਲਿਖਤ ਰੂਪ ਵਿਚ ਮਿਲਦੇ ਹਨ।

## ਬੇਦ ਛਾਂਦੋਗ; ਖਸ਼ਟਮੋ ਧਯਾਇ।

ਭਾਈ ਸੰਤੋਖ ਸਿੰਘ ਜੀ ਹੁਣ ਆਪਣੇ ਵੱਲੋਂ ਕਹਿੰਦੇ ਹਨ ਕਿ ਵੇਦ ਦਾ ਹਿੱਸਾ ਛਾਂਦੋਗ ਨਾਮੇ ਉਪਨਿਸ਼ਦ ਦੇ ਖਸ਼ਟਮੋ = ਛੇਵੇਂ ਧਯਾਇ = ਅਧਿਆਇ ਵਿਚ ਕਥਨ ਕੀਤਾ ਹੈ।

## ਤਹਾਂ ਕਰੇ; ਖਟ ਸ਼੍ਰਵਣ ਬਨਾਇ ॥੨੨॥

ਤਹਾਂ = ਉਥੇ ਸ਼੍ਰਵਣ ਦੇ ਖਟ = ਛੇ ਅੰਗ ਬਨਾਇ = ਬਣਾ ਕੇ ਕਥਨ ਕਰੇ = ਕੀਤੇ ਹੋਏ ਹਨ ॥੨੨॥

***ਨੋਟ :*** ਏਥੇ ਵੇਦ ਪਦ ਦਾ ਅਰਥ ਉਪਨਿਸ਼ਦ ਹੀ ਹੈ, ਡਾ. ਭਾਈ ਵੀਰ ਸਿੰਘ ਜੀ ਨੇ ਇਹ ਕਥਨ ਕੀਤਾ ਹੈ ਛਾਂਦੋਗ ਉਪਨਿਸ਼ਦ ਦੇ ਛੇਵੇਂ ਅਧਿਆਇ ਵਿਚ ਛੇ ਲਿੰਗ ਨਾਮ ਦੇ ਕੇ ਨਹੀਂ ਲਿਖੇ ਹੋਏ, ਬਲਕਿ ਜਿਹੜੇ ਗ੍ਰੰਥਾਂ ਵਿਚ ਭਾਈ ਵੀਰ ਸਿੰਘ ਜੀ ਨੇ ਆਪ ਦੇਖਿਆ ਹੈ, ਉਹਨਾਂ ਦਾ ਨਾਮ : ੧. ਆਤਮ ਪੁਰਾਣ ਦੇ ਵਿਚ ਇਹਨਾਂ ਛੇਵਾਂ ਦਾ ਜ਼ਿਕਰ ਹੈ ਅਤੇ ੨. ਤਤ੍ਵਾਨੁਸੰਧਾਨ ਦੇ ਵਿਚ ਭੀ ਜ਼ਿਕਰ ਹੈ।

## ਸੋ ਜਪੁਜੀ ਮਹਿਂ; ਗੁਰੂ ਦਿਖਾਏ।

ਸੋ = ਉਹ ਜਪੁਜੀ ਸਾਹਿਬ ਮਹਿ = ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰਨ ਕਰਕੇ ਦਿਖਾਏ = ਦਿਖਾ ਦਿੱਤੇ ਹਨ।

## ਸ਼੍ਰਵਣ ਪੌੜੀਆਂ; ਚਾਰ ਬਣਾਏ।

ਸਤਿਗੁਰੂ ਜੀ ਨੇ ਜਪੁਜੀ ਸਾਹਿਬ ਵਿਚ ਸ਼੍ਰਵਣ ਦੀਆਂ ਚਾਰ ਪੌੜੀਆਂ (੮,੯,੧੦,੧੧ਵੀਂ) ਬਣਾਏ = ਬਣਾਈਆਂ ਹਨ।

## ਸ਼੍ਰਵਣ ਮਹਾਤਮ; ਕੋ ਦਿਖਰਾਯੋ।

ਉਹਨਾਂ ਪੌੜੀਆਂ ਵਿਚ ਸ਼੍ਰਵਣ ਕੋ = ਦਾ ਮਹਾਤਮ ਤਾਂ ਦਿਖਰਾਯੋ = ਦਿਖਾਇਆ ਹੈ, ਪਰ :

## ਸ਼੍ਰਵਣ ਰੂਪ ਕੋ; ਨਹੀਂ ਬਤਾਯੋ ॥੨੩॥

ਸ਼੍ਰਵਣ ਕੋ = ਦਾ ਰੂਪ ਨਹੀਂ ਬਤਾਯੋ = ਦੱਸਿਆ ॥੨੩॥

***ਨੋਟ :*** ਡਾ. ਭਾਈ ਵੀਰ ਸਿੰਘ ਜੀ ਨੇ ਇਹ ਕਿਹਾ ਹੈ ਕਿ ਗੁਰੂ ਜੀ ਨੇ ਤਾਂ ਵਾਹਿਗੁਰੂ ਜੀ ਤੋਂ ਪ੍ਰਾਪਤ ਗਿਆਨ ਨੂੰ ਸੰਖੇਪ ਸਾਧਨਾ ਨਾਲ ਸ਼੍ਰਵਣ, ਮੰਨਣ, ਨਿਧਿਆਸਣ ਅਤੇ ਗਿਆਨ ਦੀ ਪ੍ਰਾਪਤੀ ਦਾ ਸੌਖਾ ਤਰੀਕਾ ਦੱਸਿਆ ਹੈ। ਬਰੀਕੀ ਤਕ ਗਿਣਤੀਆਂ ਮਿਣਤੀਆਂ ਇਹ ਵਿਦਵਾਨਾਂ ਦਾ ਕੰਮ ਹੈ ਜਿਨ੍ਹਾਂ ਦਾ ਕੋਈ ਖੰਡਨ ਨਹੀਂ ਬਲਕਿ ਜਾਣਕਾਰੀ ਦਾ ਲਾਭ ਹੈ।

## ਸੋ ਖਟ ਰੂਪ; ਪ੍ਰਗਟ ਦਿਖਰਾਏ।

ਸ਼੍ਰਵਣ ਦੇ ਜੋ ਖਟ = ਛੇ ਰੂਪ = ਚਿੰਨ੍ਹ ਹਨ, ਸੋ = ਉਹ ਪ੍ਰਗਟ ਕਰਕੇ ਦਿਖਰਾਏ = ਦਿਖਾ ਦਿੱਤੇ ਹਨ।

## ਸਿੱਖ ਮਮੋਖੀ ਕੋ; ਸਮੁਝਾਏ।

ਜਿਹੜਾ ਸਿੱਖ ਮਮੋਖੀ = ਮੁਕਤੀ ਦੀ ਇੱਛਾ ਵਾਲਾ ਹੈ, ਉਸ ਕੋ = ਨੂੰ ਇਹ ਵਿਸਥਾਰ ਨਾਲ ਸਮੁਝਾਏ = ਸਮਝਾ ਦਿੱਤੇ ਹਨ ਕਿ ਪਹਿਲਾਂ ਸ਼੍ਰਵਣ ਦੇ ਖਟ ਅੰਗ (ਚਿੰਨ੍ਹ) ਵੱਖਰੇ ਵੱਖਰੇ ਕਰਕੇ ਸਮਝਾ ਦਿੱਤੇ ਹਨ ਇਸ ਤੋਂ ਬਾਅਦ ਮੰਨਨ ਹੈ, ਫਿਰ ਮੰਨਨ ਤੋਂ ਬਾਅਦ ਨਿਧਿਆਸਣ ਤੇ ਨਿਧਿਆਸਣ ਤੋਂ ਬਾਅਦ ਸ਼ਾਖਸਾਤ ਗਿਆਨ ਹੈ।

੨. [**ਮਨਨ :**] ਹੁਣ ਮੰਨਨ ਦੀ ਵਿਚਾਰ ਕਰ ਰਹੇ ਹਨ :

## ਮਨਨ ਗਯਾਨ ਕੋ; ਭੇਦ ਬਤਾਵਤਿ।

ਭਾਈ ਦਇਆ ਸਿੰਘ ਜੀ ਹੁਣ ਜਗਿਆਸੂ ਨੂੰ ਸ਼੍ਰਵਣ ਗਿਆਨ ਤੋਂ ਬਾਅਦ ਮੰਨਨ ਗਯਾਨ ਕੋ = ਦਾ ਭੇਦ = ਰਹੱਸ ਬਤਾਵਤਿ = ਦੱਸਦੇ ਹਨ।

## ਜਿਸ ਕੇ ਕਰੇ; ਪਰਮਗਤਿ ਪਾਵਤਿ ॥੨੪॥

ਜਿਸ ਮੰਨਨ ਗਿਆਨ ਦੇ ਪ੍ਰਾਪਤ ਕਰੇ = ਕਰਨ ਨਾਲ ਪਰਮਗਤਿ = ਕੈਵਲ ਮੋਖਸ਼ ਭਾਵ ਜੀਵਨ ਮੁਕਤੀ **ਵਾ:** ਅਭੇਦ ਮੁਕਤੀ ਪਾਵਤਿ = ਪਾ ਲਈਦੀ ਹੈ, ਤ੍ਰੈ ਗੁਣ ਅਤੀਤ ਅਵਸਥਾ ਵੀ ਇਸਨੂੰ ਕਿਹਾ ਜਾਂਦਾ ਹੈ ॥੨੪॥

## ਮਨਨ ਕਰੇ; ਮਨ ਹੋਤਿ ਬਿਲਾਇ।

ਮੰਨਨ ਕਰੇ = ਕਰਨ ਦੇ ਨਾਲ ਜੋ ਫਲ ਹੁੰਦਾ ਹੈ, ਜੋ ਲਾਭ ਹੁੰਦਾ ਹੈ, ਉਹ ਇਹ ਹੈ ਕਿ ਮਨ ਬਿਲਾਇ = ਲੀਨ ਹੋਤਿ = ਹੋ ਜਾਂਦਾ ਹੈ, ਭਾਵ ਮਨ ਲੈ ਹੋਣਾ ਇਹੀ ਹੈ ਕਿ ਮਨ ਦੇ ਫੁਰਨੇ ਨਾਸ਼ ਹੋ ਜਾਂਦੇ ਹਨ।

## ਜੋ ਮਨ; ਦ੍ਵੈਤ ਰਹ੍ਯੋ ਲਪਟਾਇ।

ਮੰਨਨ ਕਰਨ ਤੋ ਪਹਿਲਾਂ ਜੋ = ਜਿਹੜਾ ਮਨ ਹੈ, ਉਹ ਦ੍ਵੈਤ ਵਿਚ ਲਪਟਾਇ = ਲੰਪਟ ਭਾਵ ਚਿੰਬੜਿਆ ਰਹ੍ਯੋ = ਰਹਿੰਦਾ ਹੈ, ਦ੍ਵੈਤ-ਭਾਵ ਹੈ ਕਿ ਮਨ ਵਿਕਾਰਾਂ, ਸੰਸਾਰ ਦੇ ਪਦਾਰਥ ਵਿਚ ਲੱਗਾ ਰਹਿੰਦਾ ਹੈ ਪਰ ਮੰਨਨ ਕਰਨ ਦੇ ਨਾਲ ਮਨ ਦ੍ਵੈਸ਼ ਵਿਚ ਨਹੀਂ ਰਹਿੰਦਾ ਤੇ ਅਦ੍ਵੈਤ ਦਾ ਚਿੰਤਨ ਕਰਨ ਲੱਗ ਜਾਂਦਾ ਹੈ।

## ਸਤਿ ਚੇਤਨ ਆਨੰਦ; ਅਪਾਰ।

ਮੰਨਨ ਕਰਨਾ, ਵਿਚਾਰ ਕਰਨਾ ਇਹ ਹੈ ਕਿ ਬ੍ਰਹਮ ਸਤਿ = ਨਾਸ਼ ਤੋਂ ਰਹਿਤ, ਚੇਤਨ ਸਰੂਪ, ਉਹ ਆਨੰਦ ਸਰੂਪ ਤੇ ਅਪਾਰ = ਪਾਰਾਵਾਰ ਤੋਂ ਰਹਿਤ ਹੈ।

## ਬ੍ਰਹਮ ਆਤਮਾ; ਹੀਨ ਬਿਕਾਰ ॥੨੫॥

ਜੋ ਆਤਮਾ ਹੈ ਉਹ ਬ੍ਰਹਮ ਸਰੂਪ ਹੈ ਤੇ ਬ੍ਰਹਮ ਆਤਮਾ ਵਿਕਾਰਾਂ ਤੋਂ ਹੀਨ = ਰਹਿਤ ਹੈ, ਉਸ ਵਿਚ ਕੋਈ ਵਿਕਾਰ ਨਹੀਂ ਹੈ, ਸ਼ੁੱਧ ਸਰੂਪ ਹੈ॥੨੫॥

## ਇਕ ਰਸ ਸਦਾ; ਬਾਲ ਨਹਿੰ ਤਰੁਣ।

ਆਤਮਾ ਸਦਾ = ਹਮੇਸ਼ਾ ਵਾਧ ਘਾਟ ਤੋਂ ਰਹਿਤ ਇਕ-ਰਸ ਰਹਿਣ ਵਾਲਾ ਹੈ, ਉਸ ਵਿਚ ਨਾ ਬਾਲ = ਬਾਲਪੁਣਾ ਹੈ ਤੇ ਨਾ ਹੀ ਤਰੁਣ = ਜਵਾਨਪੁਣਾ ਹੈ ਭਾਵ ਬਾਲ, ਜੁਆਨੀ, ਬੁਢਾਪੇ ਆਦਿ ਵਿਕਾਰਾਂ ਤੋਂ ਰਹਿਤ ਹੈ ਕਿਉਂਕਿ ਜਦ ਹੈ ਹੀ ਇਕ-ਰਸ, ਉਸ ਵਿਚ ਦੇਹਾਂ ਵਰਗੇ ਵਾਧ-ਘਾਟ ਵਿਕਾਰ ਨਹੀਂ ਹਨ।

## ਨਹੀਂ ਜਰਾ ਤੇ; ਜਰ ਜਰ ਮਰਣ।

ਜਿਵੇਂ ਸਰੀਰ ਵਿਚ ਜਰ ਜਰ = ਜਰਜਰੀ ਭੂਤ ਹੋ ਕੇ ਜਰਾ = ਬੁਢੇਪੇ ਤੋਂ ਬਾਅਦ ਮਰਣ = ਮੌਤ ਹੋ ਜਾਂਦੀ ਹੈ, ਪਰ ਆਤਮਾ ਵਿਚ ਜਰਾ = ਬੁਢਾਪਾ ਵੀ ਨਹੀਂ ਤੇ ਜਰ ਜਰ = ਕਮਜ਼ੋਰ ਹੋਣਾ ਇਹ ਉਸ ਵਿਚ ਨਹੀਂ ਹੈ ਤੇ ਨਾਸ਼ ਹੋਣਾ ਵੀ ਨਹੀਂ ਹੈ।

## ਜੜ ਸੋ ਨਹੀਂ; ਨਹੀਂ ਦੁਖ ਰੂਪ।

ਸੋ = ਉਹ ਆਤਮਾ ਜੜ੍ਹ ਰੂਪ ਨਹੀਂ ਹੈ ਤੇ ਨਾ ਹੀ ਉਸ ਵਿਚ ਕੋਈ ਦੁਖ ਦਾ ਰੂਪ ਹੈ ਭਾਵ ਜਿੰਨੇ ਜੜ੍ਹ ਪਦਾਰਥ ਹਨ ਉਹ ਸਾਰਿਆਂ ਵਿਚ ਦੁਖ ਲੁਕਿਆ ਹੋਇਆ ਹੈ, ਇਸ ਕਰਕੇ ਦੁਖ ਰੂਪ ਹੀ ਹਨ, ਪ੍ਰਤੀਤੀ ਮਾਤਰ ਸੁਖ ਹੈ, ਸੁਖ ਹੈ ਨਹੀਂ ਪਰ ਦਿੱਸ ਰਿਹਾ ਹੈ, ਪਰ ਆਤਮਾ ਜੜ੍ਹ ਰੂਪ ਤੇ ਦੁਖ ਰੂਪ ਨਹੀਂ ਹੈ, ਇਕ-ਰਸ ਹੈ।

## ਏਕ ਆਤਮਾ; ਅਚਲ ਅਨੂਪ ॥੨੬॥

ਇਕ ਆਤਮਾ ਹੀ ਅਚਲ = ਚਲਾਇਮਾਨ ਤੋਂ ਰਹਿਤ ਭਾਵ ਅਚੱਲ ਸਰੂਪ ਹੈ ਤੇ ਅਨੂਪ (ਅਨ + ਊਪ) ਊਪ = ਉਪਮਾ ਤੋਂ ਅਨ = ਰਹਿਤ ਹੈ॥੨੬॥

## ਤੀਨ ਸਰੀਰਨ ਤੇ; ਨਿਤ ਭਿੰਨ।

ਜੋ ਆਤਮਾ ਹੈ ਭਾਵ ਸਾਡਾ ਆਪਣਾ ਨਿੱਜ ਸਰੂਪ ਹੈ, ਉਹ ਨਿਤ = ਹਮੇਸ਼ਾ ਹੀ ਤੀਨ = ਤਿੰਨ ਸਰੀਰਾਂ

ਤੇ = ਤੋਂ ਭਿੰਨ = ਵੱਖਰਾ ਹੈ ਭਾਵ ਤਿੰਨ ਸਰੀਰ ਉਸ ’ਤੇ ਪੜਦਾ ਰੂਪ ਹਨ। ੧. ਅਸਥੂਲ ਸਰੀਰ = ਪੰਜ ਤੱਤ ਪੱਚੀ ਪ੍ਰਕਿਰਤੀਆਂ ਦਾ ਬਨਿਆ ਹੋਇਆ ਹੈ। ੨. ਸੂਖਮ ਸਰੀਰ = ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਪ੍ਰਾਨ, ਮਨ ਤੇ ਬੁੱਧ ਇਹ ਸਤਾਰਾਂ ਤੱਤਾਂ ਦਾ ਬਨਿਆ ਹੋਇਆ, ਅਗਿਆਨ ਵੱਸ ਜੋ ਗਵਨਾ ਗਵਨ ਕਰਦਾ ਹੈ ਜੋ ਅਸਥੂਲ ਸਰੀਰ ਨੂੰ ਛੱਡ ਕੇ ਪ੍ਰਲੋਕ ਚਲਾ ਜਾਂਦਾ ਹੈ ਤੇ ਫਿਰ ਅਨੇਕਾਂ ਜੂਨੀਆਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ।

੩. ਕਾਰਣ ਸਰੀਰ: ਜੋ ਕੇਵਲ ਅਵਿੱਦਿਆ ਦੇ ਪੜਦੇ ਵਾਲਾ ਅਗਿਆਨ ਦਾ ਢੱਕਿਆ ਹੋਇਆ ਕਾਰਣ ਸਰੀਰ ਹੈ, ਪਰ ਜੋ ਆਤਮਾ ਹੈ, ਉਹ ਅਸਥੂਲ, ਸੂਖਮ, ਕਾਰਣ ਸਰੀਰ ਇਹਨਾਂ ਤਿੰਨਾਂ ਤੋਂ ਵੱਖਰਾ ਹੈ।

## ਸਾਖੀ ਰੂਪ; ਨਹੀਂ ਪਰਛਿੰਨ।

ਉਹ ਆਤਮਾ ਸਾਖੀ ਰੂਪ ਹੈ ਤੇ ਪਰਛਿੰਨ = ਅਲੱਗ ਕੀਤਾ ਹੋਇਆ ਨਹੀਂ ਹੈ ਬਲਕਿ ਤਿੰਨਾਂ ਸਰੀਰਾਂ ਨੂੰ ਪ੍ਰਕਾਸ਼ਣ ਵਾਲਾ ਹੈ ਭਾਵ ਅਸਥੂਲ ਸਰੀਰ, ਸੂਖਮ ਸਰੀਰ, ਕਾਰਣ ਸਰੀਰ ਇਹਨਾਂ ਤਿੰਨਾਂ ਨੂੰ ਪ੍ਰਕਾਸ਼ਣ ਵਾਲਾ ਹੈ।

## ਥੂਲ ਦੇਹਿ; ਬਿਨਸਤਿ ਅਰੁ ਜਨਮਹਿ।

ਜੋ ਪੰਜ ਤੱਤ, ਪੱਚੀ ਪ੍ਰਕ੍ਰਿਤੀਆਂ ਰਾਹੀਂ ਅਸਥੂਲ ਦੇਹਿ = ਸਰੀਰ ਹੋਂਦ ਵਿਚ ਆਇਆ ਹੈ, ਇਹ ਬਿਨਸਤਿ = ਨਾਸ਼ ਵੀ ਹੁੰਦਾ ਹੈ ਭਾਵ ਮਰਦਾ ਭੀ ਹੈ ਤੇ ਜਨਮਹਿ = ਜਨਮ ਭੀ ਲੈਂਦਾ ਹੈ ਭਾਵ ਜੰਮਦਾ ਮਰਦਾ ਰਹਿੰਦਾ ਹੈ।

## ਆਤਮ ਜਿਉਂ ਕਾ ਤਿਉਂ; ਲਖਿ ਮਨ ਮਹਿਂ ॥੨੭॥

ਜੋ ਆਤਮਾ ਹੈ, ਉਹ ਜਿਉਂ = ਜਿਵੇਂ ਸਰੀਰ ਧਾਰਨ ਤੋਂ ਪਹਿਲਾਂ ਸੀ, ਤਿਉਂ = ਤਿਵੇਂ ਹੀ ਸਰੀਰ ਪੈਦਾ ਹੋਏ ਤੋਂ ਵੀ ਉਹੀ ਸਰੂਪ ਹੈ ਤੇ ਸਰੀਰ ਦੇ ਮਰ ਜਾਣ ਤੋਂ ਬਾਅਦ ਵੀ ਉਹੀ ਆਤਮਾ ਬ੍ਰਹਮ ਸਰੂਪ ਇਕ-ਰਸ ਹੈ ਭਾਵ ਸਰੀਰ ਦੇ ਜੰਮਣ ਮਰਣ ਨਾਲ ਉਸ ਦਾ ਕੋਈ ਸੰਬੰਧ ਨਹੀਂ, ਉਹ ਕੇਵਲ ਸਰੀਰ ਨੂੰ ਸੱਤਾ ਦੇ ਰਹੀ ਹੈ, ਇਸ ਵਿਚਾਰ ਨੂੰ ਮਨ ਦੇ ਮਹਿਂ = ਵਿਚ ਲਖਿ = ਜਾਣ ਲਉ ਕਿ ਇਹ ਆਤਮਿਕ ਸਰੂਪ ਹੈ॥੨੭॥

ਐਸੀ ਦ੍ਰਿੜ੍ਹ ਵਿਚਾਰ ਪ੍ਰਾਪਤ ਹੋਣ ਤੋਂ:

## ਅਵਨੀ ਕੈ; ਸਿਹਜਾ ਪਰ ਪਰੈ।

ਭਾਵੇਂ ਸਰੀਰ ਅਵਨੀ = ਧਰਤੀ ਦੇ ਪਰ = ਉੱਪਰ ਭੁੰਝੇ ਪਰੈ = ਪਿਆ ਰਹੇ, ਕੈ = ਜਾਂ ਭਾਵੇਂ ਸੁੰਦਰ ਸਿਹਜਾ ਉੱਪਰ ਪਿਆ ਰਹੇ ਭਾਵ ਸਿਹਜਾ = ਆਰਾਮ ਸਮੱਗਰੀ ਜਿਸ ਦੇ ਵਿਚ ਮੰਜਾ; ਉਸ ਉੱਤੇ ਬਿਛਾਈ ਜਾਂ ਉਸ ਉੱਤੇ ਫੁੱਲ ਬਿਛਾ ਕੇ ਜਾਂ ਮੱਖਮਲੀ ਗਦੇਲਿਆਂ ਦੇ ਉੱਤੇ ਸਰੀਰ ਪਿਆ ਰਹੇ, ਫਿਰ ਉਸ ਦੇ ਮਨ ’ਤੇ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਉਸਨੇ ਆਪਣੇ ਸਰੂਪ ਨੂੰ ਅਸਥੂਲ ਦੇਹ ਤੋਂ ਵੱਖਰਾ ਅਨੁਭਵ ਕਰ ਲਿਆ ਹੈ।

## ਥੂਲ ਦੇਹ; ਜੜ ਸਮਸਰ ਥਿਰੈ।

ਥੂਲ = ਅਸਥੂਲ ਦੇਹ = ਸਰੀਰ ਦੁਆਰਾ ਉਸ ਨੂੰ ਦੁਖ ਸੁਖ ਅਨੁਭਵ ਨਹੀਂ ਹੁੰਦਾ, ਬਲਕਿ ਜੜ੍ਹ ਪਦਾਰਥ ਦੇ ਸਮਸਰ = ਬਰਾਬਰ ਥਿਰੈ = ਸਥਿਰ ਹੋ ਜਾਂਦਾ ਹੈ ਜਿਵੇਂ ਕੋਈ ਜੜ੍ਹ ਪੱਥਰ ਨੂੰ ਭਾਵੇਂ ਸੁੰਦਰ ਸੇਜਾ ’ਤੇ ਰੱਖ ਦੇਵੇ ਤਾਂ ਉਹ ਪੱਥਰ ਸੁਖ ਅਨੁਭਵ ਨਹੀਂ ਕਰਦਾ ਜੇ ਉਸ ਨੂੰ ਧਰਤੀ ’ਤੇ ਸੁੱਟ ਦਈਏ ਤਾਂ ਪੱਥਰ ਨਿਰਾਦਰ

ਸਮਝ ਕੇ ਦੁਖੀ ਨਹੀਂ ਹੁੰਦਾ, ਦੋਨਾਂ ਹਾਲਤਾਂ ਵਿਚ ਪੱਥਰ 'ਤੇ ਕੋਈ ਅਸਰ ਨਹੀਂ ਹੁੰਦਾ, ਇਸੇ ਤਰ੍ਹਾਂ ਆਤਮਾ ਦੇ ਮੰਨਨ ਕਰਨ ਵਾਲਾ ਸਰੀਰ ਸਿਹਜਾ 'ਤੇ ਪੈਣਾ ਤੇ ਜ਼ਮੀਨ 'ਤੇ ਪੈਣਾ ਉਸ ਲਈ ਸਰੀਰ ਪੱਥਰ ਦੇ ਸਦਰਸ਼ ਹੈ, ਉਸ ਨੇ ਸਮਝ ਲਿਆ ਹੈ ਕਿ ਮੇਰੀ ਆਤਮਾ ਸਰੀਰ ਤੋਂ ਵੱਖਰੀ ਹੈ ਤੇ ਸਰੀਰ ਪੱਥਰ ਦੀ ਨਿਆਈਂ ਜੜ੍ਹ ਹੈ।

## ਆਤਮ ਲਿੰਗ; ਦੇਹ ਪਰਕਾਸ਼ੈ।

ਆਤਮਾ ਤਿੰਨੇ ਦੇਹਾਂ ਨੂੰ ਪਰਕਾਸ਼ੈ = ਪ੍ਰਕਾਸ਼ਣ ਭਾਵ ਸੱਤਾ ਦੇਣ ਵਾਲੀ ਹੈ, ਭਾਵ ਅਸਥੂਲ ਦੇਹ ਪੰਜ ਤੱਤ, ਪੱਚੀ ਪ੍ਰਕਿਰਤੀਆਂ ਵਾਲੀ, ਲਿੰਗ = ਸੂਖਮ ਦੇਹ ਸਤਾਰਾਂ ਤੱਤਾਂ ਵਾਲੀ, ਕਾਰਣ ਦੇਹ ਅਵਿੱਦਿਆ ਦੇ ਪੜਦੇ ਵਾਲੀ ਆਤਮਾ ਇਹਨਾਂ ਤਿੰਨਾਂ ਨੂੰ ਸੱਤਾ ਦੇਣ ਵਾਲੀ ਹੈ।

## ਅਨਿਕ ਪ੍ਰਕਾਰਨਿ; ਸੁਪਨਾ ਭਾਸੈ॥੨੮॥

ਸੂਖਮ ਸਰੀਰ ਵਿਚ ਅਨਿਕ = ਅਨੇਕਾਂ ਪ੍ਰਕਾਰਨਿ = ਤਰ੍ਹਾਂ ਦੇ ਸੁਪਨੇ ਭਾਸੈ = ਭਾਸ ਰਹੇ ਹਨ, ਭਾਵ ਪ੍ਰਤੀਤ ਹੋ ਰਹੇ ਹਨ॥੨੮॥

## ਸੁਪਨੇ ਕੇਰ; ਪਦਾਰਥ ਭਾਰੇ।

ਫਿਰ ਜੋ ਸੁਪਨੇ ਦੇ ਵਿਚ ਭਾਰੇ = ਬਹੁਤੇ ਪਦਾਰਥ ਦਿੱਸ ਰਹੇ ਹਨ।

## ਅਰੁ ਸੁਪਨੇ; ਪਰਕਾਸ਼ਹਿਂ ਸਾਰੇ।

ਅਰੁ = ਅਤੇ ਸੁਪਨੇ ਨੂੰ ਅਤੇ ਸਾਰੇ ਪਦਾਰਥਾਂ ਨੂੰ ਆਤਮਾ ਪਰਕਾਸ਼ਹਿਂ = ਪ੍ਰਕਾਸ਼ ਰਹੀ ਹੈ, ਭਾਵ ਆਤਮਾ ਦੀ ਸੱਤਾ ਕਰਕੇ ਸੁਪਨਾ ਤੇ ਸੁਪਨੇ ਦੇ ਪਦਾਰਥ ਯਾਦ ਰਹਿੰਦੇ ਹਨ, ਸੁਪਨੇ ਅਤੇ ਸੁਪਨੇ ਦੇ ਪਦਾਰਥਾਂ ਨੂੰ ਕਿਵੇਂ ਪ੍ਰਕਾਸ਼ ਰਹੀ ਹੈ? ਜਦੋਂ ਮਨੁੱਖ ਨੀਂਦ ਤੋਂ ਜਾਗ ਕੇ ਕਹਿੰਦਾ ਹੈ ਕਿ ਮੈਨੂੰ ਸੁਪਨਾ ਆਇਆ। ਐਸਾ ਅਨੁਭਵ ਕਰਾਉਣ ਵਾਲੀ ਆਤਮਾ ਹੀ ਹੈ ਇਸ ਕਰਕੇ ਆਤਮਾ ਸੁਪਨੇ ਨੂੰ ਪ੍ਰਕਾਸ਼ ਰਹੀ ਹੈ ਅਤੇ ਜਦੋਂ ਜਾਗ ਕੇ ਕਹਿੰਦਾ ਹੈ ਕਿ ਮੈਨੂੰ ਸੁਪਨੇ ਵਿਚ ਹਾਥੀ ਦਿੱਸਿਆ, ਮੈਨੂੰ ਹਾਥੀ ਨੇ ਮਾਰ ਦੇਣਾ ਸੀ ਅਤੇ ਸ਼ੇਰ ਦਿੱਸਿਆ, ਸ਼ੇਰ ਨੇ ਖਾ ਲੈਣਾ ਸੀ, ਇਤਿਆਦਿਕ ਪਦਾਰਥਾਂ ਨੂੰ ਵੀ ਆਤਮਾ ਹੀ ਪ੍ਰਕਾਸ਼ ਰਹੀ ਹੈ, ਇਹਨਾਂ ਪਦਾਰਥਾਂ ਨੂੰ ਆਤਮਾ ਦਾ ਪ੍ਰਕਾਸ਼ਣਾ ਇਹੀ ਹੈ ਜੋ ਗਿਆਨ ਦੇਣਾ ਹੈ।

## ਜਬਿ ਸੁਖਪਤੀ; ਅਵਸਥਾ ਹੋਇ।

ਜਬਿ = ਜਦੋਂ ਸੁਖਪਤੀ = ਸਖੋਪਤੀ ਅਵਸਥਾ ਹੋਇ = ਹੋ ਜਾਂਦੀ ਹੈ।

## ਤਬੈ ਅਭਾਵ; ਲਿੰਗ ਤਨ ਹੋਇ॥੨੯॥

ਤਬੈ = ਤਦੋਂ ਲਿੰਗ = ਸੂਖਮ ਤਨ = ਸਰੀਰ ਦਾ ਅਭਾਵ ਹੋਇ = ਹੋ ਜਾਂਦਾ ਹੈ, ਭਾਵ ਸੂਖਮ ਸਰੀਰ ਨੂੰ ਕੁੱਝ ਵੀ ਪਤਾ ਨਹੀਂ ਚੱਲਦਾ। ਜਦੋਂ ਸਖੋਪਤੀ ਅਵਸਥਾ ਭਾਵ ਗੂੜ੍ਹੀ ਨੀਂਦ ਆਈ ਹੁੰਦੀ ਹੈ ਉਦੋਂ ਇਹ ਗਿਆਨ ਨਹੀਂ ਰਹਿੰਦਾ ਕਿ ਮੈਂ ਅਸਥੂਲ ਸਰੀਰ ਹਾਂ, ਸੂਖਮ ਸਰੀਰ ਹਾਂ ਜਾਂ ਕਾਰਣ ਸਰੀਰ ਹਾਂ, ਸਖੋਪਤੀ ਅਵਸਥਾ ਵਿਚ ਇਹ ਸਭ ਕੁਝ ਅਭਾਵ ਹੋ ਜਾਂਦਾ ਹੈ॥੨੯॥

ਐਸਾ ਕਿਵੇਂ ਹੁੰਦਾ ਹੈ? ਹੁਣ ਇਸ ਨੂੰ ਇਕ ਉਦਾਹਰਣ ਦੁਆਰਾ ਖੋਲ੍ਹਣ ਲੱਗੇ ਹਨ:

## ਜੀਵ ਆਤਮਾ; ਇੰਦ੍ਰ ਸਰੂਪ।

ਜਿਵੇਂ ਇੰਦ੍ਰਪੁਰੀ ਦਾ ਰਾਜਾ ਇੰਦ੍ਰ ਹੈ, ਜੀਵ ਆਤਮਾ ਨੂੰ ਇਉਂ ਇੰਦ੍ਰ ਸਰੂਪ ਸਮਝੋ।

## ਇੰਦ੍ਰਾਣੀ ਲੇ; ਬੁੱਧਿ ਅਨੂਪ।

ਜਿਵੇਂ ਇੰਦ੍ਰ ਆਪਣੀ ਇੰਦ੍ਰਾਣੀ ਭਾਵ ਘਰਵਾਲੀ ਨੂੰ ਘਰ ਦੇ ਵਿਚ ਲੈ ਕੇ ਆਰਾਮ ਕਰਦਾ ਹੈ, ਇਸੇ ਤਰ੍ਹਾਂ ਜੀਵ ਆਤਮਾ ਰੂਪ ਇੰਦ੍ਰ ਅਨੂਪ = ਉਪਮਾ ਤੋਂ ਰਹਿਤ ਆਪਣੀ ਬੁੱਧ ਰੂਪ ਇੰਦ੍ਰਾਣੀ ਨੂੰ ਲੈ ਕੇ :

## ਰਿਦੇ ਸਦਨ ਮਹਿਂ; ਲਹਿ ਬਿਸਰਾਮ।

ਰਿਦੇ = ਹਿਰਦੇ ਰੂਪ ਸਦਨ= ਘਰ ਦੇ ਮਹਿਂ = ਵਿਚ ਲੈ ਕੇ ਬਿਸਰਾਮ = ਵਿਸ਼ੇਸ਼ ਕਰਕੇ ਆਰਾਮ ਲਹਿ = ਲੈਂਦਾ ਹਾਂ, ਇਸ ਕਰਕੇ ਬੁੱਧ ਨੇ ਹੀ ਜਾਗ੍ਰਤ ਅਵਸਥਾ ਵਿਚ ਨਿਸ਼ਚਾ ਕਰਨਾ ਹੈ ਤੇ ਬੁੱਧ ਨੇ ਹੀ ਸੁਪਨ ਪਦਾਰਥਾਂ ਦਾ ਨਿਸ਼ਚਾ ਕਰਨਾ ਹੈ, ਜਦੋਂ ਬੁੱਧ ਵਿਸ਼ੇਸ਼ ਕਰਕੇ ਸਖੋਪਤੀ ਵਿਚ ਚਲੀ ਗਈ, ਫਿਰ ਕੋਈ ਵੀ ਪਦਾਰਥ ਨਹੀਂ ਭਾਸਦਾ।

## ਤਬਿ ਲੌਂ; ਸੁਖਪਤਿ ਹੈ ਸੁਖਧਾਮ ॥੩੦॥

ਤਬਿ ਲੌਂ = ਤਦੋਂ ਤਕ ਜੀਵਾਤਮਾ ਸਖੋਪਤੀ ਅਵਸਥਾ ਵਿਚ ਲੀਨ ਹੁੰਦਾ ਹੈ ਜੋ ਸੁਖਧਾਮ = ਸੁੱਖਾਂ ਦਾ ਘਰ ਹੈ, ਭਾਵ ਉਥੇ ਸੁਖ ਹੀ ਸੁਖ ਹੈ ॥੩੦॥

## ਬਹੁਰ ਉਠਹਿ; ਲੈ ਕੇ ਨਿਜ ਰਾਨੀ।

ਬਹੁਰ = ਫਿਰ ਜੀਵਾਤਮਾ ਰੂਪ ਇੰਦ੍ਰ ਨਿਜ = ਆਪਣੀ ਬੁੱਧ ਰੂਪ ਰਾਣੀ ਨੂੰ ਲੈ ਕੇ ਉਠਹਿ = ਉੱਠ ਖੜਦਾ ਹੈ, ਭਾਵ ਜੀਵਾਤਮਾ ਬੁੱਧ ਸਮੇਤ ਜਾਗ੍ਰਤ ਅਵਸਥਾ ਵਿਚ ਆ ਜਾਂਦਾ ਹੈ।

## ਸਰਬ ਸਰੀਰ; ਕਰਹਿ ਸਵਧਾਨੀ।

ਇਸ ਤਰ੍ਹਾਂ ਜੀਵਾਤਮਾ ਸਰਬ = ਸਾਰੇ ਸਰੀਰ ਨੂੰ ਸਵਧਾਨੀ = ਸੁਚੇਤ ਕਰਹਿ = ਕਰ ਦਿੰਦਾ ਹੈ।

## ਜਾਗ੍ਰਿਤਿ ਅਵਸਥਾ ਕੋ; ਜਬਿ ਪਾਇ।

ਜਬਿ = ਜਦੋਂ ਇਹ ਜੀਵਾਤਮਾ ਜਾਗ੍ਰਿਤਿ ਅਵਸਥਾ ਕੋ = ਨੂੰ ਪਾਇ = ਪ੍ਰਾਪਤ ਕਰ ਲੈਂਦਾ ਹੈ, ਭਾਵ ਜਦੋਂ ਗੂੜ੍ਹੀ ਨੀਂਦ ਵਿੱਚੋਂ ਜਾਗ੍ਰਤ ਅਵਸਥਾ ਵਿਚ ਆ ਜਾਂਦਾ ਹੈ।

## ਗਹੈ ਬਿਸ਼ੈ ਕੋ; ਸਹਿਜ ਸੁਭਾਇ ॥੩੧॥

ਫਿਰ ਤਦੋਂ ਤਰ੍ਹਾਂ ਤਰ੍ਹਾਂ ਦੇ ਬਿਸ਼ੈ = ਵਿਸ਼ੇ, ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹਨਾਂ ਕੋ = ਨੂੰ ਸਹਿਜ ਸੁਭਾਇ = ਸੁਭਾਵਿਕ ਗਹੈ = ਗ੍ਰਹਿਣ ਕਰ ਲੈਂਦਾ ਹੈ ਭਾਵ ਕੰਨਾਂ ਦੁਆਰਾ ਸ਼ਬਦ, ਚਮੜੀ ਦੁਆਰਾ ਸਪਰਸ਼, ਅੱਖਾਂ ਦੁਆਰਾ ਰੂਪ, ਰਸਨਾ ਦੁਆਰਾ ਰਸ, ਨਾਸਿਕਾ ਦੁਆਰਾ ਗੰਧ, ਸੁਗੰਧ ਇਹਨਾਂ ਨੂੰ ਸੁਭਾਵਿਕ ਹੀ ਗ੍ਰਹਿਣ ਕਰ ਲੈਂਦਾ ਹੈ ॥੩੧॥

## ਲਹੈ ਸਥਿਰਤਾ; ਲੋਚਨ ਦਾਏ।

ਜਦੋਂ ਜਾਗ੍ਰਤ ਅਵਸਥਾ ਹੁੰਦੀ ਹੈ, ਜੋ ਜੀਵਾਤਮਾ ਹੈ, ਉਹ ਦਾਏ = ਸੱਜੇ ਲੋਚਨ = ਨੇਤਰ ਦੇ ਪਿਛਲੇ ਪਾਸੇ ਸਥਿਰਤਾ ਲਹੈ = ਲੈਂਦਾ ਹੈ। ਤੇ:

## ਬੁੱਧਿ ਇੰਦ੍ਰਾਣੀ; ਥਿਰ ਹ੍ਵੈ ਬਾਏ।

ਉਸਦੀ ਬੁੱਧ ਰੂਪ ਇੰਦ੍ਰਾਣੀ ਬਾਏ = ਖੱਬੇ ਨੇਤਰ ਦੇ ਪਿਛਲੇ ਪਾਸੇ ਥਿਰ = ਸਥਿਤ ਹੋ ਜਾਂਦੀ ਹੈ, ਇਹ ਦੋਨਾਂ ਦੇ ਟਿਕਾਣੇ ਹਨ।

## ਇੰਦ੍ਰਯ ਬਿਸ਼ੈ; ਪ੍ਰਕਾਸ਼ਨਿ ਠਾਨੈ।

ਜੋ ਇੰਦ੍ਰਿਆਂ ਦੇ ਬਿਸ਼ੈ = ਵਿਸ਼ੇ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਹਨ। ਇਹਨਾਂ ਸਾਰਿਆਂ ਨੂੰ ਪ੍ਰਕਾਸ਼ਨਿ = ਪ੍ਰਕਾਸ਼ਣ ਦੀ ਠਾਨੈ = ਦ੍ਰਿੜ੍ਹਤਾ ਕਰਦਾ ਹੈ।

## ਸੁਪਨ ਸਖੋਪਤਿ; ਤਬਿ ਦ੍ਵੈ ਹਾਨੈ ॥੩੨॥

ਤਬਿ = ਤਦੋਂ ਦ੍ਵੈ = ਦੋਨੋਂ ਸੁਪਨ ਤੇ ਸਖੋਪਤੀ ਅਵਸਥਾ ਹਾਨੈ = ਨਾਸ਼ ਹੋ ਜਾਂਦੀਆਂ ਹਨ ॥੩੨॥

## ਯਾਂ ਤੇ; ਮਿੱਥ੍ਯਾ ਤੀਨ ਅਵਸਥਾ।

ਯਾਂ ਤੇ = ਇਸ ਕਰਕੇ ਜਾਗ੍ਰਤ, ਸੁਪਨ, ਸਖੋਪਤੀ ਇਹ ਤੀਨ = ਤਿੰਨ ਅਵਸਥਾ ਮਿੱਥ੍ਯਾ = ਨਾਸ਼ਵੰਤ ਹਨ, ਜਿਵੇਂ ਤਿੰਨੇ ਅਵਸਥਾ ਨਾਸ਼ਵਾਨ ਹਨ:

## ਮਿੱਥ੍ਯਾ; ਤੀਨ ਸਰੀਰ ਬਿਵਸਥਾ।

ਇਸੇ ਤਰ੍ਹਾਂ ਤੀਨ = ਤਿੰਨਾਂ ਸਰੀਰਾਂ (ਅਸਥੂਲ, ਸੂਖਮ, ਕਾਰਣ) ਦੀ ਬਿਵਸਥਾ = ਹਾਲਤ ਵੀ ਮਿੱਥ੍ਯਾ = ਨਾਸ਼ਵੰਤ ਹੈ, **ਅਥਵਾ** ਸਰੀਰ ਦੀਆਂ ਤਿੰਨ ਬਿਵਸਥਾ = ਹਾਲਤਾਂ ਬਾਲ, ਜੁਆਨੀ, ਬਿਰਧ ਇਹ ਨਾਸ਼ਵੰਤ ਹਨ।

## ਬਾਰੰਬਾਰ; ਬਿਚਾਰਨ ਐਸੇ।

ਜੋ ਉਪਰੋਕਤ ਵਿਚਾਰ ਮੰਨਨ ਦੇ ਵਿਸਥਾਰ ਵਿਚ ਕਹੀ ਹੈ ਐਸੇ = ਇਸ ਵਿਚਾਰ ਨੂੰ ਬਾਰੰਬਾਰ = ਵਾਰ-ਵਾਰ ਜੋ ਵਿਚਾਰਨਾ ਹੈ।

## 'ਮਨਨ' ਬਿਚਾਰ; ਨਾਮ ਇਸ ਹੈਸੇ ॥੩੩॥

ਇਸ ਦਾ ਨਾਮ ਮੰਨਨ ਵਿਚਾਰ ਹੈਸੇ = ਹੈ, ਭਾਵ ਜਿਹੜੀ ਵਸਤੂ ਸੁਣ ਲਈ ਹੈ, ਉਸ ਨੂੰ ਵਾਰ-ਵਾਰ ਵਿਚਾਰੀ ਜਾਣਾ, ਜੋ ਕੁੱਝ ਸੁਣਿਆ ਹੈ, ਉਸ ਦੀ ਤੈਅ ਤਕ ਜਾਣਾ, ਜੋ ਆਤਮਾ ਦੇ ਸੰਬੰਧ ਵਿਚ ਸੁਣਿਆ ਹੈ ਕਿ ਆਤਮਾ ਅਚੱਲ, ਅਨੂਪ, ਸਾਖੀ ਹੈ ਤੇ ਆਤਮਾ ਤਿੰਨ ਅਵਸਥਾ ਨੂੰ ਪ੍ਰਕਾਸ਼ਣ ਵਾਲਾ **ਵਾ:** ਤਿੰਨੇ ਸਰੀਰਾਂ ਨੂੰ ਪ੍ਰਕਾਸ਼ਣ ਵਾਲਾ ਹੈ **ਵਾ:** ਬਾਲੀ, ਜੁਆਨੀ, ਬਿਰਧ ਹਾਲਤਾਂ ਨੂੰ ਪ੍ਰਕਾਸ਼ਣ ਵਾਲਾ ਹੈ, ਇਸ ਦੀ ਜੋ ਮੁੜ ਮੁੜ ਕੇ ਵਿਚਾਰ ਕਰਨੀ ਹੈ, ਇਸ ਦਾ ਨਾਮ ਮੰਨਨ ਹੈ।

ਹੁਣ ਮਨ ਦੀਆਂ ਪੰਜ ਬਿਰਤੀਆਂ ਦਾ ਵੇਰਵਾ ਦੇਣਗੇ ਕਿ ਕਿਹੜੀਆਂ-ਕਿਹੜੀਆਂ ਹਨ:

## ਮਨ ਕੀ ਬ੍ਰਿਤਾਂ; ਪੰਚ ਬਿਧਿ ਹੋਇ।

ਜੋ ਮਨ ਕੀ = ਦੀਆਂ ਬ੍ਰਿਤਾਂ = ਬਿਰਤੀਆਂ ਹਨ, ਇਹ ਪੰਚ = ਪੰਜ ਬਿਧਿ = ਪ੍ਰਕਾਰ ਦੀਆਂ ਹੋਇ = ਹੁੰਦੀਆਂ ਹਨ, ਮਨ ਪੰਜ ਤਰ੍ਹਾਂ ਕਰਕੇ ਰਹਿੰਦਾ ਹੈ।

## ਇਕ ਪਰਮਾਨ; ਵਿਪਰਜੈ ਦੋਇ।

੧. ਇਕ ਬਿਰਤੀ ਦਾ ਨਾਮ ਪਰਮਾਨ ਹੈ ਤੇ ੨. ਦੋਇ = ਦੂਜੀ ਦਾ ਨਾਮ ਵਿਪਰਜੈ ਹੈ।

## ਵਿਕਲਪ, ਨਿੰਦ੍ਰਾ, ਸਿੰਮ੍ਰਿਤਿ ਜਾਨਿ।

੩. ਵਿਕਲਪ, ੪. ਨਿੰਦ੍ਰਾ, ੫. ਸਿੰਮ੍ਰਿਤੀ, ਜਾਨਿ = ਜਾਣ ਲਉ ਕਿ ਇਹ ਪੰਜ ਮਨ ਦੀਆਂ ਬਿਰਤੀਆਂ ਦੇ ਨਾਮ ਹਨ।

## ਸੁਨਹੁ ਸਰੂਪ; ਜੁ ਬ੍ਰਿਤਿ ਪ੍ਰਮਾਨ ॥੩੪॥

ਇਹਨਾਂ ਪੰਜਾਂ ਬਿਰਤੀਆਂ ਦੇ ਵਿੱਚੋਂ ਜੁ = ਜਿਹੜੀ ਪ੍ਰਮਾਣ ਬ੍ਰਿਤਿ = ਬਿਰਤੀ ਹੈ, ਉਸਦਾ ਸਰੂਪ ਸੁਨਹੁ = ਸੁਣਨਾ ਕਰੋ ॥੩੪॥

੧. [**ਪ੍ਰਮਾਣ**:] ਹੁਣ ਪ੍ਰਮਾਣ ਬਿਰਤੀ ਦਾ ਸਰੂਪ ਕਥਨ ਕਰਦੇ ਹਨ:

## ਅੰਤਹਿਕਰਣ ਬ੍ਰਿਤਿ; ਹੈ ਜੋਇ।

ਜੋਇ = ਜੋ ਅੰਤਸ਼ਕਰਣ ਦੀ ਬ੍ਰਿਤਿ = ਬਿਰਤੀ ਹੈ।

## ਇੰਦ੍ਰਯ ਦ੍ਵਾਰਾ; ਨਿਕਰੈ ਸੋਇ।

ਸੋਇ = ਉਹ ਗਿਆਨ ਇੰਦ੍ਰੇ ਦੁਆਰਾ ਬਾਹਰ ਨਿਕਰੈ = ਨਿਕਲਦੀ ਹੈ, ਭਾਵ ਅੱਖਾਂ ਦੁਆਰਾ ਬਾਹਰ ਨਿਕਲ ਕੇ:

## ਨਾਨਾ ਘਟ ਪਟ; ਧਰੇ ਪਦਾਰਥ।

ਨਾਨਾ = ਬਹੁਤ ਤਰ੍ਹਾਂ ਤਰ੍ਹਾਂ ਦੇ ਘਟ = ਘੜਾ, ਪਟ = ਬਸਤਰ ਆਦਿਕ ਪਦਾਰਥ ਜੋ ਧਰੇ = ਰੱਖੇ ਹੋਏ ਹਨ, ਉਹਨਾਂ ਦੇ ਰੂਪ ਨੂੰ ਵਿਸ਼ੇ ਕਰਦੀ ਹੈ।

## ਤਿਨਹਿ ਜਾਨਿਬੋ; ਹੋਇ ਜਥਾਰਥ ॥੩੫॥

ਤਿਨਹਿ = ਉਹਨਾਂ ਪਦਾਰਥਾਂ ਦੇ ਰੂਪ ਨੂੰ ਜਾਨਿਬੋ = ਜਾਨਣ ਦਾ ਜੋ ਜਥਾਰਥ = ਜਿਉਂ ਦਾ ਤਿਉਂ ਗਿਆਨ ਹੋਇ = ਹੁੰਦਾ ਹੈ, ਜਿਵੇਂ ਘੜੇ ਅਤੇ ਬਸਤਰਾਂ ਨੂੰ ਜਾਨਣ ਦੇ ਲਈ ਅੰਤਸ਼ਕਰਣ ਬਿਰਤੀ ਨੇਤਰਾਂ ਦੁਆਰਾ ਨਿਕਲ ਕੇ ਘਟ ਪਟ ਦੇ ਆਕਾਰ ਨੂੰ ਧਾਰਨ ਕਰ ਲੈਂਦੀ ਹੈ ਅਤੇ ਜੀਭ ਨਾਲ ਬੋਲੇ ਹੋਏ ਕਿਸੇ ਦੇ ਚੰਗੇ ਜਾਂ ਮੰਦੇ ਸ਼ਬਦਾਂ ਨੂੰ ਅੰਤਸ਼ਕਰਨ ਵਿੱਚੋਂ ਕੰਨਾਂ ਦੁਆਰਾ ਸ਼ਬਦ ਨੂੰ ਗ੍ਰਹਿਣ ਕਰ ਲੈਂਦੀ ਹੈ। ਇਸਨੂੰ ਪ੍ਰਮਾਣ ਬਿਰਤੀ ਕਹਿੰਦੇ ਹਨ ॥੩੫॥

੨. [**ਵਿਪਰਜੈ**:] ਹੁਣ ਵਿਪਰਜੈ ਬਿਰਤੀ ਦਾ ਰੂਪ ਦੱਸਣਗੇ:

## ਦੁਤੀ 'ਵਿਪਰਜੈ'; ਇਸ ਕੋ ਕਹੈਂ।

ਮਨ ਦੀ ਦੁਤੀ = ਦੂਜੀ ਬਿਰਤੀ ਜੋ ਵਿਪਰਜੈ = ਜਥਾਰਥ ਤੋਂ ਉਲਟ ਧਾਰਨ ਕਰਦੀ ਹੈ, ਇਸ ਕੋ = ਨੂੰ ਦੂਜੀ ਬਿਰਤੀ ਕਹੈ = ਕਿਹਾ ਹੈ।

## ਰੱਜੂ ਪਰੀ; ਸਰਪ ਤਿਸ ਲਹੈ।

ਜਿਵੇਂ ਸਮਾਨ ਅੰਧਕਾਰ ਵਿਚ ਸਾਹਮਣੇ ਕੋਈ ਵਿੰਗੀ ਟੇਢੀ ਰੱਜੂ = ਰੱਸੀ ਪਰੀ = ਪਈ ਹੈ, ਤਿਸ = ਉਸ ਨੂੰ ਸਰਪ = ਸਰਪ ਜਾਣ ਲਹੈ = ਲੈਣਾ, ਇਸ ਦਾ ਨਾਮ ਵਿਪਰਜੈ ਬਿਰਤੀ ਹੈ।

੩. [**ਵਿਕਲਪ :**] ਹੁਣ ਵਿਕਲਪ ਬਿਰਤੀ ਦਾ ਸਰੂਪ ਕਥਨ ਕਰਨਗੇ :

## ਬ੍ਰਿਤਿ 'ਵਿਕਲਪ'; ਰੂਪ ਇਹ ਮਾਨ।

ਤੀਸਰੀ ਵਿਕਲਪ ਰੂਪ ਬ੍ਰਿਤਿ = ਬਿਰਤੀ ਦਾ ਇਹ ਰੂਪ ਮਾਨ = ਮੰਨ ਲਉ ਕਿ :

## ਸ਼ਬਦ ਅਰਥ ਕੋ; ਲੀਜੈ ਜਾਨਿ ॥੩੬॥

ਸ਼ਬਦ ਦੇ ਅਰਥ ਕੋ = ਨੂੰ ਤਾਂ ਚੰਗੀ ਤਰ੍ਹਾਂ ਜਾਣ ਲੀਜੈ = ਲੈਣਾ, ਪਰ :

## ਤਾਤਪਰਯ ਮਹਿਂ; ਰਹੈ ਸੰਦੇਹਿ।

ਜੋ ਉਸਦਾ ਤਾਤਪਰਯ = ਪ੍ਰਯੋਜਨ ਭਾਵ ਮਤਲਬ ਰੱਖ ਕੇ ਸ਼ਬਦ ਉਚਾਰਨ ਕੀਤਾ ਹੋਇਆ ਸੀ, ਉਸ ਸਿਧਾਂਤ ਮਹਿ = ਵਿਚ ਸੰਦੇਹਿ = ਸੰਸਾ ਬਣਿਆ ਰਹਿਣਾ ਤੇ :

## ਨਿਹਚੈ ਭਯੋ ਨ; ਲਖੀਅਹਿ ਏਹ।

ਉਸ ਵਿਚ ਨਿਹਚੈ = ਨਿਸ਼ਚਾ ਨਾ ਭਯੋ = ਹੋਣਾ ਕਿ ਇਸ ਦਾ ਤਾਤਪਰਜ ਕੀ ਹੈ, ਭਾਵ ਵਿਸ਼ੇਸ਼ ਕਰਕੇ ਕਲਪਨਾ ਬਣੀ ਰਹਿਣੀ, ਸ਼ਬਦ ਦਾ ਅਰਥ ਤਾਂ ਸਮਝ ਲੈਣਾ ਪਰ ਜਿਸ ਮਤਲਬ ਵਾਸਤੇ ਸ਼ਬਦ ਉਚਾਰਨ ਕੀਤਾ ਹੋਇਆ ਹੈ, ਜੋ ਉਸ ਵਿਚ ਸਿਧਾਂਤ ਰੱਖਿਆ ਹੈ ਉਸ ਵਿਚ ਨਿਸ਼ਚਾ ਨਾ ਹੋਣਾ, ਇਸੇ ਨੂੰ ਮਨ ਦੀ ਵਿਕਲਪ ਬਿਰਤੀ ਕਿਹਾ ਜਾਂਦਾ ਹੈ। ਇਹ ਲਖੀਅਹਿ = ਜਾਣ ਲਉ।

੪. [**ਨਿੰਦ੍ਰਾ :**] ਹੁਣ ਮਨ ਦੀ ਚੌਥੀ ਬਿਰਤੀ ਨਿੰਦ੍ਰਾ ਦਾ ਸਰੂਪ ਕਥਨ ਕਰਨਗੇ :

## ਅਭਾਵ ਗਯਾਨ ਕੋ; ਆਸ਼੍ਰੈ ਬ੍ਰਿਤਿ।

ਅਭਾਵ ਗਿਆਨ ਕੋ = ਨੂੰ ਆਸ਼੍ਰੈ = ਆਸਰਾ ਦੇਣ ਵਾਲੀ ਬ੍ਰਿਤਿ = ਬਿਰਤੀ ਨੂੰ ਭਾਵ ਜਿਥੇ ਜਾਗ੍ਰਤ ਅਵਸਥਾ ਦੇ ਗਿਆਨ ਦਾ ਵੀ ਅਭਾਵ ਹੈ। ਸੁਪਨ ਅਵਸਥਾ ਦੇ ਗਿਆਨ ਦਾ ਵੀ ਅਭਾਵ ਹੈ, ਇਸ ਅਭਾਵ ਦੇ ਆਸਰੇ ਜੋ ਮਨ ਬਿਰਤੀ ਹੈ।

## 'ਨਿੰਦ੍ਰਾ ਬ੍ਰਿਤਿ; ਕਹਿਂ ਸਮਝਹੁ ਚਿਤ ॥੩੭॥

ਇਸ ਦਾ ਨਾਮ ਮਨ ਦੀ ਨਿੰਦ੍ਰਾ ਬਿਰਤੀ ਹੈ, ਇਸ ਕਹੇ ਨੂੰ ਚਿੱਤ ਦੇ ਵਿਚ ਸਮਝਹੁ = ਸਮਝ ਲਵੋ, ਭਾਵ ਜਦੋਂ ਜਾਗ੍ਰਤ, ਸੁਪਨ ਗਿਆਨ ਦੇ ਅਭਾਵ ਦੇ ਆਸਰੇ ਅਵਿੱਦਿਆ ਵਾਲੀ ਬਿਰਤੀ ਹੁੰਦੀ ਹੈ, ਉਸ ਨੂੰ ਨਿੰਦ੍ਰਾ ਬਿਰਤੀ ਕਹਿੰਦੇ ਹਨ, ਇਸੇ ਦਾ ਦੂਸਰਾ ਨਾਮ ਅਵਿੱਦਿਆ ਬਿਰਤੀ ਹੈ, ਉਸੇ ਬਿਰਤੀ ਵਿਚ ਚੇਤਨ

ਮਿਲਿਆ ਹੁੰਦਾ ਹੈ। ਜੇ ਚੇਤਨ ਨਾ ਮਿਲਿਆ ਹੋਵੇ ਤਾਂ ਉੱਠ ਕੇ ਇਹ ਨਹੀਂ ਕਹਿ ਸਕਦਾ ਕਿ ਮੈਂ ਗੂੜ੍ਹੀ ਨੀਂਦ ਵਿਚ ਸੁੱਤਾ ਪਿਆ ਸੀ, ਸਖੋਪਤੀ ਅਵਸਥਾ ਗੂੜ੍ਹੀ ਨੀਂਦ ਨਿੰਦ੍ਰਾ ਬਿਰਤੀ ਕਹੀ ਹੈ॥੩੭॥

## ਜਾਗ੍ਰਤਿ ਸੁਪਨ; ਜੁ ਬ੍ਰਿਤਿ ਅਭਾਵ।

ਜੁ = ਜਿਹੜਾ ਜਾਗ੍ਰਤਿ ਅਵਸਥਾ ਦੇ ਗਿਆਨ ਦੀ ਬਿਰਤੀ ਦਾ ਅਭਾਵ ਹੈ ਤੇ ਸੁਪਨ ਅਵਸਥਾ ਦੇ ਗਿਆਨ ਦੀ ਬਿਰਤੀ ਦਾ ਵੀ ਅਭਾਵ ਹੈ, ਭਾਵ ਜਿਥੇ ਜਾਗ੍ਰਤ ਤੇ ਸੁਪਨ ਅਵਸਥਾ ਦੀ ਬਿਰਤੀ ਦੇ ਗਿਆਨ ਦਾ ਅਭਾਵ ਹੋ ਜਾਣਾ, ਇਹ ਪਤਾ ਨਾ ਰਹਿਣਾ ਕਿ ਮੈਂ ਜਾਗ੍ਰਤ ਅਵਸਥਾ ਵਿਚ ਹਾਂ ਜਾਂ ਸੁਪਨ ਅਵਸਥਾ ਵਿਚ ਹਾਂ।

## ਕਰਣਹਾਰ ਸੋ; ਤਮੁ ਗੁਣ ਭਾਵ।

ਸੋ = ਉਹ ਜਾਗ੍ਰਤਿ, ਸੁਪਨ ਅਵਸਥਾ ਦੇ ਗਿਆਨ ਦਾ ਭਾਵ ਕਰਣਹਾਰ = ਕਰਨ ਵਾਲੀ ਬਿਰਤੀ ਨੂੰ ਤਮੋ ਗੁਣ ਦੇ ਆਸਰੇ ਕਰਕੇ :

## ਸੁਖਪਤਿ ਤਮੁ ਗੁਣ; ਗ੍ਰਿਹਣ ਜੁ ਕਰੈ।

ਤੇ ਜੋ ਸਖੋਪਤੀ ਅਵਸਥਾ ਵਿਚ ਤਮੋ ਗੁਣ ਭਾਵ ਨੂੰ ਗ੍ਰਿਹਣ ਕਰੈ = ਕਰਨ ਵਾਲੀ ਹੈ।

## ਨਿੰਦ੍ਰਾ ਬ੍ਰਿਤੀ; ਨਾਮ ਤਿਸ ਰਰੈਂ॥੩੮॥

ਤਿਸ = ਇਸ ਦਾ ਨਾਮ ਮਨ ਦੀ ਚੌਥੀ ਨਿੰਦ੍ਰਾ ਬਿਰਤੀ ਵਿਦਵਾਨ ਲੋਕ ਰਰੈਂ = ਕਥਨ ਕਰਦੇ ਹਨ॥੩੮॥

੫. [**ਸਿੰਮ੍ਰਤੀ :**]—ਹੁਣ ਮਨ ਦੀ ਪੰਜਵੀਂ ਬਿਰਤੀ ਸਿੰਮ੍ਰਿਤੀ ਦਾ ਸਰੂਪ ਦੱਸਣਗੇ :

## ਪ੍ਰਥਮ ਸਮੇਂ; ਕੁਛ ਅਨੁਭਵ ਕੀਨ।

ਪ੍ਰਥਮ = ਪਹਿਲੇ ਸਮੇਂ ਵਿਚ ਕੋਈ ਵਸਤੂ ਨੂੰ ਦੇਖ ਕਰਕੇ ਅਨੁਭਵ = ਸਮਝਣਾ ਕੀਨ = ਕੀਤਾ ਸੀ, ਭਾਵ ਦੇਖਣਾ ਕੀਤਾ ਸੀ।

## ਅਪਰ ਸਮੈਂ; ਚਿਤਵੈ ਸਤ ਚੀਨ।

ਫੇਰ ਅਪਰ = ਹੋਰ ਸਮੇਂ ਉਸ ਨੂੰ ਸੱਤ ਰੂਪ ਚੀਨ = ਜਾਣ ਕਰਕੇ, ਉਸ ਨੂੰ ਹੋਂਦ ਹਸਤੀ ਵਾਲੀ ਜਾਣ ਕਰਕੇ ਉਸ ਦਾ ਚਿਤਵੈ = ਚਿੰਤਨ, ਯਾਦ ਕਰਨਾ ਕਿ ਇਹ ਉਹੀ ਵਸਤੂ ਹੈ ਜੋ ਮੈਂ ਬਹੁਤ ਸਮਾਂ ਪਹਿਲਾਂ ਦੇਖੀ ਸੀ।

ਹੁਣ ਅੱਗੇ ਦ੍ਰਿਸ਼ਟਾਂਤ ਦੇ ਕਰਕੇ ਸਮਝਾਉਂਦੇ ਹਨ :

## ਜਥਾ ਭਨੈ; ਇਹੁ ਨਰ ਹੈ ਸੋਈ।

ਜਥਾ = ਜਿਵੇਂ ਕੋਈ ਭਨੈ = ਕਹੇ ਕਿ ਇਹ ਨਰ = ਪੁਰਸ਼ ਤਾਂ ਸੋਈ = ਉਹੀ ਹੈ।

## ਪੂਰਬ ਪਿਖਯੋ; ਥਾਵ ਕਿਸ ਜੋਈ॥੩੯॥

ਜੋ ਮੈਂ ਪੂਰਬ = ਪਹਿਲਾਂ ਕਿਸੇ ਥਾਵ = ਥਾਂ 'ਤੇ ਪਿਖਯੋ = ਦੇਖਿਆ ਸੀ, ਭਾਵ ਵੀਹ ਤੀਹ ਸਾਲ ਪਹਿਲਾਂ

ਦੇਖਿਆ ਸੀ, ਉਦੋਂ ਇਸ ਦਾ ਕਾਲਾ ਦਾੜ੍ਹਾ ਸੀ ਤੇ ਹੁਣ ਚਿੱਟਾ ਦਾੜ੍ਹਾ ਹੋ ਗਿਆ ਪਰ ਸਿਆਣ ਕੇ ਕਹਿੰਦਾ ਹੈ ਕਿ ਇਹ ਉਹੀ ਹੈ॥੩੯॥

## ਜਿਸ ਕਰ ਚਿਤ ਕਰਨਾ; ਇਹ ਹੋਇ।

ਜਿਸ ਕਰ = ਕਰਕੇ ਚਿੱਤ ਵਿਚ ਇਸ ਪ੍ਰਕਾਰ ਦਾ ਯਾਦ ਕਰਨਾ ਹੋਇ = ਹੋਵੇ।

## ਸਿੰਮ੍ਰਿਤ ਬ੍ਰਿੱਤਿ; ਜਾਨੀਅਹਿ ਸੋਇ।

ਸੋਇ = ਉਸ ਬ੍ਰਿਤੀ ਨੂੰ ਮਨ ਦੀ ਪੰਜਵੀਂ ਸਿੰਮ੍ਰਿਤੀ ਬਿਰਤੀ ਜਾਨੀਅਹਿ = ਜਾਣ ਲਉ। ਮਨ ਦੀਆਂ ਹੈ ਤਾਂ ਬਹੁਤ ਬਿਰਤੀਆਂ ਹਨ, ਪਰ ਉਹਨਾਂ ਵਿੱਚੋਂ ਜੋ ਖ਼ਾਸ ਹਨ ਉਹ ਪੰਜ ਬਿਰਤੀਆਂ ਹਨ।

[**ਸਥਿਤੀ** :] ਹੁਣ ਸਥਿਤੀ ਕੀ ਹੁੰਦੀ ਹੈ ? ਇਸ ਦਾ ਵਰਣਨ ਕਰਨਗੇ :

## ਪੰਚ ਬ੍ਰਿਤਾਂ ਬਿਨ; ਚਿਤ ਹੁਇ ਜਾਵੈ।

ਜੋ ਮਨ ਦੀਆਂ ਪੰਜ ਬਿਰਤੀਆਂ (ਪ੍ਰਮਾਣ, ਵਿਪਰਜੈ, ਵਿਕਲਪ, ਨਿੰਦ੍ਰਾ, ਸਿੰਮ੍ਰਿਤੀ) ਹਨ, ਜਿਨ੍ਹਾਂ ਦਾ ਵੇਰਵਾ ਉੱਪਰ ਆ ਚੁੱਕਾ ਹੈ। ਇਹ ਪੰਜ ਬਿਰਤੀਆਂ ਜਿਨ੍ਹਾਂ ਦੁਆਰਾ ਮਨ ਇਧਰ ਉਧਰ ਦੌੜਦਾ ਹੈ, ਜਦੋਂ ਇਹਨਾਂ ਤੋਂ ਬਿਨ = ਬਿਨਾਂ ਚਿਤ = ਅੰਤਸ਼ਕਰਨ ਭਾਵ ਮਨ ਹੁਇ = ਹੋ ਜਾਵੈ = ਜਾਵੇ।

## ਆਤਮ ਕੇ ਸਰੂਪ; ਦਿਸ਼ ਧਾਵੈ॥੪੦॥

ਤਦੋਂ ਫਿਰ ਆਪਣੇ ਆਤਮਿਕ ਸਰੂਪ ਕੇ = ਦੇ ਦਿਸ਼ = ਦਿਸ਼ਾ, ਤਰਫ਼ ਧਾਵੈ = ਦੌੜ ਕੇ ਜਾਵੇ, ਭਾਵ ਆਪਣੇ ਸਰੂਪ ਵਿਚ ਅਭੇਦ ਹੋਣ ਦੇ ਲਈ ਉਤਾਵਲਾ ਹੋ ਜਾਵੇ, ਬਸ ਇਹੋ ਹੀ ਇਕ ਚਿੰਤਨ ਰਹਿ ਜਾਵੇ ਬਾਕੀ ਸਾਰੇ ਚਿੰਤਨ ਨਾਸ਼ ਹੋ ਜਾਣ॥੪੦॥

## ਮਨ ਪ੍ਰਵਾਹ; ਜਬਿ ਇਸ ਬਿਧਿ ਹੋਇ।

ਜਬਿ = ਜਦੋਂ ਮਨ ਦਾ ਪ੍ਰਵਾਹ (ਵਹਿਣ) ਇਸ ਬਿਧਿ = ਜੁਗਤੀ ਵਾਲਾ ਹੋਇ = ਹੋ ਜਾਵੇ, ਭਾਵ ਜਿਸ ਤਰਫ਼ ਨੂੰ ਲਾਇਆ ਹੈ ਉਸ ਪਾਸੇ ਇਕ-ਰਸ ਲੱਗਿਆ ਰਹੇ।

## ਨਾਮ 'ਸਥਿਤੀ'; ਬਖਾਨੈਂ ਸੋਇ।

ਸੋਇ = ਉਸ ਦਾ ਨਾਮ ਵਿਦਵਾਨ ਲੋਕ ਸਥਿਤੀ = ਇਸਥਿਤੀ ਬਖਾਨੈਂ = ਕਥਨ ਕਰਦੇ ਹਨ।

[**ਅੱਭਜਾਸ** :] ਹੁਣ ਦੱਸਦੇ ਹਨ ਕਿ ਅੱਭਜਾਸ ਕਿਸਨੂੰ ਕਹਿੰਦੇ ਹਨ :

## ਇਸਥਿਤਿ ਪ੍ਰਾਪਤਿ; ਹੇਤ ਪ੍ਰਯਾਸ।

ਜੋ ਇਸਥਿਤੀ ਦੀ ਪ੍ਰਾਪਤੀ ਹੇਤ = ਲਈ ਪ੍ਰਯਾਸ = ਜਤਨ ਕਰਨਾ, ਭਾਵ ਸਾਧਨ ਕਰਨਾ ਕਿ ਇਹ ਇਸਥਿਤੀ ਬਣੀ ਰਹੇ ਇਸ ਦੀ ਵਾਰ-ਵਾਰ ਦ੍ਰਿੜ੍ਹਤਾ ਕਰਨੀ।

## ਤਿਸ ਕੋ ਨਾਮ; ਲਖੋ ਅੱਭਜਾਸ॥੪੧॥

ਤਿਸ = ਇਸ ਕੋ = ਦਾ ਨਾਮ ਅੱਭਜਾਸ ਲਖੋ = ਜਾਣ ਲਉ, ਭਾਵ ਮਨ ਸਰੂਪ ਵਿਚ ਟਿਕਿਆ ਹੀ ਰਹੇ।

ਜੋ ਬਿਰਤੀ ਵਿਚ ਨਾਮ ਦਾ **ਵਾ:** ਪਰਮਾਤਮਾ ਦੇ ਸਰੂਪ ਦਾ ਟਿਕਾਅ ਪ੍ਰਾਪਤ ਹੋਇਆ ਹੈ, ਇਹ ਹਮੇਸ਼ਾ ਹੀ ਬਨਿਆ ਰਹੇ, ਇਸ ਦਾ ਨਾਮ ਅਭਿਆਸ ਹੈ॥੪੧॥

## ਸੋ ਅਭ੍ਯਾਸ ਹੈ; ਦੋਇ ਪ੍ਰਕਾਰ।

ਸੋ = ਉਹ ਅੱਭ੍ਯਾਸ ਵੀ ਦੋਇ = ਦੋ ਪ੍ਰਕਾਰ ਦਾ ਹੈ।

## ਏਕ 'ਅਲਪ' ਦੂਸਰ 'ਦਿੜ' ਧਾਰਿ।

ਇਕ ਅਲਪ = ਥੋੜ੍ਹੇ ਸਮੇਂ ਵਾਲਾ, ਦੂਸਰਾ ਦ੍ਰਿੜ = ਪੱਕਾ ਧਾਰਿ = ਧਾਰਨਾ, ਭਾਵ ਇਕ ਕੱਚੀ ਹਾਲਤ ਵਾਲਾ ਥੋੜ੍ਹੇ ਸਮਾਂ ਦਾ, ਦੂਸਰਾ ਪੱਕੀ ਹਾਲਤ ਵਾਲਾ ਸਦਾ ਇਕ-ਰਸ।

**੧. ਅਲਪ ਅੱਭ੍ਯਾਸ :** ਹੁਣ ਅਲਪ ਅੱਭ੍ਯਾਸ ਬਾਰੇ ਕਥਨ ਕਰਦੇ ਹਨ:

## ਕਬਿ ਕਬਿ; ਆਤਮ ਕੋ ਅੱਭ੍ਯਾਸੈ।

ਕਬਿ ਕਬਿ = ਕਦੇ ਕਦੇ ਆਪਣੇ ਆਤਮਿਕ ਸਰੂਪ ਕੋ = ਦਾ ਅਭਿਆਸ ਦੁਆਰਾ ਟਿਕਾਅ ਵਿਚ ਆਉਣਾ, ਭਾਵ ਥੋੜ੍ਹੇ ਸਮੇਂ ਲਈ ਇਸਥਿਤ ਰਹਿਣਾ।

## ਇਹ ਤੌਂ 'ਅਲਪ' ਨਾਮ ਕਹੁ ਭਾਸੈ॥੪੨॥

ਇਸ ਦਾ ਨਾਮ ਅਲਪ = ਥੋੜ੍ਹੇ ਸਮੇਂ ਰਹਿਣ ਵਾਲਾ ਭਾਸੈ = ਅਭਿਆਸ ਕਹੁ = ਕਥਨ ਕੀਤਾ ਹੈ, ਇਹ ਅਲਪ ਅਭ੍ਯਾਸ ਹੈ॥੪੨॥

**੨. ਦ੍ਰਿੜ ਅੱਭ੍ਯਾਸ :** ਹੁਣ ਦ੍ਰਿੜ ਅਭ੍ਯਾਸ ਬਾਰੇ ਦੱਸਦੇ ਹਨ:

## ਸਾਦਰ, ਦੀਰਘ ਕਾਲ, ਨਿਰੰਤਰ।

ਸਾਦਰ = ਆਦਰ ਦੇ ਸਹਿਤ ਦੀਰਘ ਕਾਲ = ਲੰਮੇ ਸਮੇਂ ਲਈ ਨਿਰੰਤਰ = ਇਕ ਰਸ ਲੱਗੇ ਰਹਿਣਾ।

## ਸੋ 'ਦ੍ਰਿੜ ਭੂਮਿ'; ਰੂਪ ਲਖਿ ਅੰਤਰ।

ਸੋ = ਇਸ ਨੂੰ ਚਿੱਤ ਅੰਤਰ = ਵਿਚ ਦ੍ਰਿੜ ਭੂਮਿ = ਭੂਮਿਕਾ ਰੂਪ ਲਖਿ = ਜਾਣ ਲਉ, ਇਸ ਵਿਚਾਰ ਨੂੰ ਜੇ ਇਤਿਹਾਸਿਕ ਤੱਥਾਂ ਦੁਆਰਾ ਸਮਝਣਾ ਹੋਵੇ ਇਹੋ ਜਿਹੀ ਅਵਸਥਾ ਵਾਲੇ ਦ੍ਰਿੜ ਅਭਿਆਸੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਕ ਬੇਅੰਤ ਹੋਏ ਹਨ ਪਰ ਅਸੀਂ ਇਕ ਗੁਰਸਿੱਖ ਦਾ ਪ੍ਰਮਾਣ ਦਿੰਦੇ ਹਾਂ, ਬਾਬਾ ਬੁੱਢਾ ਸਾਹਿਬ ਜੀ ਦੀ ਵੰਸ਼ ਵਿੱਚੋਂ ਭਾਈ ਰਾਮ ਕੁਇਰ ਜੀ ਹੋਏ ਹਨ ਜਿਨ੍ਹਾਂ ਦਾ ਅੱਠੇ ਪਹਿਰ ਦਾ ਦ੍ਰਿੜ ਅਭਿਆਸ ਸੀ। ਸੰਸਾਰ ਵਾਲੇ ਪਾਸੇ, ਪਦਾਰਥਾਂ ਵਾਲੇ ਪਾਸੇ ਬਿਰਤੀ ਕਦੇ ਵੀ ਜਾਂਦੀ ਨਹੀਂ ਸੀ। ਇਥੋਂ ਤਕ ਕਿ ਦੇਹ ਦੇ ਪਾਲਣ ਪੋਸ਼ਣ ਖਾਣ-ਪੀਣ, ਆਦਿਕ ਦੀ ਸੋਝੀ ਭੀ ਨਹੀਂ ਸੀ ਰੱਖਦੇ, ਸੇਵਕਾਂ ਨੂੰ ਹੀ ਧਿਆਨ ਰੱਖਣਾ ਪੈਂਦਾ ਸੀ, ਇਹ ਪੂਰਨ ਦ੍ਰਿੜ ਅਭਿਆਸੀ ਸਨ।

[**ਵੈਰਾਗ :**] ਹੁਣ ਵੈਰਾਗ ਦਾ ਸਰੂਪ ਦੱਸਣਗੇ:

## ਮਿਟੀ ਪ੍ਰੀਤ; ਵਿਸ਼ਯਨਿ ਤੇ ਜਬੈ।

ਜਬੈ = ਜਦੋਂ ਵਿਸ਼ਯਨਿ = ਵਿਸ਼ਿਆਂ ਤੇ = ਤੋਂ ਮਨ ਦੀ ਪ੍ਰੀਤੀ ਮਿਟੀ = ਨਾਸ਼ ਹੋ ਜਾਵੇ, ਭਾਵ ਵਿਸ਼ਿਆਂ ਨਾਲ ਨਫ਼ਰਤ ਹੋ ਜਾਵੇ, ਵਿਸ਼ਿਆਂ ਵੱਲੋਂ ਉਪਰਾਮ ਹੋ ਕੇ ਪੱਕੇ ਤੌਰ 'ਤੇ ਹੱਟ ਜਾਵੇ।

## ਨਾਮ ਵਿਰਾਗ; ਹੋਤਿ ਹਿਯ ਤਬੈ ॥੪੩॥

ਤਬੈ = ਤਦੋਂ ਹਿਯ = ਹਿਰਦੇ ਵਿਚ ਜੋ ਉਪਰਾਮਤਾ ਹੋਤਿ = ਹੁੰਦੀ ਹੈ, ਇਸ ਦਾ ਨਾਮ ਵੈਰਾਗ ਹੈ, ਵਿਰਾਗ ਦਾ ਅੱਖਰੀ ਅਰਥ (ਵਿ + ਰਾਗ) ਰਾਗ ਨਾਮ ਪ੍ਰੇਮ ਦਾ ਹੈ ਵਿ ਨਾਮ ਤਿਆਗਣ ਦਾ ਹੈ ਭਾਵ ਭੋਗ ਪਦਾਰਥਾਂ ਨੂੰ ਪੱਕੇ ਤੌਰ 'ਤੇ ਤਿਆਗਣਾ ਹੀ ਵੈਰਾਗ ਹੈ॥੪੩॥

## ਸੋ ਵੈਰਾਗ ਹੈ; ਚਾਰ ਪ੍ਰਕਾਰ।

ਸੋ = ਉਹ ਵੈਰਾਗ ਅੱਗੇ ਚਾਰ ਪ੍ਰਕਾਰ ਦਾ ਹੈ।

## ਇਕ 'ਯਤਮਾਨ' 'ਵਿਤ੍ਰੇਕ' ਬਿਚਾਰ।

ਇੱਕ ਦਾ ਨਾਮ ਯਤਮਾਨ ਵੈਰਾਗ ਤੇ ਦੂਸਰੇ ਦਾ ਨਾਮ ਵਿਤ੍ਰੇਕ ਵੈਰਾਗ ਬਿਚਾਰ = ਵਿਚਾਰਨਾ ਕਰੋ।

## ਇਕ 'ਇੰਦ੍ਰੈ' ਅਰੁ 'ਵਸੀਕਾਰ' ਕਹਿਂ।

ਤੀਸਰਾ ਏਕ ਇੰਦ੍ਰੈ ਵੈਰਾਗ ਅਰੁ = ਅਤੇ ਚੌਥਾ ਵਸੀਕਾਰ ਵੈਰਾਗ ਕਹਿਂ = ਕਿਹਾ ਜਾਂਦਾ ਹੈ।

## ਇਨ ਕੇ ਲੱਛਨ; ਭਨੌਂ ਜਥਾ ਲਹਿ ॥੪੪॥

ਜਥਾ = ਜਿਸ ਪ੍ਰਕਾਰ ਮੈਂ ਇਹਨਾਂ ਦਾ ਗਿਆਨ ਲਹਿ = ਪ੍ਰਾਪਤ ਕੀਤਾ ਹੈ ਭਾਵ ਸਮਝਿਆ ਹੈ, ਉਸ ਪ੍ਰਕਾਰ ਮੈਂ ਇਹਨਾਂ ਦੇ ਲੱਛਨ ਭਨੌਂ = ਕਹਿੰਦਾ ਹਾਂ। ਇਥੇ ਭਾਈ ਸਾਹਿਬ ਜੀ ਨੇ ਚਾਰ ਪ੍ਰਕਾਰ ਦੇ ਵੈਰਾਗ ਦੀ ਗੱਲ ਕੀਤੀ ਹੈ ਜਦੋਂ ਕਿ ਗ੍ਰੰਥਾਂ ਵਿਚ ਸੱਤ ਕਿਸਮ ਦਾ ਵੈਰਾਗ ਲਿਖਿਆ ਹੋਇਆ ਹੈ ਅਤੇ ਸੰਪ੍ਰਦਾਵਾਂ ਦੇ ਵਿਦਵਾਨਾਂ ਵਿਚ ਸੱਤ ਵਿਚ ਹੋਰ ਦੋ ਸਿੱਧ ਕਰਕੇ ਨੌਂ ਕਿਸਮ ਦਾ ਵੈਰਾਗ ਮੰਨਿਆ ਹੈ, ਸ੍ਰੀ ਮਾਨ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ, ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦੀ ਕਥਨੀ ਵਿਚ ਨੌਂ ਪ੍ਰਕਾਰ ਦਾ ਵੈਰਾਗ ਕਥਨ ਕੀਤਾ ਹੋਇਆ ਹੈ। ਵੈਰਾਗ ਦੀ ਤੁਲਨਾ ਰਤਨਾਂ ਨਾਲ ਦਿੱਤੀ ਜਾਂਦੀ ਹੈ ਜਿਵੇਂ ਰਤਨ ਨੌਂ ਪ੍ਰਕਾਰ ਦੇ ਕਹੇ ਜਾਂਦੇ ਹਨ। ਇਸੇ ਤਰ੍ਹਾਂ ਵੈਰਾਗ ਨੂੰ ਨੌਂ ਪ੍ਰਕਾਰ ਦਾ ਕਥਨ ਕੀਤਾ ਹੈ ਇਸ ਦਾ ਵੇਰਵਾ ਚੱਲ ਰਹੇ ਚਾਰ ਪ੍ਰਕਾਰ ਦੇ ਵੈਰਾਗ ਦੇ ਕਥਨ ਤੋਂ ਬਾਅਦ ਦਿੱਤਾ ਜਾਵੇਗਾ। ਜਿਥੇ ਚਾਰ ਪ੍ਰਕਾਰ ਦੇ ਵੈਰਾਗ ਦੀ ਗੱਲ ਸਮਾਪਤ ਹੋਵੇਗੀ, ਉਥੇ ਦਿੱਤਾ ਜਾਵੇਗਾ।

੧ [**ਯਤਮਾਨ :**] ਹੁਣ ਪਹਿਲੇ ਯਤਮਾਨ ਵੈਰਾਗ ਬਾਰੇ ਕਥਨ ਕਰਨਗੇ :

## ਦੁੱਖ ਰੂਪ; ਸੰਸਾਰ ਪਛਾਨਾ।

ਜਦੋਂ ਸੰਸਾਰ ਨੂੰ ਦੁਖ ਦੇ ਰੂਪ ਵਿਚ ਪਛਾਨਾ = ਜਾਣ ਲਿਆ ਕਿ ਸੰਸਾਰ ਦੁੱਖਾਂ ਦਾ ਘਰ ਹੈ, ਇਸ ਨੂੰ ਤਿਆਗਣਾ ਹੀ ਯੋਗ ਹੈ, ਅਤੇ :

## ਸੰਤਨ ਸੇਵਾ; ਰੁਚੀ ਮਹਾਨਾ।

ਸੰਤਨ = ਸੰਤਾਂ ਦੀ ਸੇਵਾ = ਟਹਿਲ ਵਿਚ ਰੁਚੀ = ਇੱਛਾ ਮਹਾਨਾ = ਬਹੁਤੀ ਹੋ ਜਾਵੇ ਤੇ ਇਹ ਗੱਲ ਸਮਝ ਆ ਜਾਵੇ ਕਿ ਪਰਿਵਾਰ ਦੀ ਸੇਵਾ ਵਿਚ ਤਾਂ ਦੁਖ ਪ੍ਰਾਪਤ ਹੁੰਦੇ ਹਨ ਅਤੇ ਸੰਤਾਂ ਦੀ ਨਿਸ਼ਕਾਮ ਸੇਵਾ ਵਿਚ ਮਨ ਨਿਰਮਲ ਹੁੰਦਾ ਹੈ। ਜੈਸਾ ਕਿ :

**ਸਾਧ ਕੀ ਟਹਲ ਸੰਤਸੰਗਿ ਹੇਤ॥** *(ਗਉੜੀ ਸੁਖਮਨੀ ਮ: ੫, ਅੰਗ ੨੭੫)*

ਅਤੇ :

## ਸੱਤਿ ਰੂਪ; ਪਰਮੇਸ਼ਰ ਪਾਊਂ।

ਮਨ ਵਿਚ ਇਹ ਖ਼ਿਆਲ ਪੈਦਾ ਹੋਣ ਕਿ ਮੈਂ ਆਪਣੇ ਸੱਤ ਸਰੂਪ ਆਤਮਾ ਨੂੰ ਤੇ ਪਰਮੇਸ਼ਰ ਨੂੰ ਪਾਊਂ = ਪਾ ਲਵਾਂ, ਇਸ ਕਰਕੇ ਸਾਧੂ ਸੰਤਾਂ ਦੀ ਨਿਸ਼ਕਾਮ ਸੇਵਾ ਵਿਚ ਜੁੜੇ ਰਹਿਣਾ।

## ਬੰਧਨ ਕਰਮ; ਪਏ ਛੁਟਕਾਊਂ ॥੪੫॥

ਜਿਹੜੇ ਕਰਮਾਂ ਦੇ ਮੈਨੂੰ ਬੰਧਨ ਪਏ ਹੋਏ ਹਨ ਜਿਨ੍ਹਾਂ ਵਿਚ ਮੈਂ ਜਕੜਿਆ ਹੋਇਆ ਹਾਂ ਇਹਨਾਂ ਸਾਰਿਆਂ ਤੋਂ ਛੁਟਕਾਊਂ = ਛੁਟਕਾਰਾ ਪਏ = ਪਾ ਲਵਾਂ ਭਾਵ ਛੁੱਟ ਜਾਵਾਂ ॥੪੫॥

## ਇਸ ਕੋ ਯੱਤਿਮਾਨ, ਮਨ ਜਾਨਿ।

ਇਸ ਕੋ = ਦਾ ਨਾਮ ਯੱਤਿਮਾਨ ਵੈਰਾਗ ਮਨ ਕਰਕੇ ਜਾਨਿ = ਜਾਣ ਲਉ।

## ਸੰਤਨ ਸੰਗਤ; ਕੀਨ ਮਹਾਨ।

ਸੰਸਾਰ ਤੋਂ ਉਪਰਾਮ ਹੋ ਕੇ ਮਹਾਨ ਸੰਤਨ = ਸੰਤਾਂ ਦੀ ਸੰਗਤ ਕੀਨ = ਕਰਨੀ ਭਾਵ ਸੇਵਾ ਵਿਚ ਜੁੜਿਆ ਰਹਿਣਾ, ਇਸ ਦਾ ਨਾਮ ਯੱਤਿਮਾਨ ਵੈਰਾਗ ਹੈ।

੨. [**ਵਿੱਤ੍ਰੇਕ :**] ਹੁਣ ਦੂਸਰੇ ਵਿੱਤ੍ਰੇਕ ਵੈਰਾਗ ਦਾ ਰੂਪ ਕਥਨ ਕਰਨਗੇ :

## ਲਗਯੋ ਬਿਚਾਰਨ; ਗੁਨ ਅਰੁ ਦੋਖ।

ਸੰਗਤ ਵਿਚ ਸੇਵਾ ਕਰਦਾ ਹੋਇਆ ਇਸ ਗੱਲ ਦੀ ਵਿਚਾਰ ਕਰਨ ਲਗਯੋ = ਲੱਗਣਾ ਹੈ ਕਿ ਮੇਰੇ ਵਿਚ ਗੁਣ ਅਰੁ = ਅਤੇ ਦੋਖ = ਔਗੁਣ ਕਿਹੜੇ ਕਿਹੜੇ ਹਨ, ਇਹਨਾਂ ’ਤੇ ਵਿਚਾਰ ਕਰਨੀ। ਅਤੇ :

## ਦੋਖ ਤਜੋਂ; ਕਿਸ ਗੁਨ ਤੇ ਮੋਖ ? ॥੪੬॥

ਦੋਖ = ਔਗੁਣਾਂ ਨੂੰ ਤਜੋਂ = ਤਿਆਗਣਾ ਜੋ ਸਦਾ ਹੀ ਦੁਖਦਾਇਕ ਹਨ ਅਤੇ ਕਿਸ = ਕਿਹੜੇ ਗੁਣਾਂ ਤੇ = ਤੋਂ ਮੋਖ = ਮੁਕਤੀ ਪ੍ਰਾਪਤ ਹੋਵੇ, ਉਹ ਦੈਵੀ ਗੁਣਾਂ ’ਤੇ ਵਿਚਾਰ ਕਰਨੀ ਕਿ ਮੈਂ ਧਾਰਨ ਕਰ ਲਵਾਂ ॥੪੬॥

## ਸਤਿ ਸੰਤੋਖ; ਆਦਿ ਬਿਰਧਾਵੈ।

ਸਤਿ ਸੰਤੋਖ ਦਇਆ, ਧਰਮ ਆਦਿ ਗੁਣਾਂ ਨੂੰ ਆਪਣੇ ਅੰਦਰ ਬਿਰਧਾਵੈ = ਵਧਾਉਣਾ ਕਰੇ।

## ਕਾਮ ਕ੍ਰੋਧ ਮੋਹ; ਆਦਿ ਘਟਾਵੈ।

ਕਾਮ, ਕ੍ਰੋਧ, ਲੋਭ, ਮੋਹ ਆਦਿ ਭਾਵ ਪੰਜਾਂ ਨੂੰ ਘਟਾਵੈ = ਘਟਾਉਣਾ ਸ਼ੁਰੂ ਕਰੇ।

## ਇਹ ਵੈਰਾਗ ‘ਵਿੱਤ੍ਰੇਕ’ ਪਛਾਨ।

ਇਸ ਦਾ ਨਾਮ ਵਿਤ੍ਰੇਕ ਵੈਰਾਗ ਪਛਾਨ = ਜਾਣ ਲਉ।

੩. [**ਏਕ ਇੰਦ੍ਰੈ ਵੈਰਾਗ :**] ਹੁਣ ਤੀਸਰੇ ਏਕ ਇੰਦ੍ਰੈ ਵੈਰਾਗ ਦਾ ਰੂਪ ਦੱਸਣਗੇ :

## ਇਕ ਇੰਦ੍ਰੀ ਕੋ; ਸੁਨਿ ਦੈ ਕਾਨ ॥੪੭॥

ਏਕ ਇੰਦ੍ਰੀ = ਇੰਦ੍ਰੈ ਵੈਰਾਗ ਕੋ = ਦਾ ਲੱਛਣ ਧਿਆਨ ਨਾਲ ਕਾਨ = ਕੰਨ ਦੈ = ਦੇ ਕੇ ਸੁਣਨਾ ਕਰੋ ॥੪੭॥

## ਵਹਿਰ ਬਿਸ਼ੈ; ਗੁਨ ਤਯਾਗਨ ਕੀਨ।

ਜੋ ਇੰਦ੍ਰਿਆਂ ਦੇ ਵਹਿਰ = ਬਾਹਰਲੇ ਬਿਸ਼ੈ = ਵਿਸ਼ੇ ਹਨ, ਉਹਨਾਂ ਦਾ ਤਯਾਗਨ = ਤਿਆਗਣਾ ਕੀਨ = ਕਰਨਾ। ਅੱਖਾਂ ਦਾ ਵਿਸ਼ਾ ਰੂਪ, ਕੰਨਾਂ ਦਾ ਵਿਸ਼ਾ ਸ਼ਬਦ, ਰਸਨਾ ਦਾ ਵਿਸ਼ਾ ਰਸ, ਨਾਸਿਕਾ ਦਾ ਵਿਸ਼ਾ ਗੰਧ, ਸੁਗੰਧ, ਚਮੜੀ ਦਾ ਵਿਸ਼ਾ ਸਪਰਸ਼ ਇਹ ਸਭ ਤਿਆਗ ਦੇਣੇ।

## ਮਨ ਮਹਿਂ ਤਨਕ; ਹੋਇ ਲਿਵਲੀਨ।

ਮਨ ਦੇ ਮਹਿਂ = ਵਿਚ ਤਨਕ = ਥੋੜ੍ਹੇ ਮਾਤਰ ਇਹ ਵਿਸ਼ੇ ਲਿਵਲੀਨ = ਚਿੰਬੜੇ ਹੋਏ ਰਹਿਣ, ਭਾਵ ਮਨ ਦੇ ਵਿਚ ਥੋੜ੍ਹਾ ਬਹੁਤ ਇਹਨਾਂ ਦਾ ਫੁਰਨਾ ਬਣਿਆ ਰਹਿਣਾ ਤੇ ਬਾਹਰੋਂ ਬਿਲਕੁਲ ਤਿਆਗ ਕਰ ਦੇਣਾ, ਇਸਦਾ ਨਾਮ ਏਕ ਇੰਦ੍ਰੈ ਵੈਰਾਗ ਹੈ।

[**ਵਸੀਕਾਰ :**] ਹੁਣ ਚੌਥੇ ਵਸੀਕਾਰ ਵੈਰਾਗ ਦਾ ਰੂਪ ਦੱਸਣਗੇ :

## ਵਸੀਕਾਰ ਕੋ; ਸੁਨਿ ਇਸ ਬੇਰੇ।

ਇਸ ਬੇਰੇ = ਵੇਲੇ ਹੁਣ ਵਸੀਕਾਰ ਵੈਰਾਗ ਕੋ = ਦਾ ਵਿਚਾਰ ਸੁਣ ਲਉ।

## ਬਿਸ਼ੈ ਭੋਗ; ਜੁਗ ਲੋਕਨਿ ਕੇਰੇ ॥੪੮॥

ਜਿਹੜੇ ਜੁਗ = ਦੋਹਾਂ ਲੋਕਨਿ = ਲੋਕਾਂ ਕੇਰੇ = ਦੇ ਭੋਗ ਪਦਾਰਥਾਂ ਦੇ ਬਿਸ਼ੈ = ਵਿਸ਼ੇ ਹਨ ॥੪੮॥

## ਸ਼ਬਦ, ਸਪਰਸ਼, ਰੂਪ, ਰਸ, ਗੰਧ।

ਸ਼ਬਦ ਕੰਨਾਂ ਦਾ ਵਿਸ਼ਾ, ਸਪਰਸ਼ ਚਮੜੀ ਦਾ ਵਿਸ਼ਾ, ਰੂਪ ਅੱਖਾਂ ਦਾ ਵਿਸ਼ਾ, ਰਸ ਰਸਨਾ ਦਾ ਵਿਸ਼ਾ, ਗੰਧ ਨਾਸਿਕਾ ਦਾ ਵਿਸ਼ਾ, ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ ਜੋ ਪੰਜੇ ਵਿਸ਼ੇ ਹਨ।

## ਇਨ ਤੇ; ਛੂਟਿ ਗਯੋ ਮਨ ਬੰਧ।

ਜਦੋਂ ਇਨ = ਇਹਨਾਂ ਪੰਜਾਂ ਤੇ = ਤੋਂ ਮਨ ਦਾ ਬੰਧ = ਸੰਬੰਧ ਛੂਟਿ = ਛੁਟ ਗਯੋ = ਗਿਆ।

## ਬਾਇਸ ਵਿਸ਼ਟਾ ਸਮ; ਸਭਿ ਬਿਸ਼ੇ।

ਬਾਇਸ = ਕਾਂ ਦੀ ਵਿਸ਼ਟਾ = ਬਿੱਠ (ਗੰਦਗੀ) ਦੇ ਸਮ = ਬਰਾਬਰ ਸਭਿ = ਸਾਰੇ ਵਿਸ਼ੇ ਭੈੜੇ ਲੱਗਣ ਲੱਗ ਜਾਣ, ਉਹਨਾਂ ਤੋਂ ਨਫ਼ਰਤ, ਗਿਲਾਨੀ ਹੋ ਜਾਵੇ। ਜਾਂ ਫੇਰ :

## ਬਮਨ ਸਹਸ; ਨਹਿਂ ਭਾਵਤਿ ਜਿਸੇ ॥੪੯॥

ਕਿਸੇ ਪੁਰਸ਼ ਦੀ ਬਮਨ = ਉਲਟੀ ਕੀਤੀ ਹੋਵੇ ਜਿਵੇਂ ਉਹ ਮਾੜੀ ਲੱਗਦੀ ਹੈ, ਉਸ ਦੇ ਸਰਸ = ਬਰਾਬਰ

ਵਿਸ਼ੇ ਭਾਵਤਿ = ਚੰਗੇ ਨਾ ਲੱਗਣ ਬਲਕਿ ਨਫ਼ਰਤ ਹੋਵੇ, ਕਾਂ ਦਾ ਵਿਸ਼ਟਾ ਮਨੁੱਖਾਂ ਦੀ ਗੰਦਗੀ ਤੋਂ ਅੱਗੇ ਗੰਦਗੀ ਬਣੀ ਹੁੰਦੀ ਹੈ ਅਤੇ ਉਲਟੀ ਕੀਤੀ ਹੋਈ ਵੀ ਗੰਦਗੀ ਦੇ ਸਮਾਨ ਹੋ ਜਾਂਦੀ ਹੈ, ਕਾਂ ਦੀ ਗੰਦਗੀ ਤੇ ਉਲਟੀ ਦਾ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ ਕਿ ਇਸ ਤਰ੍ਹਾਂ ਵਿਸ਼ਿਆਂ ਤੋਂ ਨਫ਼ਰਤ ਹੋ ਜਾਵੇ ॥੪੯॥

## ਅਸ ਵੈਰਾਗ; ਸੰਗ ਮਨ ਜੀਤ।

ਐਸਾ ਜਿਹੜਾ ਚੌਥਾ ਵਸੀਕਾਰ ਵੈਰਾਗ ਹੈ ਅਰ ਸਭ ਤੋਂ ਉੱਤਮ ਹੈ, ਇਸ ਸੰਗ = ਨਾਲ ਮਨ ਜੀਤ = ਜਿੱਤ ਲਈਦਾ ਹੈ।

## ਗਹੇ ਸਥਿਰਤਾ; ਆਤਮ ਨੀਤ।

ਫਿਰ ਆਪਣੇ ਆਤਮਿਕ ਸਰੂਪ ਵਿਚ ਨੀਤ = ਹਮੇਸ਼ਾ ਸਥਿਰਤਾ = ਟਿਕਾਅ ਗਹੇ = ਗ੍ਰਹਿਣ ਕਰ ਲੈਂਦਾ ਹੈ। ਜਦੋਂ ਐਸਾ ਵੈਰਾਗ ਪ੍ਰਾਪਤ ਕਰਕੇ ਆਪਣੀ ਆਤਮਾ ਵਿਚ ਸਥਿਰਤਾ ਪਾ ਲੈਂਦਾ ਹੈ ਭਾਵ ਟਿਕਾ ਪਾ ਲੈਂਦਾ ਹੈ ਮਨ ਵਿਸ਼ਿਆਂ ਨੂੰ ਜਿੱਤ ਲੈਂਦਾ ਹੈ, ਫਿਰ :

## ਬ੍ਰਹਮ ਗਯਾਨ; ਸੂਰਜ ਕੇ ਸੰਗ॥

ਬ੍ਰਹਮ ਗਿਆਨ ਰੂਪ ਸੂਰਜ ਦੇ ਨਾਲ, ਐਸੀ ਸ਼ਕਤੀ ਗਿਆਨ ਦੇ ਚਾਨਣੇ ਦੀ ਮਿਲ ਜਾਂਦੀ ਹੈ, ਜਿਸ ਨਾਲ :

## ਤਮ ਅੱਗਯਾਨ; ਸਕਲ ਦੇ ਭੰਗ॥੫੦॥

ਸਕਲ = ਸਾਰੇ ਅਗਯਾਨਤਾ ਦੇ ਤਮ = ਅੰਧੇਰੇ ਨੂੰ ਭੰਗ = ਨਾਸ਼ ਕਰ ਲਈਦਾ ਹੈ। ਕਿਉਂਕਿ ਜਿਵੇਂ ਸੂਰਜ ਦਾ ਚਾਨਣਾ ਅੰਧੇਰੇ ਨੂੰ ਨਾਸ਼ ਕਰ ਦੇਂਦਾ ਹੈ। ਇਸੇ ਤਰ੍ਹਾਂ ਬ੍ਰਹਮ ਗਯਾਨ ਦਾ ਸੂਰਜ ਅਗਯਾਨਤਾ ਦੇ ਅੰਧੇਰੇ ਨੂੰ ਨਾਸ਼ ਕਰ ਦੇਂਦਾ ਹੈ ॥੫੦॥

ਇਸ ਥਾਂ ਵੈਰਾਗ ਦੀ ਗੱਲ ਸਮਾਪਤ ਹੁੰਦੀ ਹੈ, ਜੋ ਵੈਰਾਗ ਉਪਰੋਕਤ ਵੀਚਾਰ ਵਿਚ ਚਾਰ ਪ੍ਰਕਾਰ ਦਾ ਲਿਖਿਆ ਆਇਆ ਹੈ, ਉਸ ਦੀ ਸਮਾਪਤੀ 'ਤੇ ਜੋ ਵੈਰਾਗ ਦੀਆਂ ਹੋਰ ਕਿਸਮਾਂ ਸੰਪ੍ਰਦਾਯ ਵਿਚ ਮੰਨੀਆਂ ਹਨ ਜਾਣਕਾਰੀ ਹਿਤ ਦੇਂਦੇ ਹਾਂ ਪਿੱਛੇ ਕਿਹਾ ਸੀ ਵੈਰਾਗ ਦੀਆਂ ਬਾਕੀ ਕਿਸਮਾਂ ਬਾਰੇ ਅੱਗੇ ਲਿਖਾਂਗੇ ਉਹ ਲਿਖ ਰਹੇ ਹਾਂ। ਬਹੁਤ ਸਾਰੇ ਗ੍ਰੰਥਾਂ ਵਿਚ ਵੈਰਾਗ ਦੀਆਂ ਸੱਤ ਕਿਸਮਾਂ ਲਿਖੀਆਂ ਹੋਈਆਂ ਮਿਲਦੀਆਂ ਹਨ। ਪਰ ਸੰਪ੍ਰਦਾ ਦਮਦਮੀ ਟਕਸਾਲ ਦੇ ਵਿਚ ਸੰਤ ਗਿਆਨੀ ਸੁੰਦਰ ਸਿੰਘ ਜੀ ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਮਹਾਪੁਰਖਾਂ ਨੇ ਨੌਂ ਕਿਸਮ ਦਾ ਵੈਰਾਗ ਸਿੱਧ ਕੀਤਾ ਹੈ ਜਿਵੇਂ ਰਤਨਾਂ ਦੀ ਗਿਣਤੀ ਨੌਂ ਹੈ ਜਿਸ ਨੂੰ ਨਵਰਤਨੇ ਕਿਹਾ ਜਾਂਦਾ ਹੈ ਵੈਰਾਗ ਦੀ ਤੁਲਨਾ ਰਤਨਾਂ ਨਾਲ ਕੀਤੀ ਜਾਂਦੀ ਹੈ ਫਿਰ ਕਿਸਮਾਂ 'ਤੇ ਫ਼ਰਕ ਪੈਂਦਾ ਸੀ, ਨੌਂ ਕਿਸਮਾਂ ਸਿੱਧ ਹੋਣ ਦੇ ਨਾਲ ਪ੍ਰਮਾਣ ਸਹੀ ਢੁੱਕ ਜਾਂਦਾ ਹੈ ਇਸ ਲਈ ਹੁਣ ਉਨ੍ਹਾਂ ਨੌਂ ਕਿਸਮ ਦੇ ਵੈਰਾਗ ਦਾ ਵੇਰਵਾ ਦੇਂਦੇ ਹਾਂ।

### ਵੈਰਾਗ ਦੀਆਂ ਨੌਂ ਕਿਸਮਾਂ :

**੧. ਕਾਰਨ ਵੈਰਾਗ** : ਕਾਰਨ ਵੈਰਾਗ ਦਾ ਸਰੂਪ ਭਰਥਰੀ ਜੀ ਦੇ ਜੀਵਨ ਵਿੱਚੋਂ ਮਿਲਦਾ ਹੈ। ਪਿੰਗਲਾ ਰਾਣੀ ਦੀ ਬੇਵਫ਼ਾਈ ਦੇਖ ਕੇ, ਜਿਸ ਨੂੰ ਇਹ ਬਹੁਤ ਪਿਆਰ ਕਰਦਾ ਸੀ, ਉਸ ਨੇ ਰਥਵਾਨ ਦੇ ਨਾਲ ਸਰੀਰਕ

ਸੰਬੰਧ ਕਾਇਮ ਕਰ ਲਏ ਸਨ। ਭਰਥਰੀ ਨੇ ਸਭ ਕੁਝ ਤਿਆਗ ਕੇ ਵੈਰਾਗ ਧਾਰਨ ਕਰ ਲਿਆ। ਗੋਰਖ ਨਾਥ ਦੀ ਸ਼ਰਨ ਗ੍ਰਹਿਣ ਕਰਕੇ ਯੋਗ ਧਾਰਨ ਕਰ ਲਿਆ। ਇਸ ਦਾ ਨਾਮ ਕਾਰਨ ਵੈਰਾਗ ਹੈ। ਜੈਸਾ ਕਿ :

**ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥੧੩॥**

*(ਮਾਰੂ ਸੋਲਹੇ ਮ: ੧, ਅੰਗ ੧੦੩੦)*

**ਸ੍ਵੈਯਾ ॥ ਜਿਨ ਕੋ ਨਿਤ ਮੈਂ ਚਿਤ ਮੈਂ ਚਿਤ ਮੋ ਤਿਨ ਕੀ ਰਤਿ ਮੋ ਤਨ ਮਾਂਹਿ ਰਤੀ ਨਾ ॥**
**ਵਹੁ ਆਨ ਪੁਮਾਨ ਕੇ ਸੰਗਿ ਰਤੀ ਪੁਨ ਤਾ ਮਨ ਮੈ ਗਨਕਾ ਗ੍ਰਹ ਕੀਨਾ ॥**
**ਧਿਕ ਹੈ ਅਬਲਾ ਭ੍ਰਿਤ ਕੰਦ੍ਰਪ ਪੈ ਅਰੁ ਮੋਹਿ ਧ੍ਰਿੱਕਾਰ ਜੋ ਮਾਰ ਅਧੀਨਾ ॥**
**ਇਸ ਰੀਤ ਸਮੂਹ ਕੀ ਪ੍ਰੀਤਿ ਤਜੀ ਨ੍ਰਿਪ ਹੋਇ ਜੋਗੀਸ਼ਰ ਈਸ਼੍ਵਰ ਚੀਨਾ ॥੧੩॥**

*(ਵੈਰਾਗ ਸ਼ਤਕ)*

੨. **ਮੰਦ ਵੈਰਾਗ :** ਮੰਦ ਵੈਰਾਗ ਇਸ ਪ੍ਰਕਾਰ ਹੈ :

**ਨਾਰ ਮਰੈ ਘਰ ਸੰਪਤ ਨਾਸੀ ॥ ਮੂਡ ਮੁਡਾਏ ਭਏ ਸੰਨਿਆਸੀ ॥** *(ਤੁਲਸੀ ਰਮਾਇਣ)*

ਇਸਤਰੀ ਮਰ ਗਈ, ਘਰ ਦੀ ਸੰਪਤੀ, ਬਿਭੂਤੀ ਨਾਸ ਹੋ ਗਈ। ਕੋਈ ਪਦਾਰਥ ਨਾ ਰਿਹਾ। ਸੋਚਣ ਲੱਗ ਪਿਆ ਕਿ ਕੀ ਹੈ ? ਜਗਤ ਮਿਥਿਆ ਹੈ, ਸਭ ਕੁਝ ਨਾਸ਼ਵੰਤ ਹੈ। ਇਹ ਕਹਿ ਕੇ ਸਭ ਕੁਝ ਛੱਡ ਦਿੱਤਾ। ਪਦਾਰਥ ਦੀ ਥੋੜ ਕਾਰਨ ਵੈਰਾਗੀ ਹੋ ਗਿਆ। ਇਸ ਦਾ ਨਾਮ ਮੰਦ ਵੈਰਾਗ ਹੈ। ਇਸ ਦੀ ਬਾਬਤ ਸਤਿਪੁਰਸ਼ਾਂ ਦਾ ਕਥਨ ਹੈ :

**ਆਇਆ ਬੁਲਾ ਪਉਣ ਦਾ, ਚੜ੍ਹਿਆ ਕਖ ਅਕਾਸ।**
**ਢਹਿੰਦਾ ਢਹਿੰਦਾ ਢਹਿ ਪਿਆ ਕਖ ਕਖਾਂ ਦੇ ਪਾਸ।** *(ਲੌਕਿਕ ਪ੍ਰਮਾਣ)*

ਜਿਵੇਂ ਪਉਣ ਦੇ ਬੁੱਲ੍ਹੇ ਨਾਲ ਕੱਖ ਉੱਡ ਕੇ ਅਕਾਸ਼ ਨੂੰ ਚੜ੍ਹ ਜਾਂਦਾ ਹੈ ਪਰ ਜਿਸ ਵੇਲੇ ਹਵਾ ਦੀ ਗੰਢ ਖੁੱਲ੍ਹ ਗਈ, ਉਸ ਵੇਲੇ ਕੱਖ ਉਸੇ ਤਰ੍ਹਾਂ ਧਰਤੀ 'ਤੇ ਆ ਡਿੱਗਦਾ ਹੈ। ਇਸੇ ਰੀਤ ਅਨੁਸਾਰ ਇਸਤਰੀ ਦੇ ਮਰਨ 'ਤੇ ਧਨ ਨਾਸ਼ ਹੋਣ ਤੋਂ ਤਿਆਗੀ ਬਣ ਬੈਠਾ। ਇਹ ਵੈਰਾਗ ਹਿਰਦੇ ਰੂਪੀ ਅਕਾਸ਼ ਵਿਚ ਚੜ੍ਹਿਆ ਤੇ ਮਗਰੋਂ ਜਿਥੇ ਵਿਸ਼ੇ ਸੁਖ ਜਾਂ ਪਦਾਰਥ ਪ੍ਰਾਪਤ ਹੋਇਆ, ਉਥੇ ਹੀ ਬਿਰਤੀ ਡਿੱਗ ਜਾਂਦੀ ਹੈ। ਜੈਸਾ ਕਿ :

**ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ ॥**
**ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥** *(ਗਉੜੀ ਕੀ ਵਾਰ ਮ: ੫, ਅੰਗ ੩੨੨)*

ਇਉਂ ਇਕ ਇਸਤਰੀ ਛੱਡ ਕੇ ਸੌ ਸੌ ਚੇਲੀ ਬਣਾ ਲੈਣੀ। ਇਕ ਟੁੱਟਾ ਜਿਹਾ ਘਰ ਛੱਡ ਕੇ ਕਈ ਕਈ ਪੱਕੇ ਡੇਰੇ ਬਣਾ ਲੈਣੇ। ਇਹ ਮੰਦ ਵੈਰਾਗ ਦਾ ਹਾਲ ਹੈ। ਮੰਦ ਵੈਰਾਗੀ ਨੂੰ ਘਰ ਬਾਰ ਨਹੀਂ ਤਿਆਗਣਾ ਚਾਹੀਦਾ।

੩. **ਏਕ ਇੰਦ੍ਰੇ ਵੈਰਾਗ :** ਮਨ ਤੇ ਇੰਦ੍ਰਿਆਂ ਦਾ ਹਰਿਆਇ ਪਸ਼ੂ ਵਾਂਗ ਹਰ ਸਮੇਂ ਵਿਕਾਰਾਂ ਵਿਚ ਡੋਲਦੇ ਰਹਿਣਾ, ਪਰ ਕੁਕਰਮਾਂ ਤੋਂ ਪਾਪਾਂ ਤੋਂ ਸਰੀਰ ਬਚਾ ਕੇ ਰੱਖਣਾ। ਜੈਸਾ ਕਿ :

**ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ॥** *(ਮਾਰੂ ਮਹਲਾ ੫, ਅੰਗ ੧੦੦੩)*

ਸੋ ਇਸ ਦਾ ਨਾਮ ਏਕ ਇੰਦ੍ਰੈ ਵੈਰਾਗ ਹੈ।

੪. **ਯਤਮਾਨ ਵੈਰਾਗ :** ਸੱਚ ਤੇ ਝੂਠ ਦਾ ਨਿਰਣਾ। ਸੱਚ ਵਸਤੂ ਦਾ ਗ੍ਰਹਿਣ ਅਤੇ ਝੂਠ ਦਾ ਤਿਆਗ ਕਰਨਾ। ਗੁਰਬਾਣੀ ਵਿਚ ਇਸ ਦਾ ਸਰੂਪ ਭਗਤ ਕਬੀਰ ਜੀ ਕਥਨ ਕਰਦੇ ਹਨ :

**ਕਹਤ ਕਬੀਰ ਚੇਤਿ ਰੇ ਅੰਧਾ ॥ ਸਤਿ ਰਾਮੁ ਝੂਠਾ ਸਭੁ ਧੰਧਾ ॥** *(ਗਉੜੀ ਕਬੀਰ ਜੀ, ਅੰਗ ੩੨੯)*

ਇਸ ਦਾ ਨਾਮ ਯਤਮਾਨ ਵੈਰਾਗ ਹੈ।

**੫. ਵਿਤ੍ਰੇਕ ਵੈਰਾਗ :** ਅੰਦਰ ਇਹ ਵਿਚਾਰ ਫੁਰਨੀ ਕਿ ਮੈਂ ਇਤਨੀ ਦੇਰ ਦਾ ਸਤਿਸੰਗਤ, ਭਜਨ, ਸਿਮਰਨ ਕਰ ਰਿਹਾ ਹਾਂ, ਮੇਰੇ ਅੰਦਰੋਂ ਕਿੰਨੇ ਕੁ ਵਿਕਾਰ ਨਾਸ਼ ਹੋਏ ਹਨ ਅਤੇ ਕਿੰਨੇ ਕੁ ਸ਼ੁਭ ਗੁਣ ਆ ਗਏ ਹਨ। ਇਸ ਪ੍ਰਕਾਰ ਕਰਕੇ ਔਗੁਣਾਂ ਦਾ ਤਿਆਗ ਕਰਨਾ ਅਤੇ ਸ਼ੁਭ ਗੁਣਾਂ ਦੇ ਧਾਰਨੀ ਹੋਣਾ। ਇਸ ਦਾ ਸਰੂਪ ਗੁਰਬਾਣੀ ਵਿਚ ਇਉਂ ਹੈ :

**ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥** *(ਸਲੋਕ ਮ: ੨, ਅੰਗ ੧੪੬)*

ਇਹ ਵਿਤ੍ਰੇਕ ਵੈਰਾਗ ਹੈ।

**੬. ਵਸੀਕਾਰ ਵੈਰਾਗ :** ਮਨ ਤੇ ਇੰਦ੍ਰਿਆਂ ਨੂੰ ਰੋਕ ਲੈਣਾ। ਮਨ ਵਾਸ਼ਨਾ ਵੱਲੋਂ ਰੋਕ ਲੈਣਾ ਤੇ ਇੰਦ੍ਰੇ ਵਿਸ਼ਿਆਂ ਵੱਲੋਂ ਰੋਕ ਲੈਣੇ। ਇਸ ਦਾ ਸਰੂਪ ਗੁਰਬਾਣੀ ਇਸ ਪ੍ਰਕਾਰ ਹੈ :

**ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥** *(ਗਉੜੀ ਸੁਖਮਨੀ ਮ: ੫, ਅੰਗ ੨੭੪)*

**ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥** *(ਸਲੋਕ ਮ: ੩, ਅੰਗ ੮੭)*

**੭. ਤੀਬਰ ਵੈਰਾਗ :** ਸੰਸਾਰ ਦੇ ਸੁਖ ਰਾਜ ਸਮੱਗਰੀ ਤਕ ਦੀ ਇੱਛਾ ਨਾਸ਼ ਹੋ ਕੇ ਇਕ ਵਾਹਿਗੁਰੂ ਦੀ ਪ੍ਰਾਪਤੀ ਲਈ ਵੈਰਾਗ ਸਹਿਤ ਰਹਿਣਾ ਕਿ ਹੇ ਵਾਹਿਗੁਰੂ ਜੀ! ਮੈਨੂੰ ਰਾਜ ਅਤੇ ਵਿਸ਼ੇ ਸੁਖ ਪ੍ਰਾਪਤ ਨਾ ਹੋਣ। ਮੈਂ ਇਨ੍ਹਾਂ ਵਿਚ ਖਚਤ ਨਾ ਹੋਵਾਂ। ਜੈਸਾ ਕਿ :

**ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥** *(ਜੈਤਸਰੀ ਕੀ ਵਾਰ ਮ: ੫, ਅੰਗ ੭੦੯)*

**੮. ਤਰ ਤੀਬਰ ਵੈਰਾਗ :** ਸਵਰਗ ਲੋਕਾਂ ਦੇ ਭੋਗਾਂ ਦਾ ਤਿਆਗ ਜਿਵੇਂ ਸਵਰਗ ਦੀ ਪ੍ਰਾਪਤੀ ਲਈ ਯੱਗ ਆਦਿਕ ਕਰਮ ਕਰਦੇ ਹਨ ਕਿ ਸਾਨੂੰ ਇੰਦ੍ਰ ਪਦਵੀ ਪ੍ਰਾਪਤ ਹੋ ਜਾਵੇ। ਇਸ ਢੰਗ ਦੇ ਦਿੱਬ ਭੋਗਾਂ ਦੀ ਪ੍ਰਾਪਤੀ ਵਾਸਤੇ ਕੋਈ ਯੱਗ ਆਦਿਕ ਕਰਨ ਦੀ ਇੱਛਾ ਨਾ ਕਰਨੀ। ਇਸ 'ਤੇ ਭਾਈ ਤਿਲਕੂ ਜੀ ਦੀ ਸਾਖੀ ਢੁੱਕਦੀ ਹੈ ਕਿ ਜਿਸ ਨੇ ਮਹੇਸ਼ੇ ਜੋਗੀ ਦੇ ਸਵਰਗ ਸੁਖ ਦਾ ਤਿਆਗ ਕਰ ਕੇ ਗੁਰੂ 'ਤੇ ਦ੍ਰਿੜ੍ਹ ਨਿਸ਼ਚਾ ਰੱਖਿਆ ਸੀ ਤੇ ਕਿਹਾ ਸੀ ਕਿ ਮੈਨੂੰ ਸਵਰਗ ਦੀ ਲੋੜ ਨਹੀਂ ਹੈ। ਜੈਸਾ ਕਿ :

**ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥**
**ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥** *(ਸਲੋਕ ਕਬੀਰ ਜੀ, ਅੰਗ ੧੩੭੦)*

**੯. ਤਰ ਤੀਬਰ ਤਰ ਤਮ ਵੈਰਾਗ :** ਜਿਵੇਂ ਕਾਂ ਦੀ ਵਿੱਠ ਜੋ ਵਿਸ਼ਟਾ ਦਾ ਵੀ ਵਿਸ਼ਟਾ ਹੈ, ਇਸ ਤਰੀਕੇ ਨਾਲ ਇਸ ਲੋਕ ਤੋਂ ਲੈ ਕੇ ਬ੍ਰਹਮ ਲੋਕ ਤੱਕ ਦੇ ਸਾਰੇ ਪਦਾਰਥਾਂ, ਭੋਗਾਂ ਨੂੰ ਕਾਂ ਦੀ ਵਿੱਠ ਸਮਾਨ ਸਮਝਣਾ। ਇਸ ਨੂੰ ਤਰਤੀਬਰ ਤਰ ਤਮ ਵੈਰਾਗ ਕਹਿੰਦੇ ਹਨ ਕਾਂ ਦੀ ਗੰਦਗੀ ਨੂੰ ਖਾਣਾ ਤਾਂ ਇਕ ਪਾਸੇ ਰਿਹਾ, ਕੋਈ ਦੇਖਣਾ ਵੀ ਨਹੀਂ ਚਾਹੁੰਦਾ। ਇਸ ਪ੍ਰਕਾਰ ਦੀ ਨਫ਼ਰਤ ਹੋ ਜਾਣੀ।

**ਬ੍ਰਹਮਾ ਇੰਦ੍ਰ ਆਦਿ ਲੌ ਹੋਤ ਦੇਹ ਧਰ ਭੋਗ ॥**
**ਕਾਕ ਬਿਸਟ ਸਮ ਜੇ ਗਨੇ ਬੀਤ ਰਾਗ ਤੇ ਲੋਗ ॥੧੪॥** *(ਅਧਿਆਤਮ ਪ੍ਰਕਾਸ਼)*

ਇਹ ਨੌਂ ਪ੍ਰਕਾਰ ਦਾ ਵੈਰਾਗ ਹੈ, ਤੇ ਹੋਰ ਵੀ ਤਿੰਨ ਪ੍ਰਕਾਰ ਦਾ ਵੈਰਾਗ ਗ੍ਰੰਥਾਂ ਵਿਚ ਲਿਖਿਆ ਮਿਲਦਾ ਹੈ। ਗਧਾ ਵੈਰਾਗ, ਘੋੜਾ ਵੈਰਾਗ, ਸ਼ੇਰ ਵੈਰਾਗ।

**੧. ਗਧਾ ਵੈਰਾਗ :** ਇਕ ਵਾਰ ਮਨ ਇਹੋ ਜਿਹਾ ਹੋ ਜਾਣਾ ਕਿ ਗ੍ਰਿਹਸਤ ਇਕ ਬੰਧਨ ਹੈ, ਨਾਸ਼ਵਾਨ ਹੈ, ਇਸ ਤੋਂ ਕੀ ਲੈਣਾ ਹੈ, ਇਹ ਸੋਚ ਕੇ ਘਰ-ਬਾਰ ਤਿਆਗ ਦੇਣਾ ਪਰ ਛੇਤੀ ਹੀ ਵਿਕਾਰਾਂ ਦੇ ਗ੍ਰਸੇ ਹੋਏ

ਨੇ ਖ਼ੁਆਰ ਹੋ ਕੇ ਮੁੜ ਆਉਣਾ ਤੇ ਫਿਰ ਵਿਕਾਰਾਂ ਵਿਚ ਫਸ ਜਾਣਾ। ਜਿਵੇਂ ਖੋਤਾ, ਘੁਮਿਆਰ ਦੇ ਘਰੋਂ ਬਾਹਰ ਚਲਾ ਜਾਂਦਾ ਹੈ ਤੇ ਰੂੜੀਆਂ 'ਤੇ ਤੁਰ ਫਿਰ ਕੇ ਫਿਰ ਵਾਪਸ ਆਪਣੇ ਘਰ ਆ ਜਾਂਦਾ ਹੈ।

**੨. ਘੋੜਾ ਵੈਰਾਗ** : ਉਪਰਾਮ ਹੋ ਕੇ ਘਰ ਛੱਡ ਦੇਣਾ ਪਰ ਜਦੋਂ ਭੈਣ, ਭਰਾ, ਸੰਬੰਧੀ ਆ ਕੇ ਕਹਿਣ ਕਿ ਘਰ ਕਿਉਂ ਛੱਡਦਾ ਹੈਂ ? ਘਰ ਬੈਠ ਕੇ ਭਜਨ ਕਰ, ਘਰ ਦਾ ਵੀ ਖ਼ਿਆਲ ਰੱਖ ਤੇ ਉਹਨਾਂ ਦੇ ਕਹਿਣ 'ਤੇ ਵਾਪਸ ਮੁੜ ਆਉਣਾ। ਜਿਵੇਂ ਘੋੜਾ ਕਿੱਲੇ ਤੋਂ ਖੁੱਲ੍ਹ ਜਾਵੇ, ਫਿਰ ਉਸ ਨੂੰ ਘੇਰ ਕੇ ਉਸੇ ਹੀ ਘਰ ਵਿਚ ਲਿਆ ਕੇ ਬੰਨ੍ਹ ਲਈਦਾ ਹੈ। ਫਿਰ ਉਸ 'ਤੇ ਕਾਠੀ ਪਾ ਲਈਦੀ ਹੈ। ਇਸ ਪ੍ਰਕਾਰ ਘੋੜੇ ਦੀ ਤਰ੍ਹਾਂ ਉੱਦਮ ਕਰ ਕੇ ਸੰਬੰਧੀਆਂ ਨੇ ਮੋੜ ਕੇ ਪਰਿਵਾਰ ਵਿਚ ਲੈ ਆਉਣਾ ਅਤੇ ਕੰਮਾਂ ਵਿੱਚ ਖੱਚਤ ਕਰਾ ਦੇਣਾ।

**੩. ਸ਼ੇਰ ਵੈਰਾਗ** : ਜਿਵੇਂ ਸ਼ੇਰ ਇਕ ਵਾਰੀ ਪਿੰਜਰਾ ਤੋੜ ਕੇ ਨਿਕਲ ਜਾਵੇ। ਗਧਾ ਆਪਣੇ ਆਪ ਮੁੜ ਆਉਂਦਾ ਹੈ, ਘੋੜਾ ਜਾ ਕੇ ਲਿਆਉਣਾ ਪੈਂਦਾ ਹੈ ਪਰ ਸ਼ੇਰ ਇਕ ਵਾਰੀ ਨਿਕਲ ਗਿਆ ਤਾਂ ਫਿਰ ਮੁੜਦਾ ਨਹੀਂ। ਇਸ ਪ੍ਰਕਾਰ ਇਕ ਵਾਰ ਘਰ ਛੱਡ ਕੇ ਨਿਕਲਣਾ, ਫੇਰ ਸੰਬੰਧੀਆਂ ਦਾ ਮੋਹ ਨਹੀਂ ਕਰਨਾ ਅਥਵਾ ਇਕ ਵਾਰੀ ਦੇਹ ਅਭਿਮਾਨ ਰੂਪ ਪਿੰਜਰਾ ਤੋੜ ਕੇ ਫਿਰ ਇਸ ਦੇਹ ਦਾ ਮੋਹ ਨਾ ਕਰਨਾ। ਇਉਂ ਤਿੰਨ ਪ੍ਰਕਾਰ ਦਾ ਵੈਰਾਗ ਵਿਦਵਾਨਾਂ ਨੇ ਕਿਹਾ ਹੈ। ਸੋ ਇਥੇ ਨੌਂ ਪ੍ਰਕਾਰ ਤੇ ਤਿੰਨ ਪ੍ਰਕਾਰ ਦਾ ਹੋਰ ਵੈਰਾਗ ਲਿਖ ਕੇ ਗੱਲ ਸਮਾਪਤ ਕੀਤੀ ਹੈ, ਮੰਨਨ ਗਿਆਨ ਦੇ ਨਾਲ ਮਨ ਦੀਆਂ ਪੰਜ ਬਿਰਤੀਆਂ ਦੀ ਅਤੇ ਇਸਥਿਤੀ ਆਦਿ ਦੀ ਵਿਆਖਿਆ ਕਰਕੇ ਇਥੇ ਸਮਾਪਤੀ ਕੀਤੀ ਹੈ। ਇਸ ਤੋਂ ਅਗਲੇ ਅਧਿਆਇ ਵਿਚ ਨਿਧਿਆਸਣ ਦੀ ਗੱਲ ਕਰਨਗੇ।

## ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ; 'ਗਿਆਨ ਨਿਰਨੈ' ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋ ਅੰਸੂ ॥੪੭॥

ਸ੍ਰੀ ਗੁਰ ਪ੍ਰਤਾਪ ਸੂਰਜ ਨਾਮੇ ਗ੍ਰਿੰਥੇ = ਗ੍ਰੰਥ ਦੀ ਪੰਚਮ = ਪੰਜਵੀਂ ਰੁੱਤ ਦੇ ਸੈਂਤਾਲੀਸਮੋ = ਸੰਤਾਲੀ ਨਾਮ ਵਾਲੇ ਅੰਸੂ = ਅਧਿਆਇ ਦੀ ਇਤਿ = ਸਮਾਪਤੀ ਹੋਈ ਹੈ, ਜਿਸ ਵਿਚ ਬ੍ਰਹਮ ਗਿਆਨ ਦੇ ਸ਼੍ਰਵਣ, ਮੰਨਨ ਦੋ ਸਾਧਨਾਂ ਦਾ ਨਿਰਨਾ ਕਰਕੇ ਪ੍ਰਸੰਗ ਦਾ ਬਰਨਨੰ = ਵਰਣਨ ਕੀਤਾ ਹੈ॥੪੭॥

# ਰੁਤਿ ੫ ਅੰਸੂ ੪੮

**(ਬ੍ਰਹਮ ਗਿਆਨ ਉਪਦੇਸ਼)**

## ਨਿੱਧਯਾਸਨ

ਜੋ ਮੰਨਣ ਦੀ ਪ੍ਰਪੱਕ ਅਵਸਥਾ ਹੈ ਉਹ ਨਿੱਧਯਾਸਨ ਹੈ **ਵਾ:** (ਨਿਧ+ਆਸਣ) ਨਿਧ = ਖ਼ਜ਼ਾਨਾ ਆਸਣ = ਟਿਕਣਾ ਭਾਵ ਜਿਥੇ ਸ਼੍ਰਵਣ, ਮੰਨਨ ਤੋਂ ਬਾਅਦ ਮਨ ਦਾ ਬਰਾਬਰ ਟਿੱਕ ਜਾਣਾ, ਇਸ ਪ੍ਰਪੱਕ ਅਵਸਥਾ ਦੇ ਟਿਕਾਅ ਦੇ ਖ਼ਜ਼ਾਨੇ ਨੂੰ ਨਿਧਿਆਸਣ ਕਿਹਾ ਜਾਂਦਾ ਹੈ। ਹੁਣ ਇਸਦੇ ਬਾਰੇ ਦੱਸਦੇ ਹਨ, ਪਿੱਛਲੇ ਅਧਿਆਇ ਦੇ ਦੂਸਰੇ ਪਦ ਵਿਚ ਇਹ ਕਿਹਾ ਸੀ ਕਿ ਬ੍ਰਹਮ ਗਿਆਨ ਚਾਰ ਪ੍ਰਕਾਰ ਦਾ ਹੈ ੧. ਸ਼੍ਰਵਣ, ੨. ਮੰਨਣ, ੩. ਨਿੱਧਯਾਸਨ, ੪. ਸਾਖਿਆਤਾਕਰ ਜਿਸਨੂੰ ਪ੍ਰਾਪਤ ਕਰਕੇ ਜੰਮਣ ਮਰਨ ਦੇ ਵਿੱਚ ਨਹੀਂ ਪੈਂਦਾ। ਜੈਸਾ ਕਿ :

> **ਚਾਰ ਪ੍ਰਕਾਰ ਅਹੈ ਬ੍ਰਹਮ ਗਯਾਨ। ਸ਼੍ਰਵਣ, ਮਨਨ, ਨਿੱਧਯਾਸਨ ਜਾਨ।**
> **ਚੌਥੇ ਸਾਖਯਾਤ ਗੁਰ ਕਹੈਂ। ਜਿਸ ਕੋ ਪਾਇ ਨ ਜਗ ਮਹਿਂ ਬਹੈ ॥੨॥** *(ਅਧਿ: ੪੭)*

ਇਸ ਕਥਨ ਅਨੁਸਾਰ ੧. ਸ਼੍ਰਵਣ ਗਿਆਨ ਅਤੇ ੨. ਮਨਨ ਗਿਆਨ ਦੋ ਪ੍ਰਕਾਰ ਦਾ ਪਿੱਛਲੇ ਅਧਿਆਇ ਵਿਚ ਕਥਨ ਕਰਕੇ ਹੁਣ ਇਸ ਅਧਿਆਇ ਵਿਚ ਨਿਧਿਆਸਣ ਗਿਆਨ ਦੀ ਵਿਚਾਰ ਕਥਨ ਕਰਨ ਲੱਗੇ ਹਨ :

### ਦੋਹਰਾ ॥ ਕਰਤਿ ਮਨਨ ਨੀਕੀ ਬਿਧਿਨਿ; ਪੁਨ ਨਿਧਯਾਸਨ ਹੋਤਿ ॥

ਜਿਹੜਾ ਨੀਕੀ = ਚੰਗੇ ਬਿਧਿਨਿ = ਤਰੀਕੇ ਨਾਲ ਮਨਨ ਕਰਤਿ = ਕਰਨਾ ਹੈ, ਭਾਵ ਵਾਰ ਵਾਰ ਵੀਚਾਰਨਾ ਤੇ ਪੁਨ = ਫਿਰ ਤੀਜੇ ਨੰਬਰ 'ਤੇ ਨਿਧਯਾਸਨ ਗਿਆਨ ਹੋਤਿ = ਹੁੰਦਾ ਹੈ।

***ਨੋਟ :*** ਮੰਨਣ ਦੀ ਵਿਚਾਰ ਵਿਸਥਾਰ ਨਾਲ ਪਿਛਲੇ ੪੭ਵੇਂ ਅੰਸੂ ਦੇ ੨੮ ਤੋਂ ੩੩ ਅੰਕ ਤਕ ਦੇਖੋ।

### ਰਾਤ ਦਿਨਸ ਅੱਭਯਾਸ ਤੇ; ਪੁਨ ਸੱਖਯਾਤ ਉਦੋਤ ॥੧॥

ਰਾਤ ਦਿਨਸ = ਦਿਨ ਨਿਧਿਆਸਣ ਦੇ ਅੱਭਯਾਸ ਨਾਲ ਪੁਨ = ਫਿਰ ਚੌਥੇ ਨੰਬਰ ਤੇ ਸਖਿਆਤਾਕਾਰ ਗਿਆਨ ਉਦੋਤ = ਪ੍ਰਗਟ ਹੋ ਜਾਂਦਾ ਹੈ ॥੧॥

### ਚੌਪਈ ॥ ਸੁਨਿਯਹਿ; ਨਿੱਧਯਾਸਨ ਕੋ ਲੱਛਨ।

ਭਾਈ ਦਇਆ ਸਿੰਘ ਕਹਿੰਦੇ ਹਨ ਕਿ ਹੁਣ ਚਾਰ ਪ੍ਰਕਾਰ ਦੇ ਬ੍ਰਹਮ ਗਿਆਨ ਦੇ ਵਿਚੋਂ ਨਿੱਧਿਆਸਣ ਦੇ ਲੱਛਨ = ਚਿੰਨ੍ਹ ਸੁਣੋ।

### ਜਿਮ ਭਾਖਤਿ ਹੈਂ; ਸੰਤ ਬਿਚੱਛਨ।

ਜਿਮ = ਜਿਸ ਢੰਗ ਨਾਲ ਬਿਚੱਛਨ = ਸਿਆਣੇ, ਸੂਝਵਾਨ, ਭਜਨ ਸਿਮਰਨ ਨਾਮ ਅੱਭਯਾਸ ਕਰਨ ਵਾਲੇ ਸੰਤ ਭਾਖਤਿ = ਕਥਨ ਕਰਦੇ ਹਨ।

## ਦੇਹਾਦਿਕ ਪ੍ਰਤੀਤ ਕਰਿ; ਜੋਇ।

ਦੇਹ ਆਦਿਕ ਤੋਂ ਭਾਵ ਜੋਇ = ਜੋ ਤਿੰਨ ਦੇਹਾਂ (ਅਸਥੂਲ, ਸੂਖਮ, ਕਾਰਣ) ਦੀਆਂ ਪ੍ਰਤੀਤੀਆਂ ਕਰਨੀਆਂ ਹਨ ਇਨ੍ਹਾਂ ਪ੍ਰਤੀਤੀਆਂ ਵਿੱਚੋਂ :

## ਖੰਡੀ ਜਾਇ ਨਾ; ਕਿਸ ਤੇ ਸੋਇ ॥੨॥

ਕਿਸੇ ਤੋਂ ਵੀ ਜੋ ਸਰੂਪ ਦੇ ਅੱਭਯਾਸ ਵਾਲੀ ਬਿਰਤੀ ਹੋ ਗਈ ਸੋਇ = ਉਹ ਖੰਡੀ ਨਾ ਜਾਵੇ ॥੨॥

## ਬ੍ਰਿਤਿ ਸਰੂਪ; ਅੱਭਯਾਸਨ ਭਈ।

ਜਿਹੜੀ ਬ੍ਰਿਤੀ ਸਰੂਪ ਦੇ ਅੱਭਯਾਸਨ = ਅੱਭਯਾਸ ਵਾਲੀ ਭਈ = ਹੋ ਗਈ ਹੈ, ਭਾਵ ਜਿਹੜੀ ਸਰੂਪ ਦੇ ਵਿਚ ਜੁੜਨ ਵਾਲੀ ਹੋ ਗਈ ਹੈ।

## ਕਿਸ ਤੇ ਨਸ਼ਟ, ਹੋਤਿ ਨਹਿਂ ਜੁਈ।

ਜੁਈ = ਜੋ ਕਿਸੇ ਵਿਸ਼ੇ ਤੇ = ਤੋਂ ਜਾਂ ਕਿਸੇ ਦੇਹ ਤੋਂ ਨਸ਼ਟ = ਨਾਸ਼ ਨਹਿਂ = ਨਹੀਂ ਹੋਤਿ = ਹੁੰਦੀ, ਭਾਵ ਸਰੂਪ ਵਿਚ ਹੀ ਜੁੜੀ ਰਹਿੰਦੀ ਹੈ।

## ਮੋਹ ਆਦਿਕ ਜੋ; ਅਖਿਲ ਵਿਕਾਰ।

(ਪਾਠਾਂਤ੍ਰ ਮੋਹਾਦਿਕ)

ਜੋ ਮੋਹ ਤੋਂ ਆਦਿ ਲੈ ਕੇ ਭਾਵ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ ਅਖਿਲ = ਸਾਰੇ ਵਿਕਾਰ ਹਨ।

## ਇਨ ਬਿਘਨਨਿ ਤੇ; ਰਹਿ ਇਕ ਸਾਰ ॥੩॥

ਇਨ = ਇਹਨਾਂ ਸਾਰੇ ਵਿਕਾਰਾਂ ਦੀਆਂ ਬਿਘਨਨਿ = ਰੁਕਾਵਟਾਂ ਤੇ = ਤੋਂ ਉੱਪਰ ਉੱਠ ਕੇ ਇਕ ਸਾਰ = ਇਕ-ਰਸ ਲਗਾਤਾਰ ਸਰੂਪ ਵਿਚ ਇਕਾਗਰ ਹੋ ਕੇ ਜੁੜੀ ਰਹੇ ॥੩॥

## ਸਤਿ ਸੰਤੋਖ ਆਦਿ, ਗੁਨ ਪਾਇ।

ਸਤ, ਸੰਤੋਖ, ਦਇਆ, ਧੀਰਜ ਖਿਮਾ ਆਦਿਕ ਦੈਵੀ ਗੁਣਾਂ ਨੂੰ ਪਾਇ = ਪਾ ਕੇ।

## ਬ੍ਰਹਮ ਬਿਖੈ; ਬ੍ਰਿਤਿ ਲਾਗਤਿ ਜਾਇ।

ਬ੍ਰਹਮ ਗਿਆਨ ਦੇ ਬਿਖੈ = ਵਿਚ ਬ੍ਰਿਤੀ ਲਾਗਤਿ = ਲੱਗ ਜਾਵੇ ਭਾਵ ਜੁੜ ਜਾਵੇ।

## ਅਲਖ ਲਖਨ ਕੇ; ਹਿਤ ਅਨੁਰਾਗੀ।

ਜੋ ਪਰਮੇਸ਼ਰ ਦਾ ਲਖਣ ਤੋਂ ਅਲਖ = ਨਾ ਲਖੇ ਜਾਣ ਵਾਲਾ ਸਰੂਪ ਹੈ, ਉਸ ਕੇ = ਦੇ ਲਖਣੇ ਹਿਤ = ਵਾਸਤੇ ਬ੍ਰਿਤੀ ਅਨੁਰਾਗੀ = ਪ੍ਰੇਮ ਵਾਲੀ ਹੋ ਗਈ।

## ਪ੍ਰਥਮ ਲਖਯੋ; ਤਿਸ ਤੇ ਹੁਇ ਤਯਾਗੀ ॥੪॥

ਪ੍ਰਥਮ = ਪਹਿਲਾਂ ਜੋ ਸੰਸਾਰ ਨੂੰ ਤੇ ਦੇਹ ਆਦਿਕਾਂ ਨੂੰ ਸੱਤ ਰੂਪ ਮੰਨਣ ਵਾਲੀ ਜੋ ਬ੍ਰਿਤੀ ਸੀ, ਉਸ ਤੇ = ਤੋਂ ਹੁਣ ਤਯਾਗਣ ਵਾਲੀ ਹੋ ਗਈ ਭਾਵ ਛੱਡਣ ਵਾਲੀ ਹੋ ਗਈ ॥੪॥

## ਕਾਰਨ ਕਾਰਜ; ਇਕਤਾ ਕਰਨੀ।

ਇਸ ਤਰ੍ਹਾਂ ਕਾਰਨ ਰੂਪ ਬ੍ਰਹਮ ਤੇ ਕਾਰਜ ਰੂਪ ਸੰਸਾਰ ਇਹ ਦੋਹਾਂ ਦੀ ਇਕਤਾ = ਏਕਤਾ ਕਰਨੀ।

## ਜਲ ਤਰੰਗ ਕੀ; ਰੀਤੀ ਬਰਨੀ।

ਜਿਵੇਂ ਜਲ ਤੇ ਜਲ ਦੇ ਵਿਚ ਲਹਿਰਾਂ ਦੀ ਰੀਤੀ = ਰੀਤ ਬਰਨੀ = ਵਰਣਨ ਕੀਤੀ ਜਾਂਦੀ ਹੈ ਕਿ ਪਾਣੀ ਅਤੇ ਤਰੰਗ ਇੱਕੋ ਰੂਪ ਹਨ ਕਿਉਂਕਿ ਲਹਿਰ ਪਾਣੀ ਦਾ ਹੀ ਰੂਪ ਹੁੰਦੀ ਹੈ ਇਸੇ ਤਰ੍ਹਾਂ ਕਾਰਨ ਰੂਪ ਜਲ ਦੀ ਨਿਆਈਂ ਬ੍ਰਹਮ ਤੇ ਕਾਰਜ ਰੂਪ ਤਰੰਗਾਂ ਦੀ ਨਿਆਈਂ ਸੰਸਾਰ ਇਹ ਦੋਵਾਂ ਨੂੰ ਇਕ ਰੂਪ ਜਾਨਣਾ ਕਿਉਂਕਿ ਹੈ ਹੀ ਇਕ ਰੂਪ ਜਿਵੇਂ ਪਾਣੀ ਤੋਂ ਪੈਦਾ ਹੋਈ ਲਹਿਰ ਪਾਣੀ ਦਾ ਰੂਪ ਹੈ, ਤਿਵੇਂ ਬ੍ਰਹਮ ਤੋਂ ਪੈਦਾ ਹੋਇਆ ਸੰਸਾਰ ਬ੍ਰਹਮ ਦਾ ਰੂਪ ਹੈ, ਇਹ ਬਰਨੀ = ਵਰਣਨ ਕੀਤਾ ਹੈ।

ਇਸੇ ਸਿਧਾਂਤ ਨੂੰ ਇਕ ਹੋਰ ਪ੍ਰਮਾਣ ਦੇ ਕੇ ਸਮਝਾਉਂਦੇ ਹਨ।

## ਆਦਿ ਉਕਾਰ; ਬਰਣ ਜੇ ਨਾਨਾ।

(ਪਾਠਾਂਤ੍ਰ ਅਕਾਰ)[੧]

ਜਿਵੇਂ ਉਕਾਰ = ੳ ਤੋਂ ਲੈ ਕਰਕੇ ੳ, ਅ, ੲ, ਸ, ਹ ਆਦਿ ਭਾਵ ੩੫ ਬਰਣ = ਅੱਖਰ ਜੋ ਨਾਨਾ = ਅਲੱਗ ਦਿੱਸ ਰਹੇ ਹਨ, ਪਰ :

## ਮੱਸੂ ਬਿਨਾ ਨਹੀ, ਕੁਛ ਆਨਾ।੫।

ਮੱਸੂ = ਸਿਆਹੀ ਤੋਂ ਬਿਨਾਂ ਇਹਨਾਂ ਅੱਖਰਾਂ ਵਿਚ ਆਨਾ = ਹੋਰ ਕੁਝ ਵੀ ਨਹੀਂ ਹੈ, ਕੇਵਲ ਸਿਆਹੀ ਹੈ ਇਸੇ ਤਰ੍ਹਾਂ ਜਿੰਨੇ ਵੀ ਸਰੀਰ ਵੱਖਰੇ-ਵੱਖਰੇ ਦਿੱਸਦੇ ਹਨ, ਉਹ ਪਰਮੇਸ਼ਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹਨ, ਅੱਖਰਾਂ ਦੀ ਨਿਆਈਂ ਵੱਖਰੇ ਵੱਖਰੇ ਸਰੀਰ ਤੇ ਸਿਆਹੀ ਦੀ ਨਿਆਈਂ ਬ੍ਰਹਮ ਪਰਮੇਸ਼ਰ ਹੈ, ਇਹ ਪਰਮੇਸ਼ਰ ਤੋਂ ਬਿਨਾਂ ਕੁਝ ਵੀ ਨਹੀਂ ਹਨ ॥੫॥

## ਅੰਤਹਿ ਕਰਣ ਬ੍ਰਿਤਿ; ਉਠਿ ਜਬੈ।

ਜਬੈ = ਜਦੋਂ ਅੰਤਹਿ ਕਰਣ = ਮਨ ਦੀ ਬਿਰਤੀ ਉੱਠਦੀ ਹੈ।

## ਹ੍ਵੈ ਅਨਸੂਤ; ਚਿੰਤਨ ਕੇ ਤਬੈ।

ਤਬੈ = ਤਦੋਂ ਫਿਰ ਚਿੰਤਨ = ਚੇਤਨ ਕੇ = ਦੇ ਨਾਲ ਅਨਸੂਤ = ਮਿਲ ਕੇ, ਵਿਆਪਕ ਹੋ ਕੇ ਭਾਵ ਉਸ ਦੇ ਨਾਲ ਮਿਲ ਕੇ।

---

੧. ਕੁੱਝ ਪੋਥੀਆਂ ਵਿਚ ਜੋ ਉਕਾਰ ਦੀ ਥਾਂ ਅਕਾਰ ਪਾਠ ਆਇਆ ਹੈ, ਇਹ ਪਾਠ ਅਸ਼ੁੱਧ ਹੈ ਕਿਉਂਕਿ ਅਕਾਰ ਦਾ ਅਰਥ 'ਅ' ਹੈ ਤੇ ਉਕਾਰ ਦਾ ਅਰਥ 'ੳ' ਹੈ। ੩੫ ਅੱਖਰਾਂ ਦੇ ਆਦਿ ਵਿਚ ੳ ਅੱਖਰ ਹੀ ਹੈ, ਇਸ ਕਰਕੇ ਉਕਾਰ ਪਾਠ ਸ਼ੁੱਧ ਹੈ।

## ਨਿਕਸੀ ਬਾਹਿਰ; ਲੋਚਨ ਦੁਆਰੇ।

ਮਨ ਦੀ ਬਿਰਤੀ ਲੋਚਨ = ਨੇਤਰਾਂ ਦੁਆਰਾ ਬਾਹਰ ਨਿਕਸਿ = ਨਿਕਲ ਕੇ।

## ਗੇਯ ਪਦਾਰਥ; ਆਗੇ ਸਾਰੇ ॥੬॥

ਗੇਯ = ਜਾਨਣੇ ਯੋਗ ਸਾਰੇ ਪਦਾਰਥ ਜੋ ਆਗੇ = ਅੱਗੇ ਪਏ ਹਨ ॥੬॥

## ਤਦਾਕਾਰ ਤਿਨ ਕੇ; ਸੰਗ ਹੋਇ।

ਤਿਨ = ਉਹਨਾਂ ਪਦਾਰਥਾਂ ਕੇ = ਦੇ ਸੰਗ = ਨਾਲ ਤਦਾਕਾਰ (ਤਦ+ਅਕਾਰ) ਤਦ = ਉਸੇ ਅਕਾਰ = ਰੂਪ ਵਾਲੀ ਹੋ ਜਾਂਦੀ ਹੈ ਭਾਵ ਉਸੇ ਆਕਾਰ ਦਾ ਹੋ ਜਾਣਾ।

## ਪ੍ਰਾਪਤਿ ਗਯਾਨ; ਤਬਹਿ ਤਿਹ ਸੋਇ।

ਸੋਇ = ਉਹ ਤਬਹਿ = ਤਦੋਂ ਤਿਹ = ਤਿਸ ਵਸਤੂ ਦਾ ਗਿਆਨ ਸਹੀ ਸਹੀ ਪ੍ਰਾਪਤ ਹੁੰਦਾ ਹੈ।

## ਬ੍ਰਿਤ ਅਵਛਿੰਨ ਚਿਤ; ਘਟ ਅਵਛਿਨ ਚਿਤ।

ਮਨ ਦੀ ਬ੍ਰਿਤੀ ਦੇ ਵਿਚ ਅਵਛਿੰਨ = ਮਿਲਿਆ ਚਿਤ = ਚੇਤਨ ਤੇ ਘਟ = ਘੜਾ ਆਦਿਕ ਵਸਤੂਆਂ ਦੇ ਵਿਚ ਅਵਛਿਨ = ਮਿਲਿਆ ਹੋਇਆ ਚਿਤ = ਚੇਤਨ।

## ਦੋਨਹੁ ਕੇ; ਅਵਰਨ ਸੰਘਾਰ ਕਿਤ ॥੭॥

ਇਹਨਾਂ ਦੋਨਹੁ = ਦੋਹਾਂ ਚੇਤਨਾ ਦੇ ਵਿਚ ਜੋ ਅਵਰਨ = ਪੜਦਾ ਸੀ, ਉਹ ਸੰਘਾਰ = ਨਾਸ਼ ਕਿਤ = ਕਰਕੇ ॥੭॥

## ਜਬਿ ਇਕਤਾ ਕੋ; ਪ੍ਰਾਪਤ ਹੋਇ।

(ਪਾਠਾਂਤ੍ਰ ਤਬ)

ਇਉਂ ਜਬਿ = ਜਦੋਂ ਦੋਵੇਂ ਚੇਤਨ ਇਕਤਾ = ਏਕਤਾ ਕੋ = ਨੂੰ ਪ੍ਰਾਪਤ ਹੋ ਜਾਂਦੇ ਹਨ ਤਾਂ।

## ਬਿਖੈ ਅਨੇਕ; ਗਯਾਨ ਲਹਿ ਸੋਇ।

ਫਿਰ ਜੋ ਅਨੇਕਾਂ ਤਰ੍ਹਾਂ ਦੇ ਬਿਖੈ = ਵਿਸ਼ਿਆਂ ਦੇ ਗਯਾਨ ਹਨ, ਸੋਇ = ਉਹਨਾਂ ਨੂੰ ਬ੍ਰਿਤੀ ਜਾਣ ਲਹਿ = ਲੈਂਦੀ ਹੈ।

## ਤ੍ਰਿਪੁਟੀ ਗਯਾਤਾ ਗੇਯ; ਰੁ ਗਯਾਨ।

ਗਯਾਤਾ, ਗਯਾਨ ਰੁ = ਔਰ ਗੇਯ ਇਹ ਜੋ ਤਿੰਨਾਂ ਦੀ ਤ੍ਰਿਪੁਟੀ ਹੈ, ਭਾਵ ਤ੍ਰਿਪੁਟੀ ਵਿਚ ਤਿੰਨ ਪਦਾਰਥ ਕਹੇ ਜਾਂਦੇ ਹਨ।

## ਮਿਲਯੋ ਬ੍ਰਹਮ; ਸਭਿ ਬਿਖੈ ਸਮਾਨ ॥੮॥

ਇਹਨਾਂ ਸਭਿ = ਸਾਰਿਆਂ ਬਿਖੈ = ਵਿਚ ਬ੍ਰਹਮ ਇਕ ਸਮਾਨ = ਤੁਲ ਮਿਲਿਆ ਹੋਇਆ ਹੈ, ਭਾਵ

ਗ੍ਯਾਤਾ ਵਿਚ ਵੀ ਬ੍ਰਹਮ, ਗ੍ਯਾਨ ਵਿਚ ਵੀ ਬ੍ਰਹਮ ਤੇ ਗੇਯ ਵਿਚ ਬ੍ਰਹਮ ਮਿਲਿਆ ਹੋਇਆ ਹੈ, ਗ੍ਯਾਤਾ = ਅੰਤਸ਼ਕਰਨ ਦੇ ਵਿਚ ਬ੍ਰਹਮ, ਗ੍ਯਾਨ = ਅੰਤਸ਼ਕਰਨ ਦੀ ਬਿਰਤੀ ਵਿਚ ਵੀ ਬ੍ਰਹਮ ਤੇ ਗੇਯ = ਵਸਤੂ ਵਿਚ ਵੀ ਬ੍ਰਹਮ ਮਿਲਿਆ ਹੋਇਆ ਹੈ, ਇਉਂ ਸਾਰਿਆਂ ਵਿਚ ਇਕ-ਸਮਾਨ ਮਿਲਿਆ ਹੋਇਆ ਹੈ ॥੮॥

## ਜਥਾ ਤਾਲ ਮਹਿਂ; ਨੀਰ ਬਿਸਾਲਾ।

ਜਥਾ = ਜਿਵੇਂ ਤਾਲ = ਤਲਾਅ ਦੇ ਮਹਿਂ = ਵਿਚ ਬਿਸਾਲਾ = ਬਹੁਤਾ ਨੀਰ = ਪਾਣੀ ਹੁੰਦਾ ਹੈ।

## ਕੂਲ ਕੇ ਦ੍ਵਾਰਾ; ਹ੍ਵੈ ਕਰਿ ਚਾਲਾ।

ਉਹ ਕੂਲ = ਖਾਲ (ਆੜ) ਕੇ = ਦੇ ਰਸਤੇ ਦੁਆਰਾ ਹੋ ਕਰਕੇ ਚਾਲਾ = ਚੱਲਦਾ ਹੈ।

## ਕ੍ਯਾਰੀ ਰੂਪ; ਬਨਹਿ ਸੋ ਜਾਇ।

ਉਹੋ ਤਲਾਅ ਦਾ ਪਾਣੀ ਖਾਲ ਰੂਪ ਹੋ ਕਰਕੇ ਕਿਆਰੇ ਦਾ ਰੂਪ ਹੋ ਜਾਂਦਾ ਹੈ, ਸੋ = ਉਹ ਪਹਿਲਾਂ ਤਲਾਅ ਰੂਪ ਬਣਿਆ ਹੁੰਦਾ ਹੈ ਫਿਰ ਖਾਲ ਰੂਪ ਬਣ ਜਾਂਦਾ ਹੈ ਫਿਰ ਕਿਆਰਾ ਰੂਪ ਹੋ ਜਾਂਦਾ ਹੈ।

## ਤੀਨਹੁ ਮਹਿਂ; ਅਕਾਸ਼ ਇਕ ਭਾਇ ॥੯॥

ਇਹਨਾਂ ਤੀਨਹੁ = ਤਿੰਨਾਂ ਮਹਿਂ = ਵਿਚ ਭਾਵ ਤਲਾਅ, ਖਾਲ, ਕਿਆਰੇ ਵਿਚ ਆਕਾਸ਼ ਇੱਕੋ ਭਾਇ = ਤਰ੍ਹਾਂ ਦਾ ਹੈ ਇਸੇ ਤਰ੍ਹਾਂ ਤਲਾਅ ਰੂਪ ਮਨ ਹੈ, ਖਾਲ ਰੂਪ ਮਨ ਦੀ ਬਿਰਤੀ ਹੈ, ਕਿਆਰਾ ਰੂਪ ਪਦਾਰਥ ਹਨ ਘਟ, ਪਟ ਆਦਿ ਬ੍ਰਹਮ ਤਿੰਨਾਂ ਵਿਚ ਵਿਆਪਕ ਹੈ ॥੯॥

## ਤਾਲ, ਕੂਲ, ਕ੍ਯਾਰੀ ਮੈਂ ਨਭ ਹੈ।

ਤਾਲ = ਤਲਾਅ, ਕੂਲ = ਖਾਲ, ਕਿਆਰਾ ਇਹਨਾਂ ਤਿੰਨਾਂ ਮੈਂ = ਵਿਚ ਨਭ = ਆਕਾਸ਼ ਇਕ-ਸਮਾਨ ਹੈ, ਇਸੇ ਤਰ੍ਹਾਂ ਤਲਾਅ ਰੂਪ ਮਨ ਹੈ, ਖਾਲ ਰੂਪ ਮਨ ਦੀ ਬਿਰਤੀ ਹੈ ਤੇ ਕਿਆਰਾ ਰੂਪ ਪਦਾਰਥ ਭਾਵ ਘਟ, ਪਟ ਆਦਿਕ ਹਨ ਇਹਨਾਂ ਵਿਚ ਜੋ ਬ੍ਰਿਤੀ ਦਾ ਜਾ ਕੇ ਆਕਾਰ ਧਾਰਨਾ ਹੈ ਇਹ ਪਾਣੀ ਦਾ ਪੈਣਾ ਹੈ।

## ਤਿਮ ਤ੍ਰਿਪੁਟੀ ਮਹਿਂ; ਬ੍ਰਹਮ ਸੁ ਲਭ ਹੈ।

ਤਿਮ = ਤਿਵੇਂ ਇਹਨਾਂ ਤ੍ਰਿਪੁਟੀ = ਤਿੰਨਾਂ ਵਿਚ ਭਾਵ ਗ੍ਯਾਤਾ, ਗ੍ਯਾਨ, ਗੇਯ ਵਿਚ ਸੁ = ਉਹ ਬ੍ਰਹਮ ਹੀ ਲਭ = ਦਿੱਸਦਾ ਹੈ।

## ਬ੍ਯਾਪਕ ਹੈ; ਅਕਾਸ਼ ਕੀ ਨ੍ਯਾਇ।

ਇਹਨਾਂ ਤਿੰਨਾਂ ਦੇ ਵਿਚ ਬ੍ਰਹਮ ਆਕਾਸ਼ ਕੀ = ਦੀ ਨਿਆਈਂ ਬ੍ਯਾਪਕ = ਮਿਲਿਆ ਹੋਇਆ ਹੈ।

## ਸਭਿਨਿ ਪ੍ਰਕਾਸ਼ਹਿ, ਸਭਿਨੀ ਥਾਂਇ ॥੧੦॥

ਬ੍ਰਹਮ ਸਭਿਨਿ = ਸਾਰਿਆਂ ਨੂੰ ਪ੍ਰਕਾਸ਼ਹਿ = ਪ੍ਰਕਾਸ਼ਦਾ ਹੈ ਅਰ ਸਭਿਨੀ = ਸਾਰਿਆਂ ਥਾਂਇ = ਥਾਂਵਾਂ 'ਤੇ ਹੈ ॥੧੦॥

## ਅੰਤਹਿਕਰਣ ਬ੍ਰਿਤਿ; ਇਸ ਕੇਰ।

ਇਕ ਅੰਤਸ਼ਕਰਨ, ਦੂਸਰੀ ਅੰਤਸ਼ਕਰਨ ਦੀ ਬਿਰਤੀ ਭਾਵ ਇਕ ਮਨ ਤੇ ਦੂਸਰੀ ਮਨ ਦੀ ਬਿਰਤੀ ਇਸ ਕੇਰ = ਇਹਨਾਂ :

## ਅਹੈ ਪ੍ਰਕਾਸ਼ਕ; ਦੂਹਨ ਬਡੇਰ।

ਦੂਹਨ = ਦੋਨਾਂ ਨੂੰ ਪ੍ਰਕਾਸ਼ਕ = ਪ੍ਰਕਾਸ਼ਣ ਵਾਲਾ ਬਡੇਰ = ਵੱਡਾ ਬ੍ਰਹਮ ਹੀ ਅਹੈ = ਹੈ, ਭਾਵ ਉਹ ਮਨ ਨੂੰ ਵੀ ਤੇ ਮਨ ਦੀ ਬਿਰਤੀ ਨੂੰ ਵੀ ਪ੍ਰਕਾਸ਼ਣ ਵਾਲਾ ਹੈ।

## ਅਹੰਬ੍ਰਿਤਾਦਿ ਬਿਨਾਂ; ਕਿਸ ਕੋਇ ਨ।

ਅਹੰਬ੍ਰਿਤੀ ਆਦਿ ਉਹ ਚੇਤਨ ਤੋ ਬਿਨਾਂ ਕਿਸੇ ਤਰ੍ਹਾਂ ਦਾ ਕੋਇ = ਕੋਈ ਵੀ ਪਦਾਰਥ ਦਾ ਪ੍ਰਕਾਸ਼ ਨਹੀਂ ਕਰਦੀਆਂ।

## ਆਤਮ ਕੋ; ਪ੍ਰਕਾਸ਼ ਸਿਧ ਹੋਇ ਨ ॥੧੧॥

ਆਤਮਾ ਦੇ ਪ੍ਰਕਾਸ਼ ਤੋਂ ਬਿਨਾਂ ਕੋਈ ਵੀ ਸਿੱਧੀ ਨਹੀਂ ਹੋਇ = ਹੁੰਦੀ, ਭਾਵ ਕੋਈ ਪਦਾਰਥ ਪ੍ਰਕਾਸ਼ ਨਹੀਂ ਕਰਦਾ, ਉਹ ਦਿੱਸਦਾ ਨਹੀਂ॥੧੧॥

## ਅਹੰਬ੍ਰਿਤਾਦਿ ਜੁਗਤ; ਚਿਤ ਹੋਇ।

ਜਦੋਂ ਅਹੰ ਬਿਰਤੀ ਆਦਿ ਚਿਤ = ਚੇਤਨ ਦੇ ਜੁਗਤ = ਸਹਿਤ ਹੋਵੇ।

## ਤਬਹਿ ਪ੍ਰਕਾਸ਼; ਹੋਤਿ ਹੈ ਸੋਇ।

ਤਬਹਿ = ਤਦੋਂ ਸੋਇ = ਉਸ ਵੇਲੇ ਵਿਸ਼ੇ ਦਾ ਪ੍ਰਕਾਸ਼ = ਗਿਆਨ ਹੋਤਿ = ਹੁੰਦਾ ਹੈ।

## ਬਜਾਪਕ ਅਪਰ; ਪ੍ਰਕਾਸ਼ਕ ਭਾਵ।

ਬਜਾਪਕ ਭਾਵ ਤੇ ਅਪਰ = ਹੋਰ ਪ੍ਰਕਾਸ਼ਕ ਭਾਵ ਇਹ ਦੋਨਾਂ ਤਰ੍ਹਾਂ ਦਾ ਭਾਵ।

## ਵਾਸਤਵ ਬ੍ਰਹਮ ਮਹਿੰ, ਨਹੀਂ ਲਖਾਵ ॥੧੨॥

ਵਾਸਤਵ ਬ੍ਰਹਮ ਮਹਿੰ = ਵਿਚ ਨਹੀਂ ਲਖਾਵ = ਜਾਣਿਆਂ ਜਾਂਦਾ, ਇਹ ਉਪਾਧੀ ਕਰਕੇ ਹਨ ਭਾਵ ਇਹ ਪ੍ਰਤੀਤ ਮਾਤਰ ਤੇ ਕਹਿਣ ਮਾਤਰ ਹਨ, ਬ੍ਰਹਮ ਵਿਚ ਨਾ ਪ੍ਰਕਾਸ਼ਕ ਭਾਵ ਹੈ, ਨਾ ਵਿਆਪਕ ਭਾਵ ਹੈ, ਇਹ ਕਲਪਨਾ ਮਾਤਰ ਕਹੇ ਜਾਂਦੇ ਹਨ॥੧੨॥

## ਵਾਸਤਵ ਆਤਮ; ਤਤ ਨਿਰੰਕਾਰ।

ਜੋ ਵਾਸਤਵ ਰੂਪ ਵਿਚ ਆਤਮਾ ਤੱਤ ਹੈ, ਉਹ ਨਿਰੰਕਾਰ = ਨਿਰਾਕਾਰ ਹੈ ਤੇ :

## ਨਿਰਵਿਕਲਪ ਅਰੁ; ਬਿਨਾ ਵਿਕਾਰ।

ਨਿਰਵਿਕਲਪ = ਕਲਪਨਾ ਤੋਂ ਰਹਿਤ ਅਰੁ = ਅਤੇ ਵਿਕਾਰਾਂ ਤੋਂ ਬਿਨਾ = ਰਹਿਤ ਹੈ ਜਿਵੇਂ ਮਨ ਦੇ ਵਿਚ ਕਈ ਤਰ੍ਹਾਂ ਦੀਆਂ ਕਲਪਨਾ ਹੁੰਦੀਆਂ ਹਨ ਪਰ ਆਤਮਾ ਤੱਤ ਵਿਚ ਕੋਈ ਵੀ ਕਲਪਨਾ ਨਹੀਂ ਹੈ

ਅਤੇ ਅਕਾਰਾਂ ਤੋਂ ਰਹਿਤ ਹੈ ਅਤੇ ਛੇ ਵਿਕਾਰਾਂ ਤੋਂ ਵੀ ਰਹਿਤ ਹੈ ਜਿਵੇਂ ਦੇਹ ਦੇ ਵਿਚ ਛੇ ਵਿਕਾਰ ਹਨ, ਜੰਮਣਾ, ਮਰਨਾ ਭੁੱਖ ਪਿਆਸ, ਦੁਖ ਤੇ ਸੁਖ ਹਨ ਪਰ ਆਤਮਾ ਇਹਨਾਂ ਛੇ ਵਿਕਾਰਾਂ ਤੋਂ ਰਹਿਤ ਹੈ।

## ਅਹੰ ਅਹੰ ਕੀ; ਬ੍ਰਿਤੀ ਜੁ ਸਬੈ।

ਅਹੰ ਅਹੰ = ਮੈਂ ਮੈਂ ਕੀ = ਦੀ ਬ੍ਰਿਤੀ ਦਾ ਜੋ ਸਬੈ = ਸਾਰਾ, ਸਮੁਦਾਇ ਹੈ,

## ਹੋਇ ਸਬੰਧ; ਤਦਾਤਮ ਜਬੈ ॥੧੩॥

ਜਬੈ = ਜਦੋਂ ਉਹਨਾਂ ਦਾ ਚੇਤਨ ਨਾਲ ਤਦਾਤਮ ਸੰਬੰਧ ਹੁੰਦਾ ਹੈ ਭਾਵ ਤਦਾਤਮ = ਉਸੇ ਦਾ ਰੂਪ ਹੋ ਜਾਣਾ, ਦੋ ਵੱਖੋ-ਵੱਖ ਚੀਜ਼ਾਂ ਦਾ ਆਪੋ ਵਿਚ ਮਿਲ ਕੇ ਇਕ ਰੂਪ ਹੋ ਜਾਣਾ, ਇਸਦਾ ਨਾਮ ਤਦਾਤਮ ਸੰਬੰਧ ਹੈ।੧੩।

ਚੌਦਵੇਂ ਪਦ ਦੇ ਚਾਰਾਂ ਤੁਕਾਂ ਦੇ ਅਰਥ ਅੰਨਵੈਂ ਅਨੁਸਾਰ ਬਾਅਦ ਵਿਚ ਹੋਣਗੇ ਪਹਿਲਾਂ ਲੜੀ ਨੂੰ ਠੀਕ ਰੱਖਣ ਵਾਸਤੇ ਪੰਦਰ੍ਹਵੇਂ ਪਦ ਦੇ ਦੋ ਤੁਕਾਂ ਦਾ ਅਰਥ ਕਰਕੇ ਫਿਰ ਚੌਦਵੇਂ ਪਦ ਦੇ ਚਾਰ ਤੁਕਾਂ ਦੇ ਅਰਥ ਹੋਣਗੇ ਫਿਰ ਪੰਦਰ੍ਹਵੇਂ ਪਦ ਦੇ ਰਹਿੰਦੀਆਂ ਦੋ ਤੁਕਾਂ ਦੇ ਅਰਥ ਹੋਣਗੇ।

## ਆਤਮ ਅਹੰ; ਸਬੰਧ ਕੋ ਪਾਇ।

ਤਾਂ ਆਤਮਾ ਅਹੰ ਬਿਰਤੀ ਕੋ = ਦਾ ਸੰਬੰਧ ਪਾਇ = ਪਾ ਕੇ।

## ਬ੍ਯਾਪਕ ਅਪਰ; ਪ੍ਰਕਾਸ਼ਕਤਾਇ।

ਬ੍ਯਾਪਕ ਰੂਪ ਅਤੇ ਪ੍ਰਕਾਸ਼ਕਤਾਇ = ਪ੍ਰਕਾਸ਼ਕਤਾ ਰੂਪ ਪਾਉਂਦਾ ਹੈ।

## ਜਥਾ ਲੋਹੇ ਕੇ; ਗੋਲੇ ਸੰਗ।

ਜਥਾ = ਜਿਵੇਂ ਲੋਹੇ ਕੇ = ਦੇ ਗੋਲੇ = ਢੇਲੇ ਸੰਗ = ਨਾਲ।

## ਅਗਨਿ ਤਦਾਤਮ, ਹੁਇ ਇਕ ਰੰਗ।

ਅਗਨਿ = ਅੱਗ ਦਾ ਜਦ ਤਦਾਤਮ ਸੰਬੰਧ ਹੁੰਦਾ ਹੈ ਤਾਂ ਉਹ ਲੋਹਾ ਅੱਗ ਨਾਲ ਇਕ ਰੰਗ ਹੁਇ = ਹੋ ਜਾਂਦਾ ਹੈ, ਅੱਗ ਦਾ ਰੰਗ ਵੀ ਲਾਲ ਹੈ ਤੇ ਲੋਹੇ ਦਾ ਰੰਗ ਵੀ ਲਾਲ ਹੋ ਜਾਂਦਾ ਹੈ।

## ਪਾਇ ਅਗਨਿ ਕੇ; ਗੁਨ ਕੋ ਲੋਹਾ।

ਤਦੋਂ ਲੋਹਾ ਅਗਨੀ ਕੇ = ਦੇ ਗੁਣ (ਤਪਤ) ਕੋ = ਨੂੰ ਪਾਇ = ਪਾ ਕੇ।

## ਤ੍ਰਿਣ ਆਦਿਕ ਕੋ; ਦਾਹਿਤ ਓਹਾ ॥੧੪॥

ਓਹਾ = ਉਹ ਲੋਹਾ ਅੱਗ ਦੇ ਸੰਗ ਤੋਂ ਬਿਨਾਂ ਦਾਹਤ ਸ਼ਕਤੀ ਵਾਲਾ ਨਹੀਂ ਸੀ ਕਿਸੇ ਵੀ ਪਦਾਰਥ ਨੂੰ ਫੂਕ ਨਹੀਂ ਸੀ ਸਕਦਾ, ਉਸੇ ਲੋਹੇ ਦਾ ਜਦੋਂ ਅੱਗ ਨਾਲ ਤਦਾਤਮ ਸੰਬੰਧ ਹੋ ਗਿਆ ਤਾਂ ਅੱਗ ਵਾਲੇ ਗੁਣ ਲੋਹੇ ਵਿਚ ਆ ਗਏ ਜਿਵੇਂ ਅੱਗ ਵਿਚ ਗੁਣ ਪ੍ਰਕਾਸ਼ਕ ਅਤੇ ਦਾਹਕ ਹਨ ਤੇ ਹੁਣ ਲੋਹਾ ਵੀ ਪ੍ਰਕਾਸ਼ ਰੂਪ ਹੋ ਗਿਆ ਤੇ ਦਾਹਕ ਕਰਨ ਵਾਲਾ ਵੀ ਹੋ ਗਿਆ, ਜਿਵੇਂ ਅੱਗ ਸਾੜਦੀ ਹੈ ਉਸੇ ਤਰ੍ਹਾਂ ਤ੍ਰਿਣ = ਘਾਹ

ਆਦਿਕਾਂ ਨੂੰ ਲੋਹਾ ਦਾਹਿਤ = ਸਾੜਦਾ ਹੈ। ਅੱਗ ਦੇ ਸੰਗ ਤੋਂ ਪਹਿਲਾਂ ਉਸ ਵਿਚ ਇਹ ਸ਼ਕਤੀ ਨਹੀਂ ਸੀ, ਇਉਂ ਅੱਗ ਤੇ ਲੋਹੇ ਦਾ ਤਦਾਤਮ ਸੰਬੰਧ ਹੋ ਕੇ ਇੱਕੋ ਜਿਹੇ ਗੁਣਾਂ ਵਾਲੇ ਹੋ ਗਏ, ਭਾਵ ਜੋ ਅੱਗ ਵਿਚ ਸੀ ਉਹ ਗੁਣ ਲੋਹੇ ਵਿਚ ਵੀ ਆ ਗਏ॥੧੪॥

## ਇੱਤਯਾਦਿਕ; ਨਿਤਪ੍ਰਤੀ ਬਿਚਾਰੈ।

ਇੱਤਯਾਦਿਕ = ਏਹੋ ਜਿਹੀਆਂ ਗਿਆਨ ਦੀਆਂ ਵਿਚਾਰਾਂ ਨਿਤਪ੍ਰਤੀ = ਹਮੇਸ਼ਾਂ ਬਿਚਾਰੈ = ਵਿਚਾਰਦੇ ਰਹਿਣਾ।

## ਨਿੱਧਯਾਸਨ ਕੋ; ਨੀਕੇ ਧਾਰੈ॥੧੫॥

ਨਿੱਧਯਾਸਨ ਕੋ = ਨੂੰ ਨੀਕੇ = ਚੰਗੀ ਤਰ੍ਹਾਂ ਧਾਰੈ = ਧਾਰਨ ਕਰ ਲਵੇ॥੧੫॥

## ਤੀਨ ਸਰੀਰਨਿ ਤੇ, ਮੈਂ ਨਯਾਰੋ।

ਜਦੋਂ ਨਿਧਿਆਸਣ ਦੀ ਪ੍ਰਪੱਕ ਅਵਸਥਾ ਧਾਰਨ ਕਰ ਲਵੇ, ਭਾਵ ਨਿਧਆਸਣ ਗਿਆਨ ਧਾਰ ਲਵੇ, ਫਿਰ ਇਹ ਸਮਝੇ ਕਿ ਮੈਂ ਤੀਨ = ਤਿੰਨ ਸਰੀਰਨਿ = ਸਰੀਰਾਂ (ਅਸਥੂਲ, ਸੂਖਮ, ਕਾਰਨ) ਤੇ = ਤੋਂ ਨਯਾਰੋ = ਵੱਖਰਾ ਹਾਂ।

## ਤੀਨ ਅਵਸਥਾ; ਸਾਖੀ ਧਾਰੋ।

ਫਿਰ ਤੀਨ = ਤਿੰਨ ਅਵਸਥਾ (ਜਾਗ੍ਰਤ, ਸੁਪਨ, ਸਖੋਪਤੀ) ਦਾ ਮੈਂ ਸਾਖੀ = ਪ੍ਰਕਾਸ਼ਕ ਹਾਂ, ਇਹ ਧਾਰੋ = ਧਾਰਨਾ ਭਾਵ ਜਾਨਣਾ।

## ਨਿੱਤ ਸੁੱਧ ਹੈ; ਗਯਾਨ ਸਰੂਪ।

ਫਿਰ ਇਹ ਨਿਸ਼ਚਾ ਕਰਨਾ ਕਿ ਮੇਰਾ ਸਰੂਪ ਨਿੱਤ ਸਰੂਪ ਹੈ, ਸ਼ੁੱਧ ਸਰੂਪ ਹੈ, ਗਿਆਨ ਸਰੂਪ ਹੈ ਭਾਵ ਮੈਂ ਨਿੱਤ ਸਰੂਪ ਹਾਂ, ਸ਼ੁੱਧ ਸਰੂਪ ਹਾਂ, ਗਿਆਨ ਸਰੂਪ ਹਾਂ।

## ਇਕਰਸ ਅਚਲ; ਅਨੰਦ ਅਨੂਪ॥੧੬॥

ਮੇਰਾ ਸਰੂਪ ਅਨੂਪ (ਅਨ+ਊਪ) ਊਪ = ਉਪਮਾ ਤੋਂ ਅਨ = ਰਹਿਤ ਇਕ-ਰਸ, ਅਚਲ = ਚਲਾਇਮਾਨ ਨਾ ਹੋਣ ਵਾਲਾ ਅਤੇ ਅਨੰਦ ਸੂਰਪ ਹੈ॥੧੬॥

## ਇਸ ਬਿਧਿ; ਪ੍ਰੋਖ ਗਯਾਨ ਹੁਇ ਆਵੈ।

ਜਦੋਂ ਇਸ ਬਿਧਿ = ਤਰੀਕੇ ਨਾਲ ਪ੍ਰੋਖ = ਓਹਲੇ ਵਾਲਾ ਗਿਆਨ ਹੁਇ = ਹੋ ਆਵੈ = ਆਉਂਦਾ ਹੈ।

## ਤਨ ਅਭਿਮਾਨ; ਖੀਨ ਹੁਇ ਜਾਵੈ।

ਤਦੋਂ ਫਿਰ ਤਨ = ਸਰੀਰ ਦਾ ਅਭਿਮਾਨ = ਅਹੰ ਭਾਵ ਖੀਨ = ਨਾਸ ਹੁਇ = ਹੋ ਜਾਵੈ = ਜਾਂਦਾ ਹੈ।

## ਅਰੁ ਜਬਿ; ਮਨਨ ਨਿੱਧਯਾਸਨ ਦ੍ਵਾਰਾ।

ਅਰੁ = ਅਤੇ ਜਬਿ = ਜਦੋਂ ਸ਼੍ਰਵਣ ਗਿਆਨ, ਮੰਨਨ ਗਿਆਨ, ਨਿੱਧਿਆਸਨ ਗਿਆਨ ਦੁਆਰਾ।

## ਹੋਤਿ ਭਯੋ; ਸੱਖਯਾਤ ਉਦਾਰਾ॥੧੭॥

ਉਦਾਰਾ = ਸ੍ਰੇਸ਼ਟ ਸੱਖਯਾਤ = ਸ਼ਾਖਸਾਤ, ਅਪ੍ਰੋਖ ਬ੍ਰਹਮ ਗਿਆਨ ਹੋਤਿ ਭਯੋ = ਹੋ ਜਾਂਦਾ ਹੈ॥੧੭॥

## ਬ੍ਰਹਮਾਕਾਰ ਬ੍ਰਿੱਤਿ; ਦ੍ਰਿੜ ਭਈ।

ਜਦੋਂ ਬ੍ਰਹਮਾਕਾਰ = ਬ੍ਰਹਮ ਦੇ ਆਕਾਰ ਵਾਲੀ ਬ੍ਰਿੱਤਿ = ਬ੍ਰਿੱਤੀ ਦ੍ਰਿੜ = ਪੱਕੀ ਭਈ = ਹੋ ਗਈ।

## ਮੂਲ ਅਵਿੱਦਯਾ; ਛੈ ਹੁਇ ਗਈ।

ਤਦੋਂ ਮੂਲਾ ਅਵਿੱਦਯਾ ਛੈ = ਨਾਸ਼ ਹੁਇ = ਹੋ ਗਈ, ਅਵਿੱਦਿਆ ਦੇ ਦੋ ਸਰੂਪ ਮੰਨੇ ਹਨ, ੧. ਮੂਲਾ ਅਵਿੱਦਿਆ, ੨. ਤੂਲਾ ਅਵਿੱਦਿਆ।

੧. ਮੂਲਾ ਅਵਿੱਦਿਆ = ਜੋ ਸਰੂਪ ਨੂੰ ਢੱਕਦੀ ਹੈ ਭਾਵ ਉਸ ਉੱਤੇ ਪੜਦਾ ਰੂਪ ਬਣੀ ਹੋਈ ਹੈ।

੨. ਤੂਲਾ ਅਵਿੱਦਿਆ = ਜੋ ਘਟ ਪਟ ਆਦਿ ਪਦਾਰਥਾਂ ਵਿਚ ਵਿਆਪਕ ਚੇਤਨ ਨੂੰ ਢੱਕ ਰੱਖਦੀ ਹੈ। ਤੇ ਇਹਨਾਂ ਦੋਨਾਂ ਅਵਿੱਦਿਆ ਨੂੰ ਨਾਸ ਕਰਨ ਲਈ ਦੋ ਤਰ੍ਹਾਂ ਦਾ ਬ੍ਰਹਮ ਗਿਆਨ ਕਥਨ ਕੀਤਾ ਹੈ, ਪਰੋਖ ਗਿਆਨ ਜਿਸ ਨਾਲ ਤੂਲਾ ਅਵਿੱਦਿਆ ਨਾਸ਼ ਹੁੰਦੀ ਹੈ ਤੇ ਅਪਰੋਖ ਗਿਆਨ ਨਾਲ ਮੂਲਾ ਅਵਿੱਦਿਆ ਨਾਸ਼ ਹੁੰਦੀ ਹੈ।

ਜਦੋਂ ਇਹ ਦੋਨੋਂ ਅਵਿੱਦਿਆ ਨਾਸ਼ ਹੋ ਗਈਆਂ।

## ਤਨ ਅਭਿਮਾਨ; ਕਹਾਂ ਪੁਨ ਰਹੈ।

ਪੁਨ = ਫਿਰ ਤਨ = ਸਰੀਰ ਦਾ ਅਭਿਮਾਨ = ਅਹੰ ਭਾਵ ਕਹਾਂ = ਕਿੱਥੇ ਰਹੈ = ਰਹਿੰਦਾ ਹੈ ਭਾਵ ਨਹੀਂ ਰਹਿੰਦਾ।

## ਅਪਨ ਸਰੂਪ; ਜਥਾਰਥ ਲਹੈ॥੧੮॥

ਫਿਰ ਆਪਣਾ ਜੋ ਜਥਾਰਥ = ਸ਼ਾਖਸਾਤ, ਅਸਲੀ ਸਰੂਪ ਹੈ, ਉਸਨੂੰ ਲਹੈ = ਪ੍ਰਾਪਤ ਕਰ ਲੈਂਦਾ ਹੈ॥੧੮॥

## ਉਰ ਸਿਮਰਣ; ਆਤਮ ਵਿੱਗਯਾਨ।

ਉਰ = ਹਿਰਦੇ ਵਿਚ ਸਿਮਰਣ ਦੇ ਪ੍ਰਤਾਪ ਨਾਲ ਨਿਧਿਆਸਣ ਕਰਦਿਆਂ ਆਤਮਾ ਦਾ ਵਿੱਗਯਾਨ = ਵਿਸ਼ੇਸ਼ ਕਰਕੇ ਗਿਆਨ ਭਾਵ ਸਾਖਿਆਤਾਕਾਰ ਵਾਲਾ ਗਿਆਨ ਪ੍ਰਾਪਤ ਹੋ ਜਾਂਦਾ ਹੈ।

## ਗਯਾਨ ਵਿੱਗਯਾਨ; ਪ੍ਰਕਾਸ਼ ਮਹਾਨ।

ਫਿਰ ਗਯਾਨ = ਪ੍ਰੋਖ ਗਿਆਨ, ਵਿੱਗਯਾਨ = ਅਪ੍ਰੋਖ ਗਿਆਨ ਦਾ ਮਹਾਨ ਪ੍ਰਕਾਸ਼ ਹੋ ਜਾਂਦਾ ਹੈ ਭਾਵ ਤੂਲਾਵਿਦਯਾ ਦਾ ਵਿਰੋਧੀ ਭਾਵ ਪ੍ਰੋਖ ਗਿਆਨ ਤੇ ਮੂਲਾਵਿਦਯਾ ਦਾ ਵਿਰੋਧੀ ਭਾਵ ਅਪ੍ਰੋਖ ਗਿਆਨ।

[**ਛੇ ਪ੍ਰਮਾਣ ਚਲੇ**]: ਹੁਣ ਛੇ ਪ੍ਰਮਾਣਾਂ ਦਾ ਵਿਚਾਰ ਚੱਲਿਆ।

## ਖਟ ਪ੍ਰਮਾਣ; ਕਰ ਲਹਯੋ ਪ੍ਰਕਾਸ਼।

ਆਤਮਾ ਦਾ ਪ੍ਰਕਾਸ਼ ਖਟ = ਛੇ ਪ੍ਰਮਾਣਾਂ ਕਰ ਕੇ ਲਹਯੋ = ਲਿਆ ਜਾਂਦਾ ਹੈ ਭਾਵ ਜਗਿਆਸੂ ਨੂੰ ਸਮਝਾਉਣ ਵਾਸਤੇ ਛੇ ਪ੍ਰਮਾਣਾਂ ਦੁਆਰਾ ਸਮਝਾਉਣ ਦੀ ਕਲਪਨਾ ਕੀਤੀ ਗਈ ਹੈ।

## ਤਿਨ ਤੇ; ਭਈ ਅਵਿੱਦ੍ਯਾ ਨਾਸ਼ ॥੧੯॥

ਤਿਨ = ਉਹਨਾਂ ਛੇ ਪ੍ਰਮਾਣਾਂ ਦੇ ਪ੍ਰਕਾਸ਼ ਤੇ = ਤੋਂ ਜੋ ਅਵਿੱਦ੍ਯਾ ਹੈ, ਉਹ ਨਾਸ਼ ਹੋ ਜਾਂਦੀ ਹੈ ॥੧੯॥

## ਅਪਨ ਮੋਹ; ਕਾਰਜ ਕਹੁ ਕਰਿਬੇ।

ਮੋਹ ਆਦਿਕ ਆਪਣੇ ਕਾਰਜ ਕਰਿਬੇ = ਕਰਨੇ ਨੂੰ।

## ਨਹੀਂ ਅਵਿੱਦ੍ਯਾ; ਸਮਰਥ ਧਰਿਬੇ।

ਧਰਿਬੇ = ਧਾਰਨ ਕਰਨੇ ਨੂੰ ਅਵਿੱਦ੍ਯਾ ਸਮਰਥ = ਸ਼ਕਤੀਵਾਨ ਨਹੀਂ ਰਹਿੰਦੀ।

## ਸੋ ਪ੍ਰਮਾਣ ਖਟ; ਸੁਨਿ ਚਿਤ ਲਾਇ।

ਹੁਣ ਸੋ = ਉਹ ਖਟ = ਛੇ ਪ੍ਰਮਾਣ ਚਿੱਤ ਲਾਇ = ਲਾ ਕੇ ਸੁਨਿ = ਸੁਣਨਾ ਕਰੋ।

## ਜਿਸ ਤੇ ਸੰਸੇ; ਸਭਿ ਬਿਨਸਾਇ ॥੨੦॥

ਜਿਸ ਤੇ = ਤੋਂ ਸਭਿ = ਸਾਰੇ ਸੰਸੇ ਬਿਨਸਾਇ = ਨਾਸ਼ ਹੋ ਜਾਣਗੇ ॥੨੦॥

[੧. **ਸ਼ਬਦ ਪ੍ਰਮਾਣ**] ਹੁਣ ਸ਼ਬਦ ਪ੍ਰਮਾਣ ਦੀ ਵਿਆਖਿਆ ਕਰਨਗੇ।

## ਬੇਦ ਰੁ ਸਤਿਗੁਰ ਸ਼ਬਦ; ਜੁ ਸੁਨਿ ਕਰਿ।
## ਮਹਾਂਵਾਕ ਤੇ; ਨਿਰਨੈ ਉਰ ਧਰਿ।

(ਪਾਠਾਂਤ੍ਰ ਬੇਦ ਸ਼ਾਸਤ੍ਰ ਗੁਰ ਸ਼ਬਦ ਜੁ ਸੁਨਿ ਕਰਿ)

***ਨੋਟ :*** ਅਰਥ ਵਾਸਤੇ ਅੰਨਵੈ ਕਰਨਾ।

ਵੇਦ ਦੇ ਮਹਾਂਵਾਕ (ਤੱਤ੍ਵਮਸੀ, ਪ੍ਰਗ੍ਯਾਨਮੰਦ ਬ੍ਰਹਮ, ਅਹੰ ਬ੍ਰਹਮਾਸਮੀ, ਆਯੰ ਆਤਮਾ ਬ੍ਰਹਮ) ਸੁਣ ਕਰਕੇ ਕਿ ਜੋ ਬ੍ਰਹਮ ਹੈ ਉਹੀ ਆਤਮਾ ਹੈ, ਜੋ ਆਤਮਾ ਹੈ, ਉਹੀ ਬ੍ਰਹਮ ਹੈ। ਇਉਂ ਵੇਦ ਦੇ ਮਹਾਂਵਾਕ ਰੂਪ ਸ਼ਬਦਾਂ ਦੁਆਰਾ ਜਾਨਣਾ ਰੁ = ਅਤੇ ਸਤਿਗੁਰੂ ਜੀ ਦੀ ਸ਼ਬਦ = ਬਾਣੀ ਦੇ ਜੋ ਸ਼ਬਦ ਹਨ ਜਿਨ੍ਹਾਂ ਵਿਚ ਆਤਮਾ ਪਰਮਾਤਮਾ ਦੀ ਅਭੇਦਤਾ ਦੀ ਗੱਲ ਕਥਨ ਕੀਤੀ ਹੋਈ ਹੈ। ਜੈਸਾ ਕਿ :

**ਆਤਮਾ ਪਰਾਤਮਾ ਏਕੋ ਕਰੈ ॥** *(ਧਨਾਸਰੀ ਮ: ੧, ਅੰਗ ੬੬੧)*

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥** *(ਆਸਾ ਮ: ੩, ਅੰਗ ੪੪੨)*

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥** *(ਆਸਾ ਮ: ੧, ਅੰਗ ੩੫੪)*

**ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥੮੭॥** *(ਸਲੋਕ ਭਗਤ ਕਬੀਰ ਜੀ, ਅੰਗ ੧੩੬੯)*

ਇਹਨਾਂ ਨੂੰ ਸੁਣ ਕਰਕੇ ਨਿਰਣਾ ਕਰਕੇ ਉਰ = ਹਿਰਦੇ ਵਿਚ ਧਰਿ = ਧਾਰਨ ਕਰਨਾ ਕਿ ਆਤਮਾ ਤੇ ਬ੍ਰਹਮ ਇੱਕੋ ਸਰੂਪ ਹਨ ਭਾਵ ਵੇਦ ਦੇ ਮਹਾਂਵਾਕ ਜਾਂ ਸਤਿਗੁਰੂ ਜੀ ਦੀ ਗੁਰਬਾਣੀ ਦੇ ਸ਼ਬਦਾਂ ਦੁਆਰਾ ਬ੍ਰਹਮ ਤੇ ਆਤਮਾ ਨੂੰ ਇਕ ਜਾਨਣਾ।

## 'ਸ਼ਬਦ ਪ੍ਰਮਾਣ'; ਇਹੀ ਇਕ ਜਾਨ।

ਇਹੀ ਇਕ ਸ਼ਬਦ ਪ੍ਰਮਾਣ ਜਾਨ = ਜਾਣ ਲਉ।

## ਬ੍ਰਹਮ ਆਤਮਾ; ਨਿਰਨੈ ਠਾਨਿ ॥੨੧॥

ਜਿਹੜੇ ਬ੍ਰਹਮ ਤੇ ਆਤਮਾ ਦੇ ਨਿਰਨੈ = ਵਿਚਾਰ ਕਰਨ ਵਾਲੇ ਗੁਰੂ ਦੇ ਸ਼ਬਦ ਜਾਂ ਮਹਾਂਵਾਕ ਹਨ, ਇਹਨਾਂ ਨੂੰ ਹਿਰਦੇ ਵਿਚ ਠਾਨਿ = ਧਾਰਨ ਕਰ ਲਵੋ ਕਿ ਇਸ ਦਾ ਨਾਮ ਸ਼ਬਦ ਪ੍ਰਮਾਣ ਹੈ॥੨੧॥

[੨. **ਅਨੁਮਾਨ ਪ੍ਰਮਾਣ**] ਹੁਣ ਅਨੁਮਾਨ ਪ੍ਰਮਾਣ ਦੀ ਵਿਚਾਰ ਕਰਨਗੇ :

## ਦੂਸਰ ਜੋ; ਅਨੁਮਾਨ ਕਹਿਤ ਹੈਂ।

ਜੋ = ਜਿਹੜਾ ਦੂਸਰ = ਦੂਸਰਾ ਪ੍ਰਮਾਣ ਹੈ, ਉਸ ਨੂੰ ਅਨੁਮਾਨ ਪ੍ਰਮਾਣ ਕਹਿਤ = ਕਿਹਾ ਜਾਂਦਾ ਹੈ।

## ਚਿੰਨ੍ਹ ਦੇਖਿ ਕਰਿ; ਵਸਤੁ ਲਹਤਿ ਹੈਂ।

ਚਿੰਨ੍ਹ = ਨਿਸ਼ਾਨੀ ਦੇਖ ਕਰ ਕੇ ਭਾਵ ਲਖਸ਼ਣ ਦੇਖ ਕੇ ਵਸਤੂ ਨੂੰ ਸਮਝ ਲਹਤਿ = ਲਿਆ ਜਾਂਦਾ ਹੈ, ਜਿਵੇਂ ਧੂੰਆਂ ਵੇਖ ਕੇ ਅੱਗ ਦਾ ਅਨੁਮਾਨ ਹੋ ਜਾਂਦਾ ਹੈ ਕਿਉਂਕਿ ਧੂੰਆਂ ਅੱਗ ਤੋਂ ਬਿਨਾਂ ਨਹੀਂ ਹੁੰਦਾ।

## ਮਨ ਚੱਖਜਾਦਿ; ਸੁਤੇ ਜੜ ਜੋਇ।

ਜੋਇ = ਜੋ ਮਨ = ਅੰਤਸ਼ਕਰਨ ਭਾਵ ਮਨ, ਬੁੱਧ, ਚਿੱਤ, ਹੰਕਾਰ ਅਤੇ ਚੱਖਜਾਦਿ = ਨੇਤਰ, ਕੰਨ, ਨਾਸਿਕਾ, ਰਸਨਾ, ਚਮੜੀ ਹਨ, ਇਹ ਸਾਰੇ ਸੁਤੇ ਹੀ ਜੜ੍ਹ ਰੂਪ ਹਨ।

## ਜਿਸ ਤੇ ਗਯਾਨ; ਪਾਇ ਸਭਿ ਕੋਇ ॥੨੨॥

ਜਿਸ ਆਤਮਾ ਤੇ = ਤੋਂ ਇਹ ਸਾਰੇ ਕੋਈ ਭਾਵ ਅੰਤਸ਼ਕਰਨ ਤੇ ਗਿਆਨ ਇੰਦ੍ਰੇ ਗਿਆਨ ਪਾਇ = ਪ੍ਰਾਪਤ ਕਰਦੇ ਹਨ, ਭਾਵ ਮਨ ਵਿਚ ਸੰਕਲਪ-ਵਿਕਲਪ, ਬੁੱਧ ਵਿਚ ਪਦਾਰਥ ਦਾ ਨਿਸ਼ਠਾ, ਚਿੱਤ ਵਿਚ ਚਿੱਤਵਣੀ, ਹੰਕਾਰ ਅਹੰ ਬਿਰਤੀ ਅਤੇ ਨੇਤਰ ਦੁਆਰਾ ਸਰੂਪ ਦਾ ਦੇਖਣਾ, ਕੰਨਾਂ ਦੁਆਰਾ ਸ਼ਬਦ ਗ੍ਰਹਿਣ ਕਰਨਾ, ਨਾਸਿਕਾ ਦੁਆਰਾ ਸੁਗੰਧੀ, ਦੁਰਗੰਧੀ, ਰਸਨਾ ਦੁਆਰਾ ਰਸ ਚੱਖਣਾ, ਚਮੜੀ ਦੁਆਰਾ ਸਪਰਸ਼ਤਾ ਇਹ ਸਾਰੇ ਗਿਆਨ ਆਪਣੇ ਆਪ ਤੋਂ ਪ੍ਰਾਪਤ ਨਹੀਂ ਕਰ ਸਕਦੇ, ਕਿਉਂਕਿ ਇਹ ਜੜ੍ਹ ਹਨ, ਇਹ ਜਿਸ ਦੇ ਕਰਕੇ ਜਾਣੇ ਜਾਂਦੇ ਹਨ॥੨੨॥

## ਸੋ ਆਤਮ ਹੈ; ਜਾਨਯੋਂ ਜਾਇ।

ਸੋ = ਉਹ ਆਤਮਾ ਹੀ ਹੈ, ਇਸ ਅਨੁਮਾਨ ਦੁਆਰਾ ਜਾਣਿਆ ਜਾਇ = ਜਾਂਦਾ ਹੈ, ਭਾਵ ਮਨ ਇੰਦ੍ਰਿਆਂ ਦੀ ਚੇਸ਼ਟਾ ਦੇਖ ਕੇ ਇਹਨਾਂ ਨੂੰ ਸਫੁਰਨ ਕਰਨ ਵਾਲੇ ਕਰਤਾ ਆਤਮਾ ਦਾ ਅਨੁਮਾਨ ਹੁੰਦਾ ਹੈ।

## ਸਾਖੀ ਤੀਨ ਅਵਸਥਾ; ਗਾਇ।

ਉਹ ਆਤਮਾ ਤੀਨ = ਤਿੰਨ ਅਵਸਥਾ (ਜਾਗ੍ਰਤ, ਸੁਪਨ, ਸੁਖੋਪਤੀ) ਦਾ ਵੀ ਸਾਖੀ = ਪ੍ਰਕਾਸ਼ਕ ਗਾਇ = ਕਹੀਦਾ ਹੈ ਭਾਵ ਉਹ ਜਾਗ੍ਰਤ ਅਵਸਥਾ ਦਾ ਵੀ ਪ੍ਰਕਾਸ਼ਕ ਹੈ ਜਿਸ ਕਰਕੇ ਇਹ ਸਮਝਦਾ ਹੈ ਕਿ ਮੈਂ ਜਾਗਦਾ ਹਾਂ, ਸੁਪਨ ਅਵਸਥਾ ਦਾ ਵੀ ਪ੍ਰਕਾਸ਼ਕ ਹੈ, ਜਿਸ ਕਰਕੇ ਕਹਿੰਦਾ ਹੈ ਕਿ ਮੈਨੂੰ ਸੁਪਨਾ ਆਇਆ ਹੈ, ਸੁਖੋਪਤੀ ਅਵਸਥਾ ਦਾ ਵੀ ਪ੍ਰਕਾਸ਼ਕ ਹੈ, ਜਿਸ ਕਰਕੇ ਗੂੜ੍ਹੀ ਨੀਂਦ ਤੋਂ ਉੱਠ ਕੇ ਕਹਿੰਦਾ ਮੈਂ ਬੜੀ ਸੁੱਖਾਂ ਦੀ ਨੀਂਦ ਵਿਚ ਸੁੱਤਾ ਰਿਹਾ, ਬੜਾ ਆਨੰਦ ਆਇਆ, ਇਹਨਾਂ ਸਾਰੀਆਂ ਅਵਸਥਾਂ ਨੂੰ ਪ੍ਰਕਾਸ਼ਣ ਵਾਲੀ ਆਤਮਾ ਹੀ ਹੈ।

## ਨਿਤ ਸੁਧ ਸੱਤਿ; ਜੁ ਪਰਮਾਨੰਦ।

ਜੁ = ਜੋ ਆਤਮਾ ਨਿੱਤ = ਹਮੇਸ਼ਾਂ ਹੈ, ਸੁੱਧ = ਪਵਿੱਤਰ ਰੂਪ ਹੈ, ਸੱਤਿ = ਨਾਸ਼ ਤੋਂ ਰਹਿਤ ਹੈ ਤੇ ਪਰਮਾਨੰਦ = ਵੱਡਾ ਆਨੰਦ ਸਰੂਪ ਹੈ।

## ਸ਼੍ਰਵਣ ਕਰਯੋ; ਜੋ ਪ੍ਰਥਮ ਬਿਲੰਦ ॥੨੩॥

ਜੋ ਪ੍ਰਥਮ = ਪਹਿਲਾਂ ਮਹਾਂਵਾਕ ਤੇ ਗੁਰੂ ਦੇ ਉਪਦੇਸ਼ ਦੁਆਰਾ ਬਿਲੰਦ = ਵੱਡਾ ਸ਼੍ਰਵਣ = ਸੁਣਨਾ ਕਰਯੋ = ਕੀਤਾ ਸੀ ॥੨੩॥

## ਸ਼ਬਦ, ਸਪਰਸ਼, ਰੂਪ, ਰਸ, ਗੰਧ।

ਸ਼ਬਦ, ਸਪਰਸ਼, ਰੂਪ, ਰਸ, ਗੰਧ ਸੂਖਮ ਵਿਸ਼ੇ।

## ਜਿਸ ਤੇ ਲਖਤਿ; ਇੰਦ੍ਰੈ ਸੰਬੰਧ।

(ਪਾਠਾਂਤ੍ਰ ਲਖਤਿੰਦ੍ਰੈ, ਲਖੀਅਤ ਇੰਦ੍ਰੈ)

ਜਿਸ ਆਤਮਾ ਦੇ ਸੰਬੰਧ ਤੇ = ਤੋਂ ਇੰਦ੍ਰੈ ਆਪਣੇ ਆਪਣੇ ਵਿਸ਼ੇ ਨੂੰ ਲਖਤਿ = ਜਾਣ ਲੈਂਦੇ ਹਨ।

## ਸੋ ਆਤਮ; ਸਾਖੀ ਹੈ ਕੋਇ।

ਇਹਨਾਂ ਤੋਂ ਅਨੁਮਾਨ ਲੱਗ ਜਾਂਦਾ ਹੈ ਕਿ ਸੋ = ਉਹ ਕੋਈ ਆਤਮਾ ਸਾਖੀ = ਪ੍ਰਕਾਸ਼ ਕਰਨ ਵਾਲਾ ਹੈ, ਇਹ ਗੱਲ ਨਿਸ਼ਚੇ ਵਾਲੀ ਹੈ।

## ਇਮ ਜਬਿ; ਸਮਝ ਬਿਲੋਕਨ ਹੋਇ ॥੨੪॥

ਇਮ = ਇਉਂ ਜਬਿ = ਜਦੋਂ ਸਮਝ = ਸਿਆਣਪ ਨਾਲ ਬਿਲੋਕਨ = ਦੇਖਣਾ ਹੋਇ = ਹੁੰਦਾ ਹੈ ॥੨੪॥

## ਇਸ ਕੋ ਨਾਮ; ਜਾਨ 'ਅਨੁਮਾਨ'।

ਇਸ ਕੋ = ਦਾ ਨਾਮ ਅਨੁਮਾਨ ਪ੍ਰਮਾਣ ਜਾਨ = ਜਾਨਣਾ ਕਰੋ।

[੩. **ਉਪਮਾਨ ਪ੍ਰਮਾਣ**] ਹੁਣ ਉਪਮਾਨ ਪ੍ਰਮਾਣ ਦੀ ਵਿਆਖਿਆ ਕਰਨਗੇ।

## ਸ਼੍ਰਵਣ ਉਪਰੰਤ; ਮਨਨਿ ਇਸ ਜਾਨ।

ਸ਼੍ਰਵਣ, ਮੰਨਣ ਤੇ ਨਿਧਿਆਸਣ ਤੋਂ ਉਪਰੰਤ ਇਸ ਗਿਆਨ ਦੁਆਰਾ ਜਾਣ ਕਿ ਉਹ:

## ਸੱਤਿ, ਨਿਰੰਸ; ਅਨੰਤ, ਅਖੰਡ।

ਬ੍ਰਹਮ ਆਤਮਾ ਸੱਤਿ = ਨਾਸ਼ ਤੋਂ ਰਹਿਤ ਹੈ, ਨਿਰੰਸ (ਨਿਰ+ਅੰਸ) ਅੰਸ = ਹਿੱਸਿਆਂ ਤੋਂ ਨਿਰ = ਰਹਿਤ ਹੈ ਭਾਵ ਉਸ ਦੇ ਵੱਖਰੇ-ਵੱਖਰੇ ਹਿੱਸੇ ਨਹੀਂ ਹਨ, ਅਨੰਤ = ਅੰਤ ਤੋਂ ਰਹਿਤ ਹੈ ਤੇ ਅਖੰਡ = ਇਕ-ਰਸ **ਵਾ:** ਉਹ ਖੰਡ = ਟੁਕੜੇ ਤੋਂ ਅ = ਰਹਿਤ ਹੈ ਭਾਵ ਇਕ-ਰਸ ਹੈ।

## ਵਹਿਰੰਤਰ; ਪੂਰਨ ਬ੍ਰਹਿਮੰਡ ॥੨੫॥

ਉਹ ਵਹਿਰੰਤਰ = ਬਾਹਰ ਅੰਦਰ ਸਾਰੇ ਬ੍ਰਹਿਮੰਡ ਵਿਚ ਪੂਰਨ ਹੈ ॥੨੫॥

## ਬਜਾਪਕ ਹੈਂ; ਅਕਾਸ਼ ਕੀ ਨਜਾਈਂ।

ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ ਕਿ ਉਹ ਬ੍ਰਹਮ ਆਤਮਾ ਆਕਾਸ਼ ਦੀ ਨਿਆਈਂ ਵਿਆਪਕ ਹੈ ਜਿਵੇਂ ਆਕਾਸ਼ ਵਿਆਪਕ ਹੈ ਉਸੇ ਤਰ੍ਹਾਂ ਬ੍ਰਹਮ ਆਤਮਾ ਵਿਆਪਕ ਹੈ।

## ਘਟ ਮਟ ਮਹਿਂ; ਲਖੀਏ ਸਭਿ ਥਾਈਂ।

ਜਿਵੇਂ ਘਟ = ਘੜੇ ਵਿਚ, ਮਟ = ਮਕਾਨ ਮਹਿ = ਵਿਚ, ਸਭਿ = ਸਾਰੀਆਂ ਥਾਈਂ = ਥਾਵਾਂ ਤੇ ਲਖੀਏ = ਜਾਣ ਲਉ ਕਿ ਆਕਾਸ਼ ਵਿਆਪਕ ਹੈ।

## ਇਹ 'ਉਪਮਾਨ ਪ੍ਰਮਾਣ' ਲਖੀਜੈ।

ਇਸ ਦਾ ਨਾਮ ਉਪਮਾਨ ਪ੍ਰਮਾਣ ਲਖੀਜੈ = ਜਾਣ ਲਉ, ਭਾਵ (ਉਪਮ+ਅਨ) ਅਨ = ਹੋਰ ਦੂਸਰੇ ਦੀ ਉਪਮਾ ਦੇ ਕੇ ਸਮਝਾਇਆ ਜਾਵੇ। ਸੋ ਉਹ ਉਪਮਾਨ ਪ੍ਰਮਾਣ ਹੈ, ਜਿਵੇਂ ਘਟਾ ਆਕਾਸ਼, ਮਟਾ ਆਕਾਸ਼, ਮੇਘਾ ਆਕਾਸ਼ ਇਹਨਾਂ ਥਾਂਵਾਂ ਤੇ ਮਹਾਂ ਆਕਾਸ਼ ਹੀ ਪਰੀਪੂਰਨ ਹੈ ਇਥੇ ਆਕਾਸ਼ ਦੀ ਉਪਮਾ ਦੇ ਕੇ ਬ੍ਰਹਮ ਆਤਮਾ ਨੂੰ ਸਾਰਿਆਂ ਥਾਂਵਾਂ 'ਤੇ ਪਰੀਪੂਰਨ ਜਣਾਇਆ ਹੈ ਸਿਰਫ਼ ਫ਼ਰਕ ਇਤਨਾ ਹੈ ਕਿ ਆਕਾਸ਼ ਜੜ੍ਹ ਹੈ ਤੇ ਬ੍ਰਹਮ ਚੇਤਨ ਹੈ, ਬਾਕੀ ਵਿਆਪਕਤਾ ਦੇ ਸਭ ਲੱਛਣ ਸਮਾਨ ਹਨ।

## ਜਹਿਂ ਦੂਸਰ ਕੀ; ਸਮ ਜਾਨੀਜੈ ॥੨੬॥

ਜਹਿਂ = ਜਿਥੇ ਸਮਾਨਤਾ ਵਾਲੇ ਦੂਸਰੇ ਕੀ = ਦੀ ਉਪਮਾ ਦੇ ਕੇ ਸਮਝਾਇਆ ਜਾਵੇ ਕਿ ਜੋ ਇਹ ਚੀਜ਼ ਸਾਹਮਣੇ ਹੈ, ਬਿਲਕੁਲ ਇਸ ਵਰਗੀ ਉਹ ਵਸਤੂ ਹੈ, ਇਸ ਦਾ ਨਾਮ ਉਪਮਾਨ ਪ੍ਰਮਾਣ ਜਾਨੀਜੈ = ਜਾਣ ਲਉ ॥੨੬॥

[**੩. ਅਰਥਾਪਤੀ ਪ੍ਰਮਾਣ**] : ਜਿਸ ਤੋਂ ਇਹ ਗੱਲ ਸਿੱਧ ਕਰਨ ਨਾਲ ਦੂਜੀ ਗੱਲ ਆਪ ਹੀ ਸਿੱਧ ਹੋ ਜਾਵੇ, ਜਿਵੇਂ ਕਿਹਾ ਜਾਏ ਕਿ ਮੂਲੇਧਾਰ ਮੀਂਹ ਪੈ ਰਿਹਾ ਹੈ ਇਹ ਦੂਜੀ ਗੱਲ ਆਪ ਹੀ ਸਿੱਧ ਹੋ ਗਈ ਕਿ ਆਕਾਸ਼ ਵਿਚ ਬੱਦਲ ਹਨ, ਨਹੀਂ ਤਾਂ ਮੀਂਹ ਨਹੀਂ ਪੈ ਸਕਦਾ, ਹੁਣ ਅਰਥਾਪਤੀ ਪ੍ਰਮਾਣ ਬਾਰੇ ਕਥਨ ਕਰਨਗੇ। ਹੁਣ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ :

## ਇਹ ਨਰ; ਦੀਖਤ ਪੀਨ ਮਹਾਨ।

ਜਿਵੇਂ ਦੋ ਪੁਰਖ ਖੜੇ ਹੋਣ ਉਹਨਾਂ ਵਿਚੋਂ ਇਕ ਨੇ ਕਿਹਾ ਕਿ ਉਹ ਨਰ = ਪੁਰਸ਼ ਮਹਾਨ = ਬਹੁਤਾ ਹੀ ਪੀਨ = ਮੋਟਾ ਦੀਖਤ = ਦਿੱਸਦਾ ਹੈ ਭਾਵ ਬਹੁਤ ਹੀ ਮੋਟਾ ਡਾਢਾ ਦਿੱਖਦਾ ਹੈ। ਇਹ ਸੁਣ ਕੇ ਦੂਸਰੇ ਨੇ ਕਿਹਾ ਕਿ ਮੋਟਾ-ਤਕੜਾ ਤਾਂ ਹੈ ਮੈਂ ਇਸਨੂੰ ਜਾਣਦਾ ਹਾਂ ਪਰ ਇਹ ਤਾਂ :

## ਦਿਨ ਮਹਿ ਭੋਜਨ; ਕਰੈ ਨ ਖਾਨ।

ਕਦੇ ਦਿਨ ਮਹਿ = ਵਿਚ ਭੋਜਨ ਖਾਨ = ਖਾਣਾ ਨ = ਨਹੀਂ ਕਰੈ = ਕਰਦਾ।

## ਇਸ ਤੇ ਲਖੀਯਤਿ; ਨਿਸ ਮੈਂ ਖਾਇ।

ਤਾਂ ਫੇਰ ਪਹਿਲਾ ਪੁਰਸ਼ ਕਹਿੰਦਾ ਹੈ ਕਿ ਜੇ ਦਿਨੇ ਭੋਜਨ ਨਹੀਂ ਖਾਂਦਾ ਦੇਖਿਆ ਤਾਂ ਇਸਦੇ ਮੋਟਾ ਡਾਢਾ ਹੋਣ ਤੋਂ ਲਖੀਯਤ = ਜਾਣਿਆ ਜਾਂਦਾ ਹੈ ਕਿ ਨਿਸ = ਰਾਤ ਨੂੰ ਜ਼ਰੂਰ ਖਾਇ = ਖਾਂਦਾ ਹੈ।

## ਦੇਹ ਪੀਨਤਾ; ਦੇਤਿ ਜਨਾਇ ॥੨੭॥

ਕਿਉਂਕਿ ਇਸ ਦੇ ਦੇਹ = ਸਰੀਰ ਦਾ ਪੀਨਤਾ = ਮੋਟਾ-ਪਣ ਇਹ ਜਨਾਇ = ਜਣਾ ਰਿਹਾ ਹੈ ਕਿ ਇਹ ਰਾਤ ਨੂੰ ਭੋਜਨ ਖਾਂਦਾ ਹੈ॥੨੭॥

## ਜੌਂ ਇਹ; ਰਾਤ ਅਹਾਰ ਨ ਖਾਇ।

ਜੌਂ = ਜੇਕਰ ਇਹ ਮੋਟਾ ਪੁਰਖ ਰਾਤ ਨੂੰ ਅਹਾਰ = ਭੋਜਨ ਨਾ ਖਾਇ = ਖਾਂਦਾ ਹੋਵੇ।

## ਨਹਿ ਸਰੀਰ; ਮੋਟਾ ਹੁਇ ਜਾਇ।

ਤਾਂ ਫੇਰ ਇਸ ਦਾ ਸਰੀਰ ਮੋਟਾ-ਤੱਕੜਾ ਨਹੀਂ ਹੋ ਜਾਣਾ ਚਾਹੀਦਾ ਸੀ, ਭਾਵ ਇਸ ਦਾ ਸਰੀਰ ਮੋਟਾ ਕਿਵੇਂ ਹੋ ਜਾਂਦਾ।

## ਯਾਂ ਤੇ ਨਿਸ ਮਹਿਂ; ਭੋਜਨ ਖਾਯੋ।

ਯਾਂ ਤੇ = ਇਸ ਕਰਕੇ ਅਨੁਮਾਨ ਲੱਗ ਗਿਆ ਹੈ ਕਿ ਇਹ ਨਿਸ = ਰਾਤ ਮਹਿਂ = ਵਿੱਚ ਭਾਵ ਰਾਤ ਨੂੰ ਭੋਜਨ ਜ਼ਰੂਰ ਖਾਯੋ = ਖਾਂਦਾ ਹੈ।

## ਯਹਿ ਨਿਸ਼ਚੈ; ਨਿਰਨੈ ਠਹਿਰਾਯੋ ॥੨੮॥

ਯਹਿ = ਇਹ ਨਿਸ਼ਚੈ = ਵਿਸ਼ਵਾਸ ਹਿਰਦੇ ਵਿਚ ਨਿਰਣਾ ਕਰਕੇ ਠਹਿਰਾਯੋ = ਧਾਰ ਲਿਆ ਕਿ ਇਹ ਰਾਤ ਦੇ ਭੋਜਨ ਕਰ ਕੇ ਹੀ ਮੋਟਾ ਹੈ॥੨੮॥

## ਤਿਮ ਆਤਮ ਕੇ; ਵਿਖੈ ਵਿਚਾਰੈ।

ਤਿਮ = ਤਿਸ ਪ੍ਰਕਾਰ ਜੋ ਸਿਆਣਾ ਪੁਰਸ਼ ਹੈ, ਉਹ ਆਤਮਾ ਦੇ ਸੰਬੰਧ ਵਿਖੈ = ਵਿਚ ਇਸ ਤਰ੍ਹਾਂ ਵਿਚਾਰ ਕਰਦਾ ਹੈ ਕਿ :

## ਜਾਗ੍ਰਤਿ ਆਦਿ; ਪਦਾਰਥ ਸਾਰੈ।

ਜਾਗ੍ਰਤ ਆਦਿ = ਜਾਗ੍ਰਤ, ਸੁਪਨ ਦੇ ਜੋ ਸਾਰੇ ਪਦਾਰਥ ਹਨ।

## ਜਿਸ ਆਤਮ ਕਰਿ; ਜਾਨੇ ਜਾਹਿਂ।

ਜਾਹਿਂ = ਜਿਸ ਆਤਮਾ ਕਰਕੇ ਹੀ ਜਾਗ੍ਰਤ ਦੇ ਅਸਥੂਲ ਪਦਾਰਥ ਅਤੇ ਸੁਪਨ ਦੇ ਸੂਖਮ ਪਦਾਰਥ ਜਾਣੇ ਜਾਂਦੇ ਹਨ, ਆਤਮਾ ਤੋਂ ਬਿਨਾਂ ਇਹਨਾਂ ਦੀ ਕੋਈ ਹੋਂਦ ਨਹੀਂ ਹੈ।

## ਸੁਖਪਤਿ ਆਦਿ ਅਭਾਵ; ਜਿ ਆਹਿਂ ॥੨੯॥

ਸੁਖੋਪਤੀ ਦੇ ਅਭਾਵ ਆਦਿ ਜਾਣੇ ਹਨ, ਭਾਵ ਕਿ ਹੁਣ ਸੁਖੋਪਤੀ ਅਵਸਥਾ ਨਹੀਂ ਹੈ। ਗੂੜ੍ਹੀ ਨੀਂਦ ਵਿਚ ਮੇਰੀ ਸੁਖੋਪਤੀ ਅਵਸਥਾ ਸੀ, ਹੁਣ ਨਹੀਂ ਹੈ, ਇਹ ਸੁਖੋਪਤੀ ਅਵਸਥਾ ਦਾ ਅਭਾਵ ਆਹਿਂ = ਹੈ ॥੨੯॥

## ਸੋ ਆਤਮ ਹੀ ਕਰਿ; ਸਿੱਧ ਹੋਇ ॥

ਸੋ = ਉਹ ਤਿੰਨੇ ਅਵਸਥਾ (ਜਾਗ੍ਰਤ, ਸੁਪਨ, ਸੁਖੋਪਤੀ) ਆਤਮਾ ਕਰਕੇ ਹੀ ਸਿੱਧ ਹੋਇ = ਹੁੰਦੀਆਂ ਹਨ, ਆਤਮਾ ਤੋਂ ਬਿਨਾਂ ਇਹ ਸਿੱਧ ਨਹੀਂ ਹੋ ਸਕਦੀਆਂ।

## ਸਿੱਧ ਕਰਤਾ ਹੈ; ਅਪਰ ਨ ਕੋਇ।

ਇਹਨਾਂ ਤਿੰਨੇ ਅਵਸਥਾਂ ਨੂੰ ਸਿੱਧ ਕਰਤਾ = ਕਰਨ ਵਾਲਾ ਕੇਵਲ ਆਤਮਾ ਹੀ ਹੈ, ਅਪਰ = ਹੋਰ ਕੋਈ ਨ = ਨਹੀਂ ਹੈ।

## ਜੇ ਕਰਿ; ਹ੍ਵੈ ਨ ਆਤਮ ਪਰੈ।

ਜੇਕਰ ਕਿਤੇ ਆਤਮਾ ਇਹਨਾਂ ਤਿੰਨੇ ਅਵਸਥਾਂ ਤੋਂ ਪਰੇ ਨਾ ਹੋਵੇ ਤਾਂ:

## ਆਦਿ ਅਭਾਵ; ਸਿੱਧ ਕਿਮ ਕਰੈ ? ॥੩੦॥

ਜਾਗ੍ਰਤ ਦੇ ਅਭਾਵ ਨੂੰ ਸੁਪਨ ਦੇ ਅਭਾਵ ਨੂੰ ਸੁਖੋਪਤੀ ਅਵਸਥਾ ਦੇ ਅਭਾਵ ਨੂੰ ਸਿੱਧ ਕਿਮ = ਕਿਵੇਂ ਕਰੇਗਾ ? ਭਾਵ ਨਹੀਂ ਕਰ ਸਕਦਾ, ਜਾਗ੍ਰਤ ਅਵਸਥਾ ਸੀ ਹੁਣ ਨਹੀਂ ਹੈ, ਸੁਪਨ ਅਵਸਥਾ ਸੀ ਹੁਣ ਨਹੀਂ ਹੈ, ਸੁਖੋਪਤੀ ਅਵਸਥਾ ਸੀ ਹੁਣ ਨਹੀਂ ਹੈ ਇਹ ਅਭਾਵ ਕਰਨ ਵਾਲਾ ਇਕ ਆਤਮਾ ਹੀ ਹੈ।

## ਕਾਰਜ ਜਿਸ ਕੋ; ਜਗਤ ਪ੍ਰਤੱਛ।

ਜਿਸ ਬ੍ਰਹਮ ਆਤਮਾ ਕੋ = ਦਾ ਕਾਰਜ ਜਗਤ = ਸੰਸਾਰ ਪ੍ਰਤੱਖ ਦਿੱਸ ਰਿਹਾ ਹੈ।

## 'ਅਰਥਾਪਤਿ' ਵਿਖੈ; ਇਮ ਲੱਛ।

ਅਰਥਾਪਤਿ ਵਿਖੈ = ਵਿਚ ਇਸ ਪ੍ਰਕਾਰ ਦੇ ਲੱਛਣ ਹਨ, ਅਰਥਾਪਤਿ ਭਾਵ ਜਿਸ ਕਾਰਜ ਤੋਂ ਕਾਰਨ ਜਾਣਿਆ ਜਾਵੇ, ਇਸ ਨੂੰ ਅਰਥਾਪਤਿ ਪ੍ਰਮਾਣ ਕਹਿੰਦੇ ਹਨ।

[੫. **ਅਈਤੇਜਕ ਪ੍ਰਮਾਣ**][੧]: ਹੁਣ ਅਈਤੇਜਕ ਪ੍ਰਮਾਣ ਦੀ ਵਿਆਖਿਆ ਕਰਨਗੇ।

## ਕਹਯੋ ਕਿਸੀ ਨੇ; ਇਸ ਤਰੁ ਵਿਖੈ।

ਕਿਸੇ ਮਨੁੱਖ ਨੇ ਦੂਸਰਿਆਂ ਨੂੰ ਕਹਿਣਾ ਕੀਤਾ ਕਿ ਇਹ ਜੋ ਸਾਹਮਣੇ ਤਰੁ = ਦਰੱਖ਼ਤ ਖੜਾ ਹੈ ਇਸ ਦੇ ਵਿਖੈ = ਵਿਚਕਾਰ।

## ਯੱਖਯ ਬਸਤਿ ਹੈ, ਕਿਸ ਨਹਿਂ ਪਿਖੈ ॥੩੧॥

ਯੱਖਯ = ਦੇਵਤਿਆਂ ਦੀ ਇਕ ਖ਼ਾਸ ਜਾਤੀ ਜੋ ਬ੍ਰਹਮਾ ਦੇ ਤਮੋ ਗੁਣ ਤੋਂ ਪੈਦਾ ਹੋਏ ਤੇ ਕੁੰਬੇਰ ਦੀ

---

੧. ਸ਼ੁੱਧ ਪਾਠ ਐਤਿਹਯ ਪ੍ਰਮਾਣ ਤੇ ਭਾਈ ਸਾਹਿਬ ਜੀ ਨੇ ਤਾਂ ਇਹ ਪਾਠ (ਐਤਿਹਯ ਪ੍ਰਮਾਣ) ਸ਼ੁੱਧ ਹੀ ਲਿਖਿਆ ਹੋਵੇਗਾ, ਪਰ ਅੱਗੇ ਉਤਾਰਿਆਂ ਵਿਚ ਪਾਠ ਅਈਤੇਜਕ ਹੋ ਗਿਆ।

ਸੇਵਾ ਵਿਚ ਹਾਜ਼ਰ ਰਹਿੰਦੇ ਹਨ, ਇਥੇ ਉਹਨਾਂ ਯਕਸ਼ ਦੇ ਵਿਚੋਂ ਇਕ ਯਕਸ਼ ਰਹਿੰਦਾ ਹੈ, ਪਰ ਕਿਸੇ ਨੇ ਪਿਖੈ = ਦੇਖਿਆ ਨਹੀਂ।

## ਜਾਨਯੋਂ ਜਾਇ ਨ; ਕਿਯ ਅਨੁਮਾਨ।

ਪ੍ਰਤੱਖ ਨਹੀਂ ਜਾਣਿਆ ਜਾਂਦਾ ਹੈ ਤੇ ਪਰ ਅਨੁਮਾਨ = ਅੰਦਾਜ਼ਾ ਲਾ ਲਿਆ ਕੇ ਹੈ।

## ਨਹਿ ਕਿਹ; ਸ਼ਾਸਤ੍ਰਹਿ ਕੀਨ ਬਖਾਨ।

ਨਹਿ = ਨਾ ਹੀ ਕਿਹ = ਕਿਸੇ ਸ਼ਾਸਤ੍ਰਹਿ = ਗ੍ਰੰਥ ਵਿਚ ਬਖਾਨ = ਕਥਨ ਕੀਨ = ਕੀਤਾ ਹੋਇਆ ਹੈ ਕਿ ਇਥੇ ਕੋਈ ਯਕਸ਼ ਰਹਿੰਦਾ ਹੈ ਜਾਂ ਕੋਈ ਗੁਪਤ ਰੂਹ ਦਾ ਵਾਸਾ ਹੈ।

## ਪਰੰਪਰਾ ਸੁਨਿਬੇ; ਮਹਿ ਆਵੈ।

ਪਰ ਇਹ ਪਰੰਪਰਾ ਅੱਗੇ ਤੋਂ ਅੱਗੇ ਸੁਨਿਬੇ = ਸੁਣਨ ਦੇ ਮਹਿ = ਵਿਚ ਆਈ ਜਾ ਰਹੀ ਹੈ ਕਿ ਇਸ ਬ੍ਰਿਛ ਦੇ ਵਿਚ ਕੋਈ ਗੁਪਤ ਰੂਹ ਹੈ ਜਿਵੇਂ ਗੁਰੂ ਤੇਗ ਬਹਾਦਰ ਸਾਹਿਬ ਯਾਤਰਾ ਕਰਦੇ ਹੋਏ ਮੌੜ ਮੰਡੀ ਦੇ ਪਾਸ ਆਏ ਸਨ ਉਥੇ ਇਕ ਜਗ੍ਹਾ ਅਜਿਹੀ ਸੀ, ਜਿਥੇ ਲੋਕ ਕਹਿੰਦੇ ਸਨ ਇਥੇ ਪ੍ਰੇਤ ਦਾ ਵਾਸਾ ਹੈ ਤਾਂ ਮਹਾਰਾਜ ਜੀ ਘੋੜੇ ਸਮੇਤ ਉਥੇ ਚਲੇ ਗਏ ਤਾਂ ਲੋਕਾਂ ਨੇ ਕਿਹਾ ਮਹਾਰਾਜ ਜੀ ਇਥੇ ਨਾ ਨਿਵਾਸ ਕਰੋ ਇਥੇ ਤੱਕੜਾ ਹੀ ਪ੍ਰੇਤ ਰਹਿੰਦਾ ਹੈ, ਮਹਾਰਾਜ ਨੇ ਕਿਹਾ ਜਿੰਨਾ ਚਿਰ ਅਸੀਂ ਨਹੀਂ ਸੀ ਆਏ ਉਤਨਾ ਚਿਰ ਤਾਂ ਹੈ ਸੀ, ਪਰ ਹੁਣ ਇਥੇ ਨਹੀਂ ਰਹੇਗਾ, ਇਹ ਇਕ ਦਰੱਖ਼ਤ ਦਾ ਘੇਰਾ ਸੀ ਉਥੇ ਡਰਦਾ ਕੋਈ ਨੇੜੇ ਤੇੜੇ ਨਹੀਂ ਸੀ ਜਾਂਦਾ, ਗੁਰੂ ਸਾਹਿਬ ਨੇ ਉਸ ਪ੍ਰੇਤ ਆਤਮਾ ਦੀ ਉਥੋਂ ਨਵਿਰਤੀ ਕੀਤੀ, ਇਹ ਇਕ ਇਤਿਹਾਸਕ ਪ੍ਰਮਾਣ ਹੈ ਜਿਵੇਂ ਇਥੇ ਪਰੰਪਰਾ ਅਨੁਸਾਰ ਲੋਕਾਂ ਦਾ ਕਥਨ ਸੀ ਕਿ ਇਥੇ ਪ੍ਰੇਤ ਆਤਮਾ ਵੱਸ ਰਹੀ ਹੈ, ਨਾ ਕਿਸੇ ਗ੍ਰੰਥ ਵਿਚ ਲਿਖਿਆ ਹੈ ਪਰ ਅੱਗੇ ਤੋਂ ਅੱਗੇ ਸੁਣ ਕੇ ਅਨੁਮਾਨ ਭਾਵ ਅੰਦਾਜ਼ਾ ਲਾ ਲਿਆ ਹੈ ਕਿ ਇਹ ਇਕ ਚੱਲਦੀ ਵਿਚਾਰ ਸਮਝਣ ਵਾਸਤੇ ਇਤਿਹਾਸਕ ਪੱਖ ਦਿੱਤਾ ਹੈ, ਇਸ ਦਾ ਨਾਮ :

## 'ਅਈਤੇਜਕ ਪਰਮਾਣ' ਕਹਾਵੈ ॥੩੨॥

ਅਈਤੇਜਕ ਪ੍ਰਮਾਣ ਕਹਾਵੈ = ਕਿਹਾ ਜਾਂਦਾ ਹੈ ॥੩੨॥

## ਤਿਮ ਆਤਮ; ਇਹ ਕਹੈਂ ਸਨਾਤਨ।

ਤਿਮ = ਤਿਵੇਂ ਆਤਮਾ ਨੂੰ ਸਨਾਤਨ = ਪਹਿਲਾ ਤੋਂ ਪਹਿਲਾ ਰਿਸ਼ੀਆਂ ਮੁਨੀਆਂ, ਸੰਤਾਂ, ਭਗਤਾਂ, ਅਵਤਾਰਾਂ ਦੇ ਰਾਹੀਂ ਇਹ ਕਿਹਾ ਜਾਂਦਾ ਹੈ ਕਿ ਸਰੀਰ ਦੇ ਵਿਚ ਆਤਮਾ ਰੂਪ ਹੋ ਕੇ ਪਰਮਾਤਮਾ ਵੱਸ ਰਿਹਾ ਹੈ। ਜੈਸਾ ਕਿ :

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥**
**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**
**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥** *(ਧਨਾਸਰੀ ਮ: ੯, ਅੰਗ ੬੮੪)*

ਵਾ: ਹਿਰਦੈ ਕਮਲ ਮਹਿ ਹਰਿ ਕਾ ਬਾਸ। *(ਗਉੜੀ ਭਗਤ ਕਬੀਰ ਜੀ, ਅੰਗ ੩੪੪)*

## ਪਰੰਪਰਾ; ਸਭਿ ਕਥੈਂ ਪੁਰਾਤਨ।

ਇਹ ਪੁਰਾਤਨ ਸਿਧਾਂਤ ਨੂੰ ਪਰੰਪਰਾ = ਸਿਲਸਿਲੇ ਵਾਰ ਸਭਿ = ਸਾਰੇ ਕਥੈਂ = ਕਥਨ ਕਰਦੇ ਆ ਰਹੇ ਹਨ ਕਿ ਪਰਮਾਤਮਾ ਅਤੇ ਆਤਮਾ ਦਾ ਸੰਬੰਧ ਅਤੁੱਟ ਹੈ ਅਤੇ ਸਰੀਰ ਵਿਚ ਰਹਿ ਕੇ ਦੇਹ ਇੰਦ੍ਰਿਆਂ ਨੂੰ ਸੱਤਾ ਦੇ ਰਿਹਾ ਹੈ।

## ਸੱਤਿ ਪਰਾਤਮ; ਈਸ਼ੁਰ ਜੋਇ।

ਜੋਇ = ਜੋ ਪਰਾਤਮ = ਪਰਮਾਤਮਾ ਸੱਤ ਸਰੂਪ ਹੈ ਭਾਵ ਨਾਸ ਤੋਂ ਰਹਿਤ ਹੈ, ਉਹ ਮਾਇਆ ਸਬਲ ਹੋ ਕੇ ਈਸ਼ਵਰ ਕਹਾਉਂਦਾ ਹੈ ਅਤੇ :

## ਸਭਿ ਕੋ ਅਹੈ; ਆਤਮਾ ਸੋਇ ॥੩੩॥

ਸੋਇ = ਉਹੀ ਬ੍ਰਹਮ ਸਭਿ = ਸਾਰਿਆਂ ਕੋ = ਦਾ ਆਤਮਾ ਵੀ ਅਹੈ = ਹੈ, ਇਸ ਦਾ ਨਾਮ ਐਤਿਹਜ ਪ੍ਰਮਾਣ ਹੈ ਤੇ ਪ੍ਰਚਲਿਤ ਅਈਤੇਜਕ ਹੈ ॥੩੩॥

[**੬. ਪ੍ਰਤੱਖਯ**] : ਹੁਣ ਪ੍ਰਤੱਖਯ ਪ੍ਰਮਾਣ ਦਾ ਰੂਪ ਦੱਸਣਗੇ :

## ਅਬਿ ਪ੍ਰਤੱਖਯ; ਸੁਨਿ ਨੀਕੇ ਉਰ ਧਰਿ।

ਹੇ ਖਾਲਸਾ ਜੀ ! ਅਬਿ = ਹੁਣ ਪ੍ਰਤੱਖਯ ਪ੍ਰਮਾਣ ਨੂੰ ਨੀਕੇ = ਚੰਗੀ ਤਰ੍ਹਾਂ ਸੁਣ ਕੇ ਉਰ = ਹਿਰਦੇ ਵਿਚ ਧਰਿ = ਧਾਰਨ ਕਰ ਲਉ।

## ਅੰਤਹਕਰਣ ਕੀ ਬ੍ਰਿੱਤਿ; ਨਿਕਲ ਕਰਿ।

ਜਦੋਂ ਅੰਤਸ਼ਕਰਨ ਕੀ = ਦੀ ਬਿਰਤੀ ਇੰਦ੍ਰਿਆਂ ਦੁਆਰਾ ਨਿਕਲ ਕਰਕੇ ਭਾਵ।

## ਇੰਦ੍ਰਯ ਦੁਆਰਾ; ਵਹਿਰ ਪ੍ਰਕਾਸ਼ੈ।

ਗਿਆਨ ਇੰਦ੍ਰਿਆਂ ਦੁਆਰਾ ਬਾਹਰ ਗਈ ਤੇ ਉਹ ਬਾਹਰ ਵੀ ਪ੍ਰਕਾਸ਼ਦੀ ਹੈ, ਇੰਦ੍ਰਿਆਂ ਨੂੰ ਵੀ ਪ੍ਰਕਾਸ਼ਦੀ ਹੈ ਤਦੋਂ ਵੀ ਚੇਤਨ ਨੇ ਹੀ ਗਿਆਨ ਇੰਦ੍ਰਿਆਂ ਤੇ ਬਿਰਤੀ ਨੂੰ ਪ੍ਰਕਾਸ਼ਿਆ ਹੈ।

## ਸਾਥ ਪਦਾਰਥ; ਮਿਲਿ ਕਰਿ ਭਾਸੈ ॥੩੪॥

ਜਦੋਂ ਉਹ ਬਿਰਤੀ ਪਦਾਰਥਾਂ ਦੇ ਸਾਥ = ਨਾਲ ਜਾ ਕੇ ਮਿਲਦੀ ਹੈ, ਤਦੋਂ ਉਹ ਚੇਤਨ ਹੀ ਭਾਸੈ = ਪ੍ਰਕਾਸ਼ਦਾ ਹੈ ਕਿ ਇਹ ਦਰੱਖ਼ਤ ਹੈ, ਇਹ ਪਹਾੜ ਹੈ, ਇਹ ਪਸ਼ੂ ਹੈ, ਇਹ ਧਰਤੀ ਹੈ ਇਹਨਾਂ ਸਾਰਿਆਂ ਨੂੰ ਸਮਝਣ ਲਈ ਅੰਤਸ਼ਕਰਨ ਦੀ ਬਿਰਤੀ ਵਿਚ ਵੀ ਚੇਤਨ ਦਾ ਹੀ ਪ੍ਰਕਾਸ਼ ਹੈ ਤੇ ਬਾਹਰ ਪਦਾਰਥਾਂ ਵਿਚ ਵੀ ਚੇਤਨ ਦਾ ਹੀ ਪ੍ਰਕਾਸ਼ ਹੈ ॥੩੪॥

## ਸਤਿ ਚਿਤ ਆਨੰਦ; ਬਿਖੈ ਪ੍ਰਤੱਛ।

ਇਉਂ ਸਤ, ਚੇਤਨ, ਆਨੰਦ ਬ੍ਰਹਮ ਆਤਮਾ ਸਾਰਿਆਂ ਦੇ ਬਿਖੈ = ਵਿਚ ਪ੍ਰਤੱਛ = ਪ੍ਰਤੱਖ ਹੈ।

## ਅਸਤਿ ਭਾਂਤਿ ਪ੍ਰਿਯ; ਆਤਮ ਲੱਛ।

ਅਸਤਿ, ਭਾਂਤੀ, ਪ੍ਰਿਯ ਇਹ ਸਾਰੇ ਆਤਮਾ ਦੇ ਲੱਛ = ਲੱਛਣ ਚਿੰਨ੍ਹ ਹਨ ਭਾਵ ਨਿਸ਼ਾਨੀਆਂ ਹਨ।

## ਇਹ ਤੀਨਹੁੰ; ਜਿਤ ਕਿਤ ਦ੍ਰਿਸ਼ਟਾਵੈ।

ਇਹ ਤੀਨਹੁੰ = ਤਿੰਨੇ ਹੀ ਜਿਤ ਕਿਤ = ਜਿਥੇ ਕਿਤੇ ਸਰੀਰ ਹੈ, ਉਥੇ ਦ੍ਰਿਸ਼ਟਾਵੈਂ = ਦਿੱਸ ਰਹੇ ਹਨ ਭਾਵ ਗਿਆਨ ਦ੍ਰਿਸ਼ਟੀ ਦੁਆਰਾ ਦਿੱਖ ਰਹੇ ਹਨ।

## ਇਨ ਬਿਹੀਨ; ਕਿਛੁ ਕਿਤ ਨ ਜਨਾਵੈ ॥੩੫॥

ਇਹਨਾਂ ਤਿੰਨਾਂ ਤੋਂ ਬਿਹੀਨ = ਬਿਨਾਂ ਕਿਤੇ ਕਿਛੁ = ਕੁੱਝ ਵੀ ਨਹੀਂ ਜਨਾਵੈ = ਜਾਣਿਆ ਜਾਂਦਾ ॥੩੫॥

## ਅਸਤੀ ਹੈ; ਸੁ ਪਦਾਰਥ ਸਾਚ।

ਜੋ ਅਸਤੀ ਹੈ, ਇਸ ਦਾ ਪਦ ਅਰਥ ਸਾਰ = ਸੱਤ ਹੈ।

## ਚਿਤ ਭਾਂਤੀ; ਪਰਕਾਸ਼ ਉਬਾਚ।

ਚਿਤ ਤੇ ਭਾਂਤੀ ਦੋਨਾਂ ਪਦਾਂ ਦਾ ਅਰਥ ਪ੍ਰਕਾਸ਼ ਉਬਾਚ = ਕਿਹਾ ਜਾਂਦਾ ਹੈ।

## ਪਾਇ; ਪਦਾਰਥ ਪ੍ਰਿਜ ਆਨੰਦ।

ਇਸ ਤਰ੍ਹਾਂ ਪ੍ਰਿਜ ਤੇ ਆਨੰਦ ਇੱਕੋ ਹਨ ਕਿਉਂਕਿ ਪਿਆਰੀ ਵਸਤੂ ਨੂੰ ਪਾ ਕੇ ਅਨੰਦ ਪ੍ਰਾਪਤ ਹੁੰਦਾ ਹੈ।

## ਇਮ ਤੀਨਹੁੰ; ਸਭਿ ਮਹਿਂ ਬਰਤੰਦ ॥੩੬॥

ਇਮ = ਇਸ ਤਰ੍ਹਾਂ ਤੀਨਹੁੰ = ਤਿੰਨੇ ਸਤ, ਚੇਤਨ, ਅਨੰਦ, ਅਸਤੀ, ਭਾਂਤੀ, ਪ੍ਰਿਯ ਸਭਿ = ਸਾਰਿਆਂ ਦੇ ਮਹਿਂ = ਵਿਚ ਇਕ-ਰਸ ਬਰਤੰਦ = ਵਰਤ ਰਹੇ ਹਨ, ਭਾਵ ਅਸਤੀ, ਭਾਂਤੀ, ਪ੍ਰਿਯ ਤੇ ਸਤ, ਚੇਤਨ, ਆਨੰਦ ਇਹ ਇਕ ਰੂਪ ਕਰਕੇ ਵਰਣਨ ਕੀਤੇ ਹਨ, ਅਸਤੀ ਅਤੇ ਸਤ ਦੋਹਾਂ ਦਾ ਇੱਕੋ ਹੀ ਪਦ ਅਰਥ ਹੈ, ਚਿਤ ਤੇ ਭਾਂਤੀ ਦਾ ਭਾਵ ਪ੍ਰਕਾਸ਼ ਹੈ ਇਹਨਾਂ ਦੋਹਾਂ ਦਾ ਵੀ ਇੱਕੋ ਹੀ ਅਰਥ ਹੈ ਤੇ ਆਨੰਦ ਤੇ ਪ੍ਰਿਯ ਇਹ ਦੋਨਾਂ ਦਾ ਵੀ ਇੱਕੋ ਹੀ ਅਰਥ ਹੈ ਕਿਉਂਕਿ ਪਿਆਰੀ ਵਸਤੂ ਨੂੰ ਪਾ ਕੇ ਆਨੰਦ ਪ੍ਰਾਪਤ ਹੁੰਦਾ ਹੈ ॥੩੬॥

੧. ਸਤ. ੨. ਚੇਤਨ, ੩. ਆਨੰਦ।

੧. ਅਸਤੀ, ੨. ਭਾਂਤੀ, ੩. ਪ੍ਰਿਯ।

***ਨੋਟ:*** ਇਹ ਪਦ ਭਾਵੇਂ ਵੱਖਰੇ-ਵੱਖਰੇ ਦਿੱਸਦੇ ਹਨ, ਪਰ ਇੱਕੋ ਅਰਥ ਦੇ ਵਾਚਕ ਹਨ।

[**ਤਿੰਨ ਭੇਦ**]: ਹੁਣ ਸਜਾਤੀ, ਵਿਜਾਤੀ, ਸੁਗਤਿ ਭੇਦਾਂ ਬਾਰੇ ਕਥਨ ਕਰਨਗੇ {

### ੧. ਸਜਾਤੀ ਭੇਦ

## ਨਿਰਾਵੈਵ ਬ੍ਰਹਮ; ਭਲੇ ਪਛਾਨੈ।

ਬ੍ਰਹਮ ਨੂੰ (ਨਿਰ+ਅਵੈਵ) ਅਵੈਵ = ਅੰਗਾਂ ਤੋਂ ਨਿਰ = ਰਹਿਤ ਭਲੇ = ਭਲੀ ਪ੍ਰਕਾਰ ਚੰਗੀ ਤਰ੍ਹਾਂ ਪਛਾਣ ਲਉ।

## ਤੀਨੋਂ ਭੇਦ; ਤਿਸੀ ਤੇ ਹਾਨੈ।

ਇਸ ਕਰਕੇ ਤੀਨੋ = ਤਿੰਨੇ ਭੇਦ ਤਿਸੀ = ਉਸ ਵਿਚ ਨਹੀਂ ਹਾਨੈ = ਹਨ ਭਾਵ ਸਜਾਤੀ, ਵਿਜਾਤੀ, ਸੁਗਤਿ, ਤਿੰਨੇ ਭੇਦ ਉਸ ਵਿਚ ਹਾਨੈ = ਨਾਸ਼ ਰੂਪ ਹਨ ਭਾਵ ਹੋਰਾਂ ਥਾਵਾਂ ਵਿਚ ਹਨ, ਪਰ ਬ੍ਰਹਮ ਵਿਚ ਨਹੀਂ ਹਨ।

## ਇਕ ਤਰੁ ਤੇ; ਜਿਮ ਹੈ ਤਰੁ ਆਨ।

ਜਿਮ = ਜਿਵੇਂ ਇਕ ਤਰੁ = ਬ੍ਰਿਛ ਤੇ = ਤੋਂ ਬਿਨਾਂ ਆਨ = ਹੋਰ ਵੀ ਤਰੁ = ਬ੍ਰਿਛ ਹਨ।

## ਭੇਦ 'ਸਜਾਤੀ' ਲੀਜੈ ਜਾਨ ॥੩੭॥

ਇਹ ਸਜਾਤੀ ਭੇਦ ਜਾਣ ਲੀਜੈ = ਲਉ, ਭਾਵ (ਸ+ਜਾਤੀ) ਉਸੇ ਜਾਤੀ ਦਾ ਹੋਰ ਹੋਣਾ ਜਿਵੇਂ ਮਨੁੱਖ ਦੀ ਜਾਤ ਦੇ ਅਨੇਕਾਂ ਮਨੁੱਖ ਹਨ, ਪਸ਼ੂਆਂ ਦੀ ਜਾਤ ਦੇ ਅਨੇਕਾਂ ਪਸ਼ੂ ਹਨ, ਪੰਛੀਆਂ ਦੀ ਜਾਤ ਦੇ ਅਨੇਕਾਂ ਪੰਛੀ ਹਨ ਤੇ ਬ੍ਰਿਛਾਂ ਦੀ ਜਾਤ ਦੇ ਅਨੇਕਾਂ ਬ੍ਰਿਛ ਹਨ, ਬ੍ਰਹਮ ਵਿਚ ਸਜਾਤੀ ਭੇਦ ਇਸ ਕਰਕੇ ਨਹੀਂ ਹੈ, ਕਿਉਂਕਿ :

## ਇਕ ਬ੍ਰਹਮ ਤੇ; ਦੂਸਰ ਬ੍ਰਹਮ ਨਾਂਹੀ।

ਇਕ ਬ੍ਰਹਮ ਤੇ = ਤੋਂ ਬਿਨਾਂ ਹੋਰ ਕੋਈ ਦੂਸਰਾ ਬ੍ਰਹਮ ਨਾਂਹੀ = ਨਹੀਂ ਹੈ, ਇਸ ਲਈ :

## ਭੇਦ ਸਜਾਤੀ; ਤੌਂ ਹੁਇ ਕਾਂਹੀ।

ਉਸ ਵਿਚ ਸਜਾਤੀ ਭੇਦ ਤੌਂ = ਤਾਂ ਕਾਂਹੀ = ਕਿੱਥੇ ਹੁਇ = ਹੋ ਸਕਦਾ ਹੈ, ਭਾਵ ਨਹੀਂ ਹੋ ਸਕਦਾ।

**੨. ਵਿਜਾਤੀ ਭੇਦ**

## ਇਕ ਤਰੁ; ਪਾਥਰ ਦੂਸਰ ਲਹਯੋ।

ਜਿਵੇਂ ਇਕ ਤਰੁ = ਬ੍ਰਿਛ ਹੈ ਤੇ ਦੂਸਰ = ਦੂਜਾ ਪਾਥਰ = ਪੱਥਰ ਹੈ। ਇਹ ਭੇਦ ਲਹਯੋ = ਲਿਆ ਜਾਂਦਾ ਹੈ ਭਾਵ ਦੇਖਿਆ ਜਾਂਦਾ ਹੈ ਕਿਉਂਕਿ ਬ੍ਰਿਛ ਵਰਗਾ ਪੱਥਰ ਨਹੀਂ ਹੁੰਦਾ, ਪੱਥਰ ਦੀ ਹੋਰ ਕਿਸਮ ਹੈ, ਬ੍ਰਿਛ ਹੋਰ ਕਿਸਮ ਹੈ।

## ਭੇਦ 'ਵਿਜਾਤੀ' ਹੈ ਇਮ ਕਹਯੋ ॥੩੮॥

ਇਮ = ਇਸ ਪ੍ਰਕਾਰ ਇਹ ਵਿਜਾਤੀ ਭੇਦ ਕਹਯੋ = ਕਿਹਾ ਜਾਂਦਾ ਹੈ ਭਾਵ (ਵਿ+ਜਾਤੀ) ਵਿ = ਦੂਸਰੀ ਜਾਤੀ ਦਾ ਹੋਣਾ ਜਿਵੇਂ ਮਨੁੱਖ ਦੇ ਮੁਕਾਬਲੇ ਪਸ਼ੂ, ਪਸ਼ੂਆਂ ਦੇ ਮੁਕਾਬਲੇ ਪੰਛੀ ਅਤੇ ਬ੍ਰਿਛਾਂ ਦੇ ਮੁਕਾਬਲੇ ਪੱਥਰ ਇਹ ਵਿਜਾਤੀ ਭੇਦ ਹੈ॥੩੮॥

## ਬ੍ਰਹਮ ਤੇ ਅਪਰ; ਨਹੀਂ ਤਿਸ ਪਾਸ।

ਬ੍ਰਹਮ ਤੇ = ਤੋਂ ਅਪਰ = ਹੋਰ ਦੂਸਰਾ ਬ੍ਰਹਮ ਤਿਸ = ਉਸ ਦੇ ਪਾਸ = ਬਰਾਬਰ ਨਹੀਂ ਹੈ। ਜੈਸਾ ਕਿ :

**ਏਕਹਿ ਆਪਿ ਅਵਰ ਨਹ ਹੋਊ ॥** *(ਗਉੜੀ ਮ: ੫, ਅੰਗ ੨੫੨)*

ਵਾ: ਏਕੋ ਏਕੁ ਏਕੁ ਹਰਿ ਆਪਿ ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥ *(ਗਉੜੀ ਸੁਖਮਨੀ ਮ: ੫, ਅੰਗ ੨੮੯)*

## ਯਾਂ ਤੇ ਭੇਦ; ਬਿਜਾਤੀ ਨਾਸ।

ਯਾਂ ਤੇ = ਇਸ ਕਰਕੇ ਉਸ ਵਿਚ ਬਿਜਾਤੀ = ਦੂਸਰੀ ਜਾਤ ਵਾਲਾ ਭੇਦ ਨਾਸ ਹੈ ਭਾਵ ਸਿੱਧ ਨਹੀਂ ਹੁੰਦਾ ਕਿਉਂਕਿ ਉਹ ਆਪੇ ਆਪ ਹੈ।

**੩. ਸੁਗਤਿ ਭੇਦ**

## ਤਰੁ ਕੇ ਹੈਂ; ਸਕੰਧ ਅਰ ਸ਼ਾਖਾ।

ਜਿਵੇਂ ਤਰੁ = ਬ੍ਰਿਛ ਕੇ = ਦੇ ਸਕੰਧ = ਟਾਹਣੇ ਅਰ = ਅਤੇ ਸ਼ਾਖਾ = ਟਾਹਣੀਆਂ ਤੇ।

## ਭੇਦ 'ਸੁਗਤਿ'; ਦਲ ਆਦਿਕ ਭਾਖਾ ॥੩੯॥

ਦਲ = ਪੱਤੇ ਆਦਿਕ ਹਨ ਇਹ ਸੁਗਤਿ ਭੇਦ ਭਾਖਾ = ਕਿਹਾ ਗਿਆ ਹੈ ਭਾਵ (ਸੁ+ਗਤਿ) ਸੁ = ਆਪਣੇ ਸਰੂਪ ਵਿਚ ਵੱਖਰੇਪਣ ਨੂੰ ਗਤਿ = ਪ੍ਰਾਪਤ ਹੋਣਾ ਜਿਵੇਂ ਬ੍ਰਿਛ ਦੇ ਪੱਤਰੇ ਵੱਖਰੇ ਹਨ, ਫੁੱਲ ਤੇ ਫਲ ਵੱਖਰੇ ਹਨ, ਟਾਹਣੀਆਂ ਵੱਖਰੀਆਂ ਹਨ, ਵੱਡੇ ਟਾਹਣ ਵੱਖਰੇ ਹਨ ਤੇ ਤਣਾ ਵੱਖਰਾ ਹੈ। ਇਸੇ ਤਰ੍ਹਾਂ ਮਨੁੱਖ ਦੇ ਸਰੀਰ ਵਿਚ ਪੈਰ ਵੱਖਰੇ ਹਨ, ਲੱਤਾਂ ਵੱਖਰੀਆਂ ਹਨ, ਪੈਰਾਂ ਦੀ ਬਣਾਵਟ ਲੱਤਾਂ ਨਾਲ ਨਹੀਂ ਮਿਲਦੀ, ਲੱਤਾਂ ਦੀ ਬਣਾਵਟ ਲੱਕ ਨਾਲ ਨਹੀਂ ਮਿਲਦੀ, ਲੱਕ ਦੀ ਬਣਾਵਟ ਢੂਹੀ ਨਾਲ ਨਹੀਂ ਮਿਲਦੀ ਤੇ ਢੂਹੀ ਦੀ ਬਣਾਵਟ ਬਾਹਾਂ ਨਾਲ ਨਹੀਂ ਮਿਲਦੀ, ਸਿਰ ਦੀ ਬਣਾਵਟ ਹੱਥਾਂ ਨਾਲ ਨਹੀਂ ਮਿਲਦੀ, ਅੱਖਾਂ, ਨੱਕ, ਕੰਨ, ਮੂੰਹ, ਜੀਭ ਇਹ ਸਾਰੇ ਵੱਖਰੇ ਵੱਖਰੇ ਹਨ ਅਤੇ ਸਿਰ ਸਾਰਿਆਂ ਤੋਂ ਵੱਖਰਾ ਹੈ ਇਹ ਮਨੁੱਖ ਦੇ ਸਰੀਰ ਵਿਚ ਸੁਗਤਿ ਭੇਦ ਜਾਨਣਾ ॥੩੯॥

## ਇਹ ਭੀ ਭੇਦ; ਨਹੀਂ ਬ੍ਰਹਮ ਮਾਂਹੀ।

ਜੋ ਸੁਗਤਿ ਭੇਦ ਹੈ ਇਹ ਭੀ = ਵੀ ਬ੍ਰਹਮ ਦੇ ਮਾਂਹੀ = ਵਿਚ ਨਹੀਂ ਹੈ, ਭਾਵ ਜਿਵੇਂ ਬ੍ਰਿਛ ਦੇ ਵਿਚ ਨਾਨਾਪਣ ਟਾਹਣੇ ਪੱਤੇ ਆਦਿਕ ਅਤੇ ਮਨੁੱਖ ਦੇ ਵਿਚ ਅੰਗ ਹੱਥ, ਪੈਰ, ਮੂੰਹ ਆਦਿ ਹਨ, ਪਰ ਬ੍ਰਹਮ ਅਖੰਡ ਸਰੂਪ ਹੈ ਅਤੇ ਅੰਗਾਂ ਤੋਂ ਰਹਿਤ ਹੈ ਇਸ ਕਰਕੇ ਉਸ ਵਿਚ ਇਹ ਭੇਦ ਕਦਾਚਿਤ ਵੀ ਨਹੀਂ ਹੈ।

## ਲਖਯੋ ਅਭੇਦ; ਆਤਮਾ ਜਾਂਹੀ।

ਜੋ ਬ੍ਰਹਮ ਆਤਮਾ ਹੈ, ਉਹ ਅਭੇਦ ਕਰਕੇ ਲਖਯੋ = ਜਾਣਿਆ ਜਾਂਦਾ ਹੈ, ਭਾਵ ਉਸ ਵਿਚ ਭੇਦ ਸਿੱਧ ਨਹੀਂ ਹੈ।

## ਇਕ ਅਖੰਡ; ਸਚਿਦਾਨੰਦ ਰੂਪ।

ਇੱਕ ਬ੍ਰਹਮ ਆਤਮਾ ਅਖੰਡ = ਇਕ-ਰਸ, ਸਚਿਦਾਨੰਦ = ਸੱਚ ਤੇ ਆਨੰਦ ਸਰੂਪ ਹੈ।

**ਦੂਸਰਾ ਅਰਥ :**

### ਲਖਯੋ ਅਭੇਦ; ਆਤਮਾ ਜਾਂਹੀ।

ਜਿਸ ਪੁਰਖ ਨੇ ਉਸ ਬ੍ਰਹਮ ਨੂੰ ਆਪਣੇ ਆਤਮਾ ਨਾਲ ਅਭੇਦ ਲਖਯੋ = ਜਾਣਿਆ ਹੈ।

## ਇਕ ਅਖੰਡ; ਸਚਿਦਾਨੰਦ ਰੂਪ।

ਕਿ ਆਤਮਾ ਇਕ ਅਖੰਡ ਰੂਪ ਹੈ, ਸਚਦਾਨੰਦ ਰੂਪ ਹੈ, ਪਰ :

## ਬੁਧਿ ਸੂਖਮ ਤੇ; ਲਖਯੋ ਅਨੂਪ ॥੪੦॥

ਜੋ ਅਨੂਪ = ਉਪਮਾ ਤੋਂ ਰਹਿਤ ਬ੍ਰਹਮ ਆਤਮਾ ਹੈ, ਉਹ ਸੂਖਮ ਬੁੱਧੀ ਕਰਕੇ ਲਖਯੋ = ਜਾਨਿਆ ਜਾਂਦਾ ਹੈ, ਕਠ ਉਪਨਿਖਦ ਵਿਚ ਕਿਹਾ ਹੈ॥੪੦॥ ਜੈਸਾ ਕਿ :

**ਏਖ ਸਰ੍ਵੇਖ ਭੂਤੇਖ ਗੂਢੋऽऽ ਤ੍ਮਾ ਨਹ ਪ੍ਰਕਾਸ਼ਤੇ।**
**ਦ੍ਰਿਸ਼ਯਤੇ ਤ੍ਵਗ੍ਰਯਯਾ ਬੁਧਯਾ ਸੂਕਸ਼ਮਯਾ ਸ਼ੂਕਸਮ ਦਰ੍ਸ਼ਿਭਿ॥**

ਅਰਥਾਤ : ਇਹ ਆਤਮਾ ਸਭ ਭੂਤਾਂ ਵਿਚ ਛਿਪਿਆ ਹੋਇਆ ਹੈ, ਬਾਹਰ ਨਹੀਂ ਪ੍ਰਕਾਸ਼ਦਾ ਕਿੰਤੂ ਤੀਕਸ਼ਨ ਅਰ ਸੂਖਮ ਬੁੱਧਿ ਨਾਲ ਉਹਨਾਂ ਲੋਗਾਂ ਨੂੰ ਦਿੱਸਦਾ ਹੈ ਜੋ ਸੂਖਮ ਦਰਸ਼ੀ ਹਨ। (ਕਠ ਉਪਨਿਸ਼ਦ ਧਿਆ: ੧, ਵਲੀ ੩, ਅੰਕ ੧੨)

## ਮਿਲਯੋ ਅਨੰਦ; ਬ੍ਰਿੱਤਿ ਮਹਿਂ ਸੋਈ।

ਜਦੋਂ ਸੋਇ = ਉਹ ਆਨੰਦ ਸਰੂਪ ਆਤਮਾ ਨੂੰ ਅੰਤਸ਼ਕਰਨ ਦੀ ਬਿਰਤੀ ਮਹਿ = ਵਿਚ ਮਿਲਯੋ = ਮਿਲਿਆ ਹੋਇਆ ਜਾਣ ਲੈਂਦਾ ਹੈ। ਫਿਰ :

## ਜਨਮ ਮਰਨ ਕੇ; ਸੰਕਟ ਖੋਈ।

ਜੰਮਣ ਮਰਨ ਕੇ = ਦੇ ਸੰਕਟ = ਦੁੱਖਾਂ ਨੂੰ ਖੋਈ = ਨਾਸ਼ ਕਰ ਦਿੰਦਾ ਹੈ।

## ਖਸ਼ਟ ਪ੍ਰਮਾਣਨਿ ਕਰ; ਜਿਸ ਆਪਤਿ।

ਇਹ ਖਸ਼ਟ = ਛੇ ਪ੍ਰਮਾਣਨਿ = ਪ੍ਰਮਾਣਾਂ ਕਰਕੇ ਜਿਸ ਦੀ ਆਪਤਿ = ਪ੍ਰਾਪਤੀ ਹੁੰਦੀ ਹੈ **ਵਾ:** ਆਪਤਿ = ਜਥਾਰਥ ਬਕਤੇ ਰਾਹੀਂ ਭਾਵ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ, ਬ੍ਰਹਮ ਗਿਆਨੀ ਰਾਹੀਂ ਛੇ ਪ੍ਰਮਾਣਾਂ ਕਰਕੇ।

## ਭਈ ਆਤਮਾ ਕੀ; ਸੁਧਿ ਪ੍ਰਾਪਤਿ ॥੪੧॥

ਜਿਸਨੂੰ ਸ਼ੁੱਧ ਆਤਮਾ ਦੀ ਪ੍ਰਾਪਤੀ ਭਈ = ਹੋਈ ਹੈ ਭਾਵ ਹੋ ਜਾਂਦੀ ਹੈ ਅਤੇ ਅਵਿੱਦਿਆ ਨਾਸ਼ ਹੋ ਜਾਂਦੀ ਹੈ॥੪੧॥

## ਤਿਸੈ ਅਵਿੱਦ੍ਯਾ; ਉਪਜੇ ਨਾਂਹਿ।

ਫਿਰ ਤਿਸੈ = ਉਸ ਨੂੰ ਨਾਸ਼ ਹੋਈ ਅਵਿੱਦਿਆ ਮੁੜ ਦੁਆਰਾ ਉਪਜੈ = ਪੈਦਾ ਨਾਂਹਿ = ਨਹੀਂ ਹੁੰਦੀ।

## ਨਾਸ਼ ਭਈ ਤੇ; ਨਹਿੰ ਉਪਜਾਹਿ।

ਜੋ ਅਵਿੱਦਿਆ ਨਾਸ਼ ਹੋਣੀ ਕਠਨ ਹੈ, ਪਰ ਜਦੋਂ ਜਥਾਰਤ ਬਕਤੇ ਰਾਹੀਂ, ਬ੍ਰਹਮ ਗਿਆਨੀ ਦੁਆਰਾ ਖਟ ਪ੍ਰਮਾਣਾਂ ਦੇ ਉਪਦੇਸ਼ ਕਰਕੇ ਆਤਮਾ ਦੀ ਲੱਖਤਾ ਹੋ ਗਈ ਤੇ ਅਵਿੱਦਿਆ ਨਾਸ਼ ਭਈ = ਹੋ ਗਈ, ਫਿਰ ਨਾਸ਼ ਹੋਈ ਦੁਬਾਰਾ ਉਪਜਾਹਿ = ਪੈਦਾ ਨਹੀਂ ਹੁੰਦੀ। ਜੈਸਾ ਕਿ :

**ਨਸਟ ਭਈ ਉਪਜੈ ਨਹੀ ਬਹੁਰਿ ਅਵਿਦਿਆ ਬੀਰ।** *(ਅਧਿਆਤਮ ਰਮਾਇਣ)*

## ਅਜਾ ਅਵਿੱਦਯਾ; ਤਾਂਤੇ ਨਾਇ।

ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਤਾਂ ਤੇ = ਇਸ ਕਰਕੇ ਅਵਿੱਦਯਾ ਦਾ ਦੂਸਰਾ ਨਾਮ ਅਜਾ ਵੀ ਹੈ ਭਾਵ (ਅ+ਜਾ) ਜੋ ਨਸ਼ਟ ਹੋ ਕੇ, ਆ ਕਰਕੇ ਫੇਰ ਨ ਜਾ = ਜੰਮੇ।

## ਬਿਨਸੀ ਜਨਮ; ਨਹੀਂ ਪੁਨ ਪਾਇ ॥੪੨॥

ਇਹ ਅਵਿੱਦਿਆ ਇਕ ਵਾਰੀ ਬਿਨਸੀ = ਨਾਸ਼ ਹੋ ਗਈ ਤਾਂ ਪੁਨ = ਫੇਰ ਇਹ ਜਨਮ ਨਹੀਂ ਪਾਇ = ਪਾਉਂਦੀ ਇਸ ਕਰਕੇ ਇਸ ਦਾ ਨਾਮ ਅਜਾ = ਅਜਨਮੀ ਹੈ, ਜੋ ਮੁੜ ਕੇ ਜਨਮ ਨਹੀਂ ਲੈਂਦੀ **ਵਾ:** ਜਿਸ ਦੀ ਇਹ ਅਵਿੱਦਿਆ ਨਾਸ਼ ਹੋ ਗਈ ਫਿਰ ਉਹ ਜੀਵ ਮੁੜ ਜਨਮ ਨਹੀਂ ਪਾਉਂਦਾ ਭਾਵ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ, ਬ੍ਰਹਮ ਨੂੰ ਜਾਣ ਕੇ ਬ੍ਰਹਮ ਵਿਚ ਅਭੇਦ ਹੋ ਜਾਂਦਾ ਹੈ, ਇਹ ਸਭ ਕੁਝ ਬ੍ਰਹਮ ਬੇਤਿਆਂ ਦੇ ਰਾਹੀਂ ਬ੍ਰਹਮ ਵਿੱਦਿਆ ਦੁਆਰਾ ਬ੍ਰਹਮਾਕਾਰ ਬਿਰਤੀ ਕਰਕੇ ਖਟ ਪ੍ਰਮਾਣਾਂ ਦੇ ਉਪਦੇਸ਼ ਕਰਕੇ ਆਤਮਾ ਨੂੰ ਪਰਮਾਤਮਾ ਦਾ ਰੂਪ ਕਰਕੇ ਜਾਣ ਲੈਂਦਾ ਹੈ, ਸੋ ਇਉਂ ਭਾਈ ਦਇਆ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਇਹ ਬ੍ਰਹਮ ਗਿਆਨ ਦਾ ਉਪਦੇਸ਼ ਖ਼ਾਲਸੇ ਨੂੰ ਦ੍ਰਿੜ੍ਹ ਕਰਵਾਇਆ।

## ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਗਿਆਨ ਨਿਰਨੇ' ਪ੍ਰਸੰਗ ਬਰਨਨੰ ਨਾਮ ਅਠਤਾਲੀਸਮੋ ਅੰਸੂ ॥੪੮॥

ਸ੍ਰੀ ਗੁਰ ਪ੍ਰਤਾਪ ਸੂਰਜ ਨਾਮੇ ਗ੍ਰੰਥ ਦੀ ਪੰਜਵੀਂ ਰੁਤ ਦੇ ਅਠਤਾਲੀਸਮੋ = ਅਠਤਾਲੀ ਨਾਮ ਵਾਲੇ ਅੰਸੂ = ਅਧਿਆਇ ਦੀ ਇਤਿ = ਸਮਾਪਤੀ ਹੋਈ ਹੈ, ਜਿਸ ਵਿਚ ਬ੍ਰਹਮ ਗਿਆਨ ਦੇ ਉਪਦੇਸ਼ ਦਾ ਨਿਰਨਾ ਕਰਕੇ ਬਰਨਨੰ = ਕਥਨ ਕੀਤਾ ਹੈ ॥੪੮॥

# ਰੁਤਿ ੫, ਅੰਸੂ ੪੯

[ਬ੍ਰਹਮ ਗਿਆਨ ਉਪਦੇਸ਼]

## ਦੋਹਰਾ॥ 'ਬਿਸ਼ੈ ਪ੍ਰਮਾਣਨਿ ਕੋ ਭਯੋ; ਕਹ੍ਯੋ ਅਬਿਸ਼ੈ ਸਰੂਪ'।

ਹੁਣ ਭਾਈ ਦਇਆ ਸਿੰਘ ਜੀ ਨੂੰ ਸਿੰਘਾਂ ਨੇ ਪ੍ਰਸ਼ਨ ਕੀਤਾ ਕਿ ਤੁਸੀਂ ਜੋ ਬ੍ਰਹਮਾਤਮਾ ਦੇ ਸਰੂਪ ਨੂੰ ਪਿੱਛੇ ਖਟ ਪ੍ਰਮਾਣਾਂ ਦੇ ਅਵਿਸ਼ਯ ਕਿਹਾ ਸੀ ਹੁਣ ਤੁਸੀਂ ਕਿਹਾ ਹੈ ਉਹ ਬ੍ਰਹਮਾਤਮਾ ਖਟ ਪ੍ਰਮਾਣਾਂ ਦੁਆਰਾ ਜਾਣਿਆ ਜਾਂਦਾ ਹੈ ਫਿਰ ਤਾਂ ਉਹ ਬ੍ਰਹਮ ਆਤਮਾ ਬਿਸ਼ੈ ਪ੍ਰਮਾਣਨਿ = ਖਟ ਪ੍ਰਮਾਣਾਂ ਦੇ ਵਿਸ਼ੇ ਭਯੋ = ਹੋ ਗਿਆ ਹੈ। ਇਸ ਕਥਨ ਦੇ ਨਾਲ ਤਾਂ ਬ੍ਰਹਮਾਤਮਾ ਖਟ ਪ੍ਰਮਾਣਾਂ ਦਾ ਵਿਸ਼ਾ ਹੋ ਗਿਆ।

## ਇਹ ਸੰਸੈ ਬੂਝਨਿ ਕਰ੍ਯੋ; ਸੁਨਿਕੈ ਗਾਥ ਅਨੂਪ॥੧॥

ਇਹ ਸੰਸੈ = ਸੰਕਾ ਬੂਝਨਿ = ਜਾਨਣ ਦੇ ਲਈ ਅਨੂਪ = ਉਪਮਾ ਤੋਂ ਰਹਿਤ ਗਾਥ = ਕਥਾ ਸੁਣ ਕੇ ਖ਼ਾਲਸੇ ਨੇ ਪ੍ਰਸ਼ਨ ਕਰਯੋ = ਕੀਤਾ॥੧॥

## ਚੌਪਈ॥ ਸੰਕਾ ਕਰੀ; ਖਾਲਸੇ ਜਬੈ।

ਇਸ ਤਰ੍ਹਾਂ ਜਬੈ = ਜਦੋਂ ਖ਼ਾਲਸੇ ਨੇ ਸ਼ੰਕਾ ਕਰੀ = ਕੀਤੀ।

## ਦਯਾ ਸਿੰਘ ਬੋਲਯੋ; ਸ਼ੁਭ ਤਬੈ।

ਤਬੈ = ਤਦੋਂ ਭਾਈ ਦਇਆ ਸਿੰਘ ਜੀ ਨੇ ਸ਼ੁਭ = ਸ੍ਰੇਸ਼ਟ ਬਚਨ ਭਾਵ ਸ਼ੰਕਾ ਮੇਟਣ ਵਾਲੇ ਬਚਨ ਬੋਲਯੋ = ਉਚਾਰਨ ਕੀਤੇ ਕਿ:

## ਵਿਧਿ ਮੁਖ ਸਿਖ; ਜਨਾਇਬੇ ਹੇਤ।

ਹੇ ਖ਼ਾਲਸਾ ਜੀ! ਦੋ ਪੱਖ ਹੁੰਦੇ ਹਨ, ਇਕ ਵਿਧੀ ਪੱਖ ਹੁੰਦਾ ਹੈ ਤੇ ਇਕ ਨਿਖੇਧ ਪੱਖ ਹੁੰਦਾ ਹੈ, ਸਿਖ = ਜਗਿਆਸੂ ਨੂੰ ਬ੍ਰਹਮ ਦਾ ਸਰੂਪ ਜਨਾਇਬੇ = ਜਨਾਉਣ ਹੇਤ = ਵਾਸਤੇ ਪਰ ਇਥੇ ਵਿਧੀ ਪੱਖ ਨੂੰ ਮੁੱਖ ਰੱਖਿਆ ਹੈ, ਭਾਵ ਵਿਧੀ ਪੱਖ ਵਿਚ ਇਹ ਕਿਹਾ ਜਾਂਦਾ ਹੈ ਕਿ ਉਹ ਸਾਰਿਆਂ ਵਿਚ ਹੈ ਭਾਵ ਨੇਤਰਾਂ ਵਿਚ ਵੀ, ਸਾਰਿਆਂ ਹਿਰਦਿਆਂ ਵਿਚ ਵੀ, ਸਾਰਿਆਂ ਗਿਆਨ ਇੰਦ੍ਰਿਆਂ ਵਿਚ ਵੀ, ਸਾਰਿਆਂ ਕਰਮ ਇੰਦ੍ਰਿਆਂ ਵਿਚ ਵੀ ਉਹੀ ਹੈ। ਜਦੋਂ ਨਿਖੇਧ ਪੱਖ ਵਿਚ ਕਥਨ ਹੋਵੇ ਤਾਂ ਉਥੇ ਕਿਹਾ ਜਾਏਗਾ ਕਿ ਉਹ ਗਿਆਨ ਇੰਦ੍ਰਿਆਂ ਤੋਂ ਵੀ ਨਿਆਰਾ ਹੈ, ਉਹ ਕਰਮ ਤੋਂ ਵੀ ਨਿਆਰਾ ਹੈ ਤੇ ਉਹ ਤਿੰਨਾਂ ਸਰੀਰਾਂ ਤੋਂ ਵੀ ਨਿਆਰਾ ਹੈ। ਸੋ ਇਹ ਜੋ ਖਟ ਪ੍ਰਮਾਣਾਂ ਦੁਆਰਾ ਬ੍ਰਹਮ ਨੂੰ ਜਾਨਣ ਦੀ ਗੱਲ ਕਹੀ ਹੈ, ਇਹ ਵਿਧੀ ਪੱਖ ਹੈ।

## ਕਹ੍ਯੋ ਬ੍ਰਹਮ ਕੋ; ਬਿਸ਼ੈ ਸੰਕੇਤ॥੨॥

ਖਟ ਪ੍ਰਮਾਣਾਂ ਦੇ ਵਿਸ਼ੇ ਦੁਆਰਾ ਸਿੱਖ ਨੂੰ ਜਾਨਣ ਦਾ ਸੰਕੇਤ = ਇਸ਼ਾਰਾ ਦਿੱਤਾ ਹੈ ਕਿ ਸਿੱਖ ਸੌਖੇ ਤਰੀਕੇ ਨਾਲ ਬ੍ਰਹਮ ਨੂੰ ਜਾਣ ਸਕੇ। ਇਹ ਗੱਲ ਨਹੀਂ ਹੈ ਕਿ ਬ੍ਰਹਮ ਖਟ ਪ੍ਰਮਾਣਾਂ ਦਾ ਵਿਸ਼ੇ ਹੈ॥੨॥

ਨਿਖੇਧ ਪੱਖ ਦੁਆਰਾ ਐਸਾ ਕਹਿਆ ਜਾਏਗਾ।

੧. ਹੁਣ ਪ੍ਰਤੱਖ ਪ੍ਰਮਾਣ ਦਾ ਨਿਖੇਧ ਪੱਖ ਕਹਿਣਗੇ :

## ਨੇਤਿ ਨੇਤਿ ਕਰਿ; ਨਿਖਿਧ ਪਛਾਨ।

ਨਿਖਿਧ = ਨਿਖੇਧੀ ਪੱਖ ਦੁਆਰਾ ਜੇ ਉਸ ਨੂੰ ਪਛਾਨਣਾ ਕਰੀਏ ਤਾਂ ਨੇਤਿ ਨੇਤਿ = ਬੇਅੰਤ-ਬੇਅੰਤ ਕਰਕੇ ਕਿਹਾ ਜਾਏਗਾ, ਭਾਵ ਉਸ ਦਾ ਕੋਈ ਅੰਤ ਨਹੀਂ ਹੈ। ਜੈਸਾ ਕਿ :

**ਨਾ ਇਤੀ ਕਾਰਨਾ ਨਾ ਇਤੀ ਕਾਰਜਾ।** *(ਸੁਰਤੀ)*

ਗੁਰਬਾਣੀ ਵਿਚ ਇਸ ਦਾ ਸਰੂਪ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਨੇਤ ਨੇਤ ਕਥੰਤਿ ਬੇਦਾ॥** *(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੯)*

ਤੇ ਸਭ ਤੋਂ ਆਦਿ ਕਾਲ ਦੀ ਬਾਣੀ ਜੋ ਵੇਦ ਹਨ, ਉਹ ਉਸ ਨੂੰ ਬੇਅੰਤ-ਬੇਅੰਤ ਕਥਨ ਕਰਦੇ ਹਨ। ਜੋ ਆਤਮਾ ਹੈ, ਉਹ ਤਿੰਨ ਦੇਹਾਂ (ਅਸਥੂਲ, ਸੂਖਮ, ਕਾਰਨ) ਤੇ ਤਿੰਨੇ ਅਵਸਥਾਂ (ਜਾਗ੍ਰਤ, ਸੁਪਨ, ਸੁਖੋਪਤੀ) ਨੂੰ ਸੱਤਾ ਦੇਣ ਵਾਲਾ ਆਪ ਸਭ ਤੋਂ ਬੇਅੰਤ ਰੂਪ ਹੈ।

## ਤੌਂ ਪ੍ਰਮਾਨ ਕੋ; ਬਿਸ਼ਯ ਨ ਜਾਨ।

ਤੌਂ = ਤਾਂ ਬ੍ਰਹਮਾਤਮਾ ਕੋ = ਨੂੰ ਖਟ ਪ੍ਰਮਾਣਾਂ ਦਾ ਵਿਸ਼ਯ ਨਾ ਜਾਣੋ।

## ਜਿਮ ਨਹਿ ਬਿਸ਼ੈ; ਸੁਨਹੁ ਦੇ ਸ਼੍ਰੌਨ।

ਜਿਮ = ਜਿਵੇਂ ਉਹ ਬ੍ਰਹਮਾਤਮਾ ਖਟ ਪ੍ਰਮਾਣਾਂ ਦਾ ਵਿਸ਼ਯ ਨਹੀਂ ਜਾਣਿਆ ਜਾਂਦਾ, ਉਸ ਨੂੰ ਸ਼੍ਰੌਨ = ਕੰਨ ਦੇ ਕੇ ਚੰਗੀ ਤਰ੍ਹਾਂ ਧਿਆਨ ਨਾਲ ਸੁਨਹੁ = ਸੁਨਣਾ ਕਰੋ।

## ਅਗਮ ਅਗੋਚਰ; ਕਹੀਐ ਤੌਨ ॥੩॥

ਤੌਨ = ਤਿਸ ਬ੍ਰਹਮਾਤਮਾ ਨੂੰ ਅਗਮ = ਮਨ ਦੀ ਗੰਮਤਾ ਤੋਂ ਪਰੇ, ਅਗੋਚਰ = ਇੰਦ੍ਰਿਆਂ ਦੇ ਅਵਿਸ਼ੇ ਕਿਹਾ ਜਾਂਦਾ ਹੈ, ਭਾਵ ਇੰਦ੍ਰਿਆਂ ਦਾ ਵਿਸ਼ਾ ਨਹੀਂ ਤੇ ਮਨ ਦੀ ਉਥੇ ਗੰਮਤਾ ਨਹੀਂ ਹੈ॥੩॥

## ਇੰਦ੍ਰੀ ਤੇ; ਪ੍ਰਤੱਛ ਨਹਿ ਸੋਇ।

ਸੋਇ = ਉਹ ਬ੍ਰਹਮਾਤਮਾ ਗਿਆਨ ਇੰਦ੍ਰਿਆਂ ਤੇ = ਤੋਂ ਪ੍ਰਤੱਛ = ਪ੍ਰਤੱਖ ਨਹੀਂ ਹੁੰਦਾ ਕਿਉਂਕਿ ਇਹਨਾਂ ਦਾ ਵਿਸ਼ਾ ਨਹੀਂ ਹੈ, ਭਾਵ ਬ੍ਰਹਮਾਤਮਾ ਨੂੰ ਨੇਤਰਾਂ ਦੁਆਰਾ ਪ੍ਰਤੱਖ ਨਹੀਂ ਦੇਖਿਆ ਜਾਂਦਾ ਕਿ ਇਹ ਬ੍ਰਹਮਾਤਮਾ ਹੈ।

## ਪ੍ਰਤੱਛ ਪ੍ਰਮਾਨ; ਅਬਿਸ਼ਯੈ ਹੋਇ।

ਇਸ ਕਰਕੇ ਉਪਰੋਕਤ ਵਿਚਾਰ ਅਨੁਸਾਰ ਉਹ ਪ੍ਰਤੱਖ ਪ੍ਰਮਾਣ ਦਾ ਅਵਿਸ਼ਯ ਹੋਇ = ਹੋ ਗਿਆ ਭਾਵ ਪ੍ਰਤੱਖ ਪ੍ਰਮਾਣ ਦੇ ਵਿਸ਼ੇ ਨਹੀਂ ਹੈ।

੨. ਹੁਣ ਅਨੁਮਾਨ ਪ੍ਰਮਾਣ ਦਾ ਨਿਖੇਧ ਚੱਲਿਆ :

## ਚਿੰਨ੍ਹ ਬ੍ਰਹਮ ਕੈ; ਕੋਇ ਨ ਅਹੈ।

ਬ੍ਰਹਮ ਦੇ ਬਰਾਬਰ ਹੋਰ ਕੋਈ ਚਿੰਨ੍ਹ = ਨਿਸ਼ਾਨੀ ਨਹੀਂ ਅਹੈ = ਹੈ, ਜਿਸ ਦਾ ਪ੍ਰਮਾਣ ਦੇ ਕੇ ਸਮਝਾਇਆ ਜਾ ਸਕੇ ਕਿ ਬ੍ਰਹਮ ਇਹੋ ਜਿਹਾ ਹੈ।

## ਜਥਾ ਧੂਮ ਤੇ; ਪਾਵਕ ਲਹੈਂ ॥੪॥

ਜਥਾ = ਜਿਵੇਂ ਧੂਮ = ਧੂੰਏਂ ਤੋਂ ਪਾਵਕ = ਅੱਗ ਦਾ ਪ੍ਰਮਾਣ ਲਹੈਂ = ਪ੍ਰਾਪਤ ਕਰ ਲਈਦਾ ਹੈ ॥੪॥

## ਨਹਿਂ ਅਨੁਮਾਨ ਬਿਸ਼ੈ; ਇਮ ਜਾਨਿ।

ਇਮ = ਇਵੇਂ ਬ੍ਰਹਮ ਦੇ ਬਰਾਬਰ ਹੋਰ ਕੋਈ ਚਿੰਨ੍ਹ ਨਾ ਹੋਣ ਕਰਕੇ ਅਨੁਮਾਨ ਪ੍ਰਮਾਣ ਦੇ ਬਿਸ਼ੇ ਨਹੀਂ ਹੈ, ਇਹ ਜਾਣ ਲਉ।

੩. ਹੁਣ ਉਪਮਾਨ ਪ੍ਰਮਾਣ ਦਾ ਨਿਖੇਧ ਚੱਲਿਆ :

## ਅੱਦ੍ਵੈ ਏਕ; ਆਤਮਾ ਮਾਨਿ।

ਇਕ ਆਤਮਾ ਨੂੰ ਅੱਦ੍ਵੈ = ਅਦ੍ਵੈਤ ਸਰੂਪ ਮਾਨਿ = ਮੰਨਣਾ ਕਰੋ।

## ਚੇਤਨ ਸਮ; ਚੇਤਨ ਨਹਿਂ ਕੋਇ।

ਕਿਉਂਕਿ ਉਸ ਚੇਤਨ ਦੇ ਸਮ = ਬਰਾਬਰ ਕੋਈ ਹੋਰ ਚੇਤਨ ਨਹੀਂ ਹੈ।

## ਬਿਸ਼ੈ 'ਉਪਮਾਨ' ਨ; ਯਾਂਤੇ ਹੋਇ ॥੫॥

ਯਾਂਤੇ = ਇਸ ਕਰਕੇ ਬ੍ਰਹਮਾਤਮਾ ਉਪਮਾਨ ਪ੍ਰਮਾਣ ਦਾ ਬਿਸ਼ੈ = ਵਿਸ਼ਾ ਵੀ ਨ = ਨਹੀਂ ਹੋਇ = ਹੋ ਸਕਦਾ, ਕਿਉਂਕਿ ਉਸ ਦੇ ਬਰਾਬਰ ਦਾ ਕੋਈ ਪ੍ਰਮਾਣ ਨਹੀਂ ਹੈ ਕਿ ਜਿਸ ਵਰਗਾ ਕਹੀਏ ਕਿ ਇਸ ਵਰਗਾ ਹੈ, ਜਦੋਂ ਉਸ ਵਰਗਾ ਕੋਈ ਹੈ ਨਹੀਂ ਤਾਂ ਕਿਸ ਦੀ ਉਪਮਾ ਦਿੱਤੀ ਜਾਵੇ ਕਿ ਬ੍ਰਹਮ ਇਹੋ ਜਿਹਾ ਹੈ ਫਿਰ ਜੋ ਆਕਾਸ਼ ਦੀ ਉਪਮਾ ਦਿੱਤੀ ਜਾਂਦੀ ਹੈ ਉਹ ਵੀ ਪੂਰੀ ਢੁਕਦੀ ਨਹੀਂ ਕਿਉਂਕਿ ਆਕਾਸ਼ ਜੜ੍ਹ ਹੈ, ਉਹ ਚੇਤਨ ਹੈ, ਇਸ ਕਰਕੇ ਉਹ ਉਪਮਾਨ ਪ੍ਰਮਾਣ ਦਾ ਵਿਸ਼ਾ ਵੀ ਨਹੀਂ ਹੈ ॥੫॥

੪. ਹੁਣ ਅਰਥਾਪਤਿ ਪ੍ਰਮਾਣ ਦਾ ਨਿਖੇਧ ਚੱਲਿਆ :

## ਕਾਰਣ ਕਾਰਜ; ਭੇਦ ਨ ਅਹੈ।

ਉਸ ਬ੍ਰਹਮ ਵਿਚ ਕਾਰਨ ਤੇ ਕਾਰਜ ਦਾ ਭੇਦ ਵੀ ਨਹੀਂ ਅਹੈ = ਹੈ।

## 'ਅਰਥਾਪੱਤਿ' ਬਿਸ਼ੈ; ਨਹਿਂ ਲਹੈ।

ਇਸ ਕਰਕੇ ਉਹ ਅਰਥਾਪੱਤਿ ਪ੍ਰਮਾਣ ਦਾ ਬਿਸ਼ੈ = ਵਿਸ਼ਾ ਵੀ ਨਹੀਂ ਹੈ ਕਿਉਂਕਿ ਇਸ ਦੁਆਰਾ ਵੀ ਲਹੈ = ਲਿਆ ਭਾਵ ਜਾਣਿਆ ਨਹੀਂ ਜਾਂਦਾ। ਕਾਰਣ ਤੇ ਕਾਰਜ ਤੋਂ ਭਾਵ ਜਿਵੇਂ ਕਿਸੇ ਸਰੀਰ ਦਾ ਮੋਟਾਪਣ ਦੇਖ ਕੇ ਇਹ ਅਨੁਮਾਨ ਲਾ ਲਿਆ ਕਿ ਇਹ ਰਾਤ ਨੂੰ ਭੋਜਨ ਖਾਂਦਾ ਹੋਵੇਗਾ, ਸਰੀਰ ਦਾ ਮੋਟਾਪਣ ਕਾਰਜ ਤੇ ਖ਼ੁਰਾਕ ਉਸ ਦਾ ਕਾਰਨ ਹੈ। ਜਿਸ ਤੋਂ ਅਨੁਮਾਨ ਲਾਇਆ ਗਿਆ ਕਿ ਇਹ ਰਾਤ ਨੂੰ ਭੋਜਨ ਖਾਂਦਾ ਹੈ, ਪਰ ਬ੍ਰਹਮ ਵਿਚ ਇਹ ਅਰਥਾਪੱਤਿ ਪ੍ਰਮਾਣ ਦਾ ਵਿਸ਼ਾ ਵੀ ਨਹੀਂ ਹੈ।

ਹੁਣ ਭਾਈ ਸਾਹਿਬ ਜੀ ਨੇ ਮੂਲ ਪਾਠ ਵਿੱਚ ਦੋਵੇਂ ਪ੍ਰਮਾਣ ਇਕੱਠੇ ਉਚਾਰਨ ਕੀਤੇ ਹਨ, ਪਹਿਲਾ ਪੰਜਵਾਂ ਸ਼ਬਦ ਪ੍ਰਮਾਣ ਤੇ ਫਿਰ ਛੇਵਾਂ ਐਤਿਹਯ ਪ੍ਰਮਾਣ ਕਥਨ ਕਰਨਗੇ। ਪਹਿਲਾ ਪੰਜਵਾਂ ਸ਼ਬਦ ਪ੍ਰਮਾਣ ਦਾ ਨਿਖੇਧ ਚੱਲਿਆ :

## ਮਨ ਬਾਣੀ ਕੋ; ਬਿਸ਼ੈ ਨ ਜੋਇ।

ਜੋਇ = ਜੋ ਬ੍ਰਹਮ ਹੈ, ਉਹ ਮਨ = ਅੰਤਸ਼ਕਰਨ ਤੇ ਬਾਣੀ ਕੋ = ਦਾ ਬਿਸ਼ੈ = ਵਿਸ਼ਾ ਨ = ਨਹੀਂ ਹੈ।

## ਸ਼ਬਦ 'ਅਈਤੇਜਕ' ਬਿਸ਼ੈ ਨਹਿਂ ਹੋਇ ॥੬॥

ਇਸ ਕਰਕੇ ਉਹ ਸ਼ਬਦ ਪ੍ਰਮਾਣ ਦਾ ਵੀ ਬਿਸ਼ੈ = ਵਿਸ਼ਾ ਨਹਿਂ = ਨਹੀਂ ਹੋਇ = ਹੋ ਸਕਦਾ ਕਿਉਂਕਿ ਮਨ ਬਾਣੀ ਦੇ ਅਵਿਸ਼ੇ ਹੋਣ ਕਰਕੇ ਸ਼ਬਦ ਪ੍ਰਮਾਣ ਦੇ ਉਹ ਅਵਿਸ਼ੇ ਸਿੱਧ ਹੋ ਗਿਆ, ਇਸ ਲਈ ਸ਼ਬਦ ਪ੍ਰਮਾਣ ਦਾ ਵਿਸ਼ਾ ਵੀ ਨਹੀਂ ਹੈ ਅਤੇ ਹੁਣ ਛੇਵਾਂ ਐਤਿਹਯ ਪ੍ਰਮਾਣ ਦਾ ਨਿਖੇਧ ਚਲਿਆ : ਐਤਿਹਯ ਪ੍ਰਮਾਣ ਦਾ ਵੀ ਉਹ ਵਿਸ਼ਾ ਨਹੀਂ, ਇਸ ਦੁਆਰਾ ਇਸ ਕਰਕੇ ਨਹੀਂ ਜਾਣਿਆ ਜਾਂਦਾ ਕਿਉਂਕਿ ਇਸ ਪ੍ਰਮਾਣ ਵਿਚ ਕਿਹਾ ਗਿਆ ਸੀ ਕਿ ਇਸ ਬ੍ਰਿਛ ਵਿਚ ਪ੍ਰੇਤ ਆਤਮਾ ਹੈ, ਇਸ ਬ੍ਰਿਛ ਵਿਚ ਨਹੀਂ ਹੈ। ਬ੍ਰਹਮ ਨੂੰ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਇਸ ਸਰੀਰ ਵਿਚ ਹੈ, ਇਸ ਸਰੀਰ ਵਿਚ ਨਹੀਂ ਹੈ, ਇਸ ਲਈ ਅੱਤਿਹਯ ਪ੍ਰਮਾਣ ਦਾ ਵਿਸ਼ਾ ਵੀ ਨਹੀਂ ਹੈ ॥੬॥

## ਦੇਸ਼ ਕਾਲ ਨਹਿਂ; ਵਸਤੁ ਪ੍ਰਛਿੰਨ।

ਦੇਸ਼ = ਮੁਲਖ, ਕਾਲ = ਸਮਾਂ, ਵਸਤੁ = ਵਸਤੂ ਭਾਵ ਉਹ ਦੇਸ਼ ਕਾਲ ਵਸਤੂ ਪ੍ਰਛਿੰਨ = ਪ੍ਰਛੇਦ ਰਹਿਤ ਹੈ, ਜਿਵੇਂ ਜੀਵ ਅਨੇਕਾਂ ਦੇਸ਼ਾਂ ਵਿਚ ਵੰਡੇ ਹੋਏ ਹਨ ਅਤੇ ਤਿੰਨਾਂ ਕਾਲਾਂ (ਭੂਤ, ਭਵਿੱਖਤ, ਵਰਤਮਾਨ) ਅੰਦਰ ਵੀ ਸੰਸਾਰ ਵੰਡਿਆ ਹੋਇਆ ਹੈ ਅਤੇ ਅਨੇਕਾਂ ਵਸਤੂਆਂ ਅਲੱਗ-ਅਲੱਗ ਨਾਮ ਦੇ ਨਾਲ ਵੰਡੀਆਂ ਹੋਈਆਂ ਹਨ, ਪਰ ਬ੍ਰਹਮ ਇਹਨਾਂ ਤਿੰਨਾਂ ਦੀ ਵੰਡ ਵਿਚ ਨਹੀਂ ਆਉਂਦਾ, ਅਸੀਂ ਥੋੜ੍ਹੇ ਸਮੇਂ ਤੇ ਥੋੜ੍ਹੇ ਥਾਂ ਤੇ ਵਸਤੂਆਂ ਕਰਕੇ ਵੰਡੇ ਹੋਏ ਹਾਂ, ਪਰ ਉਹ ਬ੍ਰਹਮ ਵੰਡ ਰਹਿਤ ਤੇ ਇਕ-ਰਸ ਹੈ।

## ਏਕ ਆਤਮਾ; ਅਨੰਦ ਅਭਿੰਨ।

(ਪਾਠਾਂਤ੍ਰ ਆਤਮਾ ਨੰਦ)

ਏਕ = ਇਕ ਆਤਮਾ ਹੀ ਅਨੰਦ ਸਰੂਪ ਤੇ ਅਭਿੰਨ = ਵੱਖਰੇਪਣ ਤੋਂ ਰਹਿਤ ਭਾਵ ਇਕ-ਰਸ ਰਹਿਣ ਵਾਲਾ ਹੈ ਤੇ ਸਤ, ਚਿਤ, ਅਨੰਦ ਸਰੂਪ ਹੈ।

## ਦੇਸ਼ ਨਹੀਂ, ਐਸੋ ਕਿਤ ਲਹੋ।

ਕਿਤੇ ਵੀ ਐਸਾ = ਇਹੋ ਜਿਹਾ ਦੇਸ਼ ਲਹੋ = ਜਾਣਿਆ ਨਹੀਂ ਜਾਂਦਾ।

## ਚੇਤਨ ਬ੍ਰਹਮ ਨਹੀਂ ਜਿਹ, ਕਹੋ ॥੭॥

ਜਿਹ = ਜਿਥੇ ਤੁਸੀਂ ਕਹੋ ਕਿ ਇਸ ਥਾਂ ਵਿਚ ਚੇਤਨ ਬ੍ਰਹਮ ਨਹੀਂ, ਭਾਵ ਸਾਰੇ ਕਿਤੇ ਹੈ ॥੭॥

## ਸਕਲ ਦੇਸ਼ ਮਹਿਂ; ਪੂਰਨ ਪਿਖੀਏ।

ਸਕਲ = ਸਾਰਿਆਂ ਦੇਸ਼ਾਂ ਮਹਿ = ਵਿਚ ਉਹ ਬ੍ਰਹਮ ਪੂਰਨ ਪਿਖੀਏ = ਦੇਖਿਆ ਜਾਂਦਾ ਹੈ।

## ਦੇਸ਼ ਪ੍ਰਛੇਦ ਨ; ਯਾਂਤੇ ਲਖੀਏ।

ਯਾਂਤੇ = ਇਸ ਕਰਕੇ ਬ੍ਰਹਮ ਦੇਸ਼ ਕਰਕੇ ਪ੍ਰਛੇਦ = ਅਲੱਗ ਨਹੀਂ ਲਖੀਏ = ਜਾਣਿਆ ਜਾਂਦਾ।

## ਭੂਤ ਭਵਿੱਖਤ; ਅਰੁ ਬ੍ਰਤਮਾਨ।

ਭੂਤ = ਬੀਤਿਆ ਹੋਇਆ ਸਮਾਂ, ਭਵਿੱਖਤ = ਆਉਣ ਵਾਲਾ ਸਮਾਂ, ਅਰੁ = ਅਤੇ ਬ੍ਰਤਮਾਨ = ਵਰਤ ਰਿਹਾ ਸਮਾਂ, ਭਾਵ ਬ੍ਰਹਮ ਬੀਤੇ ਹੋਏ ਸਮੇਂ ਵਿਚ ਵੀ ਸੀ, ਵਰਤਮਾਨ ਸਮੇਂ ਵਿਚ ਵੀ ਹੈ ਤੇ ਆਉਣ ਵਾਲੇ ਸਮੇਂ ਵਿਚ ਵੀ ਹੋਵੇਗਾ।

## ਬ੍ਰਹਮ ਆਤਮਾ; ਏਕ ਸਮਾਨ ॥੮॥

ਇਸ ਕਰਕੇ ਬ੍ਰਹਮ ਆਤਮਾ ਤਿੰਨ ਸਮਿਆਂ ਵਿਚ ਇਕ-ਸਮਾਨ ਰਹਿੰਦਾ ਹੈ॥੮॥ ਅਤੇ :

## ਵਾਧ ਨ ਘਾਟ, ਜਨਮ ਨਹਿੰ ਨਾਸ਼।

ਨਾ ਹੀ ਕਿਸੇ ਸਮੇਂ ਵਿਚ ਵਾਧ = ਵੱਧਦਾ ਹੈ ਤੇ ਨਾ ਹੀ ਘਾਟ = ਘੱਟਦਾ ਹੈ, ਨਾ ਹੀ ਉਸ ਦਾ ਜਨਮ ਹੁੰਦਾ ਹੈ ਅਤੇ ਨਾ ਹੀ ਨਾਸ਼ ਹੁੰਦਾ ਹੈ। ਜੈਸਾ ਕਿ :

**ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ॥**
**ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥** *(ਸ੍ਰੀ ਦਸਮ ਗ੍ਰੰਥ, ਅਕਾਲ ਉਸਤਤ)*

## ਇਕ ਰਸ ਸਦਾ ਰਹਯੋ; ਸੁ ਪ੍ਰਕਾਸ਼।

ਸੁ = ਉਹ ਬ੍ਰਹਮ ਸਦਾ = ਹਮੇਸ਼ਾਂ ਹੀ ਇਕ-ਰਸ ਪ੍ਰਕਾਸ਼ ਰਿਹਾ ਹੈ।

## ਯਾਂਤੇ ਕਾਲ; ਪ੍ਰਛੇਦ ਨ ਕੋਇ।

ਯਾਂਤੇ = ਇਸ ਕਰਕੇ ਉਹ ਬ੍ਰਹਮ ਕਿਸੇ ਵੀ ਕਾਲ = ਸਮੇਂ ਕਰਕੇ ਪ੍ਰਛੇਦ = ਅਲੱਗ ਨਹੀਂ ਹੁੰਦਾ।

## ਅੱਕ੍ਰੈ, ਅਚਲ ਕੂਟ ਸਮ ਸੋਇ ॥੯॥

ਸੋਇ = ਉਹ ਬ੍ਰਹਮ ਅੱਕ੍ਰੈ = ਕਿਰਿਆ ਤੋਂ ਰਹਿਤ ਤੇ ਕੂਟ = ਪਰਬਤ ਦੇ ਸਮ = ਬਰਾਬਰ ਭਾਵ ਪਰਬਤ ਵਾਂਗ ਅਚੱਲ ਹੈ॥੯॥

## ਸਰਬ ਆਤਮਾ; ਸਭਿ ਮਹਿਂ ਬਾਸਾ।

ਫਿਰ ਉਹ ਬ੍ਰਹਮ ਸਰਬ = ਸਾਰਿਆਂ ਦਾ ਆਤਮਾ ਹੋ ਕਰਕੇ ਸਭਿ = ਸਾਰਿਆਂ ਦੇ ਮਹਿਂ = ਵਿਚ ਬਾਸਾ = ਵੱਸ ਰਿਹਾ ਹੈ।

## ਸਰਬਾਧਾਰ; ਸਮਸਤਿ ਪ੍ਰਕਾਸ਼ਾ।

ਉਹ ਸਰਬਾਧਾਰ (ਸਰਬ+ਅਧਾਰ) ਸਰਬ = ਸਾਰਿਆਂ ਦਾ ਅਧਾਰ = ਆਸਰਾ ਰੂਪ ਹੈ ਭਾਵ ਕੀੜੀ ਤੋਂ ਲੈ ਕੇ ਹਾਥੀ ਤਕ ਸਾਰਿਆਂ ਹੀ ਸਰੀਰਾਂ ਦਾ ਆਸਰਾ ਰੂਪ ਹੈ ਤੇ ਸਮਸਤਿ = ਸਾਰਿਆਂ ਦਾ ਪ੍ਰਕਾਸ਼ਾ = ਪ੍ਰਕਾਸ਼

ਰੂਪ ਹੈ, ਭਾਵ ਕੋਈ ਵੀ ਵਸਤੂ ਅਜਿਹੀ ਨਹੀਂ ਹੈ ਜਿਸ ਵਿਚ ਉਸਦਾ ਪ੍ਰਕਾਸ਼ ਨਹੀਂ ਹੈ, ਸਾਰਿਆਂ ਦੇ ਵਿਚ ਪ੍ਰਕਾਸ਼ ਰੂਪ ਹੈ। ਜੈਸਾ ਕਿ :

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥** *(ਸੋਹਿਲਾ, ਧਨਾਸਰੀ ਮ: ੧, ਅੰਗ ੧੩)*

ਵਾ: **ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਜਹ ਦੇਖਾ ਤਹ ਨਰਹਰੀ॥੧॥**

*(ਰਾਮਕਲੀ ਮ: ੧, ਅੰਗ ੮੭੭)*

ਜੋ ਬ੍ਰਹਮ ਸਭ ਨੂੰ ਪ੍ਰਕਾਸ਼ ਕਰ ਰਿਹਾ ਹੈ, ਉਸ ਦਾ ਆਪਣਾ ਪ੍ਰਕਾਸ਼ ਸ੍ਵੈਂ ਹੈ ਭਾਵ ਆਪਣੇ ਆਪ ਤੋਂ ਹੈ, ਜੋ ਖਟ ਜੋਤੀਆਂ ਪ੍ਰਕਾਸ਼ ਰੂਪ ਮੰਨੀਆਂ ਹਨ, ਉਹਨਾਂ ਦਾ ਪ੍ਰਕਾਸ਼ ਆਪਣੇ ਆਪ ਤੋਂ ਨਹੀਂ ਹੈ, ਖਟ ਜੋਤੀਆਂ (ਬੁੱਧੀ, ਬਿਜਲੀ, ਚੰਦ, ਸੂਰਜ, ਤਾਰੇ, ਅਗਨੀ) ਦਾ ਪ੍ਰਕਾਸ਼ ਵੀ ਬ੍ਰਹਮ ਤੋਂ ਹੀ ਹੈ, ਇਸ ਕਰਕੇ ਸਭ ਦਾ ਪ੍ਰਕਾਸ਼ ਰੂਪ ਬ੍ਰਹਮ ਹੀ ਹੈ ਤੇ ਉਹ ਅਖੰਡ ਸਰੂਪ ਹੈ।

## ਯਾਂਤੇ ਵਸਤੁ; ਪ੍ਰਛੇਦ ਨ ਕੋਈ।

ਯਾਂਤੇ = ਇਸ ਕਰਕੇ ਉਹ ਬ੍ਰਹਮ ਕੋਈ ਵੀ ਵਸਤੁ = ਵਸਤੂਆਂ ਕਰਕੇ ਪ੍ਰਛੇਦ = ਅਲੱਗ ਨ = ਨਹੀਂ ਹੁੰਦਾ ਜਿਵੇਂ ਕੁੱਝ ਵਸਤੂਆਂ ਕਿਸੇ ਦੇਸ਼ ਵਿਚ ਹੁੰਦੀਆਂ ਹਨ ਤੇ ਕਿਸੇ ਦੇਸ਼ ਵਿਚ ਨਹੀਂ ਵੀ ਹੁੰਦੀਆਂ ਜਿਵੇਂ ਅੰਬ, ਅਨਾਰ, ਖੰਜੂਰਾ ਆਦਿ ਕਿਸੇ ਧਰਤੀ ਵਿਚ ਬਹੁਤ ਹੁੰਦੀਆਂ ਹਨ ਕਿਸੇ ਧਰਤੀ ਵਿਚ ਬਿਲਕੁਲ ਵੀ ਨਹੀਂ ਹੁੰਦੀਆਂ ਤੇ ਕੇਸਰ ਕਸ਼ਮੀਰ ਤੇ ਸਪੇਨ ਵਿਚ ਬਿਨਾਂ ਯਤਨ ਕੀਤੇ ਹੋ ਜਾਂਦਾ ਹੈ, ਪਰ ਕਈ ਜਗ੍ਹਾ ਯਤਨ ਕੀਤਿਆਂ ਵੀ ਕਾਮਯਾਬੀ ਨਹੀਂ ਮਿਲਦੀ, ਇਹ ਵਸਤੂਆਂ ਦਾ ਪ੍ਰਛੇਦਨ ਹੈ ਪਰ ਬ੍ਰਹਮ ਕਿਸੇ ਵਸਤੂ ਕਰਕੇ ਪ੍ਰਛੇਦਨ ਨਹੀਂ ਹੋ ਸਕਦਾ।

## ਤੀਨਹੁ ਤੇ; ਪਰਛਿੰਨ ਨ ਹੋਈ॥੧੦॥

ਉਹ ਬ੍ਰਹਮ ਦੇਸ਼ ਕਾਲ ਵਸਤੂ ਇਹਨਾਂ ਤੀਨਹੁ = ਤਿੰਨਾਂ ਤੇ = ਤੋਂ ਪਰਛਿੰਨ = ਅਲੱਗ ਨ = ਨਹੀਂ ਹੁੰਦਾ ਭਾਵ ਸਾਰਿਆਂ ਦੇਸ਼ਾਂ ਵਿਚ ਵੀ, ਤਿੰਨਾਂ ਸਮਿਆਂ ਦੇ ਵਿਚ ਵੀ ਤੇ ਸਾਰੀਆਂ ਵਸਤੂਆਂ ਵਿਚ ਵੀ ਹੈ॥੧੦॥

## ਦੋਹਰਾ॥ ਆਸ਼੍ਰੈ ਵਿਖੈ ਅੱਗਯਾਨ ਕੋ; ਹੋਤਿ ਬ੍ਰਹਮ ਹੀ ਏਕ।

ਏਕ = ਇਕ ਅਦੁੱਤੀ ਬ੍ਰਹਮ ਹੀ ਅਗਿਆਨ ਕੋ = ਦਾ ਤੇ ਅਗਿਆਨ ਦੇ ਵਿਸ਼ੇ ਦਾ ਆਸ਼੍ਰੈ = ਆਸਰਾ ਹੈ, ਭਾਵ ਅਗਿਆਨ ਦਾ ਅਤੇ ਅਗਿਆਨ ਦੇ ਵਿਸ਼ੇ ਦਾ ਦੋਨਾਂ ਦਾ ਹੀ ਆਸਰਾ ਹੈ।

## ਸੁਨੀਅਹਿ ਜੁਤਿ ਦ੍ਰਿਸ਼ਟਾਂਤ ਕੇ; ਕੀਜੈ ਬਹੁਰ ਬਿਬੇਕ॥੧੧॥

ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਤੁਸੀਂ ਇਸਨੂੰ ਦ੍ਰਿਸ਼ਟਾਂਤ ਕੇ = ਦੇ ਜੁਤਿ = ਸਹਿਤ ਸੁਨੀਅਹਿ = ਸੁਣਨਾ ਕਰੋ ਤੇ ਬਹੁਰ = ਫਿਰ ਇਸਦੀ ਮੁੜ ਬਿਬੇਕ = ਵਿਚਾਰ ਕੀਜੈ = ਕਰ ਲੈਣਾ॥੧੧॥

## ਚੌਪਈ॥ ਜਿਮ ਕੋਸ਼ਟ ਕੇ; ਬੀਚ ਅੰਧੇਰਾ।

ਜਿਮ = ਜਿਵੇਂ ਕੋਸ਼ਟ = ਕੋਠੇ ਕੇ = ਦੇ ਬੀਚ = ਵਿਚ ਕੁੱਪ ਅੰਧੇਰਾ = ਹਨੇਰਾ ਹੁੰਦਾ ਹੈ।

## ਛਾਦਨ ਕੀਨਸ; ਪਰੈ ਨ ਹੇਰਾ।

ਕੋਠੇ ਨੂੰ ਹਨੇਰੇ ਨੇ ਛਾਦਨ = ਢੱਕ ਲੈਣਾ ਕੀਨਸ = ਕੀਤਾ ਹੈ, ਅੰਧੇਰੇ ਦੇ ਕਾਰਨ ਨਾ ਕੰਧਾਂ ਦਿੱਸਦੀਆਂ ਹਨ ਅਤੇ ਨਾ ਹੀ ਛੱਤ ਦਿੱਸਦੀ ਅਤੇ ਜੋ ਮਕਾਨ ਵਿਚ ਪਦਾਰਥ ਪਰੈ = ਪਿਆ ਹੈ, ਨਾ ਹੀ ਉਹ ਹੇਰਾ = ਦਿੱਸਦਾ ਹੈ।

## ਕੋਸ਼ਠ ਕਰਯੋ; ਵਿਖੈ ਤਮ ਹੋਇ।

ਕੋਸ਼ਠ = ਕੋਠੇ ਨੂੰ ਤਮ = ਹਨੇਰੇ ਨੇ ਕੋਠੇ ਤੋਂ ਹੀ ਪੈਦਾ ਹੋ ਕੇ ਵਿਖੈ = ਵਿਸ਼ਯ ਕਰਯੋ = ਕੀਤਾ ਹੋਇਆ ਹੈ ਭਾਵ ਢੱਕ ਲਿਆ ਹੈ।

## ਦਿਖਿਬੇ ਮਹਿਂ; ਨਹਿਂ ਆਵਤਿ ਸੋਇ ॥੧੨॥

ਸੋਇ = ਉਸ ਕੋਠੇ ਦੇ ਮਹਿਂ = ਵਿਚ ਖੜਿਆਂ ਨੂੰ ਨਾ ਕੋਠਾ ਤੇ ਨਾ ਹੀ ਕੋਠੇ ਦੇ ਵਿਚ ਪਈਆਂ ਵਸਤੂਆਂ ਦਿਖਿਬੇ = ਦੇਖਣ ਵਿਚ ਨਜ਼ਰ ਆਵਤਿ = ਆਉਂਦੀਆਂ ਹਨ ॥੧੨॥

## ਅਰੁ ਕੋਸ਼ਟ ਹੀ; ਆਸ਼੍ਰੈ ਤਮ ਕੋ।

ਅਰੁ = ਅਤੇ ਕੋਸ਼ਟ = ਕੋਠਾ ਹੀ ਤਮ = ਹਨੇਰੇ ਕੋ = ਦਾ ਆਸ਼੍ਰੈ = ਸਹਾਰਾ ਹੈ ਤੇ ਉਸ ਨੇ ਆਪਣੇ ਹੀ ਆਸਰੇ (ਕੋਠਾ) ਨੂੰ ਢੱਕਣਾ ਕੀਤਾ ਹੈ ਕਿਉਂਕਿ ਮਕਾਨ ਤੋਂ ਬਿਨਾਂ ਮਕਾਨ ਦਾ ਅੰਧੇਰਾ ਪੈਦਾ ਨਹੀਂ ਹੁੰਦਾ, ਮਕਾਨ ਤੋਂ ਬਿਨਾਂ ਮਕਾਨ ਦੇ ਹਨੇਰੇ ਦਾ ਆਸਰਾ ਵੀ ਕੋਈ ਨਹੀਂ ਅਤੇ ਆਪਣੇ ਹੀ ਆਸਰੇ ਮਕਾਨ ਨੂੰ ਹਨੇਰੇ ਨੇ ਢੱਕਣਾ ਕੀਤਾ ਹੈ।

## ਇਮਹੀ ਜਾਨੋ; ਰੂਪ ਬ੍ਰਹਮ ਕੋ।

ਉਪਰੋਕਤ ਦ੍ਰਿਸ਼ਟਾਂਤ ਅਨੁਸਾਰ ਇਮਹੀ = ਇਸੇ ਤਰ੍ਹਾਂ ਹੀ ਬ੍ਰਹਮ ਦੇ ਰੂਪ ਕੋ = ਨੂੰ ਅਗਿਆਨ ਢੱਕਣ ਵਾਲਾ ਜਾਨੋ = ਜਾਣ ਲਉ।

## ਤਿਸ ਤੇ ਹੀ; ਉਪਜਯੋ ਅੱਗਯਾਨ।

ਤਿਸ = ਉਸ ਬ੍ਰਹਮ ਤੇ = ਤੋਂ ਹੀ ਅਗਿਆਨ ਉਪਜਯੋ = ਪੈਦਾ ਹੋਇਆ ਹੈ, ਭਾਵ ਅਗਿਆਨ ਨੂੰ ਪੈਦਾ ਕਰਨ ਵਾਲਾ ਬ੍ਰਹਮ ਤੋਂ ਬਿਨਾਂ ਕੋਈ ਹੋਰ ਨਹੀਂ, ਅਤੇ :

## ਯਾਂਤੇ ਅਹੈ; ਆਸਰੋ ਜਾਨ ॥੧੩॥

ਯਾਂਤੇ = ਇਸ ਕਰਕੇ ਬ੍ਰਹਮ ਹੀ ਅਗਿਆਨ ਦਾ ਆਸਰੋ = ਆਸਰਾ ਜਾਣ ਲਉ, ਭਾਵ ਬ੍ਰਹਮ ਤੋਂ ਹੀ ਪੈਦਾ ਹੋਇਆ ਹੈ ਤੇ ਬ੍ਰਹਮ ਨੂੰ ਹੀ ਢੱਕ ਰਿਹਾ ਹੈ ॥੧੩॥

## ਬ੍ਰਹਮ ਕੋ ਲਖਨ; ਦੇਤਿ ਨਹਿਂ ਸੋਇ।

ਅਗਿਆਨ ਜੋ ਬ੍ਰਹਮ ਤੋਂ ਪੈਦਾ ਹੋਇਆ ਹੈ, ਸੋਇ = ਉਹੀ ਅਗਿਆਨ ਬ੍ਰਹਮ ਕੋ = ਨੂੰ ਲਖਨ = ਜਾਨਣ ਨਹੀਂ ਦੇਤਿ = ਦਿੰਦਾ। ਅਗਿਆਨ ਦਾ ਆਸਰਾ ਬ੍ਰਹਮ ਹੀ ਹੈ, ਬ੍ਰਹਮ ਨੂੰ ਹੀ ਢੱਕ ਰਿਹਾ ਹੈ।

## ਯਾਂਤੇ ਬਿਸ਼ੈ; ਬ੍ਰਹਮ ਹੀ ਹੋਇ।

ਯਾਂਤੇ = ਇਸ ਕਰਕੇ ਬ੍ਰਹਮ ਨੂੰ ਹੀ ਵਿਸ਼ੇ ਕਰਨ ਵਾਲਾ ਹੋਇ = ਹੋ ਰਿਹਾ ਹੈ ਭਾਵ ਬ੍ਰਹਮ ਨੂੰ ਢੱਕ ਰਿਹਾ ਹੈ। ਜਿਵੇਂ ਕੋਠੇ ਦਾ ਹਨੇਰਾ ਕੋਠੇ ਤੋਂ ਪੈਦਾ ਹੋ ਕੇ ਕੋਠੇ ਨੂੰ ਢੱਕ ਰਿਹਾ ਹੈ ਅਤੇ ਪਾਣੀ ਤੋਂ ਬੂਰ ਪੈਦਾ ਹੋ ਕੇ ਪਾਣੀ ਨੂੰ ਢੱਕ ਲੈਂਦਾ ਹੈ ਜੋ ਆਮ ਹੀ ਦੇਖਿਆ ਗਿਆ ਕਿ ਹੈ ਟੋਭਿਆਂ ਤੇ ਤਲਾਬਾਂ ’ਤੇ ਬੂਰ ਇਤਨਾ ਜ਼ਿਆਦਾ ਆ ਜਾਂਦਾ ਹੈ ਕਿ ਪਾਣੀ ਨੂੰ ਦਿੱਸਣ ਤੋਂ ਹਟਾ ਦਿੰਦਾ ਹੈ ਭਾਵ ਉਹ ਬੂਰ ਪਾਣੀ ਤੋਂ ਹੀ ਪੈਦਾ ਹੋ ਕੇ ਪਾਣੀ ਦੇ ਆਸਰੇ ਹੀ ਖੜਾ ਹੈ ਪਰ ਪਾਣੀ ਨੂੰ ਦਿੱਸਣ ਤੋਂ ਹਟਾ ਦਿੰਦਾ ਹੈ, ਇਸੇ ਤਰ੍ਹਾਂ ਅਗਿਆਨ ਬ੍ਰਹਮ ਤੋਂ ਹੀ ਪੈਦਾ ਹੋ ਕੇ ਬ੍ਰਹਮ ਦੇ ਹੀ ਆਸਰੇ ਰਹਿ ਕੇ ਬ੍ਰਹਮ ਨੂੰ ਹੀ ਢੱਕ ਲੈਂਦਾ ਹੈ ਭਾਵ ਅਗਿਆਨ ਕਰਕੇ ਬ੍ਰਹਮ ਨਜ਼ਰ ਨਹੀਂ ਆ ਰਿਹਾ ਹੈ। ਹੁਣ ਭਾਈ ਸਾਹਿਬ ਜੀ ਅਗਿਆਨ ਦੀਆਂ ਸ਼ਕਤੀਆਂ ਕਥਨ ਕਰਨਗੇ।

## ਦ੍ਵੈ ਸ਼ਕਤੀ; ਧਾਰਤਿ ਅੱਗ੍ਯਾਨ।

ਅਗਿਆਨ ਦ੍ਵੈ = ਦੋ ਸ਼ਕਤੀ = ਤਾਕਤਾਂ ਧਾਰਤਿ = ਧਾਰਨ ਕਰਦਾ ਹੈ, ਭਾਵ ਅਗਿਆਨ ਆਪਣੇ ਵਿਚ ਦੋ ਤਾਕਤਾਂ ਰੱਖਦਾ ਹੈ।

## ਇਕ ਆਵਰਨ, ਵਿਖੇਪੈ ਆਨ ॥੧੪॥

ਇਕ ਦਾ ਨਾਮ ਆਵਰਨ ਸ਼ਕਤੀ ਹੈ, ਆਨ = ਦੂਸਰੀ ਦਾ ਨਾਮ ਵਿਖੇਪੈ = ਵਿਖੇਪ ਸ਼ਕਤੀ ਹੈ ॥੧੪॥

[**ਆਵਰਨ ਸ਼ਕਤੀ**] ਹੁਣ ਆਵਰਨ ਸ਼ਕਤੀ ਦੀ ਵਿਆਖਿਆ ਕਰਨਗੇ।

## ਬ੍ਰਹਮ ਕਰਯੋ; ਆਛਾਦਨ ਜਾਂਹਿ।

ਜਾਂਹਿ = ਜਿਸ ਸ਼ਕਤੀ ਨੇ ਬ੍ਰਹਮ ਨੂੰ ਆਛਾਦਨ = ਢੱਕਣਾ ਕੀਤਾ ਹੈ।

## ਜਿਸ ਤੇ ਜਾਨ; ਸਕਹਿਂ ਕਿਮ ਨਾਂਹਿ।

ਜਿਸ ਅਗਿਆਨ ਦੀ ਸ਼ਕਤੀ ਕਰਕੇ ਬ੍ਰਹਮ ਨੂੰ ਕਿਮ = ਕਿਸੇ ਤਰ੍ਹਾਂ ਵੀ ਜਾਣ ਨਾਂਹਿ = ਨਹੀਂ ਸਕੀਦਾ।

## ਇਹ ਆਵਰਨ ਸ਼ਕਤਿ; ਦ੍ਰਿੜ ਅਹੈ।

ਇਹ ਅਗਿਆਨ ਦੀ ਆਵਰਨ ਸ਼ਕਤੀ ਬਹੁਤ ਦ੍ਰਿੜ = ਪੱਕੀ, ਮਜਬੂਤ ਅਹੈ = ਹੈ।

## ਜਿਸ ਕੇ ਭਏ; ਜੀਵ ਜਗ ਬਹੈ ॥੧੫॥

ਜਿਸ ਅਗਿਆਨ ਦੀ ਆਵਰਨ ਸ਼ਕਤੀ ਕੇ = ਦੇ ਭਏ = ਹੋਇਆ ਜੀਵ ਜਗ = ਸੰਸਾਰ ਦੇ ਵਿਚ ਬਹੈ = ਰੁੜ੍ਹੇ ਜਾਂਦੇ ਹਨ ਭਾਵ ਜੰਮਦੇ ਮਰਦੇ ਰਹਿੰਦੇ ਹਨ ॥੧੫॥

[**ਵਿਖੇਪ ਸ਼ਕਤੀ**] ਹੁਣ ਵਿਖੇਪ ਸ਼ਕਤੀ ਦਾ ਕਥਨ ਕਰਨਗੇ :

## ਪੁਨ ਨਾਨੱਤ੍ਵ; ਦਿਖਾਵਨ ਕਰੇ।

ਪੁਨ = ਫਿਰ ਦੂਸਰੀ ਅਗਿਆਨ ਦੀ ਸ਼ਕਤੀ ਇਹ ਹੈ ਕਿ ਜੋ ਨਾਨੱਤ੍ਵ = ਨਾਨਾ ਤਰ੍ਹਾਂ ਦਾ ਵੱਖਰਾ-ਵੱਖਰਾ ਪੁਣਾ ਦਿਖਾਵਨ = ਦਿਖਾਉਣਾ ਕਰ ਰਹੀ ਹੈ ਭਾਵ ਇਕ ਦੀ ਥਾਂ ’ਤੇ ਬਹੁਤਾਦਿ ਦਿਖਾਉਣਾ ਕਰ ਰਹੀ ਹੈ।

## ਗਜ, ਬਾਜੀ, ਬਨ, ਗਨ ਤਰੁ ਹਰੇ।

ਗਜ = ਹਾਥੀ, ਬਾਜੀ = ਘੋੜੇ, ਬਨ = ਜੰਗਲ ਹਰੇ = ਸਾਵੇ ਤਰੁ = ਬ੍ਰਿਛ ਗਨ = ਸਮੂਹ, ਇਹ ਸਾਰੇ ਪਸ਼ੂ, ਪੰਛੀ ਮਨੁੱਖ ਆਦਿ।

## ਸ਼ਕਤਿ ਵਿਖੇਪ; ਇਹੀ ਤਿਸ ਮਾਂਹਿ।

ਤਿਸ = ਉਸ ਅਗਿਆਨ ਦੇ ਮਾਂਹਿ = ਵਿਚ ਇਹੀ ਦੂਸਰੀ ਵਿਖੇਪ ਸ਼ਕਤੀ ਹੈ।

## ਏਕ ਰੂਪ; ਕਿਮ ਜਾਨਤਿ ਨਾਂਹਿ ॥੧੬॥

ਇਸ ਅਗਿਆਨ ਦੀ ਵਿਖੇਪ ਸ਼ਕਤੀ ਕਰਕੇ ਬ੍ਰਹਮ ਦੇ ਏਕ = ਇਕ ਰੂਪ ਨੂੰ ਜੀਵ ਕਿਮ = ਕਿਸੇ ਤਰ੍ਹਾਂ ਵੀ ਨਾਂਹਿ = ਨਹੀਂ ਜਾਨਤਿ = ਜਾਣਦਾ ਭਾਵ ਇਕ ਰੂਪ ਬ੍ਰਹਮ ਨੂੰ ਸਾਰੀਆਂ ਥਾਂਵਾਂ 'ਤੇ ਨਹੀਂ ਜਾਣਦਾ ਜਿਵੇਂ ਕਿ ਹਾਥੀ ਵਿਚ ਵੀ, ਘੋੜੇ ਵਿਚ ਵੀ, ਜੰਗਲ ਵਿਚ ਵੀ, ਬ੍ਰਿੱਛਾਂ ਵਿਚ ਵੀ, ਸਾਰੀ ਹਰਿਆਵਲ ਵਿਚ ਵੀ, ਘਾਹ ਤੀਲੇ ਤੋਂ ਲੈ ਕੇ ਬੋਹੜ ਵਿਚ ਵੀ, ਕੀੜੀ ਤੋਂ ਲੈ ਕੇ ਹਾਥੀ ਵਿਚ ਵੀ ਤੇ ਜੀਵ ਤੋਂ ਲੈ ਕੇ ਬ੍ਰਹਮਾ ਵਿਚ ਵੀ ਉਹੀ ਹੈ, ਏਕਤਾ ਵਾਲੀ ਬਿਰਤੀ ਨੂੰ ਖਿੰਡਾਅ ਕੇ ਰੱਖਣ ਵਾਲੀ ਸ਼ਕਤੀ ਦਾ ਨਾਮ ਵਿਖੇਪ ਸ਼ਕਤੀ ਹੈ ॥੧੬॥

## ਸ਼੍ਰਵਣ, ਮਨਨ, ਨਿੱਧਯਾਸਨ ਦ੍ਵਾਰਾ।

ਫਿਰ ਭਾਈ ਦਇਆ ਸਿੰਘ ਜੀ ਨੇ ਕਿਹਾ ਕਿ ਜੋ ਛੇ ਤਰ੍ਹਾਂ ਦਾ ਸ਼੍ਰਵਣ ਗਿਆਨ ਹੈ, ਉਹ ਗੁਰੂ ਦੁਆਰਾ ਜਾਣ ਕਰਕੇ ਜੋ ਅੱਗੇ ਮੰਨਣ ਪ੍ਰਾਪਤ ਕਰਦਾ ਹੈ ਭਾਵ ਵਾਰ-ਵਾਰ ਵਿਚਾਰ ਕਰਦਾ ਹੈ, ਉਸ ਤੋਂ ਬਾਅਦ ਫਿਰ ਨਿੱਧਿਆਸਣ ਗਿਆਨ ਪ੍ਰਾਪਤ ਕਰ ਲੈਂਦਾ ਹੈ, ਨਿਧਿਆਸ ਗਿਆਨ ਦੁਆਰਾ ਆਪਣੀ ਬਿਰਤੀ ਨੂੰ ਦ੍ਰਿੜ੍ਹ ਕਰ ਲੈਂਦਾ ਹੈ ਭਾਵ ਸ਼੍ਰਵਣ, ਮੰਨਣ, ਨਿਧਿਆਸਣ ਤਿੰਨੇ ਸਾਧਨ ਪ੍ਰਪੱਕ ਕਰ ਲੈਂਦਾ ਹੈ ਫਿਰ ਕੇਵਲ ਸਰੂਪ ਦਾ ਸਾਖਿਆਤਾਕਾਰ ਹੋਣਾ ਹੀ ਬਾਕੀ ਰਹਿ ਜਾਂਦਾ ਹੈ।

## ਜਬਿ ਹੋਇਓ; ਸੱਖਯਾਤ ਉਦਾਰਾ।

ਜਬਿ = ਜਦੋਂ ਉਦਾਰਾ = ਸ੍ਰੇਸ਼ਟ ਬ੍ਰਹਮ ਸੱਖਯਾਤ = ਸਾਖਿਆਤਾਕਾਰ ਹੋਇਓ = ਹੋ ਗਿਆ, ਭਾਵ ਬ੍ਰਹਮ ਗਿਆਨ ਪ੍ਰਗਟ ਹੋ ਗਿਆ।

## ਤ੍ਰੈ ਗੁਣ; ਤੀਨ ਅਵਸਥਾ ਛੋਰਿ।

ਤਦੋਂ ਫੇਰ ਤ੍ਰੈ = ਤਿੰਨੇ ਗੁਣ (ਰਜੋ, ਤਮੋ, ਸਤੋ) ਤੇ ਤੀਨ = ਤਿੰਨੇ ਅਵਸਥਾ (ਜਾਗ੍ਰਤ, ਸੁਪਨ, ਸੁਖੋਪਤੀ) ਨੂੰ ਛੋਰਿ = ਛੱਡ ਕਰਕੇ :

## ਥਿਰੀ ਬ੍ਰਿੱਤਿ; ਚਲਿ ਤੁਰੀਆ ਓਰ ॥੧੭॥

ਫਿਰ ਇਹ ਬਿਰਤੀ ਤੁਰੀਆ ਅਵਸਥਾ ਓਰ = ਵੱਲ ਚੱਲ ਕਰਕੇ ਥਿਰੀ = ਟਿੱਕ ਜਾਂਦੀ ਹੈ ॥੧੭॥

## ਅਨੰਦਾਤਮ ਮਹਿਂ; ਥਿਰਤਾ ਭਈ।

ਫਿਰ ਉਸ ਦੀ (ਅਨੰਦ+ਆਤਮ) ਅਨੰਦ ਰੂਪ ਆਤਮਾ ਮਹਿਂ = ਵਿਚ ਥਿਰਤਾ = ਇਸਥਿਤੀ ਭਈ = ਹੋ ਜਾਂਦੀ ਹੈ।

## ਜਿਤ ਕਿਤ ਏਕ; ਰੂਪ ਹ੍ਵੈ ਗਈ।

ਜਿਤ ਕਿਤ = ਜਿਥੇ ਕਿਤੇ ਇਕ ਰੂਪ ਨੂੰ ਜਾਨਣ ਵਾਲੀ ਹੋ ਗਈ ਭਾਵ ਬਿਰਤੀ ਵਿਚੋਂ ਨਾਨਤ੍ਵਪੁਣਾ ਚੁੱਕਿਆ ਗਿਆ ਤੇ ਅਗਿਆਨ ਦਾ ਪੜਦਾ ਚੁੱਕਿਆ ਗਿਆ, ਭਾਵ ਅਗਿਆਨ ਨਵਿਰਤ ਹੋ ਗਿਆ ਜਿਵੇਂ ਸ਼ਕਤੀਸ਼ਾਲੀ ਬੰਦਾ ਜਦੋਂ ਮਰ ਜਾਂਦਾ ਹੈ ਤਾਂ ਉਸਦੀਆਂ ਦੋਵੇਂ ਬਾਂਹਾਂ ਵੀ ਨਾਲ ਹੀ ਮਰ ਜਾਂਦੀਆਂ ਹਨ, ਮਰੇ ਹੋਏ ਬੰਦੇ ਦੀਆਂ ਦੋਵੇਂ ਬਾਹਾਂ ਹਰਕਤ ਨਹੀਂ ਕਰਦੀਆਂ, ਇਸੇ ਤਰ੍ਹਾਂ ਮਰੇ ਹੋਏ ਅਗਿਆਨ ਦੀਆਂ ਦੋਵੇਂ ਸ਼ਕਤੀਆਂ (ਆਵਰਨ, ਵਿਖੇਪ) ਹਰਕਤ ਨਹੀਂ ਕਰਦੀਆਂ।

## ਦੋਨਹੁ ਸ਼ਕਤਿ; ਸਹਿਤ ਅੱਗ੍ਯਾਨ।

ਫਿਰ ਅਗਿਆਨ ਦੋਨਹੁ = ਦੋਹਾਂ ਸ਼ਕਤਿ = ਸ਼ਕਤੀਆਂ (ਆਵਰਨ ਸ਼ਕਤੀ, ਵਿਖੇਪ ਸ਼ਕਤੀ) ਦੇ ਸਹਿਤ = ਸਮੇਤ।

## ਗੁਰੂ ਬਾਕ ਤੇ; ਕੀਯਸਿ ਹਾਨ ॥੧੮॥

ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤ੍ਰੀ ਗੁਰੂ ਦੇ ਵਾਕ = ਬਚਨਾਂ ਤੇ = ਤੋਂ ਹਾਨ = ਨਾਸ਼ ਕੀਯਸਿ = ਕਰ ਦਿੱਤਾ ॥੧੮॥

ਫਿਰ ਬ੍ਰਹਮ ਨੇਸ਼ਟੀ ਤੇ ਬ੍ਰਹਮ ਸ੍ਰੋਤ੍ਰੀ ਜਗਿਆਸੂ ਨੂੰ ਐਸਾ ਕਥਨ ਕਰਦੇ ਹਨ ਕਿ:

## ਜੀਵ ਈਸ਼; ਨਦਿ ਵਾਹਾ ਰੂਪ।

ਜੋ ਜੀਵ ਹੈ ਇਹ ਵਾਹਾ = ਨਾਲੇ ਦੀ ਨਿਆਈਂ ਹੈ ਤੇ ਜੋ ਈਸ਼ = ਈਸ਼ਵਰ ਹੈ, ਉਹ ਨਦਿ = ਨਦੀ ਦੀ ਨਿਆਈਂ ਹੈ। ਪਹਿਲਾਂ ਅਗਿਆਨ ਦੀ ਸ਼ਕਤੀ ਕਰਕੇ ਵੱਖਰਾ-ਵੱਖਰਾ ਸਮਝਦਾ ਸੀ, ਹੁਣ ਗੁਰੂ ਦੇ ਗਿਆਨ ਨੇ ਐਸਾ ਜਨਾਉਣਾ ਕੀਤਾ ਹੈ।

## ਪਰੇ ਬੀਚ ਭੇ; ਸਮੁੰਦ੍ਰ ਅਨੂਪ।

ਜਿਵੇਂ ਸਮੁੰਦਰ ਦੇ ਵਿਚ ਨਾਲਾ ਅਤੇ ਨਦੀ ਪੈ ਕੇ ਸਮੁੰਦਰ ਰੂਪ ਹੋ ਜਾਂਦੇ ਹਨ ਕਿਉਂਕਿ ਦੋਨਾਂ ਦੇ ਵਿਚ ਪਾਣੀ ਹੈ, ਉਹ ਸਮੁੰਦਰ ਵਿਚ ਪੈ ਕੇ ਸਮੁੰਦਰ ਰੂਪ ਹੋ ਗਿਆ, ਇਸੇ ਤਰ੍ਹਾਂ ਅਨੂਪ = ਉਪਮਾ ਤੋਂ ਰਹਿਤ ਬ੍ਰਹਮ ਸਮੁੰਦਰ ਦੀ ਨਿਆਈਂ ਹੈ, ਈਸ਼ਵਰ ਨਦੀ ਦੀ ਨਿਆਈਂ ਹੈ ਤੇ ਜੀਵ ਨਾਲੇ ਦੀ ਨਿਆਈਂ ਹੈ, ਦੋਨਾਂ ਵਿਚ ਬ੍ਰਹਮ ਦੀ ਅੰਸ ਚੇਤਨ ਸੱਤਾ ਰੂਪ ਪਾਣੀ ਹੈ, ਇਹ ਬ੍ਰਹਮ ਰੂਪ ਸਮੁੰਦਰ ਦੇ ਬੀਚ = ਵਿਚ ਮਿਲ ਕੇ ਬ੍ਰਹਮ ਰੂਪ ਹੀ ਹੋ ਜਾਂਦੇ ਹਨ।

੧. ਹੁਣ ਜਹਿਤੀ ਲੱਖਣਾ ਦਾ ਕਥਨ ਕਰਨਗੇ:

## ਜਹਿਤੀ ਤੇ ਨਾ; ਏਕਤਾ ਬਨੇ।

ਬ੍ਰਹਮ ਦੇ ਨਾਲ ਇਕੱਲੀ ਜਹਿਤੀ ਲੱਖਣਾ ਦੁਆਰਾ ਜੀਵ ਤੇ ਈਸ਼ ਦੀ ਏਕਤਾ ਨ = ਨਹੀਂ ਬਨੇ = ਬਣਦੀ।

ਲੱਖਣਾ ਬਿਰਤੀ ਤਿੰਨ ਪ੍ਰਕਾਰ ਦੀ ਹੁੰਦੀ ਹੈ ੧. ਯਹਤੀ, ੨. ਅਯਹਤੀ, ੩. ਭਾਗਤਯਾਗ।

ਇਹ ਤਿੰਨ ਪ੍ਰਕਾਰ ਦੀ ਲਖਣਾ ਬਿਰਤੀ ਦਾ ਖ਼ੁਲਾਸਾ ਵਿਚਾਰ ਸਾਗਰ ਵਿਚ ਪੰਡਿਤ ਨਿਹਚਲ ਦਾਸ ਨੇ ਕੀਤਾ ਹੋਇਆ ਹੈ।

ਹੁਣ ਦ੍ਰਿਸ਼ਟਾਂਤ ਦੁਆਰਾ ਦੱਸਦੇ ਹਨ ਕਿ ਇਕੱਲੀ ਯਹਤੀ ਲੱਖਣਾਂ ਦੁਆਰਾ ਜੀਵ ਈਸ਼ ਦੀ ਏਕਤਾ ਕਿਵੇਂ ਨਹੀਂ ਬਣਦੀ।

## ਗੰਗ ਘੋਖ; ਇਕ ਤਜਿਬੋ ਭਨੇ ॥੧੯॥

ਜਿਵੇਂ ਕਿਸੇ ਇਕ ਵਿਅਕਤੀ ਨੇ ਦੂਸਰੇ ਨੂੰ ਪੁੱਛਿਆ ਕਿ ਤੇਰਾ ਪਿੰਡ ਕਿਹੜਾ ਹੈ ਤੇ ਤੇਰਾ ਘਰ ਕਿੱਥੇ ਹੈ ਤਾਂ ਉਸ ਨੇ ਕਿਹਾ 'ਗੰਗਾ ਮਹਿ ਗ੍ਰਾਉ' ਕਿ ਮੇਰਾ ਘੋਖ = ਪਿੰਡ ਗੰਗਾ ਦੇ ਵਿਚ ਹੈ ਭਾਵ ਮੇਰਾ ਘਰ ਮੇਰੀ ਬਸਤੀ ਗੰਗਾ ਦੇ ਵਿਚ ਹੈ, ਹਰੇਕ ਸ਼ਬਦ ਦੇ ਵਿਚ ਦੋ ਬਿਰਤੀਆਂ ਹੁੰਦੀਆਂ ਹਨ ਇਕ ਲੱਖਣਾ ਬਿਰਤੀ, ਇਕ ਸ਼ਕਤੀ ਬਿਰਤੀ ਹੁੰਦੀ ਹੈ, ਹੁਣ ਸ਼ਬਦ ਦੀ ਸ਼ਕਤੀ ਬਿਰਤੀ ਨੇ ਜਣਾਇਆਂ ਕਿ ਗੰਗਾ ਦੇ ਵਿਚ ਘਰ ਹੈ ਗੰਗਾ ਦਾ ਪਾਣੀ ਤਾਂ ਇਕ ਪਵਿੱਤਰ ਪ੍ਰਵਾਹ ਹੈ, ਉਸ ਵਿਚ ਬਸਤੀ ਤੇ ਘਰ ਦਾ ਹੋਣਾ ਅਸੰਭਵ ਹੈ, ਯਹਤੀ ਲੱਖਣਾ ਵਿਚ ਵਾਚ ਅਰਥ ਦਾ ਸੰਪੂਰਨ ਤਿਆਗ ਵਾਚ ਅਰਥ ਦੇ ਸੰਬੰਧੀ ਦਾ ਗ੍ਰਹਿਣ ਹੁਣ ਇਥੇ ਵਾਚ ਅਰਥ ਦੇ ਸੰਬੰਧੀ ਦਾ ਗ੍ਰਹਿਣ ਕਰਨਾ ਵਾਚ ਅਰਥ ਕੀ ਸੀ 'ਕਿ ਗੰਗਾ ਮਹਿ ਗ੍ਰਾਉ' ਗੰਗਾ ਵਿਚ ਤਾਂ ਘਰ ਹੋ ਨਹੀਂ ਸਕਦਾ, ਗੰਗਾ ਦਾ ਕਿਨਾਰਾ ਜੋ ਗੰਗਾ ਦਾ ਸੰਬੰਧੀ ਹੈ ਇਸ ਦਾ ਅਰਥ ਬਣਿਆ ਕਿ ਗੰਗਾ ਦੇ ਕਿਨਾਰੇ ਘਰ ਹੈ, ਇਹ ਲਖਣਾ ਬਿਰਤੀ ਵਿਚ ਵਾਚ ਅਰਥ ਦਾ ਸੰਪੂਰਨ ਤਿਆਗ ਤੇ ਵਾਚ ਅਰਥ ਦੇ ਸੰਬੰਧੀ ਦਾ ਗ੍ਰਹਿਣ ਭਾਵ ਗੰਗਾ ਪਦ ਤਜਿਬੋ = ਛੱਡ ਕੇ ਕਿਨਾਰਾ ਗ੍ਰਹਿਣ ਕਰ ਲੈਣਾ, ਇਸ ਦਾ ਨਾਮ ਜਹਿਤੀ ਲੱਖਣਾ ਹੈ ਭਾਵ ਜਹਿਤੀ ਦਾ ਅਰਥ ਤਿਆਗਣਾ ਹੀ ਹੁੰਦਾ ਹੈ ਇਹ ਭਨੇ = ਉਚਾਰਨ ਕੀਤਾ ਹੈ ॥੧੯॥

## ਜੀਵ ਈਸ਼ ਦੋਨਹੁ, ਪਰਹਰੇ।

ਜਿਵੇਂ ਜਦ ਕਿਹਾ ਕਿ ਜੀਵ ਈਸ਼ਵਰ ਦੋਨਹੁ = ਦੋ ਹਨ, ਇਹਨਾਂ ਵਿਚੋਂ ਇਕ ਪਦ ਨੂੰ ਪਰਹਰੇ = ਛੱਡ ਦਈਏ ਤਾਂ ਬਾਕੀ ਇਕ ਰਹਿ ਗਿਆ।

## ਤਬਿ ਇਕਤਾ; ਕਹੁ ਕਿਸਕੀ ਕਰੇ।

ਤਬਿ = ਤਦੋਂ ਕਿਸਕੀ = ਉਸ ਦੀ ਇਕਤਾ = ਏਕਤਾ ਕਿਸ ਨਾਲ ਕਰੇ = ਕਰਾਂਗੇ ? ਭਾਵ ਜਿਵੇਂ ਗੰਗਾ ਅਤੇ ਗੰਗਾ ਦਾ ਕਿਨਾਰਾ, ਜੇ ਗੰਗਾ ਪਦ ਛੱਡ ਦਿੱਤਾ ਤਾਂ ਵੀ ਏਕਤਾ ਨਹੀਂ ਬਣੀ ਤੇ ਜੇ ਕਿਨਾਰਾ ਪਦ ਵਿਚ ਛੱਡ ਦਿੱਤਾ ਤਾਂ ਵੀ ਏਕਤਾ ਨਹੀਂ ਬਣੀ। ਨਾਲੇ ਦੀ ਨਿਆਈਂ ਜੀਵ ਤੇ ਨਦੀ ਦੀ ਨਿਆਈਂ ਈਸ਼ਵਰ ਜੇਕਰ ਦੋਨਾਂ ਵਿਚ ਇਕ ਪਦ ਛੱਡ ਦਿੱਤਾ ਤਾਂ ਏਕਤਾ ਕਿਸ ਨਾਲ ਕਰਾਂਗੇ ? ਭਾਵ ਕਿਸੇ ਨਾਲ ਨਹੀਂ।

੨. ਹੁਣ ਅਜਿਹਤੀ ਕਥਨ ਕਰਦੇ ਹਨ :

## ਤਥਾ ਅਜਿਹਤੀ; ਗ੍ਰਹਨ ਕਰਨ ਮੈਂ।

ਜਿਵੇਂ ਜਹਿਤੀ ਦਾ ਅਰਥ ਤਿਆਗਣਾ ਹੈ, ਤਥਾ = ਤਿਵੇਂ ਅਜਿਹਤੀ ਦਾ ਅਰਥ ਗ੍ਰਹਿਣ ਕਰਨਾ ਹੈ, ਭਾਵ ਗ੍ਰਹਿਣ ਕਰਨ ਦੇ ਮੈਂ = ਵਿਚ ਅਜਿਹਤੀ ਲੱਖਣਾ ਕਹੀ ਜਾਂਦੀ ਹੈ।

## ਇਹ ਭੀ ਬਨਹਿ ਨ; ਸੁਨਹੁ ਸ਼੍ਰਵਣ ਮੈਂ ॥੨੦॥

ਹੁਣ ਸ਼੍ਰਵਣ = ਕੰਨਾਂ ਦੇ ਮੈਂ = ਵਿਚ ਸੁਨਹੁ = ਸੁਣੋ ਕਿ ਇਸ ਵਿਚ ਭੀ ਭਾਵ ਅਜਿਹਤੀ ਲੱਖਣਾ ਵਿਚ ਵੀ ਏਕਤਾ ਨ = ਨਹੀਂ ਬਨਹਿ = ਬਣਦੀ ਕਿਉਂਕਿ ਅਜਿਹਤੀ ਲੱਖਣਾ ਵਿਚ ਕੇਵਲ ਗ੍ਰਹਿਣ ਕਰਨ ਦੀ ਗੱਲ ਹੈ, ਅਜਿਹਤੀ ਲੱਖਣਾ ਵਿਚ ਵਾਚ ਅਰਥ ਦਾ ਵੀ ਗ੍ਰਹਿਣ ਕਰਨਾ ਤੇ ਵਾਚ ਅਰਥ ਦੇ ਸੰਬੰਧੀ ਦਾ

ਵੀ ਗ੍ਰਹਿਣ ਕਰਨਾ, ਜਿਵੇਂ ਕਿ ਕਿਸੇ ਨੇ ਕਿਹਾ ਕਿ ਲਾਲ ਰੰਗ ਭੱਜਿਆ ਜਾ ਰਿਹਾ ਹੈ, ਲਾਲ ਰੰਗ ਤਾਂ ਜੜ੍ਹ ਹੈ ਭੱਜ ਹੀ ਨਹੀਂ ਸਕਦਾ, ਹੁਣ ਅਰਥ ਵਿਚ ਇਹ ਸਿੱਧ ਹੋਇਆ ਕਿ ਵਾਚ ਦਾ ਅਰਥ ਦਾ ਗ੍ਰਹਿਣ ਭਾਵ ਲਾਲ ਰੰਗ ਵੀ ਗ੍ਰਹਿਣ ਕਰ ਲਿਆ ਤੇ ਵਾਚ ਅਰਥ ਦਾ ਸੰਬੰਧੀ ਕੌਣ ਹੈ ? ਕਿ ਲਾਲ ਰੰਗ ਦਾ ਘੋੜਾ ਭੱਜਿਆ ਜਾ ਰਿਹਾ ਹੈ, ਅਜਿਹਤੀ ਵਿਚ ਦੋਨਾਂ ਦਾ ਗ੍ਰਹਿਣ ਕਰਨਾ ਹੈ ਇਸ ਵਿਚ ਏਕਤਾ ਕਿਉਂ ਨਹੀਂ ਬਣਦੀ, ਉਹ ਹੁਣ ਅੱਗੇ ਦੱਸਣਗੇ॥੨੦॥

## ਜੀਵ ਈਸ਼; ਦੋਨਹੁ ਕੋ ਰਾਖੈ।

ਜੀਵ ਈਸ਼ਵਰ ਦੋਨਹੁ = ਦੋਨਾਂ ਕੋ = ਨੂੰ ਰਾਖੈ = ਰੱਖੀਏ ਭਾਵ, ਗ੍ਰਹਿਣ ਕਰੀਏ ਤਾਂ।

## ਔਰ ਗ੍ਰਹਨ ਕਿਹ; ਕਰਨ ਭਿਲਾਖੈ।

ਔਰ = ਹੋਰ ਕਿਹ = ਕੁਝ ਗ੍ਰਹਿਣ ਕਰਨ ਦੀ ਭਿਲਾਖੈ = ਲੋੜ ਬਾਕੀ ਨਹੀਂ ਰਹਿ ਜਾਂਦੀ, ਭਾਵ ਏਕਤਾ ਹੋ ਹੀ ਨਹੀਂ ਸਕਦੀ ਕਿਉਂਕਿ ਦੋਨਾਂ ਨੂੰ ਗ੍ਰਹਿਣ ਕਰ ਲਿਆ। ਇਸ ਕਰਕੇ ਵਾਚ ਅਰਥ ਦੇ ਨਾਲ ਵਾਚ ਅਰਥ ਦਾ ਸੰਬੰਧੀ ਗ੍ਰਹਿਣ ਕਰ ਲੈਣਾ, ਜਿਵੇਂ ਲਾਲ ਰੰਗ ਜੜ੍ਹ ਹੈ ਉਸ ਨਾਲ ਲਾਲ ਰੰਗ ਦਾ ਘੋੜਾ ਜੋੜ ਲੈਣਾ, ਜਿਸ ਵਿਚ ਵਾਚ ਅਰਥ ਦਾ ਵੀ ਗ੍ਰਹਿਣ ਤੇ ਵਾਚ ਅਰਥ ਦੇ ਸੰਬੰਧੀ ਦਾ ਵੀ ਗ੍ਰਹਿਣ, ਇਸ ਦਾ ਨਾਮ ਅਜਿਹਤੀ ਲੱਖਣਾ ਹੈ।

## ਅਰਥ ਨ ਸਿੱਧ; ਦੁਹਨਿ ਤੇ ਹੋਵਾ।

ਜਦੋਂ ਜਹਿਤੀ, ਅਜਿਹਤੀ ਦੁਹਨਿ = ਦੋਹਾਂ ਤੇ = ਤੋ ਅਰਥ ਸਿੱਧ ਨਾ ਹੋਣਾ = ਹੋਇਆ ਕਿਉਂਕਿ ਦੋਹਾਂ ਵਿਚ ਅਧੂਰਾਪਣ ਹੈ ਇਸ ਕਰਕੇ ਅਰਥ ਸਿੱਧ ਨਾ ਹੋਇਆ।

## ਤਬਿ ਸਤਿਗੁਰਨਿ; ਤ੍ਰਿਤੀ ਪਖ ਜੋਵਾ॥੨੧॥

ਤਬਿ = ਤਦੋਂ ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤੀ ਸਤਿਗੁਰਨਿ = ਸਤਿਗੁਰੂ ਜੀ ਨੇ ਤ੍ਰਿਤੀ = ਤੀਸਰਾ ਪੱਖ ਇਹ ਜੋਵਾ = ਦੇਖਿਆ ਤੇ॥੨੧॥

## ਲਛਣਾਂ ਦੌਨ; ਮਿਲਾਇ ਬਿਚਾਰਾ॥

ਦੌਨ = ਦੋਵੇਂ ਲੱਛਣਾਂ (ਜਹਿਤੀ, ਅਜਿਹਤੀ) ਨੂੰ ਮਿਲਾਇ = ਮਿਲਾ ਕੇ ਬਿਚਾਰਾ = ਵਿਚਾਰਿਆ ਕਿ ਇਹਨਾਂ ਦੋਵਾਂ ਇਕੱਲੀਆਂ ਇਕੱਲੀਆਂ ਦੇ ਵਿਚ ਅਧੂਰਾਪਣ ਹੈ ਜੇਕਰ ਇਹਨਾਂ ਦੋਨਾਂ ਨੂੰ ਇਕੱਠਿਆਂ ਕਰਕੇ ਇਕ ਇਕ ਪੱਖ ਮਿਲਾ ਲਿਆ ਜਾਵੇ ਤਾਂ।

## 'ਭਾਗ ਤਯਾਗ'; ਤਿਹ ਨਾਮ ਉਚਾਰਾ।

ਤਿਹ = ਤਿਸ ਦਾ ਨਾਮ ਭਾਗਤਯਾਗ ਲੱਖਣਾ ਉਚਾਰਾ = ਉਚਾਰਨ ਕਰ ਦਿੱਤਾ ਭਾਵ ਜਹਿਤੀ ਅਜਿਹਤੀ ਦੋਹਾਂ ਨੂੰ ਮਿਲਾ ਕੇ ਭਾਗਤਯਾਗ ਲੱਛਣਾ ਹੋਇਆ।

## ਇਕਤਾ ਕਰਨ; ਅਰਥ ਭਾ ਸਿੱਧ।

ਜੀਵ ਈਸ਼ ਦੀ ਏਕਤਾ ਕਰਨ ਵਾਲਾ ਅਰਥ ਸਿੱਧ ਭਾ = ਹੋ ਗਿਆ।

ਭਾਈ ਦਇਆ ਸਿੰਘ ਜੀ ਨੇ ਕਿਹਾ ਕਿ :

## ਸ਼੍ਰੋਤਾ ਸੁਨਹੁ; ਕਹਯੋ ਜਿਮ ਬ੍ਰਿੱਧ ॥੨੨॥

ਹੇ ਖ਼ਾਲਸਾ ਜੀ! ਜੋ ਸ੍ਰੋਤੇ ਹੋ ਕੇ ਸੁਨਹੁ = ਸੁਣ ਰਹੇ ਹੋ ਜਿਮ = ਜਿਵੇਂ ਬ੍ਰਿੱਧ = ਸਿਆਣਿਆਂ ਨੇ ਕਹਯੋ = ਕਥਨ ਕੀਤਾ ਹੈ, ਉਹ ਵਿਚਾਰ ਨੂੰ ਸੁਨਹੁੰ = ਸੁਣਨਾ ਕਰੋ ॥੨੨॥

ਹੁਣ 'ਤੱਤ ਤੂੰ ਅਸਿ' ਮਹਾਂਵਾਕ ਵਿਚ ਜੀਵ ਈਸ਼ ਦੀ ਏਕਤਾ 'ਭਾਗ ਤਯਾਗ' ਲੱਛਣਾਂ ਦੁਆਰਾ ਦੱਸਣ ਲੱਗੇ ਹਨ।

## ਜੀਵ ਵਾਚਯ; ਕਰਿ ਹੈ ਅਲਪੱਗਯ।

ਤੱਤ੍ਵੰਮਸੀ ਮਹਾਂਵਾਕ ਵਿਚ ਤਿੰਨ ਪਦ ਹਨ, ਤਤ, ਤੂੰ, ਅਸਿ ਪਦ ਭਾਵ ਤੂੰ ਜੀਵ ਦਾ ਵਾਚਿਆ ਅਰਥ ਹੈ, ਤਤ ਪਦ ਈਸ ਦਾ ਵਾਚਿਆ ਅਰਥ ਹੈ, ਅਸਿ ਪਦ ਬ੍ਰਹਮ ਦਾ ਵਾਚਿਆ ਅਰਥ ਹੈ, ਹੁਣ ਇਥੇ ਤੂੰ ਪਦ ਦਾ ਵਾਚਿਆ ਅਰਥ ਅਲਪੱਗ ਜੀਵ ਹੈ, ਇਕ ਵਾਚਯ, ਇਕ ਵਾਚਕ ਹੁੰਦਾ ਹੈ, ਵਾਚਕ ਦਾ ਅਰਥ ਕਥਨ ਹੈ, ਜਿਸ ਨੂੰ ਪਦ ਵਰਣਨ ਕਰੇ, ਉਸ ਵਿਚ ਅਰਥ ਸਿੱਧ ਹੋਵੇ ਉਸ ਨੂੰ ਵਾਚਯ ਕਹਿੰਦੇ ਹਨ, ਤੂੰ ਪਦ ਵਾਚਕ ਹੈ ਤੇ ਇਸ ਦਾ ਅਰਥ ਜੀਵ ਵਾਚਯ ਹੈ, ਜਿਸ ਕਰਕੇ ਤੂੰ ਪਦ ਦਾ ਵਾਚਿਆ ਜੀਵ ਅਲਪੱਗ ਹੈ **ਵਾ:** ਤੂੰ ਪਦ ਦਾ ਵਾਚਿਆ ਅਰਥ ਜੀਵ ਜੋ ਅਲਪੱਗਯ ਹੈ, ਇਹ ਤੂੰ ਪਦ ਦਾ ਜਥਾਰਥ ਅਰਥ ਹੈ।

## ਈਸ਼ੁਰ ਵਾਚਯ; ਅਹੈ ਸਰਬੱਗਯ।

ਉਪਰੋਕਤ ਮਹਾਂਵਾਕ ਦੇ ਤਤ ਪਦ ਦਾ ਵਾਚਿਆ ਅਰਥ ਈਸ਼ਰ ਹੈ, ਉਹ ਸਰਬੱਗਯ ਹੈ ਯਾਂ ਇਉਂ ਕਹੋ ਜੋ ਤਤ ਪਦ ਵਾਚਿਆ ਅਰਥ ਈਸ਼ਰ ਹੈ, ਜੋ ਸਰਬੱਗਯ ਹੈ। ਇਹ ਤਤ ਪਦ ਦਾ ਜਥਾਰਥ ਅਰਥ ਹੈ।

ਹੁਣ ਅਲਪੱਗ ਜੀਵ ਦੇ ਖਟ ਵਿਕਾਰ ਦੱਸਦੇ ਹਨ।

## ਜਨਮ ਮਰਣ; ਉਰਮੀ ਤਨ ਦੋਇ।

ਜੋ ਅਲਪੱਗ ਜੀਵ ਹੈ ਉਸ ਦੇ ਤਨ = ਸਰੀਰ ਵਿਚ ਛੇ ਉਰਮੀ = ਲਹਿਰਾਂ ਹਨ ਜਿਵੇਂ ਲਹਿਰ ਪੈਦਾ ਹੋ ਕੇ ਮਿਟ ਜਾਂਦੀ ਹੈ, ਇਸੇ ਤਰ੍ਹਾਂ ਛੇ ਉਰਮੀਆਂ ਪੈਦਾ ਹੋ ਕੇ ਮਿੱਟ ਜਾਂਦੀਆਂ ਹਨ ਇਸ ਕਰਕੇ ਇਸ ਨੂੰ ਲਹਿਰ ਦਾ ਨਾਮ ਦਿੱਤਾ ਹੈ, ਪਹਿਲੀ ਉਰਮੀ ਜਨਮ ਲੈਣਾ, ਦੂਜੀ ਉਰਮੀ ਮਰ ਜਾਣਾ ਇਹ ਸਰੀਰ ਦੀਆਂ ਦੋ ਲਹਿਰਾਂ ਹਨ, **ਵਾ:** ਇਹ ਅਸਥੂਲ ਸਰੀਰ ਦੀਆਂ ਜੰਮਣ ਤੇ ਮਰਨ ਰੂਪ ਦੋ ਹਾਲਤਾਂ ਹਨ ਭਾਵ ਧਰਮ ਹੈ।

## ਛੁਧਾ ਤ੍ਰਿਖਾ; ਪ੍ਰਾਣਨਿ ਕੀ ਹੋਇ ॥੨੩॥

ਛੁਧਾ = ਭੁੱਖ ਤੇ ਤ੍ਰਿਖਾ = ਪਿਆਸ ਇਹ ਦੋ ਪ੍ਰਾਣਨਿ = ਪ੍ਰਾਣਾਂ ਦੀਆਂ ਉਰਮੀਆਂ ਹਨ ਭਾਵ ਹਾਲਤਾਂ (ਧਰਮ) ਹੋਇ = ਹੁੰਦੀਆਂ ਹਨ ॥੨੩॥

## ਹਰਖ ਸੋਗ; ਮਨ ਕੀ ਪਹਿਚਾਨ।

ਹਰਖ = ਖ਼ੁਸ਼ੀ, ਸੋਗ = ਗ਼ਮੀ ਇਹ ਦੋ ਮਨ ਦੀਆਂ ਉਰਮੀਆਂ ਹਨ **ਵਾ:** ਮਨ ਦੀਆਂ ਹਾਲਤਾਂ **ਵਾ:** ਧਰਮ ਹੈ, ਇਹ ਪਹਿਚਾਨ = ਜਾਨਣਾ ਕਰੋ।

## ਇਨ ਖਟ ਸਹਿਤ; ਜੀਵ ਕੋ ਮਾਨ।

ਇਨ = ਇਹਨਾਂ ਖਟ = ਛੇ ਉਰਮੀਆਂ (ਜੰਮਣ ਮਰਨ, ਭੁੱਖ ਪਿਆਸ, ਹਰਖ ਸੋਗ) ਦੇ ਸਹਿਤ = ਸਮੇਤ ਜੋ ਹੋਵੇ, ਉਸ ਨੂੰ ਜੀਵ ਮਾਨ = ਮੰਨਣਾ ਕਰੋ, ਇਹਨਾਂ ਧਰਮਾਂ ਵਾਲੇ ਨੂੰ ਅਲਪੱਗ ਜੀਵ ਕਹਿੰਦੇ ਹਨ।

ਹੁਣ ਈਸ਼ਵਰ ਦੀ ਸਰਬੱਗਤਾ ਦੇ ਖਟ ਗੁਣ ਵਰਣਨ ਕਰਨਗੇ:

## ਲੱਛਮੀ, ਗਯਾਨ, ਵਿਰਾਗ, ਉਦਾਰ।

ਲੱਛਮੀ = ਮਾਇਆ, ਗਯਾਨ, ਵਿਰਾਗ = ਵੈਰਾਗ, ਉਦਾਰ = ਉਦਾਰਤਾ, ਭਾਵ ਦਾਨੀ:

## ਜਸ, ਐਸ਼੍ਵਰਜ, ਗੁਣ ਖਸ਼ਟ ਉਚਾਰ॥੨੪॥

ਜਸ ਤੇ ਐਸ਼੍ਵਰਜ (ਸਾਰਿਆਂ ਪਦਾਰਥਾਂ ਦੀ ਬਹੁਲਤਾ, ਸਾਰੇ ਪਦਾਰਥ ਸੰਪੂਰਨ ਹੋਣੇ) ਇਹ ਖਸ਼ਟ = ਛੇ ਗੁਣ ਈਸ਼ਵਰ ਦੇ ਉਚਾਰ = ਉਚਾਰਨ ਕੀਤੇ ਹਨ, ਜਿਸ ਕਰਕੇ ਉਸ ਨੂੰ ਸਰਬੱਗਯ ਭਾਵ ਸਰਬ ਸ਼ਕਤੀਵਾਨ ਕਿਹਾ ਜਾਂਦਾ ਹੈ॥੨੪॥

## ਜੀਵਨ ਮਹਿਂ ਇਨਕੋ; ਕਿਤ ਅੰਸ਼।

ਉਪਰ ਜੋ ਈਸ਼ਵਰ ਦੇ ਛੇ ਗੁਣ ਕਹੇ ਹਨ, ਇਹ ਈਸ਼ਵਰ ਦੇ ਵਿਚ ਸੰਪੂਰਨ ਰੂਪ ਦੇ ਵਿਚ ਹਨ ਤੇ ਜੀਵਨ = ਜੀਵਾਂ ਦੇ ਮਹਿਂ = ਵਿਚ ਇਹ ਅੰਸ਼ ਮਾਤਰ ਭਾਵ ਥੋੜ੍ਹੇ ਮਾਤਰ ਹਨ ਭਾਵ ਥੋੜ੍ਹੀ ਲੱਛਮੀ, ਥੋੜ੍ਹਾ ਗਿਆਨ, ਥੋੜ੍ਹਾ ਵੈਰਾਗ, ਥੋੜ੍ਹਾ ਦਾਨੀ ਹੋਣਾ, ਥੋੜ੍ਹਾ ਜਸ, ਥੋੜ੍ਹਾ ਐਸ਼੍ਵਰਜ ਹੈ।

## ਈਸ਼ੁਰ ਬਿਖੈ; ਖਸ਼ਟ ਸਰਬੰਸ।

ਜੀਵਾਂ ਦੇ ਵਿਚ ਇਹ ਛੇ ਗੁਣ ਅੰਸ ਮਾਤਰ ਹਨ, ਪਰ ਈਸ਼ਰ ਦੇ ਬਿਖੈ = ਵਿਚ ਇਹ ਖਸ਼ਟ = ਛੇ ਗੁਣ ਸਰਬੰਸ = ਸਭ ਤਰ੍ਹਾਂ ਕਰਕੇ ਸੰਪੂਰਨ ਹਨ।

## ਯਾਂਤੇ ਸ੍ਰਿਸ਼ਟਿ ਉਪਾਵਨਿ, ਪਾਰਨਿ।

ਯਾਂਤੇ = ਇਸ ਕਰਕੇ ਈਸ਼ਰ ਸ੍ਰਿਸ਼ਟਿ = ਸ੍ਰਿਸ਼ਟੀ ਨੂੰ ਉਪਾਵਨਿ = ਪੈਦਾ ਕਰਨਾ ਤੇ ਪਾਰਨਿ = ਪਾਲਣਾ ਕਰਨੀ।

## ਨਾਸ਼ਨ ਕਰਨਿ, ਈਸ਼ ਤ੍ਰੈ ਕਾਰਨ॥੨੫॥

ਈਸ਼ਰ ਵਿਚ ਇਹ ਉਤਪਤੀ ਤੇ ਪਾਲਣਾ ਕਰਨੀ, ਨਾਸ਼ਨ = ਨਾਸ਼ ਕਰਨਾ ਇਹ ਤ੍ਰੈ = ਤਿੰਨ ਕਾਰਨ ਕਹੇ ਜਾਂਦੇ ਹਨ। ਜੈਸਾ ਕਿ:

**ਉਤਪਤ ਲੈਤਾ ਪਾਲਣਾ ਅੰਤਰਯਾਮੀ ਜਾਨ।**
**ਜੀਵ ਗਤਾਗਤ ਕਰਮ ਫਲ ਖਟ ਗੁਣ ਈਸ ਬਖਾਨ।**

ਇਸ ਕਰਕੇ ਈਸ਼ਵਰ ਨੂੰ ਇਹ ਛੇ ਗੁਣਾਂ ਦੇ ਆਧਾਰ 'ਤੇ ਸਰਬੱਗਯ ਕਿਹਾ ਜਾਂਦਾ ਹੈ।

## ਜੀਵ ਪ੍ਰਤੰਤ੍ਰ; ਦੁਖੀ ਗੁਣ ਹੀਨ।

ਜੀਵ ਪ੍ਰਤੰਤ੍ਰ = ਪਰਾਧੀਨ ਭਾਵ ਪਰਾਏ ਦੇ ਅਧੀਨ ਹੈ, ਦੁਖੀ ਹੈ, ਗੁਣਾਂ ਤੋਂ ਹੀਨ = ਹੀਣਾ ਹੈ, ਭਾਵ

ਖਟ ਵਿਕਾਰਾਂ (ਜੰਮਣ ਮਰਨ, ਭੁੱਖ ਪਿਆਸ, ਖ਼ੁਸ਼ੀ ਗ਼ਮੀ) ਦੇ ਸਹਿਤ ਹੈ ਤੇ ਈਸ਼ਵਰ ਖਟ ਗੁਣਾਂ ਦੇ ਸਹਿਤ ਹੈ।

## ਕਿਮ ਦੋਇਨਿ ਕੀ; ਇਕਤਾ ਲੀਨਿ।

ਇਨ੍ਹਾਂ ਦੋਇਨਿ = ਦੋਹਾਂ ਭਾਵ ਜੀਵ ਤੇ ਈਸ਼ ਕੀ = ਦੀ ਇਕਤਾ = ਏਕਤਾ ਕਿਮ = ਕਿਵੇਂ ਲੀਨ ਹੋਵੇ ਭਾਵ ਕਿਵੇਂ ਲਈ ਜਾਵੇ ?

## ਵਾਚਯ ਵਿਖੈ; ਇਕਤਾ ਨਹਿਂ ਜੋਇ।

ਹੁਣ ਦੱਸਦੇ ਹਨ ਕਿ ਵਾਚਯ ਵਿਖੈ = ਵਿਚ ਤਾਂ ਇਕਤਾ = ਏਕਤਾ ਨਹਿਂ = ਨਹੀਂ ਹੋ ਸਕਦੀ ਕਿਉਂਕਿ ਤਤ੍ਵਮਸੀ ਵਾਕ ਦੇ ਵਿਚ ਤ੍ਵੰ ਪਦ ਅਲਪੱਗਯ ਜੀਵ ਦਾ ਵਾਚਿਆ ਅਰਥ ਹੈ ਅਤੇ ਤਤ ਪਦ ਸਰਬੱਗਯ ਈਸ਼ਵਰ ਦਾ ਵਾਚਿਆ ਅਰਥ ਹੈ ਇਸ ਕਰਕੇ ਵਾਚਯ ਵਿਚ ਏਕਤਾ ਨਹੀਂ ਹੋ ਸਕਦੀ।

## ਲਖਣਾ ਕਰੇ; ਲਖਯ ਮੈਂ ਹੋਇ ॥੨੬॥

ਹੁਣ ਇਥੇ ਦੱਸਦੇ ਹਨ ਕਿ ਵਾਚਯ ਅਰਥ ਕਰਕੇ ਤਾਂ ਏਕਤਾ ਨਹੀਂ ਹੋ ਸਕਦੀ ਕਿਉਂਕਿ ਜੀਵ ਅਲਪੱਗਯ ਹੈ ਤੇ ਈਸ਼ਰ ਸਰਬੱਗਯ ਹੈ ਪਰ ਭਾਗ ਤਯਾਗ ਲੱਖਣਾ ਕਰ ਲਈਏ ਫਿਰ ਜੀਵ ਤੇ ਈਸ਼ਵਰ ਵਿਚ ਜੋ ਬ੍ਰਹਮ ਦਾ ਸ਼ੁੱਧ ਸੂਰਪ ਹੈ, ਉਸ ਮੈਂ = ਵਿਚ ਲਖਯ ਭਾਵ ਏਕਤਾ ਹੋਇ = ਹੋ ਜਾਂਦੀ ਹੈ ਕਿਉਂਕਿ ਅਸ ਪਦ ਬ੍ਰਹਮ ਦਾ ਵਾਚਿਆ ਅਰਥ ਹੈ, ਤ੍ਵੰ ਪਦ ਦਾ ਵਾਚਿਆ ਅਰਥ ਅਲਪੱਗਯ ਜੀਵ ਤੇ ਤਤ ਪਦ ਦਾ ਵਾਚਿਆ ਅਰਥ ਸਰਬੱਗਯ ਈਸ਼ਵਰ ਹੈ ਈਸ਼ਰ ਦਾ ਸਰਬੱਗਪੁਣਾ, ਅਤੇ ਜੀਵ ਦਾ ਅਲਪੱਗਪੁਣਾ ਇਹ ਭਾਗ ਤਿਆਗ ਦਈਏ ਦੋਹਾਂ ਵਿਚ ਜੋ ਬ੍ਰਹਮ ਦਾ ਸ਼ੁਧ ਸਰੂਪ ਹੈ ਉਸ ਨਾਲ ਏਕਤਾ ਬਣਦੀ ਹੈ ਇਸੀ ਵਿਚਾਰ ਨੂੰ ਅੱਗੇ ਹੋਰ ਖੋਲ੍ਹਦੇ ਹਨ ॥੨੬॥

## ਦੁਖੀ, ਪ੍ਰਤੰਤ੍ਰ, ਅਲਪਤਾ, ਜੀਵ।

ਭਾਗਤਯਾਗ ਲੱਖਣਾ ਦੁਆਰਾ ਏਕਤਾ ਕਿਵੇਂ ਕਰਨੀ ਹੈ, ਜੀਵ ਦੁਖੀ ਹੈ, ਪ੍ਰਤੰਤ੍ਰ = ਪਰਾਧੀਨ ਹੈ, ਅਲਪਤਾ = ਅਲਪੱਗਯ ਹੈ, ਜੈਸਾ ਕਿ :

**ਛੁਧਾ ਪਿਪਾਸਾ ਸੋਕ ਪੁਨ ਹਰਖ ਜਨਮ ਅਰਿ ਅੰਤ।**
**ਯਹ ਖਟ ਉਰਮੀ ਧਰਮ ਤਨ ਆਤਮ ਰਹਿਤ ਅਨੰਤ।**

## ਤੀਨੋ ਤਜਿ; ਪਾਛੈ ਜੋ ਥੀਵ।

ਜੀਵ ਦੁਖੀ ਹੈ, ਪਰਾਧੀਨ ਹੈ, ਅਲਪੱਗਯ ਹੈ ਇਹ ਤੀਨੋ = ਤਿੰਨ ਤਜਿ = ਛੱਡ ਕੇ ਜੋ ਪਾਛੇ = ਪਿੱਛੇ ਥੀਵ = ਰਹਿ ਗਿਆ, ਉਹ ਸਤ, ਚੇਤਨ, ਆਨੰਦ ਸਰੂਪ ਬ੍ਰਹਮ ਦਾ ਸ਼ੁਧ ਸਰੂਪ ਹੀ ਰਹਿ ਗਿਆ।

## ਸਰਬਗਤਾ, ਖਟ ਗੁਣ, ਸੁਖ ਈਸ਼।

ਈਸ਼ਵਰ ਦੇ ਵਿਚ ਸਰਬੱਗਤਾ, ਖਟ = ਛੇ ਗੁਣ, ਸੁਖ ਹੀ ਸੁਖ ਹੈ।

## ਤੀਨੋ ਤਜਿ; ਪਸ਼ਚਾਤਿ ਰਹੀਸ ॥੨੭॥

ਈਸ਼ਵਰ ਦਾ ਸਰਬੱਗਯ ਪੁਣਾ, ਛੇ ਗੁਣ ਤੇ ਸੁਖ ਹੀ ਸੁਖ ਇਹ ਤੀਨੋ = ਤਿੰਨੇ ਤਜਿ = ਛੱਡ ਦੇਈਏ, ਜੋ ਪਸ਼ਚਾਤਿ = ਪਿੱਛੇ ਰਹੀਸ = ਰਿਹਾ, ਉਹ ਸਤ, ਚੇਤਨ, ਆਨੰਦ ਰਹਿ ਗਿਆ ॥੨੭॥

## ਸੱਚਿਦਾਨੰਦ; ਦੁਹਨਿ ਮਹਿਂ ਰਹਯੋ।

ਜੀਵ ਵਿਚ ਵੀ ਤੇ ਈਸ਼ਵਰ ਵਿਚ ਵੀ ਦੁਹਨਿ = ਦੋਨਾਂ ਮਹਿਂ = ਵਿਚ ਸਤ, ਚੇਤਨ, ਆਨੰਦ ਹੀ ਰਹਯੋ = ਰਹਿ ਗਿਆ।

## ਯਾਂਤੇ ਇਕਤਾ; ਦੋਨਹੁ ਲਹਯੋ।

ਯਾਂਤੇ = ਇਸ ਕਰਕੇ ਦੋਨਹੁ = ਦੋਨਾਂ ਜੀਵ ਤੇ ਈਸ਼ਵਰ ਦੀ ਇਕਤਾ = ਏਕਤਾ ਹੋ ਗਈ। ਇਸ ਤਰੀਕੇ ਨਾਲ ਭਾਗ ਤਿਆਗ ਲਖਣਾ ਦੁਆਰਾ ਏਕਤਾ ਸੰਭਵ ਹੈ।

## ਜਥਾ ਅਗਨਿ ਕੇ; ਗੁਨ ਹੈ ਤੀਨ।

ਭਾਈ ਦਇਆ ਸਿੰਘ ਜੀ ਕਹਿ ਰਹੇ ਹਨ ਕਿ ਖ਼ਾਲਸਾ ਜੀ! ਮੈਂ ਤੁਹਾਨੂੰ ਇੱਕ ਦ੍ਰਿਸ਼ਟਾਂਤ ਦੇ ਕੇ ਸਮਝਾਉਂਦਾ ਹਾਂ ਜਿਸ ਤਰ੍ਹਾਂ ਅਗਨੀ ਦੇ ਵਿਚ ਤਿੰਨ ਗੁਣ ਹੁੰਦੇ ਹਨ।

## ਦਾਹਕ ਉਸ਼ਨ; ਪ੍ਰਕਾਸ਼ਕ ਚੀਨ ॥੨੮॥

੧. ਇਕ ਦਾਹਕ = ਸਾੜਨ ਦਾ ਗੁਣ ਹੈ। ੨. ਦੂਸਰਾ ਗੁਣ ਹੈ ਉਸ਼ਨ = ਉਸ਼ਨਤਾ ਗਰਮੀ ਇਹ ਦੂਜਾ ਗੁਣ ਹੈ ਕਿ ਗਰਮ ਹੁੰਦੀ ਹੈ, ਤੱਤੀ ਹੁੰਦੀ ਹੈ। ੩. ਤੀਸਰਾ ਗੁਣ ਹੈ ਕਿ ਪ੍ਰਕਾਸ਼ਕ = ਚਾਨਣਾ ਰੂਪ ਹੁੰਦੀ ਹੈ ਜਿਥੇ ਅੱਗ ਹੈ ਉਥੇ ਚਾਨਣਾ ਵੀ ਹੁੰਦਾ ਹੈ, ਉਥੇ ਗਰਮੀ ਵੀ ਹੁੰਦੀ ਹੈ ਤੇ ਸਾੜਨ ਸ਼ਕਤੀ ਵੀ ਹੁੰਦੀ ਹੈ ॥੨੮॥

ਇਹ ਤਿੰਨ ਗੁਣ ਅੱਗ ਦੇ ਵਿਚ ਹੁੰਦੇ ਹਨ।

## ਤਿਸੀ ਅਗਨਿ ਕੇ; ਤੀਨਹੁ ਰੂਪ ॥

ਤਿਸੀ = ਉਹੀ ਫਿਰ ਅੱਗ ਦੇ ਤਿੰਨ ਰੂਪ ਹਨ।

## ਬਨ ਦੌ ਦੀਪ; ਮਸਾਲ ਅਨੂਪ।

ਇਕ ਡੌਂਅ ਅਗਨੀ ਹੁੰਦੀ ਹੈ ਜੋ ਜੰਗਲ ਦੀ ਅਗਨੀ ਹੈ, ਦੂਜੀ ਦੀਪ = ਦੀਵੇ ਦੀ ਅਗਨੀ ਹੈ, ਤੀਜੀ ਮਸਾਲ ਦੀ ਅਗਨੀ ਹੈ ਮਸਾਲ = ਪੁਰਾਣੇ ਸਮੇਂ ਵਿਚ ਚਾਨਣੇ ਲਈ ਲੀਰਾਂ ਨੂੰ ਚੰਗੀ ਤਰ੍ਹਾਂ ਬਰੀਕ ਧਾਗੇ, ਰੱਸੀਆਂ ਨਾਲ ਬੰਨ੍ਹ ਕੇ ਤੇਲ ਵਿਚ ਭਿਉਂਕੇ ਅੱਗ ਲਾ ਲੈਂਦੇ, ਉਹ ਦੇਰ ਤਕ ਮੱਚਦੀ ਰਹਿੰਦੀ ਸੀ।

## ਤ੍ਰੈਗੁਣ; ਤੀਨਹੁ ਰੂਪ ਮਝਾਰ।

ਇਹ ਕਹਿੰਦੇ ਤਿੰਨੇ ਗੁਣ ਹਨ ਤਿੰਨਾਂ ਅਗਨੀਆਂ ਵਿਚ ਭਾਵੇਂ ਜੰਗਲ ਦੀ ਅੱਗ ਹੈ ਭਾਵੇਂ ਮਸਾਲ ਦੀ ਅੱਗ ਹੈ, ਭਾਵੇਂ ਦੀਵੇ ਦੀ ਅੱਗ ਹੈ, ਇਨ੍ਹਾਂ ਤਿੰਨਾਂ ਰੂਪਾਂ ਵਿਚ ਪ੍ਰਕਾਸ਼, ਦਘਦ ਭਾਵ ਫੂਕਣਾ, ਗਰਮੀ ਹੋਣੀ ਇਹ ਤਿੰਨਾਂ ਅਗਨੀਆਂ ਵਿਚ ਤਿੰਨੇ ਗੁਣ ਹਨ।

## ਈਸ਼ ਜੀਵ; ਤਿਮ ਬ੍ਰਹਮ ਵਿਚਾਰ ॥੨੯॥

ਇਸੇ ਤਰ੍ਹਾਂ ਈਸ਼ = ਈਸ਼ਵਰ ਅਤੇ ਜੀਵ ਵਿਚ ਬ੍ਰਹਮ ਹੈ ਤਿਵੇਂ ਹੀ ਬਿਚਾਰ = ਵੀਚਾਰ ਸੁਣੋ ਕਿ ਜੰਗਲ ਦੀ ਅੱਗ ਵਾਂਗੂੰ ਬ੍ਰਹਮ ਹੈ ਅਤੇ ਮਸਾਲ ਦੀ ਅੱਗ ਵਾਂਗੂੰ ਈਸ਼ਰ ਹੈ ਅਤੇ ਦੀਵੇ ਦੀ ਅੱਗ ਵਾਂਗੂੰ ਜੀਵ ਹੈ

ਪਰ ਸਤ, ਚੇਤਨ, ਅਨੰਦ, ਰੂਪ ਬ੍ਰਹਮ ਦੀ ਅੱਗ ਜੀਵ ਵਿਚ ਵੀ ਤੇ ਈਸ਼ਰ ਵਿਚ ਵੀ ਉਸੇ ਤਰ੍ਹਾਂ ਹੈ, ਜਿਵੇਂ ਅੱਗ ਦੇ ਤਿੰਨ ਗੁਣ ਕਹੇ ਹਨ॥੨੯॥

## ਇਕ ਅਕਾਸ਼; ਤ੍ਰੈ ਭੇਦ ਬਨਾਏ।

ਇਕ ਜਿਵੇਂ ਮਹਾਂਕਾਸ਼ ਹੈ, ਉਹ ਅੱਗੇ ਤਿੰਨ ਭੇਦ ਬਣਾ ਲੈਂਦਾ ਹੈ।

## 'ਘਟ' 'ਮਟ' 'ਮਹਾਂਕਾਸ਼'; ਦ੍ਰਿਸ਼ਟਾਏ।

ਜੋ ਘੜੇ ਦੇ ਵਿਚ ਆਕਾਸ਼ ਆ ਗਿਆ, ਭਾਵ ਘੜੇ ਦੀ ਉਪਾਧੀ ਲੱਗ ਗਈ, ਉਹ ਘਟਾਕਾਸ ਹੋ ਗਿਆ, ਜੋ ਮਟ = ਮਕਾਨ ਦੀ ਉਪਾਧੀ ਲੱਗ ਗਈ, ਉਹ ਮਟਾਕਾਸ਼ ਹੋ ਗਿਆ। ਤੀਜਾ ਜੋ ਮਹਾਂ ਅਕਾਸ ਹੈ, ਉਹ ਦ੍ਰਿਸ਼ਟਾਏ = ਦਿੱਸ ਰਿਹਾ ਹੈ।

## ਛੋਟੋ; ਬਡਉਪਾਧਿ ਤੇ ਹੋਇ।

ਜੋ ਆਕਾਸ਼ ਘੜੇ ਵਿਚ ਛੋਟਾ ਦਿੱਸ ਰਿਹਾ ਹੈ ਬਡ = ਬਡਾ ਮਟ = ਮਕਾਨ ਵਾਲਾ ਉਸ 'ਤੇ ਵੱਡਾ ਦਿਸ ਰਿਹਾ ਹੈ। ਇਹ ਉਨ੍ਹਾਂ ਦੀ ਉਪਾਧੀ ਕਰਕੇ ਮਹਾਂਕਾਸ਼ ਅਜਿਹਾ ਦਿੱਸ ਰਿਹਾ ਹੈ ਤੇ ਛੋਟਾ ਬਡਾ ਨਜ਼ਰ ਆ ਰਿਹਾ ਹੈ ਪਰ ਹੈ ਮਹਾਂਕਾਸ਼ ਹੀ ਘੜੇ, ਮਕਾਨ ਦੀ ਉਪਾਧੀ ਕਰਕੇ ਛੋਟਾ ਬਡਾ ਰੂਪ ਦਿੱਸ ਰਿਹਾ ਹੈ, ਹੈ ਨਹੀਂ, ਉਪਾਧੀ ਹਟਾ ਦੇਈਏ ਤਾਂ ਮਹਾਂਕਾਸ਼ ਹੀ ਹੈ।

## ਨਾਸ਼ ਉਪਾਧਿ; ਏਕ ਹੀ ਸੋਇ॥੩੦॥

ਜਦੋਂ ਕਹਿੰਦੇ ਉਪਾਧੀ ਦਾ ਨਾਸ਼ ਕਰ ਦੇਈਏ ਭਾਵ ਘੜਾ ਤੋੜ ਦੇਈਏ, ਮਕਾਨ ਢਾਹ ਦੇਈਏ, ਆਕਾਸ਼ ਤਾਂ ਪਹਿਲਾਂ ਇਕ ਰੂਪ ਮਹਾਂਕਾਸ਼ ਹੀ ਹੈ। ਉਪਾਧੀ ਕਰਕੇ ਵੱਖਰਾ ਤੇ ਛੋਟਾ ਵੱਡਾ ਨਜ਼ਰ ਆ ਰਿਹਾ ਸੀ॥੩੦॥

## ਇਮ ਸਾਖਯਾਤਕਾਰ; ਮੈਂ ਏਕ॥

ਇਮ = ਇਸ ਤਰ੍ਹਾਂ ਇਕ ਬ੍ਰਹਮ ਨੂੰ ਸਾਖਯਾਤ ਕਰਨ ਵਿਚ:

## ਰਹੈ ਨ; ਭਾਵਾਭਾਵ ਬਿਬੇਕ।

ਜਿਥੇ ਬ੍ਰਹਮ ਦੀ ਸਾਖਯਾਤਕਾਰ ਹੋ ਜਾਂਦੀ ਹੈ, ਉਥੇ ਫਿਰ ਭਾਵਾਭਾਵ = ਹੋਣ ਨਾ ਹੋਣਾ ਭਾਵ = ਹੋਣਾ ਅਭਾਵ = ਨਾ ਹੋਣਾ ਇਸ ਦਾ ਬਿਬੇਕ = ਵੀਚਾਰ ਨ = ਨਹੀਂ ਰਹੈ = ਰਹਿੰਦਾ ਜਦੋਂ ਗਿਆਨ ਦੁਆਰਾ ਸਾਖਯਾਤਕਾਰ ਹੀ ਹੋ ਗਈ ਬਿਬੇਕ (ਬਿਬ+ਏਕ) ਬਿਬ = ਦੋ ਏਕ = ਇਕ ਭਾਵ ਜੀਵ ਅਤੇ ਬ੍ਰਹਮ ਦੀ ਅਭੇਦਤਾ ਹੋ ਗਈ ਫਿਰ ਇਕ ਹੋ ਕੇ ਇਹ ਬਿਬੇਕ = ਗਿਆਨ ਕਿ ਇਕ ਜਾਂ ਦੂਜਾ ਬ੍ਰਹਮ ਅਲਗ ਹੈ ਇਕ ਹੋ ਜਾਂਦਾ ਹੈ ਗਿਆਨ ਵੀ ਸਮਾਪਤ ਹੋ ਜਾਂਦਾ ਹੈ।

## 'ਤਤੰਮਸੀ' 'ਅਹੰਬ੍ਰਹਮਾਸਮਿ'।

੧. ਸਾਮਵੇਦ: ਤਤੰਮਸੀ = ਉਹ ਤੂੰ ਹੈ।
੨. ਰਿਗਵੇਦ: ਪ੍ਰਗਯਾਨਮੰਦ ਬ੍ਰਹਮ = ਇਹ ਜੀਵ ਅਨੰਦ ਸਰੂਪ ਬ੍ਰਹਮ ਹੈ।
੩. ਯੁਜਰਵੇਦ: ਅਹੰਬ੍ਰਹਮਾਸਮਿ = ਮੈਂ ਬ੍ਰਹਮ ਹਾਂ।

੪. ਅਥਰਬਣਵੇਦ : ਅਯੰ ਆਤਮਾ ਬ੍ਰਹਮ = ਇਹ ਆਤਮਾ ਬ੍ਰਹਮ ਹੈ।

ਇਹ ਜੋ ਮਹਾਂਵਾਕ ਹਨ, ਜਿਨ੍ਹਾਂ ਵਿਚ ਜੀਵ ਈਸ ਦੀ ਏਕਤਾ ਜਣਾ ਦਿੱਤੀ ਹੈ, ਜਿਸ ਵੇਲੇ ਜੀਵ ਈਸ ਦੀ ਏਕਤਾ ਵਾਲੀ ਅਖੰਡਾਕਾਰ ਬਿਰਤੀ ਪੈਦਾ ਹੋ ਗਈ।

## ਇਕ ਰਸ ਬ੍ਰਿੱਤਿ; ਨ ਉਥਤੈ ਭਰਮ ॥੩੧॥

ਫਿਰ ਇਹ ਇਕ-ਰਸ ਭਾਵ ਨਾ ਟੁੱਟਣ ਵਾਲੀ ਬਿਰਤੀ ਵਿਚ ਪੰਜ ਪ੍ਰਕਾਰ ਦਾ ਭਰਮ ਭੁਲੇਖਾ ਵੀ ਨਹੀਂ ਰਹਿੰਦਾ ਅਤੇ ਇਸ ਅਨੰਦ ਵਿਚੋਂ ਬਿਰਤੀ ਉਥਤੈ = ਉਥਾਨ ਵੀ ਨਹੀਂ ਹੁੰਦੀ ਭਾਵ ਉਖੜਦੀ ਨਹੀਂ, ਇਕ-ਰਸ ਬਣੀ ਰਹਿੰਦੀ ਹੈ, ਜਿਸ ਵਿਚ ਕੋਈ ਦੂਆਪਣ ਭਾਵ ਜੀਵ ਈਸ ਦੇ ਭੇਦ ਵਾਲਾ ਨਹੀਂ ਰਹਿੰਦਾ, ਕੇਵਲ ਬ੍ਰਹਮ ਹੀ ਬ੍ਰਹਮ ਰਹਿ ਜਾਂਦਾ ਹੈ॥੩੧॥ ਜੈਸਾ ਕਿ :

**ਜਿਉ ਜਲ ਮਹਿ ਜਲੁ ਆਇ ਖਟਾਨਾ ॥**
**ਤਿਉ ਜੋਤੀ ਸੰਗਿ ਜੋਤਿ ਸਮਾਨਾ ॥** *(ਗਉੜੀ ਸੁਖਮਨੀ ਮ: ੫, ਅੰਗ ੨੭੮)*

## ਸ਼੍ਰੋਤ੍ਰੀ ਬ੍ਰਹਮ; ਨਿਸ਼ਠੀ ਤੇ ਗਯਾਨ।

ਉਪਰੋਕਤ ਜੋ ਗਿਆਨ ਦੀ ਗੱਲ ਕਥਨ ਕੀਤੀ ਗਈ ਹੈ, ਇਹ ਗਿਆਨ ਆਪਣੇ ਆਪ ਤੇ ਨਾ ਹੀ ਕੱਚੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਬਲਕਿ ਐਸਾ ਬ੍ਰਹਮ ਗਿਆਨ ਬ੍ਰਹਮ ਸ੍ਰੋਤੀ, ਬ੍ਰਹਮ ਨਿਸ਼ਠੀ = ਨੇਸ਼ਟੀ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ। ਜਿਸ ਤੋਂ :

## ਪਾਇ ਮਮੋਖੂ; ਬੰਧਨ ਹਾਨ।

ਮਮੋਖੂ = ਮੁਕਤੀ ਦੀ ਇੱਛਾ ਵਾਲਾ ਜਗਿਆਸੂ ਮੁਕਤੀ ਪਾਇ = ਪ੍ਰਾਪਤ ਕਰਕੇ ਜੰਮਣ ਮਰਣ ਰੂਪ ਆਦਿਕ ਬੰਧਨਾਂ ਨੂੰ ਹਾਨ = ਨਾਸ਼ ਕਰ ਲੈਂਦਾ ਹੈ।

## ਜੋ ਕਾਚੇ ਗੁਰ ਤੇ; ਲਹਿ ਕੋਇ।

ਜੋ = ਜਿਹੜਾ ਜਗਿਆਸੂ ਮੁਕਤੀ ਦੀ ਇੱਛਾ ਵਾਲਾ ਹੈ, ਉਹ ਕੋਇ = ਕਿਸੇ ਕਾਚੇ = ਕੱਚੇ ਗੁਰ = ਗੁਰੂ ਤੇ = ਤੋਂ ਮੁਕਤੀ ਨਹੀਂ ਲਹਿ = ਲੈ ਸਕਦਾ ਹੈ, ਇਉਂ ਭਾਵੇਂ ਕੋਈ ਗੁਰੂ ਬਣਾਈ ਫਿਰੇ, ਭਾਵੇਂ ਕੋਈ ਚੇਲੇ ਬਣਾਈ ਫਿਰੇ। ਜੈਸਾ ਕਿ :

**ਕੇਤੇ ਗੁਰ ਚੇਲੇ ਫੁਨਿ ਹੂਆ ॥**
**ਕਾਚੇ ਗੁਰ ਤੇ ਮੁਕਤਿ ਨ ਹੂਆ ॥** *(ਰਾਮਕਲੀ ਓਅੰਕਾਰ ਮ: ੧, ਅੰਗ ੯੩੨)*

## ਕਿਧੌਂ ਗ੍ਰੰਥ ਪਠਿ; ਆਪ ਹੋਇ ॥੩੨॥

ਜਿਵੇਂ ਕੱਚੇ ਗੁਰੂ ਤੋਂ ਗਿਆਨ ਨਹੀਂ ਹੁੰਦਾ ਤੇ ਗਿਆਨ ਤੋਂ ਬਿਨਾਂ ਮੁਕਤੀ ਨਹੀਂ ਹੁੰਦੀ। ਕਿਧੌਂ = ਜਾਂ ਕਿਸੇ ਜਗਿਆਸੂ ਨੇ ਬ੍ਰਹਮ ਸ਼੍ਰੋਤ੍ਰੀ, ਬ੍ਰਹਮ ਨੇਸ਼ਟੀ ਗੁਰੂ ਤੋਂ ਗਿਆਨ ਨਹੀਂ ਪ੍ਰਾਪਤ ਕੀਤਾ, ਭਾਵ ਗੁਰੂ ਦੀ ਲੋੜ ਨਹੀਂ ਸਮਝੀ ਅਤੇ ਆਪੇ ਹੀ ਗ੍ਰੰਥ ਪਠਿ = ਪੜ੍ਹ ਕਰਕੇ ਬ੍ਰਹਮ ਗਿਆਨੀ ਹੋਇ = ਹੋ ਬੈਠਾ, ਭਾਵ ਚਾਰੇ ਮਹਾਂਵਾਕ ਕੰਠ ਕਰ ਲਏ ਅਤੇ ਵੇਦਾਂਤ ਦੇ ਕੁਝ ਗ੍ਰੰਥ ਪੜ੍ਹ ਲਏ ਤੇ ਲੋਕਾਂ ਨੂੰ ਕਹਿਣ ਲੱਗ ਗਿਆ ਕਿ ਅਸੀਂ ਤਾਂ ਬ੍ਰਹਮ ਹੀ ਹਾਂ, ਸਾਨੂੰ ਕੋਈ ਪਾਪ ਪੁੰਨ ਨਹੀਂ ਲੱਗਦਾ॥੩੨॥ ਜੈਸਾ ਕਿ :

**ਅਹੰਬ੍ਰਹਮਾਸਮੀ ਨਿਸੰਗ ਭੋਗ ਲੱਛਮੀ।**
**ਅਹੰਬ੍ਰਹਮ ਅਕਰੇ ਨਿਸੰਗ ਖਾ ਬਕਰੇ।**

ਇਹੋ ਜਿਹੇ ਕੱਚੇ ਅਗਿਆਨੀ ਦੇ ਬਾਰੇ ਅੱਗੇ ਦੱਸਦੇ ਹਨ:

## ਤਿਨ ਕੀ ਗਤਿ, ਸ਼੍ਰੀ ਨਾਨਕ ਕਹੀ।

ਤਿਨ = ਉਹਨਾਂ ਕੱਚੇ ਅਗਿਆਨੀ ਗੁਰੂਆਂ ਕੀ = ਦੀ ਗਤਿ = ਹਾਲਤ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਰਬਾਣੀ ਵਿਚ ਕਹੀ ਹੈ।

## ਅਹੰਬ੍ਰਹਮਾਸਮਿ; ਬੋਲੇ ਸਹੀ।

ਅਹੰਬ੍ਰਹਮਾਸਮਿ = ਮੈਂ ਹੀ ਬ੍ਰਹਮ ਹਾਂ, ਇਹ ਗੱਲ ਸਹੀ ਮੰਨ ਕੇ ਬੋਲੇ = ਬੋਲਦਾ ਤਾਂ ਹੈ, ਪਰ ਹੈ ਅਗਿਆਨੀ।

## ਗਯਾਨਵਾਨ ਕੀ ਬਨੈ; ਨ ਰੀਸ।

ਪਰ ਗਯਾਨਵਾਨ = ਬ੍ਰਹਮ ਗਿਆਨੀ ਕੀ = ਦੀ ਰੀਸ = ਬਰਾਬਰੀ ਨ = ਨਹੀਂ ਬਨੈ = ਬਣਦੀ।

## ਹੁਇ ਕੂੜਨਿ ਕੀ; ਕੂਰੀ ਠੀਸ ॥੩੩॥

ਕੂੜਨਿ = ਝੂਠੇ ਅਗਿਆਨੀ ਪੁਰਸ਼ਾਂ ਦੀਆਂ ਕੂਰੀ = ਝੂਠੀਆਂ ਠੀਸ = ਗੱਪਾਂ ਹੀ ਹੁਇ = ਹੁੰਦੀਆਂ ਹਨ, ਭਾਈ ਸਾਹਿਬ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰਣ ਕੀਤੀ ਹੋਈ ਬਾਣੀ ਵੱਲ ਇਸ਼ਾਰਾ ਕਰਦੇ ਹਨ ॥੩੩॥ ਜੈਸਾ ਕਿ:

**ਸੁਣਿ ਗਲਾ ਆਕਾਸ ਕੀ; ਕੀਟਾ ਆਈ ਰੀਸ ॥**

**ਦ੍ਰਿਸ਼ਟਾਂਤ :** ਜਿਵੇਂ ਆਕਾਸ਼ ਵਿਚ ਉੱਡਣ ਵਾਲੇ ਗਰੁੜ (ਗਰੁੜ ਦੀ ਬਹੁਤ ਤੇਜ਼ ਰਫ਼ਤਾਰ ਮੰਨੀ ਗਈ ਹੈ) ਜਾਂ ਹੰਸ ਵਰਗੇ ਮਹਾਨ ਪੰਛੀਆਂ (ਪਰੰਪਰਾ ਅਨੁਸਾਰ ਹੰਸ ਦੀ ਉਡਾਰੀ ੪੦੦ ਕੋਹ ਦੀ ਮੰਨੀ ਹੈ) ਅਨਲ ਪੰਛੀ ਸਭ ਤੋਂ ਵੱਧ ਉੱਚਾ ਉੱਡਦਾ ਹੈ। ਉਸ ਦੇ ਦਿੱਤੇ ਹੋਏ ਅੰਡੇ ਧਰਤੀ 'ਤੇ ਨਹੀਂ ਡਿੱਗਦੇ, ਰਸਤੇ ਵਿਚ ਹੀ ਫੁੱਟ ਕੇ ਵਿੱਚੋਂ ਬੱਚੇ ਨਿਕਲ ਕੇ ਉੱਡਦੇ ਹੋਏ ਆਪਣੇ ਮਾਪਿਆਂ ਨਾਲ ਜਾ ਮਿਲਦੇ ਹਨ। ਜਿਵੇਂ ਸ੍ਰੀ ਕਲਗੀਧਰ ਪਾਤਸ਼ਾਹ ਜੀ ਨੇ ਸ੍ਰੀ ਦਸਮ ਗ੍ਰੰਥ ਜੀ ਵਿਚ ਫ਼ੁਰਮਾਨ ਕੀਤਾ ਹੈ।

**...ਅਨਲ ਅਕਾਸ਼ ਪੰਛੀ ਡੋਲਬੋ ਕਰਤ ਹੈ ॥** *(ਸ੍ਰੀ ਦਸਮ ਗ੍ਰੰਥ, ਅੰਗ ੧੯)*

ਇਸ ਪੰਛੀ ਬਾਰੇ ਭਾਈ ਗੁਰਦਾਸ ਜੀ ਫ਼ੁਰਮਾਨ ਕਰਦੇ ਹਨ:

**ਅਨਲ ਪੰਥਿ ਬਚ ਮਿਲੇ ਨਿਰਾਧਾਰ ਹੋਇ ਸਮਝੇ ਆਪੈ।** *(ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੧੨)*

ਇਸ ਪ੍ਰਕਾਰ ਆਕਾਸ਼ ਵਿਚ ਉੱਡਣ ਵਾਲੇ ਪੰਛੀਆਂ ਕੀ = ਦੀਆਂ ਉਡਾਰੀਆਂ ਵਾਲੀਆਂ ਗੱਲਾਂ ਸੁਣ ਕੇ (ਕੀਟਾ ਆਈ ਰੀਸ) ਕੀਟਾ = ਕੀੜਿਆਂ ਨੂੰ ਉਡਾਰੀਆਂ ਮਾਰਨ ਦੀ ਰੀਸ = ਬਰਾਬਰੀ ਆਈ = ਆ ਗਈ। ਅਰਥਾਤ ਪਾਵਸ ਰੁੱਤ ਵਿਚ ਭਾਵ ਸਾਵਣ ਭਾਦਰੋਂ ਦੇ ਮਹੀਨੇ, ਬਾਰਿਸ਼ ਪੈਣ ਤੋਂ ਗਰਮੀ ਦੀ ਭੜਾਸ ਧਰਤੀ ਵਿਚੋਂ ਨਿਕਲਦੀ ਹੈ। ਖੁੱਡਾਂ ਵਿਚ ਰਹਿਣ ਵਾਲੇ ਕੀੜਿਆਂ ਦੇ ਖੰਭ ਨਿਕਲ ਆਉਂਦੇ ਹਨ। ਆਕਾਸ਼ਚਾਰੀ ਪੰਛੀਆਂ ਨੂੰ ਉੱਡਦਿਆਂ ਵੇਖ ਕੇ ਇਨ੍ਹਾਂ ਨੂੰ ਵੀ ਉੱਡਣ ਦੀ ਰੀਸ = ਇੱਛਾ ਪੈਦਾ ਹੋ ਜਾਂਦੀ ਹੈ ਕਿ ਅਸੀਂ

ਵੀ ਉੱਡੀਏ। ਖੰਭ ਹੀ ਇਨ੍ਹਾਂ ਦੇ ਹਨ ਅਤੇ ਖੰਭ ਹੀ ਸਾਡੇ ਹਨ, ਇਨ੍ਹਾਂ ਨਾਲੋਂ ਅਸੀਂ ਕਿਸ ਗੱਲੋਂ ਘੱਟ ਹਾਂ। ਇਹ ਸੋਚ ਕੇ ਰੀਸ ਕਰਕੇ ਆਕਾਸ਼ ਵੱਲ ਨੂੰ ਉੱਡਣਾ ਆਰੰਭ ਕਰ ਦਿੰਦੇ ਹਨ। ਇਨ੍ਹਾਂ ਦੇ ਖੰਭ ਕਮਜ਼ੋਰ ਹੋਣ ਕਰਕੇ ਕਈਆਂ ਦੇ ਤਾਂ ਉੱਡਦਿਆਂ ਹੀ ਖੰਭ ਟੁੱਟ ਜਾਂਦੇ ਹਨ ਤੇ ਕਈਆਂ ਦੇ ਥੋੜ੍ਹਾ ਜਿਹਾ ਆਕਾਸ਼ ਵੱਲ ਉੱਡਣ ਲੱਗਿਆਂ ਟੁੱਟ ਜਾਂਦੇ ਹਨ। ਉੱਡਣ ਦੀ ਸਮਰੱਥਾ ਨਾ ਹੋਣ ਕਰਕੇ ਕਈ ਧਰਤੀ 'ਤੇ ਡਿੱਗ ਜਾਂਦੇ ਹਨ। ਕਈ ਉਡਦਿਆਂ ਨੂੰ ਪੰਛੀ ਖਾ ਲੈਂਦੇ ਹਨ। ਖੰਭ ਤਾਂ ਭਾਵੇਂ ਕੀੜਿਆਂ ਨੂੰ ਮਿਲ ਗਏ ਪਰ ਹੰਸ, ਗਰੁੜ ਤੇ ਅਨਲ ਪੰਛੀ ਜਿੰਨੀ ਸ਼ਕਤੀ ਨਾ ਹੋਣ ਕਰਕੇ ਰੀਸ ਦੇ ਕਾਰਨ ਆਪਣਾ ਜੀਵਨ ਤਬਾਹ ਕਰ ਲਿਆ। ਜੈਸਾ ਕਿ :

**ਹੰਸਾ ਨਾਲਿ ਟਟੀਹਰੀ ਕਿਉਂ ਪਹੁਚੈ ਦਉੜੀ।** *(ਭਾਈ ਗੁਰਦਾਸ ਜੀ, ਵਾਰ ੩੪, ਪਉੜੀ ੬)*

**ਦਾ ਦ੍ਰਿਸ਼ਟਾਂਤ :** ਏਸੇ ਪ੍ਰਕਾਰ ਸਤਿਗੁਰੂ ਜੀ ਨੇ ਇਸ ਤੁਕ ਵਿਚ ਜੋ ਅੰਤਰੀਵ ਭਾਵ ਰੱਖਿਆ ਹੈ (ਸੁਣਿ ਗਲਾ ਆਕਾਸ ਕੀ) ਆਕਾਸ = ਚਿਦਾਕਾਸ਼ ਦੀ ਪ੍ਰਾਪਤੀ ਵਾਲੇ ਬ੍ਰਹਮ ਗਿਆਨੀਆਂ ਦੀਆਂ ਗੱਲਾਂ ਸੁਣ ਕੇ ਕੀਟਾ = ਕੀੜਿਆਂ ਵਾਂਗ ਪਾਮਰ, ਅਗਿਆਨੀ ਤੇ ਵਿਸ਼ਈ ਵੀ ਉਨ੍ਹਾਂ ਸਤਿਪੁਰਸ਼ਾਂ ਦੀ ਰੀਸ ਕਰਨ ਲੱਗ ਜਾਂਦੇ ਹਨ ਕਿ ਅਸੀਂ ਵੀ ਬ੍ਰਹਮ ਬੇਤੇ ਹਾਂ। ਅਸੀਂ ਵੀ ਬ੍ਰਹਮ ਗਿਆਨੀ ਹਾਂ। ਇਸ ਤੁਕ ਵਿਚ ਜੋ ਆਕਾਸ ਪਦ ਆਇਆ ਹੈ, ਪਰਮਾਤਮਾ ਆਕਾਸ ਦੀ ਨਿਆਈਂ ਵਿਆਪਕ ਹੈ ਉਸ ਵਿਚ ਪ੍ਰੋਖ ਅਪ੍ਰੋਖ ਗਿਆਨ ਰੂਪ ਖੰਭਾਂ ਨਾਲ ਉਡਾਰੀਆਂ ਮਾਰਨ ਵਾਲੇ, ਬ੍ਰਹਮ ਗਿਆਨੀਆਂ ਦੀਆਂ ਸੋਭਾ ਰੂਪ ਗੱਲਾਂ ਸੁਣ ਕੇ (ਕੀਟਾ ਆਈ ਰੀਸ) ਅਲਪਗ, ਵਿਸ਼ਈ ਤੇ ਪਾਮਰ ਜੀਵ ਬਿਧ ਨਿਖੇਧ ਰੂਪ ਖੰਭ ਵਾਲੇ, ਸਵਰਗ ਆਦਿਕ ਦੀ ਉਡਾਰੀ ਮਾਰਨ ਜੋਗੇ ਕਹਿਣ ਲੱਗ ਪੈਂਦੇ ਹਨ ਕਿ 'ਬ੍ਰਹਮ ਸਤਯੰ ਜਗਤ ਮਿਥਿਆ' ਕਿ ਜਗਤ ਮਿਥਿਆ ਹੈ। ਅਸੀਂ ਵੀ ਸੰਸਾਰ ਦੁਖ ਦੀ ਨਵਿਰਤੀ ਕਰ ਲਈ ਹੈ ਤੇ ਪ੍ਰਮਾਨੰਦ ਦੀ ਪ੍ਰਾਪਤੀ ਕਰਨ ਵਾਲੇ ਹਾਂ। ਇਉਂ ਕਰਤੱਬਾਭਾਵ ਕਹਿੰਦੇ ਹਨ—ਅਹੰ ਬ੍ਰਹਮਾਸਮੀ ਅਹੰ = ਮੈਂ ਬ੍ਰਹਮ ਹਾਂ। ਸਾਨੂੰ ਕੋਈ ਵਿਸ਼ੇ ਪੋਹ ਨਹੀਂ ਸਕਦੇ। ਇਉਂ ਆਕਾਸ = ਚਿਦਾਕਾਸ਼ ਵਿਚ ਵਿਚਰਨ ਵਾਲੇ ਮਹਾਂਪੁਰਖਾਂ ਦੀਆਂ ਗੱਲਾਂ ਸੁਣ ਕੇ, ਮਨੁੱਖ ਸਰੀਰ ਰੂਪੀ ਭਾਦਰੋਂ ਦੇ ਮਹੀਨੇ ਵਿਚ ਵਿਸ਼ਿਆਂ ਰੂਪੀ ਭੜਾਸ ਆਈ, ਕੋਈ ਸ਼ਿਲੇ ਕੱਢ ਕੱਢ ਕੇ, ਕੋਈ ਰਿਧੀਆਂ ਸਿਧੀਆਂ ਦੇ ਬਲ ਰੂਪੀ ਖੰਭ ਲਾ ਕੇ ਜਾਂ ਬਿਧ ਨਿਖੇਧ ਰੂਪੀ ਖੰਭ ਲਾ ਕੇ ਉਡਾਰੀਆਂ ਮਾਰਨੀਆਂ ਚਾਹੁੰਦੇ ਹਨ।

ਇਉਂ ਮੁਕਤ ਪੁਰਸ਼ ਦੀਆਂ ਰੀਸਾਂ ਨਹੀਂ ਹੋ ਸਕਦੀਆਂ। ਆਕਾਸ਼ਚਾਰੀਆਂ ਭਾਵ ਬ੍ਰਹਮ ਗਿਆਨੀਆਂ ਦੀਆਂ ਗੱਲਾਂ ਸੁਣ ਕੇ ਕੀੜਿਆਂ ਦੀ ਨਿਆਈਂ ਵਿਸ਼ਈ ਪੁਰਸ਼ਾਂ ਨੂੰ ਵੀ ਰੀਸਾਂ ਆ ਗਈਆਂ ਕਿ ਅਸੀਂ ਬ੍ਰਹਮ ਹੀ ਹਾਂ, ਚੁਟਕੀਆਂ ਮਾਰ ਕੇ ਕਹਿੰਦੇ ਹਨ ਕਿ ਤੁਹਾਨੂੰ ਨਿਰੰਕਾਰ ਦੇ ਦਰਸ਼ਨ ਕਰਵਾ ਸਕਦੇ ਹਾਂ ਤੇ ਨਾਲ ਵਿਸ਼ੇ-ਵਿਕਾਰਾਂ ਦੀ ਭੀ ਕੋਈ ਰੁਕਾਵਟ ਨਹੀਂ। ਉਹ ਜੂਨਾਂ ਵਿਚ ਭਟਕਦੇ ਫਿਰਦੇ ਹਨ। ਉਹ ਤਾਂ ਦੇਹ ਅਧਿਆਸੀ ਹਨ, ਧੋਖੇਬਾਜ਼, ਬਣਾਉਟੀ ਗੁਰੂ ਹਨ। ਇਹ ਚੁੰਚ ਗਿਆਨੀ ਕਹੇ ਜਾ ਸਕਦੇ ਹਨ। ਜਿਵੇਂ ਇਹਨਾਂ ਬਾਬਤ ਸਤਿਗੁਰੂ ਜੀ ਫੁਰਮਾਉਂਦੇ ਹਨ :

**ਗਲੰੀ ਅਸੀ ਚੰਗੀਆ ਆਚਾਰੀ ਬੁਰੀਆਹ ॥**
**ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥**
**ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥** *(ਸਿਰੀਰਾਗ ਕੀ ਵਾਰ ਮ: ੧, ਅੰਗ ੮੫)*

**ਨਾਨਕ ਨਦਰੀ ਪਾਈਐ; ਕੂੜੀ ਕੂੜੈ ਠੀਸ ॥੩੨॥** *(ਜਪੁ ਜੀ, ਅੰਗ ੭)*

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਦੋਂ ਉਹ ਵਿਸ਼ਈ ਪੁਰਖ ਬ੍ਰਹਮ ਬੇਤਿਆਂ ਦੀ ਨਦਰੀ = ਦ੍ਰਿਸ਼ਟੀ

ਵਿਚ ਪਾਏ ਜਾਂਦੇ ਹਨ ਤਾਂ ਪਤਾ ਲੱਗਦਾ ਹੈ ਕਿ ਪੂਰੇ ਹਨ ਜਾਂ ਫਿਰ ਝੂਠੇ ਹੋਰ ਹੀ ਗੱਲਾਂ ਮਾਰਨ ਵਾਲੇ ਹਨ। ਕੂੜੈ = ਝੂਠਿਆਂ ਦੀਆਂ ਕੂੜੀ = ਝੂਠੀਆਂ ਠੀਸ = ਗੱਪਾਂ ਹੀ ਹਨ। ਜਦੋਂ ਪਦਾਰਥ ਜਾਂ ਵਿਸ਼ਿਆਂ ਨੂੰ ਦੇਖਦੇ ਹਨ ਤਾਂ ਡਿੱਗ ਜਾਂਦੇ ਹਨ। ਇਸ ਕਰਕੇ ਝੂਠੇ ਪੁਰਸ਼ਾਂ ਦੀਆਂ ਝੂਠੀਆਂ ਹੀ ਠੀਸ = ਗੱਪਾਂ ਹਨ। ਸੋ ਇਉਂ ਵਿਸ਼ਈ ਪੁਰਸ਼ ਵਿਸ਼ੇ ਭੋਗਣ ਰੂਪ ਧਰਤੀ 'ਤੇ ਆ ਡਿੱਗਦੇ ਹਨ। ਫਿਰ ਕਹਿੰਦੇ ਹਨ ਕਿ ਅਸੀਂ ਬ੍ਰਹਮ ਗਿਆਨੀ ਹਾਂ। ਇਹਨਾਂ ਨੂੰ ਹੀ ਸਤਿਗੁਰੂ ਜੀ ਨੇ ਕਿਹਾ ਹੈ ਕਿ ਜਿਨ੍ਹਾਂ ਨੇ ਗੁਰੂ ਦੇ ਉਪਦੇਸ਼ ਨੂੰ ਕਮਾਇਆ ਨਹੀਂ, ਭਜਨ ਸਿਮਰਨ ਦੀ ਕਮਾਈ ਨਹੀਂ ਕੀਤੀ ਤੇ ਆਪਾ-ਭਾਵ ਗਵਾਇਆ ਨਹੀਂ, ਉਹਨਾਂ ਦੀਆਂ ਤੇ (ਕੂੜੀ ਕੂੜੈ ਠੀਸ) ਕੂੜੈ = ਝੂਠਿਆਂ ਦੀਆਂ ਕੂੜੀ = ਝੂਠੀਆਂ ਹੀ ਠੀਸ = ਗੱਪਾਂ ਹਨ, ਪ੍ਰਾਪਤ ਕੁਝ ਵੀ ਨਹੀਂ ਹੋਇਆ। ਜੈਸਾ ਕਿ :

**ਕੂੜੇ ਮੂਰਖ ਕੀਹਾ ਠੀਸਾ ॥** *(ਸੂਹੀ ਮਹਲਾ ੫, ਘਰੁ ੩, ਅੰਗ ੭੩੯)*

ਭਾਈ ਦਇਆ ਸਿੰਘ ਜੀ ਨੇ ਕਥਨ ਕੀਤਾ ਕਿ ਸਾਡੇ ਗੁਰੂ ਨਾਨਕ ਸਾਹਿਬ ਜੀ ਨੇ ਇਹਨਾਂ ਕੱਚੇ ਗੁਰੂਆਂ ਦੀ ਗੱਲ ਇਕ ਪਉੜੀ ਵਿਚ ਕਥਨ ਕੀਤੀ ਹੈ। ਜੈਸਾ ਕਿ :

**ਸ੍ਰੀ ਮੁਖਵਾਕ ਮ: ੧ ॥ ਨਾਨਕ ਗੁਰੂ ਨ ਚੇਤਨੀ; ਮਨਿ ਆਪਣੈ ਸੁਚੇਤ ॥**

ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਜੋ ਪੁਰਖ ਗੁਰੂ ਅਕਾਲ ਪੁਰਖ ਨੂੰ ਚੇਤਨੀ = ਚੇਤੇ ਨ = ਨਹੀਂ ਕਰਦੇ ਅਤੇ ਆਪਣੈ = ਆਪਦੇ ਮਨਿ = ਹਿਰਦੇ ਵਿਚ ਹੀ ਅਨੇਕਾਂ ਪੁਸਤਕਾਂ ਪੜ੍ਹ ਕੇ ਸੁਚੇਤ = ਸਾਵਧਾਨ **ਵਾ:** ਦਾਨੇ ਬਣੀ ਬੈਠੇ ਹਨ, ਉਹ ਪੁਰਖ ਤਾਂ ਐਸੇ ਸਮਝ ਲਵੋ :

**ਛੁਟੇ ਤਿਲ ਬੂਆੜ ਜਿਉ; ਸੁੰਞੇ ਅੰਦਰਿ ਖੇਤ ॥**

ਜਿਉਂ = ਜਿਵੇਂ ਖੇਤ ਸੰਭਾਲਣ ਸਮੇਂ ਕਿਸਾਨ ਬੁਆੜ[੧] ਤਿਲ ਭਾਵ ਨਿਕੰਮੇ ਤਿਲਾਂ ਦੇ ਬੂਟਿਆਂ ਨੂੰ ਸੁਆਹ ਪਈ ਜਾਣ ਕੇ ਛੁਟੇ = ਛੁੱਟੜ ਕਰ ਦਿੰਦੇ ਹਨ ਅਤੇ ਉਨ੍ਹਾਂ ਸੁਆਹ ਵਾਲੇ ਤਿਲਾਂ ਦੇ ਬੂਟਿਆਂ ਨੂੰ ਖੇਤ ਦੇ ਅੰਦਰ ਸੁੰਞੇ = ਖ਼ਾਲੀ ਹੀ ਛੱਡ ਦਿੰਦੇ ਹਨ।

**ਖੇਤੈ ਅੰਦਰਿ ਛੁਟਿਆ; ਕਹੁ ਨਾਨਕ ਸਉ ਨਾਹ ॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਸੁੰਨੀ ਖੇਤੈ = ਜ਼ਮੀਨ ਦੇ ਅੰਦਰਿ = ਵਿਚ ਨਿਕੰਮੇ ਤਿਲਾਂ ਦੇ ਬੂਟੇ ਛੁਟਿਆ = ਛੱਡੇ ਜਾਂਦੇ ਹਨ, ਉਨ੍ਹਾਂ ਦਾ ਕੋਈ ਸਉ = ਮਾਲਕ ਨਾਹ = ਨਹੀਂ ਹੁੰਦਾ, ਭਾਵ ਕੋਈ ਵੀ ਰੱਖਿਅਕ ਨਹੀਂ ਹੁੰਦਾ।

**ਫਲੀਅਹਿ ਫੁਲੀਅਹ ਬਪੁੜੇ; ਭੀ ਤਨ ਵਿਚਿ ਸੁਆਹ ॥੩॥**

ਭਾਵੇਂ ਉਹਨਾਂ ਬਪੁੜੇ = ਵਿਚਾਰਿਆਂ ਤਿਲਾਂ ਦੇ ਬੂਟਿਆਂ ਨੂੰ ਫੁਲੀਅਹਿ = ਫੁੱਲ ਵੀ ਲੱਗਦੇ ਹਨ ਤੇ ਡੋਡੀਆਂ ਰੂਪ ਵਿਚ ਫਲੀਅਹਿ = ਫਲ ਵੀ ਲੱਗਦੇ ਹਨ ਭਾਵ ਪ੍ਰਫੁੱਲਤ ਵੀ ਹੁੰਦੇ ਹਨ, ਪਰ ਫੇਰ ਭੀ = ਉਨ੍ਹਾਂ ਦੇ ਤਨ = ਸਰੀਰ ਭਾਵ ਡੋਡੀਆਂ ਦੇ ਵਿਚਿ = ਅੰਦਰ ਸੁਆਹ = ਭਸਮ ਹੀ ਤਿਆਰ ਹੁੰਦੀ ਹੈ ਭਾਵ ਦਾਣਾ ਨਹੀਂ ਹੁੰਦਾ, ਇਸ ਕਰਕੇ ਉਸ ਦਾ ਕੋਈ ਰਾਖਾ ਨਹੀਂ ਅਤੇ ਨਾ ਹੀ ਜ਼ਿਮੀਂਦਾਰ ਲੋਕ ਉਨ੍ਹਾਂ ਨੂੰ ਕੱਟਦੇ ਹਨ ॥੩॥

੧. ਖ਼ਾਲੀ ਤਿਲਾਂ ਦਾ ਬੂਟਾ, ਜੋ ਤਿਲਾਂ ਦੀ ਪੈਲੀ ਵਿਚ ਉੱਗਦਾ ਹੈ, ਜਿਸ ਦੀ ਫਲੀ ਵਿਚ ਤਿਲ ਨਹੀਂ ਹੁੰਦੇ। ਤਿਲਾਂ ਦੀ ਬਜਾਏ ਸੁਆਹ ਹੁੰਦੀ ਹੈ।

## ਦੂਸਰਾ ਅਰਥ

**ਨਾਨਕ ਗੁਰੂ ਨ ਚੇਤਨੀ; ਮਨਿ ਆਪਣੈ ਸੁਚੇਤ ॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਪੁਰਖ ਸੁਚੇਤ = ਸਾਵਧਾਨ ਹੋ ਕੇ ਆਪਣੇ ਹਿਰਦੇ ਵਿਚ ਗੁਰਾਂ ਨੂੰ ਚੇਤੇ ਨਹੀਂ ਕਰਦੇ।

**ਛੁਟੇ ਤਿਲ ਬੂਆੜ ਜਿਉ; ਸੁੰਞੇ ਅੰਦਰਿ ਖੇਤ ॥**

ਉਹ ਮਨਮੁਖ, ਜਿਉ = ਜੀਵ ਤਾਂ ਸੰਸਾਰ ਰੂਪੀ ਖੇਤ ਵਿਚ ਸ਼ੁਭ ਗੁਣਾਂ ਰੂਪੀ ਤਿਲਾਂ ਤੋਂ ਬੂਆੜ = ਨਿਕੰਮੇ ਜੰਮਣ ਮਰਨ ਵਿਚ ਛੁਟੇ = ਛੱਡ ਜਾਂਦੇ ਹਨ, ਭਾਵ ਜੂਨਾਂ ਰੂਪੀ ਸੁੰਨੇ ਖੇਤਾਂ ਵਿਚ ਛੱਡੇ ਜਾਂਦੇ ਹਨ।

**ਖੇਤੈ ਅੰਦਰਿ ਛੁਟਿਆ; ਕਹੁ ਨਾਨਕ ਸਉ ਨਾਹ ॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਸੰਸਾਰ ਰੂਪੀ ਖੇਤ ਵਿਚ ਛੁਟਿਆ = ਛੁੱਟੜ ਕੀਤੇ ਹੋਏ ਹਨ, ਉਨ੍ਹਾਂ ਮਨਮੁਖਾਂ ਦਾ ਕੋਈ ਵੀ ਸਉ = ਮਾਲਕ ਨਾਹ = ਨਹੀਂ ਹੈ।

**ਫਲੀਅਹਿ ਫੁਲੀਅਹਿ ਬਪੁੜੇ; ਭੀ ਤਨ ਵਿਚਿ ਸੁਆਹ ॥੩॥**

*(ਆਸਾ ਦੀ ਵਾਰ ਮ: ੧, ਅੰਗ ੪੬੩)*

ਭਾਵੇਂ ਉਹ ਬਪੁੜੇ = ਵਿਚਾਰੇ ਸ਼ੁਭ ਗੁਣਾਂ ਤੋਂ ਹੀਣੇ ਮਨਮੁਖ ਪੁੱਤਰ ਤੇ ਧਨ ਆਦਿਕ ਕਰਕੇ ਫਲੀਅਹਿ = ਫਲਦੇ ਵੀ ਦੇਖੀਦੇ ਹਨ ਅਤੇ ਦੁਨੀਆਂ ਵਿਚ ਪੁੰਨ ਦਾਨ ਕਰਨ ਰੂਪੀ ਫੁੱਲ ਲੱਗਦੇ ਵੀ ਦੇਖੀਦੇ ਹਨ, ਪਰੰਤੂ ਫੇਰ ਵੀ ਉਨ੍ਹਾਂ ਦੇ ਤਨ = ਸਰੀਰ ਦੇ ਵਿਚਿ = ਅੰਦਰ ਵਿਸ਼ਿਆਂ ਦੀ ਵਾਸ਼ਨਾ ਰੂਪੀ ਸੁਆਹ ਹੁੰਦੀ ਹੈ **ਵਾ:** ਉਹ ਵਿਚਾਰੇ ਦਿਖਾਵੇ ਦੇ ਧਰਮ ਕਰਮ ਕਰਨ ਰੂਪ ਫੁੱਲ ਤੇ ਗਿਆਨ ਦੀਆਂ ਗੱਲਾਂ ਕਥਨ ਕਰਨ ਰੂਪ ਫਲ ਦੇ ਸਹਿਤ ਵੀ ਹਨ, ਪਰੰਤੂ ਫੇਰ ਭੀ ਉਨ੍ਹਾਂ ਦੇ ਅੰਤਹਕਰਣ ਵਿਚ ਕਾਮ ਕ੍ਰੋਧ ਆਦਿਕਾਂ ਵਿਸ਼ਿਆਂ ਰੂਪ ਸੁਆਹ ਹੀ ਹੈ ਭਾਵ ਸਰੀਰ ਦੇ ਵਿਚ ਵਿਸ਼ੇ ਭੋਗਣ ਰੂਪ ਸੁਆਹ ਹੀ ਹੁੰਦੀ ਹੈ, ਜਿਸ ਕਰਕੇ ਉਹ ਮੁਕਤ ਨਹੀਂ ਹੋ ਸਕਦੇ ॥੩॥

## ਚੌਪਈ ॥ ਪਢੇ ਗ੍ਰੰਥ; ਬਨ ਬੈਠੇ ਗ੍ਯਾਨੀ।

ਭਾਈ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਵੇਦਾਂਤ ਦੇ ਚਾਰ ਕੁ ਗ੍ਰੰਥ ਪਢੇ = ਪੜ੍ਹ ਕੇ ਦੁਨੀਆਂ ਵਿਚ ਬ੍ਰਹਮ ਗਿਆਨੀ ਬਣ ਬੈਠੇ = ਬੈਠਦੇ ਹਨ।

## ਨਾਨਾ ਜੁਗਤਿਨਿ; ਕਰਹਿਂ ਬਖਾਨੀ।

ਫਿਰ ਲੋਕਾਂ ਨੂੰ ਮਗਰ ਲਾਉਣ ਵਾਸਤੇ ਆਪਣੀ ਕਥਨੀ ਵਿਚ ਬ੍ਰਹਮ ਗਿਆਨ ਦੀਆਂ ਗੱਲਾਂ ਕਰਹਿ = ਕਰਦੇ ਰਹਿੰਦੇ ਹਨ ਕਿ ਬ੍ਰਹਮ ਐਸਾ ਹੈ, ਅਸੰਗ ਹੈ, ਅਕਿਰਿਆ ਹੈ ਤੇ ਨਾਨਾ = ਤਰ੍ਹਾਂ ਤਰ੍ਹਾਂ ਦੀਆਂ ਇਹੋ ਜਿਹੀਆਂ ਜੁਗਤਿਨਿ = ਜੁਗਤੀਆਂ ਬਖਾਨੀ = ਕਥਨ ਕਰਦੇ ਹਨ, ਇਉਂ ਬ੍ਰਹਮ ਗਿਆਨ ਕੇਵਲ ਕਥਨੀ ਵਿਚ ਹੀ ਹੈ, ਅਮਲ ਵਿਚ ਨਹੀਂ। ਅਤੇ :

## 'ਅਹੰਬ੍ਰਹਮਾਸਮਿ'; ਕਹੈਂ ਸੁਨਾਇ।

'ਅਹੰਬ੍ਰਹਮਾਸਮਿ' = ਮੈਂ ਬ੍ਰਹਮ ਹਾਂ, ਇਹ ਲੋਕਾਂ ਨੂੰ ਕਹੈਂ = ਕਹਿ ਕੇ ਸੁਨਾਇ = ਸੁਣਾਉਂਦੇ ਹਨ।

## ਤਨਹੰਤਾ; ਨਹਿ ਛੂਟੀ ਬਲਾਇ ॥੩੪॥

ਜਿਹੜੀ ਸਭ ਤੋਂ ਵੱਡੀ ਤਨਹੰਤਾ = ਤਨ ਦੀ ਹੰਗਤਾ ਰੂਪ ਬਲਾਇ = ਚੁੜੇਲ ਹੈ, ਉਹ ਤਾਂ ਛੁੱਟੀ ਨਹੀਂ, ਉਹ ਚੁੜੇਲ ਵਾਂਗ ਸਰੀਰ ਨੂੰ ਚਿੰਬੜੀ ਹੋਈ ਹੈ ਜਿਸ ਕਰਕੇ ਜੰਮਦਾ ਮਰਦਾ ਰਹਿੰਦਾ ਹੈ। ਜੈਸਾ ਕਿ :

**ਹਉ ਵਿਚਿ ਆਇਆ ਹਉ ਵਿਚਿ ਗਇਆ ॥**
**ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥** *(ਆਸਾ ਦੀ ਵਾਰ ਮ: ੧, ਅੰਗ ੪੬੬)*

## ਤਿਨ ਮਹਿਂ; ਸਾਰ ਨ ਪੱਯਤਿ ਕੈਸੇ।

ਤਿਨ = ਉਹਨਾਂ ਕੱਚੇ, ਪਖੰਡੀ ਬ੍ਰਹਮ ਗਿਆਨੀਆਂ ਮਹਿਂ = ਵਿਚ ਸਾਰ = ਤਤ੍ਵ ਗਿਆਨ **ਵਾ:** ਜਥਾਰਥ ਗਿਆਨ ਭਾਵ ਅਪ੍ਰੋਖ ਗਿਆਨ ਕੈਸੇ = ਕਿਸੇ ਪ੍ਰਕਾਰ ਵੀ ਪੱਯਤਿ = ਪਾਇਆ ਨ = ਨਹੀਂ ਜਾਂਦਾ, ਕਿਉਂਕਿ ਉਹਨਾਂ ਵਿਚ ਹੈ ਨਹੀਂ, ਉਹ ਤਾਂ ਐਸੇ ਹਨ :

## ਭਸਮ ਬੂਆੜ; ਤਿਲਨਿ ਮਹਿਂ ਜੈਸੇ।

ਜੈਸੇ = ਜਿਸ ਪ੍ਰਕਾਰ ਤਿਲਨਿ = ਤਿਲਾਂ ਦੇ ਮਹਿਂ = ਵਿਚ ਬੂਆੜ = ਨਿਕੰਮੇ ਤਿਲ, ਫਲਹੀਣ ਜਿਨ੍ਹਾਂ ਦੇ ਵਿਚ ਤਿਲਾਂ ਦੀ ਥਾਂ ਸੁਆਹ ਹੀ ਹੁੰਦੀ ਹੈ, ਇਸੇ ਤਰ੍ਹਾਂ ਕੱਚੇ ਬ੍ਰਹਮ ਗਿਆਨੀ ਕਹਾਉਣ ਵਾਲਿਆਂ ਦੇ ਵਿਚ ਵਿਸ਼ਿਆਂ ਰੂਪੀ ਸੁਆਹ ਹੀ ਹੁੰਦੀ ਹੈ, ਤਿਲ ਰੂਪ ਬ੍ਰਹਮ ਗਿਆਨ ਨਹੀਂ ਹੁੰਦਾ।

## ਕਿਧੌਂ ਗ੍ਯਾਨ, ਬ੍ਰਿਤਿ ਕਾਚੀ ਰਹੀ।

ਕਿਧੌਂ = ਜਾਂ ਗਿਆਨ ਦੇ ਵਿਚ ਉਹਨਾਂ ਦੀ ਬਿਰਤੀ ਇਤਨੀ ਕਾਚੀ = ਕੱਚੀ ਰਹੀ = ਰਹਿ ਗਈ ਕਿ ਕਮਾਈ ਤੋਂ ਬਿਨਾਂ ਗਿਆਨ ਦ੍ਰਿੜ੍ਹ ਨਹੀਂ ਹੋਇਆ। ਜਿਸ ਕਰਕੇ :

## ਥਿਰਤਾ ਭਲੇ; ਨ ਮਨ ਨੇ ਲਹੀ ॥੩੫॥

ਭਲੇ = ਚੰਗੀ ਤਰ੍ਹਾਂ ਮਨ ਨੇ ਆਤਮਿਕ ਸਰੂਪ ਵਿਚ ਥਿਰਤਾ = ਇਸਥਿਤੀ ਨਾ = ਨਹੀਂ ਲਹੀ = ਪ੍ਰਾਪਤ ਕੀਤੀ ॥੩੫॥

## ਕਰਮਨਿ ਮਹਿਂ; ਨਿਸੰਗ ਹੁਇ ਬਰਤਾ।

ਮੰਦੇ ਕਰਮਨਿ = ਕਰਮਾਂ ਮਹਿਂ = ਵਿਚ ਨਿਸੰਗ = ਸੰਗ ਤੋਂ ਰਹਿਤ ਹੁਇ = ਹੋ ਕੇ ਭਾਵ ਸ਼ਰਮ ਲਾ ਕੇ ਬਰਤਾ = ਵਰਤਣ ਲੱਗ ਪਿਆ ਕਿ ਹੁਣ ਸਾਨੂੰ ਕੋਈ ਪਾਪ ਨਹੀਂ ਲੱਗਦਾ, ਅਸੀਂ ਬ੍ਰਹਮ ਗਿਆਨੀ ਹੋ ਗਏ। ਜਿਸ ਦਾ ਫਲ ਇਹ ਹੋਇਆ ਕਿ :

## ਬਹੈ ਸੁ; ਜਨਮ ਮਰਨ ਕੀ ਸਰਿਤਾ।

ਸੁ = ਉਹ ਜਨਮ ਮਰਨ ਰੂਪ ਸਰਿਤਾ = ਨਦੀ ਦੇ ਵਿਚ ਬਹੈ = ਰੁੜ੍ਹਦੇ ਫਿਰਦੇ ਹਨ।

## ਸੁਨਹੁ ਖਾਲਸਾ! ਸਤਿਗੁਰ ਮਤ ਕੋ।

ਹੇ ਖ਼ਾਲਸਾ ਜੀ ! ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਤਕ ਸਤਿਗੁਰਾਂ ਦੀ ਮਤ = ਸਿੱਖਿਆ ਹੈ, ਉਸ ਨੂੰ ਸੁਨਹੁ = ਸੁਣਨਾ ਕਰੋ।

## ਜਿਸ ਤੇ ਜੀਵ; ਪਾਇ ਸਦਗਤਿ ਕੋ ॥੩੬॥

ਜਿਸ ਗੁਰਮਤਿ ਦੀ ਸਿੱਖਿਆ ਤੇ = ਤੋਂ ਜੀਵ ਸਦਗਤਿ = ਸ੍ਰੇਸ਼ਟ ਗਤੀ ਭਾਵ ਸ੍ਰੇਸ਼ਟ ਮੁਕਤੀ ਭਾਵ ਕੈਵਲ ਮੋਖ ਕੋ = ਨੂੰ ਪਾਇ = ਪਾ ਲੈਂਦਾ ਹੈ ॥੩੮॥

## ਬੇਦ ਸ਼ਾਸਤ੍ਰ ਕੋ; ਸਾਰ ਨਿਕਾਰਾ।

ਬੇਦਾਂ ਸ਼ਾਸਤ੍ਰਾਂ ਕੋ = ਦਾ ਜੋ ਸਿਧਾਂਤ ਹੈ, ਜਿਸ ਵਿਚ ਕੇਵਲ ਭਗਤੀ ਰਹਿਤ ਗਿਆਨ ਦੀ ਗੱਲ ਕੀਤੀ ਹੈ, ਉਹ ਛੱਡ ਕੇ ਗੁਰਮਤਿ ਗਿਆਨ ਵਿਚ ਸਤਿਗੁਰਾਂ ਨੇ ਭਗਤੀ ਸਹਿਤ ਗਿਆਨ ਦਾ ਸਾਰ ਰੂਪ ਨਿਚੋੜ ਨਿਕਾਰਾ = ਕੱਢਿਆ ਹੈ ਕਿ ਇਹੀ ਸ੍ਰੇਸ਼ਟ ਹੈ ਅਤੇ ਗੁਰਬਾਣੀ ਨੂੰ ਬੇਦ ਸ਼ਾਸਤ੍ਰਾਂ ਤੋਂ ਸ਼ਿਰੋਮਣੀ ਦਰਜਾ ਪ੍ਰਾਪਤ ਹੈ। ਜੈਸਾ ਕਿ :

**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥** *(ਰਾਮਕਲੀ ਮ: ੩ ਅਨੰਦੁ, ਅੰਗ ੯੨੦)*

***ਨੋਟ :*** ਜੇ ਕੋਈ ਅਰਥ ਕਰਨ ਲੱਗਿਆਂ, ਇਉਂ ਅਰਥ ਕਰੇ ਕਿ ਵੇਦਾਂ ਸ਼ਾਸਤ੍ਰਾਂ ਦਾ ਨਿਚੋੜ ਕੱਢ ਕੇ ਗੁਰਬਾਣੀ ਬਣਾਈ ਹੈ ਤਾਂ ਗੁਰਮਤਿ ਵਿਰੋਧੀ ਵਿਚਾਰਧਾਰਾ ਹੋਏਗੀ ਕਿਉਂਕਿ ਗੁਰਬਾਣੀ ਦੇ ਵਿਚ ਇਹ ਗੱਲ ਸਪੱਸ਼ਟ ਆ ਚੁੱਕੀ ਹੈ ਕਿ ਗੁਰਬਾਣੀ ਕਿਸੇ ਵੇਦ ਸ਼ਾਸਤ੍ਰ ਦੇ ਸਿਧਾਂਤ ਅਨੁਸਾਰ ਨਹੀਂ ਅਤੇ ਉਲਟ ਭੀ ਨਹੀਂ, ਗੁਰਬਾਣੀ ਅਦ੍ਵੈਤ ਸਰੂਪ ਹੈ ਤੇ ਆਪਣੇ ਆਪ ਵਿਚ ਸੁਤੰਤਰ ਹੈ ਤੇ ਧੁਰਾਂ ਦੀ ਬਾਣੀ ਹੋਣ ਦਾ ਮਾਣ ਪ੍ਰਾਪਤ ਹੈ। ਜੈਸਾ ਕਿ :

**ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ ॥** *(ਸੋਰਠਿ ਮ: ੫, ਅੰਗ ੬੨੮)*

ਗੁਰਬਾਣੀ ਦੇ ਪ੍ਰਗਟ ਹੋਣ ਦਾ ਗੁਰੂ ਸਾਹਿਬਾਨ ਨੇ ਵੇਦਾਂ ਦੇ ਸਾਰ ਦੀ ਬਜਾਇ ਇਹ ਕਿਹਾ ਹੈ ਕਿ ਕਰਤਾਪੁਰਖ ਆਪ ਗੁਰੂ ਸਾਹਿਬ ਦੇ ਮੂੰਹੋਂ ਕਢਾਉਂਦਾ ਰਿਹਾ ਹੈ। ਜੈਸਾ ਕਿ :

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥**
*(ਗਉੜੀ ਕੀ ਵਾਰ, ਮ: ੪, ਅੰਗ ੩੦੮)*

## ਹਿਤ ਸਿੱਖਨਿ; ਸਤਿਗੁਰੂ ਉਚਾਰਾ।

ਸਤਿਗੁਰਾਂ ਨੇ ਸਿੱਖਨਿ = ਸਿੱਖਾਂ ਦੇ ਭਲੇ ਹਿਤ = ਵਾਸਤੇ ਗੁਰਬਾਣੀ ਦਾ ਉਚਾਰਾ = ਉਚਾਰਨ ਕੀਤਾ ਹੈ, ਭਾਵ ਗੁਰਬਾਣੀ ਦੁਆਰਾ ਉਪਦੇਸ਼ ਉਚਾਰਨ ਕੀਤਾ ਹੈ।

## ਸਕਲ ਮਤਨਿ ਸੋਂ; ਮਿਲਜੋ ਪਛਾਨੋ।

ਜੋ ਗੁਰੂ ਸਾਹਿਬ ਜੀ ਦਾ ਮਤ ਭਾਵ ਗੁਰਮਤਿ ਹੈ, ਉਹ ਸਕਲ = ਸਾਰਿਆਂ ਮਤਨਿ = ਮੱਤਾਂ ਦੇ ਸੋਂ = ਨਾਲ ਮਿਲਜੋ = ਮਿਲਿਆ ਹੋਇਆ ਪਛਾਣੋ, ਭਾਵ ਕਿਸੇ ਮਤ ਮਤਾਤਰਾਂ ਵਾਲਿਆਂ ਨਾਲ ਦ੍ਵੈਸ਼ ਨਹੀਂ ਕਰਦਾ।

## ਅਰ ਸਭਿ ਤੇ; ਨਜਾਰੋ ਪਹਿਚਾਨੋ ॥੩੭॥

ਅਰ = ਅਤੇ ਸਭਿ = ਸਾਰਿਆਂ ਤੇ = ਤੋਂ ਨਜਾਰੋ = ਨਿਰਾਲਾ ਭਾਵ ਵੱਖਰਾ ਪਹਿਚਾਨੋ = ਜਾਣ ਲਉ ਕਿ ਗੁਰਮਤਿ ਆਪਣਾ ਸੁਤੰਤਰ ਰੂਪ ਰੱਖਦਾ ਹੈ ॥੩੭॥

ਸੋ ਇਥੇ ਪਿਛਲਾ ਪ੍ਰਕਰਣ ਸਮਾਪਤ ਕਰਕੇ, ਜਿਸ ਵਿਚ ਸ਼ਾਸਤ੍ਰ ਮਤ ਦਿਖਾ ਕੇ ਗੁਰਮਤਿ ਦੀ ਵਿਸ਼ੇਸ਼ਤਾ

ਵਰਣਨ ਕੀਤੀ ਹੈ ਅਤੇ ਹੁਣ ਗੁਰੂ ਘਰ ਦੀ ਲੌਕਿਕ ਤੇ ਪਾਰਲੌਕਿਕ ਦੋਵੇਂ ਬਖ਼ਸ਼ਿਸ਼ ਦੀ ਪ੍ਰੋੜ੍ਹਤਾ ਦੱਸਦੇ ਹਨ, ਪਹਿਲਾਂ ਇਹ ਦੱਸਦੇ ਹਨ ਕਿ ਜੋ ਜੀਵ ਦੁੱਖਾਂ ਸੁੱਖਾਂ ਦੇ ਮਾਰੇ ਉਪਜੀਵਕਾ ਵਾਸਤੇ ਗੁਰੂ ਸ਼ਰਨ ਵਿਚ ਆਏ ਹਨ, ਉਹ ਗੁਰੂ ਚਰਨਾਂ ਦਾ ਪ੍ਰਤਾਪ ਤੇ ਸਤਿਸੰਗ ਦਾ ਪ੍ਰਤਾਪ ਪਾ ਕੇ ਉੱਚੇ ਜੀਵਨ ਵਾਲੇ ਹੋ ਗਏ। ਜਾਤੀ ਪਾਤੀ ਦੇ ਬੰਧਨ ਤੋੜ ਕੇ ਗੁਰਸਿੱਖ ਸਜ ਗਏ। ਹੁਣ ਅੱਗ ਦੱਸਦੇ ਹਨ :

## ਜਾਤ ਸ਼ਿੰਖਲਾ ਅਰ; ਜਗ ਲਾਜਾ।

ਜੋ ਲੋਕਾਂ ਵਿੱਚ ਜਾਤ = ਜਾਤੀ ਦੀ ਵਿਚ ਦੋ ਤਰ੍ਹਾਂ ਦੀ ਗੱਲ ਸੀ ਕੁਝ ਲੋਕ ਉੱਚੀ ਜਾਤੀ ਮੰਨ ਕੇ ਹੰਕਾਰ ਕਰਦੇ ਸਨ ਅਤੇ ਕੁਝ ਨੀਵੀਂ ਜਾਤੀ ਹੋਣ ਕਰਕੇ ਹੀਣ ਭਾਵਨਾ ਵਿਚ ਰਹਿੰਦੇ ਸਨ। ਇਹ ਜੋ ਜਾਤੀ ਵਿਤਕਰੇ ਰੂਪ ਸ਼ਿੰਖਲਾ = ਸੰਗਲ ਪਿਆ ਹੋਇਆ ਸੀ ਅਰੁ = ਅਤੇ ਜਗ = ਸੰਸਾਰ ਦੀ ਲਾਜਾ = ਸ਼ਰਮ ਦਾ ਸੰਗਲ ਸੀ ਭਾਵ ਲੋਕ ਕਹਿਣਗੇ ਕਿ ਸਿੰਘ ਸਜ ਗਿਆ, ਸਾਡੇ ਨਾਲੋਂ ਵੱਖਰਾ ਹੋ ਗਿਆ, ਇਹ ਲੋਕਾਂ ਦੀ ਸ਼ਰਮਾਂ ਦਾ ਦੂਜਾ ਸੰਗਲ ਸੀ, ਇਹਨਾਂ ਵਿਚ ਜੋ ਬੰਨ੍ਹੇ ਹੋਏ ਸੀ।

## ਇਨ ਤੇ ਦੁਖਿ ਕੈ; ਦਾਰਿਦ ਸਾਜਾ।

ਇਨ = ਇਹਨਾਂ ਦੋਹਾਂ ਤੇ = ਤੋਂ ਜਿਨ੍ਹਾਂ ਦੇ ਘਰ ਵਿਚ ਦੁਖ ਕੈ = ਜਾਂ ਦਾਰਿਦ = ਦਲਿੱਦਰ ਸਾਜਾ = ਬਣ ਰਿਹਾ ਸੀ, ਭਾਵ ਜਾਤ ਤੇ ਜਗਤ ਕਰਕੇ ਦੁੱਖਾਂ ਵਿਚ ਦੁਖੀ ਸਨ।

## ਨਿਕਸਨਿ ਚਹਯੋ; ਲੇਨਿ ਸੁਖ ਹੇਤ।

ਸੁਖ ਲੇਨਿ = ਲੈਣ ਹੇਤ = ਵਾਸਤੇ ਇਹਨਾਂ ਦੁੱਖਾਂ ਵਿਚੋਂ ਨਿਕਸਨਿ = ਨਿਕਲਣਾ ਚਹਯੋ = ਚਾਹਿਆ, ਭਾਵ ਗੁਰਮਤਿ ਨੂੰ ਸੁਖ ਰੂਪ ਸਮਝ ਕੇ ਗੁਰਮਤਿ ਧਾਰਨੀ ਚਾਹੀ।

## ਤਜਿ ਕੁਟੰਬ ਕੋ; ਬਨਯੋਂ ਸੁਚੇਤ ॥੩੮॥

ਮਨਮੱਤ ਵਾਲੇ ਕੁਟੰਬ = ਪਰਿਵਾਰ ਕੋ = ਨੂੰ ਤਜਿ = ਛੱਡ ਕੇ ਗੁਰਮਤਿ ਧਾਰਨ ਦੇ ਲਈ ਸੁਚੇਤ = ਸਾਵਧਾਨ ਬਨਯੋਂ = ਬਣ ਕੇ ਗੁਰੂ ਦਰ ਪਹੁੰਚ ਗਿਆ ਅਤੇ ਗੁਰਮਤਿ ਧਾਰਨ ਕਰਨ ਲਈ, ਜਾਤੀ ਅਤੇ ਸੰਸਾਰ ਦੀ ਲੱਜਾ ਦੇ ਸੰਗਲ ਤੋੜ ਦਿੱਤੇ ॥੩੮॥

## ਕਬਿੱਤ ॥ ਸਦਨ ਕੀ ਕਾਰ ਹੋਤਿ, ਅਨਿਕ ਪ੍ਰਕਾਰ ਬਹੁ;<br>ਕਰਤਿ ਕਰਰਿ ਹਾਰ ਜਾਤਿ ਦੁਖੀ ਮਨ ਮੈਂ।

ਸਦਨ = ਘਰਾਂ ਕੀ = ਦੀ ਅਨਿਕ = ਅਨੇਕਾਂ ਪ੍ਰਕਾਰ ਦੇ ਢੰਗਾਂ ਦੀ ਤੇ ਬਹੁਤ ਤਰ੍ਹਾਂ ਦੀ ਕਾਰ = ਕਿਰਤ ਹੋਤਿ = ਹੁੰਦੀ ਹੈ, ਭਾਵ ਅਨੇਕਾਂ ਪ੍ਰਕਾਰ ਦੇ ਕੰਮ-ਕਾਰ ਹੁੰਦੇ ਹਨ, ਇਉਂ ਲੋਕ ਕੰਮ-ਕਾਰ ਕਰਤਿ ਕਰਤਿ = ਕਰਦੇ ਕਰਦੇ ਮਨ ਮੈਂ = ਵਿਚ ਦੁਖੀ ਹੋ ਕੇ ਹਾਰ = ਹੰਭ ਜਾਤਿ = ਜਾਂਦੇ ਹਨ।

## ਸੁਨਿ ਕੈ ਸੁ ਪੰਥ ਕੀ ਬਡਾਈ, ਆਯੋ ਖਾਲਸੇ ਮੈਂ;<br>ਜੀਵਕਾ ਕੀ ਚਾਹ ਬਸਿ ਰਹੀ ਰੈਨ ਦਿਨ ਮੈਂ।

ਸੁ = ਉਹ ਦੁਨੀਆਂ ਦੇ ਕੰਮਾਂ-ਕਾਰਾਂ ਤੋਂ ਦੁਖੀ ਹੋ ਕੇ ਗੁਰੂ ਦੇ ਪੰਥ ਕੀ = ਦੀ ਬਡਾਈ = ਵਡਿਆਈ

ਸੁਣ ਕੈ = ਕੇ ਖ਼ਾਲਸੇ ਪੰਥ ਮੈਂ = ਵਿਚ ਆ ਗਿਆ, ਜੀਵਕਾ = ਉਪਜੀਵਕਾ ਕੀ = ਦੀ ਚਾਹ = ਚਾਹਨਾ (ਇੱਛਾ) ਮਨ ਮੈਂ = ਵਿਚ ਰੈਨ = ਰਾਤ ਦਿਨ ਵੱਸ ਰਹੀ ਸੀ ਕਿ ਚੰਗਾ ਰੁਜ਼ਗਾਰ ਲੱਭ ਜਾਵੇ।

## ਅੰਮ੍ਰਿਤ ਕੋ ਪਾਨ ਕੀਨ; ਗੁਰਬਾਨੀ ਰਿਦੇ ਭੀਨ;
## ਸਿੰਘ ਨਾਮ ਲੀਨ, ਭਯੋ ਬੀਰ ਧੀਰ ਰਨ ਮੈਂ।

ਰੁਜ਼ਗਾਰ ਦੇ ਪੱਖ ਤੋਂ ਦੁਖੀ ਹੋ ਕੇ, ਸੰਸਾਰ ਦੇ ਦੁੱਖਾਂ ਤੋਂ ਦੁਖੀ ਹੋ ਕੇ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਆ ਗਿਆ ਤੇ ਆ ਕੇ ਅੰਮ੍ਰਿਤ ਕੋ = ਨੂੰ ਪਾਨ = ਛਕਣਾ ਕੀਨ = ਕੀਤਾ ਤੇ ਗੁਰਬਾਣੀ ਦੇ ਨਾਲ ਰਿਦੇ = ਹਿਰਦਾ ਪ੍ਰੇਮ ਵਿਚ ਭੀਨ = ਭਿੱਜ ਗਿਆ ਤੇ ਸਿੰਘ ਨਾਮ ਲੀਨ = ਲੈ ਕੇ ਭਾਵ ਪ੍ਰਾਪਤ ਕਰਕੇ ਉਹੀ ਪੁਰਸ਼ ਰਨ = ਜੰਗ ਮੈਂ = ਵਿਚ ਬੀਰ = ਬਹਾਦਰ, ਧੀਰ = ਧੀਰਜਵਾਨ ਭਯੋ = ਹੋ ਗਿਆ, ਭਾਵ ਧੀਰਜ ਧਾਰ ਕੇ ਜੰਗ ਵਿਚ ਅਨੇਕਾਂ ਦੁਸ਼ਮਣਾਂ ਦਾ ਮੁਕਾਬਲਾ ਕਰਨ ਵਾਲਾ ਸੂਰਮਾ ਹੋ ਗਿਆ।

## ਇਸ ਲੋਕ ਬਿਖੈ ਸੁਖ ਪਾਇ ਸਭਿ ਭਾਂਤਿਨਿ ਕੋ;
## ਸਾਦਰ ਸੋ ਜਾਤਿ ਹੈ ਪ੍ਰਲੋਕ ਸੁਰਗਨਿ ਮੈਂ ॥੩੯॥

ਫਿਰ ਉਸਨੂੰ ਇਸ ਲੋਕ = ਮਾਤ ਲੋਕ ਬਿਖੈ = ਵਿਚ ਸਭਿ ਭਾਂਤਿਨਿ = ਹਰ ਪ੍ਰਕਾਰ ਕੋ = ਦੇ ਸੁਖ ਪਾਇ = ਪ੍ਰਾਪਤ ਹੋ ਗਏ ਅਤੇ ਜਦੋਂ ਉਸ ਦੇ ਮਰਨ ਦਾ ਸਮਾਂ ਆਉਂਦਾ ਹੈ, ਤਦੋਂ ਸੋ = ਉਹ ਸਾਦਰ = ਸਹਿਤ ਆਦਰ ਦੇ ਪ੍ਰਲੋਕ (ਜੋ ਇਸ ਲੋਕ ਤੋਂ ਪਰੇ ਹੈ) ਸਵਰਗ ਮੈਂ = ਵਿਚ ਚਲਾ ਜਾਤਿ = ਜਾਂਦਾ ਹੈ, ਭਾਵ ਜੋ ਅੰਮ੍ਰਿਤ ਛਕ ਕੇ ਸਿੰਘ ਸਜ ਧਰਮ ਯੁੱਧ ਵਿਚ ਬਹਾਦਰੀ ਦਿਖਾਉਂਦਾ ਹੋਇਆ ਸ਼ਹੀਦ ਹੋ ਜਾਂਦਾ ਹੈ, ਜੋ ਨਿਸ਼ਕਾਮੀ ਹੈ ਉਸ ਨੂੰ ਸਤਿਗੁਰੂ ਜੀ ਮੁਕਤੀ ਬਖ਼ਸ਼ ਦੇਂਦੇ ਹਨ, ਜੋ ਸਕਾਮੀ ਹੈ ਉਸ ਨੂੰ ਸਵਰਗ ਆਦਿ ਸੁਖ ਬਖ਼ਸ਼ ਦੇਂਦੇ ਹਨ, ਸੋ ਇਉਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਸ਼ਰਨ ਵਿਚ ਜੋ ਲੋਕ ਲਾਜ ਅਤੇ ਜਾਤੀ ਦੇ ਬੰਧਨ ਤੋੜ ਕੇ ਸੰਸਾਰ ਦੇ ਪਦਾਰਥਾਂ ਵਲੋਂ ਦੁਖੀ ਹੋ ਕੇ ਆਇਆ, ਉਸ ਨੂੰ ਗੁਰੂ ਸਾਹਿਬ ਜੀ ਨੇ ਇਹ ਲੋਕ ਦੇ ਵੀ ਤੇ ਪ੍ਰਲੋਕ ਦੇ ਵੀ ਸੁਖ ਬਖ਼ਸ਼ ਦਿੱਤੇ ॥੩੯॥

## ਚੌਪਈ ॥ ਦਸਹੁ ਗੁਰਨਿ ਕੀ; ਸ਼ਰਨੀ ਪਰੇ।

ਜੋ ਸਿੱਖ ਦਸਹੁ = ਦਸੇ ਗੁਰਨਿ = ਗੁਰੂਆਂ ਕੀ = ਦੀ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਚਰਨ ਸ਼ਰਨ ਵਿਚ ਪਰੇ = ਪਏ।

## ਬਿਬਧ ਬਿਧਿਨਿ ਤੇ; ਪ੍ਰਾਨੀ ਤਰੇ।

ਉਹ ਪ੍ਰਾਨੀ ਬਿਬਧ = ਅਨੇਕਾਂ ਭਾਵ ਤਰ੍ਹਾਂ ਤਰ੍ਹਾਂ ਦੀਆਂ ਬਿਧਿਨਿ = ਜੁਗਤੀਆਂ ਤੇ = ਨਾਲ ਤਰੇ = ਤਰ ਗਏ।

## ਗੁਰ ਕੀ ਸੇਵ; ਕਿ ਸਤਿਸੰਗ ਸੇਵਾ।

ਉਪਰ ਕਈਆਂ ਜੁਗਤੀਆਂ ਦੇ ਵਿਚੋਂ ਗੁਰੂ ਕੀ = ਦੇ ਸੇਵਾ = ਟਹਿਲ ਕਿ = ਜਾਂ ਸਤਿਸੰਗਤ ਦੀ ਸੇਵਾ = ਟਹਿਲ ਕਰਨ ਲੱਗ ਪਏ।

## ਕਰੇ ਰਿਝਾਵਨ; ਸ੍ਰੀ ਗੁਰਦੇਵਾ ॥੪੦॥

ਇਸ ਪ੍ਰਕਾਰ ਸੇਵਾ ਕਰਕੇ ਜਾਂ ਸਤਿਸੰਗ ਕਰਕੇ ਸ੍ਰੀ = ਸੋਭਾ ਦੇ ਮਾਲਕ ਗੁਰਦੇਵਾ = ਗੁਰੂ ਦੇਵ ਨੂੰ ਰਿਝਾਵਨ = ਪ੍ਰਸੰਨ ਕਰੇ = ਕਰ ਲੈਣਾ ਕੀਤਾ ॥੪੦॥

## ਕੈ ਨਿਜ ਘਰ ਤੇ; ਪ੍ਰੇਮ ਉਪਾਇ।

ਕੈ = ਜਾਂ ਫਿਰ ਨਿਜ = ਆਪਣੇ ਘਰ ਦੇ ਵਿਚ ਹੀ ਰਹਿੰਦੇ ਹੋਏ ਗੁਰੂ ਮਹਾਰਾਜ ਦਾ ਪ੍ਰੇਮ ਉਪਾਇ = ਪੈਦਾ ਕਰਕੇ।

## ਛਾਦਨ ਭੋਜਨ ਦੇ; ਸਮੁਦਾਇ।

ਤੇ ਆਪਣੇ ਘਰ ਵਿਚੋਂ ਗੁਰਸਿੱਖਾਂ ਨੂੰ ਸੋਹਣੇ ਛਾਦਨ = ਬਸਤਰ, ਰਸਦਾਇਕ ਭੋਜਨ ਸਮੁਦਾਇ = ਸਮੂਹ ਪਦਾਰਥ ਭਾਵ ਖੀਰ, ਕੜਾਹ ਪ੍ਰਸਾਦਿ ਆਦਿ ਦੇ = ਦੇਣਾ ਕੀਤੇ ਭਾਵ ਛਕਾਉਣਾ ਕੀਤੇ।

## ਯਾਂਤੇ ਭੀ; ਪ੍ਰਸੰਨ ਗੁਰ ਕਰੇ।

ਯਾਂਤੇ = ਇਸ ਤਰੀਕੇ ਨਾਲ ਭੀ = ਵੀ ਗੁਰਸਿੱਖਾਂ ਦੀ ਸੇਵਾ ਕਰਕੇ ਗੁਰੂ ਸਾਹਿਬ ਨੂੰ ਪ੍ਰਸੰਨ ਕਰੇ = ਕਰ ਲਿਆ।

## ਜਗ ਸੰਕਟ ਤੇ; ਸਿਖ ਸੁ ਤਰੇ ॥੪੧॥

ਸੁ = ਉਹ ਸਿੱਖ ਜਗ = ਸੰਸਾਰ ਦੇ ਸੰਕਟ = ਦੁੱਖਾਂ ਤੇ = ਤੋਂ ਤਰੇ = ਤਰ ਗਏ, ਭਾਵ ਪਾਰ ਲੰਘ ਗਏ ॥੪੧॥

## ਕਿਧੌਂ ਰਹੈ; ਸਤਿਗੁਰ ਕੇ ਤੀਰ।

ਕਿਧੌਂ = ਜਾਂ ਫਿਰ ਸਤਿਗੁਰੂ ਜੀ ਕੇ = ਦੇ ਤੀਰ = ਕੋਲ ਰਹੈ = ਰਹਿ ਕੇ :

## ਖੜਗ, ਤੁਪਕ, ਕੈ ਧਰਿ ਧਨੁ ਤੀਰ ॥

(ਪਾਠਾਂਤ੍ਰ ਕੋ)

ਖੜਗ = ਤੇਗ਼ ਗਾਤਰੇ ਪਾ ਕੇ, ਤੁਪਕ = ਬੰਦੂਕ ਲੈ ਕਰਕੇ ਕੈ = ਜਾਂ ਧਨੁ = ਧਨੁਖ ਤੇ ਤੀਰ = ਬਾਣਾਂ ਨੂੰ ਧਰਿ = ਧਾਰਨ ਕਰਕੇ ਸੂਰਬੀਰਾਂ ਵਾਲਾ ਲਿਬਾਸ ਬਣਾ ਕੇ।

## ਲਰਹਿ ਜੁੱਧ ਮਹਿਂ; ਸੱਤ੍ਰਨਿ ਹਤੇ।

ਜੁੱਧ = ਜੰਗ ਮਹਿਂ = ਵਿਚ ਲਰਹਿ = ਲੜ ਕੇ ਸੱਤ੍ਰਨਿ = ਦੁਸ਼ਮਣਾਂ ਦਾ ਹਤੇ = ਨਾਸ਼ ਕਰ ਦੇਵੇ। ਤੇ :

## ਗੁਰਨਿ ਰਿਝਾਵੈ; ਲੈ ਕਰਿ ਫਤੇ ॥੪੨॥

ਜੰਗ ਵਿਚ ਫਤੇ ਲੈ = ਪ੍ਰਾਪਤ ਕਰਕੇ ਗੁਰਨਿ = ਗੁਰੂ ਸਾਹਿਬਾਨ ਨੂੰ ਰਿਝਾਵੈ = ਪ੍ਰਸੰਨ ਕਰ ਲਵੇ ॥੪੨॥

## ਕਿਧੌਂ ਜੰਗ ਮਹਿਂ; ਤਜਿੱਕੈ ਪ੍ਰਾਨ।

ਕਿਧੌਂ = ਜਾਂ ਫੇਰ ਜੰਗ = ਜੁੱਧ ਮਹਿ = ਵਿਚ ਦੁਸ਼ਮਣਾਂ ਨਾਲ ਲੜਦਾ ਹੋਇਆ ਆਪਣੇ ਪ੍ਰਾਨ = ਸੁਆਸ ਤਜਿੱਕੈ = ਤਿਆਗ ਦੇਵੇ, ਭਾਵ ਜੰਗ ਕਰਦਿਆਂ ਹੋਇਆਂ ਸ਼ਹੀਦੀ ਪਾ ਲਵੇ।

## ਸਤਿਗੁਰ ਆਗੈ; ਬਹੁ ਬਲਿ ਠਾਨਿ।

ਸਤਿਗੁਰੂ ਦੇ ਆਗੈ = ਸਨਮੁਖ ਬਹੁ = ਬਹੁਤ ਬਲ ਠਾਨਿ = ਧਾਰ ਕੇ ਦੁਸ਼ਮਣਾਂ ਦੀਆਂ ਭਾਜੜਾਂ ਪੁਆ ਕੇ ਸ਼ਹੀਦੀ ਪਾ ਲਵੇ।

## ਕਿਧੌਂ ਭਵਿੱਖਤ ਮਹਿਂ; ਗੁਰ ਹੇਤ।

ਕਿਧੌਂ = ਜਾਂ ਫੇਰ ਭਵਿੱਖਤ = ਆਉਣ ਵਾਲੇ ਸਮੇਂ ਦੇ ਮਹਿ = ਵਿਚ ਗੁਰੂ ਮਹਾਰਾਜ ਦੀ ਪ੍ਰਸੰਨਤਾ ਹੇਤ = ਵਾਸਤੇ।

## ਲਰਹਿ ਮਰਹਿ; ਮਾਰਹਿ ਰਣਖੇਤ ॥੪੩॥

ਰਣਖੇਤ = ਮੈਦਾਨੇ ਜੰਗ ਵਿਚ ਦੁਸ਼ਮਣਾਂ ਨੂੰ ਮਾਰਹਿ = ਮਾਰਣਗੇ ਤੇ ਆਪ ਲਰਹਿ = ਲੜਦੇ ਮਰਹਿ = ਮਰਨਗੇ, ਭਾਵ ਸ਼ਹੀਦ ਹੋ ਜਾਣਗੇ ॥੪੩॥

## ਤਿਨ ਕੋ ਭੀ ਗੁਰ; ਸਦਗਤਿ ਦੈਹੈਂ।

ਤਿਨ = ਉਹਨਾਂ ਕੋ = ਨੂੰ ਭੀ = ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਦਗਤਿ = ਸ਼ੁਭ ਗਤੀ ਭਾਵ ਕੈਵਲ ਮੋਖ ਦੈਹੈਂ = ਦੇਣਗੇ।

## ਜਨਮ ਮਰਣ; ਸੰਕਟ ਨਹਿ ਪੈਹੈ।

ਉਹਨਾਂ ਨੂੰ ਫਿਰ ਜੰਮਣ ਮਰਨ ਦਾ ਸੰਕਟ = ਦੁਖ ਨਹੀਂ ਪੈਹੈ = ਪ੍ਰਾਪਤ ਹੋਵੇਗਾ, ਭਾਵ ਮੁਕਤ ਹੋ ਜਾਣਗੇ।

## ਇੱਤਯਾਦਿਕ ਕਾਰਨ; ਗਨ ਜਾਨ।

ਇੱਤਯਾਦਿਕ = ਇਸ ਤੋਂ ਆਦਿ ਲੈ ਕੇ ਤਰ੍ਹਾਂ ਤਰ੍ਹਾਂ ਦੇ ਗਨ = ਗਿਣਤੀ ਦੇ ਕਾਰਨਾਂ ਨੂੰ ਜਾਣ ਕੇ।

## ਜਿਸ ਤੇ ਬੰਧਨ; ਜਗ ਕੇ ਹਾਨ ॥੪੪॥

ਜਿਸ ਤੇ = ਜਿਸ ਕਰਕੇ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਆ ਕੇ ਜਗ = ਸੰਸਾਰ ਕੇ = ਦੇ ਬੰਧਨ ਹਾਨ = ਨਾਸ਼ ਕਰ ਲਏ ॥੪੪॥

## ਗਯਾਨ ਦੇਨਿ ਕੀ; ਗਤਿ ਹੈ ਜਥਾ।

ਜਥਾ = ਜਿਸ ਪ੍ਰਕਾਰ ਬ੍ਰਹਮ ਗਿਆਨ ਦੇਨਿ = ਦੇਣ ਕੀ = ਦੀ ਗਤਿ = ਰੀਤੀ ਹੈ, ਭਾਵ ਮਰਯਾਦਾ ਹੈ।

## ਉਪਦੇਸ਼ਤਿ ਹੈਂ; ਸਤਿਗੁਰ ਤਥਾ।

ਤਥਾ = ਉਸੇ ਤਰ੍ਹਾਂ ਸਤਿਗੁਰੂ ਜੀ ਉਪਦੇਸ਼ਤਿ = ਉਪਦੇਸ਼ ਦਿੰਦੇ ਹਨ ਕਿ ਜਿਵੇਂ ਸਾਡਾ ਸਿੱਖ ਬ੍ਰਹਮ ਗਿਆਨ ਪ੍ਰਾਪਤ ਕਰਕੇ ਬ੍ਰਹਮ ਗਿਆਨੀ ਬਣ ਜਾਵੇ।

## ਸੋ ਮੈਂ, ਬਰਨੌਂ ਭਲੀ ਪ੍ਰਕਾਰ।

ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ ਸੋ = ਉਹ ਮੈਂ ਭਲੀ ਪ੍ਰਕਾਰ = ਸ਼ੁਭ ਰੀਤੀ ਨਾਲ ਬਰਨੌਂ = ਕਥਨ ਕਰਾਂਗਾ।

## ਸੁਨਹੁ ਖਾਲਸਾ ! ਸਭਿ ਨਿਰਧਾਰ ॥੪੫॥

ਹੇ ਖ਼ਾਲਸਾ ਜੀ ! ਮੈਂ ਉਸ ਸਭਿ = ਸਾਰੀ ਵਿਚਾਰ ਨੂੰ ਨਿਰਧਾਰ = ਨਿਸ਼ਚੇ ਕਰਕੇ ਕਹਿੰਦਾ ਹਾਂ ਤੇ ਤੁਸੀਂ ਸੁਨਹੁ = ਸੁਣ ਕਰਕੇ ਧਾਰਣ ਕਰ ਲਵੋ ਕਿ ਗੁਰੂ ਮਹਾਰਾਜ ਆਪਣੇ ਸਿੱਖ ਨੂੰ ਬ੍ਰਹਮ ਗਿਆਨ ਦੇਣ ਵਾਸਤੇ ਕਿਸ ਪ੍ਰਕਾਰ ਉਪਦੇਸ਼ ਦਿੰਦੇ ਹਨ ॥੪੫॥

## ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਗਿਆਨ ਨਿਰਨੈ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

ਸ੍ਰੀ ਗੁਰ ਪ੍ਰਤਾਪ ਸੂਰਜ ਨਾਮੇ ਗ੍ਰੰਥ ਦੀ ਪੰਚਮ = ਪੰਜਵੀਂ ਰੁਤੇ = ਰੁੱਤ ਦੇ ਪੰਚਾਸਤੀ = ਪੰਜਾਹ ਦੇ ਵਿਚੋਂ ਏਕ = ਇਕ ਊਨ = ਘੱਟ ਕਰ ਦਈਏ ਤਾਂ ਉਨੱਜਵੇਂ ਨਾਮ ਵਾਲੇ ਅੰਸੂ = ਅਧਿਆਇ ਦੀ ਇਤਿ = ਸਮਾਪਤੀ ਹੈ, ਜਿਸ ਵਿਚ ਬ੍ਰਹਮ ਗਿਆਨ ਦਾ ਨਿਰਣਾ ਕਰਕੇ ਬਰਨਨੰ = ਕਥਨ ਕੀਤਾ ਹੈ ॥੪੯॥

# ਰੁਤਿ ੫, ਅੰਸੂ ੫੦

## (ਗੁਰਮਤਿ ਦਾ ਗਯਾਨ ਨਿਰਣੈ)

**ਇਸ਼ਨਾਨ** : ਗੁਰਮਤਿ ਵਿਚ ਜੋ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਦਾ ਵਿਧਾਨ ਹੈ, ਉਸ ਬਾਰੇ ਭਾਈ ਦਇਆ ਸਿੰਘ ਜੀ ਦੀ ਕਥਨ ਕੀਤੀ ਹੋਈ ਵਿਚਾਰ ਕਾਵਿ-ਰਚਨਾ ਵਿਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

**ਦੋਹਰਾ ॥ 'ਸਵਾ ਜਾਮ, ਕੈ ਜਾਮਾ ਨਿਸ; ਖਟ ਘਟਿਕਾ ਕੈ ਚਾਰ।**

ਸਭ ਤੋਂ ਪਹਿਲਾਂ ਉਪਦੇਸ਼ ਸਤਿਗੁਰਾਂ ਦਾ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਦਾ ਹੈ ਕਿ ਕਿੰਨੇ ਸਮੇਂ 'ਤੇ ਉੱਠ ਕੇ ਇਸ਼ਨਾਨ ਕਰਨਾ ਚਾਹੀਦਾ ਹੈ, ਸਵਾ ਜਾਮ = ਪਹਿਰ ਕੈ = ਜਾਂ ਇਕ ਪਹਿਰ ਨਿਸ = ਰਾਤ ਰਹਿੰਦੀ ਹੋਵੇ, ਭਾਵ ਸੂਰਜ ਚੜ੍ਹਨ ਵਿਚ ਇਕ ਪਹਿਰ ਜਾਂ ਸਵਾ ਪਹਿਰ ਰਹਿੰਦਾ ਹੋਵੇ, ਹੁਣ ਦੇ ਸਮੇਂ ਅਨੁਸਾਰ ਇਕ ਪਹਿਰ ਦੇ ਤਿੰਨ ਘੰਟੇ ਤੇ ਸਵਾ ਪਹਿਰ ਦੇ ਤਿੰਨ ਘੰਟੇ ੪੫ ਮਿੰਟ ਬਣਦੇ ਹਨ, ਇਹ ਸਮਾਂ ਇਸ਼ਨਾਨ ਕਰਨ ਲਈ ਸਭ ਤੋਂ ਉੱਤਮ ਹੈ ਤੇ ਫਿਰ ਦੂਸਰੇ ਨੰਬਰ 'ਤੇ ਖਟ = ਛੇ ਘਟਿਕਾ = ਘੜੀਆਂ ਕੈ = ਜਾਂ ਚਾਰ ਘੜੀਆਂ ਰਾਤ ਰਹਿੰਦੀ ਇਸ਼ਨਾਨ ਕਰੇ ਭਾਵ ਸੂਰਜ ਚੜ੍ਹਨ ਵਿਚ ਛੇ ਘੜੀਆਂ ਜਾਂ ਚਾਰ ਘੜੀਆਂ ਰਹਿੰਦੀਆਂ ਹੋਣ, ਛੇ ਘੜੀਆਂ ਦੇ ਦੋ ਘੰਟੇ ਚੌਬੀ ਮਿੰਟ (੨ ਘੰਟੇ ੨੪ ਮਿੰਟ) ਅਤੇ ਚਾਰ ਘੜੀਆਂ ਦੇ ਇਕ ਘੰਟਾ ਛੱਤੀ ਮਿੰਟ (੧ ਘੰਟਾ ੩੬ ਮਿੰਟ) ਬਣ ਜਾਂਦੇ ਹਨ। ਇਸ਼ਨਾਨ ਦੇ ਸਮੇਂ ਦੀ ਵੰਡ ਅਨੁਸਾਰ ਸਭ ਤੋਂ ਉੱਤਮ ਸਮਾਂ ਸਵਾ ਪਹਿਰ ਰਾਤ ਰਹਿੰਦੀ ਤੇ ਦੂਜੇ ਦਰਜੇ ਦਾ ਇਕ ਪਹਿਰ ਰਾਤ ਰਹਿੰਦੀ, ਤੀਜੇ ਦਰਜੇ ਦਾ ਛੇ ਘੜੀਆਂ ਰਾਤ ਰਹਿੰਦੀ ਤੇ ਚੌਥੇ ਦਰਜੇ ਦਾ ਚਾਰ ਘੜੀਆਂ ਰਾਤ ਰਹਿੰਦੀ, ਇਹ ਇਸ਼ਨਾਨ ਸਿੱਖ ਲਈ ਉੱਚਿਤ ਸਮਾਂ ਦੱਸਿਆ ਹੈ।

**ਸੌਚ ਸ਼ਨਾਨੈ ਸਿਖ ਤਨੁ; ਸਰਿਤਾ ਸਰੁ ਬਰ ਬਾਰ ॥੧॥**

ਪਹਿਲਾਂ ਸੌਚ = ਸੌਚਾਚਾਰ ਕਰੇ ਭਾਵ ਮਲ ਤਿਆਗ ਕਿਰਿਆ ਕਰਕੇ; ਪੰਜ ਇਸ਼ਨਾਨ ਕਰਕੇ, (ਪੈਰਾਂ ਤੋਂ ਗੋਡਿਆਂ ਤੱਕ ਲੱਤਾਂ, ਹੱਥਾਂ ਤੋਂ ਕੁਹਣੀਆਂ ਤੱਕ ਬਾਹਵਾਂ ਤੇ ਮੂੰਹ ਜਲ ਨਾਲ ਧੋਣਾ ਕਰੇ) ਫਿਰ ਦਾਤਣ ਕੁਰਲਾ ਕਰੇ ਇਸ ਨੂੰ ਸੌਚਾਚਾਰ ਕਹਿੰਦੇ ਹਨ ਫਿਰ ਸਿੱਖ ਸਾਰੇ ਤਨੁ = ਸਰੀਰ ਦਾ ਸਰਿਤਾ = ਨਦੀ ਜਾਂ ਸਰੁ = ਸਰੋਵਰ (ਤਲਾਅ) ਦੇ ਬਰ = ਸ੍ਰੇਸ਼ਟ ਬਾਰ = ਪਾਣੀ ਨਾਲ ਇਸ਼ਨਾਨ ਕਰੇ, ਭਾਵ ਨਿਰਮਲ ਜਲ ਨਾਲ ਇਸ਼ਨਾਨ ਕਰੇ ॥੧॥ ਜੈਸਾ ਕਿ :

**ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥**
**ਕਾਹ੍ਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥੧॥** *(ਅੰਗ ੨੫੫)*

**ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥** *(ਪ੍ਰਭਾਤੀ ਮ: ੧, ਅੰਗ ੧੩੩੦)*

**ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥**
**ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥** *(ਅੰਗ ੧੩੮੪)*

**ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥**
**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥** *(ਮਾਝ ਮ: ੧, ਅੰਗ ੧੪੬)*

**ਬੇਦਾਰੀ ਅਸ੍ਰ ਜ਼ਿੰਦਗੀ-ਇ-ਆਰਫਾਨਿ ਸ਼ੌਕ** (ਜਾਗਣਾ ਹੈ ਜ਼ਿੰਦਗੀ ਪ੍ਰੇਮੀਆਂ ਲਈ ਇਸ ਕਰਕੇ)
**ਗੋਇਆ ਹਰਾਮ ਕਰਦਮ ਅਜ਼, ਆਇੰਦਾ ਖ਼੍ਵਾਬਿ ਸੁਬਹ** (ਗੋਯਾ ਨੇ ਹਰਾਮ ਕਰ ਦਿੱਤੀ ਹੈ, ਅੱਗੇ ਤੋਂ ਨੀਂਦਰ ਸਵੇਰ ਦੀ)
**ਜਿਨ੍ਹਾ ਅੰਦਰਿ ਸ਼ੌਕ ਸਾਂਈ ਦਾ, ਤਿਨ੍ਹਾਂ ਨੀਂਦ ਨ ਆਈ, ਹਯਾਤੀ ਪਾਈ।**
**ਅੰਮ੍ਰਿਤ ਵੇਲੇ ਨੀਂਦ ਅਸਾਂ ਭੀ, ਗੋਯਾ ਸਿਰੋਂ ਗੰਵਾਈ, ਮਿਲੀ ਵਡਾਈ।**
*(ਭਾਈ ਨੰਦ ਲਾਲ, ਗ਼ਜ਼ਲ ੧੭)*

'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਚ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਦਾ ਮਹਾਤਮ ਇਸ ਪ੍ਰਕਾਰ ਕਥਨ ਕੀਤਾ ਹੈ:

**ਜਾਮ ਜਾਮਨੀ ਨ੍ਹਾਵਨ ਕਰਿਹੀ।**
**ਕੰਚਨ ਭਾਰ ਦਾਨ ਫਰ-ਫਰਿਹੀ ॥੨੫॥**
**ਚਤੁਰ ਘਟੀ ਨਿਸ ਤੇ ਜੋ ਨ੍ਹਾਵੈ।**
**ਤਿਤਨੋ ਦਾਨ ਰਜਤ ਫਲ ਪਾਵੈ।**
**ਘਟੀ ਰੈਨ ਤੇ ਕਰਹਿ ਸ਼ਨਾਨਾ।**
**ਫਲ ਹ੍ਵੈ ਖੀਰ ਸਵਾ ਮਨ ਦਾਨਾ ॥੨੬॥**
**ਪ੍ਰਾਤਿਕਾਲ ਉਠ ਕਰਿ ਜੋ ਨ੍ਹਾਵੈ।**
**ਮਨ ਜਲ ਦਾਨ ਕਰੇ ਫਲ ਪਾਵੈ।**
**ਦਿਵਸ ਚਰੇ ਤੇ ਨਾਵਹਿ ਜੋਊ।**
**ਤਾਂਕੋ ਹ੍ਵੈ ਨ ਪੁੰਨ ਫਲ ਕੋਊ ॥੨੭॥**
**ਫਲ ਏਤੋ ਹੀ ਦੇਹਿ ਪੁਨੀਤਾ।**
**ਨਿਸ ਤੇ ਨ੍ਹਾਵਨ ਆਦੀ ਰੀਤਾ।**
**ਨਿਗਮਾਗਨ ਕੀ ਅਹੈ ਨਿਦੇਸ਼ਾ।**
**ਨਹਿੰ ਕਛੁ ਮੇਰੇ ਵਾਕ ਨਰੇਸ਼ਾ ॥੨੮॥** *(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿ: ੪੪)*

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਆਗਿਆ ਲੈ ਕੇ ਮਨਸੁਖ ਸ਼ਾਹ ਸੰਗਲਾਦੀਪ ਵਿਚ ਪਹੁੰਚਿਆ ਤਾਂ ਉਥੇ ਪਹੁੰਚ ਕੇ ਰਾਜੇ ਸ਼ਿਵਨਾਭ ਨੂੰ ਮਿਲਿਆ। ਪਹਿਲਾਂ ਤਾਂ ਏਕਾਦਸ਼ੀ ਵਰਤ ਦੇ ਅੰਤਰੀਵ ਅਰਥ ਕਰ ਕੇ ਉਸ ਦਾ ਮਹਾਤਮ ਸਮਝਾਇਆ। ਫਿਰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਦਾ ਮਹਾਤਮ ਦੱਸਿਆ।

ਜਿਹੜਾ ਮਨੁੱਖ ਪਹਿਰ ਰਾਤ ਰਹਿੰਦੀ ਉੱਠ ਕੇ ਇਸ਼ਨਾਨ ਕਰਦਾ ਹੈ, ਉਸ ਨੂੰ (੩੨੬੦) ਤੋਲੇ ਸੋਨੇ ਦਾ ਦਾਨ ਦੇਣ ਜਿੰਨਾ ਫਲ ਪ੍ਰਾਪਤ ਹੁੰਦਾ ਹੈ। ਜਿਹੜਾ ਮਨੁੱਖ ਚਾਰ ਘੜੀਆਂ ਰਾਤ ਰਹਿੰਦਿਆਂ ਇਸ਼ਨਾਨ ਕਰ ਲੈਂਦਾ ਹੈ, ਉਸ ਨੂੰ ੩੨੬੦ ਤੋਲੇ ਚਾਂਦੀ ਦੇ ਦਾਨ ਕਰਨ ਜਿਤਨਾ ਫਲ ਪ੍ਰਾਪਤ ਹੁੰਦਾ ਹੈ। ਜਿਹੜਾ ਮਨੁੱਖ ਇਕ ਘੜੀ ਰਾਤ ਰਹਿੰਦਿਆਂ ਇਸ਼ਨਾਨ ਕਰਦਾ ਹੈ, ਉਸ ਨੂੰ ਸਵਾ ਮਣ ਦੁੱਧ ਦਾਨ ਦੇਣ ਜਿਤਨਾ ਫਲ ਪ੍ਰਾਪਤ ਹੁੰਦਾ ਹੈ। ਜਿਹੜਾ ਮਨੁੱਖ ਪ੍ਰਾਤਾਕਾਲ ਉੱਠ ਕੇ ਇਸ਼ਨਾਨ ਕਰਦਾ ਹੈ, ਉਸ ਨੂੰ ਇਕ ਮਣ ਜਲ ਦਾਨ ਕਰਨ ਜਿਤਨਾ ਫਲ ਪ੍ਰਾਪਤ ਹੁੰਦਾ ਹੈ। ਜਿਹੜਾ ਮਨੁੱਖ ਦਿਨ ਚੜ੍ਹਨ 'ਤੇ ਇਸ਼ਨਾਨ ਕਰਦਾ ਹੈ, ਉਸ ਨੂੰ ਸਰੀਰਿਕ ਪਵਿੱਤਰਤਾ ਤਾਂ ਮਿਲ ਸਕਦੀ ਹੈ, ਪਰੰਤੂ ਉਸ ਨੂੰ ਕੋਈ ਪੁੰਨ ਫਲ ਪ੍ਰਾਪਤ ਨਹੀਂ ਹੁੰਦਾ।

**ਨਾਮ:** ਗੁਰਮਤਿ ਵਿਚ ਜੋ ਨਾਮ ਚਿੰਤਨ ਦਾ ਮੁਖ ਸਮਾਂ ਹੈ, ਉਹ ਦੱਸਦੇ ਹਨ:

## ਚੌਪਈ॥ ਸੱਤਿਨਾਮ; ਸਿਮਰਨ ਕੋ ਲਾਗੈ।

ਇਸ਼ਨਾਨ ਕਰਦਿਆਂ ਮੁੱਖ ਤੋਂ ਨਾਮ ਦਾ ਉਚਾਰਨ ਕਰੇ ਜੋ ਸਿੱਖ ਨੂੰ ਦੋ ਰੂਪਾਂ ਵਿਚ ਮਿਲਿਆ ਹੋਇਆ ਹੈ, ਸੱਤਿਨਾਮ ਤੋਂ ਭਾਵ ਮੂਲ ਮੰਤਰ ਜਾਂ ਫਿਰ ਗੁਰ ਮੰਤਰ 'ਵਾਹਿਗੁਰੂ' ਦਾ ਜਾਪ ਕਰੇ, ਇਉਂ ਨਿੱਤ ਇਸ਼ਨਾਨ ਕਰਦਿਆਂ ਵੀ ਤੇ ਕਰਕੇ ਵੀ ਸਿਮਰਨ ਦੇ ਵਿਚ ਲਾਗੈ = ਲੱਗ ਜਾਵੈ। ਜੈਸਾ ਕਿ :

**ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥** *(ਸੋਰਠਿ ਮ: ੫, ਅੰਗ ੬੧੧)*

ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਇਸ਼ਨਾਨ ਤੇ ਸਿਮਰਨ ਦੋਹਾਂ ਦਾ ਸੁਮੇਲ ਕਰਕੇ ਤਨ ਤੇ ਮਨ ਨੂੰ ਅਰੋਗ ਰੱਖਣ ਦਾ ਸਾਧਨ ਦੱਸਿਆ ਹੈ, ਭਾਵ ਨਾਮ ਦੁਆਰਾ ਮਨ ਦੇ ਰੋਗ ਤੇ ਇਸ਼ਨਾਨ ਦੁਆਰਾ ਸਰੀਰ ਦੇ ਰੋਗ ਦੂਰ ਹੁੰਦੇ ਹਨ।

## ਪਾਛਲ ਰਾਤਿ; ਨਿਤਾ ਪ੍ਰਤਿ ਜਾਗੈ।

ਪਾਛਲ ਰਾਤਿ = ਰਾਤ ਦੇ ਪਿੱਛਲੇ ਪਹਿਰ ਭਾਵ ਅੰਮ੍ਰਿਤ ਵੇਲੇ ਨਿਤਾ ਪ੍ਰਤਿ = ਹਮੇਸ਼ਾਂ, ਹਰ ਰੋਜ਼ ਜਾਗੈ = ਜਾਗ ਕੇ ਉਪਰੋਕਤ ਨਿਯਮ ਨਿਭਾਉਂਦਾ ਰਹੇ।

## ਗੁਰਬਾਣੀ ਪਠਿ; ਅਰਥ ਬਿਚਾਰੈ।

ਪਹਿਲਾਂ ਗੁਰਬਾਣੀ ਪਠਿ = ਪੜ੍ਹਨ ਦਾ ਨਿਤਨੇਮ ਕਰੇ, ਭਾਵ ਪੰਜੇ ਬਾਣੀਆਂ ਜਾਂ ਹੋਰ ਸੁਖਮਨੀ ਸਾਹਿਬ, ਆਸਾ ਦੀ ਵਾਰ ਆਦਿਕ ਬਾਣੀਆਂ ਦਾ ਪਾਠ ਕਰੇ ਤੇ ਫਿਰ ਗੁਰਬਾਣੀ ਦੇ ਅਰਥਾਂ ਨੂੰ ਵੀ ਨਿਤਾਪ੍ਰਤੀ ਬਿਚਾਰੈ = ਵਿਚਾਰੇ।

## ਗੁਨ ਸੰਗ੍ਰਹ; ਅਵਗੁਨ ਗਨ ਟਾਰੈ॥੨॥

ਗੁਰਸਿੱਖਾਂ ਦੀ ਸੰਗਤ ਕਰਦਾ ਹੋਇਆ ਸਤ, ਸੰਤੋਖ, ਦਇਆ, ਧਰਮ, ਵਿਚਾਰ ਆਦਿਕ ਗੁਣਾਂ ਨੂੰ ਸੰਗ੍ਰਹ = ਇਕੱਠੇ ਭਾਵ ਆਪਣੇ ਹਿਰਦੇ ਵਿਚ ਧਾਰਨ ਕਰੇ ਅਤੇ ਗਨ = ਬਹੁਤੇ ਜੋ ਅਵਗੁਨ = ਔਗੁਣ, ਭੈੜੇ ਕਰਮ ਭਾਵ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਸ਼ਬਦ, ਸਪਰਸ਼, ਰੂਪ ਰਸ, ਗੰਧ ਆਦਿਕ ਔਗੁਣਾਂ ਨੂੰ ਟਾਰੈ = ਟਾਲ ਦੇਵੇ ਭਾਵ ਤਿਆਗ ਦੇਵੇ, ਦੂਰ ਕਰ ਦੇਵੇ॥੨॥

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਸਿਖ ਦੇ ਅੰਮ੍ਰਿਤ ਵੇਲੇ ਦਾ ਜੋ ਨਾਮ ਅਤੇ ਇਸ਼ਨਾਨ ਵਿਧਾਨ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਮ ਤੇ ਇਸ਼ਨਾਨ ਦੇ ਨਿਯਮ ਬੰਨ੍ਹੇ, ਜਿਨ੍ਹਾਂ ਦੀ ਪਾਲਣਾ ਦਸੇ ਸਰੂਪਾਂ ਵਿਚ ਕਰਦੇ ਰਹੇ ਅਤੇ ਚੌਥੇ ਸਰੂਪ ਵਿਚ ਸਿੱਖਾਂ ਨੂੰ ਇਹ ਉਪਦੇਸ਼ ਦਿੱਤਾ ਕਿ ਗੁਰੂ ਦਾ ਸਿੱਖ ਕਹਾਉਣ ਵਾਲਾ ਇਹਨਾਂ ਨਿਯਮਾਂ ਦੀ ਪਾਲਣਾ ਕਰੇ। ਜੈਸਾ ਕਿ :

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥**

*(ਗਉੜੀ ਕੀ ਵਾਰ ਮ: ੪, ਅੰਗ ੩੦੬)*

ਤੇ ਭਾਈ ਗੁਰਦਾਸ ਜੀ ਨੇ ਵੀ ਐਸਾ ਕਥਨ ਕੀਤਾ ਹੈ। ਜੈਸਾ ਕਿ:

**ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਪਿਛਲ ਰਾਤੀ ਉਠਿ ਬਹੰਦੇ।**
**ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ।**
**ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਹੁਇ ਇਕ ਮਨਿ ਗੁਰ ਜਾਪੁ ਜਪੰਦੇ।**
**ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਸਾਧ ਸੰਗਤਿ ਚਲਿ ਜਾਇ ਜੁੜੰਦੇ।**
**ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।**
**ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਮਨ ਮੇਲੀ ਕਰਿ ਮੇਲਿ ਮਿਲੰਦੇ।**
**ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।**
**ਗੁਰ ਸੇਵਾ ਫਲੁ ਸੁਫਲੁ ਫਲੰਦੇ ॥੨॥** *(ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੨)*

## ਦਿਨਸ ਚਢੇ, ਕਾਰਜ ਜੋ ਕਰੈ।

ਰਾਤ ਸਮਾਪਤ ਹੋਣ ਤੋਂ ਬਾਅਦ ਦਿਨਸ = ਦਿਨ ਚਢੇ = ਚੜ੍ਹੇ ਤੋਂ ਜੋ ਵੀ ਕਾਰਜ = ਕੰਮ ਕਰੈ = ਕਰੇ, ਭਾਵ ਗ੍ਰਿਹਸਤ ਦੀ ਜ਼ਿੰਮੇਵਾਰੀ ਨਿਭਾਉਂਦਾ ਹੋਇਆ।

## ਸੱਤਿਨਾਮ ਮੁਖਿ ਤੇ; ਉਰ ਧਰੈ।

ਸੱਤਿਨਾਮ ਭਾਵ ਮੂਲ ਮੰਤਰ ਜਾਂ ਗੁਰਮੰਤਰ (ਵਾਹਿਗੁਰੂ) ਮੁੱਖ ਤੇ = ਤੋਂ ਵੀ ਨਾਮ ਉਚਾਰੇ ਤੇ ਹਿਰਦੇ ਵਿਚ ਧਰੈ = ਧਾਰਨ ਕਰੇ ਭਾਵ ਟਿਕਾਵੇ। ਜੈਸਾ ਕਿ:

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥** *(ਅੰਗ ੧੩੭੫)*

## ਨਿਸਦਿਨ ਮਹਿਂ; ਨਹਿ ਕਬਹੁੰ ਬਿਸਾਰੈ ॥

ਨਿਸਦਿਨ = ਰਾਤ ਦਿਨ ਮਹਿਂ = ਵਿਚ ਗੁਰਮੰਤਰ ਨੂੰ ਕਬਹੁੰ = ਕਦੇ ਵੀ ਬਿਸਾਰੈ = ਭੁਲਾਵੇ ਨਹਿ = ਨਾ ਭਾਵ ਜਪਦਾ ਹੀ ਰਹੇ।

## ਜਿਉਂ ਲੋਭੀ ਧਨ ਮਹਿਂ; ਮਨ ਧਾਰੈ ॥੩॥

ਜਿਉਂ = ਜਿਵੇਂ ਲੋਭੀ = ਲਾਲਚੀ ਪੁਰਸ਼ ਧਨ ਮਹਿਂ = ਵਿਚ ਮਨ ਨੂੰ ਧਾਰੈ = ਧਾਰ ਕੇ ਰੱਖਦਾ ਹੈ ਭਾਵ ਲਗਾ ਕੇ ਰੱਖਦਾ ਹੈ ॥੩॥ ਜੈਸਾ ਕਿ:

**ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥** *(ਮਾਰੂ ਵਾਰ ਮ: ੩, ਅੰਗ ੧੦੯੩)*

ਜਿਵੇਂ ਮਾਇਆ ਦਾ ਲਾਲਚੀ ਪੁਰਸ਼ ਹਰ ਸੁਆਸ ਨਾਲ ਮਾਇਆ ਨੂੰ ਹੀ ਚੇਤੇ ਕਰਦਾ ਹੈ, ਇਸੇ ਤਰ੍ਹਾਂ ਗੁਰਮੁਖ ਹਰ ਸੁਆਸ ਨਾਲ ਨਾਮ ਨੂੰ ਹੀ ਚੇਤੇ ਕਰੇ। ਜੈਸਾ ਕਿ:

**ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥** *(ਬਿਹਾਗੜਾ ਵਾਰ ਮ: ੪, ਅੰਗ ੫੫੬)*

## ਲਿਵ ਲਗਜਾਇ; ਪਕੇ ਅਭਿਆਸਾ।

ਜਦੋਂ ਸਿੱਖ ਦੀ ਲਿਵ = ਬਿਰਤੀ ਨਾਮ ਵਿਚ ਲੱਗ ਜਾਵੇ ਅਤੇ ਅਭਿਆਸ ਪਕੇ = ਦ੍ਰਿੜ੍ਹ ਹੋ ਜਾਵੇ।

## ਸਨੇ ਸਨੇ; ਤਨ ਹੰਤਾ ਨਾਸਾ।

ਤਾਂ ਫਿਰ ਸਨੇ ਸਨੇ = ਹੌਲੀ-ਹੌਲੀ ਤਨ = ਸਰੀਰ ਦੀ ਹੰਤਾ = ਹੰਗਤਾ ਨਾਸਾ = ਨਾਸ਼ ਹੋ ਜਾਂਦੀ ਹੈ।

## ਸ਼੍ਰਵਣ ਗ੍ਯਾਨ ਮਹਿਂ; ਪੁਨ ਲਗ ਜਾਇ।

ਸ਼੍ਰਵਣ ਗਿਆਨ ਜੋ ਛੇ ਚਿੰਨ੍ਹਾਂ[1] ਵਾਲਾ ਹੈ, ਪੁਨ = ਫਿਰ ਉਸ ਮਹਿਂ = ਵਿਚ ਲੱਗ ਜਾਣਾ ਕਰੇ।

## ਸਚਦਾਨੰਦ ਬ੍ਰਹਮ; ਜਿਸ ਭਾਇ॥੪॥

ਜਿਸ ਭਾਇ = ਪ੍ਰਕਾਰ ਸਚਦਾਨੰਦ = ਸਤ, ਚਿਤ, ਆਨੰਦ ਬ੍ਰਹਮ ਸਰੂਪ ਹੈ॥੪॥

## ਕਰ ਨਿਰਨੈ; ਮਨ ਦੇ ਕਰਿ ਸੁਨੇ।

ਉਸ ਦੇ ਨਿਰਨੇ ਕਰਨ ਵਾਲੇ ਉਪਦੇਸ਼ ਨੂੰ ਮਨ ਦੇ ਕਰਕੇ ਧਿਆਨ ਨਾਲ ਸੁਣੇ।

## ਤਜਹਿ ਨ ਤਬਿ; ਸਿਮਰਨ ਨਿਤ ਭਨੇ।

ਇਉ ਸ਼੍ਰਵਣ ਗਿਆਨ ਕਰਦਿਆਂ ਹੋਇਆਂ ਤਬਿ = ਤਦੋਂ ਵੀ ਸਿਮਰਨ ਨਹੀਂ ਤਜਹਿ = ਤਿਆਗਣਾ, ਭਾਵ ਨਿਤ = ਹਮੇਸ਼ਾਂ ਹੀ ਭਨੇ = ਉਚਾਰਨ ਕਰਦੇ ਰਹਿਣਾ ਹੈ।

## ਮਨਨ ਕਰਹਿ; ਪੁਨ ਜੁਗਤਿ ਅਨੇਕ।

ਪੁਨ = ਫੇਰ ਅਨੇਕਾਂ ਜੁਗਤੀਆਂ ਦੁਆਰਾ ਮੰਨਨ ਕਰਹਿ = ਕਰਨਾ, ਭਾਵ ਵਾਰ-ਵਾਰ ਵਿਚਾਰ ਕਰਨੀ। ਇਹ ਮੰਨਨ ਗਿਆਨ ਕਰਨਾ ਹੈ।

## ਬ੍ਰਹਮ ਆਤਮਾ; ਕੇਰ ਬਿਬੇਕ॥੫॥

ਬ੍ਰਹਮ ਤੇ ਆਤਮਾ ਕੇਰ = ਦਾ ਬਿਬੇਕ = ਵਿਚਾਰ ਕਰਦੇ ਰਹਿਣਾ **ਵਾ :** (ਬਿਬ+ਏਕ) ਬਿਬ = ਦੋ ਭਾਵ ਆਤਮਾ ਤੇ ਬ੍ਰਹਮ ਦਾ ਏਕ = ਇਕ ਸਰੂਪ ਸਮਝ ਕੇ ਨਿਰਨਾ ਕਰਨਾ ਇਸ ਦਾ ਨਾਮ ਬਿਬੇਕ ਹੈ, ਬ੍ਰਹਮ ਆਤਮਾ ਤੋਂ ਬਿਨਾਂ ਨਾਮ ਰੂਪ ਪ੍ਰਪੰਚ ਨੂੰ ਤਿਆਗਣਾ ਇਸ ਦਾ ਨਾਮ ਬਿਬੇਕ ਹੈ॥੫॥ ਜੈਸਾ ਕਿ :

**ਸਤਿ ਸਤਿ ਹੈ ਸਤਿ ਹੀ ਨਾਮ ਰੂਪ ਸਭ ਹਾਨ।**
**ਐਸੋ ਜੋ ਵਿਚਾਰ ਹੈ ਤਾਂਹਿ ਬਿਬੇਕ ਪਹਿਚਾਨ।** *(ਧਰਮ ਸ਼ਾਸਤਰ)*

**ਵਾ:** **ਸਤਿ ਨਿਰਤਿ ਬੂਝੈ ਜੇ ਕੋਇ॥**
**ਨਾਮੁ ਜਪਤ ਤਾ ਕੀ ਗਤਿ ਹੋਇ॥** *(ਗਉੜੀ ਸੁਖਮਨੀ ਮ: ੫, ਅੰਗ ੨੮੫)*

## ਤਬਿ ਭੀ; ਨਿਤ ਸਿਮਰਹਿ ਸਤਿਨਾਮ।

ਬ੍ਰਹਮ ਆਤਮਾ ਦਾ ਵਿਚਾਰ ਕਰਦੇ ਹੋਏ ਤਬਿ = ਤਦੋਂ ਭੀ = ਵੀ ਨਿਤ = ਹਮੇਸ਼ਾਂ ਹੀ ਸਤਿਨਾਮ = ਮੂਲ ਮੰਤਰ ਜਾਂ ਗੁਰਮੰਤਰ ਦਾ ਸਿਮਰਨ ਕਰਦੇ ਰਹਿਣਾ।

---

੧. ਸ਼੍ਰਵਣ ਦੇ ਅੰਗਾਂ ਬਾਰੇ ਵਿਸਥਾਰ ਨਾਲ ਪਿੱਛੇ ੪੭ ਅੰਸੂ ਵਿੱਚ ਦੇਖੋ।

## ਨਹਿਂ ਤਜਾਗਹਿਂ; ਜਾਨਹਿ ਸੁਖ ਧਾਮ।

ਸਿਮਰਨ ਨੂੰ ਸੁੱਖਾਂ ਦਾ ਧਾਮ = ਘਰ ਜਾਨਹਿ = ਜਾਣ ਕਰਕੇ ਕਦੇ ਵੀ ਤਜਾਗਹਿਂ = ਤਿਆਗਣਾ ਨਹੀਂ, ਭਾਵ ਸ਼੍ਰਵਣ, ਮੰਨਣ ਸਾਧਨ ਕਰਦਿਆਂ ਸਿਮਰਨ ਤਿਆਗਣਾ ਨਹੀਂ।

## ਪੁਨਿ ਬ੍ਰਿਤਿ; ਚਢੀ ਨਿਧਜਾਸਨ ਜਾਇ।

ਪੁਨਿ = ਫੇਰ ਮਨ ਦੀ ਬਿਰਤੀ ਦਾ ਨਿਧਜਾਸਨ ਦੁਆਰਾ ਸਰੂਪ ਵਿਚ ਚਢੀ = ਚੜ੍ਹ ਜਾਇ = ਜਾਣਾ, ਭਾਵ ਸਰੂਪ ਵਿਚ ਲੱਗ ਜਾਣਾ।

## ਅਨੰਦ ਆਤਮਾ; ਬਿਖੈ ਟਿਕਾਇ ॥੬॥

ਅਨੰਦ ਸਰੂਪ ਆਤਮਾ ਦੇ ਬਿਖੈ = ਵਿਚ ਮਨ ਦੀ ਬਿਰਤੀ ਦਾ ਟਿਕਾਇ = ਟਿਕ ਜਾਣਾ ॥੬॥

## ਸਜਾਤੀ ਪ੍ਰਤੈ; ਬਿਹੈ ਪ੍ਰਵਾਹ।

ਸਜਾਤੀ ਬਿਰਤੀ ਦਾ ਬ੍ਰਹਮ ਆਤਮਾ ਵਿਚ ਪ੍ਰਵਾਹ ਬਿਹੈ = ਚੱਲ ਪੈਂਦਾ ਹੈ। ਸਜਾਤੀ ਅਤੇ ਵਿਜਾਤੀ ਦੋ ਪ੍ਰਕਾਰ ਦੀ ਬਿਰਤੀ ਹੁੰਦੀ ਹੈ। ੧. ਵਿਜਾਤੀ = ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਵਾਲੀ ਬਿਰਤੀ ਨੂੰ ਵਿਜਾਤੀ ਬਿਰਤੀ ਕਿਹਾ ਜਾਂਦਾ ਹੈ, ਇਸ ਬਿਰਤੀ ਦਾ ਤਿਆਗ ਕਰਕੇ ਫਿਰ ਸਜਾਤੀ ਬਿਰਤੀ ਵਿਚ ਪ੍ਰਵਾਹ ਚੱਲ ਪੈਂਦਾ ਹੈ। ੨. ਸਜਾਤੀ ਬਿਰਤੀ = ਸਤ, ਸੰਤੋਖ, ਦਇਆ, ਧਰਮ, ਵਿਚਾਰ ਆਦਿਕ ਗੁਣਾਂ ਨੂੰ ਧਾਰਨ ਕਰਨ ਵਾਲੀ ਸਜਾਤੀ ਬਿਰਤੀ, ਕਹੀ ਜਾਂਦੀ ਹੈ।

## ਪ੍ਰਾਪਤਿ ਭਯੋ; ਅਨੰਦ ਕੇ ਮਾਂਹਿ।

ਅਨੰਦ ਸਰੂਪ ਕੇ = ਦੇ ਮਾਂਹਿ = ਵਿਚ ਪ੍ਰਾਪਤ ਭਯੋ = ਹੋ ਗਿਆ, ਭਾਵ ਲੀਨ ਹੋ ਗਿਆ।

## ਤਬਿ ਭੀ ਨਾਂਹਿਨ; ਨਾਮ ਬਿਸਾਰਹੁ।

ਇਹ ਅਨੰਦ ਦੀ ਅਵਸਥਾ ਪ੍ਰਾਪਤ ਹੋਏ ਤੋਂ ਤਬਿ = ਤਦੋਂ ਭੀ = ਵੀ ਨਾਮ ਭਾਵ ਗੁਰਮੰਤਰ ਨੂੰ ਨਾਂਹਿਨ = ਨਹੀਂ ਬਿਸਾਰਹੁ = ਵਿਸਾਰਣਾ, ਭਾਵ ਗੁਰਮੰਤਰ ਦਾ ਜਾਪ ਕਰਦੇ ਹੀ ਰਹਿਣਾ।

## ਰਿਦੈ ਬਿਖੈ; ਕੈ ਮੁਖਹੁੰ ਉਚਾਰਹੁ ॥੭॥

ਭਾਵੇਂ ਰਿਦੈ = ਹਿਰਦੇ ਦੇ ਬਿਖੈ = ਵਿਚ ਨਾਮ ਨੂੰ ਸੰਭਾਲ ਰੱਖੇ ਕੈ = ਜਾਂ ਫਿਰ ਬੈਖਰੀ ਬਾਣੀ ਦੁਆਰਾ ਮੁਖਹੁ = ਮੁਖ ਤੋਂ ਉਚਾਰਹੁ = ਉਚਾਰਣ ਕਰਦੇ ਰਹੇ ॥੭॥

## ਪੁਨ ਸੱਖਜਾਤਕਾਰ; ਹੁਇ ਜਾਇ।

ਪੁਨ = ਫੇਰ ਜਦੋਂ ਬ੍ਰਹਮ ਸੱਖਜਾਤਕਾਰ = ਸ਼ਾਖਸਾਤ ਹੋ ਜਾਵੇ ਭਾਵ ਪ੍ਰਗਟ ਹੋ ਜਾਵੇ।

## ਤਬਿ ਇਕ ਹੁਇ; ਆਪੇ ਮਿਟ ਜਾਇ।

ਤਬਿ = ਤਦੋਂ ਬ੍ਰਹਮ ਨਾਲ ਮਿਲ ਕੇ ਇਕ ਰੂਪ ਹੁਇ = ਹੋ ਜਾਵੇਗਾ ਤੇ ਆਪੇ = ਆਪਾ-ਭਾਵ ਮਿਟ ਜਾਇ = ਜਾਵੇਗਾ।

## ਜਬਿ ਲਗ; ਆਪਾ ਜਾਨਹਿ ਨਜਾਰਾ।

ਜਬਿ = ਜਦੋਂ ਲਗ = ਤਕ ਆਪਣੇ ਆਪ ਨੂੰ ਬ੍ਰਹਮ ਤੋਂ ਨਜਾਰਾ = ਵੱਖਰਾ ਜਾਨਹਿ = ਜਾਣਦਾ ਹੈ, ਭਾਵ ਮੈਂ ਵੱਖਰਾ ਹਾਂ, ਬ੍ਰਹਮ ਵੱਖਰਾ ਹੈ।

## ਨਹਿਂ ਅਭੇਦਤਾ; ਭਲੀ ਪ੍ਰਕਾਰਾ ॥੮॥

ਭਲੀ ਪ੍ਰਕਾਰਾ = ਚੰਗੀ ਤਰ੍ਹਾਂ ਸਮਝੋ ਕਿ ਉਤਨਾ ਚਿਰ ਬ੍ਰਹਮ ਵਿਚ ਅਭੇਦਤਾ = ਇਕ-ਮਿਕਤਾ ਨਹੀਂ ਹੋਈ ॥੮॥

## ਤਬਿ ਲੌਂ; ਸੱਤਿਨਾਮ ਲਿਵ ਲਾਵੈ।

ਤਬਿ = ਤਦੋਂ ਲੌਂ = ਤਕ ਸੱਤਿਨਾਮ = ਮੂਲਮੰਤਰ; ਗੁਰਮੰਤਰ ਵਿਚ ਲਿਵ = ਬਿਰਤੀ ਨੂੰ ਲਾਵੈ = ਲਾ ਕੇ ਰੱਖਣਾ ਕਰੇ, ਭਾਵ ਇਹ ਹੈ ਕਿ ਇਹਨਾਂ ਸਾਰੀਆਂ ਅਵਸਥਾਂ (ਸ਼੍ਰਵਣ, ਮੰਨਣ, ਨਿਧਿਆਸਣ) ਵਿਚ ਨਾਮ ਵਿਚ ਬਿਰਤੀ ਲਾਈ ਰੱਖੇ।

## ਨਾਨਾ ਬਿਘਨ; ਹੋਨਿ ਨਹਿਂ ਪਾਵੈ।

ਫਿਰ ਨਾਨਾ = ਅਨੇਕਾਂ ਤਰ੍ਹਾਂ ਦੀਆਂ ਬਿਘਨ = ਰੁਕਾਵਟਾਂ ਹੋਣਾ ਨਹੀਂ ਪਾਵੈ = ਪਾਉਣਗੀਆਂ।

## ਸ਼ੁਭ ਗੁਨ; ਸ਼੍ਰਵਨ ਮਨਨ ਨਿੱਧਜਾਸ।

ਜੋ ਸ਼ੁਭ = ਸ੍ਰੇਸ਼ਟ ਗੁਣ ਸਤ, ਸੰਤੋਖ ਆਦਿ ਅਤੇ ਸ਼੍ਰਵਣ ਗਿਆਨ, ਮੰਨਨ ਗਿਆਨ, ਨਿੱਧਜਾਸ = ਨਿਧਿਆਸਣ ਗਿਆਨ ਹਨ।

## ਇਹ ਫੁਲਵਾੜੀ; ਰਹੀ ਪ੍ਰਕਾਸ਼ ॥੯॥

ਜਿਵੇਂ ਫੁਲਵਾੜੀ = ਫੁੱਲਾਂ ਦੀ ਬਾੜੀ ਵਿਚ ਸੁੰਦਰ ਫੁੱਲ ਖਿੜ ਰਹੇ ਹੁੰਦੇ ਹਨ, ਇਸੇ ਤਰ੍ਹਾਂ ਸਤ, ਸੰਤੋਖ ਆਦਿ ਗੁਣ ਤੇ ਸ਼੍ਰਵਣ, ਮੰਨਨ, ਨਿਧਿਆਸਣ ਗਿਆਨ ਇਹਨਾਂ ਸੁੰਦਰ ਫੁੱਲਾਂ ਵਾਂਗ ਬਗ਼ੀਚੀ ਪ੍ਰਕਾਸ਼ ਜਾਵੇਗੀ।੯।

## ਕਾਮ ਕ੍ਰੋਧ ਤੇ, ਆਦਿ ਬਿਕਾਰੇ।

ਕਾਮ ਕ੍ਰੋਧ ਤੇ = ਤੋਂ ਆਦਿ ਲੈ ਕੇ ਜਿਤਨੇ ਵੀ ਮਾੜੇ ਬਿਕਾਰੋ = ਔਗੁਣ ਹਨ।

## ਇਹ ਮ੍ਰਿਗ ਨਾਨਾ; ਬਿਧਿਨਿ ਹਜ਼ਾਰੋਂ।

ਹਜ਼ਾਰੋਂ = ਹਜ਼ਾਰਾਂ ਮ੍ਰਿਗਾਂ ਦੀ ਤਰ੍ਹਾਂ ਤੇ ਨਾਨਾ = ਅਨੇਕਾਂ ਹੋਰ ਬਿਧਿਨਿ = ਬਿਧਾਂ ਦੇ ਪਸ਼ੂਆਂ ਦੀ ਨਿਆਈਂ ਔਗੁਣ ਇਸ ਸ਼ੁਭ ਗੁਣਾਂ ਦੀ ਫੁਲਵਾੜੀ ਨੂੰ ਨੁਕਸਾਨ ਕਰਨ ਵਾਲੇ ਹਨ।

## ਸੱਤਿਨਾਮ ਕੋ; ਹਰਿ ਬਲਿ ਭਾਰੀ।

ਸੱਤਿਨਾਮ = ਵਾਹਿਗੁਰੂ ਗੁਰਮੰਤਰ ਕੋ = ਦਾ ਭਾਰੀ ਬਲ ਹਰਿ = ਸ਼ੇਰ ਵਰਗਾ ਹੈ।

## ਇਨਹੁ ਬਿਨਾਸ਼ੈ; ਬਿਨਾ ਅਵਾਰੀ ॥੧੦॥

ਇਨਹੁ = ਇਨ੍ਹਾਂ ਕਾਮ, ਕ੍ਰੋਧ ਆਦਿਕ ਬਿਘਨਾਂ ਰੂਪ ਮ੍ਰਿਗਾਂ ਨੂੰ ਬਿਨਾਂ ਅਵਾਰੀ = ਦੇਰੀ ਤੋਂ ਨਾਸ਼ ਕਰਨ ਵਾਲਾ ਹੈ, ਇਸ ਕਰਕੇ ਨਾਮ ਦਾ ਬਲ ਹਰ ਅਵਸਥਾ, ਹਰ ਸਾਧਨ ਵਿਚ ਚਾਹੀਦਾ ਹੈ ਕਿਉਂਕਿ ਨਾਮ ਸ਼ੇਰ ਦੀ ਤਰ੍ਹਾਂ ਇਹਨਾਂ ਸਾਰਿਆਂ ਔਗੁਣਾਂ ਨੂੰ ਨਾਸ਼ ਕਰ ਦਿੰਦਾ ਹੈ ॥੧੦॥ ਜੈਸਾ ਕਿ :

**ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥**

*(ਸਵਯੇ ਸ੍ਰੀ ਮੁਖਬਾਕ੍ਯ ਮ: ੫, ਅੰਗ ੧੩੮੯)*

ਇਸ ਕਰਕੇ ਨਾਮ ਦੀ ਸਹਾਇਤਾ ਜਗਿਆਸੂ ਰੂਪ ਸੂਰਮੇ ਨੂੰ ਨਿਧਿਆਸਨ ਤਕ ਲੋੜ ਹੈ।

## ਨਿੱਧਯਾਸਨ ਲਗ; ਚਹੈ ਸਹਾਇ।

ਜੋ ਸ਼੍ਰਵਣ ਗਿਆਨ, ਮੰਨਨ ਗਿਆਨ ਤੇ ਨਿੱਧਯਾਸਨ ਗਿਆਨ ਹੈ, ਨਿੱਧਯਾਸਨ ਲਗ = ਤੱਕ ਜਗਿਆਸੂ ਚਹੈ = ਚਾਹੁੰਦਾ ਹੈ ਕਿ ਮੈਨੂੰ ਨਾਮ ਦੀ ਸਹਾਇਤਾ ਬਣੀ ਰਹੇ, ਜਿਵੇਂ ਮੈਦਾਨੇ ਜੰਗ ਵਿਚ ਲੜਨ ਵਾਲੇ ਸੂਰਮੇ ਦੋ ਹੱਦਾਂ ਤਕ ਸਹਾਇਤਾ ਚਾਹੁੰਦੇ ਰਹਿੰਦੇ ਹਨ :

## ਰਥੀ, ਮਹਾਰਥਿ ਹੈ; ਜਿਸ ਭਾਇ।

ਜਿਸ ਭਾਇ = ਜਿਸ ਤਰ੍ਹਾਂ ਰਥੀ ਜਿਸ ਨੂੰ ਯੋਧਾ ਵੀ ਕਿਹਾ ਜਾਂਦਾ ਹੈ, ਉਹ ਇਕ ਹਜ਼ਾਰ ਦੁਸ਼ਮਣਾਂ ਨਾਲ ਲੜ ਸਕਦਾ ਹੈ ਪਰ ਜੇਕਰ ਦੁਸ਼ਮਣ ਇਕ ਹਜ਼ਾਰ ਤੋਂ ਵੱਧ ਜਾਣ ਤਾਂ ਉਸਨੂੰ ਸਹਾਇਤਾ ਦੀ ਲੋੜ ਹੈ, ਦੂਸਰਾ ਲੜਨ ਵਾਲਾ ਇਸ ਨਾਲੋਂ ਦਸ ਗੁਣਾਂ ਬਲਵਾਨ ਹੈ, ਜਿਸ ਦਾ ਨਾਮ ਮਹਾਂਰਥੀ ਹੈ ਇਸ ਨੂੰ ਮਹਾਂਬਲੀ ਵੀ ਕਹਿੰਦੇ ਹਨ, ਇਹ ਦਸ ਹਜ਼ਾਰ ਤੱਕ ਇਕੱਲਾ ਹੀ ਲੜ ਸਕਦਾ ਹੈ, ਪਰ ਜੇਕਰ ਦੁਸ਼ਮਣ ਦਸ ਹਜ਼ਾਰ ਤੋਂ ਉੱਪਰ ਹੋ ਜਾਣ ਤਾਂ ਇਹ ਵੀ ਸਹਾਇਤਾ ਦੀ ਲੋੜ ਰੱਖਦਾ ਹੈ। ਇਸੇ ਤਰ੍ਹਾਂ ਸ਼੍ਰਵਣ ਤੋਂ ਲੈ ਕੇ ਨਿਧਿਆਸਣ ਤਕ ਜਗਿਆਸੂ ਰੂਪ ਯੋਧੇ ਤੇ ਮਹਾਂਬਲੀ ਨੂੰ ਵਿਕਾਰਾਂ ਦੀ ਫ਼ੌਜ ਨਾਲ ਲੜਨ ਵਾਸਤੇ ਨਾਮ ਦੀ ਸਹਾਇਤਾ ਦੀ ਲੋੜ ਹੈ।

## ਹੈ ਅਤਿਰਥੀ; ਗਯਾਨ ਸੱਖਯਾਤ।

ਤੀਸਰਾ ਜੋ ਅਤਿਰਥੀ ਹੈ, ਜਿਸਨੂੰ ਸੂਰਮਾ ਵੀ ਕਿਹਾ ਜਾਂਦਾ ਹੈ, ਜਿਸ ਨੂੰ ਕਿਸੇ ਦੀ ਸਹਾਇਤਾ ਦੀ ਲੋੜ ਨਹੀਂ, ਉਹ ਇਕੱਲਾ ਹੀ ਲੱਖਾਂ ਨਾਲ ਲੜ ਲੈਂਦਾ ਹੈ, ਇਸੇ ਤਰ੍ਹਾਂ ਜਦੋਂ ਜਗਿਆਸੂ ਰੂਪ ਸੂਰਮੇ ਨੂੰ ਗਿਆਨ ਸੱਖਯਾਤ = ਸ਼ਾਖਸਾਤ ਹੋ ਗਿਆ ਤਾਂ ਫੇਰ ਉਸਨੂੰ ਹੋਰ ਸਹਾਇਤਾ ਦੀ ਲੋੜ ਨਹੀਂ ਰਹੀ, ਫਿਰ ਇਹ ਅਪ੍ਰੋਖ ਬ੍ਰਹਮ ਗਿਆਨ ਵਾਲਾ ਜਗਿਆਸੂ ਰੂਪ ਅਤਿਰਥੀ (ਸੂਰਮਾ) ਕਹਿਲਾਉਂਦਾ ਹੈ।

## ਸਗਰੇ ਬਿਘਨ; ਕਰਤਿ ਹੈ ਸ਼ਾਂਤਿ ॥੧੧॥

ਇਹ ਸੂਰਮਾ ਲੱਖਾਂ ਬਿਘਨਾਂ ਰੂਪ ਸਗਰੇ = ਸਾਰੇ ਦੁਸ਼ਮਣਾਂ ਨੂੰ ਮਾਰ ਕੇ ਸ਼ਾਂਤ ਭਾਵ ਨਾਸ਼ ਕਰਤਿ = ਕਰ ਦਿੰਦਾ ਹੈ, ਜਿਵੇਂ ਦੁਨਿਆਵੀ ਸੂਰਮਾ ਲੱਖਾਂ ਦੁਸ਼ਮਣਾਂ ਨਾਲ ਲੜਦਾ ਹੋਇਆ ਉਹਨਾਂ ਨੂੰ ਨਾਸ਼ ਕਰ ਦਿੰਦਾ ਹੈ ਤੇ ਸਹਾਇਤਾ ਦੀ ਲੋੜ ਨਹੀਂ ਰੱਖਦਾ, ਇਸੇ ਤਰ੍ਹਾਂ ਜਗਿਆਸੂ ਰੂਪ ਸੂਰਮਾ ਲੱਖਾਂ ਬਿਘਨਾਂ ਵਾਸ਼ਨਾ ਦਾ ਗਿਆਨ ਦੁਆਰਾ ਨਾਸ਼ ਕਰਕੇ ਸਰੂਪ ਦੀ ਪ੍ਰਾਪਤੀ ਦੀ ਜਿੱਤ ਪ੍ਰਾਪਤ ਕਰ ਲੈਂਦਾ ਹੈ ॥੧੧॥

## ਚਾਹ ਸਹਾਯਕ ਕੀ; ਨਹਿਂ ਧਰੈ।

ਜਿਹੜਾ ਜਗਿਆਸੂ ਗਿਆਨ ਦੁਆਰਾ ਸਰੂਪ ਦੀ ਲੱਖਤਾ ਪਾ ਲੈਂਦਾ ਹੈ, ਉਹ ਨਾਮ ਤੋਂ ਬਿਨਾਂ ਹੋਰ ਕਿਸੇ ਸਾਧਨਾਂ ਦੀ ਸਹਾਇਤਾ ਨਹੀਂ ਚਾਹ = ਚਾਹੁੰਦਾ ਤੇ ਸਹਾਇਤਾ ਦੀ ਇੱਛਾ ਨਹੀਂ ਧਰੈ = ਰੱਖਦਾ।

## ਜੁਤਿ ਅੱਗ੍ਯਾਨ; ਬਿਕਾਰਨ ਹਰੈ।

ਸ਼ਾਖਸਾਤ ਗਿਆਨ ਦੁਆਰਾ ਅਗਿਆਨ ਵਿਕਾਰਾਂ ਦੇ ਜੁਤਿ = ਸਮੇਤ ਨਾਮ ਦੀ ਸ਼ਕਤੀ ਨਾਲ ਹਰੈ = ਨਾਸ਼ ਹੋ ਜਾਂਦਾ ਹੈ।

## ਸਾਲਾਹੀ ਸਾਲਾਹਹੁ; ਤਬਿ ਲੌਂ।

ਫਿਰ ਜਗਿਆਸੂ ਨੂੰ ਮਹਾਰਾਜ ਨਾਮ ਦਾ ਉਪਦੇਸ਼ ਦਿੰਦੇ ਹਨ ਕਿ ਤਬਿ = ਉਤਨੀ ਦੇਰ ਲੌਂ = ਤਕ ਸਾਲਾਹਹੁ = ਸਲਾਹੁਣਯੋਗ ਪਰਮੇਸ਼ਰ ਨੂੰ ਸਾਲਾਹੀ ਜਾਣਾ ਹੈ ਭਾਵ ਉਸਤਤ ਕਰੀ ਜਾਣੀ ਹੈ, ਨਾਮ ਦਾ ਚਿੰਤਨ ਕਰਦੇ ਹੀ ਰਹਿਣਾ ਹੈ।

## ਸੁਰਤਿ ਨ ਮਿਲਹਿ; ਬ੍ਰਹਮ ਮਹਿਂ ਜਬਿ ਲੌਂ ॥੧੨॥

ਜਬਿ = ਜਦੋਂ ਲੌਂ = ਤੱਕ ਸੁਰਤ ਬ੍ਰਹਮ ਦੇ ਮਹਿਂ = ਵਿਚ ਪੱਕੇ ਤੌਰ 'ਤੇ ਮਿਲਹਿ = ਮਿਲ ਭਾਵ ਲੀਨ ਨਹੀਂ ਹੋ ਜਾਂਦੀ ॥੧੨॥

## ਜਿਮ ਨਦ ਵਾਹ; ਸਮੁੰਦ੍ਰ ਮਹਿਂ ਮਿਲੇ।

ਜਿਮ = ਜਿਵੇਂ ਨਦ = ਨਦੀ ਤੇ ਵਾਹ = ਵਾਹੜਾ (ਨਾਲਾ)। ਉਤਨੀ ਦੇਰ ਤਕ ਵਗਦਾ ਰਹਿੰਦਾ ਹੈ, ਜਿਤਨੀ ਦੇਰ ਤਕ ਸਮੁੰਦਰ ਮਹਿਂ = ਵਿਚ ਨਹੀਂ ਮਿਲੇ = ਮਿਲ ਜਾਂਦਾ ਭਾਵ ਪੈ ਜਾਂਦਾ। ਇਸੇ ਤਰ੍ਹਾਂ ਜਗਿਆਸੂ ਉਨੀ ਦੇਰ ਤਕ ਸਿਮਰਨ ਵਿਚ ਤੁਰਿਆ ਰਹੇ।

## ਏਕੋ ਰੂਪ ਨਹਿਂ; ਹੋਵਤਿ ਭਲੇ।

ਜਿੰਨੀ ਦੇਰ ਤਕ ਬ੍ਰਹਮ ਰੂਪ ਸਮੁੰਦਰ ਦੇ ਵਿਚ ਭਲੇ = ਭਲੀ ਪ੍ਰਕਾਰ ਏਕੋ = ਇਕ ਰੂਪ ਨਹਿਂ = ਨਹੀਂ ਹੋ ਜਾਂਦਾ।

## ਤਬਿ ਲੌਂ; ਸੱਤਿਨਾਮ ਕੋ ਸਿਮਰਨ।

ਤਬਿ ਲੌਂ = ਤਦੋਂ ਤਕ ਸੱਤਿਨਾਮ = ਮੂਲ ਮੰਤਰ, ਗੁਰਮੰਤਰ ਕੋ = ਦਾ ਸਿਮਰਨ ਕਰਦਾ ਹੀ ਰਹੇ, ਜਿਵੇਂ ਬਾਬਾ ਬੁੱਢਾ ਸਾਹਿਬ ਬ੍ਰਹਮ ਗਿਆਨੀ ਹੋ ਕੇ ਵੀ ਸਿਮਰਨ ਕਰਦੇ ਹੀ ਰਹੇ।

## ਰਹਹੁ ਸਲਾਹਤਿ; ਪ੍ਰਭੁ ਕੋ ਨਿਸ ਦਿਨ ॥੧੩॥

ਇਹ ਸਤਿਗੁਰਾਂ ਦਾ ਹੁਕਮ ਹੈ ਕਿ ਨਿਸਦਿਨ = ਰਾਤ ਦਿਨ ਪ੍ਰਭ = ਪਰਮੇਸ਼ਰ ਕੋ = ਨੂੰ ਨਾਮ ਦੁਆਰਾ ਸਲਾਹਤਿ = ਸਲਾਹੁੰਦੇ ਰਹੋ, ਭਾਵ ਬ੍ਰਹਮ ਗਿਆਨ ਹੋਏ ਤੋਂ ਵੀ ਨਾਮ ਜਪਦੇ ਹੀ ਰਹੋ ॥੧੩॥

(ਸੁਰਤਿ ਨ ਮਿਲਹਿ ਬ੍ਰਹਮ ਮਹਿ ਜਬਿ ਲੌਂ), (ਤਬਿ ਲੌਂ ਸੱਤਿਨਾਮ ਕੋ ਸਿਮਰਨ) ਇਹਨਾਂ ਦੋਹਾਂ ਤੁਕਾਂ ਦੇ ਵਿਚ ਨਾਮ ਦੇ ਛੱਡਣ ਦਾ ਭੁਲੇਖਾ ਨਹੀਂ ਪਾਣਾ ਚਾਹੀਦਾ, ਇਹ ਠੀਕ ਹੈ ਕਿ ਕੇਵਲ ਵੇਦਾਂਤ ਮਤ

ਵਿਚ ਐਸਾ ਸਹੀ ਮੰਨਿਆ ਗਿਆ ਹੈ ਕਿ ਇਸ ਅਵਸਥਾ ਵਿਚ ਨਾਮ ਸਿਮਰਨ ਦੀ ਲੋੜ ਨਹੀਂ ਰਹਿੰਦੀ, ਪਰ ਗੁਰਮਤਿ ਵਿਚ ਨਾਮ ਨੂੰ ਬ੍ਰਹਮ ਦਾ ਸਰੂਪ ਦੱਸਿਆ ਗਿਆ ਹੈ ਤੇ ਭਾਈ ਸਾਹਿਬ ਨੇ ਆਪ ਵੀ ਨਾਮ ਨੂੰ ਬ੍ਰਹਮ ਸਰੂਪ ਦੱਸਿਆ ਹੈ ਸ੍ਰੀ ਗੁਰ ਨਾਨਕ ਪ੍ਰਕਾਸ਼ ਅਧਿਆਇ ੧, ਅੰਕ ੫੪ ਵਿਚ ਕਥਨ ਕੀਤਾ ਹੈ ਕਿ ਖੰਡ ਬ੍ਰਹਿਮੰਡ ਸਰੀਰ ਸਭ ਨਾਮ ਦੇ ਸਾਜੇ ਹੋਏ ਹਨ, ਫਿਰ ਅੰਕ ੫੫ ਵਿਚ ਕਿਹਾ ਹੈ ਕਿ ਗੁਰਮਤਿ ਵਿਚ ਨਿਰਗੁਣ ਤੇ ਸਰਗੁਣ ਤੋਂ ਨਾਮ ਵੱਡਾ ਹੈ, ਇਸ ਕਰਕੇ ਭਾਈ ਸਾਹਿਬ ਜੀ ਇਹ ਗ਼ਲਤੀ ਭੁੱਲ ਕੇ ਵੀ ਨਹੀਂ ਕਰ ਸਕਦੇ, ਕਿ ਇਸ ਅਵਸਥਾ ਵਿਚ ਜਾ ਕੇ ਨਾਮ ਦੀ ਲੋੜ ਨਹੀਂ, ਗੁਰਮਤਿ ਵਿਚ ਨਾਮ ਸਰਬ ਸ਼ਿਰੋਮਣੀ ਭਾਵ ਸਭ ਤੋਂ ਵੱਡਾ ਹੈ ਅਤੇ ਗਿਆਨ ਦੇ ਪੱਖ ਵਿਚ ਵੀ 'ਬ੍ਰਿਤੀ ਅਰੂੜ ਬ੍ਰਹਮ' ਨਾਮ ਨਾਲ ਹੀ ਰਹਿੰਦਾ ਹੈ। ਜੈਸਾ ਕਿ :

**ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥੫॥** *(ਸਿਰੀਰਾਗੁ ਮਃ ੧, ਅੰਗ ੫੫)*

ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਗੱਲ ਹੋਰ ਜਗ੍ਹਾ ਵੀ ਸਪਸ਼ਟ ਹੋ ਜਾਂਦੀ ਹੈ ਕਿ ਗਿਆਨਵਾਨ ਵੀ ਨਾਮ ਦੀ ਕਮਾਈ ਕਰਦਾ ਰਹੇ, ਜਿਵੇਂ ਬੱਚਾ ਮਾਂ ਦੀ ਗੋਦ ਵਿਚ ਚਿਪਟਿਆ ਰਹਿੰਦਾ ਹੈ। ਜੈਸਾ ਕਿ :

**ਜਿਉ ਮਾਤਾ ਬਾਲਿ ਲਪਟਾਵੈ ॥ ਤਿਉ ਗਿਆਨੀ ਨਾਮੁ ਕਮਾਵੈ ॥੩॥** *(ਸੋਰਠਿ ਮਃ ੫, ਅੰਗ ੬੨੯)*

ਤੇ ਇਕ ਜਗ੍ਹਾ ਹੋਰ ਵੀ ਗੁਰਮਤਿ ਵਿਚ ਦੱਸਿਆ ਹੈ ਕਿ ਬ੍ਰਹਮ ਗਿਆਨੀ ਦੇ ਹਿਰਦੇ ਵਿਚ ਵਾਹਿਗੁਰੂ ਦੇ ਨਾਮ ਦਾ ਆਸਰਾ ਹੁੰਦਾ ਹੈ। ਜੈਸਾ ਕਿ :

**ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥** *(ਗਉੜੀ ਸੁਖਮਨੀ ਮਃ ੫, ਅੰਗ ੨੭੪)*

ਇਸ ਕਰਕੇ ਗੁਰਮਤਿ ਵਿਚ ਬ੍ਰਹਮ ਗਿਆਨੀ ਵੀ ਨਾਮ ਦਾ ਤਿਆਗ ਨਹੀਂ ਕਰ ਸਕਦਾ, ਬਲਕਿ ਬ੍ਰਹਮ ਗਿਆਨੀ ਦਾ ਅਸਲੀ ਧਨ ਨਾਮ ਹੀ ਹੈ ਜੋ ਸੁਤੇ-ਸਿੱਧ ਨਾਮ ਦੇ ਜਪਣ ਜਪਾਉਣ ਦਾ ਵਪਾਰ ਕਰਦੇ ਰਹਿੰਦੇ ਹਨ। ਜੈਸਾ ਕਿ :

**ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥** *(ਸਿਰੀਰਾਗ ਮਃ ੩, ਅੰਗ ੬੮)*

ਸੋ ਗੁਰਮਤਿ ਵਿਚ ਜੀਵਨ ਮੁਕਤੀ ਦਾ ਰਸ ਲੈਣ ਵਾਲੇ ਹੰਗਤਾ ਨੂੰ ਮਾਰ ਕੇ ਅਮਰ ਜੀਵਨ ਪ੍ਰਾਪਤ ਕਰ ਲੈਂਦੇ ਹਨ। ਜੈਸਾ ਕਿ :

**ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥** *(ਆਸਾ ਮਃ ੪, ਅੰਗ ੪੪੯)*

ਪਰ ਜੋ ਨਿਰੋਲ ਵੇਦਾਂਤ ਮਤ ਅਨੁਸਾਰ ਗਿਆਨੀ ਦੀ ਅਵਸਥਾ ਕਥਨ ਕੀਤੀ ਹੈ ਜਿਸਨੂੰ ਸਤਵੀਂ ਭੂਮਿਕਾ ਕਹਿੰਦੇ ਹਨ, ਉਹ ਸਰੀਰ ਕਲਾਂ ਨਾਲੋਂ ਮੁਢੋਂ ਹੀ ਟੁੱਟ ਜਾਂਦਾ ਹੈ, ਵੇਦਾਂਤ ਵਿੱਦਿਆ ਦੇ ਨਿਯਮਾਂ ਅਨੁਸਾਰ ਬ੍ਰਿਤੀ ਨੂੰ ਸੱਤਾ ਦੇਣ ਤੋਂ ਅਲੱਗ ਹੋ ਕੇ ਲੀਨ ਹੋ ਜਾਂਦਾ ਹੈ, ਫਿਰ ਉਸਦਾ ਸਰੀਰ ਵੱਧ ਤੋਂ ਵੱਧ ਸੱਤ ਦਿਨ ਤਕ ਜਿਉਂਦਾ ਰਹਿ ਸਕਦਾ ਹੈ, ਉਸ ਦੀ ਅਵਸਥਾ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ, ਪਰ ਗੁਰਮਤਿ ਵਿਚ ਜੀਵਨ ਮੁਕਤੀ ਦੇ ਵਿਸਮਾਦੀ ਰਸ ਨੂੰ ਹੰਢਾਉਣ ਵਾਲੇ ਗਿਆਨਵਾਨ ਜੋ ਆਪ ਅਨੰਦ ਮਾਣਦੇ ਹਨ ਅਤੇ ਸੰਸਾਰ ਦੇ ਭਲੇ ਹਿੱਤ ਉਪਕਾਰ ਵੀ ਕਰਦੇ ਰਹਿੰਦੇ ਹਨ ਤੇ ਉਸ ਉਪਕਾਰ ਦਾ ਉਹਨਾਂ ਨੂੰ ਉਤਸ਼ਾਹ ਲੱਗਿਆ ਰਹਿੰਦਾ ਹੈ। ਜੈਸਾ ਕਿ :

**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥** *(ਗਉੜੀ ਸੁਖਮਨੀ ਮਃ ੫, ਅੰਗ ੨੭੪)*

ਬ੍ਰਹਮ ਗਿਆਨੀ ਪਰਉਪਕਾਰ ਕਰਦਾ ਹੋਇਆ ਤੇ ਆਪਣੇ ਸਰੀਰ ਦੀ ਰੱਖਿਆ ਕਿਰਿਆਵਾਂ ਆਦਿ

ਕਰਨ ਵਿਚ ਜੋ ਵਿਖੇਪਤਾ ਦੇ ਪਰਛਾਵੇਂ ਪੈਂਦੇ ਹਨ ਤੇ ਕੁਝ ਕਮਜ਼ੋਰੀਆਂ ਆਉਂਦੀਆਂ ਹਨ, ਉਹਨਾਂ ਨੂੰ ਦੂਰ ਕਰਨ ਵਾਸਤੇ ਨਿਰਮਲ ਨਾਮ ਦਾ ਨਾ ਕੇਵਲ ਆਸਰਾ ਸੁਖਦਾਈ ਤੇ ਸਹਾਈ ਹੁੰਦਾ ਹੈ, ਸਗੋਂ ਜ਼ਰੂਰੀ ਹੈ, ਜਿਵੇਂ ਭਰਥਰੀ ਜੋਗੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬ੍ਰਹਮ ਗਿਆਨ ਦੇਂਦਿਆ ਨਿਰਮਲ ਨਾਮ ਦਾ ਆਸਰਾ ਜ਼ਰੂਰੀ ਦੱਸਿਆ ਹੈ। ਜੈਸਾ ਕਿ :

**ਨਿਰਮਲ ਨਾਮੁ ਮੇਰਾ ਆਧਾਰੁ ॥੮॥੧॥** *(ਆਸਾ ਮ: ੧, ਅੰਗ ੪੧੨)*

ਭਾਈ ਦਇਆ ਸਿੰਘ ਜੀ ਕਹਿੰਦੇ ਹਨ ਕਿ :

## ਇਮ ਸਤਿਗੁਰ ਕੋ; ਮਤਿ ਪਹਿਚਾਨ।

ਇਮ = ਇਸੇ ਤਰ੍ਹਾਂ ਸਤਿਗੁਰੂ ਜੀ ਕੋ = ਦਾ ਮਤਿ ਭਾਵ ਗੁਰਮਤਿ ਪਹਿਚਾਨ = ਜਾਣ ਲਉ।

## ਸੂਖਮ ਮਤਿ ਤੇ; ਨਿਸ਼ਚੈ ਠਾਨਿ।

ਸੂਖਮ ਮਤਿ = ਬੁੱਧੀ ਤੇ = ਤੋਂ ਇਸ ਨੂੰ ਨਿਸ਼ਚਾ ਕਰਕੇ ਠਾਨਿ = ਧਾਰਨ ਕਰ ਲਵੋ, ਭਾਵ ਸੂਖਮ ਬਿਰਤੀ ਕਰਕੇ ਇਸ ਉਪਦੇਸ਼ ਨੂੰ ਧਾਰਨ ਕਰ ਲਵੋ।

## ਏਕ ਰੂਪ; ਹੋਵਨ ਲਗ ਨੀਕੇ।

ਗੁਰੂ ਸਾਹਿਬ ਦੀ ਇਹ ਸਿੱਖਿਆ ਹੈ ਕਿ ਹੇ ਸਿੱਖ ! ਜਿੰਨੀ ਦੇਰ ਤਕ ਤੂੰ ਨੀਕੇ = ਚੰਗੀ ਤਰ੍ਹਾਂ ਏਕ = ਇਕ ਰੂਪ ਨਹੀਂ ਹੋ ਜਾਂਦਾ, ਉਤਨੀ ਦੇਰ ਤਕ :

## ਸੱਤਿਨਾਮ ਸਿਮਰਹਿ; ਵਿਚ ਜੀਕੇ ॥੧੪॥

ਜੀਕੇ = ਹਿਰਦੇ ਦੇ ਵਿਚ ਸੱਤਿਨਾਮ = ਮੂਲਮੰਤਰ, ਗੁਰਮੰਤਰ ਸਿਮਰਤਿ = ਸਿਮਰਦਾ ਰਹਿ ॥੧੪॥

## ਪ੍ਰਭੁ ਕੀ ਭਗਤਿ; ਨਹੀਂ ਕਬਿ ਤਜਾਗੈ।

ਹੇ ਸਿੱਖ ! ਤੂੰ ਕਬਿ = ਕਦੇ ਵੀ ਪ੍ਰਭੁ = ਪਰਮੇਸ਼ਰ ਕੀ = ਦੀ ਭਗਤਿ = ਭਗਤੀ ਤਜਾਗੈ = ਛੱਡਣੀ ਨਹੀਂ ਹੈ, ਭਾਵ ਹਮੇਸ਼ਾਂ ਕਰਦੇ ਹੀ ਰਹਿਣਾ ਹੈ।

## ਸਾਖਿਯਾਤ ਲਗ; ਉਰ ਅਨੁਰਾਗੈ।

ਜਿੰਨਾ ਦੇਰ ਲਗ = ਤੱਕ ਬ੍ਰਹਮ ਦੀ ਸਾਖਿਯਾਤ = ਸਾਖਿਆਤਾਕਾਰ ਨਹੀਂ ਹੋ ਜਾਂਦੀ, ਉਤਨਾ ਚਿਰ ਉਰ = ਹਿਰਦੇ ਵਿਚ ਸਿਮਰਨ ਦੇ ਅਨੁਰਾਗੈ = ਪ੍ਰੇਮੀ ਹੋਏ ਰਹਿਣਾ ਭਾਵ ਪ੍ਰੇਮਾ-ਭਗਤੀ ਕਰਦੇ ਰਹਿਣਾ ਹੈ।

## ਸਾਲਾਹੀ ਸਾਲਾਹ; ਮਝਾਰ।

ਜਪੁ ਜੀ ਸਾਹਿਬ ਦੀ ੨੩ਵੀਂ ਪਉੜੀ ਦੇ ਮਝਾਰ = ਵਿਚ।

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥**

ਸਾਲਾਹੀ = ਸ਼ਲਾਘਾ ਕਰਨ ਯੋਗ ਪਰਮੇਸ਼ਰ ਦੇ ਨਾਮ ਨੂੰ ਉਤਨੀ ਦੇਰ ਤਕ ਸਾਲਾਹਿ = ਸਾਲਾਹੀ ਜਾਣਾ ਹੈ ਭਾਵ ਨਾਮ ਜਪੀ ਜਾਣਾ ਹੈ, ਜਿੰਨੀ ਦੇਰ ਤਕ ਸੁਰਤ ਦੀ ਅਭੇਦਤਾ ਰੂਪ ਏਤੀ = ਸਮਾਪਤੀ ਨ = ਨਹੀਂ ਪਾਈਆ = ਪਾਈ ਜਾਂਦੀ।

## ਇਹ ਆਸ਼ੈ; ਗੁਰ ਕੀਨ ਉਚਾਰ ॥੧੫॥

ਇਸ ਪ੍ਰਕਾਰ ਇਹ ਗਿਆਨ ਦੀ ਆਸ਼ੈ = ਪ੍ਰਾਪਤੀ ਦਾ ਉਪਦੇਸ਼ ਸਤਿਗੁਰੂ ਜੀ ਨੇ ਉਚਾਰਨ ਕੀਨ = ਕੀਤਾ ਹੈ ॥੧੫॥

## ਸਾਖਿਆਤ ਪਰ; ਤੁਕ ਜਹਿਂ ਬਨੀ।

ਜਿਥੇ ਜਪੁ ਜੀ ਦੇ ਵਿਚ ਸਾਖਿਆਤਾਕਾਰ ਗਿਆਨ ਪਰ ਇਹ ਤੁਕਾਂ ਬਣੀਆਂ ਹਨ।

## ਤਹਾਂ ਭਗਤਿ; ਸ਼੍ਰੀ ਨਾਨਕ ਭਨੀ।

ਤਹਾਂ = ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਗਤੀ-ਭਾਵ ਦੇ ਗਿਆਨਮਈ ਬਚਨ ਭਨੀ = ਕਹੇ ਹਨ।

## ਜੋ ਤੁਧੁ ਭਾਵੈ; ਸਾਈ ਭਲੀ ਕਾਰ।

ਹੇ ਪ੍ਰਭੂ ਜੀ ! ਜੋ ਤੁਧੁ = ਤੁਹਾਨੂੰ ਕਾਰ = ਕਿਰਤ ਭਾਵੈ = ਭਾਉਂਦੀ ਹੈ, ਸਾਈ = ਉਹੋ ਹੀ ਭਲੀ = ਚੰਗੀ ਹੈ ਅਥਵਾ ਹੇ ਪ੍ਰਭੂ ਜੀ ! ਜੋ ਤੁਧੁ = ਤੁਹਾਨੂੰ ਭਗਤੀ ਰੂਪ ਕਾਰ = ਕਿਰਤ ਭਾਵੈ = ਭਾਉਂਦੀ ਹੈ, ਸਾਡੇ ਲਈ ਸਾਈ = ਉਹੋ ਹੀ ਕਾਰ ਕਰਨੀ ਭਲੀ = ਚੰਗੀ ਹੈ। ਜੈਸਾ ਕਿ :

**ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥** *(ਅੰਗ ੭੨੬)*

## ਤੂੰ ਸਦਾ ਸਲਾਮਤਿ; ਨਿਰੰਕਾਰ ॥੧੬॥

ਉਸ ਕਰਤੇ (ਪ੍ਰਭੂ) ਲਈ ਇਹੋ ਕਹਿਣਾ ਬਣਦਾ ਹੈ ਕਿ ਹੇ ਨਿਰੰਕਾਰ = ਨਿਰਾਕਾਰ ਪ੍ਰਭੂ ! ਤੂੰ ਸਦਾ = ਹਮੇਸ਼ਾਂ ਹੀ ਸਲਾਮਤਿ = ਇਸਥਿਤ ਸਰੂਪ ਹੈਂ ਅਥਵਾ ਹੇ ਨਿਰੰਕਾਰ = ਨਿਰਾਕਾਰ ਪ੍ਰਭੂ ਜੀ ! ਤੂੰ = ਤੁਸੀਂ ਸਦਾ = ਹਮੇਸ਼ਾਂ ਹੀ ਭਾਵ ਭੂਤਕਾਲ, ਵਰਤਮਾਨ ਵਿਚ ਅਤੇ ਭਵਿੱਖਤ ਕਾਲ ਵਿਚ ਵੀ ਸਲਾਮਤਿ = ਕਾਇਮ ਰਹਿਣ ਵਾਲੇ ਹੋ ॥੧੬॥ ਜੈਸਾ ਕਿ :

**ਕਾਇਮੁ ਦਾਇਮੁ ਸਦਾ ਪਾਤਿਸਾਹੀ।** *(ਅੰਗ ੩੪੫)*

ਇਸ ਪ੍ਰਕਾਰ ਉਸ ਪ੍ਰਭੂ ਦੇ ਭਾਣੇ ਨੂੰ ਮੰਨੀਏ, ਉਸ ਦੇ ਅੱਗੇ ਬੇਨਤੀਆਂ ਕਰੀਏ, ਸਿਫ਼ਤਾਂ ਕਰੀਏ ਤਾਂ ਉਸ ਪਰਮਾਤਮਾ ਦੀ ਸਾਖਿਆਤਤਾ ਹੁੰਦੀ ਹੈ।

## ਸ਼੍ਰਵਣ ਮਨਨ; ਨਿੱਧਯਾਸਨ ਪਾਛੇ।

ਸ਼੍ਰਵਣ ਦੇ ਖਟ ਚਿੰਨ੍ਹਾਂ ਦੁਆਰਾ ਸ਼੍ਰਵਣ ਕਰਨਾ, ਮੰਨਨ ਜੋ ਵਾਰ ਵਾਰ ਵਿਚਾਰ ਕਰਨਾ, ਜੋ ਮੰਨਨ ਰੂਪ ਹੈ, ਤੇ ਬਿਰਤੀ ਦਾ ਸਰੂਪ ਵਿਚ ਧਿਆਨ ਲਾਉਣਾ, ਇਹ ਨਿੱਧਯਾਸਨ ਰੂਪ ਹੈ, ਇਹਨਾਂ ਤਿੰਨਾਂ ਤੋਂ ਪਾਛੇ = ਪਿੱਛੋਂ।

## ਪ੍ਰਭੁ ਭਾਣਾ; ਪੁਨ ਮਾਨਹਿ ਆਛੇ।

ਪੁਨ = ਫਿਰ ਪ੍ਰਭੁ = ਪਰਮੇਸ਼ਰ ਦਾ ਭਾਣਾ ਆਛੇ = ਚੰਗੀ ਤਰ੍ਹਾਂ ਮੰਨਣਾ ਹੈ ਅਤੇ ਨਾਮ ਵਿਚ ਬਿਰਤੀ ਰੱਖਣੀ ਹੈ।

## ਸਾਖਿਯਾਤ ਕੀ; ਤੁਕ ਕੇ ਨੇਰੇ।

ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੀ ਬਾਣੀ ਵਿਚ ਸਾਖਯਾਤ ਕੀ = ਦੀ ਤੁਕ ਦੇ ਨੇਰੇ = ਨੇੜੇ ਭਾਵ 'ਤੂੰ ਸਦਾ ਸਲਾਮਤਿ ਨਿਰੰਕਾਰ' ਵਾਲੀ ਤੁਕ ਦੇ ਨੇੜੇ ਤੋਂ ਭਾਵ ਨਾਲ ਲੱਗਦੀਆਂ ਪੌੜੀਆਂ ੮, ੯, ੧੦, ੧੧ਵੀਂ ਪਉੜੀਆਂ 'ਸੁਣਿਐ' ਦੀਆਂ ੧੨, ੧੩, ੧੪, ੧੫ਵੀਂ ਪਉੜੀਆਂ ਮੰਨੈ ਦੀਆਂ ਤੇ ੧੬ਵੀਂ ਪਉੜੀ ਵਿਚ ਨਿਧਿਆਸਣ ਦੀ ਇਉਂ ਸਾਖਿਆਤਕਾਰ ਵਾਲੀ ਪਉੜੀ ਦੇ ਨੇੜੇ ਸ੍ਰਵਣ, ਮੰਨਣ, ਨਿਧਿਆਸਣ ਦੀਆਂ ਪਉੜੀਆਂ ਹਨ।

## ਚਾਰ ਹੀ ਥਾਨ; ਕਹੀ ਚਹੁੰ ਬੇਰੇ ॥੧੭॥

ਭਾਵ ਇਹਨਾਂ ਤਿੰਨ ਸਾਧਨਾਂ (ਸ੍ਰਵਣ, ਮੰਨਣ, ਨਿਧਿਆਸਣ) ਤੋਂ ਬਾਅਦ ਚਾਰ ਹੀ ਥਾਨ = ਥਾਵਾਂ ਤੇ ਚਹੁ = ਚਾਰ ਬੇਰੇ = ਵਾਰੀ ਇੱਕੋ ਹੀ ਤੁਕ ਕਹੀ ਹੈ ਭਾਵ ੧੬, ੧੭, ੧੮, ੧੯ਵੀਂ ਪਉੜੀ ਦੇ ਅਖ਼ੀਰ ਵਿਚ 'ਤੂੰ ਸਦਾ ਸਲਾਮਤਿ ਨਿਰੰਕਾਰ' ਚਾਰ ਵਾਰੀ ਕਿਹਾ ਹੈ॥੧੭॥

## ਸ਼੍ਰੁਤਿ ਮਹਿਂ; ਮਹਾਂਵਾਕ ਜਿਮ ਚਾਰ।

ਜਿਮ = ਜਿਵੇਂ ਵੇਦ ਦੀ ਸ਼੍ਰੁਤਿ = ਸੁਰਤੀ ਮਹਿ = ਵਿਚ ਚਾਰ ਮਹਾਂਵਾਕ ਕਹੇ ਹਨ ਭਾਵ ਤਤੂੰਮਸੀ, ਪ੍ਰਗਯਾਨਮਾਨੰਦ ਬ੍ਰਹਮ, ਅਹੰ ਬ੍ਰਹਮਾਸਮਿ ਆਯੰ ਆਤਮਾ ਬ੍ਰਹਮ।

## ਤਿਮ ਜਪੁਜੀ ਮਹਿਂ; ਚਾਰ ਉਚਾਰ।

ਤਿਮ = ਤਿਵੇਂ ਜਪੁਜੀ ਸਾਹਿਬ ਦੇ ਮਹਿ = ਵਿਚ ਚਾਰ ਵਾਰੀ 'ਤੂੰ ਸਦਾ ਸਲਾਮਤਿ ਨਿਰੰਕਾਰ' ਉਚਾਰਨ ਕੀਤਾ ਹੈ। ਗੁਰੂ ਸਾਹਿਬ ਦੇ ਮਹਾਂਵਾਕ ਉਚਾਰਨ ਵਿਚ ਵੇਦ ਦੇ ਮਹਾਂਵਾਕਾਂ ਨਾਲੋਂ ਇਹ ਵਿਸ਼ੇਸ਼ਤਾ ਹੈ ਕਿ :

## ਮਿਲਯੋ ਭਗਤਿ ਸੋਂ; ਗ੍ਯਾਨ ਬਖਾਨਾ।

ਭਗਤੀ ਸੋਂ = ਨਾਲ ਮਿਲਿਆ ਹੋਇਆ ਗਿਆਨ ਬਖਾਨਾ = ਕਥਨ ਕੀਤਾ ਹੈ।

## ਕਲ ਮਹਿਂ ਕੇਵਲ; ਨਹਿਂ ਸ਼ੁਭ ਜਾਨਾ ॥੧੮॥

ਸਤਿਗੁਰੂ ਜੀ ਨੇ ਕਲ = ਕਲਿਜੁਗ ਦੇ ਮਹਿਂ = ਵਿਚ ਕੇਵਲ ਨਿਰ੍ਹਾ ਭਗਤੀ ਤੋਂ ਬਿਨਾਂ ਜੋ ਗਿਆਨ ਹੈ, ਇਸ ਨੂੰ ਸ਼ੁਭ = ਚੰਗਾ ਨਹੀਂ ਜਾਨਾ = ਜਾਣਿਆ ਭਾਵ ਭਗਤੀ ਸਹਿਤ ਗਿਆਨ ਨੂੰ ਹੀ ਸ਼ੁਭ ਮੰਨਿਆ ਹੈ॥੧੮॥

## ਸ਼ੁਭ ਗਤਿ ਤੋ; ਕੋਈ ਨਰ ਪਾਵੈ।

ਭਗਤੀ ਤੋਂ ਰਹਿਤ ਸੁੱਕੇ ਗਿਆਨ ਤੋਂ ਸ਼ੁਭ ਗਤਿ = ਚੰਗੀ ਗਤੀ ਭਾਵ ਕੈਵਲ ਮੋਖਸ਼ ਤਾਂ ਕੋਈ ਵਿਰਲਾ ਹੀ ਨਰ = ਪੁਰਸ਼ ਪਾਵੈ = ਪਾਉਂਦਾ ਹੈ।

## ਸੁਨਿ ਬ੍ਰਹਮ ਗ੍ਯਾਨ; ਬਿਗਰ ਬਹੁ ਜਾਵੈਂ।

ਇਹੋ ਜਿਹੇ ਸੁੱਕੇ ਬ੍ਰਹਮ ਗਿਆਨ ਦੀਆਂ ਗੱਲਾਂ ਸੁਣ ਕੇ ਜਾਂ ਪੜ੍ਹ ਕੇ ਬਿਗੜ ਬਹੁਤੇ ਜਾਵੈ = ਜਾਂਦੇ ਹਨ, ਭਾਵ ਆਪਣੇ ਆਪ ਨੂੰ ਬ੍ਰਹਮ ਗਿਆਨੀ ਮੰਨ ਕੇ ਵਿਕਾਰਾਂ ਵਿਚ ਖੱਚਤ ਹੋ ਜਾਂਦੇ ਹਨ।

## ਯਾਂਤੇ ਰੂਖੋਂ; ਗ੍ਯਾਨ ਨ ਭਨਯੋ।

ਯਾਂਤੇ = ਇਸ ਕਰਕੇ ਸਤਿਗੁਰੂ ਜੀ ਨੇ ਗੁਰਬਾਣੀ ਵਿਚ ਰੂਖੋ = ਸੁੱਕਾ ਗਿਆਨ ਭਨਯੋ = ਕਥਨ ਨਹੀਂ ਕੀਤਾ, ਭਾਵ ਭਗਤੀ ਦੇ ਸਹਿਤ ਹੀ ਗਿਆਨ ਕਥਨ ਕੀਤਾ ਹੈ।

## ਜਹਿਂ ਕਹਿਂ ਕਹਯੋ; ਭਗਤਿ ਕੇ ਸਨਯੋ ॥੧੯॥

ਜਹਿਂ = ਜਿਥੇ ਕਹਿਂ = ਕਿੱਥੇ ਬਾਣੀ ਵਿਚ ਬ੍ਰਹਮ ਗਿਆਨ ਕਥਨ ਕੀਤਾ ਹੈ, ਉਹ ਭਗਤੀ ਕੇ = ਦੇ ਸਨਯੋ = ਸਹਿਤ ਕਥਨ ਕੀਤਾ ਹੈ ॥੧੯॥

## ਅਹੰਬ੍ਰਹਮਾਸਮਿ; ਵਹਿਰ ਨ ਗਾਵੋਂ।

ਸਤਿਗੁਰਾਂ ਨੇ ਕਿਹਾ ਹੈ ਕਿ ਅਹੰ = ਮੈਂ ਹੀ ਬ੍ਰਹਮ ਅਸਮਿ = ਹਾਂ, ਇਹ ਗੱਲ ਬਾਹਰ ਦਿਖਾਵੇ ਮਾਤਰ ਨਹੀਂ ਗਾਵੋਂ = ਗਾਉਣੀ ਭਾਵ ਕਹਿਣੀ।

## ਇਹ ਬ੍ਰਿਤਿ; ਹਿਯਰੇ ਬਿਖੈ ਟਿਕਾਵੋਂ।

ਭਾਵ ਕਿ ਮੇਰਾ ਆਤਮਾ ਬ੍ਰਹਮ ਸਰੂਪ ਹੈ ਇਹ ਬਿਰਤੀ ਹਿਯਰੇ = ਹਿਰਦੇ ਬਿਖੈ = ਵਿਚ ਟਿਕਾਵੋਂ = ਟਿਕਾ ਕੇ ਰੱਖਣੀ।

## ਬਾਹਰ ਪ੍ਰਭੁ ਕੇ; ਦਾਸ ਉਚਾਰਹੁ।

(ਪਾਠਾਂਤ੍ਰ ਸਭਿ)

ਅੰਦਰ ਬਿਰਤੀ ਵਿਚ ਆਤਮਾ ਨੂੰ ਬ੍ਰਹਮ ਸਰੂਪ ਕਰਕੇ ਨਿਸ਼ਚੇ ਕਰਨਾ ਤੇ ਬਾਹਰ ਪ੍ਰਭੁ = ਵਾਹਿਗੁਰੂ ਕੇ = ਦੇ ਦਾਸ ਉਚਾਰਹੁ = ਉਚਾਰਣ ਕਰਦੇ ਰਹਿਣਾ ਭਾਵ ਕਿ ਅਸੀਂ ਤਾਂ ਵਾਹਿਗੁਰੂ ਦੇ ਦਾਸਾਂ ਦੇ ਵੀ ਦਾਸ ਹਾਂ। ਜੈਸਾ ਕਿ :

**ਨਾਨਕ ਦਾਸਨਿ ਦਾਸੁ ਕਹਤੁ ਹੈ ਹਮ ਦਾਸਨ ਕੇ ਪਨਿਹਾਰੇ ॥੮॥੧॥** *(ਨਟ ਮ: ੪, ਅੰਗ ੯੮੧)*

## ਸੰਤਨ ਬਿਖੈ; ਭਾਉ ਕੋ ਧਾਰਹੁ ॥੨੦॥

ਨਾਮ ਸਿਮਰਨ ਕਰਨ ਵਾਲੇ ਸੰਤਾਂ ਦੇ ਬਿਖੈ = ਵਿਚ ਭਾਉ = ਪ੍ਰੇਮ ਕੋ = ਨੂੰ ਧਾਰਹੁ = ਧਾਰ ਕੇ ਸੇਵਾ ਕਰੋ ॥੨੦॥

ਭਾਈ ਸੰਤੋਖ ਸਿੰਘ ਜੀ ਦੀ ਇਹ ਤੁਕ ਨਿਰੀ ਕਥਨੀ ਮਾਤ੍ਰ ਨਹੀਂ ਹੈ ਬਲਕਿ ਭਾਈ ਸਾਹਿਬ ਜੀ ਦੀ ਕਰਨੀ ਵੀ ਇਹੋ ਹੀ ਸੀ, ਆਪ ਇਤਨੇ ਵੱਡੇ ਵਿਦਵਾਨ ਹੋ ਕੇ ਬ੍ਰਹਮ ਗ੍ਯਾਨ ਦੇ ਵੇਤਾ ਹੋ ਕੇ ਵੀ ਜਦੋਂ ਕੁਝ ਗੁਰੂ ਤੋਂ ਮੰਗਣ ਦਾ ਸਮਾਂ ਆਇਆ ਤਾਂ ਨਾਮ ਦਾਨ, ਭਗਤੀ ਦਾਨ, ਸਿੱਖੀ ਦਾਨ ਹੀ ਮੰਗਿਆ। ਜੈਸਾ ਕਿ :

**ਲਾਜ ਰਖਹੁ ਨਿਜ ਨਾਮਹਿ ਕੀ ਸਿਖ ਮੈ ਤੁਮਰੋ ਜਗ ਮਾਂਹਿ ਕਹਾਵਤਿ।**

*(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿ: ੧, ਅੰਸੂ ੩੧)*

ਵਾ: **ਗੁਰਸਿੱਖੀ ਜਾਚਉਂ ਹਉਂ ਦਾਨਾ।**
**ਜਿਸ ਤੇ ਹੋਇ ਪਰਮ ਕੱਲ੍ਯਾਨਾ।** *(ਸ੍ਰੀ ਗੁਰ ਨਾਨਕ ਪ੍ਰਕਾਸ਼, ਅਧਿ: ੫੭, ਅੰਸੂ ੧੦੯)*

ਵਾ: **ਅਸਿ ਤਿਖੀ ਸਿਖੀ ਅਸ ਜਾਚ।**
**ਚਿਤ ਕੀ ਬ੍ਰਿਤੀ ਸਾਚ ਮਹਿ ਰਾਚ।** *(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ੩੬-੩੮)*

ਫਿਰ ਆਪ ਜੀ ਦੀ ਰਚਨਾ ਗੁਰੂ ਜਸ, ਗੁਰੂ ਸ਼ਰਧਾ ਨਾਲ ਤੇ ਗੁਰੂ ਦੀ ਭਗਤੀ ਨਾਲ ਇਤਨੀ ਭਰੀ ਹੋਈ ਹੈ ਕਿ ਇਹ ਪੜ੍ਹ ਕੇ ਕਿਸੇ ਹੋਰ ਸਬੂਤ ਲੱਭਣ ਦੀ ਲੋੜ ਨਹੀਂ, ਉਹਨਾਂ ਦੀ ਵਾਕਫ਼ੀਅਤ ਕਰਾਉਣ ਲਈ ਉਹਨਾਂ ਦੀ ਰਚਨਾ ਕਾਫ਼ੀ ਹੈ ਕਿ ਉਹ ਆਪ ਪੂਰਨ ਕਵੀ ਦੇ ਨਾਲ-ਨਾਲ ਪੂਰਨ ਗੁਰਸਿੱਖ ਤੇ ਨਾਮੀ ਸਿੱਖ ਤੇ ਗੁਰੂ ਪ੍ਰੇਮ ਨਾਲ ਭਿੱਜੇ ਹੋਏ ਗੁਰਮੁਖ ਸਨ। ਕੇਵਲ ਕਥਨੀ ਦੇ ਗਿਆਨੀਆਂ ਨੂੰ ਆਪ ਜੀ ਦੀ ਕਰਨੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਉਹਨਾਂ ਦੀ ਵੇਦਾਂਤ ਰਚਨਾ ਨੂੰ ਪੜ੍ਹ ਕੇ ਉਹਨਾਂ ਨੂੰ ਖੁਸ਼ਕ ਵੇਦਾਂਤੀ ਸਮਝ ਕੇ ਤੇ ਆਪ ਉਹਨਾਂ ਵੇਦਾਂਤ ਰਚਨਾ ਦੇ ਵਾਕ ਪੜ੍ਹ ਕੇ ਫੋਕੇ ਕਥਨੀ ਦੇ ਗਜਾਨੀ ਬਣਨ ਨੂੰ ਕਵੀ ਜੀ ਦਾ ਸਿਧਾਂਤ ਸਮਝਣਾ ਗ਼ਲਤੀ ਹੈ। ਕਵੀ ਜੀ ਨੇ ਸਾਰੇ ਐਸੇ ਗੂੜ੍ਹ ਵਿਸ਼ੇ, ਗੁਰਸਿੱਖਾਂ ਦੀ ਵਾਕਫ਼ੀ ਲਈ ਦਿੱਤੇ ਹਨ, ਇਹ ਨਹੀਂ ਕਿ ਇਹੋ ਜਿਹੇ ਵਿਸ਼ੇ ਪੜ੍ਹ ਕੇ ਗੁਰਮਤਿ ਦੇ ਗਾਡੀ ਰਾਹ ਤੋਂ ਪਰੇ ਹੋਣ ਦੀ ਗ਼ਲਤੀ ਕਰਨੀ, ਭਾਈ ਸਾਹਿਬ ਜੀ ਦੀ ਤਰ੍ਹਾਂ ਗੁਰਮਤਿ ਵਿਚ ਦ੍ਰਿੜ੍ਹ ਵਿਸ਼ਵਾਸੀ ਹੋਣਾ ਚਾਹੀਦਾ, ਗੁਰਮਤਿ ਤੋਂ ਬੇਮੁਖ ਲਈ, ਗੁਰਮਤਿ ਦੇ ਇਸ ਅਸੂਲ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਜੈਸਾ ਕਿ :

**ਜਗੁ ਕਊਆ ਮੁਖਿ ਚੁੰਚ ਗਿਆਨੁ ॥**
**ਅੰਤਰਿ ਲੋਭੁ ਝੂਠੁ ਅਭਿਮਾਨੁ ॥**
**ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥** *(ਬਿਲਾਵਲੁ ਮ: ੩, ਅੰਗ ੮੩੩)*

ਵਾ: **ਜਗਿ ਗਿਆਨੀ ਵਿਰਲਾ ਆਚਾਰੀ ॥**
**ਜਗਿ ਪੰਡਿਤੁ ਵਿਰਲਾ ਵੀਚਾਰੀ ॥** *(ਆਸਾ ਮ: ੧, ਅੰਗ ੪੧੩)*

ਹੁਣ ਸਤਿਗੁਰੂ ਜੀ ਉਪਦੇਸ਼ ਦਿੰਦੇ ਹਨ ਕਿ :

## ਜਿਉਂ ਕਿਉਂ; ਸ਼ਕਤਿ ਮਹਿਤ ਕੋ ਧਰਹੁ।

ਸਿਮਰਨ ਸਾਧਨ ਕਰਦਿਆਂ ਜਿਉ ਕਿਉਂ = ਜਿਵੇਂ ਕਿਵੇਂ ਵੀ ਸਿਮਰਨ ਦੇ ਪ੍ਰਤਾਪ ਕਰਕੇ ਮਹਿਤ = ਵੱਡੀ ਸ਼ਕਤੀ ਕੋ = ਨੂੰ ਧਰਹੁ = ਧਾਰਨ ਕਰ ਲਵੋ ਕਿਉਂਕਿ ਰਿਧੀ ਸਿਧੀ ਨਾਮ ਦੀ ਦਾਸੀ ਹੈ। ਜੈਸਾ ਕਿ :

**ਨਵ ਨਿਧਿ ਨਾਮੁ ਨਿਧਾਨੁ ਰਿਧਿ ਸਿਧਿ ਤਾ ਕੀ ਦਾਸੀ ॥**
*(ਸਵਈਏ ਮਹਲੇ ਚਉਥੇ ਕੇ, ਭਟ ਕਲ੍ਯ, ਅੰਗ ੧੩੯੯)*

## ਤਯੋਂ ਤਯੋਂ ਛਿਮਾ; ਅਜਰ ਕੋ ਜਰਹੁ।

ਨਾਮ ਦੇ ਪ੍ਰਤਾਪ ਨਾਲ ਮਿਲੀਆਂ ਹੋਈਆਂ ਅਜਰ ਸ਼ਕਤੀਆਂ ਕੋ = ਨੂੰ ਜਰਹੁ = ਜਰਨਾ ਕਰੋ, ਭਾਵ ਸਹਾਰਨਾ ਕਰੋ, ਰਿਧੀਆਂ ਸਿਧੀਆਂ ਪਾ ਕੇ ਦਿਖਾਵਾ ਨਾ ਕਰੋ, ਭਾਵ ਕਿਸੇ ਨੂੰ ਵਰ ਸਰਾਪ ਦੇਣ ਰੂਪ ਦਿਖਾਵਾ ਨਾ ਕਰੋ; ਜੇ ਕੋਈ ਵਾਧਾ ਵੀ ਕਰਦਾ ਹੈ ਤਾਂ ਉਸਨੂੰ ਤਯੋਂ ਤਯੋਂ = ਤਿਵੇਂ ਤਿਵੇਂ ਛਿਮਾ = ਮਾਫ਼ ਕਰ ਦਿਉ, ਉਸਨੂੰ ਕੁਝ ਨਹੀਂ ਕਹਿਣਾ।

ਹੁਣ ਸਾਂਖੀਆਂ ਦੇ ਮਤ ਅਨੁਸਾਰ 'ਆਤਮ ਪੁਰਾਣ' ਦੀ ਵਿਚਾਰ ਸ਼ੁਰੂ ਹੋਈ :

## ਉਰ ਮਹਿੰ ਨਭ; ਅੰਗੁਸ਼ਟ ਪ੍ਰਮਾਨ।

ਸਾਂਖ ਮਤ ਵਾਲੇ ਮੰਨਦੇ ਹਨ ਕਿ ਉਰ = ਹਿਰਦੇ ਰੂਪੀ ਨਭ = ਆਕਾਸ਼ ਮਹਿੰ = ਵਿਚ ਜੀਵਾਤਮਾ ਦਾ ਸਰੂਪ ਅੰਗੁਸ਼ਟ = ਅੰਗੂਠੇ ਦੇ ਪ੍ਰਮਾਨ = ਅੰਦਾਜ਼ੇ ਦਾ ਹੈ।

## ਜੀਵਾਤਮ ਕੋ; ਬਾਸ ਪਛਾਨ ॥੨੧॥

ਇਉਂ ਜੀਵਾਤਮਾ ਕੋ = ਦਾ ਬਾਸ = ਨਿਵਾਸ ਪਛਾਨ = ਜਾਣ ਲਉ ॥੨੧॥

ਹੁਣ ਵੇਦਾਂਤ ਮਤ ਅਨੁਸਾਰ ਜੀਵ ਦਾ ਸਰੂਪ ਦੱਸਣਗੇ :

## ਬੁਧਿ ਮਹਿੰ; ਪ੍ਰਤਿਬਿੰਬਤਿ ਭਾ ਬ੍ਰਹਮ।

ਬੁਧਿ ਭਾਵ ਜੋ ਪੰਜੇ ਸੂਖਮ ਤੱਤਾਂ ਦੀ ਸਤੋਮਯੀ ਅੰਸ ਹੈ, ਜਦੋਂ ਇਸ ਮਹਿੰ = ਵਿਚ ਬ੍ਰਹਮ ਦਾ ਪ੍ਰਤਿਬਿੰਬਤਿ = ਅਕਸ਼, ਅਭਾਸ ਭਾ = ਪੈਂਦਾ ਹੈ,

## ਜੜ ਚੇਤਨ; ਮਿਲ ਭੇ ਇਕ ਧਰਮ।

ਇਉਂ ਜੜ੍ਹ ਰੂਪ ਬੁਧਿ ਤੇ ਚੇਤਨ ਰੂਪ ਬ੍ਰਹਮ ਨਾਲ ਮਿਲ ਕੇ ਇਕ ਧਰਮ ਵਾਲੇ ਹੋ ਜਾਂਦੇ ਹਨ।

## ਮਨ ਸਾਧਨ; ਸੰਕਲਪ ਕਰਨ ਕੋ।

ਜੀਵਾਤਮਾ ਦੇ ਸੰਕਲਪ ਕਰਨ ਕੋ = ਦਾ ਵਸੀਲਾ ਮਨ ਹੀ ਹੈ, ਭਾਵ ਜੀਵਾਤਮਾ ਮਨ ਦੁਆਰਾ ਸੰਕਲਪ ਵਿਕਲਪ ਕਰਦਾ ਹੈ।

## ਅਤਿ ਚੰਚਲਤਾ; ਕਰਹਿ ਧਰਨ ਕੋ ॥੨੨॥

ਮਨ ਅਤਿ = ਅਤਿਅੰਤ ਹੀ ਚੰਚਲਤਾ = ਚੰਚਲਤਾਈ ਕੋ = ਨੂੰ ਧਾਰਨ ਕਰ ਲੈਂਦਾ ਹੈ ॥੨੨॥

ਹੁਣ ਅੱਗੇ ਪ੍ਰਮਾਣ ਦਿੰਦੇ ਹਨ :

## ਰਵਿ ਕੇ ਅੱਗ੍ਰ; ਤਿਰਵਰਾ ਜੈਸੇ।

ਜੈਸੇ = ਜਿਸ ਪ੍ਰਕਾਰ ਰਵਿ = ਸੂਰਜ ਕੇ = ਦੇ ਅੱਗ੍ਰ = ਅੱਗੇ ਤਿਰਵਰਾ = ਤ੍ਰਸ਼ਰੇਣੂ ਦਿਸਦਾ ਹੈ, ਨਜ਼ਰ ਆਉਂਦਾ ਹੈ ਭਾਵ ਕਿਸੇ ਛੇਕ ਰਾਹੀਂ ਪੈਂਦੀ ਧੁੱਪ ਦੇ ਵਿਚ ਨਿੱਕੇ ਨਿੱਕੇ ਕਣ ਜੋ ਅਨੇਕਾਂ ਦਿੱਸਦੇ ਹਨ ਉਸਨੂੰ ਤ੍ਰਸ਼ਰੇਣੂ ਕਹਿੰਦੇ ਹਨ, ਤਿੰਨ ਜਾਂ ੩੦ ਪ੍ਰਮਾਣੂ ਦਾ ਇਕ ਤ੍ਰਸ਼ਰੇਣੂ ਮੰਨਿਆ ਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਛੇ ਪ੍ਰਮਾਣੂ ਦਾ ਤ੍ਰਸ਼ਰੇਣੂ ਮੰਨਿਆ ਹੈ।

## ਮਨ ਸਰੂਪ; ਸੂਖਮ ਲਖਿ ਤੈਸੇ।

ਤੈਸੇ = ਤਿਸ ਪ੍ਰਕਾਰ ਮਨ ਦਾ ਸਰੂਪ ਉਸ ਤ੍ਰਸ਼ਰੇਣੂ ਵਰਗਾ ਸੂਖਮ ਲਖਿ = ਜਾਣ ਲਉ।

## ਇੰਦ੍ਰੈ; ਗਯਾਨ ਉਪਾਵਨਹਾਰੋ।

ਇੰਦ੍ਰਿਆਂ ਦੇ ਵਿਚ ਗਿਆਨ ਉਪਾਵਨਹਾਰੋ = ਪੈਦਾ ਕਰਨ ਵਾਲਾ ਮਨ ਹੀ ਹੈ।

## ਮਨ ਤੇ ਬਿਨਾ; ਨ ਅਪਰ ਬਿਚਾਰੋ ॥੨੩॥

ਇਹ ਨਾ ਵਿਚਾਰੋ ਕਿ ਮਨ ਤੇ = ਤੋਂ ਬਿਨਾਂ ਅਪਰ = ਹੋਰ ਕੋਈ ਇੰਦ੍ਰਿਆਂ ਨੂੰ ਗਿਆਨ ਦੇਣ ਵਾਲਾ ਹੋਵੇਗਾ, ਭਾਵ ਮਨ ਹੀ ਇੰਦ੍ਰਿਆਂ ਨੂੰ ਗਿਆਨ ਦਿੰਦਾ ਹੈ ॥੨੩॥

ਇੰਦ੍ਰਿਆਂ ਨੂੰ ਗਿਆਨ ਕਿਵੇਂ ਦਿੰਦਾ ਹੈ, ਨਿਆਇਕ ਮਤ ਅਨੁਸਾਰ ਦੱਸਦੇ ਹਨ:

## ਤੁਚ ਕੇ ਸੰਗ; ਸਪਰਸ਼ ਹੋਇ ਮਨ।

ਜਦੋਂ ਮਨ ਤੁਚਾ = ਚਮੜੀ ਕੇ = ਦੇ ਸੰਗ = ਨਾਲ ਸਪਰਸ਼ ਹੋਇ = ਹੁੰਦਾ ਹੈ, ਭਾਵ ਛੂੰਹਦਾ ਹੈ, ਜੁੜਦਾ ਹੈ।

## ਪੰਚਹੁੰ ਗ੍ਯਾਨ; ਉਪਾਵਨ ਤਤਛਿਨ।

ਉਸ ਵੇਲੇ ਤਤਛਿਨ = ਜਲਦੀ ਦੇ ਕੇ ਪੰਜੇ ਗਿਆਨ ਇੰਦ੍ਰਿਆਂ ਵਿਚ ਗਿਆਨ ਉਪਾਵਨ = ਪੈਦਾ ਕਰ ਦਿੰਦਾ ਹੈ ਭਾਵ ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਜਾਨਣ ਵਾਲਾ ਹੋ ਜਾਂਦਾ ਹੈ।

## ਸੁਖਪਤਿ; ਮਹਿਂ ਇਕ ਨਾਰਿ ਮਝਾਰੇ।

ਸੁਖਪਤਿ = ਸਖੋਪਤੀ ਅਵਸਥਾ ਮਹਿਂ = ਵਿਚ ਇਕ ਬਹੁਤ ਬਰੀਕ ਨਾਰਿ = ਨਾੜੀ, ਜੋ ਹਿਰਦੇ ਦੇ ਮਝਾਰੇ = ਵਿਚ ਹੈ, ਉਸ ਵਿਚ ਜਾ ਕੇ ਜੀਵਾਤਮਾ ਰਹਿੰਦਾ ਹੈ।

## ਨਹਿਂ ਸਪਰਸ਼; ਤੁਚ ਸੋਂ ਤਬਿ ਧਾਰੇ ॥੨੪॥

ਤਬਿ = ਤਦੋਂ ਫੇਰ ਇਹ ਜੀਵਾਤਮਾ ਦਾ ਮਨ ਤੁਚ = ਚਮੜੀ ਸੋਂ = ਨਾਲ ਸਪਰਸ਼ਤਾ ਧਾਰੇ = ਧਾਰਨ ਨਹੀਂ ਕਰਦਾ ॥੨੪॥

## ਲਪਟ੍ਯੋ ਰਹਿਤਿ; ਨਾਰ ਕੇ ਮਾਂਹੀ।

(ਪਾਠਾਤ੍ਰ ਲਟਕਿਓ)

ਜਦੋਂ ਤਕ ਜੀਵਾਤਮਾ ਉਸ ਨਾਰ = ਨਾੜੀ ਕੇ = ਦੇ ਵਿਚ ਲਪਟ੍ਯੋ = ਲਿਪਟਿਆ ਭਾਵ ਚਿੰਬੜਿਆ ਰਹਿੰਦਾ ਹੈ।

## ਪ੍ਰਾਪਤਿ ਤਬਹਿ; ਗ੍ਯਾਨ ਕੀ ਨਾਂਹੀ।

ਤਬਹਿ = ਤਦੋਂ ਤੱਕ ਬਾਹਰਲੇ ਗਿਆਨ ਕੀ = ਦੀ ਪ੍ਰਾਪਤੀ ਨਾਂਹੀ = ਨਹੀਂ ਹੁੰਦੀ।

## ਜਾਗ੍ਰਤਿ ਮਹਿਂ; ਸਪਰਸ਼ ਤੁਚ ਹੋਇ।

ਜਾਗ੍ਰਤਿ ਅਵਸਥਾ ਮਹਿਂ = ਵਿਚ ਜੀਵਾਤਮਾ ਤੇ ਮਨ ਤੁਚ = ਚਮੜੀ ਦੇ ਨਾਲ ਸਪਰਸ਼ ਹੋਇ = ਹੁੰਦਾ ਹੈ।

## ਗ੍ਯਾਨ ਪਾਇ; ਸਭਿ ਕੋ ਤਬਿ ਸੋਇ ॥੨੫॥

ਤਬਿ = ਉਸ ਵੇਲੇ ਸੋਇ = ਉਹ ਜੀਵਾਤਮਾ, ਮਨ ਗਿਆਨ ਇੰਦ੍ਰਿਆਂ ਦੁਆਰਾ ਸਭਿ = ਸਾਰੇ ਤਰ੍ਹਾਂ ਕੋ = ਦਾ ਗਿਆਨ ਪਾਇ = ਪ੍ਰਾਪਤ ਕਰ ਲੈਂਦਾ ਹੈ ॥੨੫॥

## ਸੌਮੋ ਭਾਗ; ਚੀਰਿਯੇ ਬਾਰ।

ਉਸ ਨਾੜੀ ਦੀ ਸੂਖਮਤਾ ਵਰਣਨ ਕਰਦੇ ਹਨ ਕਿ ਜੇ ਬਾਰ = ਵਾਲ ਨੂੰ ਚੀਰਿਯੇ = ਚੀਰ ਕੇ ਸੌਮੋ = ਸੌ ਭਾਗ = ਹਿੱਸਿਆਂ ਵਿਚ ਕਰ ਲਈਏ ਤਾਂ ਉਹ ਸੌਵੇਂ ਹਿੱਸੇ ਜਿੰਨੀ ਬਰੀਕ ਨਾੜੀ ਹੈ।

## ਅਸ ਅਤਿ ਸੂਖਮ ਹੈ; ਇਕ ਨਾਰਿ।

ਇਸ ਪ੍ਰਕਾਰ ਉਹ ਇਕ ਨਾਰਿ = ਨਾੜੀ ਅਤਿਅੰਤ ਸੂਖਮ ਹੈ। ਜਦੋਂ ਜੀਵਾਤਮਾ ਜਾਗ੍ਰਤਿ ਅਵਸਥਾ ਵਿਚ ਹੁੰਦਾ ਹੈ ਸੱਜੇ ਨੇਤਰ ਦੇ ਪਿੱਛਲੇ ਪਾਸੇ ਨਿਵਾਸ ਕਰਕੇ ਜਾਗ੍ਰਤਿ ਦੇ ਸਾਰੇ ਕਾਰਜ ਕਰਦਾ ਕਰਾਉਂਦਾ ਹੈ। ਉਸ ਵੇਲੇ ਇਸ ਦਾ ਨਾਮ ਵਿਸ਼ਵ ਨਾਮੇ ਜੀਵ ਹੁੰਦਾ ਹੈ, ਜਦੋਂ ਇਥੋਂ ਅਵਸਥਾ ਬਦਲ ਕੇ ਵਾਲ ਦੇ ਸੌਵੇਂ ਹਿੱਸੇ ਜਿੰਨੀ ਬਰੀਕ ਨਾੜੀ ਜਿਸ ਦਾ ਨਾਮ ਪ੍ਰਤੀਤ ਨਾਮੇ ਨਾੜੀ ਹੈ, ਉਸ ਵਿਚ ਚਲਾ ਜਾਂਦਾ ਹੈ ਫਿਰ ਇਸ ਦਾ ਨਾਮ ਤੈਜਸ ਨਾਮੇ ਜੀਵ ਹੋ ਜਾਂਦਾ ਹੈ।

## ਸੁਪਨਾਵਸਥਾ; ਤਿਸ ਮਹਿਂ ਪਾਵੈ।

ਫਿਰ ਤਿਸ = ਉਸ ਨਾੜੀ ਵਿਚ ਸੁਪਨ ਅਵਸਥਾ ਨੂੰ ਪਾਵੈ = ਪ੍ਰਾਪਤ ਕਰ ਲੈਂਦਾ ਹੈ।

## ਥਿਰ ਨਾਰੀ ਮਹਿਂ; ਸਕਲ ਬਨਾਵੈ ॥੨੬॥

ਫਿਰ ਪ੍ਰਤੀਤ ਨਾਮੇ ਨਾਰੀ = ਨਾੜੀ ਮਹਿਂ = ਵਿਚ ਥਿਰ = ਸਥਿਰ ਹੋ ਕੇ ਸਕਲ = ਸਭ ਕੁਝ ਬਨਾਵੈ = ਬਣਾ ਲੈਂਦਾ ਹੈ ॥੨੬॥

## ਸਭ ਛਿਤ; ਸਿੰਧੁ, ਧਰਾਧਰ ਭਾਰੇ।

ਸਭ = ਸਾਰੀ ਛਿਤ = ਧਰਤੀ, ਸਿੰਧ = ਸਮੁੰਦਰ, ਭਾਰੀ ਧਰਾਧਰ = ਪਹਾੜ।

## ਸੂਰਜ, ਚੰਦ, ਗਗਨ, ਗਨ ਤਾਰੇ।

(ਪਾਠਾਂਤ੍ਰ ਗਗਨ ਗਤਿ ਤਾਰੇ)

ਸੂਰਜ, ਚੰਦ੍ਰਮਾ, ਗਗਨ = ਆਕਾਸ਼, ਗਨ = ਸਮੂਹ ਤਾਰੇ **ਵਾ:** ਸਾਰਿਆਂ ਦੀ ਗਤਿ = ਚਾਲ ਇਹ ਸਭ ਬਣਾ ਲੈਂਦਾ ਹੈ, ਭਾਵ ਰਚ ਲੈਂਦਾ ਹੈ।

## ਸ਼ਕਤਿ ਬ੍ਰਹਮੰਡ; ਰਚਨ ਕੀ ਹੋਇ।

ਫਿਰ ਇਸ ਜੀਵਾਤਮਾ ਵਿਚ ਬ੍ਰਹਮੰਡ ਰਚਨ ਕੀ = ਦੀ ਸ਼ਕਤੀ ਹੋਇ = ਹੋ ਜਾਂਦੀ ਹੈ, ਭਾਵ ਸੂਰਜ, ਚੰਦ੍ਰਮਾ, ਆਕਾਸ਼, ਤਾਰੇ, ਧਰਤੀ, ਸਮੁੰਦਰ, ਪਹਾੜ, ਜੀਵ-ਜੰਤੂ ਸਭ ਕੁਝ ਨਵੇਂ ਰਚ ਲੈਂਦਾ ਹੈ।

## ਸੂਖਮ ਬਿਖੈ; ਥੂਲ ਇਮ ਜੋਇ ॥੨੭॥

ਇਮ = ਇਉਂ ਸੂਖਮ ਬਿਖੈ = ਵਿਚ ਅਸਥੂਲ ਸ੍ਰਿਸ਼ਟੀ ਜੋਇ = ਦੇਖਦਾ ਹੈ ॥੨੭॥

## ਜਿਮ ਸੁਪਨਾ; ਜੀਵਾਤਮਾ ਕੇਰਾ।

ਜਿਸ = ਜਿਵੇਂ ਜੀਵਾਤਮਾ ਕੇਰਾ = ਦਾ ਸੂਖਮ ਨਾੜੀ ਵਿਚ ਸੁਪਨਾ ਹੈ।

## ਜੋ ਚਾਹੈ; ਰਚਿ ਲੇਤਿ ਬਡੇਰਾ।

ਜੀਵਾਤਮਾ, ਮਨ ਜੋ ਚਾਹੈ = ਚਾਹੁੰਦਾ ਹੈ, ਉਹ ਬਡੇਰਾ = ਵੱਡੀਆਂ ਵਸਤੂਆਂ ਵੀ ਰਚ ਲੈਂਦਾ ਹੈ।

## ਤਿਮ ਈਸ਼ੁਰ ਕੋ; ਸੁਪਨਾ ਅਹੈ।

ਤਿਮ = ਤਿਵੇਂ ਈਸ਼ਵਰ ਕੋ = ਦਾ ਸੁਪਨਾ ਸੰਸਾਰ ਅਹੈ = ਹੈ।

## ਬਿਧਿ ਪ੍ਰਪੰਚ; ਜੇਤਿਕ ਦ੍ਰਿਸ਼ ਲਹੈ ॥੨੮॥

ਜੇਤਿਕ = ਜਿਤਨੀ ਕੁ ਬਿਧਿ = ਬ੍ਰਹਮਾ ਦੀ ਰਚਨਾ, ਪ੍ਰਪੰਚ (ਪ੍ਰ+ਪੰਚ) ਪ੍ਰ = ਵਿਸ਼ੇਸ਼ ਕਰਕੇ ਪੰਜ ਵਸਤੂਆਂ ਦਾ ਬਣਿਆ ਹੋਇਆ ਭਾਵ ਤਿੰਨ ਅੰਸਾਂ ਬ੍ਰਹਮਾ ਦੀਆਂ (ਅਸਤੀ, ਭਾਂਤੀ, ਪ੍ਰੇਯ) ਤੇ ਦੋ ਅੰਸਾਂ ਮਾਇਆ ਦੀਆਂ (ਨਾਮ ਤੇ ਰੂਪ) ਭਾਵ ਜੋ ਪ੍ਰਪੰਚ ਰੂਪ ਜਗਤ ਦ੍ਰਿਸ਼ = ਨਜ਼ਰ, ਦਿਖਾਈ ਦਿੰਦਾ ਹੈ, ਇਹ ਈਸ਼ਰ ਦਾ ਸੁਪਨਾ ਹੈ ॥੨੮॥

## ਇਸ ਜਗ ਮਹਿਂ, ਸਭਿ ਜੀਵ ਦੁਖਾਰੇ।

ਇਸ ਜਗ = ਸੰਸਾਰ ਦੇ ਮਹਿ = ਵਿਚ ਸਭਿ = ਸਾਰੇ ਜੀਵ ਦੁਖਾਰੇ = ਦੁਖੀ ਹਨ।

## ਬਸਿ ਅੱਗ੍ਯਾਨ; ਬੰਧਿ ਮਹਿਂ ਭਾਰੇ।

(ਪਾਠਾਂਤ੍ਰ ਬੰਧਿ ਹਿਤ)

ਅੱਗ੍ਯਾਨ ਦੇ ਭਾਰੇ ਬੰਧਨ ਮਹਿ = ਵਿਚ ਬਸਿ = ਬਸ ਹੋਏ **ਵਾ:** ਅੱਗਿਆਨ ਦੇ ਹਿਤ = ਕਾਰਨ ਬੰਨ੍ਹੇ ਹੋਏ ਹਨ।

## ਅਤਿ ਸੰਕਟ ਤੇ; ਤਨ ਕੋ ਤਜੈ।

ਫਿਰ ਅਤਿਅੰਤ ਸੰਕਟ = ਦੁੱਖਾਂ ਨੂੰ ਭੋਗਦਾ ਹੋਇਆ ਤਨ = ਸਰੀਰ ਕੋ = ਨੂੰ ਤਜੈ = ਤਿਆਗ ਦਿੰਦਾ ਹੈ। ਪਹਿਲਾਂ ਤਾਂ ਸਰੀਰ ਤਿਆਗਣ ਦਾ ਅਤਿਅੰਤ ਦੁਖ, ਜੋ 'ਆਤਮ ਪੁਰਾਣ' ਅਨੁਸਾਰ ਸੱਤਰ ਹਜ਼ਾਰ ਬਿਛੂ ਇਕੱਠਾ ਡੰਗ ਮਾਰੇ, ਜਿਤਨਾ ਉਸ ਦੀ ਜ਼ਹਿਰ ਦਾ ਦੁੱਖ ਹੁੰਦਾ ਹੈ ਉਤਨਾ ਦੁਖ ਸਰੀਰ ਤਿਆਗਣ ਵੇਲੇ ਹੁੰਦਾ ਹੈ, ਬਿਛੂ ਦੀ ਜ਼ਹਿਰ ਅਤਿ ਜਲਨਤਾ ਪੈਦਾ ਕਰਦੀ ਹੈ, ਸੱਪ ਦੀ ਜ਼ਹਿਰ ਨਾਲੋਂ ਜਲਨਤਾ ਵਿਚ ਵਧੇਰੇ ਖ਼ਤਰਨਾਕ ਹੈ, ਇਕ ਬਿੱਛੂ ਦਾ ਡੰਗ ਤੜਫ਼ਾ ਕੇ ਰੱਖ ਦਿੰਦਾ ਹੈ, ਤਾਂ ਸੱਤਰ ਹਜ਼ਾਰ ਦੀ ਜ਼ਹਿਰ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਕਿ ਕਿਤਨਾ ਕੁ ਦੁਖ ਹੁੰਦਾ ਹੈ।

## ਅਘ ਤੇ ਦੂਤ; ਸਾਸਨਾ ਸਜੈ ॥੨੯॥

ਫਿਰ ਜੀਵ ਨੇ ਜਿਤਨੇ ਅਘ = ਪਾਪ ਕੀਤੇ ਹਨ, ਉਸ ਦੇ ਬਦਲੇ ਦੂਤ = ਜਮਦੂਤਾਂ ਦੀਆਂ ਸਾਸਨਾ = ਤਾੜਨਾ ਦੀ ਸਜੈ = ਸਜ਼ਾ ਸਹਾਰਦਾ ਹੈ ॥੨੯॥

## ਨਾਨਾ ਨਰਕਨਿ; ਕਸ਼ਟ ਭੁਗਾਵੈਂ।

ਫਿਰ ਉਹ ਜਮਦੂਤ ਧਰਮਰਾਜ ਦੇ ਹੁਕਮ ਅਨੁਸਾਰ ਉਸ ਜੀਵ ਨੂੰ ਨਾਨਾ = ਅਨੇਕਾਂ ਤਰ੍ਹਾਂ ਦੇ ਨਰਕਨਿ = ਨਰਕਾਂ ਦੇ ਕਸ਼ਟ = ਦੁਖ ਭੁਗਾਵੈਂ = ਭੁਗਤਾਉਂਦੇ ਹਨ।

## ਅਘ ਫਲ ਭੁਗੇ; ਵਹਿਰ ਨਿਕਸਾਵੈ।

ਜਦੋਂ ਉਹ ਜੀਵ ਕੀਤੇ ਹੋਏ ਅਘ = ਪਾਪਾਂ ਦਾ ਫਲ ਦੁਖ ਰੂਪ ਦੇ ਵਿਚ ਭੁਗੇ = ਭੋਗ ਲੈਂਦਾ ਹੈ, ਫਿਰ ਉਸ ਨੂੰ ਜਮਦੂਤ ਨਰਕਾਂ ਦੇ ਵਿਚੋਂ ਵਹਿਰ = ਬਾਹਰ ਨਿਕਸਾਵੈ = ਕੱਢ ਲੈਂਦੇ ਹਨ।

## ਤਿਮ ਹੀ ਨਾਨਾ; ਸੁਖ ਕੋ ਦੇਤਿ।

ਤਿਮ = ਤਿਵੇਂ ਹੀ ਨਾਨਾ = ਅਨੇਕਾਂ ਤਰ੍ਹਾਂ ਦੇ ਪੁੰਨ ਕਰਮਾਂ ਦਾ ਫਲ ਜੀਵ ਕੋ = ਨੂੰ ਦੇਤਿ = ਦੇ ਦਿੰਦਾ ਹੈ, ਭਾਵ ਉਹ ਧਰਮਰਾਜ ਦੇ ਹੁਕਮ ਅਨੁਸਾਰ ਸਵਰਗ ਆਦਿ ਦੇ ਸੁਖ ਭੋਗ ਲੈਂਦਾ ਹੈ।

## ਕਰਤਿ ਪੁੰਨ; ਜੋ ਰਹੈ ਸੁਚੇਤ ॥੩੦॥

ਜੋ ਸੁਚੇਤ = ਸਾਵਧਾਨ ਹੋ ਕੇ ਜੀਵ ਪੁੰਨ ਕਰਮ ਕਰਤਿ = ਕਰਦਾ ਰਿਹਾ ਹੈ, ਉਸ ਦਾ ਫਲ ਸੁਖ ਰੂਪ ਦੇ ਵਿਚ ਭੋਗਦਾ ਹੈ। ਇਹ ਸੁਖ ਤੇ ਦੁਖ ਜੀਵ ਦੇ ਆਪਣੇ ਕੀਤੇ ਹੋਏ ਪਾਪ ਤੇ ਪੁੰਨ ਦਾ ਫਲ ਹੋਇਆ ਕਰਦੇ ਹਨ, ਪਾਪ ਕਰਮ ਦਾ ਫਲ ਦੁਖ, ਪੁੰਨ ਕਰਮ ਦਾ ਫਲ ਸੁਖ ਰੂਪ ਵਿਚ ਮਿਲਦਾ ਹੈ, ਇਸ ਕਰਕੇ ਗੁਰੂ ਸਾਹਿਬ ਨੇ ਐਸਾ ਕਥਨ ਕੀਤਾ ਹੈ॥੩੦॥ ਜੈਸਾ ਕਿ :

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥** *(ਆਸਾ ਪਟੀ ਮ: ੧, ਅੰਗ ੪੩੩)*

## ਪਾਪੀ ਪੁੰਨੀ; ਦੁਖ ਸੁਖ ਪਾਇ।

ਪਾਪੀ = ਪਾਪ ਦਾ ਫਲ ਦੁਖ ਰੂਪ ਵਿਚ ਪਾ ਕੇ ਤੇ ਪੁੰਨੀ = ਪੁੰਨ ਦਾ ਫਲ ਸੁਖ ਰੂਪ ਵਿਚ ਪਾਇ = ਪਾ ਕੇ ਭਾਵ ਪਾਪ ਦਾ ਫਲ ਨਰਕ ਰੂਪ ਵਿਚ ਦੁਖ, ਸਜ਼ਾਵਾਂ ਤੇ ਪੁੰਨ ਦਾ ਫਲ ਸਵਰਗ ਆਦਿ ਦੇ ਭੋਗ ਸੁਖ ਰੂਪਾਂ ਵਿਚ ਭੋਗ ਕੇ, ਇਉਂ ਸੁਖ ਦੁਖ ਦਾ ਫਲ ਭੁਗਤਾਉਣ ਤੋਂ ਬਾਅਦ ਇਹ ਜੀਵਾਤਮਾ ;

## ਚੰਦ ਅੰਸ ਮਹਿਂ; ਪੁਨ ਮਿਲ ਜਾਇ।

ਚੰਦ = ਚੰਦ੍ਰਮਾ ਦੀ ਅੰਸ = ਕਿਰਨਾਂ ਮਹਿਂ = ਵਿਚ ਪੁਨ = ਫਿਰ ਮਿਲ ਜਾਇ = ਜਾਂਦਾ ਹੈ, ਭਾਵ ਜੀਵਾਤਮਾ ਚੰਦ੍ਰਮਾ ਦੀ ਕਿਰਨਾਂ ਰੂਪ ਹੋ ਕਰਕੇ।

## ਤਿਨ ਦ੍ਵਾਰਾ; ਅੰਨਨ ਮਾਹਿਂ ਆਵੈ।

ਤਿਨ = ਉਹਨਾਂ ਚੰਦ੍ਰਮਾ ਦੀਆਂ ਕਿਰਨਾਂ ਦੁਆਰਾ ਅੰਨਨ = ਅੰਨ (ਅਨਾਜ) ਮਾਹਿਂ = ਵਿਚ ਆ ਕੇ ਮਿਲ ਜਾਂਦਾ ਹੈ, ਭਾਵ ਕਿਰਨਾਂ ਰੂਪ ਤੋਂ ਫਿਰ ਅੰਨ ਰੂਪ ਹੋ ਜਾਂਦਾ ਹੈ।

## ਚਾਕੀ ਮੂਸਲ ਤੇ; ਦੁਖ ਪਾਵੈ।੩੧॥

ਫਿਰ ਜੀਵਾਤਮਾ ਅੰਨ ਰੂਪ ਹੋਇਆ ਚੱਕੀ ਦੇ ਵਿਚ ਪੀਸਿਆ ਜਾਂਦਾ ਹੈ ਤੇ ਆਟਾ ਤਿਆਰ ਕੀਤਾ ਜਾਂਦਾ ਹੈ, ਕੁਝ ਚੌਲਾਂ ਆਦਿਕ ਦੇ ਰੂਪ ਵਿਚ ਉਖਲੀ ਤੇ ਮੂਸਲ = ਮੂਲੇ ਦੁਆਰਾ ਸੱਟਾਂ ਦਾ ਦੁਖ ਪਾਵੈ = ਪਾਉਂਦਾ ਹੈ ॥੩੧॥

## ਅਗਨੀ ਬਿਖੈ; ਪਕਾਵਤਿ ਫੇਰ।

ਫਿਰ ਇਹ ਕੱਚੇ ਅਨਾਜ ਨੂੰ ਅਨੇਕਾਂ ਤਰ੍ਹਾਂ ਕਰਕੇ ਅਗਨੀ = ਅੱਗ ਬਿਖੈ = ਵਿਚ ਪਕਾਵਤਿ = ਪਕਾਇਆ ਜਾਂਦਾ ਹੈ ਤੇ ਇਹ ਜੀਵਾਤਮਾ ਅੱਗ ਵਿਚ ਸੜਨ ਦਾ ਦੁਖ ਪਾਉਂਦਾ ਹੈ।

## ਭੋਗਹਿ ਨਾਨਾ; ਕਸ਼ਟ ਬਡੇਰ।

ਇਉਂ ਨਾਨਾ = ਅਨੇਕਾਂ ਤਰ੍ਹਾਂ ਦੇ ਬਡੇਰ = ਵੱਡੇ ਕਸ਼ਟ = ਦੁਖ ਭਾਵ ਨਰਕ ਦੇ ਦੁਖ ਤੋਂ ਲੈ ਕੇ ਅਗਨੀ ਦੇ ਤਪਾਉਣ ਦੇ ਦੁਖ ਤਕ ਭੋਗਹਿ = ਭੋਗ ਕੇ ਤੇ।

## ਪੁਨ ਪ੍ਰਾਨੀ ਕੇ; ਦਾੜਨਿ ਮਾਹਿਂ।

ਪੁਨ = ਫਿਰ ਪੱਕੇ ਹੋਏ ਅੰਨ ਵਿਚ ਰੋਟੀ ਰੂਪ ਹੋ ਕਰਕੇ ਇਕ-ਇਕ ਬੁਰਕੀ ਕਰਕੇ ਪ੍ਰਾਣੀ ਦੀਆਂ ਦਾੜਨਿ = ਜਾੜਾਂ ਦੇ ਵਿਚ ਆ ਕੇ।

## ਚਿਥਿ ਬਹੁ ਭਾਂਤਨਿ ਤੇ; ਦੁਖ ਪਾਹਿ ॥੩੨॥

(ਪਾਠਾਂਤ੍ਰ ਬਚ)

ਚਿੱਥੇ ਜਾਣ ਦਾ ਬਹੁਤ ਭਾਂਤਨਿ = ਤਰ੍ਹਾਂ ਦਾ ਦੁਖ ਪਾਉਂਦਾ ਹੈ **ਵਾ:** ਬਚ ਕੇ ਭਾਵ ਮਰਨ ਤੋਂ ਬਿਨਾਂ ਦੁਖ ਹੀ ਸਹਾਰਦਾ ਹੋਇਆ, ਅੱਗੇ ਤੋਂ ਅੱਗੇ ਦੁੱਖਾਂ ਵਿਚ ਤੁਰਿਆ ਰਹਿੰਦਾ ਹੈ॥੩੨॥

## ਉਦਰ ਬਿਖੈ; ਜਠਰਾਗਨਿ ਤੇਜ।

ਫਿਰ ਇਹ ਜੀਵਾਤਮਾ ਉਦਰ = ਪੇਟ ਬਿਖੈ = ਵਿਚ ਜਠਰਾਗਨੀ ਦੇ ਤੇਜ = ਸੇਕ ਨਾਲ ਤੱਪਦਾ ਰਹਿੰਦਾ ਹੈ।

## ਤਹਿਂ ਸੰਕਟ ਲਹਿ; ਅਸਨ ਅਮੇਜ।

ਫਿਰ ਇਹ ਜੀਵਾਤਮਾ ਅਸਨ = ਅੰਨ ਵਿਚ ਅਮੇਜ = ਮਿਲਿਆ ਹੋਇਆ, ਤਹਿਂ = ਉੱਥੇ ਜਠਰਾਗਨੀ ਵਿਚ ਤਰ੍ਹਾਂ ਤਰ੍ਹਾਂ ਦੇ ਸੰਕਟ = ਦੁਖ ਲੈਂਦਾ ਹੈ।

## ਪੁਨ ਰਸ ਸੰਗ; ਨਸਾ ਮਹਿਂ ਬਸੈ।

ਪੁਨ = ਫਿਰ ਉਹ ਜੀਵਾਤਮਾ ਅੰਨ ਦੇ ਰਸ ਸੰਗ = ਨਾਲ ਨਸਾਂ = ਨਾੜੀਆਂ ਵਿਚ ਰਸ ਰੂਪ ਹੋ ਕੇ ਬਸੈ = ਰਹਿੰਦਾ ਹੈ।

## ਤਨ ਕੋ ਰੁਧਰ; ਹੋਤਿ ਦੁਖ ਗ੍ਰਸੈ ॥੩੩॥

ਫਿਰ ਉਹ ਜੀਵਾਤਮਾ ਤਨ = ਸਰੀਰ ਦੇ ਵਿਚ ਅੰਨ ਦੇ ਰਸ ਤੋਂ ਰੁਧਰ = ਲਹੂ ਦਾ ਰੂਪ ਹੋ ਕੇ ਦੁੱਖਾਂ ਦਾ ਗ੍ਰਸੈ = ਪਕੜਿਆ ਰਹਿੰਦਾ ਹੈ॥੩੩॥

## ਬਹੁਰ ਸ਼੍ਰੋਨ ਤੇ; ਆਮਿਖ ਬਨੈ।

ਬਹੁਰ = ਫਿਰ ਇਹ ਜੀਵਾਤਮਾ ਸ਼੍ਰੋਨ = ਲਹੂ ਤੋਂ ਆਮਿਖ = ਮਾਸ ਬਨੈ = ਬਣ ਜਾਂਦਾ ਹੈ।

## ਤਹਾਂ ਪਹੁੰਚਿ; ਬਡ ਸੰਕਟ ਸਨੈ।

ਤਹਾਂ = ਉਥੇ ਮਾਸ ਰੂਪ ਵਿਚ ਪਹੁੰਚ ਕੇ ਬਡ = ਵੱਡੇ ਸੰਕਟ = ਦੁੱਖਾਂ ਦੇ ਸਨੈ = ਸਹਿਤ ਹੋ ਜਾਂਦਾ ਹੈ ਭਾਵ ਉਥੇ ਵੀ ਬਹੁਤ ਦੁਖ ਪ੍ਰਾਪਤ ਕਰਦਾ ਹੈ।

## ਸਨੇ ਸਨੇ ਪੁਨ; ਮੇਦ ਮਝਾਰਾ।

ਪੁਨ = ਫਿਰ ਇਹ ਜੀਵਾਤਮਾ ਸਨੇ ਸਨੇ = ਹੌਲੀ ਹੌਲੀ ਮੇਦ = ਮਿੱਝ ਦੇ ਮਝਾਰਾ = ਵਿਚ ਚਲਾ ਜਾਂਦਾ ਹੈ।

## ਤਾਂਹਿ ਬਸਹਿ; ਸਭਿ ਰੀਤਿ ਦੁਖਾਰਾ ॥੩੪॥

ਤਾਂਹਿ = ਉਥੇ ਮਿੱਝ ਦੇ ਵਿਚ ਇਹ ਜੀਵਾਤਮਾ ਸਭਿ = ਸਾਰੇ ਤਰ੍ਹਾਂ ਦੀ ਰੀਤ ਕਰਕੇ ਦੁਖਾਰਾ = ਦੁਖੀ ਹੋ ਕੇ ਬਸਹਿ = ਰਹਿੰਦਾ ਹੈ ॥੩੪॥

## ਅਸਥੀ ਮਹਿਂ, ਮੁਸ਼ਕਲਤਾ ਪਾਇ।

ਫਿਰ ਜੀਵਾਤਮਾ ਅਸਥੀ = ਹੱਡੀ ਰੂਪ ਮਹਿਂ = ਵਿਚ ਮੁਸ਼ਕਲਤਾ = ਔਖਿਆਈ ਭਾਵ ਬਹੁਤ ਦੁਖ ਪਾਇ = ਪਾਉਂਦਾ ਹੈ।

## ਇਮਹੀ ਸਪਤ ਧਾਤ; ਮਹਿ ਜਾਇ।

ਇਮਹੀ = ਇਸੇ ਤਰ੍ਹਾਂ ਸਰੀਰ ਦੇ ਵਿਚ ਸਪਤ = ਸੱਤ ਧਾਤੂਆਂ (ਰਕਤ, ਰੋਮ, ਨਾੜੀ, ਤੁਚਾ (ਚਮੜੀ), ਅਸਥਿ, ਮਿੱਝ (ਚਰਬੀ), ਪੱਠੇ ਦੇ ਵਿਚ ਚਲਾ ਜਾਂਦਾ ਹੈ ਭਾਵ ਸਪਤ ਧਾਤੂ ਰੂਪ ਹੋ ਜਾਂਦਾ ਹੈ।

## ਪੁਨ ਬੀਰਜ ਕੇ; ਮਿਲਿ ਕੈ ਸੰਗ।

ਪੁਨ = ਫਿਰ ਇਹ ਜੀਵਾਤਮਾ ਅਖ਼ੀਰਲੀ ਅੱਠਵੀਂ ਧਾਤੂ ਬੀਰਜ = ਬਿੰਦ ਕੇ = ਦੇ ਸੰਗ = ਨਾਲ ਮਿਲ ਕੇ :

## ਪ੍ਰਾਨੀ ਕੇ; ਉਪਜਾਇ ਅਨੰਗ ॥੩੫॥

ਫਿਰ ਪ੍ਰਾਣੀ ਦੇ ਅੰਦਰ ਬੀਰਜ ਰੂਪ ਹੋ ਕਰਕੇ ਅਨੰਗ = ਕਾਮ ਵਾਸ਼ਨਾ ਉਪਜਾਇ = ਪੈਦਾ ਕਰਦਾ ਹੈ ॥੩੫॥

## ਇਸਤ੍ਰੀ ਕੇ, ਸੰਜੋਗ ਕੋ ਪਾਇ।

ਫਿਰ ਇਹ ਜੀਵਾਤਮਾ ਇਸਤ੍ਰੀ ਕੇ = ਦੇ ਸੰਜੋਗ = ਸੰਬੰਧ ਕੋ = ਨੂੰ ਪਾਇ = ਪਾ ਕੇ :

## ਨਿਕਸ ਲਿੰਗ ਤੇ; ਭਗ ਮਹਿਂ ਜਾਇ।

ਪੁਰਸ਼ ਦੇ ਲਿੰਗ ਤੇ = ਤੋਂ ਬੀਰਜ ਰੂਪ ਵਿਚ ਨਿਕਸ = ਨਿਕਲ ਕੇ ਇਸਤ੍ਰੀ ਦੀ ਭਗ = ਯੋਨਿ ਮਹਿਂ = ਵਿਚ ਚਲਾ ਜਾਇ = ਜਾਂਦਾ ਹੈ।

## ਰਜ ਕੋ ਰੁਧਿਰ; ਬੀਰਜ ਲਪਟੰਤਿ।

ਇਸਤ੍ਰੀ ਕੋ = ਨੂੰ ਰਜ = ਮਹਾਂਵਾਰੀ ਆਉਣ ਪਿੱਛੋਂ ਰੁਧਿਰ = ਖ਼ੂਨ ਦਾ ਬਣਿਆ ਹੋਇਆ ਆਂਡਾ ਜਦੋਂ

ਬੀਰਜ ਨਾਲ ਲਪਟੰਤਿ = ਲਿਪਟ ਕੇ ਭਾਵ ਪਤੀ ਪਤਨੀ ਦੇ ਸੰਬੰਧ ਰੂਪ ਵਿਚ ਉਹ ਆਂਡਾ ਫੁੱਟ ਕੇ ਬੀਰਜ ਨਾਲ ਮਿਲ ਕੇ।

## ਗੁਲਕਾ ਸਮ ਗ੍ਰਭ; ਥਲ ਥਿਰਿਯੰਤਿ ॥੩੬॥

ਗਰਭਾਸਯ ਥਲ = ਅਸਥਾਨ ਵਿਚ ਭਾਵ ਬੱਚੇਦਾਨੀ ਵਿਚ ਥਿਰਿਯੰਤਿ = ਟਿਕ ਕੇ ਗੁਲਕਾ = ਗੋਲੇ ਦੇ ਸਮ = ਬਰਾਬਰ ਭਾਵ ਮਿੱਟੀ ਦੇ ਗੋਲੇ ਦੇ ਸਰੂਪ ਵਰਗਾ ਬਣ ਜਾਂਦਾ ਹੈ॥੩੬॥ ਜੈਸਾ ਕਿ :

**ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥** *(ਮਾਰੂ ਸੋਲਹੇ ਮ: ੧, ਅੰਗ ੧੦੨੩)*

## ਤਹਿਂ ਨੌ ਮਾਸ; ਬਾਸ ਕੋ ਪਾਇ।

ਤਹਿਂ = ਉਥੇ ਮਾਤਾ ਦੇ ਪੇਟ ਵਿਚ ਨੌਂ ਮਾਸ = ਮਹੀਨੇ ਬਾਸੇ ਕੋ = ਨੂੰ ਪਾਇ = ਪਾ ਕੇ ਭਾਵ ਨੌਂ ਮਹੀਨੇ ਮਾਤਾ ਦੇ ਗਰਭ ਵਿਚ ਰਹਿ ਕੇ :

## ਦੁਖ ਭੋਗੈ; ਬਨਿ ਸਿਰ ਤਰਵਾਇ।

ਸਿਰ ਤਰਵਾਇ = ਹੇਠਾਂ ਨੂੰ ਤੇ ਲੱਤਾਂ ਉੱਪਰ ਨੂੰ ਇਸ ਤਰ੍ਹਾਂ ਦੀ ਕਿਰਿਆ ਵਿਚ ਬਣ ਕੇ ਜੀਵਾਤਮਾ ਮਾਤਾ ਦੇ ਗਰਭ ਵਿਚ ਦੁਖ ਭੋਗੈ = ਭੋਗਦਾ ਹੈ। ਜੈਸਾ ਕਿ :

**ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥** *(ਜੈਤਸਰੀ ਕੀ ਵਾਰ ਮ: ੫, ਅੰਗ ੭੦੬)*

## ਮਿਲਯੋ ਰਹੈ; ਮਲ ਮੂਤ੍ਰ ਕੇ ਸੰਗ।

ਫਿਰ ਇਹ ਜੀਵਾਤਮਾ ਮਾਤਾ ਦੇ ਗਰਭ ਦੇ ਵਿਚ ਨੌਂ ਮਹੀਨੇ ਸਿਰ ਹੇਠਾਂ ਕਰਕੇ ਜਿਥੇ ਇਹ ਪਲਦਾ ਹੈ, ਉਥੇ ਇਸ ਦੇ ਮੂੰਹ ਉੱਤੇ ਪਤਲਾ ਜਿਹਾ ਪੜਦਾ ਹੁੰਦਾ ਹੈ, ਜਿਸ ਦੇ ਉਤੋਂ ਦੀ ਮਾਤਾ ਦਾ ਮਲ ਮੂਤ੍ਰ ਲੰਘਦਾ ਹੈ, ਇਉਂ ਮਲ ਮੂਤ੍ਰ ਦੇ ਸੰਗ = ਨਾਲ ਮਿਲਿਆ ਰਹੈ = ਰਹਿੰਦਾ ਹੈ।

## ਬਨਹਿ ਬ੍ਰਿਧਹਿ; ਕਾਇਆਂ ਸਰਬੰਗ ॥੩੭॥

ਫਿਰ ਉਸ ਗੋਲੇ ਤੋਂ ਕਾਇਆ = ਸਰੀਰ ਦੇ ਸਰਬੰਗ = ਸਾਰੇ ਅੰਗ ਹੱਥ, ਪੈਰ ਮੂੰਹ, ਨੱਕ, ਕੰਨ ਆਦਿਕ ਬਣ ਕੇ ਬ੍ਰਿਧਹਿ = ਵਧਣੇ ਸ਼ੁਰੂ ਹੋ ਜਾਂਦੇ ਹਨ॥੩੭॥

## ਕਸ਼ਟ ਗਰਭ ਕੇ; ਗਿਨੇ ਨ ਜਾਇਂ।

ਇਸ ਕਰਕੇ ਜਿਹੜੇ ਮਾਤਾ ਕੇ = ਦੇ ਗਰਭ = ਪੇਟ ਵਿਚ ਕਸ਼ਟ = ਦੁਖ ਹਨ, ਉਹ ਗਿਣੇ ਨ = ਨਹੀਂ ਜਾਇਂ = ਜਾ ਸਕਦੇ, ਇਤਨੇ ਦੁਖ ਹਨ ਭਾਵ ਗਿਣਤੀ ਰਹਿਤ ਹਨ।

## ਜਿਨ ਕੋ ਸੁਨਿ; ਰੁਮੰਚ ਹ੍ਵੈ ਆਇ।

ਜਿਨਾ ਕੋ = ਨੂੰ ਸੁਣ ਕੇ ਰੁਮੰਚ = ਰੋਮ ਖੜੇ ਹੋ ਆਇ = ਆਉਂਦੇ ਹਨ।

## ਭਗ ਦ੍ਵਾਰਾ; ਨਿਕਸਤਿ ਦੁਖ ਪਾਵੈ।

ਫਿਰ ਨੌਂ ਮਹੀਨੇ ਤੋਂ ਬਾਅਦ ਕੁਝ ਦਿਨ ਉਪਰ ਹੋਇਆ, ਇਹ ਜੀਵਾਤਮਾ ਦਾ ਸਰੀਰ ਮਾਤਾ ਦੀ

ਭਗ = ਯੋਨੀ ਦੁਆਰਾ ਬਾਹਰ ਨਿਕਸਤਿ = ਨਿਕਲਣ ਦਾ ਦੁਖ ਪਾਵੈ = ਪਾਉਂਦਾ ਹੈ ਭਾਵ ਜਨਮ ਲੈਣ ਦਾ ਦੁਖ ਪਾਉਂਦਾ ਹੈ।

## ਨੀਠ ਨੀਠ; ਬਾਹਰ ਕੋ ਆਵੈ ॥੩੮॥

ਫਿਰ ਇਹ ਨੀਠ ਨੀਠ = ਮਸਾਂ ਮਸਾਂ, ਹੌਲੀ-ਹੌਲੀ ਕਰਕੇ ਭਾਵ ਔਖਾ ਹੋ ਕੇ ਬਾਹਰ ਕੋ = ਨੂੰ ਆਵੈ = ਆਉਂਦਾ ਹੈ ॥੩੮॥

## ਦ੍ਵਾਰ ਤੰਗ; ਤਨ ਥੂਲ ਬਡੇਰਾ।

ਮਾਤਾ ਦਾ ਜਨਮ ਅਸਥਾਨ ਯੋਨੀ ਤੰਗ ਹੁੰਦੀ ਹੈ ਤੇ ਬੱਚੇ ਦਾ ਤਨ = ਸਰੀਰ ਬਹੁਤ ਥੂਲ = ਮੋਟਾ ਤੇ ਬਡੇਰਾ = ਵੱਡਾ ਹੁੰਦਾ ਹੈ। ਜਿਸ ਕਰਕੇ ਜਨਮ ਦੇਣ ਵਾਲੀ ਅਤੇ ਜਨਮ ਲੈਣ ਵਾਲਾ ਦੋਨੋਂ ਹੀ ਦੁਖ ਪਾਉਂਦੇ ਹਨ।

## ਜੰਤੀ ਸਮ; ਖੈਂਚਿਯ ਤਿਸ ਬੇਰਾ।

ਜਿਵੇਂ ਸੁਨਿਆਰੇ ਕੋਲ ਜੰਤੀ = ਤਾਰ ਖਿੱਚਣ ਦਾ ਵੱਡੇ ਛੋਟੇ ਛੇਕਾਂ ਵਾਲਾ ਜੰਤੀ (ਜਿੰਦੀ) ਹੁੰਦੀ ਹੈ, ਜਿਸ ਦੇ ਵਿਚ ਸੁਨਿਆਰਾ ਸੋਨੇ, ਚਾਂਦੀ ਦੀ ਤਾਰ ਨੂੰ ਬਰੀਕ ਕਰਨ ਲਈ ਗਰਮ ਕਰਕੇ ਉਸ ਵਿਚ ਖੈਂਚਿਯ = ਖਿੱਚਦਾ ਹੈ, ਸੁਰਾਖ਼ ਤੰਗ ਹੁੰਦਾ ਹੈ, ਤਾਰ ਮੋਟੀ ਹੁੰਦੀ ਹੈ, ਪਰ ਸੁਰਾਖ਼ ਦੇ ਵਿੱਚੋਂ ਲੰਘ ਕੇ ਪਤਲੀ ਹੋ ਜਾਂਦੀ ਹੈ, ਇਸੇ ਤਰ੍ਹਾਂ ਜੰਤੀ ਦੇ ਸਮ = ਬਰਾਬਰ ਮਾਤਾ ਦਾ ਜਨਮ ਅਸਥਾਨ ਤੰਗ ਤੇ ਬੱਚੇ ਦਾ ਸਰੀਰ ਤਾਰ ਦੀ ਤਰ੍ਹਾਂ ਮੋਟਾ ਹੁੰਦਾ ਹੈ, ਫਿਰ ਤਿਸ = ਉਸ ਬੇਰਾ = ਵੇਲੇ ਭਾਵ ਜਨਮ ਦਵਾਉਣ ਵੇਲੇ ਦਾਈ ਉਸ ਨੂੰ ਖਿੱਚ ਕੇ ਬਾਹਰ ਕੱਢਦੀ ਹੈ ਤੇ ਉਹ ਪਤਲਾ ਹੋ ਕੇ ਬਾਹਰ ਨਿਕਲਦਾ ਹੈ, ਇਉਂ ਉਸ ਦੁਖ ਦੀ ਗੱਲ ਕਰਦੇ ਹਨ।

## ਆਪ ਦੁਖੀ, ਜਨਨੀ ਦੁਖ ਦੇਤਿ।

ਆਪ ਜਨਮ ਲੈਣ ਵਾਲਾ ਵੀ ਦੁਖ ਵਿਚ ਦੁਖੀ ਹੁੰਦਾ ਹੈ ਤੇ ਜਨਨੀ = ਜਨਮ ਦੇਣ ਵਾਲੀ ਮਾਤਾ ਦੇ ਜਿਸਮ ਨੂੰ ਵੀ ਅਤਿਅੰਤ ਦੁਖ ਦੇਤਿ = ਦੇਂਦਾ ਹੈ।

## ਨਿਕਸਤਿ ਗਿਰਤਾ; ਹੋਤਿ ਅਚੇਤ ॥੩੯॥

ਫਿਰ ਮਾਤਾ ਦੇ ਜਨਮ ਅਸਥਾਨ ਵਿਚੋਂ ਨਿਕਸਤਿ = ਨਿਕਲ ਕੇ ਅਚੇਤ = ਬੇਹੋਸ਼ ਹੋ ਕੇ ਗਿਰਤਾ = ਡਿੱਗਦਾ ਹੈ ॥੩੯॥

## ਜਥਾ ਬਿਰਣ ਤੇ; ਪਰਹਿ ਸੁ ਕੀਰਾ।

ਜਥਾ = ਜਿਵੇਂ ਬਿਰਣ = ਫੋੜੇ ਵਿਚੋਂ ਕੀਰਾ = ਕੀੜਾ ਨਿਕਲ ਕੇ ਹੇਠਾਂ ਧਰਤੀ 'ਤੇ ਡਿੱਗ ਪਰਹਿ = ਪੈਂਦਾ ਹੈ।

## ਤਿਮ ਬਾਹਰ ਭਾ; ਬਹੁ ਦੁਖ ਪੀਰਾ।

ਤਿਮ = ਤਿਵੇਂ ਜ਼ਖ਼ਮ ਵਿਚੋਂ ਡਿੱਗੇ ਕੀੜੇ ਦੀ ਨਿਆਈਂ ਉਹ ਬੱਚਾ ਬਹੁਤ ਦੁਖ ਦੀਆਂ ਪੀਰਾ = ਪੀੜਾ ਨੂੰ ਸਹਾਰਦਾ ਹੋਇਆ ਬਾਹਰ ਭਾ = ਆ ਕੇ ਡਿੱਗਦਾ ਹੈ ਭਾਵ ਮਾਤਾ ਦੇ ਪੇਟ ਤੋਂ ਬਾਹਰ ਆ ਜਾਂਦਾ ਹੈ।

## ਕਿਤਿਕ ਸਮੇਂ ਮਹਿਂ, ਚੇਤਨ ਹੋਇ।

ਫਿਰ ਕਿਤਿਕ = ਕੁਝ ਸਮੇਂ ਮਹਿਂ = ਵਿਚ ਬੇਹੋਸ਼ੀ ਤੋਂ ਚੇਤਨ = ਹੋਸ਼ ਵਿਚ ਹੋ ਜਾਂਦਾ ਹੈ।

## ਸੁਧ ਕੋ ਪਾਇ; ਉਠਤਿ ਹੈ ਰੋਇ ॥੪੦॥

ਫਿਰ ਉਹ ਸੁਧ = ਹੋਸ਼ ਕੋ = ਨੂੰ ਪਾਇ = ਪਾ ਕੇ ਰੋਇ = ਰੋ ਉਠਤਿ = ਉੱਠਦਾ ਹੈ, ਭਾਵ ਰੋਣ ਲੱਗ ਜਾਂਦਾ ਹੈ ॥੪੦॥

## ਬਾਲ ਅਵਸਥਾ ਮਹਿਂ; ਦੁਖ ਘਨੇ।

ਫਿਰ ਬਾਲ ਅਵਸਥਾ ਮਹਿਂ = ਵਿਚ ਘਨੇ = ਬਹੁਤੇ ਦੁਖ ਪ੍ਰਾਪਤ ਹੁੰਦੇ ਹਨ।

## ਰਾਵ ਰੰਕ ਕੇ; ਇਹ ਸਭਿ ਬਨੇ।

ਭਾਵੇਂ ਕੋਈ ਰਾਵ = ਰਾਜਾ ਹੋਵੇ ਤੇ ਭਾਵੇਂ ਕੋਈ ਰੰਕ = ਕੰਗਾਲ ਹੋਵੇ, ਇਹ ਸਾਰੇ ਦੁਖ ਸਭ ਨੂੰ ਇਕਸਾਰ ਭੋਗਣੇ ਬਨੇ = ਬਣਦੇ ਹਨ।

## ਸਗਰੇ ਗਰਭ ਬਿਖੈ; ਪਰਿ ਆਵੈ।

ਸਗਰੇ = ਸਾਰੇ ਹੀ ਭਾਵ ਚਾਹੇ ਕੋਈ ਗ਼ਰੀਬ, ਅਮੀਰ, ਰਾਜਾ, ਕੰਗਾਲ ਹੋਵੇ ਭਾਵ ਸਾਰੇ ਹੀ ਮਾਤਾ ਦੇ ਗਰਭ = ਪੇਟ ਵਿਚ ਪਰਿ = ਪੈ ਕੇ ਹੀ ਸੰਸਾਰ ਵਿਚ ਆਵੈ = ਆਉਂਦੇ ਹਨ।

## ਬਾਲ ਮੂੜ; ਰੋਦਨ ਤਪਤਾਵੈ ॥੪੧॥

ਜਦੋਂ ਬਾਲ = ਬੱਚਾ ਹੁੰਦਾ ਹੈ, ਉਸ ਵੇਲੇ ਅਗਿਆਨ ਕਰਕੇ ਮੂੜ = ਮੂਰਖ ਹੁੰਦਾ ਹੈ, ਦੁਖ ਵਿਚ ਤਪਤਾਵੈ = ਤਪਦਾ ਹੈ, ਜਿਵੇਂ ਅੱਗ ਤਪਦੀ ਹੈ, ਇਉਂ ਦੁਖ ਪਾਉਂਦਾ ਹੋਇਆ ਰੋਦਨ = ਰੋਂਦਾ ਹੈ ॥੪੧॥

## ਕਸ਼ਟ ਹੋਤਿ; ਨਹਿਂ ਜਾਤਿ ਬਤਾਯੋ।

ਜੋ ਬਚਪਨ ਵਿਚ ਕਸ਼ਟ = ਦੁੱਖ ਹੋਤਿ = ਹੁੰਦੇ ਹਨ, ਉਹ ਦੁੱਖਾਂ ਨੂੰ ਬਤਾਯੋ = ਦੱਸਿਆ ਨਹੀਂ ਜਾਂਦਾ ਕਿਉਂਕਿ ਅਜੇ ਬੋਲਣਾ ਨਹੀਂ ਸਿੱਖਿਆ।

## ਸਦਾ ਅਸ਼ੁਚਿ; ਡਹਿਕਤਿ ਡਰਪਾਯੋ।

ਸਦਾ = ਹਮੇਸ਼ਾ ਹੀ ਮਲ ਮੂਤਰ ਕਰਕੇ ਅਸ਼ੁਚਿ = ਮੈਲਾ ਰਹਿੰਦਾ ਹੈ, ਕਿਉਂਕਿ ਕਿਰਿਆ ਵੇਲੇ ਦੱਸ ਨਹੀਂ ਸਕਦਾ ਕਿ ਮੈਨੂੰ ਕਿਰਿਆ ਆ ਰਹੀ, ਇਸ ਕਰਕੇ ਮੈਲਾ ਰਹਿੰਦਾ ਹੈ ਤੇ ਡਰਪਾਯੋ = ਡਰ ਕੇ ਡਹਿਕਤਿ = ਕੰਬਦਾ ਹੈ।

## ਰਹੈ ਅਸ਼ਕਤਿ; ਕ੍ਰਿਯਾ ਨਹਿ ਹੋਇ।

ਅਸ਼ਕਤਿ = ਸ਼ਕਤੀ ਤੋਂ ਰਹਿਤ ਭਾਵ ਕਮਜ਼ੋਰ ਹੋ ਕੇ ਰਹੈ = ਰਹਿੰਦਾ ਹੈ ਤੇ ਕੋਈ ਵੀ ਕਿਰਿਆ ਨਹੀਂ ਹੋਇ = ਹੁੰਦੀ ਭਾਵ ਹੱਥਾਂ ਨਾਲ ਕੋਈ ਚੀਜ਼ ਪਕੜ ਨਹੀਂ ਸਕਦਾ, ਪੈਰਾਂ ਨਾਲ ਚੱਲ ਨਹੀਂ ਸਕਦਾ। ਜੀਭ ਨਾਲ ਬੋਲ ਕੇ ਦੱਸ ਨਹੀਂ ਸਕਦਾ, ਇਉਂ ਦੁਖੀ ਹੋਇਆ ਵਿਲਕਦਾ ਰਹਿੰਦਾ ਹੈ।

## ਜਾਚਹਿ ਚੰਦ; ਕਹਾਂ ਦੇ ਕੋਇ ॥੪੨॥

ਫਿਰ ਚੰਦ੍ਰਮਾ ਨੂੰ ਦੇਖ ਕੇ ਬੇਸਮਝੀ ਦੇ ਕਾਰਨ ਉਸ ਨੂੰ ਜਾਚਹਿ = ਮੰਗਦਾ ਹੈ, ਪਰ ਕੋਈ ਕਹਾਂ = ਕਿਵੇਂ ਲਿਆ ਕੇ ਦੇ ਸਕਦਾ ਹੈ ਕਿਉਂਕਿ ਅਸੰਭਵ ਗੱਲ ਹੈ, ਫਿਰ ਜਦੋਂ ਮਨ ਇੱਛਤ ਵਸਤੂ ਚੰਦ੍ਰਮਾ ਆਦਿ ਨਹੀਂ ਮਿਲਦੀ ਤਾਂ ਰੋਣਾ ਕਰਦਾ ਹੈ ਤੇ ਦੁਖੀ ਹੁੰਦਾ ਹੈ ॥੪੨॥

## ਇੱਤਯਾਦਿਕ ਸੰਕਟ; ਗਨ ਪਾਇ।

ਇੱਤਯਾਦਿਕ = ਇਸ ਤੋਂ ਆਦਿ ਲੈ ਕੇ ਬਾਲ ਅਵਸਥਾ ਵਿਚ ਜੀਵਾਤਮਾ ਗਨ = ਬਹੁਤ ਸੰਕਟ ਦੁਖ ਪਾਇ = ਪਾਉਂਦਾ ਹੈ।

## ਭਯੋ ਤਰੁਨ; ਤਰੁਨੀ[1] ਚਿਤ ਲਾਇ।

ਜਦੋਂ ਬਾਲ ਅਵਸਥਾ ਤੋਂ ਬਾਅਦ ਤਰੁਨ = ਜਵਾਨ ਭਯੋ ਹੋ ਗਿਆ, ਫਿਰ ਤਰੁਨੀ = ਜਵਾਨ ਪਰਾਈ ਇਸਤ੍ਰੀ ਨਾਲ ਵਿਸ਼ਾ ਭੋਗਣ ਦੀ ਇੱਛਾ ਨਾਲ ਚਿਤ ਲਾਇ = ਲਗਾ ਲੈਂਦਾ ਹੈ।

## ਬਧੇ ਬਿਕਾਰ; ਅਨੇਕ ਪ੍ਰਕਾਰਾ।

ਫਿਰ ਇਸ ਤਰ੍ਹਾਂ ਜੀਵਾਤਮਾ ਦੇ ਅਨੇਕਾਂ ਪ੍ਰਕਾਰਾਂ ਦੇ ਦੁਖ ਦੇਣ ਵਾਲੇ ਵਿਕਾਰ ਬਧੇ = ਵੱਧ ਜਾਂਦੇ ਹਨ।

## ਸੱਤ੍ਰ ਮਿੱਤ੍ਰ ਕਰਿ; ਬੰਧ ਅਖਾਰਾ ॥੪੩॥

ਫਿਰ ਸੱਤ੍ਰ = ਦੁਸ਼ਮਣ ਤੇ ਮਿੱਤ੍ਰ = ਦੋਸਤ ਬਣਾ ਕਰ ਕੇ ਜੁੱਧ ਅਖਾੜੇ ਬੰਧ = ਬੰਨ੍ਹ ਕੇ ਹੰਕਾਰ ਵਿਚ ਲੜਦਾ ਭਿੜਦਾ ਰਹਿੰਦਾ ਹੈ ਤੇ ਦੁਖ ਪ੍ਰਾਪਤ ਕਰਦਾ ਹੈ ॥੪੩॥

## ਚਹਯੋ ਪਦਾਰਥ; ਹਾਥ ਨ ਆਇ।

ਮਨ ਇੱਛਤ ਜੋ ਪਦਾਰਥ ਚਹਯੋ = ਚਾਹੁੰਦਾ ਹੈ, ਉਹ ਹੱਥ ਨ = ਨਹੀਂ ਆਉਂਦੇ, ਭਾਵ ਪ੍ਰਾਪਤ ਨਹੀਂ ਹੁੰਦੇ, ਫਿਰ ਦੁਖ ਵਿਚ ਸੜਦਾ ਹੈ ਕਿ ਪਦਾਰਥ ਕਿਉਂ ਨਹੀਂ ਪ੍ਰਾਪਤ ਹੋਇਆ।

## ਜੋ ਪ੍ਰਾਪਤਿ; ਸੋ ਨਹਿਂ ਖੁਸ ਜਾਇ।

ਤੇ ਜੋ ਪਦਾਰਥ ਪ੍ਰਾਪਤ ਹੈ ਫਿਰ ਉਸ ਦੀ ਚਿੰਤਾ ਲੱਗੀ ਰਹਿੰਦੀ ਹੈ ਕਿ ਸੋ = ਉਹ ਮੇਰੇ ਕੋਲੋਂ ਕੋਈ ਖੁਸ = ਖੋਹ ਕੇ ਨਾ ਲੈ ਜਾਏ।

## ਜਿਤ ਕਿਤ; ਧਨ ਕੋ ਲੈਬੇ ਹੇਤ।

ਜਿਤ ਕਿਤ = ਜਿਥੋਂ ਕਿਥੋਂ ਵੀ ਧਨ ਕੋ = ਨੂੰ ਲੈਬੇ = ਲੈਣ ਹੇਤ = ਵਾਸਤੇ :

## ਜਤਨ ਕਰਤਿ; ਬਲ ਬੁੱਧਿ ਸਮੇਤ ॥੪੪॥

ਸਰੀਰ ਦੀ ਬਲ = ਤਾਕਤ, ਤੇ ਬੁੱਧਿ = ਅਕਲ ਦੀ ਚਤੁਰਾਈ ਸਮੇਤ ਜਤਨ = ਹੀਲੇ ਕਰਦਾ ਹੀ ਰਹਿੰਦਾ ਕਿ ਧਨ ਪ੍ਰਾਪਤ ਹੋ ਜਾਵੇ ॥੪੪॥

---

੧. ਤਰੁਨੀ = ਜਵਾਨ ਅਵਸਥਾ ਵਾਲੀ ਇਸਤ੍ਰੀ, ਸੋਲ੍ਹਾਂ ਵਰ੍ਹੇ ਤੋਂ ਲੈ ਕੇ ੩੨ ਵਰ੍ਹੇ ਤੱਕ ਇਸਤ੍ਰੀ ਤਰੁਣੀ ਕਹਾਉਂਦੀ ਹੈ।

## ਤ੍ਰਿਪਤਿ ਹੋਨਿ ਲਗ; ਪ੍ਰਾਪਤਿ ਨਾਂਹੀ।

ਜਿਥੇ ਲਗ = ਤੱਕ ਇਹ ਲਾਲਚੀ ਜੀਵ ਤ੍ਰਿਪਤ ਹੋ ਜਾਵੇ ਭਾਵ ਰੱਜ ਜਾਵੇ, ਉਤਨਾ ਪਦਾਰਥ ਪ੍ਰਾਪਤ ਨਹੀਂ ਹੁੰਦਾ ਭਾਵ ਤ੍ਰਿਸ਼ਨਾ ਕਾਰਨ ਅਤ੍ਰਿਪਤੀ ਹੀ ਰਹਿੰਦੀ ਹੈ। ਜੈਸਾ ਕਿ :

**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥**
**ਪਰੈ ਪਰੈ ਹੀ ਕਉ ਲੁਝੀ ਹੇ ॥੧॥** *(ਗਉੜੀ ਮ: ੫, ਅੰਗ ੨੧੩)*

ਇਉਂ ਮਨ ਇੱਛਤ ਪਦਾਰਥ ਨਾ ਮਿਲਣ ਕਰਕੇ ਮਾਇਆ ਵਿਚ ਦੁਖੀ ਰਹਿੰਦਾ ਹੈ।

## ਬੋਲੈ ਕੂਰ, ਨ ਧਰਮ ਰਖਾਹੀ।

ਮਾਇਆ ਪਿੱਛੇ ਕੂਰ = ਝੂਠ ਬੋਲਦਾ ਹੈ ਤੇ ਧਰਮ ਨ = ਨਹੀਂ ਰੱਖਦਾ।

## ਭਯੋ ਬ੍ਰਿੱਧ; ਨਿਰਬਲ ਤਨ ਰਹਿਯੋ।

ਜਦੋਂ ਜਵਾਨੀ ਤੋਂ ਬਾਅਦ ਬ੍ਰਿੱਧ ਅਵਸਥਾ ਭਯੋ = ਹੋ ਗਈ, ਫਿਰ ਤਨ = ਸਰੀਰ ਨਿਰਬਲ = ਬਲ ਤੋਂ ਰਹਿਤ ਹੋ ਰਹਿਯੋ = ਰਿਹਾ ਭਾਵ ਕਮਜ਼ੋਰ ਹੋ ਗਿਆ, ਫਿਰ ਇਸ ਕਮਜ਼ੋਰੀ ਕਰਕੇ ਦੁਖੀ ਹੁੰਦਾ ਹੈ।

## ਜੀਰਣ ਅਧਿਕ; ਜਰਜਰੀ ਲਹਿਯੋ ॥੪੫॥

ਫਿਰ ਸਰੀਰ ਅਧਿਕ = ਬਹੁਤ ਜੀਰਣ = ਪੁਰਾਣੇ ਬਸਤਰ ਦੀ ਨਿਆਈਂ ਜਰਜਰੀ = ਬਹੁਤ ਬੁੱਢਾ ਭਾਵ ਜੀਵਾਤਮਾ ਨੇ ਬ੍ਰਿਧ ਅਵਸਥਾ ਨੂੰ ਲਹਿਯੋ = ਪ੍ਰਾਪਤ ਕਰ ਲਿਆ ॥੪੫॥

## ਖਾਂਸੀ ਆਦਿ; ਬ੍ਯਾਧਿ ਹੁਇੰ ਬ੍ਰਿੰਦ।

ਫਿਰ ਬ੍ਰਿਧ ਅਵਸਥਾ ਵਿਚ ਖਾਂਸੀ ਆਦਿ, ਸਰੀਰ ਨੂੰ ਬ੍ਰਿੰਦ = ਬਹੁਤੇ ਬ੍ਯਾਧਿ = ਰੋਗ ਹੁਇ = ਹੋ ਜਾਂਦੇ ਹਨ, ਭਾਵ ਬਹੁਤ ਸਾਰੇ ਰੋਗ ਲੱਗ ਜਾਂਦੇ ਹਨ।

## ਅਪਮਾਨਤ; ਪਰਵਾਰ ਬਿਲੰਦ।

ਫਿਰ ਜਦੋਂ ਰੋਗ ਦਾ ਦੁਖੀ ਕੀਤਾ ਹੋਇਆ ਹਾਲ ਦੁਹਾਈ ਪਾਉਂਦਾ ਹੈ ਤਾਂ ਫਿਰ ਪਰਿਵਾਰ ਵੱਲੋਂ ਉਸ ਨੂੰ ਬਿਲੰਦ = ਬਹੁਤੇ ਅਪਮਾਨਤ = ਨਿਰਾਦਰ ਦੇ ਸ਼ਬਦ ਕਹੇ ਜਾਂਦੇ ਹਨ, ਭਾਵ ਉਸ ਦਾ ਆਦਰ ਨਹੀਂ ਕੀਤਾ ਜਾਂਦਾ, ਇਉਂ ਨਿਰਾਦਰ ਕਰਾਉਂਦਾ ਹੋਇਆ ਬਹੁਤ ਦੁਖੀ ਹੁੰਦਾ ਹੈ।

## ਸੰਕਟ ਅਧਿਕ ਪਾਇ; ਮਰਿ ਰਹੈ।

ਇਉਂ ਬ੍ਰਿਧ ਅਵਸਥਾ ਵਿਚ ਅਧਿਕ = ਬਹੁਤੇ ਸੰਕਟ = ਦੁੱਖਾਂ ਨੂੰ ਪਾਇ = ਪਾ ਕੇ ਦੁਖੀ ਹੋ ਕੇ ਜਿਉਣ ਵੱਲੋਂ ਰਹੈ = ਰਹਿ ਕੇ ਮਰ ਜਾਂਦਾ ਹੈ, ਭਾਵ ਅਤਿਅੰਤ ਦੁੱਖਾਂ ਨੂੰ ਭੋਗਦਾ ਹੋਇਆ ਮਰ ਜਾਂਦਾ ਹੈ।

## ਜੀਵ ਗਤੀ ਜਿਮ; ਕ੍ਯਾ ਕਰਿ ਕਹੈਂ ॥੪੬॥

ਜਿਮ = ਜਿਸ ਪ੍ਰਕਾਰ ਜੀਵ ਦੀ ਦੁੱਖਾਂ ਭਰੀ ਗਤੀ = ਹਾਲਤ ਹੁੰਦੀ ਹੈ, ਉਹ ਕ੍ਯਾ = ਕਿਵੇਂ ਕਰ ਕੇ ਕਹੈਂ = ਕਹੀਏ, ਭਾਵ ਕਹੀ ਨਹੀਂ ਜਾ ਸਕਦੀ ਕਿਉਂਕਿ ਮਰਨ ਵੇਲੇ ਦਾ ਦੁਖ 'ਆਤਮ ਪੁਰਾਣ' ਅਨੁਸਾਰ

ਸੱਤਰ ਹਜ਼ਾਰ ਬਿੱਛੂ ਦੇ ਡੰਗ ਮਾਰਨ ਜਿਤਨਾ ਹੁੰਦਾ ਹੈ, ਨਰਕ ਦੇ ਵਿੱਚੋਂ ਨਿਕਲ ਕੇ ਧਰਤੀ 'ਤੇ ਆਉਣ ਤਕ ਦੇ ਦੁਖ, ਧਰਤੀ ਵਿਚ ਆ ਕੇ ਮਾਤਾ ਦੇ ਉਦਰ ਵਿਚ ਆਉਣ ਤਕ ਦੇ ਦੁਖ, ਉਦਰ ਤੋਂ ਲੈ ਕੇ ਜਨਮ ਲੈਣ ਵੇਲੇ ਦੇ ਦੁਖ, ਅਤੇ ਜਨਮ ਤੋਂ ਲੈ ਕੇ ਮਰਨ ਦੇ ਸਮੇਂ ਤਕ ਦੇ ਦੁਖ ਇਸ ਤਰ੍ਹਾਂ ਜੀਵ ਦੇ ਦੁੱਖਾਂ ਦੀ ਲੰਮੀ ਕਹਾਣੀ ਹੈ। ਇਸ ਦੁੱਖਾਂ ਬਾਰੇ ਸਤਿਗੁਰਾਂ ਨੇ ਐਸਾ ਕਥਨ ਕੀਤਾ ਹੈ॥੪੬॥ ਜੈਸਾ ਕਿ :

**ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥**
**ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥**
**ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥**
**ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥** *(ਸਾਰੰਗ ਕੀ ਵਾਰ, ਅੰਗ ੧੮)*

## ਲੇਸ਼ਮਾਤ੍ਰ ਦੁਖ; ਬਰਨਨ ਕਰੇ।

ਭਾਈ ਸਾਹਿਬ ਜੀ ਕਹਿੰਦੇ ਹਨ ਕਿ ਇਹ ਅਸੀਂ ਲੇਸ਼ਮਾਤ੍ਰ = ਥੋੜ੍ਹੇ ਮਾਤਰ ਦੁਖ ਬਰਨਨ = ਕਥਨ ਕਰਕੇ ਦੱਸੇ ਹਨ।

## ਸਰਬ ਜਿ ਕਹੈਂ; ਗ੍ਰੰਥ ਇਕ ਭਰੇ।

(ਪਾਠਾਂਤ੍ਰ ਬਹੁ ਜਿ ਕਹੈ)

ਸਰਬ = ਸਾਰੇ **ਵਾ:** ਬਹੁ = ਬਹੁਤੇ ਦੁਖ ਜੇ ਮੈਂ ਕਥਨ ਕਰਦਾ ਤਾਂ ਇਕ ਗ੍ਰੰਥ ਹੋਰ ਭਰੇ = ਭਰ ਜਾਣਾ ਸੀ, ਫਿਰ ਇਸ ਗ੍ਰੰਥ ਵਿਚ ਨਹੀਂ ਆ ਸਕਦੇ ਸੀ ਅਥਵਾ ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਜੇ ਭਾਈ ਦਇਆ ਸਿੰਘ ਜੀ ਸਾਰੇ ਦੁੱਖਾਂ ਦਾ ਵਰਣਨ ਕਰਦੇ ਤਾਂ ਫਿਰ ਉਹਨਾਂ ਦੀ ਵਿਆਖਿਆ ਨਾਲ ਮੇਰੀ ਕਾਵਿ-ਰਚਨਾ ਦਾ ਇਕ ਗ੍ਰੰਥ ਹੋਰ ਭਰ ਜਾਣਾ ਸੀ।

## ਜਨਮ ਕਰੋਰਹੁੰ; ਧਰਿ ਧਰਿ ਮਰਿਯੋ।

ਇਸੇ ਤਰ੍ਹਾਂ ਇਹ ਜੀਵਾਤਮਾ ਪਿੱਛੇ ਕਰੋਰਹੁੰ = ਕਰੋੜਾਂ ਜਨਮ ਧਰਿ ਧਰਿ = ਧਾਰ ਧਾਰ ਕੇ ਮਰਿਯੋ = ਮਰਿਆ ਹੈ।

## ਕਿਸੀ ਸ਼ਰੀਰ ਬਿਖੈ; ਨਹਿੰ ਥਿਰਿਯੋ ॥੪੭॥

ਕਿਸੀ = ਕਿਸੇ ਵੀ ਸਰੀਰ ਬਿਖੈ = ਵਿਚ ਥਿਰਿਯੋ = ਇਸਥਿਤ ਭਾਵ ਸਦਾ ਟਿਕ ਕੇ ਨਹੀਂ ਰਹਿਆ ॥੪੭॥ ਜੈਸਾ ਕਿ :

**ਜਹਾ ਜਹਾ ਇਹ ਦੇਹੀ ਧਾਰੀ ਰਹਨੁ ਨ ਪਾਇਓ ਕਬਹੂੰ ॥੧॥** *(ਦੇਵਗੰਧਾਰੀ ਮ: ੫, ਅੰਗ ੫੨੯)*

## ਜਨਮ ਅਸੰਖ; ਭਵਿੱਖਤਿ ਲਹੈ।

ਇਸੇ ਤਰ੍ਹਾਂ ਭਵਿੱਖਤਿ = ਆਉਣ ਵਾਲੇ ਸਮੇਂ ਵਿਚ ਵੀ ਇਹ ਜੀਵਾਤਮਾ ਅਸੰਖ = ਗਿਣਤੀ ਤੋਂ ਰਹਿਤ ਜਨਮ ਲਹੈ = ਲਵੇਗਾ। ਜੈਸਾ ਕਿ :

**ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥**
**ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥**

**ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥੧॥ਰਹਾਉ॥**
**ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥**
**ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥੨॥**

*(ਗਉੜੀ ਮ: ੫, ਅੰਗ ੧੭੬)*

ਇਉਂ ਅਨੇਕਾਂ ਜਨਮ ਪਿੱਛਲੇ ਅਗਲੇ ਧਾਰਦਾ ਹੋਇਆ ਜੀਵ ਇਕ ਲੰਮੇ ਚੱਕਰ ਵਿਚ ਪਿਆ ਰਹਿੰਦਾ ਹੈ।

## ਦੁਖ ਸੁਖ ਕੂਰ; ਭੋਗ ਮਰਿ ਰਹੈ।

ਇਉਂ ਕੂਰ = ਝੂਠੇ ਪਦਾਰਥਾਂ ਨੂੰ ਭੋਗ ਕੇ ਦੁਖ ਸੁਖ ਭੋਗਦਾ ਹੋਇਆ ਮਰ ਰਹੈ = ਰਹਿੰਦਾ ਹੈ।

## ਬਿਨ ਸਤਿਗੁਰ ਕੀ; ਸ਼ਰਨੀ ਪਰੇ।

ਸਤਿਗੁਰੂ ਜੀ ਕੀ = ਦੀ ਸ਼ਰਨ ਪਰੇ = ਪਏ ਤੋਂ ਬਿਨਾਂ :

## ਕੋਇ ਨ; ਬੰਦ ਖਲਾਸੀ ਕਰੇ॥੪੮॥

(ਪਾਠਾਂਤ੍ਰ ਨਹਿ)

ਕੋਇ = ਕੋਈ ਵੀ ਦੁੱਖਾਂ ਦੇ ਬੰਦ = ਬੰਧਨਾਂ ਤੋਂ ਖਲਾਸੀ = ਛੁਟਕਾਰਾ ਨ = ਨਹੀਂ ਕਰੇ = ਕਰਾ ਸਕਦਾ, ਭਾਵ ਸਤਿਗੁਰਾਂ ਜੀ ਤੋਂ ਬਿਨਾਂ ਕੋਈ ਵੀ ਮੋਖਸ਼ ਨਹੀਂ ਕਰਾ ਸਕਦਾ, ਜੰਮਣ ਮਰਨ ਤੋਂ ਰਹਿਤ ਨਹੀਂ ਕਰਾ ਸਕਦਾ॥੪੮॥

## ਭੂਰ ਭਾਗ ਤੇ; ਭਾਉ ਭਗਤਿ ਲਹਿ।

ਭੂਰ = ਬਹੁਤੇ ਚੰਗੇ ਭਾਗ = ਕਰਮਾਂ ਤੇ = ਤੋਂ ਭਾਉ = ਪ੍ਰੇਮਾ ਭਗਤਿ = ਭਗਤੀ ਲਹਿ = ਪ੍ਰਾਪਤ ਕਰਦਾ ਹੈ, ਇਹ ਪ੍ਰੇਮਾ-ਭਗਤੀ ਦਾ ਦਾਨ ਸਿੱਖੀ ਪ੍ਰਾਪਤ ਕਰਨ ਨਾਲ ਮਿਲਦਾ ਹੈ।

## ਬਨਹਿ ਸਿਖ; ਗੁਰ ਚਰਨ ਸ਼ਰਨ ਰਹਿ।

ਇਸ ਕਰਕੇ ਗੁਰ = ਸਤਿਗੁਰੂ ਜੀ ਦੀ ਚਰਨ ਸ਼ਰਨ ਵਿਚ ਰਹਿ ਕੇ ਸਿੱਖ ਬਨਹਿ = ਬਣ ਜਾਵੇ। ਫਿਰ ਗੁਰੂ ਵਾਲਾ ਬਣ ਕੇ, ਗੁਰੂ ਦੀ ਹਜ਼ੂਰੀ ਵਿਚ ਰਹਿ ਕੇ :

## ਤਨ ਕਰਿ ਮਨ ਕਰਿ; ਧਨ ਕਰਿ ਸੇਵਾ।

ਤਨ = ਸਰੀਰ ਕਰਕੇ, ਮਨ = ਅੰਤਸ਼ਕਰਣ ਕਰਕੇ, ਧਨ = ਮਾਇਆ ਕਰਕੇ ਸੇਵਾ ਕਰਦਾ ਰਹੇ। ਅਤੇ :

## ਛਲ ਬਿਨ ਹ੍ਵੈ; ਰਿਝਾਇ ਗੁਰਦੇਵਾ॥੪੯॥

ਛਲ = ਫ਼ਰੇਬ ਧੋਖੇ ਤੋਂ ਬਿਨ = ਰਹਿਤ ਹੋ ਕੇ ਗੁਰਦੇਵ = ਗੁਰੂ ਸਾਹਿਬ ਜੀ ਨੂੰ ਰਿਝਾਇ = ਪ੍ਰਸੰਨ ਕਰ ਲਵੇ॥੪੯॥

## ਲੈ ਉਪਦੇਸ਼; ਕਮਾਵੈ ਮਨ ਤੇ।

ਜੋ ਸਤਿਗੁਰਾਂ ਦੀ ਉਪਦੇਸ਼ = ਸਿੱਖਿਆ ਲਈ ਹੈ, ਉਸ ਨੂੰ ਮਨ = ਹਿਰਦੇ ਕਰਕੇ ਕਮਾਵੈ = ਕਮਾਉਣਾ ਕਰੇ।

## ਸੇਵਾ ਕਰਹਿ; ਸਰਬ ਹੀ ਤਨ ਤੇ।

ਤਨ = ਸਰੀਰ ਤੇ = ਨਾਲ ਸਰਬ = ਸਾਰੇ ਹੀ ਪ੍ਰਕਾਰ ਦੀ ਸੇਵਾ ਕਰੇ ਭਾਵ ਝਾੜੂ ਮਾਰਨਾ, ਲੰਗਰ ਪਕਾਉਣਾ, ਲੰਗਰ ਲਈ ਜਲ ਢੋਣਾ, ਜੂਠੇ ਭਾਂਡੇ ਮਾਂਜਣੇ, ਲੰਗਰ ਵਰਤਾਉਣਾ ਇਉਂ ਹਰ ਪ੍ਰਕਾਰ ਦੀ ਸੇਵਾ ਕਰੇ। ਇਉਂ ਨਿਸ਼ਕਾਮ ਸੇਵਾ ਕਰਕੇ, ਨਾਮ ਨੂੰ ਹਿਰਦੇ ਵਿਚ ਵਸਾ ਕੇ, ਗੁਰੂ ਦੀ ਕਿਰਪਾ ਨਾਲ :

## ਤੌ ਇਸ ਕੋ; ਹੋਵਤਿ ਛੁਟਕਾਰਾ।

ਤੌ = ਤਾਂ ਫਿਰ ਇਸ ਜੀਵਾਤਮਾ ਕੋ = ਦਾ ਜੰਮਣ ਮਰਨ ਤੋਂ ਛੁਟਕਾਰਾ ਹੋਵਤਿ = ਹੋ ਜਾਂਦਾ ਹੈ, ਭਾਵ ਮੁਕਤ ਹੋ ਜਾਂਦਾ ਹੈ।

## ਕਰਮ ਬੰਧ ਤਜਿ; ਬਨਹਿ ਸੁਖਾਰਾ॥੫੦॥

ਫਿਰ ਗੁਰੂ ਸਾਹਿਬ ਦੀ ਕਿਰਪਾ ਨਾਲ ਕਰਮਾਂ ਦੇ ਬੰਧ = ਬੰਧਨਾਂ ਨੂੰ ਤਜਿ = ਛੱਡ ਕੇ, ਸੁਖਾਰਾ (ਸੁਖ+ਆਰਾ) ਅਰਥ ਵਿਚ ਰਾਰੇ ਨੂੰ ਸਵਰਨੀ ਅੱਖਰ ਹੋਣ ਕਰਕੇ 'ਲ' ਅੱਖਰ ਦੀ ਵਰਤੋਂ ਕੀਤੀ ਜਾਂਦੀ ਹੈ ਇਉਂ (ਸੁਖ+ਆਲਾ) ਸੁੱਖਾਂ ਦਾ ਆਲਾ = ਘਰ ਬਣ ਜਾਂਦਾ ਹੈ ਕਿਉਂਕਿ ਆਪਣੇ ਨਿਜ ਸਰੂਪ ਰੂਪੀ ਘਰ ਵਿਚ ਪਹੁੰਚ ਜਾਂਦਾ ਹੈ॥੫੦॥ ਜੈਸਾ ਕਿ :

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥੩॥**

*(ਸੋਹਿਲਾ ਗਉੜੀ ਮਃ ੫, ਅੰਗ ੧੩)*

**ਵਾ:** **ਬਹੁਰਿ ਹਮ ਕਾਹੇ ਆਵਹਿਗੇ ॥**
**ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ॥੧॥ਰਹਾਉ॥**

*(ਰਾਗ ਮਾਰੂ ਬਾਣੀ ਕਬੀਰ ਜੀਉ ਕੀ, ਅੰਗ ੧੧੦੩)*

## ਨਾਂਹਿ ਤ ਵਹਯੋ; ਫਿਰਤਿ ਬਿਲਪਾਵਤਿ।

(ਪਾਠਾਂਤ੍ਰ ਫਿਰੈ ਬਿਲਪਾਵਹਿ)

ਨਾਂਹਿ = ਨਹੀਂ ਤਾਂ ਚੌਰਾਸੀ ਲੱਖ ਜੂਨਾਂ ਵਿਚ **ਵਾ:** ਨਰਕਾਂ ਵਿਚ ਵਹਯੋ = ਰੁੜ੍ਹਦਾ ਫਿਰੇਗਾ ਅਤੇ ਦੁੱਖਾਂ ਵਿਚ ਬਿਲਪਾਵਤਿ = ਵਿਰਲਾਪ ਕਰਦਾ ਫਿਰੇਗਾ, ਭਾਵ ਚੀਕਾਂ ਮਾਰ ਮਾਰ ਕੇ ਰੋਵੇਗਾ।

## ਜਗ ਸਮੁੰਦ੍ਰ ਕੋ; ਪਾਰ ਨ ਪਾਵਤਿ।

ਜਗ = ਸੰਸਾਰ ਜੋ ਸਮੁੰਦਰ ਦੀ ਨਿਆਈਂ ਹੈ ਫਿਰ ਉਸ ਕੋ = ਨੂੰ ਪਾਰ ਕਰਨਾ ਨ = ਨਹੀਂ ਪਾਵਤਿ = ਪਾਵੇਗਾ, ਭਾਵ ਇਤਨੀਆਂ ਜੂਨਾਂ ਵਿਚ ਭਟਕੇਗਾ ਤੇ ਸੰਸਾਰ, ਦੁੱਖਾਂ ਦਾ ਹੱਦ ਬੰਨਾ ਨਹੀਂ ਪਾਵੇਗਾ।

## ਦਇਆ ਸਿੰਘ; ਉਪਦੇਸ਼ ਬਤਾਯੋ।

ਇਉਂ ਭਾਈ ਦਇਆ ਸਿੰਘ ਜੀ ਨੇ ਗੁਰੂ ਸਾਹਿਬ ਦਾ ਦਿੱਤਾ ਹੋਇਆ ਉਪਦੇਸ਼ ਸਿੰਘਾਂ ਨੂੰ ਬਤਾਯੋ = ਦੱਸਣਾ ਕੀਤਾ ਹੈ।

## ਸੁਨਤਿ ਖਾਲਸੇ; ਧਰਿ ਸੁਖ ਪਾਯੋ ॥੫੧॥

ਇਉਂ ਖ਼ਾਲਸੇ ਨੇ ਭਾਈ ਦਇਆ ਸਿੰਘ ਜੀ ਤੋਂ ਗੁਰੂ ਸਾਹਿਬ ਦਾ ਉਪਦੇਸ਼ ਸੁਣ ਕਰਕੇ ਹਿਰਦੇ ਵਿਚ ਧਰਿ = ਧਾਰਨ ਕੀਤਾ ਤੇ ਆਤਮਿਕ ਪ੍ਰਾਪਤੀ ਦਾ ਸੁਖ ਪ੍ਰਾਪਤ ਕੀਤਾ ॥੫੧॥

## ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸਿੰਘਨ ਉਪਦੇਸ਼' ਬਰਨਨੰ ਨਾਮ ਪੰਚਾਸਤੀ ਅੰਸੂ ॥੫੦॥

ਸ੍ਰੀ ਗੁਰੂ ਪ੍ਰਤਾਪ ਸੂਰਜ ਨਾਮੇ ਗ੍ਰੰਥ ਦੀ ਪੰਜਵੀਂ ਰੁੱਤ ਦੇ ਪੰਚਾਸਤੀ = ਪੰਜਾਹਵੇਂ ਨਾਮ ਵਾਲੇ ਅੰਸੂ = ਅਧਿਆਇ ਦੀ ਇਤਿ = ਸਮਾਪਤੀ ਹੈ, ਜਿਸ ਵਿਚ ਸਿੰਘਨ = ਸਿੰਘਾਂ ਨੂੰ ਭਾਈ ਦਇਆ ਸਿੰਘ ਜੀ ਨੇ ਸਤਿਗੁਰੂ ਜੀ ਦਾ ਉਪਦੇਸ਼ ਬਰਨਨੰ = ਕਥਨ ਕਰਕੇ ਸੁਣਾਇਆ ਹੈ ॥੫੦॥

# ਸੰਪੂਰਨਤਾ ਦਾ ਮੰਗਲ

ਦੋਹਰਾ॥

ਗੁਰੂ ਨਾਨਕ ਗੋਬਿੰਦ ਸਿੰਘ, ਕਿਰਪਾ ਕੀਨਿ ਮਹਾਨ।
ਟੀਕਾ ਭਯਾ ਸੰਪੂਰਨੰ, ਰੁੱਤ ਪਾਂਚਵੀਂ ਜਾਨ॥੧॥
ਸੰਮਤ ਬੀਸ ਸਤੱਤਰੇ, ਸ਼ੁਭ ਦਿਵਸ ਬੁੱਧਵਾਰ।
ਬਾਰਹ ਚੇਤ੍ਰ ਏਕ ਸੁਦਿ, ਭਈ ਸੰਪੂਰਨ ਕਾਰ॥੨॥
ਸੰਨ ਬੀਸ ਸੌ ਬੀਸ ਕੋ, ਮਾਰਚ ਪੱਚੀ ਜਾਨ।
ਕਾਰਜ ਟੀਕਾ ਲਿਖਨ ਕਾ, ਭਯੋ ਸੰਪੂਰਨ ਆਨਿ॥੩॥
ਜੋ ਗੁਰਮਤਿ ਵਿਦਿਆਲਾ ਸੁਹੈ, ਜਥਾ ਰੰਧਾਵਾ ਕੇਰ।
ਤਹੀਂ ਸੰਪੂਰਨ ਟੀਕਾ ਭਯੋ, ਜੋਤਿ ਸਰੂਪ ਕੇ ਨੇਰ॥੪॥
ਜੁਗ ਲਘੁ ਸੁਤ ਦਸਮੇਸ਼ ਕੇ, ਔਰ ਗੂਜਰੀ ਮਾਤ।
ਜਹਿਂ ਸਸਕਾਰੇ ਤੀਨ ਤਨ, ਗੁਰੂ ਘਰ ਜਗ ਬਖਯਾਤ॥੫॥
ਗੁਰੂ ਘਰ ਜੋਤਿ-ਸਰੂਪ ਜੁ, ਫਤਿਹਗੜ੍ਹ ਸਾਹਿਬ ਮਾਹਿ।
ਤਿਹ ਢਿਗ ਵਿਦਿਆਲਾ ਸੁਹੈ, ਗੁਰਮਤਿ ਪਠਨ ਪਠਾਹਿ॥੬॥
ਤਹੀਂ ਸੰਪੂਰਨ ਟੀਕਾ ਭਯੋ, ਸਤਿਗੁਰੂ ਕਿਰਪਾ ਜਾਨ।
ਆਪ ਕਰਾਇਓ ਸਤਿਗੁਰੂ, ਕੋਟਿ ਕੋਟਿ ਸ਼ੁਕਰਾਨ॥੭॥
ਦਿਵਸ ਇਕਾਵਨ ਕੁਲ ਲਗੇ, ਜੋ ਟੀਕੇ ਕਾ ਕਾਜ।
ਅਪਨਾ ਦਾਸ ਵਿਚਾਰਕੇ, ਸਤਿਗੁਰੁ ਰਾਖੀ ਲਾਜ॥
ਸ੍ਰੀ ਗੁਰੂ ਗ੍ਰੰਥ ਸਾਹਿਬ ਕਾ, ਕੋਟਿ ਕੋਟਿ ਧੰਨਵਾਦ।
ਜਿਨ ਕਰੁਣਾ ਟੀਕਾ ਭਯਾ, ਦਾਸ ਕੀ ਰਾਖੀ ਲਾਜ॥੯॥

# ਧੰਨਵਾਦ

ਧੰਨਵਾਦ ਸ੍ਰੀ ਅਕਾਲ ਪੁਰਖ ਵਾਹਿਗੁਰੂ ਪਰਮੇਸ਼ਰ ਦਾ ਜਿਸ ਨੇ ਸੰਸਾਰ ਦੇ ਭਲੇ ਹਿੱਤ ਗੁਰੂ ਸਰੂਪ ਵਿਚ ਦਸ ਜਾਮੇ ਧਾਰਨ ਕੀਤੇ। ਅਣਗਿਣਤ ਜੀਵਾਂ ਨੂੰ ਚੌਰਾਸੀ ਦੇ ਗੇੜ ਵਿੱਚੋਂ ਕੱਢ ਕੇ ਆਪਣੇ ਸਰੂਪ ਵਿਚ ਅਭੇਦ ਕੀਤਾ। ਮੇਰੇ ਵਰਗੇ ਅਨੇਕਾਂ ਜੀਵਾਂ ਨੂੰ ਚੌਰਾਸੀ ਦੇ ਗੇੜ ਤੋਂ ਬਚਾਉਣ ਲਈ ਗੁਰਸਿੱਖੀ ਬਖ਼ਸ਼ੀ। ਦਸਵੇਂ ਜਾਮੇ ਵਿਚ ਜਿਥੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਬ੍ਰਹਮ ਗਿਆਨ ਦੀ ਸ਼ੁਭ ਸਿੱਖਿਆ ਦਿੱਤੀ ਅਤੇ ਰਹਿਤ ਬਹਿਤ ਬਖ਼ਸ਼ੀ, ਉਥੇ ਭਾਈ ਦਇਆ ਸਿੰਘ ਜੀ ਦੁਆਰਾ ਪ੍ਰਸ਼ਨਾਂ ਉੱਤਰਾਂ ਦੇ ਰੂਪ ਵਿਚ ਵਡਮੁੱਲਾ ਗਿਆਨ ਦਾ ਭੰਡਾਰਾ ਬਖ਼ਸ਼ਿਆ, ਧੰਨਵਾਦ ਕਲਗ਼ੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਜਿਨ੍ਹਾਂ ਨੇ ਦਮਦਮਾ ਸਾਹਿਬ ਗੁਰੂ ਕੀ ਕਾਂਸ਼ੀ ਰਚ ਕੇ ਵਿੱਦਿਆ ਦੀ ਟਕਸਾਲ ਤੋਰੀ। ਸੰਪਰਦਾ ਦਮਦਮੀ ਟਕਸਾਲ ਦੇ ਮਹਾਂਪੁਰਖ ਬ੍ਰਹਮ ਬੇਤੇ ਪੈਦਾ ਕੀਤੇ।

ਧੰਨਵਾਦ ਅਮਰ ਸ਼ਹੀਦ ਸਿੰਘ ਸਾਹਿਬ ਬਾਬਾ ਜ਼ੋਰਾਵਰ ਸਿੰਘ ਜੀ ਤੇ ਸਿੰਘ ਸਾਹਿਬ ਬਾਬਾ ਫ਼ਤਹਿ ਸਿੰਘ ਜੀ ਅਤੇ ਪੂਜਨੀਕ ਮਾਤਾ ਗੁਜਰ ਕੌਰ ਜੀ ਦਾ ਜਿਨ੍ਹਾਂ ਦੇ ਅਸਥਾਨ ਗੁ. ਜੋਤੀ ਸਰੂਪ ਸਾਹਿਬ ਦੇ ਨਜ਼ਦੀਕ, ਗੁਰਮਤਿ ਵਿਦਿਆਲਾ, ਜੱਥਾ ਰੰਧਾਵਾ ਵਿਖੇ ਪੰਜਵੀਂ ਰੁਤਿ ਦੇ ਲਿਖਣ ਦਾ ਕਾਰਜ ਸੰਪੂਰਨ ਹੋਇਆ।

ਧੰਨਵਾਦ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਜਿਨ੍ਹਾਂ ਦੀ ਲਿਖਤੀ ਰੂਪ ਵਿਚ ਮਿਲੀ ਵਿਆਖਿਆ ਦੇ ਆਧਾਰਿਤ ਇਸ ਪੰਜਵੀਂ ਰੁਤਿ ਦਾ ਸਟੀਕ ਲਿਖਿਆ ਗਿਆ ਹੈ ਅਤੇ ਮਹਾਂਪੁਰਖਾਂ ਦੇ ਪੈਦਾ ਕੀਤੇ ਚੋਟੀ ਦੇ ਵਿਦਵਾਨਾਂ ਵਿੱਚੋਂ ਸੰਤ ਗਿਆਨੀ ਇੰਦਰਜੀਤ ਸਿੰਘ ਜੀ ਰਕਬੇ ਵਾਲੇ ਜਿਨ੍ਹਾਂ ਦੀ ਉਂਗਲ ਫੜ ਕੇ ਦਾਸ ਭਿੰਡਰਾਂ ਟਕਸਾਲ ਵਿਚ ਪ੍ਰਵੇਸ਼ ਹੋਇਆ।

ਧੰਨਵਾਦ ਸੰਤ ਗਿਆਨੀ ਹਰਭਜਨ ਸਿੰਘ ਜੀ ਢੁੱਡੀਕੇ ਵਾਲਿਆਂ ਦਾ ਜਿਨ੍ਹਾਂ ਦੀ ਸੋਚ ਅਤੇ ਦਲੀਲ ਹਮੇਸ਼ਾਂ ਸਾਥ ਦੇ ਰਹੀ ਹੈ।

ਇਹ ਕਾਰਜ ਬਹੁਤ ਔਖਾ ਤੇ ਗੁੰਝਲਦਾਰ ਸੀ, ਜੋ ਗੁਰੂ ਦੀ ਕਿਰਪਾ ਤੋਂ ਬਗ਼ੈਰ ਨਹੀਂ ਸੀ ਹੋ ਸਕਦਾ। ਧੰਨਵਾਦ ਭਾਈ ਦਰਸ਼ਨ ਸਿੰਘ ਸਾਇਆ (ਭਿੰਡਰਾਂ) ਜਿਨ੍ਹਾਂ ਨੇ ਕਿਸੇ ਵੇਲੇ ਇੱਛਾ ਜ਼ਾਹਰ ਕੀਤੀ ਸੀ ਕਿ ਪੰਜਵੀਂ ਰੁਤਿ ਸਮਝਣ ਲਈ ਕੋਈ ਸੌਖਾ ਤਰੀਕਾ ਅਪਣਾਇਆ ਜਾਵੇ ਕਿਉਂਕਿ ਸੰਤ ਗਿਆਨੀ ਮੋਹਣ ਸਿੰਘ ਜੀ ਸਰੀਰ ਦੀ ਬਿਰਧ ਅਵਸਥਾ ਹੋਣ ਕਰਕੇ ਅੱਗੇ ਪੜ੍ਹਾ ਨਹੀਂ ਰਹੇ ਹਨ। ਸੰਤ ਗਿਆਨੀ ਗੁਰਬਚਨ ਸਿੰਘ ਜੀ ਦੇ ਪੈਦਾ ਕੀਤੇ ਗਿਆਨੀ-ਸਿੰਘ ਨੇ ਇਸ ਪੰਜਵੀਂ ਰੁਤਿ ਦੀ ਆਵਾਜ਼ ਟੇਪ ਕੀਤੀ ਸੀ। ਫਿਰ ਉਹ ਟੇਪ ਕੈਸਟਾਂ ਅੱਗ ਵਿਚ ਫੂਕ ਦਿੱਤੀਆਂ। ਦਾਸ ਨੇ ਇਹ ਗੱਲ ਭਾਈ ਦਰਸ਼ਨ ਸਿੰਘ ਜੀ ਤੋਂ ਸੁਣ ਕੇ ਉਸ ਦਿਨ ਇਹ ਸੰਕਲਪ ਲੈ ਲਿਆ ਸੀ ਕਿ ਇਸ ਦਾ ਟੀਕਾ ਹੋਣਾ ਚਾਹੀਦਾ ਹੈ। ਜਿਥੇ ਹੋਰ ਗਿਆਨੀ-ਸਿੰਘਾਂ ਦੀ ਪ੍ਰੇਰਨਾ ਹੋਈ, ਉਥੇ ਭਾਈ ਦਰਸ਼ਨ ਸਿੰਘ ਜੀ ਦੀ ਪ੍ਰੇਰਨਾ ਵੀ ਸਹਾਇਕ ਬਣੀ।

ਧੰਨਵਾਦ ਜੱਥੇ ਦੇ ਵਿਦਿਆਰਥੀ ਭਾਈ ਗੁਰਸ਼ਰਨ ਸਿੰਘ (ਫ਼ਤਹਿਗੜ੍ਹ ਸਾਹਿਬ) ਦਾ ਜੋ ਜੱਥੇ ਵਿਚ ਪੰਜ ਸਾਲ ਤੋਂ ਵਿੱਦਿਆ ਪੜ੍ਹਦੇ ਆ ਰਹੇ ਹਨ, ਹੁਣ ਜਿਸ ਨੇ ਸਟੀਕ ਦੇ ਲਿਖਣ ਵਿਚ ਸਹਾਇਕ ਲਿਖਾਰੀ ਦੇ ਤੌਰ 'ਤੇ ਸੇਵਾ ਨਿਭਾਈ।

ਧੰਨਵਾਦ ਜੱਥੇ ਦੇ ਵਿਦਿਆਰਥੀ ਗਿਆਨੀ ਗੁਰਨਾਮ ਸਿੰਘ ਜੀ ਅੰਬਾਲਵੀ ਦਾ ਜਿਨ੍ਹਾਂ ਨੇ ਸਮੇਂ-ਸਮੇਂ ਅਨੁਸਾਰ ਬਣਦੀਆਂ ਸਾਲਾਹਾਂ ਵੀ ਦਿੱਤੀਆਂ, ਅਰ ਲਿਖਣ ਦੇ ਲਈ ਉਤਸ਼ਾਹਤ ਵੀ ਕਰਦੇ ਰਹੇ, ਅਤੇ ਬੜੇ ਭਾਰੀ ਵਿਆਕਰਣ ਦੇ ਜਾਣੂੰ ਤੇ ਕਾਵਿ-ਰਚਨਾ ਦੇ ਧਨੀ, ਜਿਨ੍ਹਾਂ ਨੇ ਕਈ ਕਾਵਿ ਦੇ ਗ੍ਰੰਥ ਵੀ ਰਚੇ ਹਨ ਜਿਵੇਂ ਕਿ ਗੁਰ-ਇਤਿਹਾਸ ਸਵੱਈਏ, ਛੱਤੀਸ ਗਿਆਨ ਅਰ ਲੋੜ ਪੈਣ 'ਤੇ ਜੱਥੇ ਲਈ ਵੀ ਕਾਵਿ-ਰਚਨਾ ਦੁਆਰਾ ਸਹਾਇਤਾ ਕਰਦੇ ਰਹਿੰਦੇ ਹਨ।

ਇਹ ਕਾਰਜ ਮਹਾਰਾਜ ਸਾਹਿਬ ਜੀ ਨੇ ਆਪ ਕਿਰਪਾ ਕਰ ਕੇ ੫੧ ਦਿਨਾਂ ਵਿਚ ਸੰਪੂਰਨ ਕਰਵਾਇਆ। ਜੈਸਾ ਕਿ :

**ਅਪੁਨਾ ਕਾਰਜੁ ਆਪਿ ਸਵਾਰਿਆ ॥੧॥** *(ਅੰਗ ੩੭੬)*

ਅੱਜ ਮਿਤੀ ਚੇਤ ਸੁਦੀ ੧, ੨੦੭੭ ਬਿਕ੍ਰਮੀ ਸੰਮਤ, ੧੨ ਚੇਤਰ ਦਿਨ ਬੁੱਧਵਾਰ, ਸੰਨ ੨੫-੩-੨੦੨੦ ਨੂੰ ਸ੍ਰੀ ਫ਼ਤਹਿਗੜ੍ਹ ਸਾਹਿਬ, ਗੁ. ਜੋਤੀ ਸਰੂਪ ਸਾਹਿਬ ਦੇ ਨਜ਼ਦੀਕ ਗੁਰਮਤਿ ਵਿਦਿਆਲਾ, ਜੱਥਾ ਰੰਧਾਵਾ ਵਿਖੇ ਸੰਪੂਰਨ ਹੋਇਆ ਹੈ ਤੇ ਸੰਪੂਰਨਤਾ ਦੀ ਅਰਦਾਸ ਸਵੇਰੇ ੧੧:੫੫ ਮਿੰਟ 'ਤੇ ਹੋਈ ਤੇ ਮੁਖਵਾਕ ਮਹਾਰਾਜ ਸਾਹਿਬ ਜੀ ਨੇ ਬਖ਼ਸ਼ਿਸ਼ ਕੀਤਾ।

**ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥** *(ਅੰਗ ੬੯੬)*

ਸੋ ਅਖ਼ੀਰ ਵਿਚ ਗੁਰੂ ਘਰ ਦੇ ਵਿਦਵਾਨਾਂ, ਗਿਆਨੀ-ਸਿੰਘਾਂ, ਪ੍ਰਚਾਰਕਾਂ ਨੂੰ ਬੇਨਤੀ ਹੈ ਕਿ ਜਿਥੇ ਕਿਤੇ ਤਰੁੱਟੀ ਦੇਖੋ ਤਾਂ ਦਾਸਾਂ ਨੂੰ ਲਿਖ ਭੇਜਣ ਦੀ ਕਿਰਪਾਲਤਾ ਕਰਨੀ, ਕਿਉਂਕਿ ਬਹੁਤ ਭੁੱਲਾਂ ਹੋਈਆਂ ਹੋਣਗੀਆਂ, ਗੁਰੂ ਅਤੇ ਗੁਰੂ ਦੀ ਸੰਗਤ ਖਿਮਾ ਬਖ਼ਸ਼ੇ। ਜੈਸਾ ਕਿ :

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥** *(ਸਿਰੀਰਾਗ ਮ: ੧, ਅੰਗ ੬੧)*

**ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥** *(ਪ੍ਰਭਾਤੀ ਮ: ੧, ਅੰਗ ੧੩੪੪)*

ਅਖ਼ੀਰ ਵਿਚ ਦਾਸ ਇਕ ਵਾਰ ਫੇਰ ਭੁੱਲ ਚੁੱਕ ਦੀ ਖ਼ਿਮਾ ਮੰਗਦਾ ਹੋਇਆ ਗੁਰੂ ਸਾਹਿਬਾਨਾਂ ਦਾ ਰੋਮ ਰੋਮ ਕਰਕੇ ਸ਼ੁਕਰਾਨਾ ਕਰਦਾ ਹੈ।

*ਦਾਸਨਿ ਦਾਸਿ,*
**ਹਰੀ ਸਿੰਘ**
ਗੁਰਮਤਿ ਵਿਦਿਆਲਾ
ਜੱਥਾ ਰੰਧਾਵਾ